# ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ
## (15ਵੀਂ ਸਦੀ ਤੋਂ 18ਵੀਂ ਸਦੀ ਤੱਕ)

# Gurumat Sangeet Da Itihasik Vikas
## (Pandarvin Sadi Ton Atharvin Sadi Tak)

THESIS

SUBMITTED FOR THE DEGREE OF

DOCTOR OF PHILOSOPHY

IN THE FACULTY OF LANGUAGE

TO

PANJAB UNIVERSITY, CHANDIGARH

1993

Submitted by :

**JASBIR KAUR**

PANJAB UNIVERSITY LIBRARY

DEPARTMENT OF GURU NANAK SIKH STUDIES

PANJAB UNIVERSITY, CHANDIGARH

## ਤਤਕਰਾ


| | ਪੰਨਾ |
|---|---|
| ਭੂਮਿਕਾ | ੳ ਤੋਂ ਹ |
| ਅਧਿਆਇ ਪਹਿਲਾ : | 1 - 183 |
| ਗੁਰਮਤਿ ਸੰਗੀਤ : ਇਕ ਪਰਿਚਯ | |
| ਅਧਿਆਇ ਦੂਜਾ : | 184 - 238 |
| ਮੱਧ ਕਾਲੀਨ ਧਾਰਮਿਕ ਸੰਗੀਤ ਪ੍ਰੰਪਰਾਵਾਂ | |
| ਅਧਿਆਇ ਤੀਜਾ : | 239 - 302 |
| ਭਾਰਤੀ ਸੰਗੀਤ ਦੇ ਇਤਿਹਾਸਿਕ ਵਿਕਾਸ ਵਿਚ ਗੁਰਮਤਿ ਸੰਗੀਤ ਦਾ ਸਥਾਨ | |
| ਅਧਿਆਇ ਚੌਥਾ : | 303 - 352 |
| ਸਿੱਖ ਇਤਿਹਾਸ ਵਿੱਚ ਗੁਰਮਤਿ ਸੰਗੀਤ ਦਾ ਸਥਾਨ | |
| ਅਧਿਆਇ ਪੰਜਵਾਂ : | 353 - 506 |
| ਗੁਰਮਤਿ ਸੰਗੀਤ ਦਾ ਇਤਿਹਾਸਿਕ ਵਿਕਾਸ | |
| ਸਿੱਟੇ ਤੇ ਸਥਾਪਨਾਵਾਂ | 507 - 510 |
| ਪੁਸਤਕ - ਸੂਚੀ | 511 - 524 |

## ਭੂਮਿਕਾ

ਗੁਰਮਤਿ ਸੰਗੀਤ ਭਾਰਤੀ ਸੰਗੀਤ ਦੀ ਵਿਲੱਖਣ ਪਰੰਪਰਾ ਹੈ ਜਿਹੜੀ ਆਪਣੇ ਵਿਸ਼ੇਸ਼ ਸਰੂਪ ਦੁਆਰਾ ਭਾਰਤੀ ਸੰਗੀਤ ਵਿਚ ਵਿਲੱਖਣ ਤੇ ਸੁਤੰਤਰ ਸਥਾਨ ਗ੍ਰਹਿਣ ਕਰ ਚੁਕੀ ਹੈ । ਪਿਛਲੇ ਕੁਝ ਸਮੇਂ ਵਿੱਚ ਇਸ ਪਰੰਪਰਾ ਨੂੰ ਸੁਤੰਤਰ ਸੁਨਿਸਚਿਤ ਸੰਗੀਤ ਪ੍ਰਬੰਧ ਵਜੋਂ ਅਧਿਐਨ ਕਰਨ ਦਾ ਕਾਰਜ ਆਰੰਭਿਆ ਗਿਆ ਹੈ ਜਿਸ ਦੇ ਮਹੱਤਵਪੂਰਨ ਸਿੱਟੇ ਉਪਲੱਬਧ ਹੋ ਚੁਕੇ ਹਨ । ਵੱਖ - ਵੱਖ ਵਿਚਾਰ ਗੋਸ਼ਟੀਆਂ ਚਰਚਾਵਾਂ, ਸੈਮੀਨਾਰਾਂ ਦੇ ਸਿੱਟਿਆਂ ਤੋਂ ਇਸ ਸੰਗੀਤ ਪ੍ਰਬੰਧ ਸੰਬੰਧੀ ਬਹੁ-ਪੱਖੀ ਅਧਿਐਨ ਦੀ ਆਵੱਸ਼ਕਤਾ ਮਹਿਸੂਸ ਕੀਤੀ ਜਾਂਦੀ ਰਹੀ ਹੈ ਇਹ ਵਿਸ਼ੇ ਸੰਬੰਧੀ ਅੱਜ ਤੱਕ ਹੋ ਰਹੇ ਕਾਰਜ ਇਸ ਦੀ ਸੰਗੀਤਕ ਵਿਧੀ, ਸੰਗੀਤਕ ਪ੍ਰਬੰਧ ਤੇ ਸਾਰਥਕਤਾ ਨਾਲ ਸੰਬੰਧ ਰਖਦੇ ਹਨ ਪਰ ਸੰਗੀਤ-ਇਤਿਹਾਸ, ਸਿੱਖ ਇਤਿਹਾਸ ਦੇ ਸੰਦਰਭ ਵਿਚ ਗੁਰਮਤਿ ਸੰਗੀਤ ਦੇ ਸੁਤੰਤਰ ਵਿਕਾਸ ਨੂੰ ਵਿਸ਼ਲੇਸ਼ਣ ਕਰਨ ਦਾ ਕਾਰਜ ਮੱਧਮ ਰਿਹਾ ਹੈ । ਜਦੋਂ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤਕ ਦਾ ਇਤਿਹਾਸਿਕ ਸਮਾਂ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਲਈ ਸਾਂਝੇ ਤੌਰ 'ਤੇ ਅਤੇ ਅਤਿ ਮਹੱਤਵਪੂਰਨ ਹੈ ਇਸ ਲਈ ਇਨ੍ਹਾਂ ਦੋਵਾਂ ਸੰਗੀਤ ਪਰੰਪਰਾਵਾਂ ਨੂੰ ਤੁਲਨਾਤਮਕ ਪ੍ਰਸੰਗ ਵਿਚ ਵਾਚਣ ਅਤੇ ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਨੂੰ ਸੁਤੰਤਰ ਦਸ਼ਾ ਵਿਚ ਅਧਿਐਨ ਕਰਨਾ ਲਾਜ਼ਮੀ ਹੈ ।

ਗੁਰਮਤਿ ਸੰਗੀਤ ਵਿਚ ਹੁਣ ਤਕ ਹੋਏ ਅਧਿਐਨ ਨੂੰ ਅਸੀਂ ਤਿੰਨ ਧਾਰਾਵਾਂ ਵਿਚ ਵੰਡ ਸਕਦੇ ਹਾਂ ਇਸ ਦੀ ਪਹਿਲੀ ਧਾਰਣਾ ਗੁਰਬਾਣੀ ਦੇ ਉਨ੍ਹਾਂ ਵਿਦਵਾਨਾਂ ਦੀ ਹੈ ਜਿਹਨਾਂ

ਨੂੰ ਬਾਣੀ ਦਾ ਅਧਿਐਨ ਕਰਦਿਆਂ ਇਸ ਦੇ ਸੰਗੀਤਕ ਪੱਖ ਨੂੰ ਸੁਹਣਾ ਜ਼ਰੂਰੀ ਸਮਝਿਆ ਸਰਬ ਪ੍ਰਥਮ ਭਾਈ ਚਰਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ ਨੇ ਇਸ ਧਾਰਾ ਵਿਚ ਕੁਝ ਮਹੱਤਵਪੂਰਨ ਯੋਗਦਾਨ ਪਾਇਆ । ਉਪਰੰਤ ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਤਾਰਨ ਸਿੰਘ, ਡਾ. ਦਵਿੰਦਰ ਵਿਦਿਆਰਥੀ ਵਰਗੇ ਵਿਦਵਾਨਾਂ ਨੇ ਬਾਣੀ ਦਾ ਅਧਿਐਨ ਕਰਦਿਆਂ ਇਸ ਵਿਚ ਗੁਰਮਤਿ ਸੰਗੀਤ ਦੀ ਵੱਖਰੀ ਪਛਾਣ ਕਰਨੀ ਚਾਹੀ । ਪਰ ਸਿਧਾਂਤ ਅਤੇ ਸੰਗੀਤ ਵਿਵਹਾਰ ਦੇ ਨਾਲ ਬੁਨਿਆਦੀ ਸਾਂਝ ਨਾ ਹੋਣ ਕਰਕੇ ਇਹ ਵਿਦਵਾਨ ਇਸ ਦਿਸ਼ਾ ਵੱਲ ਕੇਵਲ ਸੰਕੇਤ ਹੀ ਕਰ ਸਕੇ । ਇਸ ਪਰੰਪਰਾ ਸੰਬੰਧੀ ਦੂਜੀ ਧਾਰਾ ਉਨ੍ਹਾਂ ਵਿਦਵਾਨਾਂ ਦੀ ਸੀ, ਜਿਨ੍ਹਾਂ ਨੇ ਭਾਰਤੀ ਸੰਗੀਤ ਦੇ ਦ੍ਰਿਸ਼ਟੀਕੋਣ ਤੋਂ ਗੁਰਮਤਿ ਸੰਗੀਤ ਨੂੰ ਨਿਰਖਣਾ-ਪਰਖਣਾ ਚਾਹਿਆ । ਜਿਨ੍ਹਾਂ ਵਿਚੋਂ ਡਾ. ਅਜੀਤ ਸਿੰਘ ਪੈਂਟਲ ਅਤੇ ਡਾ. ਦਰਸ਼ਨ ਸਿੰਘ ਨਰੂਲਾ ਆਦਿ ਦੇ ਨਾਂ ਵਿਸ਼ੇਸ਼ ਹਨ । ਗੁਰਮਤਿ ਸੰਗੀਤ ਦੇ ਅਧਿਐਨ ਸੰਬੰਧੀ ਤੀਸਰੀ ਧਾਰਾ ਉਨ੍ਹਾਂ ਵਿਦਵਾਨਾਂ ਦੀ ਸੀ ਜਿਨ੍ਹਾਂ ਨੇ ਸੰਗੀਤ ਨੂੰ ਵਿਚ ਗੁਰਮਤਿ ਸੰਗੀਤ ਦੇ ਸਥਾਨ ਨੂੰ ਸੁਤੰਤਰ ਰੂਪ ਵਿਚ ਮਹਿਸੂਸ ਕਰਦਿਆਂ ਇਨ੍ਹਾਂ ਦੇ ਸੰਬੰਧਾਂ ਨੂੰ ਸਮਝਣ ਦੇ ਯਤਨ ਆਰੰਭ ਕੀਤੇ । ਇਨ੍ਹਾਂ ਵਿਦਵਾਨਾਂ ਵਿਚੋਂ ਸਵਰਗਵਾਸੀ ਪ੍ਰੋ. ਤਾਰਾ ਸਿੰਘ, ਡਾ. ਜਗੀਰ ਸਿੰਘ, ਡਾ. ਗੁਰਨਾਮ ਸਿੰਘ, ਜਸਬੀਰ ਸਿੰਘ ਸਾਬਰ ਆਦਿ ਦੇ ਨਾਂ ਵਿਸ਼ੇਸ਼ ਹਨ । ਇਨ੍ਹਾਂ ਵਿਦਵਾਨਾਂ ਦੁਆਰਾ ਕੀਤਾ ਗਿਆ ਕਾਰਜ ਗੁਰਮਤਿ ਸੰਗੀਤ ਨੂੰ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਸੁਤੰਤਰ ਸਥਾਨ ਦਿਵਾਉਣ ਲਈ ਸਹਾਇਕ ਹੋਇਆ ਹੈ । ਇਨ੍ਹਾਂ ਹੀ ਯਤਨਾਂ ਦੀ ਲੜੀ ਵਿਚ ਗੁਰਮਤਿ ਸੰਗੀਤ ਸੰਮੇਲਨ, ਗੁਰਮਤਿ ਸੰਗੀਤ ਸੈਮੀਨਾਰ ਅਤੇ ਗੁਰਮਤਿ ਸੰਗੀਤ ਅਧਿਆਪਨ

ਵਰਕਸ਼ਾਪ ਆਦਿ ਦੇ ਆਯੋਜਨ ਤੋਂ ਹੁਣ ਗੁਰਮਤਿ ਸੰਗੀਤ ਇਕ ਸੁਤੰਤਰ ਅਧਿਐਨ ਵਜੋਂ ਆਪਣਾ ਸਥਾਨ ਬਣਾ ਚੁਕਾ ਹੈ । ਜਿਸ ਨੂੰ ਵੱਖ - ਵੱਖ ਯੂਨੀਵਰਸਿਟੀਆਂ ਨੇ ਵੀ ਮਾਨਤਾ ਦੇਣ ਦਾ ਕਾਰਜ ਆਰੰਭ ਦਿਤਾ ਹੈ ।

ਜਦੋਂ ਵੀ ਕੋਈ ਅਧਿਐਨ ਵਿਸ਼ਾ ਸੰਸਥਾਗਤ ਪੱਧਰ ਉਤੇ ਅਧਿਐਨ ਦੇ ਅੰਗ ਵਜੋਂ ਪ੍ਰਗਟ ਹੁੰਦਾ ਹੈ ਤਾਂ ਉਸ ਦੇ ਸਰਬਾਂਗੀ ਅਧਿਐਨ ਦੀ ਲੋੜ ਵੀ ਮਹਿਸੂਸ ਹੁੰਦੀ ਹੈ । ਇਸੇ ਅੱਵਸ਼ਕਤਾ ਨੂੰ ਮਹਿਸੂਸ ਕਰਦਿਆਂ ਅਸੀਂ "ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ" ਵਿਸ਼ੇ ਉਤੇ ਖੋਜ- ਕਾਰਜ ਕਰਨ ਦਾ ਮਨ ਬਣਾਇਆ ਸੀ । ਅਸੀਂ ਆਪਣੇ ਖੋਜ-ਕਾਰਜ ਨੂੰ 15ਵੀਂ ਤੋਂ 18ਵੀਂ ਸਦੀ ਤਕ ਸੀਮਤ ਕੀਤਾ ਹੈ, ਕਿਉਂਕਿ ਇਹ ਸਮਾਂ ਗੁਰਮਤਿ ਸੰਗੀਤ ਦੇ ਇਤਿਹਾਸ ਲਈ ਵਿਸ਼ੇਸ਼ ਹੈ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਗੁਰੂ ਸਾਹਿਬਾਨ ਦਾ ਜੀਵਨ-ਕਾਲ ਗੁਰਮਤਿ ਸੰਗੀਤ ਲਈ ਇਕ ਇਤਿਹਾਸਕ ਆਦਰਸ਼ ਹੈ । ਇਸ ਲਈ ਸਾਡੀ ਕੋਸ਼ਿਸ਼ ਹੋਵੇਗੀ ਕਿ ਇਸ ਕਲਾ ਸੰਬੰਧੀ ਉਪਲੱਬਧ ਇਤਿਹਾਸਕ ਅਤੇ ਸਿਧਾਂਤਕ ਸਰੋਤਾਂ ਦੀ ਸਹਾਇਤਾ ਨਾਲ ਇਸ ਕਾਰਜ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਜਾਵੇ । ਅਸੀਂ ਆਪਣੇ ਕਾਰਜ ਨੂੰ ਨਿਮਨਲਿਖਤ ਪੰਜ ਅਧਿਆਵਾਂ ਵਿਚ ਵੰਡਿਆ ਹੈ :

1. ਗੁਰਮਤਿ ਸੰਗੀਤ : ਇਕ ਪਰਿਚੈ
2. ਮੱਧ ਕਾਲੀਨ ਧਾਰਮਕ ਸੰਗੀਤ-ਪਰੰਪਰਾਵਾਂ
3. ਭਾਰਤੀ ਸੰਗੀਤ ਦੇ ਇਤਿਹਾਸਕ ਵਿਕਾਸ ਵਿਚ ਗੁਰਮਤਿ ਸੰਗੀਤ ਦਾ ਸਥਾਨ
4. ਸਿੱਖ ਇਤਿਹਾਸ ਵਿਚ ਗੁਰਮਤਿ ਸੰਗੀਤ ਦਾ ਸਥਾਨ

5. ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ

ਉਪਰੋਕਤ ਅਧਿਆਵਾਂ ਵਿਚ ਸਾਡਾ ਇਹੋ ਯਤਨ ਹੋਵੇਗਾ ਕਿ ਗੁਰਮਤਿ ਸੰਗੀਤ ਸੰਬੰਧੀ ਪਰਿਚੈਆਤਮਕ ਸੁਤੰਤਰ ਜਾਣ-ਪਛਾਣ ਉਜਾਗਰ ਕਰਨ ਤੋਂ ਬਾਅਦ ਸਿੱਖ ਇਤਿਹਾਸ ਵਿਚ ਭਾਰਤੀ ਸੰਗੀਤ ਦੇ ਇਤਿਹਾਸ ਵਿਚ ਇਸ ਦੇ ਸਥਾਨ ਨੂੰ ਵਾਚਿਆ ਜਾਵੇ ਅਤੇ ਇਸ ਸਾਂਝੇ ਤੁਲਨਾਤਮਕ ਵਿਸ਼ਲੇਸ਼ਣ ਤੋਂ ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਨੂੰ ਕ੍ਰਮਵਾਰ ਉਜਾਗਰ ਕੀਤਾ ਜਾਵੇ । ਭਾਵੇਂ ਇਸ ਮਹਾਨ ਪਰੰਪਰਾ ਦਾ ਪੂਰਨ ਥਾਹ ਪਾ ਸਕਣਾ ਕਾਫ਼ੀ ਕਠਿਨ ਕਾਰਜ ਹੈ ਪਰ ਫਿਰ ਵੀ ਸਾਡਾ ਇਹ ਨਿਮਾਣਾ ਜਿਹਾ ਯਤਨ ਗੁਰਮਤਿ ਸੰਗੀਤ ਦੇ ਪਾਠਕਾਂ ਅਤੇ ਨਵ-ਅਧਿਐਨਕਰਤਾਵਾਂ ਲਈ ਤੁੱਛ ਸੇਵਾ ਮਾਤਰ ਹੈ ।

ਇਸ ਖੋਜ-ਕਾਰਜ ਵਿਚ ਗੁਰਮਤਿ ਸੰਗੀਤ ਸੰਬੰਧੀ ਉਪਲਬਧ ਸਮੂਹ ਸਰੋਤ ਪੁਸਤਕਾਂ, ਖੋਜ-ਪੁਸਤਕਾਂ ਆਦਿ ਦੇ ਵਿਦਵਾਨ-ਲੇਖਕ ਮੇਰੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਦਾ ਗਿਆਨ ਸਾਡੇ ਇਸ ਕਾਰਜ ਵਿਚ ਸਹਾਈ ਹੋਇਆ ਹੈ । ਮੈਂ ਇਸ ਖੋਜ-ਕਾਰਜ ਵਿਚ ਆਪਣੇ ਨਿਗਰਾਨ ਡਾ. ਦਰਸ਼ਨ ਸਿੰਘ (ਪ੍ਰੋਫੈਸਰ ਅਤੇ ਚੇਅਰਮੈਨ, ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਅਤੇ ਡਾ. ਗੁਰਨਾਮ ਸਿੰਘ, ਰੀਡਰ (ਮੁਖੀ ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਖੋਜ-ਕਾਰਜ ਨੂੰ ਪੂਰਿਆਂ ਕਰਨ ਵਿਚ ਮੇਰੀ ਅਗਵਾਈ ਕੀਤੀ ਅਤੇ ਯੋਗ ਮਦਦ ਨਾਲ ਨਿਵਾਜਿਆ । ਇਹ ਖੋਜ-ਕਾਰਜ ਨਿਰਧਾਰਤ ਸਮੇਂ ਵਿਚ ਸੰਪੂਰਨ ਨਾ ਹੁੰਦਾ, ਜੇਕਰ ਡਾ. ਹਰਬੰਸ ਸਿੰਘ (ਮੁੱਖ ਸੰਪਾਦਕ, ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ), ਡਾ. ਦਰਸ਼ਨ ਸਿੰਘ ਮਲੋਟ ਤੇ ਸ. ਜਬਰਜੰਗ ਸਿੰਘਜੀ ਮੈਨੂੰ ਸਹਿਯੋਗ ਨਾ ਦਿੰਦੇ । ਇਨ੍ਹਾਂ

ਦੁਆਰਾ ਮਿਲੇ ਸਹਿਯੋਗ ਲਈ ਜਿਨ੍ਹਾਂ ਨੇ ਖੋਜ-ਕਾਰਜ ਦੇ ਭਿੰਨ ਭਿੰਨ ਪੜਾਵਾਂ ਉਤੇ ਆਪਣੇ ਵਡਮੁੱਲੇ ਸੁਝਾਅ ਦੇ ਕੇ ਇਸ ਖੋਜ-ਕਾਰਜ ਦੇ ਔਖੇ ਪੈਂਡੇ ਨੂੰ ਸੁਖਾਲਾ ਬਣਾ ਦਿੱਤਾ, ਮੈਂ ਇਨ੍ਹਾਂ ਸਾਰਿਆਂ ਦੀ ਧੰਨਵਾਦੀ ਹਾਂ ।

ਧੰਨਵਾਦੀ ਹਾਂ ਆਪਣੇ ਮਾਤਾ-ਪਿਤਾ ਦੀ, ਜਿਨ੍ਹਾਂ ਦੀ ਦੇਣ ਅੱਗੇ ਨਮਸਤਕ ਹੋਣ ਲਈ ਹਰ ਮੁੱਦਰਾ ਅਧੂਰੀ ਹੈ ਅਤੇ ਹਾਲਾਂ ਤੱਕ ਕੋਈ ਅਜਿਹਾ ਸ਼ਬਦ ਹੋਂਦਮਾਨ ਨਹੀਂ, ਜਿਹੜਾ ਉਨ੍ਹਾਂ ਦੇ ਯੋਗਦਾਨ ਦੇ ਮੇਚ ਦਾ ਹੋਵੇ ।

ਜਸਬੀਰ ਕੌਰ

(ਜਸਬੀਰ ਕੌਰ)

# ਪਹਿਲਾ ਅਧਿਆਇ

## ਗੁਰਮਤਿ ਸੰਗੀਤ ਇੱਕ ਪਰਿਚਯ

ਸਿੱਖ ਧਰਮ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਦਮਾਨ ਬਾਣੀ ਦਾ ਸੰਕਲਨ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਹੈ ਜਿਸ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਤੇ ਭਗਤਾਂ ਦੀ ਬਾਣੀ ਨੂੰ ਵੱਖ-ਵੱਖ ਰਾਗਾਂ ਤਹਿਤ ਅੰਕਿਤ ਕੀਤਾ ਗਿਆ ਹੈ । ਇਹ ਬਾਣੀ ਜਾਂ ਸ਼ਬਦ ਗਾਏ ਜਾਣ ਲਈ ਅਨੇਕਾਂ ਆਦੇਸ਼ ਗੁਰੂ ਸਾਹਿਬ ਦੀ ਬਾਣੀ ਵਿੱਚ ਮਿਲਦੇ ਹਨ । ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

ਗੁਰਬਾਣੀ ਗਾਵਹੁ ਭਾਈ ॥
ਓਹ ਸਫਲ ਸਦਾ ਸੁਖਦਾਈ ॥[1]

ਗੁਰਬਾਣੀ ਨੂੰ ਗਾਉਣ ਦੇ ਹੁਕਮ ਨਾਲ ਹੀ ਇਹ ਦ੍ਰਿੜ ਕਰਵਾਇਆ ਗਿਆ ਹੈ ਕਿ ਇਹ ਬਾਣੀ ਮਹਿਜ਼ ਸ਼ਬਦ ਨਹੀਂ ਹੈ ਤੇ ਨਾ ਹੀ ਮਹਿਜ਼ ਕਾਵਿ ਹੈ । ਇਹ ਇਲਾਹੀ ਬਾਣੀ ਤਾਂ ਧੁਰ ਦਰਗਾਹੋਂ ਆਈ ਹੈ :

ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥[2]

ਇਸ ਧੁਰ ਕੀ ਬਾਣੀ ਨੂੰ ਗਾਉਣ ਦਾ ਫੁਰਮਾਨ ਤੀਸਰੇ ਗੁਰੂ ਅਮਰਦਾਸ ਜੀ ਨੇ ਵੀ ਕੀਤਾ ਹੈ ਇਸ ਪ੍ਰਕਾਰ ਹੈ :

ਆਵਹੁ ਸਿੱਖ ਸਤਿਗੁਰ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ॥[3]

---

1. ਆਦਿ ਗ੍ਰੰਥ : ਸੋਰਠਿ ਮਹਲਾ 5, ਪੰਨਾ 628

2. ਆਦਿ ਗ੍ਰੰਥ : ਸੋਰਠਿ ਮਹਲਾ 5, ਪੰਨਾ 629

3. ਆਦਿ ਗ੍ਰੰਥ : ਮਹਲਾ 3, ਪੰਨਾ 920

ਉਪਰੋਕਤ ਤੋਂ ਜ਼ਾਹਿਰ ਹੈ ਕਿ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ-ਬਾਣੀ ਦਾ ਗਾਇਨ ਕਰਨ ਸਬੰਧੀ ਬਚਨ ਕਹੇ । ਉਹਨਾਂ ਤੋਂ ਪੂਰਵ ਸ੍ਰੀ ਗੁਰੂ ਅੰਗਦ ਦਵ ਜੀ ਦੇ ਅਨੇਕਾਂ ਸਲੋਕ ਵੱਖ-ਵੱਖ ਰਾਗਾਂ ਪ੍ਰਥਾਇ ਮਿਲਦੇ ਹਨ । ਜਿਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਅੰਗਦ ਦੇਵ ਜੀ ਵੇਲੇ ਇਹ ਪਰੰਪਰਾ ਜਾਰੀ ਸੀ । ਇਸ ਤੋਂ ਸਾਨੂੰ ਭਲੀ ਪ੍ਰਕਾਰ ਗਿਆਨ ਹੁੰਦਾ ਹੈ ਕਿ ਸ਼ਬਦ ਗਾਇਨ ਦੀ ਪ੍ਰਥਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਚਲਾਈ ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ 'ਖਸਮ ਦਾ ਢਾਢੀ'[1] ਦੱਸਦੇ ਹਨ ਜੋ 'ਖਸਮ ਦੇ ਸੁਨੇਹੇ' ਨੂੰ ਜਗਤ ਵਿੱਚ ਵਰਤਾਉਣ ਆਏ ਹਨ । ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਨੇ ਇਸ ਜਗਤ ਜਲੰਦੇ ਨੂੰ ਰੱਖਣ ਵਾਸਤੇ ਘੱਲਿਆ ਸੀ ਤੇ ਜੋ ਉਹਨਾਂ ਅਕਾਲ ਪੁਰਖ ਤੋਂ ਪ੍ਰਾਪਤ ਕੀਤਾ ਉਹ ਲੋਕਾਈ ਤੱਕ ਪਹੁੰਚਾਉਣ ਲਈ ਦੁਨੀਆ ਦੇ ਦੂਰ-ਦੁਰਾਡੇ ਖਿਤਿਆਂ ਵਿੱਚ ਪਹੁੰਚੇ । ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :

> ਪਹਿਲ ਬਾਬੇ ਪਾਇਆ ਬਖਸ਼ ਦਰ
> ਪਿੱਛੋਂ ਦੇ ਫਿਰ ਘਾਲ ਕਮਾਈ ।
> --------------------
> ਚੜ੍ਹਿਆ ਸੋਧਣ ਧਰਤਿ ਲੁਕਾਈ ।।[2]

---

1. 'ਹਉ ਢਾਢੀ ਵੇਕਾਰੁ ਕਾਰੈ ਲਾਇਆ'
(ਆਦਿ ਗ੍ਰੰਥ : ਮਹਲਾ ੧, ਪੰਨਾ 150)

ਖਸਮੈ ਕੈ ਦਰਬਾਰ ਢਾਢੀ ਵਸਿਆ ।
ਸਚਾ ਖਸਮੁ ਕਲਾਇ ਕਮਲੁ ਵਿਗਸਿਆ ।।
(ਆਦਿ ਗ੍ਰੰਥ : ਮਹਲਾ ੧ , ਪੰਨਾ 148)

2. ਭਾਈ ਗੁਰਦਾਸ ਦੀਆਂ ਵਾਰਾਂ : ਵਾਰ ੧, ਪਉੜੀ 24

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਜੋ ਉਹ ਉਪਦੇਸ਼ ਰੂਪ ਵਿੱਚ ਫੁਰਮਾ ਰਹੇ ਹਨ ਇਹ ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਫੁਰਮਾਨ ਹੀ ਹੈ । ਜਿਸ ਤਰ੍ਹਾਂ ਉਸ ਨੇ ਹੁਕਮ ਫੁਰਮਾਇਆ ਹੈ ਉਸੇ ਤਰ੍ਹਾਂ ਹੀ ਵਿਚਾਰਧਾਰਾ ਜਨ-ਸਧਾਰਣ ਤੱਕ ਪਹੁੰਚਾ ਰਹੇ ਹਨ । ਉਹਨਾਂ ਦਾ ਫੁਰਮਾਨ ਹੈ ਕਿ :

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ ॥[1]

ਇਸ ਰੱਬੀ ਹੁਕਮ ਨੂੰ ਜਨਤਾ ਤੱਕ ਸੰਚਾਰ ਕਰਨ ਲਈ ਜੋ ਮਾਧਿਅਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣਾਇਆ ਉਹ ਕੀਰਤਨ ਜਾਂ ਸੰਗੀਤ ਹੀ ਸੀ । ਇਹ ਕੀਰਤਨ ਮਹਿਜ਼ ਸ਼ਬਦਾਂ ਦੇ ਸਵਰਾਂ ਵਿੱਚ ਗਾਉਣ ਨੂੰ ਹੀ ਨਹੀਂ ਕਿਹਾ ਜਾਂਦਾ ਬਲਕਿ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਪ੍ਰਸਤੁਤ ਕਰਨ ਹਿਤ ਇੱਕ ਵਿਸ਼ੇਸ਼ ਵਿਧਾਨ ਚੁਣਿਆ । ਇਸ ਵਿਧਾਨ ਨੂੰ ਹੀ ਗੁਰਮਤਿ ਸੰਗੀਤ ਪ੍ਰਬੰਧ ਕਿਹਾ ਜਾਂਦਾ ਹੈ ।

ਗੁਰੂ ਅਤੇ ਸੰਗਤ ਦੀ ਹਜ਼ੂਰੀ ਵਿੱਚ ਕੀਰਤਨਕਾਰ ਜਦੋਂ ਤੰਤੀ ਸਾਜ਼ਾਂ ਨਾਲ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦਾ ਸੁਰ-ਤਾਲ ਬੱਧ ਰਸ ਭਿੰਨਾ ਅਖੰਡ ਕੀਰਤਨ ਕਰਦੇ ਹਨ ਜਿਸ ਵਿੱਚ 'ਰਹਾਉ' ਅਤੇ ਪਦਿਆਂ ਦੇ ਅੰਕਾਂ ਦਾ ਵਿਸ਼ੇਸ਼ ਧਿਆਨ ਰੱਖਿਆ ਗਇਆ ਹੋਵੇ ਜੋ ਪ੍ਰਾਣੀ ਮਾਤਰ ਦੇ ਚਿੱਤ ਨੂੰ ਨਾਮ ਸਿਮਰਨ ਦੁਆਰਾ ਸਹਿਜ ਅਵਸਥਾ ਰਾਹੀਂ ਅਕਾਲ ਪੁਰਖ ਨਾਲ ਜੋੜੇ ਉਸ ਨੂੰ ਗੁਰਮਤਿ ਸੰਗੀਤ ਕਹਿੰਦੇ ਹਨ ।

---

1. ਆਦਿ ਗ੍ਰੰਥ : ਮਹਲਾ ੧, ਪੰਨਾ 722

ਮੱਧ ਕਾਲੀਨ ਧਾਰਮਿਕ ਸੰਗੀਤ ਪਰੰਪਰਾਵਾਂ ਵਿੱਚ ਸੰਗੀਤ ਦਾ ਮੌਲਿਕ ਅਤੇ ਵਿਲੱਖਣ ਸਥਾਨ ਹੈ । ਇਸ ਪ੍ਰਬੰਧ ਦੀ ਇਹ ਮੌਲਿਕਤਾ ਤੇ ਵਿਲੱਖਣਤਾ ਇਸ ਦੇ ਵਿਸ਼ੇਸ਼ ਸੰਗੀਤ ਪ੍ਰਬੰਧ ਸਦਕਾ ਮੂਰਤੀਮਾਨ ਹੁੰਦੀ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਸਤਿ ਨੂੰ ਲੋਕਾਈ ਸਾਹਮਣੇ ਪ੍ਰਸਤੁਤ ਕਰਨ ਲਈ ਸੰਗੀਤ ਨੂੰ ਇੱਕ ਵਿਸ਼ਿਸ਼ਟ ਸੰਚਾਰ ਮਾਧਿਅਮ ਵਜੋਂ ਅਪਣਾਇਆ । ਉਹਨਾਂ ਦੀ ਇਸ ਮੌਲਿਕ ਜੁਗਤ ਦੁਆਰਾ ਭਾਰਤੀ ਸੰਗੀਤ ਵਿੱਚ ਇੱਕ ਨਵੀਂ ਸੰਗੀਤ ਧਾਰਾ ਦਾ ਉਦੈ ਹੋਇਆ ਜਿਸ ਨੂੰ ਗੁਰਮਤਿ ਸੰਗੀਤ ਜਾਂ ਸਿੱਖ ਸੰਗੀਤ ਆਖਿਆ ਜਾਂਦਾ ਹੈ । ਇਸ ਸੰਗੀਤ ਪਰੰਪਰਾ ਵਿੱਚ ਭਾਰਤੀ ਸੰਗੀਤ ਉਪਕਰਣਾਂ ਦਾ ਸਫਲ ਅਤੇ ਮੌਲਿਕ ਦ੍ਰਿਸ਼ਟੀਕੋਣ ਤੋਂ ਪ੍ਰਯੋਗ ਕੀਤਾ ਗਿਆ ਹੈ । ਇਸ ਮਹਾਨ ਪਰੰਪਰਾ ਦੀ ਵਿਸ਼ਿਸ਼ਟਤਾ ਇਹ ਹੈ ਕਿ ਇਹ ਸਦੈਵ ਹੀ ਲੋਕਾਈ ਨੂੰ ਸੰਬੋਧਨ ਹੈ ਜਿਸ ਅਧੀਨ ਇਹ ਆਪਣੇ ਸਰੋਤੇ ਦੀ ਮਾਨਸਿਕਤਾ ਨਾਲ ਇੱਕ ਸੁਰ ਹੋ ਕੇ ਕਾਰਜਸ਼ੀਲ ਰਹਿੰਦੀ ਹੈ । ਇਸ ਵਿੱਚ ਸਰੋਤੇ ਦੇ ਬੌਧਿਕ ਪੱਧਰ ਅਤੇ ਇਲਾਕਈ ਸੰਸਕ੍ਰਿਤਕ ਪਹਿਲੂਆਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਗਿਆ ਸਗੋਂ ਇਨ੍ਹਾਂ ਨੂੰ ਇੱਕ ਵਿਸ਼ੇਸ਼ ਸੰਤੁਲਨ ਅਧੀਨ ਪ੍ਰਸਤੁਤ ਕੀਤਾ ਗਿਆ ਹੈ । ਗੁਰਬਾਣੀ ਦੀ ਪ੍ਰਸਤੁਤੀ ਲੋਕ-ਮੁਖੀ ਹੋਣ ਸਦਕਾ ਹੀ ਇੱਕ ਵਿਸ਼ਿਸ਼ਟ ਪ੍ਰਬੰਧ ਦੀ ਸਿਰਜਨਾ ਕਰਦੀ ਹੈ ਜਿਹੜਾ ਇਸ ਨੂੰ ਭਾਰਤੀ ਸੰਗੀਤ ਅਤੇ ਹੋਰ ਸਮਕਾਲੀਨ ਸੰਗੀਤ ਪਰੰਪਰਾਵਾਂ ਨਾਲੋਂ ਵੱਖਰਿਆਉਂਦਾ ਹੈ । ਗੁਰਬਾਣੀ ਦੀ ਇਸ ਸੰਚਾਰ ਜੁਗਤ ਦਾ ਅਧਿਐਨ ਇਸ ਦੇ ਵਿਸ਼ਿਸ਼ਟ ਸੰਗੀਤ ਪ੍ਰਬੰਧ ਅਧੀਨ ਕੀਤਾ ਜਾਣਾ ਲਾਜ਼ਮੀ ਹੈ ।

ਗੁਰੂ ਨਾਨਕ ਦੇਵ ਜੀ ਨੇ ਰਾਗ ਦੇ ਵਿਸ਼ਿਸ਼ਟ ਸੌਂਦਰਯ ਮੂਲਕ ਭਾਵ ਪ੍ਰਕਾਸ਼ਨ ਤੋਂ ਭਾਵ ਬੋਧ ਦੀ ਅਪਾਰ ਸ਼ਕਤੀ ਸਦਕਾ ਇਸ ਨੂੰ ਆਪਣੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ ਅਤੇ ਇਸ ਪਰੰਪਰਾ ਵਿੱਚ ਨਿਰਧਾਰਿਤ ਰਾਗਾਂ ਦੁਆਰਾ ਗੁਰਬਾਣੀ ਗਾਇਨ ਦੀ ਪਰੰਪਰਾ ਦਾ ਸੰਸਥਾਗਤ ਪ੍ਰਚਲਨ ਵੀ ਕੀਤਾ । ਕਾਵਿ ਦੇ ਗਾਇਨ ਵਿੱਚ ਰਾਗ ਦਾ ਪ੍ਰਯੋਗ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਮਿਲਦਾ ਹੈ ਪ੍ਰੰਤੂ ਜਿਹੜੇ ਨਵੀਨ ਅਰਥ ਵਿਵਹਾਰਕ ਰੂਪ ਵਿੱਚ ਰਾਗਾਂ ਨੂੰ ਗੁਰੂ ਸਾਹਿਬ ਨੇ ਪ੍ਰਦਾਨ ਕ;ਵਾਏ ਹਨ ਉਹ ਗੁਰਮਤਿ ਸੰਗੀਤ ਦੀ ਮੌਲਿਕ ਅਤੇ ਵਿਲੱਖਣ ਖਾਸੀਅਤ ਹੈ । ਬਾਣੀ ਵਿੱਚ ਰਾਗ ਦਾ ਮਹੱਤਵ ਤੇ ਪ੍ਰਯੋਗ ਭਾਰਤੀ ਸੰਗੀਤ ਵਿਚਲੇ ਰਾਗ ਪ੍ਰਚਲਨ ਤੋਂ ਭਿੰਨ ਹੈ । ਇਸ ਪਰੰਪਰਾ ਅਧੀਨ ਰਾਗ ਨੂੰ ਬਾਣੀ ਦੇ ਗਾਇਨ ਹਿਤ ਪ੍ਰਯੋਗ ਕਰਕੇ ਸਦਾ ਆਨੰਦ ਦੀ ਪ੍ਰਾਪਤੀ ਵੱਲ ਅਗਰਸ਼ੀਲ ਹੋਣ ਦਾ ਸੰਦੇਸ਼ ਹੈ । ਅਜਿਹੇ ਆਦੇਸ਼ ਦੀ ਪ੍ਰਾਪਤੀ ਵਿੱਚ ਹੀ ਗੁਰਬਾਣੀ ਵਿੱਚ ਰਾਗ ਨੂੰ ਨਵੀਨ ਅਤੇ ਮੌਲਿਕ ਦ੍ਰਿਸ਼ਟੀਕੋਣ ਤੋਂ ਪ੍ਰਯੋਗ ਕੀਤਾ ਗਿਆ ਹੈ ਜਿਸ ਨੇ ਨਾ ਕੇਵਲ ਗੁਰਮਤਿ ਸੰਗੀਤ ਨੂੰ ਵਿਲੱਖਣਤਾ ਪ੍ਰਦਾਨ ਕੀਤੀ ਹੈ ਸਗੋਂ ਇਹ ਪ੍ਰਯੋਗ ਭਾਰਤੀ ਸੰਗੀਤ ਵਿੱਚ ਵੀ ਵਿਸ਼ਸ਼ਟਤਾ ਦਾ ਧਾਰਣੀ ਹੈ । ਇਸ ਪ੍ਰਯੋਗ ਦਾ ਉਦੇਸ਼ ਕੇਵਲ ਅਤੇ ਕੇਵਲ ਸਮਰੱਥਾਵਾਂ ਅਧੀਨ ਸੰਚਾਰਿਤ ਕਰਨਾ ਹੀ ਹੈ ।

## ਗੁਰਮਤਿ ਸੰਗੀਤ ਦਾ ਪਿਛੋਕੜ

ਮੱਧਕਾਲੀਨ ਧਾਰਮਿਕ ਸੰਗੀਤ ਪਰੰਪਰਾਵਾਂ ਵਿੱਚ ਸੰਗੀਤ ਦਾ ਮੌਲਿਕ ਤੇ ਵਿਲੱਖਣ ਸਥਾਨ ਹੈ । ਇਸ ਪ੍ਰਬੰਧ ਦੀ ਇਹ ਮੌਲਿਕਤਾ ਤੇ ਵਿਲੱਖਣਤਾ ਇਸ ਦੇ ਵਿਸ਼ੇਸ਼ ਸੰਗੀਤ ਪ੍ਰਬੰਧ ਸਦਕਾ ਮੂਰਤੀਮਾਨ ਹੁੰਦੀ ਹੈ । ਇਸ ਤੋਂ ਪਹਿਲਾਂ ਕਿ ਅਸੀਂ ਇਸ ਦੇ

ਕ੍ਰਮਿਕ ਵਿਕਾਸ ਅਤੇ ਸੰਗੀਤ ਪ੍ਰਬੰਧ ਸਬੰਧੀ ਵਿਚਾਰ ਕਰੀਏ, ਗੁਰਮਤਿ ਸੰਗੀਤ ਦੇ ਪ੍ਰਾਰੰਭ ਦੀ ਪਿੱਠ ਭੂਮੀ ਵਿਚਲੀ ਸਮਾਜਿਕ, ਧਾਰਮਿਕ ਅਤੇ ਸੰਗੀਤਕ ਅਵਸਥਾ ਬਾਰੇ ਜਾਨਣਾਂ ਅਤਿ ਜਰੂਰੀ ਹੈ ।

ਗੁਰਮਤਿ ਸੰਗੀਤ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੋਇਆ ਹੈ । ਗੁਰੂ ਜੀ ਦੇ ਅਵਤਾਰ ਧਾਰਣ ਸਮੇਂ ਭਾਰਤੀ ਸਮਾਜ ਦੀ ਹਾਲਤ ਬਹੁਤ ਚਿੰਤਾਜਨਕ ਸੀ । ਲੋਕਾਂ ਵਿੱਚ ਧਾਰਮਿਕ ਗਿਰਾਵਟ ਆ ਚੁੱਕੀ ਸੀ । ਧਾਰਮਿਕ ਆਗੂ ਮੁੱਲਾਂ ਅਤੇ ਪੰਡਿਤ ਭੋਲੀ-ਭਾਲੀ ਜਨਤਾ ਨੂੰ ਕੁਰਾਹੇ ਪਾ ਰਹੇ ਸਨ ਅਤੇ ਧਰਮ ਦੇ ਨਾਂ ਉੱਤੇ ਆਪ ਖਹਿ ਰਹੇ ਸਨ ਅਤੇ ਜਨਤਾ ਨੂੰ ਆਪਸ ਵਿੱਚ ਲੜਾ ਰਹੇ ਸਨ[1] । ਸਾਰੇ ਪਾਸੇ ਅਧਰਮ ਦਾ ਬੋਲ ਬਾਲਾ ਸੀ । ਸੱਚ ਕਹਿਣ ਵਾਲਾ ਕੋਈ ਨਹੀਂ ਸੀ । ਰਾਜੇ ਪਰਜਾ ਦੀ ਰੱਖਿਆ ਕਰਨ ਦੀ ਥਾਂ ਉਨ੍ਹਾਂ ਉੱਤੇ ਜੁਲਮ ਕਰ ਰਹੇ ਸਨ[2] । ਸਮਾਜ, ਧਰਮ, ਜਾਤ, ਊਚ-ਨੀਚ ਦੇ ਫੋਕੇ ਭਰਮਾਂ ਵਿੱਚ ਪਿਆ ਪਾਟਿਆ ਹੋਇਆ ਸੀ । ਹਿੰਦੂ ਚਾਰ ਵਰਣਾਂ ਵਿੱਚ ਵੰਡੇ ਹੋਏ ਸਨ ਤੇ ਮੁਸਲਮਾਨਾਂ ਵਿੱਚ ਵੀ ਚਾਰ ਫਿਰਕੇ ਚਲ ਰਹੇ ਸਨ[3] । ਸਾਰੀ ਭਾਰਤੀ ਜਨਤਾ ਆਪਸ ਵਿੱਚ ਵੈਰ ਵਿਰੋਧ ਦਾ ਜੀਵਨ ਬਤੀਤ ਕਰਦੀ ਸੀ । ਇਨਸਾਫ਼

---

1. 'ਸੱਚ ਕਿਨਾਰੇ ਰਹਿ ਗਯਾ ਖਹਿ ਮਰਦੇ ਬਾਹਮਣ ਮਾਉਲਾਣੇ ।'
(ਭਾਈ ਗੁਰਦਾਸ ਦੀਆਂ ਵਾਰਾਂ : ਵਾਰ ਪਹਿਲੀ, ਪਉੜੀ 21)

2. ਰਾਜੇ ਪਾਪ ਕਮਾਂਵਦੇ
ਉਲਟੀ ਵਾੜ ਖੇਤ ਕਉ ਖਾਈ
(ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ, ਪਉੜੀ 30)

3. ਚਾਰ ਵਰਨ ਚਾਰ ਮਜ਼ਹਬਾਂ ।
ਜਗ ਵਿੱਚ ਹਿੰਦੂ ਮੁਸਲਮਾਨੇ ।।
(ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ, ਪਉੜੀ 27)

ਕਿਤੇ ਮਿਲਦਾ ਨਹੀਂ ਸੀ । ਕਾਜ਼ੀ ਰਿਸ਼ਵਤ ਖ਼ੋਰ ਹੋ ਗਏ ਸਨ ਜੋ ਪੈਸੇ ਲੈ ਕੇ ਹੱਕਦਾਰ ਦਾ ਹੱਕ ਮਾਰਦੇ ਸਨ[1] । ਸਾਰੇ ਪਾਸੇ ਕੂੜ ਦਾ ਪਸਾਰਾ ਸੀ । ਹਾਕਮ ਮੁਸਲਮਾਨਾਂ ਵਲੋਂ ਹਿੰਦੂਆਂ ਤੇ ਜ਼ਬਰ ਜ਼ੁਲਮ ਕੀਤਾ ਜਾ ਰਹੇ ਸਨ ਅਤੇ ਉਨ੍ਹਾਂ ਨੂੰ ਜਬਰੀ ਹਿੰਦੂਆਂ ਤੋਂ ਮੁਸਲਮਾਨ ਬਣਾਇਆ ਜਾ ਰਿਹਾ ਸੀ । ਕੱਟੜ ਮੁਸਲਮਾਨ ਹਾਕਮਾਂ ਦੇ ਹੁਕਮ ਨਾਲ ਮੰਦਰ ਢਾਹੇ ਜਾ ਰਹੇ ਸਨ ਤੇ ਉਨ੍ਹਾਂ ਦੀ ਜਗ੍ਹਾ ਮਸੀਤਾਂ ਉਸਾਰੀਆਂ ਜਾ ਰਹੀਆਂ ਸਨ[2] ਪਰ ਧਰਮ ਨਿਰੋਲ ਕਰਮ ਕਾਂਡਾਂ ਵਿੱਚ ਉਲਝ ਕੇ ਰਹਿ ਗਿਆ ਸੀ । ਆਗੂਆਂ ਨੂੰ ਠੀਕ ਰਾਹ ਪਾਇਆ ਜਾਵੇ ਇਸ ਲਈ ਉਨ੍ਹਾਂ ਹਿੰਦੂ ਤੇ ਮੁਸਲਮਾਨਾਂ ਦੇ ਧਰਮ ਅਸਥਾਨਾਂ ਤੇ ਜਾ ਕੇ 'ਸਚੁ' ਦਾ ਸੰਦੇਸ਼ ਦਿੱਤਾ[3] ।

ਅਕਾਲ ਪੁਰਖ ਦੇ ਹੁਕਮ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਗੁਰੂ ਸਾਹਿਬ ਨੇ ਸੰਗੀਤ ਨੂੰ ਮਾਧਿਅਮ ਬਣਾਇਆ । ਗੁਰ ਸ਼ਬਦ ਤੇ ਕੀਰਤਨ ਦੇ ਸੁਮੇਲ ਨਾਲ ਇੱਕ ਵਿਧਾਨ ਬਣਾਇਆ ਜੋ 'ਗੁਰਮਤਿ ਸੰਗੀਤ' ਪ੍ਰਬੰਧ ਵਜੋਂ ਪ੍ਰਗਟ ਹੋਇਆ । ਇਸ ਸੰਗੀਤਕ ਪ੍ਰਬੰਧ ਪਿੱਛੇ ਭਾਰਤੀ ਸੰਗੀਤ ਦੇ ਅਧਿਆਤਮਿਕ ਸੰਗੀਤ (ਧਾਰਮਿਕ ਸੰਗੀਤ) ਦੀ ਇੱਕ ਵਿਸ਼ਾਲ ਪਰੰਪਰਾ ਮੌਜੂਦ ਸੀ ਜਿਸ ਦੀ ਸੰਖੇਪ ਰੂਪ ਵਿੱਚ ਜਾਣਕਾਰੀ ਹਾਸਲ ਕਰਨੀ ਜਰੂਰੀ ਹੈ ।

---

1. ਕਾਜੀ ਹੋਏ ਰਿਸ਼ਵਤੀ, ਵੱਢੀ ਲੈ ਕੇ ਹੱਕ ਗਵਾਈ ।
   ਵਰਤਿਆ ਪਾਪ ਸਭਸ ਜਗ ਮਾਹੀ ।।
   (ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ, ਪਉੜੀ 30)

2. ਠਾਕੁਰ ਦੁਆਰੇ ਢਾਹਿ ਕੈ ਠਉੜੀ ਮਸੀਤ ਉਸਾਰ ।
   (ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ, ਪਉੜੀ 30)

3. ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ
   ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ
   ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ
   ਚੜ੍ਹਿਆ ਸੋਧਨ ਧਰਤ ਲੁਕਾਈ ।
   (ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ, ਪਉੜੀ 24)

ਵੈਦਿਕ ਕਾਲ ਤੋਂ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਸੰਗੀਤ ਦੀਆਂ ਵਿਭਿੰਨ ਧਾਰਾਵਾਂ ਅਤੇ ਪਰੰਪਰਾਵਾਂ ਪ੍ਰਚਾਰ ਵਿੱਚ ਰਹੀਆਂ ਹਨ । ਮੁੱਖ ਤੌਰ 'ਤੇ ਇਸ ਸਮੇਂ ਦੇ ਸੰਗੀਤ ਨੂੰ ਅਸੀਂ ਮਾਰਗੀ ਅਤੇ ਦੇਸ਼ੀ ਨਾਮਕ ਦੋ ਧਾਰਾਵਾਂ ਅਨੁਸਾਰ ਵਿਭਾਜਤ ਕਰ ਸਕਦੇ ਹਾਂ ।

## ਮਾਰਗੀ ਸੰਗੀਤ

ਪ੍ਰਾਚੀਨ ਕਾਲ ਵਿੱਚ ਰਿਸ਼ੀਆਂ ਮੁਨੀਆਂ ਨੇ ਮੁਕਤੀ ਦੇ ਉਦੇਸ਼ ਤੋਂ ਇਸ ਸੰਗੀਤ ਦਾ ਪ੍ਰਯੋਗ ਕੀਤਾ । ਸ਼ਾਸਤਰਕਾਰਾਂ ਦੁਆਰਾ ਨਿਰਧਾਰਿਤ ਨਿਯਮਾਂ ਦਾ ਪਾਲਣ ਕਰ ਈਸ਼ਵਰ ਦੀ ਅਰਾਧਨਾ ਦੇ ਉਦੇਸ਼ ਤੋਂ ਜਿਸ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਸੀ ਉਸ ਨੂੰ 'ਮਾਰਗ ਸੰਗੀਤ' ਕਿਹਾ ਜਾਂਦਾ ਸੀ[1] । ਮਾਰਗੀ ਸੰਗੀਤ ਵਿਅਕਤੀਗਤ ਨਿਸ਼ਠਾ, ਕਠੋਰ ਸਾਧਨਾ ਅਤੇ ਸੰਜਮ 'ਤੇ ਆਧਾਰਿਤ ਸੀ । ਮਾਰਗੀ ਸੰਗੀਤ ਦੇ ਵਿਕਾਸ ਤੇ ਸ਼ਾਸਤਰਕਾਰਾਂ ਨੇ ਇਸ ਦੇ ਅਧਿਐਨ ਵੱਲ ਧਿਆਨ ਦਿੱਤਾ ਹੈ ਅਤੇ ਇਸ ਦੇ ਅਧਿਐਨ ਉਪਰੰਤ ਸ਼ਾਸਤਰ ਬੱਧ ਸ਼ਾਸਤਰੀ ਸੰਗੀਤ ਦਾ ਜਨਮ ਹੋਇਆ । ਇਸ ਤਰ੍ਹਾਂ ਸ਼ਾਸਤਰੀ ਸੰਗੀਤ ਪ੍ਰਾਚੀਨ ਕਾਲ ਵਿੱਚ ਪ੍ਰਚੱਲਿਤ ਮਾਰਗੀ ਸੰਗੀਤ ਦਾ ਹੀ ਪਰਿਵਰਤਿਤ ਰੂਪ ਹੈ ।

## ਦੇਸ਼ੀ ਸੰਗੀਤ

ਸ਼ਾਸਤਰੀ ਸੰਗੀਤ ਤੋਂ ਇਲਾਵਾ ਸਮੂਹ ਸੰਗੀਤ ਦੇਸ਼ੀ ਸੰਗੀਤ ਅਖਵਾਉਂਦਾ ਹੈ । ਭਿੰਨ-ਭਿੰਨ ਦੇਸ਼ਾਂ ਦੇ ਪ੍ਰਚੱਲਿਤ ਸੰਗੀਤ ਨੂੰ ਹੀ ਸ਼ਾਸਤਰਕਾਰਾਂ ਨੇ 'ਦੇਸ਼ੀ ਸੰਗੀਤ'

---

1. ਬੰਦੋਪਾਧਿਆਇ, ਸ੍ਰੀ ਪਦ : ਸੰਗੀਤ ਭਾਸ਼ਯ , ਪੰਨਾ 268

ਦਾ ਨਾਮ ਦਿੱਤਾ ਹੈ[1] । ਦੇਸ਼ੀ ਸੰਗੀਤ ਜਾਂ ਲੋਕ ਸੰਗੀਤ ਪਰੰਪਰਾ ਦੇ ਸ਼ਾਸਤਰ ਦੇ ਨਿਯਮਾਂ ਤੋਂ ਸੁਤੰਤਰ ਹੈ । ਇਹ ਜਨ ਸਾਧਾਰਣ ਦੀ ਰੁੱਚੀ ਅਨੁਸਾਰ ਕਾਰਜਸ਼ੀਲ ਅਤੇ ਪਰਿਵਰਤਨ-ਸ਼ੀਲ ਹੈ । ਦੇਸ਼ੀ ਸੰਗੀਤ ਮਨੁੱਖੀ ਜੀਵਨ ਨਾਲ ਸਬੰਧਿਤ ਰਸਮਾਂ ਰੀਤਾਂ ਦੇ ਪ੍ਰਭਾਵ ਅਧੀਨ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਪ੍ਰਚੱਲਿਤ ਸੀ । ਇਹ ਸੰਗੀਤ ਕਿਸੇ ਇਲਾਕੇ, ਖਿੱਤੇ ਜਾਂ ਜਾਤੀ ਦੇ ਲੋਕਾਂ ਦੀ ਮਾਨਸਿਕਤਾ ਸੰਗ ਇਕਮਿਕ ਹੋ ਕੇ ਉਪਜਦਾ ਹੈ ਜੋ ਇਲਾਕਈ ਪ੍ਰਭਾਵ ਸਦਕਾ ਭਾਸ਼ਾ ਤੇ ਸੰਗੀਤ ਵਿੱਚ ਵਿਲੱਖਣ ਤੇ ਮੌਲਿਕ ਪਹਿਚਾਣ ਸਹਿਤ ਉਜਾਗਰ ਹੁੰਦਾ ਹੈ । ਦੇਸ਼ੀ ਸੰਗੀਤ ਵੱਖ-ਵੱਖ ਇਲਾਕਿਆਂ, ਖਿੱਤਿਆਂ ਅਤੇ ਜਾਤਾਂ ਦੇ ਲੋਕਾਂ ਦਾ ਜਨਮ ਤੋਂ ਮੌਤ ਤੱਕ ਦੇ ਵਿਭਿੰਨ ਗੀਤਾਂ ਅਤੇ ਗੀਤ ਪ੍ਰਕਾਰਾਂ ਦੇ ਸੰਗੀਤਕ ਰੂਪਾਂ ਨਾਲ ਭਰਪੂਰ ਸੰਗੀਤ ਰੂਪ ਹੈ ।

ਦੇਸ਼ੀ ਸੰਗੀਤ ਅਧੀਨ ਵੱਖ-ਵੱਖ ਸੰਤਾਂ, ਭਗਤਾਂ ਅਤੇ ਵਿਸ਼ੇਸ਼ ਕਰਕੇ ਭਗਤੀ ਲਹਿਰ ਦੇ ਸੰਤ ਕਵੀਆਂ ਨੇ ਲੋਕ ਮਾਨਸਿਕਤਾ ਦੇ ਅਨੁਕੂਲ ਅਤੇ ਅਨੁਰੂਪ ਲੋਕ ਗੀਤ ਪ੍ਰਕਾਰਾਂ ਨੂੰ ਆਪਣੀ ਬਾਣੀ ਵਿੱਚ ਵਿਸ਼ੇਸ਼ ਸਥਾਨ ਦਿੱਤਾ । ਉਨ੍ਹਾਂ ਜਿੱਥੇ ਭਾਸ਼ਾ ਪੱਖੋਂ ਦੇਸ਼ੀ ਸੰਗੀਤ ਦੇ ਗੀਤ ਅਤੇ ਸਰਲ ਸੁਖੈਨ ਬੋਲੀ ਦਾ ਪ੍ਰਯੋਗ ਕੀਤਾ ਉਥੇ ਵਿਭਿੰਨ ਧੁਨਾਂ, ਸੁਰਾਂਵਾਲੀਆਂ ਅਤੇ ਗਾਇਨ ਰੂਪਾਂ ਨੂੰ ਵੀ ਸੰਗੀਤ ਰੂਪ ਵਿੱਚ ਅਪਣਾਇਆ ਹੈ ।

ਸੰਗੀਤ ਅਤੇ ਧਰਮ ਦੇ ਗਹਿਰੇ ਰਿਸ਼ਤੇ ਦੇ ਅਨੇਕ ਪ੍ਰਮਾਣ ਉਪਲੱਬਧ ਹਨ । ਸੰਗੀਤ ਦੀ ਉਤਪਤੀ ਅਤੇ ਸੰਗੀਤ ਦੇ ਵਿਕਾਸ ਦੇ ਇਤਿਹਾਸ ਦੇ ਵਿਸ਼ਲੇਸ਼ਣ ਸਮੇਂ ਵਿਦਵਾਨਾਂ

---

1. ਚੌਧਰੀ ਵਿਮਲਾਕਾਂਤ ਰਾਏ : ਭਾਰਤੀਯ ਸੰਗੀਤ ਕੋਸ਼ , ਪੰਨਾ 63

ਨੇ ਸੰਗੀਤ ਦੀ ਉਤਪਤੀ ਦੇ ਦੈਵੀ ਸਰੋ ਸਵੀਕਾਰੇ ਹਨ । ਇਸ ਸਬੰਧ ਵਿੱਚ ਕਈ ਹਵਾਲੇ ਤੇ ਦੰਦ ਕਥਾਵਾਂ ਪ੍ਰਚੱਲਿਤ ਹਨ ਜਿਨ੍ਹਾਂ ਵਿੱਚ ਬ੍ਰਹਮਾ[1] , ਰੱਬੀ ਫਰਿਸ਼ਤੇ ਅਲਾਕਵੇਲਾ[2] , ਹਜ਼ਰਤ ਮੂਸਾ[3] , ਈਸਾ ਮਸੀਹ[4] ਤੇ ਦੈਵਦੂਤ ਜੀਵਾਂ[5] ਆਦਿ ਤੋਂ ਵਿਭਿੰਨ ਧਰਮ ਮੱਤਾਂ ਅਨੁਸਾਰ ਉਤਪਤੀ ਸਵੀਕਾਰੀ ਹੈ । ਉਤਪਤੀ ਤੋਂ ਇਲਾਵਾ ਭਾਰਤੀ ਸੰਗੀਤ ਸਬੰਧੀ ਪ੍ਰਚੱਲਿਤ ਮੁੱਢਲੀਆਂ ਪਰਿਭਾਸ਼ਾਵਾਂ ਵਿੱਚ ਵੀ ਇਸ ਧਰਮ ਤੇ ਧਾਰਮਿਕ ਦੇਵੀ ਦੇਵਤਿਆਂ ਨਾਲ ਅਟੁੱਟ ਸਬੰਧ ਦਰਸਾਇਆ ਗਿਆ ਹੈ ਜਿਵੇਂ ਕਿ ਪ੍ਰਾਚੀਨ ਕਾਲ ਵਿੱਚ ਜਿਸ ਸੰਗੀਤ ਨੂੰ ਆਤਮ ਗਿਆਨ ਜਾਂ ਮੋਕਸ਼ ਪ੍ਰਾਪਤ ਕਰਨ ਲਈ ਮਹਾਮਾਨਵਾਂ ਦੁਆਰਾ ਅਪਣਾਇਆ ਗਿਆ ਉਸ ਵਿਸ਼ੇਸ਼ ਪ੍ਰਕਾਰ ਦੇ ਸ਼ੰਗੀਤ ਨੂੰ ਹੀ 'ਮਾਰਗੀਸੰਗੀਤ' ਕਿਹਾ ਜਾਂਦਾ ਹੈ[6] । ਇਸ ਤਰ੍ਹਾਂ ਇੱਕ ਹੋਰ ਪਰਿਭਾਸ਼ਾ ਵੀ ਇਸ ਪ੍ਰਕਾਰ ਹੈ :-

> "ਬ੍ਰਹਮਾ ਦੁਆਰਾ ਉਤਪਨ ਇਹ ਸੰਗੀਤ ਜਿਸ ਦਾ ਵਰਨਣ ਭਰਤ ਨੇ ਮਹਾਂਦੇਵ ਦੇ ਸਨਮੁਖ ਕੀਤਾ, ਮੁਕਤੀ ਦਾਤਾ ਹੈ ਅਤੇ ਇਸ ਨੂੰ 'ਮਾਰਗੀ ਸੰਗੀਤ' ਦਾ ਨਾਮ ਦਿੱਤਾ ਜਾਂਦਾ ਹੈ ।"[7]

---

1. ਚਤੁਰਵੇਦੀ ਨ੍ਰਮਦੇਸ਼ਵਰ : ਨਿਬੰਧ ਸੰਗੀਤ , (ਸੰਪਾਦਕ ਲਕਸ਼ਮੀ ਨਰਾਇਣ ਗਰਗ, ਪੰਨਾ 75
2. ਜੋਸ਼ੀ ਉਮੇਸ਼ : ਭਾਰਤੀ ਸੰਗੀਤ ਦਾ ਇਤਿਹਾਸ , ਪੰਨਾ 3
3. --- ਉਹੀ --- ਪੰਨਾ 2
4. --- ਉਹੀ --- ਪੰਨਾ 9-10
5. --- ਉਹੀ --- ਪੰਨਾ 4
6. ਬੰਧੋਪਾਧਿਆਇ, ਸ੍ਰੀ ਪਦ : ਸੰਗੀਤ ਭਾਸ਼ਯ , ਪੰਨਾ 268
7. ਚਤੁਰਵੇਦੀ ਨ੍ਰਮਦੇਸ਼ਵਰ.: ਨਿਬੰਧ ਸੰਗੀਤ , (ਸੰਪਾ. ਲਕਸ਼ਮੀ ਨਰਾਇਣ ਗਰਗ, ਪੰਨਾ 75

ਉਪਰੋਕਤ ਪਰਿਭਾਸ਼ਾ ਤੋਂ ਧਰਮ ਅਤੇ ਸੰਗੀਤ ਦਾ ਸੰਬੰਧ ਆਦਿ ਸਮੇਂ ਤੋਂ ਹੀ ਪ੍ਰਗਟ ਹੁੰਦਾ ਹੈ । ਮਾਨਵੀ ਜੀਵਨ ਦੇ ਵਿਕਾਸ ਅਧੀਨ ਭਿੰਨ-ਭਿੰਨ ਧਾਰਾਵਾਂ ਦੇ ਅੰਤਰਗਤ ਪ੍ਰਵਾਹਿਤ ਰਿਹਾ ਹੈ । ਇਹ ਧਾਰਾਵਾਂ ਮੁੱਖ ਰੂਪ ਵਿੱਚ ਮਾਰਗੀ ਅਤੇ ਦੇਸ਼ੀ ਕਰਕੇ ਜਾਣੀਆਂ ਜਾਂਦੀਆਂ ਰਹੀਆਂ ਹਨ । ਇਹਨਾਂ ਧਾਰਾਵਾਂ ਵਿੱਚ ਮਾਰਗੀ ਸੰਗੀਤ ਧਾਰਾ ਆਪਣੇ ਆਰੰਭਿਕ ਰੂਪ ਕਰਕੇ ਧਰਮ ਨਾਲ ਸੰਬੰਧਿਤ ਰਹੀ ਹੈ । ਵਿਭਿੰਨ ਧਾਰਮਿਕ ਪਰੰਪਰਾਵਾਂ, ਆਸਥਾਵਾਂ ਤੇ ਮੱਤਾਂ ਵਿੱਚ ਸੰਗੀਤ ਦੇ ਪ੍ਰਯੋਗ ਨੂੰ ਉਤਸਾਹਿਤ ਕੀਤਾ ਹੈ । ਭਾਰਤੀ ਪਰੰਪਰਾ ਅਨੁਸਾਰ ਧਰਮਾਂ ਦੇ ਵਿਕਾਸ ਅਧੀਨ ਪ੍ਰਯੁਕਤ ਹੋਣ ਵਾਲੀਆਂ ਵਿਭਿੰਨ ਸੰਗੀਤ ਪਰੰਪਰਾਵਾਂ ਨੂੰ ਅਸੀਂ ਸਮੁੱਚੇ ਤੌਰ 'ਤੇ ਅਧਿਆਤਮਿਕ ਸੰਗੀਤ ਦਾ ਨਾਮ ਦਿੱਤਾ ਹੈ ਜਿਸ ਦੇ ਅੰਤਰਗਤ ਵੈਦਿਕ ਸੰਗੀਤ ਤੋਂ ਲੈ ਕੇ ਗੁਰਮਤਿ ਸੰਗੀਤ ਤੱਕ ਦੀਆਂ ਸਮੂਹ ਧਾਰਮਿਕ ਸੰਗੀਤ ਪਰੰਪਰਾਵਾਂ ਆ ਜਾਂਦੀਆਂ ਹਨ । ਇਨ੍ਹਾਂ ਸੰਗੀਤ ਪਰੰਪਰਾਵਾਂ ਵਿੱਚ ਪ੍ਰਯੋਗ ਹੋਣ ਵਾਲੇ ਮੂਲ ਉਪਕਰਣ ਅਤੇ ਤੱਤ ਤਾਂ ਭਾਵੇਂ ਭਾਰਤੀ ਸੰਗੀਤ ਵਿਚੋਂ ਹੀ ਲਏ ਗਏ ਹਨ ਪਰ ਇਸ ਦੇ ਨਾਲ ਇਹ ਪਰੰਪਰਾਵਾਂ ਇਲਾਕਾਈ, ਸਮਕਾਲੀਨ ਅਤੇ ਵਿਵਿਧ ਪ੍ਰਭਾਵੀ ਸੰਗੀਤ ਪਰੰਪਰਾਵਾਂ ਤੋਂ ਵੀ ਪ੍ਰਭਾਵ ਗ੍ਰਹਿਣ ਕਰਦੀਆਂ ਹਨ ।

ਭਾਰਤੀ ਧਰਮਾਂ ਦੀਆਂ ਇਨ੍ਹਾਂ ਪਰੰਪਰਾਵਾਂ ਵਿੱਚ ਸੰਗੀਤ ਨੂੰ ਇੱਕ ਸੰਚਾਰ ਮਾਧਿਅਮ ਦੇ ਤੌਰ 'ਤੇ ਸਵੀਕਾਰਿਆ ਗਿਆ ਹੈ ਅਤੇ ਇਨ੍ਹਾਂ ਵਿੱਚ ਸੰਗੀਤ ਦਾ ਕਿਸੇ ਗੰਭੀਰ ਚਿੰਤਨ ਜਾਂ ਵਿਕਾਸ ਆਦਿ ਦੇ ਪਹਿਲੂਆਂ ਨੂੰ ਦੂਜਾ ਸਥਾਨ ਹੀ ਪ੍ਰਾਪਤ ਹੋਇਆ ਹੈ ਕਿਉਂਕਿ ਇਹ ਪਰੰਪਰਾਵਾਂ ਮੂਲ ਰੂਪ ਵਿੱਚ ਆਪੋ-ਆਪਣੇ ਧਰਮ ਨਾਲ ਜੁੜੀਆਂ

ਸਨ । ਇਸ ਦੇ ਨਾਲ ਧਾਰਮਿਕ ਸੰਗੀਤ ਦੀਆਂ ਇਨ੍ਹਾਂ ਪਰੰਪਰਾਵਾਂ ਵਿਚੋਂ ਕੁਝ ਪਰੰਪਰਾਵਾਂ ਨੇ ਆਪਣੇ ਧਾਰਮਿਕ ਸੰਗੀਤ ਦੁਆਰਾ ਵਿਲੱਖਣ ਪਹਿਚਾਣ ਬਣਾਈ ਹੈ ਜਿਨ੍ਹਾਂ ਵਿਚੋਂ ਗੁਰਮਤਿ ਸੰਗੀਤ ਇੱਕ ਹੈ । ਸਾਡੀ ਖੋਜ ਦਾ ਵਿਸ਼ਾ 'ਗੁਰਮਤਿ ਸੰਗੀਤ ਦਾ ਇਤਿਹਾਸਿਕ ਵਿਕਾਸ' ਹੈ । ਇਸ ਤੋਂ ਪਹਿਲਾਂ ਕਿ ਅਸੀਂ ਇਸ ਦੇ ਵਿਕਾਸ ਬਾਰੇ ਕੁਝ ਵਿਚਾਰ ਕਰੀਏ, ਅਸੀਂ ਇਸ ਪਰੰਪਰਾ ਦਾ ਆਰੰਭ ਗੁਰਮਤਿ ਸੰਗੀਤ ਪ੍ਰਬੰਧ ਤੋਂ ਸ਼ੁਰੂ ਕਰਾਂਗੇ ।

## ਗੁਰਮਤਿ ਸੰਗੀਤ ਪ੍ਰਬੰਧ

ਸਿੱਖ ਧਰਮ ਵਿੱਚ ਕੀਰਤਨ ਦਾ ਵਿਸ਼ੇਸ਼ ਮਹੱਤਵ ਹੈ । ਇਸ ਕੀਰਤਨ ਨੂੰ ਸ਼ਬਦ ਨਾਲ ਜੋੜਿਆ ਗਿਆ ਹੈ । ਸ਼ਬਦ-ਕੀਰਤਨ ਦੀ ਇਸ ਸੰਯੁਕਤ ਪ੍ਰਸਤੁਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤਰਗਤ ਇੱਕ ਨਿਸ਼ਚਿਤ ਪ੍ਰਬੰਧ ਦਾ ਧਾਰਣੀ ਬਣਾਇਆ ਗਿਆ ਹੈ । ਨਿਰਧਾਰਿਤ ਉਦੇਸ਼ ਦੀ ਪੂਰਤੀ ਨਿਸ਼ਚਿਤ ਸੰਗੀਤ ਪ੍ਰਬੰਧ ਅਧੀਨ ਕੀਤੇ ਜਾਣ ਵਾਲੇ ਗੁਰਬਾਣੀ ਗਾਇਨ ਨੂੰ ਹੀ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ ।

ਗੁਰਮਤਿ ਸੰਗੀਤ ਪ੍ਰਬੰਧ ਅਤੇ ਸ਼ਬਦ-ਕੀਰਤਨ ਦਾ ਅਨਿੱਖੜਵਾਂ ਸੰਬੰਧ ਹੈ । ਇਸ ਨੂੰ ਵਖਰਾਇਆ ਨਹੀਂ ਜਾ ਸਕਦਾ । ਡਾ. ਦੇਵਿੰਦਰ ਸਿੰਘ ਵਿਦਿਆਰਥੀ ਜੀ ਅਨੁਸਾਰ, "ਗੁਰਮਤਿ ਸੰਗੀਤ ਅਤੇ ਕੀਰਤਨ ਦਾ ਤਨ ਅਤੇ ਰੂਹ ਵਾਲਾ ਸਬੰਧ ਹੈ । ਗੁਰਮਤਿ ਸੰਗੀਤ ਦਾ ਵਜੂਦ ਆਪਣੀ ਸੰਪੂਰਣਤਾ ਵਿੱਚ ਗੁਰਬਾਣੀ ਕੀਰਤਨ ਦੇ ਵਿਉਹਾਰਕ ਦਾਇਰੇ ਤੱਕ ਸੀਮਤ ਹੈ, ਉਸ ਤੋਂ ਬਾਹਰ ਉਸ ਦੀ ਕੋਈ ਹੋਂਦ ਨਹੀਂ ।"[1]

---

1. ਕੀਰਤਨ ਦਾ ਜਨਮ ਅਤੇ ਵਿਕਾਸ, <u>ਸਿਮ੍ਰਤੀ ਗ੍ਰੰਥ</u> , ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991. ਪੰਨਾ 20

ਗੁਰਮਤਿ ਸੰਗੀਤ ਦੀ ਕੇਂਦਰੀ ਇਕਾਈ 'ਸ਼ਬਦ' ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੇ ਸੰਚਾਰ ਲਈ ਜੋ ਮਾਧਿਅਮ ਅਪਣਾਇਆ ਉਹ ਸੰਗੀਤ ਦਾ ਹੈ । ਆਪ ਜੀ ਨੇ 'ਖਸਮ ਦੀ ਬਾਣੀ' ਦਾ ਪ੍ਰਚਾਰ ਲੋਕਾਈ ਤੱਕ ਪਹੁੰਚਾਉਣ ਲਈ ਕੀਰਤਨ ਨੂੰ ਉੱਤਮ ਸਮਝਿਆ ਅਤੇ ਇਸ ਕੀਰਤਨ ਲਈ ਇੱਕ ਵਿਧਾਨ ਸਿਰਜਿਆ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕੇਤਾਂ ਦੇ ਰੂਪ ਵਿੱਚ ਵਿਦਮਾਨ ਹੈ । ਇਹ ਵਿਭਿੰਨ ਸੰਗੀਤਕ ਤੱਤ, ਰਾਗ, ਗਾਇਨ ਸ਼ੈਲੀਆਂ, ਰਹਾਉ, ਅੰਕ, ਘਰੁ ਅਤੇ ਹੋਰ ਸੰਕੇਤ ਹੀ ਗੁਰਮਤਿ ਸੰਗੀਤ ਵਿਧਾਨ ਨੂੰ ਸਿਰਜਦੇ ਹਨ । ਇਹ ਵਿਧੀਵਧ ਸ਼ਬਦ ਕੀਰਤਨ ਵਿਧਾਨ ਹੀ ਹੈ ਜੋ ਗੁਰਮਤਿ ਸੰਗੀਤ ਨੂੰ ਬਾਕੀ ਭਾਰਤੀ ਅਧਿਆਤਮਿਕ ਕੀਤਰਨ ਪਰੰਪਰਾਵਾਂ ਨਾਲੋਂ ਵੱਖਰਾ ਤੇ ਨਿਵੇਕਲਾ ਬਣਾਉਂਦਾ ਹੈ । ਜਿਨ੍ਹਾਂ ਇਕਾਈਆਂ ਨਾਲ ਮਿਲ ਕੇ ਇਸ ਵਿਧਾਨ ਦੀ ਸਿਰਜਨਾ ਹੋਈ ਹੈ, ਉਨ੍ਹਾਂ ਦਾ ਵਿਸ਼ਾਲ ਰੂਪ ਵਿੱਚ ਅਧਿਐਨ ਕਰਨਾ ਅਤਿ ਜਰੂਰੀ ਹੈ ਤਾਂ ਜੋ ਗੁਰਮਤਿ ਸੰਗੀਤ ਪ੍ਰਬੰਧ ਦੀ ਸਹੀ ਪਹਿਚਾਨ ਹੋ ਸਕੇ । ਇਹ ਤੱਤ ਵਿਭਿੰਨ ਸੰਗੀਤ ਸੰਕੇਤਾਂ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਦਮਾਨ ਹਨ ਜਿਨ੍ਹਾਂ ਦਾ ਵਿਸਥਾਰ-ਪੂਰਵਕ ਵੇਰਵਾ ਅਸੀਂ ਹੇਠ ਲਿਖੇ ਅਨੁਸਾਰ ਦੇ ਰਹੇ ਹਾਂ ।

## ਰਾਗ ਸਰੂਪ ਤੇ ਰਾਗ ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੇ ਵਰਗੀਕਰਣ ਅਤੇ ਅੰਕਣ ਦਾ ਪ੍ਰਮੁੱਖ ਆਧਾਰ 'ਰਾਗ' ਹਨ । ਗੁਰਬਾਣੀ ਉੱਪਰ ਰਾਗ ਸਿਰਲੇਖ ਰੂਪ ਵਿੱਚ ਅੰਕਿਤ ਹਨ । ਕੀਰਤਨਕਾਰ ਲਈ ਰਾਗ ਦਾ ਇਹ ਅੰਕਣ ਸਬੰਧਿਤ ਰਾਗ ਅਧੀਨ ਸ਼ੁਧ ਗਾਉਣ

ਦਾ ਨਿਰਦੇਸ਼ ਹੈ । ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਅਧੀਨ ਰਾਗਾਂ ਵਿੱਚ ਸ਼ਬਦ ਗਾਇਨ ਪ੍ਰਥਾ ਨੂੰ ਇੱਕ ਪੱਧਤੀ ਵਜੋਂ ਸਥਾਪਤ ਕੀਤਾ ਹੈ । ਗੁਰਬਾਣੀ ਵਿਚਲੇ ਰਾਗਾਂ ਸੰਬੰਧੀ ਵਿਚਾਰ ਕਰਨ ਤੋਂ ਪਹਿਲਾਂ ਰਾਗ ਦੇ ਵਿਭਿੰਨ ਪਹਿਲੂਆਂ ਸੰਬੰਧੀ ਬੁਨਿਆਦੀ ਵਿਚਾਰ ਕਰ ਲੈਣਾ ਅਤਿ ਜ਼ਰੂਰੀ ਹੈ ।

'ਰਾਗ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ । ਇਸ ਦੀ ਰਚਨਾ 'ਰਜ' ਧਾਤੂ ਤੋਂ ਹੋਈ ਹੈ ਜਿਸ ਦਾ ਅਰਥ ਹੈ ਪ੍ਰਸੰਨ ਕਰਨਾ । ਇਸ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਭਰਤ ਨੇ ਆਪਣੇ ਗ੍ਰੰਥ ਭਰਤ ਕੋਸ਼ (ਨਾਟਯ ਸ਼ਾਸਤਰ) ਵਿੱਚ ਕੀਤਾ [1] ।

ਮਹਾਂਰਿਸ਼ੀ ਭਰਤ ਨੇ ਸੱਤ ਗ੍ਰਾਮ ਰਾਗ ਗਿਣਾਏ ਹਨ । ਉਨ੍ਹਾਂ ਦੇ ਪ੍ਰਯੋਗ ਦੇ ਮੌਕੇ ਵੀ ਨਿਰਧਾਰਿਤ ਕੀਤੇ ਹਨ । ਅੰਤਰਮੁਖੀ ਸੁਰਾਂ ਦੇ ਪ੍ਰਯੋਗ ਤੋਂ ਜਾਤੀ-ਰਾਗਾਂ ਦਾ ਜਨਮ ਵੀ ਦੱਸਿਆ ਹੈ । ਪੂਰੂ ਰਾਗਾਂ ਦੇ ਲੱਛਣ ਨਹੀਂ ਦੱਸੇ । ਮਹਾਂਰਿਸ਼ੀ ਨੇ ਗ੍ਰਾਮ ਰਾਗਾਂ ਨੂੰ ਜਾਤੀ ਤੋਂ ਉਤਪਨ ਦੱਸਿਆ ਹੈ । ਉਨ੍ਹਾਂ ਨੇ ਇਹ ਵੀ ਕਿਹਾ ਕਿ ਸੰਸਾਰ ਵਿੱਚ ਜੋ ਕੁਝ ਵੀ ਗਾਇਆ ਜਾਂਦਾ ਹੈ ਉਹ ਸਭ ਜਾਤੀਆਂ ਦੇ ਵਿੱਚ ਹੈ । ਸੋ ਜਾਤੀਆਂ ਦੇ ਅਨੇਕਾਂ ਪ੍ਰਕਾਰਾਂ ਦੇ ਭੇਦ ਸੰਭਵ ਹਨ । ਇਸ ਲਈ ਜਾਤੀਆਂ ਦੇ ਖੇਤਰ ਨੂੰ ਇਤਨਾ ਵਿਆਪਕ ਬਣਾ ਦਿੱਤਾ ਹੈ ਕਿ ਉਸ ਵਿਚੋਂ ਕਿਸੇ ਵੀ ਰਾਗ ਦੀ ਰਚਨਾ ਹੋ ਸਕਦੀ ਹੈ [2] ।

ਪ੍ਰਾਚੀਨ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਰਾਗ ਦਾ ਵਿਕਾਸ

---

1. ਆਚਾਰੀਆ ਬ੍ਰਹਸਪਤੀ : ਭਾਰਤ ਕਾ ਸੰਗੀਤ ਸਿਧਾਂਤ , ਪੰਨਾ 199
2. ਆਚਾਰੀਆ ਬ੍ਰਹਸਪਤੀ : ਭਾਰਤ ਕਾ ਸੰਗੀਤ ਸਿਧਾਂਤ , ਪੰਨਾ 199

ਪ੍ਰਾਚੀਨ ਜਾਤੀ ਗਾਇਨ ਤੋਂ ਹੋਇਆ ਹੈ ਕਿਉਂਕਿ ਜਾਤੀ ਗਾਇਨ ਦੇ ਪ੍ਰਮੁੱਖ ਦਸ ਲੱਛਣ ਜਿਨ੍ਹਾਂ ਨੂੰ ਪ੍ਰਾਚੀਨ ਰਾਗ ਲੱਛਣ ਕਿਹਾ ਜਾਂਦਾ ਹੈ, ਇਹ 'ਰਾਗ' ਦੇ ਲੱਛਣ ਨਾਲ ਮਿਲਦੇ ਜੁਲਦੇ ਹਨ। ਇਨ੍ਹਾਂ ਲੱਛਣਾਂ ਵਿੱਚ ਅੰਸ਼ ਦਾ ਵਰਨਣ ਕਰਦੇ ਹੋਏ ਭਰਤ ਨੇ ਖ਼ੁਦ ਕਿਹਾ ਕਿ ਰਾਗ ਦਾ ਜਿਸ ਵਿੱਚ ਨਿਵਾਸ ਹੁੰਦਾ ਹੈ ਤੇ ਜਿਸ ਸੁਰ ਤੋਂ ਪ੍ਰਗਟ ਹੁੰਦਾ ਹੈ ਉਹ ਅੰਸ਼ ਸੁਰ ਹੈ ਜਿਵੇਂ :

"ਰਾਗ ਸੱਤ੍ਰ ਯਸਮਿਨ ਵਸਤਿ ਯਸਮਾਚੈਵ ਪਰਾਵ੍ਰਤਤੇ।"[1]

ਭਰਤ ਅਨੁਸਾਰ ਅਹਾਰ ਅੰਤਰਮੁਖੀ ਸੁਰਾਂ ਦਾ ਪ੍ਰਯੋਗ ਅਵਰੋਹ ਵਿੱਚ ਹੋਵੇ ਤਾਂ ਜਾਤੀਆਂ ਤੋਂ 'ਜਾਤੀ ਰਾਗ' ਬਣਦੇ ਹਨ। ਪ੍ਰੰਤੂ ਰਾਗ ਦੀ ਸਪੱਸ਼ਟ ਪਰਿਭਾਸ਼ਾ ਅੱਠਵੀਂ ਸਦੀ ਵਿੱਚ ਰਿਸ਼ੀ ਮਤੰਗ ਨੇ ਕੀਤੀ :

"ਸਵਰ ਵਰਣ ਵਿਸੇਸਣ ਧਵਨੀ ਭੇਦਨ ਵਾ ਧੁਨ: ।
ਰਜਿਯਤੇ ਯੇਨ ਯ: ਕਸਚਿਤ ਸ ਰਾਗ: ਸੰਮਤ: ਸਤਾਮਾ।"[2]

ਅਰਥਾਤ :

ਉਹ ਧੁਨੀ ਜੋ ਸੁਰ ਤੇ ਵਰਣ ਨਾਲ ਸ਼ੋਭਦੀ ਹੋਵੇ ਤੇ ਜਿਸ ਤੋਂ ਰੰਜਕਤਾ (ਰਸ) ਦਾ ਅਨੁਭਵ ਹੋਵੇ ਉਹ ਰਾਗ ਹੈ। ਇਸ ਪ੍ਰਕਾਰ 13ਵੀਂ ਸਦੀ ਦੀ ਪਰਿਭਾਸ਼ਾ ਵੀ ਇਸ ਪ੍ਰਕਾਰ ਹੈ :

"ਯੋ ਯੋ ਧਵਨੀ ਵਿਸੇਸਤ੍ਰ ਸਵਰ ਵਰਣ ਵਿਭੂਸਤਿ।
ਰੰਜ ਕੋ ਜਨ ਚਿਤਨ ਸੋ ਰਾਗ ਕਥਿਤੋ ਬੁਧੋ: ॥[3]

---

1. ਭਰਤ ਕੋਸ਼ : ਬੰਬਈ ਐਡੀਸ਼ਨ, ਪੰਨਾ 433

2. ਮਤੰਗ ਮੁਨੀ : ਬ੍ਰਹਦਦੇਸੀ, (ਸੰਪਾ. ਬਾਲ ਕ੍ਰਿਸ਼ਨ ਗਰਗ), ਸੰਗੀਤ ਕਾਰਾਲਯ, ਹਾਥਰਸ। ਪੰਨਾ 8

3. ਸਾਰੰਗ ਦੇਵ : ਸੰਗੀਤ ਰਤਨਾਕਰ (ਭਾਗ ਦੂਜਾ), ਪੰਨਾ 2

ਅਰਥਾਤ :

ਅਵਾਜ਼ ਦੀ ਉਹ ਵਿਸ਼ੇਸ਼ ਰਚਨਾ ਜੋ ਸੁਰ ਅਤੇ ਵਰਣਾਂ ਨਾਹ ਸੁਹਜਮਈ (ਸੌਂਦਰਯਾਤਮਿਕ) ਲੱਗੇ ਅਤੇ ਜੋ ਸੁਣਨ ਵਾਲਿਆਂ ਨੂੰ ਪ੍ਰਸੰਨਤਾ ਦੇਵੇ ਉਸ ਨੂੰ ਵਿਦਵਾਨ ਲੋਕ ਰਾਗ ਕਹਿੰਦੇ ਹਨ ।

20ਵੀਂ ਸਦੀ ਦੀਆਂ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ :-

"ਜੋ ਅਵਾਜ਼ ਸੁਰ-ਵਰਣ ਨਾਲ ਸੋਭਾਇਮਾਨ ਹੋ ਕੇ ਬਰਾਬਰ ਦੀ ਲੈਯ ਵਿੱਚ ਗਮਕ, ਮੂਰਛਨਾ ਦੇ ਪ੍ਰਯੋਗ ਨਾਲ ਵਾਦੀ, ਸੰਵਾਦੀ, ਵਿਵਾਦੀ, ਅਨੁਵਾਦੀ ਦੀ ਹਿਸਾਬ ਨਾਲ ਕੰਠ ਜਾਂ ਸਾਜ਼ ਤੋਂ ਪੈਦਾ ਹੋਵੇ ਉਸ ਨੂੰ ਰਾਗ ਕਹਿੰਦੇ ਹਨ ।"[1]

ਰਾਗ ਅਤੇ ਰਾਗਨੀ ਇਨ੍ਹਾਂ ਦੋਵਾਂ ਨੂੰ ਅਕਸਰ ਰਾਗ ਕਹਿੰਦੇ ਹਨ :

"ਅਵਾਜ਼ ਦੀ ਉਹ ਵਿਸ਼ੇਸ਼ ਰਚਨਾ ਜਿਸ ਵਿੱਚ ਸੁਰ ਤੇ ਵਰਣ (ਗਾਇਨ ਕ੍ਰਿਆ) ਦੁਆਰਾ ਸੌਂਦਰਯ ਪ੍ਰਾਪਤ ਹੋਵੇ ਤੇ ਜੋ ਰਚਨਾ ਸੁਣਨ ਵਾਲਿਆਂ ਦੇ ਮਨ ਨੂੰ ਪ੍ਰਸੰਨ ਕਰੇ ਉਸ ਨੂੰ ਰਾਗ ਕਹਿੰਦੇ ਹਨ ।"[2]

ਕਾਵਿ ਵਿੱਚ 'ਰਾਗ' ਨੂੰ ਪ੍ਰੀਤ ਤੇ ਅਨੁਰਾਗ ਦੇ ਅਰਥ ਦਿੱਤੇ ਜਾਂਦੇ ਹਨ ਅਤੇ ਦਰਸ਼ਨ ਵਿੱਚ 'ਰਾਗ ਵਿਭਾਗ' ਜਾਂ 'ਰਾਗ ਦਰਵੇਸ਼' ਜਾਂ 'ਕਵੰਦਾ' ਕਿਹਾ ਗਿਆ ਹੈ । ਇਨ੍ਹਾਂ ਨੂੰ ਪੰਜ ਕਲੇਸ਼ਾਂ ਵਿੱਚੋਂ ਇੱਕ ਮੰਨਿਆ ਗਿਆ ਹੈ । ਇਸ ਦਾ ਅਰਥ ਹੈ ਕਸ਼ਟ,

---

1. ਟੈਗੋਰ ਸੁਰਿੰਦਰ ਮੋਹਨ : <u>ਗੀਤਾਵਲੀ</u> , ਪੰਨਾ 10

2. ਨਿਗਮ ਵੀ. ਸਿੰਘ : <u>ਸੰਗੀਤ ਕਮੌਦੀ</u> (ਭਾਗ ਪਹਿਲਾ), ਪੰਨਾ 42

ਕਲੇਸ਼, ਈਰਖਾ, ਦਵੈਸ਼ ਵੀ ਲਿਆ ਗਿਆ ਹੈ[1] ।

ਸੰਗੀਤ ਆਚਾਰੀਆ ਪੰਡਿਤ ਸਾਰੰਗਦੇਵ ਨੇ ਆਪਣੇ ਗ੍ਰੰਥ 'ਸੰਗੀਤ ਰਤਨਾਕਰ' ਵਿੱਚ ਰਾਗ ਸਬੰਧੀ ਇਸ ਤਰ੍ਹਾਂ ਉਲੇਖ ਕੀਤਾ ਹੈ; "ਜੋ ਸ੍ਵਰ-ਵਰਣ ਨਾਲ ਵਿਭੂਸ਼ਤ ਵਿਸ਼ਿਸ਼ਟ ਧੁਨੀ ਜਨ-ਚਿਤ ਨੂੰ ਰੰਜਕਤਾ ਪ੍ਰਦਾਨ ਕਰਦੀ ਹੈ ਉਸ ਨੂੰ ਰਾਗ ਕਹਿੰਦੇ ਹਨ"[2] ।

ਭਾਈ ਕਾਨ੍ਹ ਸਿੰਘ ਨਾਭਾ ਰਾਗ ਨੂੰ ਪ੍ਰਭਾਸ਼ਿਤ ਕਰਦਿਆਂ ਲਿਖਦੇ ਹਨ,

"ਸੰਗੀਤ-ਵਿਦਿਆ ਅਨੁਸਾਰ ਸ੍ਵਰ ਪ੍ਰਬੰਧ ਜਿਸ ਦੇ ਸੁਣਨ ਤੋਂ ਮਨ ਵਿੱਚ ਰਾਗ (ਪ੍ਰੇਮ) ਉਪਜੇ, ਰਾਗ ਹੈ । ਰਾਗ ਦਾ ਮੂਲ ਛੜਜ, ਰਿਸ਼ਭ, ਗੰਧਾਰ, ਮਾਧਿਅਮ, ਪੰਚਮ, ਦਵੈਤ, ਨਿਸ਼ਾਦ, ਇਹ ਸੱਤ ਸੁਰ ਹਨ :

- ਰਾਗ ਨਾਦ ਸ਼ਬਦ ਸੋਹਣੇ ਜਾ ਲਾਗੈ ਸਹਜ ਧਿਆਨ
  ਪੰਚ ਏਜ੍ਰਿਤ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ।
  ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ।
  ਫੇਰੀ ਫੇਰੁ ਨਾ ਹੋਵੈ ਕਬਲੀ ਏਕ ਸਬਦੁ ਬਧਿ ਪਾਲੈ ॥[3]
- ਨਾ ਭੀਜੈ ਰਾਗੀ ਨਾਦੀ ਬੇਦਿ ।
  ਨ ਭੀਜੈ ਸੁਰਤੀ ਗਿਆਨੀ ਜੋਗਿ ॥[4]
- ਰਾਗ ਨਾਦ ਮਨੁ ਦੂਜੈ ਭਾਇ ।
  ਅੰਤਰ ਕਪਟ ਮਹਾ ਦੁਖੁ ਪਾਇ ॥[5]

---

1. ਆਚਾਰੀਆ ਬ੍ਰਹਸਪਤੀ : ਹਿੰਦੀ ਕੋਸ਼ , (ਸੰਪਾਦਕ ਕਾਲਿਕਾ ਪ੍ਰਸਾਦ, ਪੰਨਾ 95)
2. ਸਾਰੰਗਦੇਵ : ਸੰਗੀਤ ਰਤਨਾਕਰ (ਭਾਗ-2), ਸ਼ਲੋਕ 2
3. ਆਦਿ ਗ੍ਰੰਥ : ਪੰਨਾ 849
4. ਆਦਿ ਗ੍ਰੰਥ : ਰਾਮਕਲੀ ਮਹਲਾ 5, ਪੰਨਾ 885
5. ਆਦਿ ਗ੍ਰੰਥ : ਪ੍ਰਭਾਤੀ ਮਹਲਾ ੧, ਪੰਨਾ 1342

ਰਾਗ ਸੰਗੀਤ ਦੀ ਅਜਿਹੀ ਸ਼ਕਤੀ ਹੈ ਜੋ ਮਨੁੱਖੀ ਮਨ ਨੂੰ ਆਪਣੇ ਵਿਸ਼ੇਸ਼ ਰੰਗ ਵਿੱਚ ਰੰਗ ਦਿੰਦੀ ਹੈ । ਰਾਗ ਦਾ ਗੁਣ ਇਸ ਦੀ ਰੰਜਕਤਾ ਹੈ । ਇਸ ਨੂੰ ਜਨ ਚਿਤ-ਰੰਜਕ-ਧੁਨੀ ਆਖਿਆ ਹੈ, ਜਿਸ ਦਾ ਅਰਥ ਹੈ ਰੰਗ ਦੇਣਾ । ਰਾਗ ਅਵਾਜ਼ ਦਾ ਵਿਸ਼ੇਸ਼ ਕਰਮ ਹੈ ਜੋ ਮਨੁੱਖੀ ਮਨ ਨੂੰ ਆਪਣੀਆਂ ਵਿਸ਼ੇਸ਼ ਸੁਰ-ਸੰਗਤੀਆਂ ਦੁਆਰਾ ਆਪਣੇ ਰੰਗ ਵਿੱਚ ਰੰਗ ਲੈਂਦਾ ਹੈ । ਰਾਗ ਦੇ ਰੰਗ ਵਿੱਚ ਰੰਗਿਆ ਵਿਅਕਤੀ ਸਮੇਂ ਸਥਾਨ ਤੋਂ ਹਮੇਸ਼ਾਂ ਲਈ ਮੁਕਤ ਹੋ ਜਾਂਦਾ ਹੈ । ਇਹ ਰਾਗ ਦੀ ਕੁਦਰਤੀ ਸ਼ਕਤੀ ਹੈ ਜੋ ਮਨੁੱਖੀ ਮਨ ਨੂੰ ਭਟਕਣ ਤੋਂ ਬਚਾਉਂਦੀ ਹੈ । ਰਾਗ ਦਾ ਮੂਲ ਨਾਦ ਹੈ । ਭਾਰਤੀ ਪਰੰਪਰਾ ਵਿੱਚ ਨਾਦ ਦੀ ਮਹਿਮਾ ਦਾ ਖੂਬ ਵਰਨਣ ਆਇਆ ਹੈ । ਨਾਦ ਨੂੰ ਬ੍ਰਹਮ ਰੂਪ ਆਖਿਆ ਗਿਆ ਹੈ । ਇਹ ਅਦੁੱਤੀ ਅਤੇ ਆਨੰਦ ਸਰੂਪ ਹੈ ਜਿਸ ਦੀ ਉਪਾਸਤਨਾ ਨਾਲ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ [1] ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦੇ ਪ੍ਰਯੋਗ ਦਾ ਮਹੱਤਵ ਦੋ ਦ੍ਰਿਸ਼ਟੀਕੋਣਾਂ ਕਰਕੇ ਵਿਸ਼ੇਸ਼ ਹੈ । ਪ੍ਰਥਮ ਰੂਪ ਵਿੱਚ ਸੰਪਾਦਨਾ ਦੀ ਦ੍ਰਿਸ਼ਟੀ ਤੋਂ ਵਿਭਿੰਨ ਰਾਗਾਂ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਆਦਿ ਗ੍ਰੰਥ ਦੀ ਸੰਪਾਦਨਾ ਦਾ ਪ੍ਰਮੁੱਖ ਆਧਾਰ ਇਸ ਦਾ ਸੰਗੀਤ ਪ੍ਰਬੰਧ ਹੀ ਹੈ । ਆਦਿ ਗ੍ਰੰਥ ਦੀ ਸਾਰੀ ਬਾਣੀ ਨੂੰ ਇਨ੍ਹਾਂ ਰਾਗਾਂ ਵਿੱਚ ਲਿਖਿਆ ਗਿਆ ਹੈ । ਇਨ੍ਹਾਂ ਰਾਗਾਂ ਵਿੱਚ ਬਾਣੀ ਦੀ ਤਰਤੀਬ ਇਸ ਪ੍ਰਕਾਰ ਹੈ; ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ, ਪੰਦਰਾਂ ਭਾਰਤੀ ਭਗਤਾਂ, ਚਾਰ ਗੁਰੂ ਘਰ ਦੇ ਨਿਕਟਵਰਤੀਆਂ ਅਤੇ ਗਿਆਰਾਂ ਭੱਟਾਂ ਆਦਿ ਅਨੁਸਾਰ ਦਰਜ ਹੈ । ਗੁਰਬਾਣੀ ਵਿੱਚ ਪ੍ਰਯੁਕਤ ਵਿਭਿੰਨ ਰਾਗਾਂ ਦੇ ਸਰਵੇਖਣ ਤੋਂ ਸਾਡੇ

---

1. ਚੌਧਰੀ ਵਿਮਲਾਕਾਂਤ ਰਾਏ : ਸੰਗੀਤ ਕੋਸ਼ , ਪੰਨਾ 66

ਸਾਹਮਣੇ ਰਾਗਾਂ ਦੀਆਂ ਕੁੱਝ ਕਿਸਮਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ । ਇਸ ਤੋਂ ਪਹਿਲਾਂ ਕਿ ਇਨ੍ਹਾਂ ਸਬੰਧੀ ਵਿਚਾਰ ਕਰੀਏ, ਗੁਰਬਾਣੀ ਦੇ ਮੁੱਖ ਰਾਗ ਅਤੇ ਉਨ੍ਹਾਂ ਦੇ ਅੰਤਰਗਤ ਆਏ ਦੂਸਰੇ ਰਾਗਾਂ ਸਬੰਧੀ ਜਾਣ ਲੈਣਾ ਬਹੁਤ ਜ਼ਰੂਰੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੁਕਤ ਰਾਗ

ਗੁਰਮਤਿ ਸੰਗੀਤ ਦਾ ਸਰੋਤ ਸ੍ਰੀ **ਗੁਰੂ** ਗ੍ਰੰਥ ਸਾਹਿਬ ਜੀ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਦੋ ਵਿਧੀਆਂ ਨਾਲ ਦ੍ਰਿਸ਼ਟੀਗੋਚਰ ਹੁੰਦੇ ਹਨ - ਇੱਕ ਤਤਕਰੇ ਅਧੀਨ ਅਤੇ ਦੂਸਰੇ ਸਧਾਰਣ ਪਾਠ ਰਾਂਹੀਂ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਅਨੁਸਾਰ 31 ਰਾਗ ਮਿਲਦੇ ਹਨ ਜੋ ਮੁੱਖ ਰਾਗਾਂ ਵਜੋਂ ਅੰਕਿਤ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਧਾਰਣ ਪਾਠ ਰਾਂਹੀਂ ਤਤਕਰੇ ਅਨੁਸਾਰ 31 ਮੁੱਖ ਰਾਗਾਂ ਤੋਂ ਇਲਾਵਾ ਹੋਰ ਰਾਗ ਵੀ ਪ੍ਰਾਪਤ ਹੁੰਦੇ ਹਨ । ਇਏ ਤੋਂ ਪਹਿਲਾਂ ਕਿ ਇਨ੍ਹਾਂ ਦੇ ਕਿਰਿਆਤਮਿਕ ਸਰੂਪਾਂ ਸਬੰਧੀ ਵਿਚਾਰ ਕਰੀਏ , ਗੁਰਬਾਣੀ ਦੇ ਮੁੱਖ ਰਾਗਾਂ ਅਤੇ ਉਨ੍ਹਾਂ ਦੇ ਅੰਤਰਗਤ ਆਏ ਦੂਸਰੇ ਰਾਗਾਂ ਸਬੰਧੀ ਜਾਣ ਲੈਣਾ ਅਤਿ ਜ਼ਰੂਰੀ ਹੈ । ਇਸ ਸਬੰਧੀ ਜਾਣਕਾਰੀ ਇਸ ਤਰ੍ਹਾਂ ਹੈ :-

| ਕ੍ਰਮ ਨੰ: | ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ) |
|---|---|---|---|
| 1. | ਸਿਰੀ | - | 14 |
| 2. | ਮਾਝ | - | 94 |
| 3. | ਗਉੜੀ | | 151 |
| | | (ੳ) ਗਉੜੀ ਗੁਆਰੇਰੀ | 151 |
| | | (ਅ) ਗਉੜੀ ਦੱਖਣੀ | 152 |
| | | (ੲ) ਗਉੜੀ ਚੇਤੀ | 154 |
| | | (ਸ) ਗਉੜੀ ਬੈਰਾਗਣਿ | 156 |

| ਕ੍ਰਮ ਨੰ: | ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ) |
|---|---|---|---|
| | | (ਹ) ਗਉੜੀ ਪੂਰਬੀ ਦੀਪਕੀ | 157 |
| | | (ਕ) ਗਉੜੀ ਪੂਰਬੀ | 168 |
| | | (ਖ) ਗਉੜੀ ਮਾਝ | 172 |
| | | (ਗ) ਗਉੜੀ ਮਾਲਵਾ | 214 |
| | | (ਘ) ਗਉੜੀ ਮਾਲਾ | 214 |
| | | (ਙ) ਗਉੜੀ ਸੋਰਠਿ | 330 |
| 4. | ਆਸਾ | | 347 |
| | | (ੳ) ਆਸਾ ਕਾਫੀ | 365 |
| | | (ਅ) ਆਸਾਵਰੀ | 369 |
| | | (ੲ) ਆਸਾਵਰੀ ਸੁਧੰਗ | 409 |
| 5. | ਗੂਜਰੀ | - | 489 |
| 6. | ਦੇਵਗੰਧਾਰੀ | | 527 |
| | | (ੳ) ਦੇਵਗੰਧਾਰ | 531 |
| 7. | ਬਿਹਾਗੜਾ | | 537 |
| 8. | ਵਡਹੰਸ | | 557 |
| | | (ੳ) ਵਡਹੰਸ ਦੱਖਣੀ | 580 |
| 9. | ਸੋਰਠਿ | - | 595 |
| 10. | ਧਨਾਸਰੀ | - | 660 |
| 11. | ਜੈਤਸਰੀ | - | 696 |
| 12. | ਟੋਡੀ | - | 711 |

| ਕ੍ਰਮ ਨੰ: | ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ) |
|---|---|---|---|
| 13. | ਬੈਰਾੜੀ | | 719 |
| 14. | ਤਿਲੰਗ | | 721 |
| | | (ੳ) ਤਿਲੰਗ ਕਾਫੀ | 726 |
| 15. | ਸੂਹੀ | | 728 |
| | | (ੳ) ਸੂਹੀ ਕਾਫੀ | 751 |
| | | (ਅ) ਸੂਹੀ ਲਲਿਤ | 794 |
| 16. | ਬਿਲਾਵਲ | | 795 |
| | | (ੳ) ਬਿਲਾਵਲ ਦੱਖਣੀ | |
| | | (ਅ) ਬਿਲਾਵਲ ਮੰਗਲ | 843 |
| 17. | ਗੌਂਡ | | 859 |
| | | (ੳ) ਬਿਲਾਵਲ ਗੌਂਡ | 874 |
| 18. | ਰਾਮਕਲੀ | | 876 |
| | | (ੳ) ਰਾਮਕਲੀ ਦੱਖਣੀ | 907 |
| 19. | ਨਟ ਨਰਾਇਣ | | 975 |
| | | (ੳ) ਨਟ | 975 |
| 20. | ਮਾਲੀ ਗਉੜਾ | - | 984 |
| 21. | ਮਾਰੂ | | 989 |
| | | (ੳ) ਮਾਰੂ ਕਾਫੀ | 1014 |
| | | (ਅ) ਮਾਰੂ ਦੱਖਣੀ | 1033 |

| ਕ੍ਰਮ ਨੰ: | ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ |
|---|---|---|---|
| 22. | ਤੁਖਾਰੀ | - | 1107 |
| 23. | ਕੇਦਾਰਾ | - | 1118 |
| 24. | ਭੈਰਉ | - | 1125 |
| 25. | ਬਸੰਤ | | 1168 |
| | | (ੳ) ਬਸੰਤ ਹਿੰਡੋਲ | 1171 |
| 26. | ਸਾਰੰਗ | - | 1197 |
| 27. | ਮਲ੍ਹਾਰ | - | 1254 |
| 28. | ਕਾਨੜ੍ਹਾ | - | |
| 29. | ਕਲਿਆਣ | | 1319 |
| | | (ੳ) ਕਲਿਆਣ ਭੋਪਾਲੀ | 1321 |
| 30. | ਪ੍ਰਭਾਤੀ | | 1327 |
| | | (ੳ) ਪ੍ਰਭਾਤੀ ਬਿਭਾਸ | 1327 |
| | | (ਅ) ਪ੍ਰਭਾਤੀ ਦੱਖਣੀ | 1343 |
| | | (ੲ) ਬਿਭਾਸ ਪ੍ਰਭਾਤੀ | 1347 |
| 31. | ਜੈਜਾਵੰਤੀ | - | 1352 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁੱਖ ਰਾਗਾਂ ਤੇ ਉਪ ਰਾਗਾਂ ਦੇ ਅੰਤਰਗਤ ਮੌਸਮਾਂ ਅਤੇ ਵਿਭਿੰਨ ਪਰੰਪਰਾਵਾਂ ਨਾਲ ਸਬੰਧਿਤ ਰਾਗ ਵੀ ਮਿਲਦੇ ਹਨ ਜਿਨ੍ਹਾਂ ਦਾ ਉਲੇਖ

ਅਸੀਂ ਇਸ ਪ੍ਰਕਾਰ ਵੀ ਕਰ ਸਕਦੇ ਹਾਂ :-

ਸ਼ੁਧ ਰਾਗ

ਜੋ ਰਾਗ ਸੁਤੰਤਰ ਤੌਰ 'ਤੇ ਭਿੰਨ ਹੁੰਦੇ ਹਨ, ਜਿਨ੍ਹਾਂ ਵਿੱਚ ਕਿਸੇ ਹੋਰ ਰਾਗ ਦੀ ਛਾਇਆ ਦ੍ਰਿਸ਼ਟੀਗੋਚਰ ਨਹੀਂ ਹੁੰਦੀ, ਸ਼ੁੱਧ ਰਾਗ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਤਕਰੇ ਅਧੀਨ ਦਰਜ ਇਕੱਤੀ ਮੁੱਖ ਰਾਗ ਹਨ ਜਿਵੇਂ; ਸਿਰੀ,ਮਾਝ, ਗਉੜੀ, ਗੂਜਰੀ, ਆਸਾ ਆਦਿ ।

ਛਾਇਆਲਗ ਰਾਗ

ਜਿਨ੍ਹਾਂ ਰਾਗਾਂ ਦੀ ਉਤਪਤੀ ਦੋ ਰਾਗਾਂ ਦੇ ਮੇਲ ਤੋਂ ਹੁੰਦੀ ਹੈ, ਛਾਇਆਲਗ ਰਾਗ ਅਖਵਾਉਂਦੇ ਹਨ । ਜਿਵੇਂ; ਗਉੜੀ ਚੇਤੀ, ਗਉੜੀ ਦੀਪਕੀ ਆਦਿ ਛਾਇਆਲਗ ਰਾਗ ਹਨ ।

ਸੰਕੀਰਣ ਰਾਗ

ਜਿਨ੍ਹਾਂ ਰਾਗਾਂ ਦੀ ਉਤਪਤੀ ਦੋ ਤੋਂ ਵੱਧ ਰਾਗਾਂ ਦੇ ਮੇਲ ਤੋਂ ਹੁੰਦੀ ਹੈ, ਸੰਕੀਰਣ ਅਖਵਾਉਂਦੇ ਹਨ । ਗੁਰਬਾਣੀ ਵਿੱਚ ਰਾਗ ਗਉੜੀ ਪੂਰਬੀ ਦੀਪਕੀ ਸੰਕੀਰਣ ਰਾਗ ਹੈ ।

ਦੱਖਣੀ ਰਾਗ

ਸ਼ੁੱਧ, ਛਾਇਆਲਗ, ਸੰਕੀਰਣ ਰਾਗਾਂ ਤੋਂ ਇਲਾਵਾ ਗੁਰਬਾਣੀ ਵਿੱਚ ਕੁਝ ਰਾਗ ਐਸੇ ਵੀ ਮਿਲਦੇ ਹਨ ਜਿਨ੍ਹਾਂ ਨਾਲ ਦੱਖਣੀ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ । ਇਹ

ਰਾਗ ਮੁੱਖ ਰਾਗਾਂ ਅਧੀਨ ਅੰਕਿਤ ਮਿਲਦੇ ਹਨ ਜਿਵੇਂ; ਗਉੜੀ ਦੱਖਣੀ[1], ਵਡਹੰਸ ਦੱਖਣੀ[2], ਬਿਲਾਵਲ ਦੱਖਣੀ[3], ਮਾਰੂ ਦੱਖਣੀ[4], ਰਾਮਕਲੀ ਦੱਖਣੀ[5], ਪ੍ਰਭਾਤੀ ਦੱਖਣੀ[6] ।

ਮੱਧ ਕਾਲ ਵਿੱਚ ਭਾਰਤੀ ਸੰਗੀਤ ਵਿਦੇਸ਼ੀ ਹਮਲਿਆਂ ਦੇ ਕਾਰਨ ਦੋ ਪੱਧਤੀਆਂ ਹਿੰਦੁਸਤਾਨੀ ਜਾਂ ਉੱਤਰੀ ਭਾਰਤੀ ਸੰਗੀਤ ਅਤੇ ਕਰਨਾਟਕੀ ਜਾਂ ਦੱਖਣੀ ਭਾਰਤੀ ਸੰਗੀਤ ਅਧੀਨ ਵਿਭਾਜਤ ਹੋ ਚੁੱਕਿਆ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਧੁਰ ਕੀ ਬਾਣੀ' ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਾਰੇ ਵਿਭਿੰਨ ਸਥਾਨਾਂ ਦਾ ਰਟਨ ਕੀਤਾ ਜੋ ਚਾਰ ਉਦਾਸੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਇਹਨਾਂ ਉਦਾਸੀਆਂ ਦੇ ਅੰਤਰਗਤ ਆਪ ਦੱਖਣੀ ਭਾਰਤ ਵੀ ਗਏ ਅਤੇ ਉੱਥੋਂ ਦੇ ਸਭਿਆਚਾਰ, ਆਚਾਰ, ਵਿਹਾਰ, ਭਾਸ਼ਾ ਅਤੇ ਸੰਗੀਤ ਦਾ ਅਧਿਐਨ ਕੀਤਾ । ਗੁਰੂ ਨਾਨਕ ਦੇਵ ਜੀ ਨੇ ਦੱਖਣੀ ਭਾਰਤ ਦੇ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ 'ਦੱਖਣੀ' ਸ਼ਬਦ ਸੰਗੀਤ ਪੱਧਤੀ ਦਾ ਰਾਗ ਸੂਚਕ ਹੈ ਪਰ ਇਨ੍ਹਾਂ ਰਾਗਾਂ ਦਾ ਦੱਖਣੀ ਪੱਧਤੀ ਦੇ ਰਾਗ ਹੋਣ ਸਬੰਧੀ ਵਿਦਵਾਨਾਂ ਵਿੱਚ ਮੱਤ-ਭੇਦ ਪਾਏ ਜਾਂਦੇ ਹਨ । ਫਰੀਦਕੋਟੀ ਟੀਕੇ ਵਿੱਚ ਦੱਖਣੀ ਰਾਗ ਨਾ ਮੰਨਦੇ ਹੋਏ ਛੰਦ ਦੀ ਚਾਲ ਦਾ ਨਾਂ ਮੰਨਿਆ ਹੈ । ਡਾ. ਦਵਿੰਦਰ ਸਿੰਘ ਵਿਦਿਆਰਥੀ, "ਜੇਕਰ ਦੱਖਣੀ ਸ਼ਬਦ

---

1. ਆਦਿ ਗ੍ਰੰਥ : ਪੰਨਾ 152
2. -ਉਹੀ- ਪੰਨਾ 380
3. -ਉਹੀ- ਪੰਨਾ 843
4. -ਉਹੀ- ਪੰਨਾ 1033
5. -ਉਹੀ- ਪੰਨਾ 907
6. -ਉਹੀ- ਪੰਨਾ 1343

ਮਹਲਾ ੧ ਤੋਂ ਪਹਿਲਾਂ ਆਇਆ ਹੁੰਦਾ, ਪ੍ਰੰਤੂ ਇਹ ਆਇਆ ਮਹਲਾ ੧ ਦੇ ਸੰਕੇਤ ਪਿੱਛੋਂ, ਇਸ ਲਈ ਇਸ ਨੂੰ ਰਾਗ ਦਾ ਸੂਚਕ ਸਮਝਣਾ ਉਚਿਤ ਨਹੀਂ ।"[1] ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਿਰਲੇਖ 'ਰਾਮਕਲੀ ਦੱਖਣੀ ਮਹਲਾ ੧'[2] ਇਸ ਗੱਲ ਦਾ ਸੰਕੇਤ ਹੈ ਕਿ ਇਹ ਦੱਖਣੀ ਪੱਧਤੀ ਦਾ ਰਾਗ ਹੈ । ਡਾ. ਗੁਰਨਾਮ ਸਿੰਘ ਜੀ ਨੇ ਵੀ ਆਪਣੇ ਸ਼ੋਧ ਪ੍ਰਬੰਧ ਵਿੱਚ ਇਨ੍ਹਾਂ ਰਾਗਾਂ ਨੂੰ ਦੱਖਣੀ ਪੱਧਤੀ ਦਾ ਰਾਗ ਸਵੀਕਾਰਿਆ ਹੈ[3] ।

ਕਿਰਿਆਤਮਿਕ ਤੌਰ ਤੇ ਇਨ੍ਹਾਂ ਰਾਗਾਂ ਦੇ ਸਰੂਪ ਕੇਵਲ ਦੱਖਣੀ ਸੰਗੀਤ ਪੱਧਤੀ ਵਿੱਚ ਪਾਏ ਜਾਂਦੇ ਹਨ, ਉੱਤਰੀ ਭਾਰਤੀ ਸੰਗੀਤ ਵਿੱਚ ਨਹੀਂ । ਇਸ ਲਈ ਇਨ੍ਹਾਂ ਰਾਗਾਂ ਨੂੰ ਦੱਖਣੀ ਪੱਧਤੀ ਦੇ ਰਾਗ ਮੰਨਣਾ ਹੀ ਵਧੇਰੇ ਉਚਿਤ ਹੈ । ਦੱਖਣੀ ਪੱਧਤੀ ਦੇ ਰਾਗਾਂ ਦਾ ਪ੍ਰਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕੀਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿਰਲੇਖ ਰੂਪ ਵਜੋਂ ਅੰਕਿਤ 'ਰਾਗ' ਕਿਉਂ ਜੋ ਬਾਣੀ ਨੂੰ ਰਾਗਾਂ ਅਧੀਨ ਗਾਉਣ ਦਾ ਨਿਰਦੇਸ਼ ਹੈ, ਇਸ ਲਈ ਗੁਰਮਤਿ ਸੰਗੀਤ ਪਰੰਪਰਾ ਵਿੱਚ ਉੱਤਰੀ ਅਤੇ ਦੱਖਣੀ ਪੱਧਤੀ ਦੋਹਾਂ ਦੇ ਰਾਗਾਂ ਨੂੰ ਸਮਾਨ ਸਤਿਕਾਰ ਨਾਲ ਗਉਣ ਦਾ ਆਦੇਸ਼ ਹੈ । ਤੇਹਰਵੀਂ ਸਦੀ ਵਿੱਚ ਪੰਡਿਤ ਸਾਰੰਗਦੇਵ ਨੇ ਇਨ੍ਹਾਂ ਦੋਵਾਂ ਪੱਧਤੀਆਂ ਨੂੰ ਮੇਲਣ ਦਾ ਯਤਨ ਕੀਤਾ ਪਰ ਵਿਵਹਾਰਕ ਤੌਰ ਤੇ ਸੰਭਵ ਨਾ ਹੋ ਸਕਿਆ । ਗੁਰੂ ਸਾਹਿਬਾਨ ਦਾ

---

1. ਦੇਵਿੰਦਰ ਸਿੰਘ (ਵਿਦਿਆਰਥੀ) : <u>ਗੁਰਬਾਣੀ ਦੇ ਰਾਗ ਸੰਬੋਧ ਅਤੇ ਸਾਰਥਕਤਾ</u>, ਪੰਨਾ 43
2. <u>ਆਦਿ ਗ੍ਰੰਥ :</u> ਪੰਨਾ 1033
3. Gurnam Singh (Dr.) : <u>Musicological Study of Guru Nanak Bani</u> ; page 108.

ਦੱਖਣੀ ਪੱਧਤੀ ਦੇ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕਰਕੇ ਦੋਵਾਂ ਸੰਗੀਤ ਪੱਧਤੀਆਂ ਦੀ ਵਿਚਲੀ ਦੂਰੀ ਨੂੰ ਖ਼ਤਮ ਕਰਨ ਵਿੱਚ ਗੁਰਮਤਿ ਸੰਗੀਤ ਪਰੰਪਰਾ ਦਾ ਮਹਾਨ ਯੋਗਦਾਨ ਹੈ ।

ਸਨਾਤਨੀ ਰਾਗ

ਗੁਰੂ ਸਾਹਿਬਾਨ ਨੇ ਬਾਣੀ ਦੀ ਸਫਲ ਪ੍ਰਸਤੁਤੀ ਹਿਤ ਬਾਣੀ ਅਤੇ ਰਾਗ ਨੂੰ ਇਨ੍ਹਾਂ ਦੀ ਪ੍ਰਕ੍ਰਿਤੀ ਦੀ ਅੰਤਰੀਵੀ ਸਾਂਝ, ਰਸਾਤਮਿਕ ਅਤੇ ਭਾਵਾਤਮਿਕ ਪੱਧਰ ਉੱਤੇ ਜੋੜਨ ਦੀ ਸਫਲ ਕੋਸ਼ਿਸ਼ ਕੀਤੀ ਹੈ । ਆਪ ਨੇ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤੇ ਗਏ ਸਨਾਤਨੀ ਕਾਵਿ ਰੂਪਾਂ ਲਈ ਸ਼ੁੱਧ ਰੂਪ ਵਿੱਚ ਮਾਰਗੀ ਜਾਂ ਸਥਾਪਿਤ ਰਾਗਾਂ ਦਾ ਪ੍ਰਯੋਗ ਕੀਤਾ ਹੈ । ਉਦਾਹਰਣ ਦੇ ਤੌਰ 'ਤੇ ਪ੍ਰਬੰਧ ਗਾਇਨ ਸ਼ੈਲੀ ਦੇ ਕਾਵਿ ਰੂਪ ਅਸ਼ਟਪਦੀ ਦਾ ਪ੍ਰਯੋਗ ਸਿਰੀ, ਮਾਝ, ਗਉੜੀ, ਗੂਜਰੀ, ਰਾਮਕਲੀ, ਪ੍ਰਭਾਤੀ ਰਾਗਾਂ ਅਧੀਨ ਕੀਤਾ ਗਿਆ ਹੈ ।

ਦੇਸੀ ਰਾਗ

ਗੁਰੂ ਸਾਹਿਬਾਨ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਵਿਭਿੰਨ ਇਲਾਕਿਆਂ ਦੀ ਲੋਕ ਪਰੰਪਰਾ ਵਿਚੋਂ ਵਿਕਸਿਤ ਰਾਗਾਂ ਨੂੰ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ ਹੈ । ਉਦਾਹਰਣ ਤੌਰ ਤੇ ਮਾਝ, ਆਸਾ, ਕਾਫੀ, ਬਿਹਾਗੜਾ, ਤਿਲੰਗ ਆਦਿ ਦੇਸੀ ਰਾਗ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ।

ਮੌਸਮੀ ਰਾਗ

ਗੁਰਮਤਿ ਸੰਗੀਤ ਅੰਤਰਗਤ ਉਪਰੋਕਤ ਰਾਗਾਂ ਵਿੱਚ ਕੁੱਝ ਰਾਗ ਇਸ ਤਰ੍ਹਾਂ ਦੇ ਮਿਲਦੇ ਹਨ ਜੋ ਮੌਸਮ ਨਾਲ ਸਬੰਧਿਤ ਹਨ। ਇਨ੍ਹਾਂ ਰਾਗਾਂ ਦਾ ਗਾਇਨ ਵੀ ਸਬੰਧਿਤ ਮੌਸਮ ਵਿੱਚ ਹਰ ਸਮੇਂ ਕਰਨ ਦੀ ਪ੍ਰਥਾ ਹੈ। ਬਾਣੀ ਦਾ ਸਾਧਾਰਣ ਪਾਠ ਕਰਨ 'ਤੇ ਹੀ ਰਾਗ ਦੇ ਸਬੰਧਿਤ ਮੌਸਮ ਦਾ ਆਭਾਸ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮੌਸਮੀ ਰਾਗ ਬਸੰਤ ਅਤੇ ਮਲ੍ਹਾਰ ਰਾਗਾਂ ਵਿੱਚ ਮੌਸਮਾਂ ਦਾ ਵਰਨਣ ਇਸ ਪ੍ਰਕਾਰ ਹੈ :-

ਰਾਗ ਬਸੰਤ :

- ਪਹਿਲ ਬਸੰਤੈ ਆਗਮਨ ਤਿਸ ਕਾ ਕਰਹੁ ਬੀਚਾਰੁ ।
  ਨਾਨਕ ਸੋ ਸਲਾਹੀਐ ਜਿ ਸਭਸੈ ਦੇ ਆਧਾਰੁ ॥[1]
- ਮਾਹ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥[2]
- ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ।
  ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥[3]
- ਰੁਤਿ ਆਇਲੇ ਸਰਸ ਬਸੰਤ ਮਾਹਿ ॥[4]
- ਬਸੰਤ ਚੜਿਆ ਫੂਲੀ ਬਨਰਾਇ ॥[5]

---

1. ਆਦਿ ਗ੍ਰੰਥ : ਮਹਲਾ 2, ਪੰਨਾ 791
2. ਆਦਿ ਗ੍ਰੰਥ : ਮਹਲਾ 2, ਪੰਨਾ 1168
3. ਆਦਿ ਗ੍ਰੰਥ : ਮਹਲਾ 2, ਪੰਨਾ 1168
4. ਆਦਿ ਗ੍ਰੰਥ : ਮਹਲਾ 2, ਪੰਨਾ 1168
5. ਆਦਿ ਗ੍ਰੰਥ : ਮਹਲਾ ੧, ਪੰਨਾ 1177

ਰਾਗ ਮਲ੍ਹਾਰ :

- ਕਰਉ ਬਿਨਉ ਗੁਰ ਅਾਪਣੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥
  ਸੁਣ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥[1]

- ਚਾਤ੍ਰਿਕ ਜਲ ਬਿਨੁ ਪ੍ਰਿਉ-ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ ।
  ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨਾ ਜਾਈ ॥[2]

- ਨਾਨਕ ਸਾਵਣਿ ਜੇ ਵਸੈ ਚਹੁ ਉਮਾਹਾ ਹੋਇ ॥
  ਨਾਗਾਂ ਮਿਰਗਾਂ ਮਛੀਆਂ ਰਸੀਆ ਘਰਿ ਧਨ ਹੋਇ ॥[3]

- ਊਨਵਿ ਊਨਵਿ ਆਇਆ ਵਰਸੈ ਲਾਇ ਝੜੀ ॥
  ਨਾਨਕ ਭਾਣੈ ਚਲੈ ਕੰਤ ਕੈ ਸੁਮਾਣੇ ਸਦਾ ਰਲੀ ॥[4]

- ਗੁਰਮੁਖਿ ਮਲ੍ਹਾਰ ਰਾਗੁ ਜੋ ਕਰਹਿ ਤਿਨ ਮਨ ਤਨ ਸੀਤਲੁ ਹੋਇ ॥[5]

- ਮਲਾਰ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥[6]

## ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਰਾਗਾਂ ਦੇ ਸਰੂਪ

ਗੁਰਮਤਿ ਸੰਗੀਤ ਵਿੱਚ ਰਾਗਾਂ ਦੇ ਸਰੂਪ ਸਾਨੂੰ ਸਿੱਖ ਧਰਮ ਸਬੰਧੀ ਗ੍ਰੰਥਾਂ, ਗੁਰਮਤਿ ਸੰਗੀਤ ਦੀ ਵਿਵਹਾਰਿਕ ਪਰੰਪਰਾ ਅਤੇ ਭਾਰਤੀ ਸੰਗੀਤ ਪਰੰਪਰਾ ਅਤੇ ਭਗਤੀ ਸੰਗੀਤ

---

1. ਆਦਿ ਗ੍ਰੰਥ : ਮਲ੍ਹਾਰ ਮਹਲਾ ੧, ਪੰਨਾ 1254
2. ਆਦਿ ਗ੍ਰੰਥ : ਮਲ੍ਹਾਰ ਮਹਲਾ ੧, ਪੰਨਾ 1273
3. ਆਦਿ ਗ੍ਰੰਥ : ਸਲੋਕ ਪੰਨਾ 1279
4. ਆਦਿ ਗ੍ਰੰਥ : ਸਲੋਕ ਮਹਲਾ 2, ਪੰਨਾ 1280
5. ਆਦਿ ਗ੍ਰੰਥ : ਸਲੋਕ ਮਹਲਾ 3, ਪੰਨਾ 1285
6. ਆਦਿ ਗ੍ਰੰਥ : ਸਲੋਕ ਮਹਲਾ 3, ਪੰਨਾ 1283

ਪਰੰਪਰਾ ਤੋਂ ਉਪਲੱਬਧ ਹੁੰਦੇ ਹਨ । ਇਨ੍ਹਾਂ ਸਰੂਪਾਂ ਵਿੱਚ ਵਿਭਿੰਨਤਾ ਅਤੇ ਬਹੁਰੂਪਤਾ ਪਾਈ ਜਾਂਦੀ ਹੈ। ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਹੋਣ ਵਾਲੇ ਇਹ ਸਰੂਪ ਇਸ ਪ੍ਰਕਾਰ ਹਨ :-

1. ਸਿਰੀ ਰਾਗ : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਦਾ ਆਧਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਕਰਨ ਸਮੇਂ ਰਾਗ ਦੀ ਪੁਰਾਤਨ ਪਰੰਪਰਾ ਨੂੰ ਧਿਆਨ ਵਿੱਚ ਰੱਖਦੇ ਹੋਏ 'ਸਿਰੀ ਰਾਗ' ਨੂੰ ਪਹਿਲੇ ਸਥਾਨ 'ਤੇ ਰੱਖਿਆ । ਸਿਰੀ ਰਾਗ ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਮੁੱਖ ਰਾਗ ਹੈ । ਇਸ ਸਬੰਧੀ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

ਰਾਗਾਂ ਵਿੱਚ ਸਿਰੀ ਰਾਗ ਹੈ ਜੇ ਸਚਿ ਧਰੇ ਪਿਆਰੁ ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਆਧਾਰੁ ॥ [1]

ਉਪਰੋਕਤ ਫੁਰਮਾਨ ਤੋਂ ਸਿਰੀ ਰਾਗ ਦੀ ਕਾਦਾਤਮਿਕ ਅਤੇ ਅਧਿਆਤਮਿਕ ਵਿਸ਼ਿਸ਼ਟਤਾ ਦਾ ਆਭਾਸ ਹੋ ਜਾਂਦਾ ਹੈ । ਭਾਈ ਗੁਰਦਾਸ ਜੀ ਨੇ ਵੀ ਆਪਣੀ ਬਾਣੀ ਵਿੱਚ ਸਿਰੀ ਰਾਗ ਨੂੰ ਸਰਬੋਤਮ ਮੰਨਿਆ ਹੈ :

"ਰਾਗਨ ਮੈਂ ਸਿਰੀ ਰਾਗੁ ਪਾਰਸ ਪਖਯਾਨ ਹੈ" । [2]

ਪੰਡਿਤ ਤਾਰਾ ਸਿੰਘ ਨਰੋਤਮ ਜੀ 'ਗੁਰੂ ਗਿਰਾਰਥ ਕੋਸ਼' ਵਿੱਚ ਸਿਰੀ ਰਾਗ ਬਾਰੇ ਇਸ ਤਰ੍ਹਾਂ ਲਿਖਦੇ ਹਨ :-

"ਸਿਵ ਜੀ ਕੇ ਈਸਾਨ ਮੁਖ ਸੇ ਦੇਵਨ ਕੋ ਬਰ ਦੇਨੇ ਹੇਤ ਹੁਆ
ਸਾਤੋ ਸਵਰ ਕਾ ਸੰਪੂਰਨ ਰਾਗ ਹੈ ।ਤੀਸਰੇ ਪਹਰ ਗਾਵਨਾ

---

1. ਆਦਿ ਗ੍ਰੰਥ : ਵਾਰ ਸ੍ਰੀ ਰਾਗ ਮਹਲਾ **3** , ਪੰਨਾ 83

2. ਵਾਰਾਂ ਭਾਈ ਗੁਰਦਾਸ

ਬਿਸਨ ਸਵਰ 'ਪ' ਹੈ ਇਸ ਲੀਏ ਗ੍ਰੰਥ ਜੀ ਕੇ ਆਦਿ ਮੇਂ
ਸਥਾਪਨ ਕੀਆ ਕਿਉਂਕਿ ਸਾਹਬ ਮੇ ਬਿਸਨ ਭਗਤੀ ਕਾ
ਉਪਦੇਸ ਹੈ ਯਹ ਰਾਗ ਸੰਗੀਤੋਂ ਮੇਂ ਬਿਸਨ ਸਵਰੂਪ ਲਿਖਾ ਹੈ ।
ਭੇਯਾਤੇ ਪ੍ਰਾਤਕਾਲ ਕੇ ਮਹਾਦੇਵ ਰੂਪ ਭੈਰਉ ਕੋ ਛੋੜ ਕਰ ਆਦਿ
ਮੇ ਸਥਾਪਨ ਕੀਆ ।"[1]

ਸਿਰੀ ਰਾਗ ਇੱਕ ਪੁਰਾਤਨ, ਕਠਿਨ ਅਤੇ ਗੰਭੀਰ ਰਾਗ ਹੈ । ਰਾਗ ਰਾਗਿਨੀ ਪਰੰਪਰਾ ਹਿਤ ਪ੍ਰਚੱਲਿਤ ਮੱਤਾਂ (ਬ੍ਰਹਮ ਮੱਤ, ਭਰਤ ਮੱਤ, ਹਨੂੰਮਤ, ਕਾਲੀਨਾਥ ਮੱਤ) ਨੇ ਵੀ ਸਿਰੀ ਰਾਗ ਨੂੰ ਮੁੱਖ ਤੌਰ ਤੇ ਸਵੀਕਾਰਿਆ ਹੈ । ਭਾਰਤੀ ਸੰਗੀਤ ਵਿੱਚ ਇਹ ਮਿੱਥ ਪ੍ਰਚੱਲਿਤ ਹੈ ਕਿ ਜਿਵੇਂ ਸ਼ੰਕਰ ਦੇ ਮੁੱਖ ਤੋਂ ਪੰਜ ਰਾਗਾਂ ਦੀ ਉਤਪਤੀ ਹੋਈ, ਉਸੇ ਤਰ੍ਹਾਂ ਛੇਵੇਂ ਰਾਗ ਸਿਰੀ ਰਾਗ ਦੀ ਉਤਪਤੀ ਵਡਹੰਸ, ਟੰਕ ਅਤੇ ਗਉੜੀ ਰਾਗ ਦੇ ਮੇਲ ਤੋਂ ਮੰਨੀ ਜਾਂਦੀ ਹੈ [2] । ਮੱਧ ਕਾਲ ਵਿੱਚ ਸਿਰੀ ਰਾਗ ਦਾ ਆਧੁਨਿਕ ਰੂਪ ਪ੍ਰਚੱਲਿਤ ਨਹੀਂ ਸੀ । 19ਵੀਂ ਸਦੀ ਤੋਂ ਪਹਿਲਾਂ ਭਾਰਤੀ ਸੰਗੀਤ ਵਿੱਚ ਪ੍ਰਚੱਲਿਤ ਸ਼ੁੱਧ ਥਾਟ ਆਧੁਨਿਕ ਕਾਫੀ ਥਾਟ ਸਮਾਨ ਸੀ । ਸ਼ੁੱਧ ਥਾਟ ਵਿੱਚ ਤਬਦੀਲੀ ਆਉਣ ਨਾਲ ਸਿਰੀ ਰਾਗ ਦੇ ਦੋ ਰੂਪ ਕਾਫੀ ਤੇ ਪੂਰਵੀ ਥਾਟ ਅਨੁਸਾਰ ਮਿਲਦੇ ਹਨ :

| | | | | | |
|---|---|---|---|---|---|
| ਥਾਟ | : | ਕਾਫੀ | ਜਾਤੀ | : | ਔੜਵ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਗੰਧਾਰ ਕੋਮਲ, ਦੋਵੇਂ ਨਿਸ਼ਾਦ | ਵਰਜਿਤ ਸੁਰ | : | ਅਵਰੋਹ ਵਿੱਚ ਗੰਧਾਰ, ਧੈਵਤ |
| ਸਮਾਂ | : | ਸ਼ਾਮ | | | |

---

1. ਪੰਡਿਤ ਤਾਰਾ ਸਿੰਘ ਨਰੋਤਮ : ਗੁਰੂ ਗਿਰਾਰਥ ਕੋਸ਼ , ਪੰਨਾ 273

2. ਪਦਮ ਪਿਆਰਾ ਸਿੰਘ : ਗੁਰੂ ਗ੍ਰੰਥ ਸੰਕੇਤ ਕੋਸ਼ , ਪੰਨਾ 72

ਆਰੋਹ : ਸਾ ਰੇ ਮ ਪ ਨੀ ਸਾं

ਅਵਰੋਹ : ਸਾं ਨੀ ਧ ਪ, ਮ, ਗ, ਰੇ ਰੇ ਸਾ ।

ਮੁੱਖ ਅੰਗ : ਸਾ ਰੇਰੇ, ਸਾ, ਰੇ ਪ, ਮ ਗੁਰੇ ਸਾ ।

ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਦੁਆਰਾ ਇਹ ਪ੍ਰਵਾਣਿਤ ਸਰੂਪ ਹੈ । ਪ੍ਰੋ: ਤਾਰਾ ਸਿੰਘ [1], ਡਾ. ਗੁਰਨਾਮ ਸਿੰਘ [2], ਭਾਈ ਅਵਤਾਰ ਅਵਤਾਰ ਸਿੰਘ ਗੁਰਚਰਨ ਸਿੰਘ [3], ਸੰਤ ਸਰਵਣ ਸਿੰਘ [4], ਸ੍ਰ. ਗਿਆਨ ਸਿੰਘ ਐਬਟਾਬਾਦ [5], ਰਾਗ ਨਿਰਣਾਇਕ ਕਮੇਟੀ [6] ਦੁਆਰਾ ਇਹੋ ਸਰੂਪ ਪ੍ਰਵਾਨਿਆ ਗਿਆ ਹੈ :

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਔੜਵ ਸੰਪੂਰਣ |
| ਵਾਦੀ | : | ਰਿਸ਼ਭ ਕੋਮਲ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ<br>ਮਧਿਅਮ ਤੀਵਰ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ,<br>ਧੈਵਤ |

ਆਰੋਹ : ਸਾ ਰੇ ਮੰ, ਪ ਨੀ ਸਾं

ਅਵਰੋਹ : ਸਾं ਨੀ ਧ ਪ, ਮੰ ਗ ਗਰੇ ਸਾਰੇ ਸਾ

ਮੁੱਖ ਅੰਗ : ਸਾ ਸਾਰੇ ਗਰੇ, ਸ ਰੇ ਪ, ਮੰ ਗ, ਰੇ ਸਾ

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 8
2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 27
3. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) ਪੰਨਾ 3
4. ਸੁਰ ਸਿਮਰਣ ਸੰਗੀਤ (ਭਾਗ ਤੀਜਾ) , ਪੰਨਾ 147
5. ਗੁਰਬਾਣੀ ਸੰਗੀਤ (ਭਾਗ ਪਹਿਲਾ) , ਪੰਨਾ 3
6. ਸਿਮ੍ਰਤੀ ਗ੍ਰੰਥ , ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, ਪੰਨਾ 3

ਸ਼ਾਸਤਰੀ ਦ੍ਰਿਸ਼ਟੀਕੋਣ 'ਤੇ 'ਰੇ ਪ' ਦਾ ਸੰਵਾਦ ਪੂਰਾ ਨਹੀਂ ਉਤਰਦਾ ਕਿਉਂਕਿ ਵਾਦੀ ਸੰਵਾਦੀ ਸੁਰ 9 ਜਾਂ 13 ਸ਼ਰੁਤੀ ਦੇ ਅੰਤਰ ਤੇ ਹੋਣਾ ਜਰੂਰੀ ਹੈ । ਇਸ ਲਈ ਕਈ ਵਿਦਵਾਨ ਇਸ ਰਾਗ ਦਾ ਪੰਚਮ ਪਾਦੀ ਅਤੇ ਸ਼ੜਜ ਸੰਵਾਦੀ ਮੰਨਦੇ ਹਨ ਪਰ ਸਿਰੀ ਰਾਗ ਦੇ ਸਰੂਪ ਅਤੇ ਚਲਨ ਨੂੰ ਧਿਆਨ ਵਿੱਚ ਰੱਖਦੇ ਹੋਏ ਜਿਆਦਾ ਵਿਦਵਾਨ ਉਪਰੋਕਤ ਸਰੂਪ ਨੂੰ ਸਵੀਕਾਰਦੇ ਹਨ ।

ਇਸ ਰਾਗ ਦੀ ਸੁੰਦਰਤਾ 'ਰੇ ਪ' ਅਤੇ 'ਪ ਰੇ' ਸੁਰ ਸੰਗਤੀਆਂ ਤੇ ਨਿਰਭਰ ਹੈ । ਸ਼ਾਸਤਰੀ ਦ੍ਰਿਸ਼ਟੀਕੋਣ ਅਨੁਸਾਰ ਪੂਰਵਾਂਗ ਵਿੱਚ ਰੇ ਉੱਪਰ ਕ੍ਰਮਵਾਰ ਗੰਧਾਰ ਅਤੇ ਛੜਜ ਦਾ ਕਣ ਛੋਹ ਇਸ ਰਾਗ ਦੀ ਨਿੱਜੀ ਵਿਸ਼ੇਸ਼ਤਾ ਹੈ । ਇਹ ਰਾਗ ਗੰਭੀਰ ਪਰਕ੍ਰਿਤੀ ਦਾ ਧਾਰਣੀ ਹੋਥ ਕਰਕੇ ਇਸ ਰਾਗ ਵਿੱਚ ਭਗਤੀ ਗੀਤ ਅਤਿਅੰਤ ਕੁਸ਼ਲਤਾ ਪੂਰਵਕ ਗਾਏ ਜਾ ਸਕਦੇ ਹਨ ।

(2) <u>ਮਾਝ</u> : ਮਾਝ ਨਿਰੋਲ ਪੰਜਾਬੀ ਰਾਗ ਹੈ । ਮਾਝਾਂ ਨਿਰੋਲ ਪੰਜਾਬੀ ਲੋਕ ਕਾਵਿ ਹੈ । ਇਸੇ ਹੀ ਇਲਾਕੇ ਵਿੱਚ ਮਾਝਾਂ ਉੱਚੀ ਹੇਕ ਕੱਢ ਕੇ, ਹੱਥ ਕੰਨ ਤੇ ਧਰ ਕੇ ਗਾਈਆਂ ਜਾਂਦੀਆਂ ਹਨ । ਇਸੇ ਕਰਕੇ 'ਰਾਗ ਮਾਝ' ਪੰਜਾਬ ਦੇ ਮਾਝ ਇਲਾਕੇ ਦੀ ਧੁਨ ਤੋਂ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ । ਭਾਰਤੀ ਸੰਗੀਤ ਦੇ ਪ੍ਰਾਚੀਨ, ਮੱਧ ਕਾਲੀਨ ਅਤੇ ਆਧੁਨਿਕ ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ । ਡਾਕਟਰ ਚਰਨ ਸਿੰਘ 'ਬਾਣੀ ਬਿਉਰੇ' ਵਿੱਚ ਮਾਝ ਰਾਗ ਦਾ ਵਰਨਣ ਇਸ ਪ੍ਰਕਾਰ ਕਰਦੇ ਹਨ :

> "ਸੁਰ ਤਾਲ ਸੰਬੂਹ ਵਿੱਚ ਲਿਖਿਆ ਹੈ ਕਿ ਸੋਰਠਿ, ਬਿਲਾਵਲ, ਸਾਰੰਗ, ਧਨਾਸਰੀ, ਨਟ, ਪੰਜੇ ਮਿਲਨੇ ਕਰਕੇ ਮਾਝ ਰਾਗ ਬਣਦਾ

ਹੈ । ਕੋਈ ਇਸ ਨੂੰ ਰਾਗਨੀ ਕਰਕੇ ਵੀ ਕਹਿੰਦੇ ਹਨ ਪ੍ਰੰਤੂ ਬੁੱਧ ਪ੍ਰਕਾਸ਼ ਦਰਪਨ ਵਿੱਚ ਇਉਂ ਲਿਖਿਆ ਹੈ :-

ਸਿਰੀ ਰਾਗ, ਮਧੁ ਮਾਧਵੀ, ਅਰ ਮਲਾਰ ਸੁਰ ਜਾਨ ।।
ਇਨ ਮਿਲ ਮਾਝ ਬਖਾਨਹੀ, ਲੀਜਹੁ ਗੁਨਜਨ ਮਾਨ ।। [1]

ਸੰਪੂਰਣ ਹੈ ਸ , ਰੇ, ਗ, ਮ, ਪ, ਧ, ਨਿ । ਦੁਪਹਿਰ ਦੇ ਪਿਛੋ ਇਸ ਨੂੰ ਗਾਉਂਦੇ ਹਨ ।

ਇਹ ਦੇਸੀ ਰਾਗ ਹੋਣੇ ਤੇ ਸੰਗੀਤ
ਵਿਚੋਂ ਬਹੁਤਾ ਹਾਲ ਨਹੀਂ ਮਿਲਦਾ ।[2]

ਮਾਝ ਰਾਗ ਦੇ ਕਈ ਸਰੂਪ ਮਿਲਦੇ ਹਨ ਜੋ ਹੇਠ ਲਿਖੇ ਅਨੁਸਾਰ ਹਨ :

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ :- "ਸੰਪੂਰਣ ਜਾਤੀ ਦਾ ਰਾਗ, ਇਸ ਵਿੱਚ ਰਿਸ਼ਭ, ਮਾਧਿਅਮ, ਪੰਚਮ, ਧੈਵਤ, ਸ਼ੁੱਧ ਗੰਧਾਰ ਅਤੇ ਨਿਸ਼ਾਦ ਦੋਵੇਂ ਸ਼ੁੱਧ ਅਤੇ ਕੋਮਲ ਲਗਦੇ ਹਨ । ਗ੍ਰਹਿ ਸੁਰ ਅਤੇ ਵਾਦੀ ਸ਼ੜਜ, ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗੰਧਾਰ ਹੈ । ਗਾਉਣ ਦਾ ਵੇਲਾ ਚੌਥਾ ਪਹਿਰ ਹੈ ।" [3]

| | | | | | |
|---|---|---|---|---|---|
| (ਅ) ਥਾਟ | : | ਖਮਾਜ | ਸੰਵਾਦੀ | : | ਪੰਚਮ |
| ਵਾਦੀ | : | ਸ਼ੜਜ | ਸਮਾਂ | : | ਦਿਨ ਦਾ ਚੌਥਾ ਪਹਿਰ |
| ਸੁਰ | : | ਦੋਵੇਂ ਨਿਸ਼ਾਦ | ਜਾਤੀ | : | ਸ਼ਾੜਵ ਸੰਪੂਰਣ |

---

1. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਦੂਜੀ), ਪੰਨਾ 775
2. ਚਰਨ ਸਿੰਘ (ਡਾ.) : ਬਾਣੀ ਬਿਉਰਾ , ਪੰਨਾ 41
3. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ , ਪੰਨਾ 961

ਆਰੋਹ : (I) ਸਾ, ਰੇ, ਮ ਪ ਧ, ਨੀ ਸਾਂ
(II) ਸਾ ਰੇ, ਗ ਮ ਪ, ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਨੀ ਧ ਪ, ਮ ਗ ਰੇ ਸਾ [1]

ਉਪਰੋਕਤ ਸਰੂਪ ਵਿੱਚ ਆਰੋਹ ਦੇ ਦੋਵੇਂ ਪ੍ਰਕਾਰਾਂ ਵਿੱਚ ਸੁਰ ਭਿੰਨ ਹਨ ।

(ੲ) ਥਾਟ : ਬਿਲਾਵਲ — ਜਾਤੀ : ਸ਼ਾੜਵ ਸੰਪੂਰਣ

ਵਾਦੀ : ਗੰਧਾਰ — ਸੰਵਾਦੀ : ਧੈਵਤ

ਵਰਜਿਤ ਸੁਰ : ਆਰੋਹ ਵਿੱਚ ਰਿਸ਼ਭ — ਸਮਾਂ : ਦਿਨ ਦਾ ਚੌਥਾ ਪਹਿ

ਆਰੋਹ : ਸਾ ਗ, ਮ, ਮ ਪ, ਮਪ , ਗ , ਗ ਮ ਧ ਨੀ ਸਾਂ

ਅਵਰੋਹ : ਸਾਂ ਨੀ ਧ, ਪਮ , ਗ, ਪ ਮ ਗ, ਰੇ ਸਾ, ਰੇ ਸਾ

ਮੁੱਖ ਅੰਗ : ਸਾ ਗ ਮ, ਪ ਮ ਪ ਗ, ਧ ਮ ਗ, ਰੇ ਸਾ [2]

(ਸ) ਥਾਟ : ਖਮਾਜ — ਜਾਤੀ : ਸ਼ਾੜਵ ਸੰਪੂਰਣ

ਵਾਦੀ : ਸ਼ੜਜ — ਸੰਵਾਦੀ : ਪੰਚਮ

ਸੁਰ : ਦੋਨੋਂ ਨਿਸ਼ਾਦ — ਵਰਜਿਤ ਸੁਰ : ਆਰੋਹ ਵਿੱਚ ਰਿਸ਼ਭ

ਸਥਾਨ : ਮੰਦਰ, ਮੱਧ ਤੇ ਤਾਰ — ਸਮਾਂ : ਦਿਨ ਦਾ ਚੌਥਾ ਪਹਿ

ਆਰੋਹ : ਸਾ ਗ, ਮ ਪ, ਧ ਨੀ ਧ ਪ, ਮ ਪ ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਨੀ ਧ ਪ, ਮ ਪ ਧ ਮ ਗ ਰੇ ਸਾ

ਮੁੱਖ ਅੰਗ : ਸਾ ਗ ਮ ਪ, ਮ ਗ,

---

1. Mansukhani,G.B. : Indian Classical Music and Sikh Kirtan.

2. ਰਾਮ ਕ੍ਰਿਸ਼ਨ ਬੂਆ ਬੁਝੇ : ਸੰਗੀਤ ਕਲਾ ਪ੍ਰਕਾਸ਼ (ਭਾਗ ਪਹਿਲਾ), ਪੰਨਾ 55

(ਹ)

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਔੜਵ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਦੋਵੇਂ ਗੰਧਾਰ, ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ ਧੈਵਤ |
| ਸਮਾਂ | : | ਦਿਨ ਦਾ ਚੌਥਾ ਪਹਿਰ | | | |

ਆਰੋਹ : ਸਾ ਰੇ, ਮ ਪ, ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਮ ਗ ਮ ਰੇ ਪ, ਮਗ, ਰੇ ਗ ਸਾ
ਰੇ ਨ਼ੀ, ਸਾ

ਮੁੱਖ ਅੰਗ : ਪ, ਧ ਮ ਗ ਮ ਰੇ ਪ, ਮਗ, ਰੇ, ਗ ਸਾ ਰੇ,
ਸਾਨ਼ੀ ਸਾ ।[1]

ਮਾਝ ਰਾਗ ਦੇ ਇੰਨੇ ਸਰੂਪ ਪ੍ਰਚਾਰ ਵਿੱਚ ਹੁੰਦਿਆਂ ਹੋਇਆਂ ਪ੍ਰੋ. ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[4], ਰਾਗ ਨਿਰਣਾਇਕ ਕਮੇਟੀ[5] ਆਦਿ ਬਹੁਮਤ ਵਿਦਵਾਨਾਂ ਨੇ ਇਸ ਸਰੂਪ ਨੂੰ ਪ੍ਰਵਾਨਿਆ ਹੈ :-

| | | | | | |
|---|---|---|---|---|---|
| ਥਾਟ | : | ਕਾਫੀ | ਜਾਤੀ | : | ਔੜਵ-ਵਕਰ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਦੋਵੇਂ ਗੰਧਾਰ, ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਧੈਵਤ । |

---

1. ਗਿਆਨ ਸਿੰਘ ਐਬਟਾਬਾਦ : ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 12
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 28-29
3. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 15-16
4. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 23
5. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ,1991, ਪੰਨਾ 3

ਆਰੋਹ : ਸਾ ਰੇ, ਮ ਪ, ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਮ ਗ ਮ, ਰੇਪ, ਗ ਰੇ ਗ ਸਾ,
ਰੇ ਨ਼ੀ ਸਾ ।

ਮੁੱਖ ਅੰਗ : ਪ, ਧ ਮ ਗ ਮ, ਰੇ ਪ, ਮ ਗ , ਰੇ ਗ ਸਾ ਰੇ, ਨ਼ੀ ਸਾ

(3) ਰਾਗ ਗਉੜੀ : ਰਾਗ ਗਉੜੀ ਪ੍ਰਾਚੀਨ ਰਾਗ ਹੈ । ਗੁਰਮਤਿ ਸੰਗੀਤ ਵਿੱਚ ਇਹ ਇੱਕ ਮਹੱਤਵਪੂਰਨ ਰਾਗ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮੁੱਖ 31 ਰਾਗਾਂ ਵਿੱਚ ਇਸ ਦੀ ਗਿਣਤੀ ਹੁੰਦੀ ਹੈ । ਆਦਿ ਗ੍ਰੰਥ ਵਿੱਚ ਰਾਗ ਗਉੜੀ ਅਤੇ ਉਸ ਦੇ ਪ੍ਰਕਾਰਾਂ ਵਿੱਚ ਬਹੁਤ ਸਾਰੀ ਬਾਣੀ ਅੰਕਿਤ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਗਉੜੀ ਪੁਰਾਣੇ ਸਮੇਂ ਵਿੱਚ ਬੜਾ ਮਹੱਤਵਪੂਰਨ ਰਾਗ ਰਿਹਾ ਹੋਵੇਗਾ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਸ ਰਾਗ ਦੇ ਸਬੰਧ ਵਿੱਚ ਫੁਰਮਾਨ ਹੈ :

"ਗਉੜੀ ਰਾਗ ਸੁਲਖਣੀ ਜੇ ਖਸਮੈ ਚਿਤਿ ਕਰੇਇ ॥
ਭਾਣੇ ਚਲੈ ਸਤਿਗੁਰੂ ਕੇ ਐਸਾ ਸੀਗਾਰ ਕਰੇਇ ॥[1]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਹੀ ਇੱਕ ਅਜਿਹਾ ਰਾਗ ਹੈ ਜਿਸ ਦੇ ਸਭ ਰਾਗਾਂ ਤੋਂ ਜ਼ਿਆਦਾ ਪ੍ਰਕਾਰ ਦਰਜ ਹਨ । ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਗਉੜੀ ਦੇ ਜੋ ਪ੍ਰਕਾਰ ਮਿਲਦੇ ਹਨ ਉਹ ਇਸ ਪ੍ਰਕਾਰ ਹਨ : ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਬੈਰਾਗਣ, ਗਉੜੀ ਚੇਤੀ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਸੋਰਠਿ ।

---

1. ਆਦਿ ਗ੍ਰੰਥ : ਗਉੜੀ ਕੀ ਵਾਰ ਮਹਲਾ 5, ਸਲੋਕ ਮਹਲਾ 3, ਪੰਨਾ 311

ਭਾਰਤੀ ਸੰਗੀਤ ਵਿੱਚ ਵੀ ਗਉੜੀ ਰਾਗ ਕਾਫੀ ਮਹੱਤਵਪੂਰਨ ਰਾਗ ਰਿਹਾ ਹੈ। ਭਾਰਤੀ ਸੰਗੀਤ ਦੇ ਗ੍ਰੰਥਾਂ ਵਿੱਚ ਇਸ ਨੂੰ ਕਈ ਨਾਮਾਂ ਨਾਲ ਲਿਖਿਆ ਮਿਲਦਾ ਹੈ ਜਿਵੇਂ; ਗੋਰੀ, ਗਵਰੀ, ਗਉਰੀ, ਗੌੜੀ ਆਦਿ।

ਸ੍ਰ. ਪਿਆਰਾ ਸਿੰਘ ਜੀ ਨੇ ਆਪਣੇ 'ਗੁਰੂ ਗ੍ਰੰਥ ਸੰਕੇਤ ਕੋਸ਼' ਵਿੱਚ ਲਿਖਿਆ ਹੈ, "ਪੁਰਾਤਨ ਸੰਗੀਤਵੇਤਾ ਇਸ ਨੂੰ ਸਿਰੀ ਰਾਗ ਦੀ ਰਾਗਨੀ ਕਹਿੰਦੇ ਸਨ, ਪਿੱਛੋਂ ਰਾਗ ਕਰਕੇ ਪ੍ਰਸਿੱਧ ਹੋਈ।"[1] ਕਿਰਿਆਤਮਿਕ ਤੌਰ ਤੇ ਇਸ ਰਾਗ ਦੇ ਸਰੂਪ ਇਸ ਪ੍ਰਕਾਰ ਹਨ :-

(ੳ) ਪੰਡਿਤ ਤਾਰਾ ਸਿੰਘ ਨਰੋਤਮ ਨੇ ਵੀ ਇਸ ਰਾਗ ਦਾ ਸਰੂਪ ਲਿਖਿਆ ਹੈ ਪਰ ਇਹ ਸਪੱਸ਼ਟ ਨਹੀਂ ਹੈ। ਇਸ ਸਰੂਪ ਅਨੁਸਾਰ, "ਗਉੜੀ ਮਾਲਕੌਂਸ ਦੀ ਰਾਗਨੀ ਹੈ, ਇਸ ਵਿੱਚ ਧੈਵਤ ਅਤੇ ਰਿਸ਼ਭ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ-ਔੜਵ ਹੈ।"[2]

(ਅ)

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ ਦੋਵੇਂ ਮਧਿਅਮ | ਸਮਾਂ | : | ਸ਼ਾਮ |
| ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਧੈਵਤ | | | |
| ਆਰੋਹ | : | ਸਾ ਰੇ ਪ, ਮੰ, ਪ ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਪ, ਮ, ਪ ਗ ਰੇ ਮੰ ਗ ਰੇ ਸਾ[3] | | | |

---

1. ਗੁਰੂ ਗ੍ਰੰਥ ਸੰਕੇਤ ਕੋਸ਼ : ਪੰਨਾ 135
2. ਗੁਰੂ ਗਿਰਾਰਥ ਕੋਸ਼, ਪੰਨਾ 509
3. ਵਸੰਤ : ਰਾਗ ਕੋਸ਼, ਪੰਨਾ 15

| | | | | | |
|---|---|---|---|---|---|
| (ੲ) | ਥਾਟ | : ਪੂਰਵੀ | ਜਾਤੀ | : | ਵਕਰ-ਸੰਪੂਰਣ |
| | ਵਾਦੀ | : ਰਿਸ਼ਭ | ਸੰਵਾਦੀ | : | ਪੰਚਮ |
| | ਸੁਰ | : ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ | ਸਮਾਂ | : | ਸ਼ਾਮ |

ਆਰੋਹ : ਨ਼ੀ ਰੇ ਗ ਰੇ ਮ॑ ਪ ਧ ਪ, ਨੀ ਸਾਂ

ਅਵਰੋਹ : ਸਾਂ ਨੀ ਧ ਪ, ਮ॑ ਗ ਰੇ ਮ॑ ਗ ਰੇ ਸਾ ਰੇ, ਨ਼ੀ ਨ਼ੀ ਸਾ

ਮੁੱਖ ਅੰਗ : ਮ॑ ਗ ਰੇ ਮ॑ ਗ ਰੇ ਸਾ ਰੇ ਨ਼ੀ ਸਾ ਨ਼ੀ ਧ਼ ਨ਼ੀ [1]

| | | | | | |
|---|---|---|---|---|---|
| (ਸ) | ਥਾਟ | : ਬਿਲਾਵਲ | ਜਾਤੀ | : | ਸ਼ਾੜਵ-ਵਕਰ ਸੰਪੂਰਣ |
| | ਵਾਦੀ | : ਮਧਿਅਮ | ਸੰਵਾਦੀ | : | ਸ਼ੜਜ |
| | ਸੁਰ | : ਆਰੋਹ ਵਿੱਚ ਨਿਸ਼ਾਦ ਕੋਮਲ | ਸਮਾਂ | : | ਦਿਨ ਦਾ ਚੌਥਾ ਪਹਿਰ |

ਆਰੋਹ : ਸ ਗ, ਮ ਰੇ ਪ, ਧ ਨੀ ਸਾਂ

ਅਵਰੋਹ : ਸਾਂ ਧ ਨੀ ਪ, ਧ ਨੀ ਪ, ਮ ਪ ਮ ਗ, ਮ ਗ ਰੇ ਸਾ

ਮੁੱਖ ਅੰਗ : ਸਾ ਸਾ, ਗ, ਮ ਰੇ ਪ, ਗ ਪ ਮ ਪ ਮ ਗ, ਰੇ ਸਾ
ਨ਼ੀ ਨ਼ੀ ਸਾ [2]

| | | | | | |
|---|---|---|---|---|---|
| (ਹ) | ਥਾਟ | : ਭੈਰਉ | ਜਾਤੀ | : | ਔੜਵ ਸੰਪੂਰਣ |
| | ਵਾਦੀ | : ਰੇ | ਸੰਵਾਦੀ | : | ਪ |
| | ਸਮਾਂ | : ਸਵੇਰ ਦਾ | | | |

---

1. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ , ਪੰਨਾ 8
2. ਰਾਮ ਕ੍ਰਿਸ਼ਨ ਬੂਆ ਬੁਝੇ : ਸੰਗੀਤ ਕਲਾ ਪ੍ਰਕਾਸ਼ , ਪੰਨਾ 45

ਆਰੋਹ : ਸਾ ਰੇ ਮ ਪ ਨੀ ਸਾਂ

ਅਵਰੋਹ : ਸਾਂ ਨੀ ਧ ਪ ਮ ਗ ਰੇ ਸਾ ਨੀ ਸਾ[1]

| | | | | | |
|---|---|---|---|---|---|
| (ਕ) | ਥਾਟ : | ਪੂਰਵੀ | ਜਾਤੀ | : | ਔੜਵ-ਸ਼ਾੜਵ |
| | ਵਾਦੀ : | ਰਿਸ਼ਭ | ਸੰਵਾਦੀ | : | ਪੰਚਮ |
| | ਸੁਰ : | ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਧੈਵਤ; ਅਵਰੋਹ ਵਿੱਚ ਗੰਧਾਰ |
| | ਸਮਾਂ : | ਸ਼ਾਮ | | | |

ਆਰੋਹ : ਸਾ ਰੇ ਮ' ਪ ਨੀ ਸਾਂ

ਅਵਰੋਹ : ਸਾਂ ਨੀ ਧ ਪ ਮ' ਰੇ ਸਾ

ਮੁੱਖ ਅੰਗ : ਸਾ, ਰੇ ਸਾ, ਨੀ ਰੇ ਮ' ਰੇ, ਪ ਮ' ਰੇ ਸਾ[2]

| | | | | | |
|---|---|---|---|---|---|
| (ਖ) | ਥਾਟ : | ਭੈਰਵ | ਜਾਤੀ | : | ਸ਼ਾੜਵ-ਸੰਪੂਰਣ |
| | ਵਾਦੀ : | ਮਧਿਅਮ | ਸੰਵਾਦੀ | : | ਸ਼ੜਜ |
| | ਸੁਰ : | ਰਿਸ਼ਭ, ਧੈਵਤ ਕੋਮਲ | ਨਿਆਸ | : | ਮੰਦਰ ਨਿਸ਼ਾਦ |

ਆਰੋਹ : ਸਾ ਰੇ ਗ ਰੇ, ਗ ਮ ਪ ਮ, ਪ ਧ ਨੀ ਸਾਂ

ਅਵਰੋਹ : ਸਾਂ ਨੀ, ਧ ਪ, ਧ ਪ ਮ, ਰੇ ਗ, ਰੇ ਗ ਰੇ ਨੀ, ਸਾ ਨੀ

ਮੁੱਖ ਅੰਗ : ਸਾ ਧ ਪ ਧ ਮ ਪ ਗ ਮ, ਗ ਰੇ ਗ ਰੇ ਸਾ
ਰੇ ਨੀ ਸਾ, ਨੀ ਧ ਨੀ[3]

---

1. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ : ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ, (ਭਾਗ ਪਹਿਲਾ) ਪੰਨਾ 33

2. ਅਹੋਬਲ : ਸੰਗੀਤ ਪਾਰਿਜਾਤ , ਪੰਨਾ 115

3. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 24

(ਗ) ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਬਹੁਮਤ ਵਿਦਵਾਨਾਂ ਨੇ ਰਾਗ ਗਉੜੀ ਦੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ। ਡਾ. ਗੁਰਨਾਮ ਸਿੰਘ[1], ਵਿਨਾਇਕ ਰਾਵ ਪਟਵਰਧਨ[2], ਰਾਗ ਨਿਰਣਾਇਕ ਕਮੇਟੀ[3] ਨੇ ਵੀ ਇਹ ਸਰੂਪ ਪ੍ਰਵਾਨਿਆ ਹੈ :-

| | | | | | |
|---|---|---|---|---|---|
| ਥਾਟ | : | ਭੈਰਵ | ਜਾਤੀ | : | ਸ਼ਾੜਵ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ | ਵਰਜਿਤ ਸੁਰ | : | ਆਰੋਹ ਵਿੱਚ ਧੈਵਤ |
| ਸਮਾਂ | : | ਰਾਤ ਦਾ ਪਹਿਲਾ ਪਹਿਰ | | | |
| ਆਰੋਹ | : | ਸਾ ਰੇ ਗ ਰੇ ਮ ਪ ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਮ ਪ, ਧ ਪ ਮ ਗ, ਗ ਰੇ ਸਾ ਨ਼ੀ ਸਾ | | | |
| ਮੁੱਖ ਅੰਗ | : | ਮ ਧ ਪ ਧ ਮ ਪ ਗ ਮ, ਰੇ | | | |

## (i) ਗਉੜੀ ਗੁਆਰੇਰੀ

ਗਉੜੀ ਗੁਆਰੇਰੀ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਦੇ ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦਾ ਉਲੇਖ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਰਾਗ ਗਉੜੀ ਦੇ ਪ੍ਰਕਾਰ ਵਜੋਂ ਅੰਕਿਤ ਹੈ। ਇਸ ਰਾਗ ਦੇ ਨਾਦਾਤਮਿਕ ਸਰੂਪ ਹੇਠ ਲਿਖੇ ਅਨੁਸਾਰ ਹਨ :-

---

1. ਆਦਿ ਗ੍ਰੰਥ: ਰਾਗ ਕੋਸ਼, ਪੰਨਾ 32
2. ਰਾਗ ਵਿਗਿਆਨ (ਭਾਗ-5), ਪੰਨਾ 167
3. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, ਪੰਨਾ 4

(ੳ) ਪੰਡਿਤ ਤਾਰਾ ਸਿੰਘ ਨਰੋਤਮ ਜੀ ਅਨੁਸਾਰ, "ਰਾਗ ਗਉੜੀ ਗੁਆਰੇਰੀ ਸ਼ਾੜਵ ਜਾਤੀ ਦਾ ਰਾਗ ਹੈ। ਇਸ ਵਿੱਚ ਗੰਧਾਰ ਵਰਜਿਤ ਹੈ, ਇਸ ਦਾ ਗਾਇਨ ਸਮਾਂ ਸ਼ਾਮ ਹੈ, ਇਸ ਰਾਗ ਦੀ ਰਚਨਾ ਸ਼ੁੱਧ ਗਉੜੀ ਅਤੇ ਚੇਤੀ ਦੇ ਮੇਲ ਤੋਂ ਹੋਈ ਹੈ।"[1]

(ਅ)

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਔੜਵ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਧੈਵਤ |

ਆਰੋਹ : ਸ ਰੇ॒ ਮ॑ ਪ ਨੀ ਸਂ

ਅਵਰੋਹ : ਸਂ ਨੀ ਧ॒ ਪ ਮ॑ ਗ ਰੇ॒ ਸਾ

ਮੁੱਖ ਅੰਗ : ਰੇ॒ ਨ਼ੀ, ਸ, ਪ, ਮ॑ ਰੇ॒ ਸਾ[2]

(ੲ)

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਸ਼ਾੜਵ-ਸ਼ਾੜਵ |
| ਵਾਦੀ | : | ਧੈਵਤ | ਸੰਵਾਦੀ | : | ਰਿਸ਼ਭ |
| ਸੁਰ | : | ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ | ਵਿਸਥਾਰ | : | ਮੰਦਰ ਅਤੇ ਮੱਧ |
| ਵਰਜਿਤ ਸੁਰ | : | ਪੰਚਮ | ਸਮਾਂ | : | ਸ਼ਾਮ |

---

1. ਗੁਰੂ ਗਿਰਾਰਥ ਕੋਸ਼, (ਭਾਗ ਪਹਿਲਾ), ਪੰਨਾ 510

2. ਗੁਰਨਾਮ ਸਿੰਘ (ਡਾ.) : ਆਦਿ ਗ੍ਰੰਥ: ਰਾਗ ਕੋਸ਼, ਪੰਨਾ 30

ਆਰੋਹ : ਨ਼ੀ ਰੇ ਗ, ਮੰ ਧ ਨੀ ਸਾਂ

ਅਵਰੋਹ : ਸਾਂ ਨੀ ਧ ਮੰ ਗ ਰੇ ਸਾ

ਮੁੱਖ ਅੰਗ : ਰੇ ਗ ਰੇ, ਧ ਮੰ ਗ ਨ਼ੀ, ਸਾ ਰੇ ਨ਼ੀ ਸਾ[1]

ਗਉੜੀ ਗੁਆਰੇਰੀ ਦਾ ਇਹ ਸਰੂਪ ਪ੍ਰਵਾਨਿਤ ਮੰਨਿਆ ਗਿਆ ਹੈ । ਪ੍ਰੋ: ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[4] ਦੁਆਰਾ ਇਹੋ ਸਰੂਪ ਪ੍ਰਵਾਨਿਆ ਗਿਆ ਹੈ ।

| | | | |
|---|---|---|---|
| ਥਾਟ | : ਮਾਰਵਾ | ਜਾਤੀ | : ਔੜਵ-ਸ਼ਾੜਵ |
| ਵਾਦੀ | : ਗੰਧਾਰ | ਸੰਵਾਦੀ | : ਧੈਵਤ |
| ਸੁਰ | : ਦੋਵੇਂ ਮਧਿਅਮ | ਨਿਆਸ ਸੁਰ | : ਨਿਸ਼ਾਦ |
| ਵਰਜਿਤ ਸੁਰ | : ਆਰੋਹ ਵਿੱਚ ਰਿਸ਼ਭ,ਪੰਚਮ<br>ਅਵਰੋਹ ਵਿੱਚ ਪੰਚਮ | | |

ਆਰੋਹ : ਸਾ ਗ ਮੰ ਧ ਨੀ ਸਾਂ

ਅਵਰੋਹ : ਸਾਂ ਨੀ ਧ ਮੰ ਗ ਮ ਗ ਰੇ ਸਾ

ਮੁੱਖ ਅੰਗ : ਨ਼ੀ ਸਾ ਗ, ਮੰ ਧ ਮੰ ਗ, ਮੰ ਗ ਮ ਗ ਰੇ ਸਾ

---

1. ਸੰਤ ਸਰਵਣ ਸਿੰਘ ਗੰਧਰਵ : ਸੁਰ ਸਿਮਰਣ ਸੰਗੀਤ (ਭਾਗ ਚੌਥਾ), ਪੰਨਾ 152
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 20
3. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 30-31
4. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) , ਪੰਨਾ 61

(ii) <u>ਗਉੜੀ ਦੱਖਣੀ</u>

ਰਾਗ ਗਉੜੀ ਦਾ ਪ੍ਰਕਾਰ 'ਗਉੜੀ ਦੱਖਣੀ' ਦੱਖਣੀ ਪੱਧਤੀ ਦਾ ਰਾਗ ਹੈ। ਇਸ ਦੇ ਦੱਖਣੀ ਪੱਧਤੀ ਦੇ ਰਾਗ ਹੋਣ ਬਾਰੇ ਅਸੀਂ ਪਹਿਲਾਂ ਚਰਚਾ ਕਰ ਆਏ ਹਾਂ। ਇਸ ਦਾ ਨਾਦਾਤਮਿਕ ਸਰੂਪ ਇਸ ਪ੍ਰਕਾਰ ਹੈ :-

| | | | | | |
|---|---|---|---|---|---|
| ਥਾਟ | : | ਮਾਯਾਮਾਲਵ ਗੌੜ | ਜਾਤੀ | : | ਔੜਵ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਧੈਵਤ |

ਆਰੋਹ : ਸਾ ਰੇ̲ ਪ ਮ ਪ ਨੀ ਸਾਂ

ਅਵਰੋਹ : ਸਾਂ ਨੀ ਧ̲ ਪ, ਮ ਪ ਗ ਰੇ̲ ਮ ਗ ਰੇ̲ ਸਾ [1]

(iii) <u>ਗਉੜੀ ਚੇਤੀ</u>

ਰਾਗ ਗਉੜੀ ਅਧੀਨ ਅੰਕਿਤ ਰਾਗ 'ਗਉੜੀ ਚੇਤੀ' ਇੱਕ ਅਪ੍ਰਚੱਲਿਤ ਪ੍ਰਕਾਰ ਹੈ। ਇਸ ਰਾਗ ਵਿੱਚ ਤੀਵਰ ਮਧਿਅਮ ਦਾ ਅਧਿਕ ਪ੍ਰਯੋਗ ਹੋਣ ਕਾਰਨ ਇਸ ਨੂੰ 'ਪੂਰਵੀ ਅੰਗ ਦੀ ਗਉੜੀ' ਵੀ ਕਹਿੰਦੇ ਹਨ। ਇਸ ਰਾਗ ਦੇ ਸਮੁੱਚੇ ਚਲਨ ਵਿੱਚ ਰਾਗ ਸਿਰੀ ਅਤੇ ਗਉੜੀ ਦੀ ਰੰਗਤ ਦਿਖਾਈ ਦਿੰਦੀ ਹੈ। ਇਸ ਰਾਗ ਨੂੰ ਹੇਠ ਲਿਖੇ ਸਰੂਪਾਂ ਅਨੁਸਾਰ ਗਾਇਆ

---

1. ਵਸੰਤ : <u>ਰਾਗ ਕੋਸ਼</u>, ਪੰਨਾ 48

ਵਜਾਇਆ ਜਾਂਦਾ ਹੈ :-

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਔੜਵ ਜਾਤੀ ਦੀ ਰਾਗਨੀ ਹੈ, ਇਸ ਵਿੱਚ ਸ਼ੜਜ, ਪੰਚਮ, ਨਿਸ਼ਾਦ ਸ਼ੁੱਧ, ਰਿਸ਼ਭ ਕੋਮਲ ਅਤੇ ਮਧਿਅਮ ਤੀਵਰ ਲੱਗਦਾ ਹੈ। ਗੰਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।"[1]

(ਅ) ਪੰਡਿਤ ਤਾਰਾ ਸਿੰਘ ਜੀ ਨੇ ਵੀ ਆਪਣੇ ਗ੍ਰੰਥ ਵਿੱਚ ਇਸ ਰਾਗ ਦਾ ਸਰੂਪ ਲਿਖਿਆ ਹੈ ਪਰ ਇਸ ਵਿੱਚ ਸਪੱਸ਼ਟਤਾ ਨਹੀਂ ਹੈ :

> "ਗਉੜੀ ਚੇਤੀ ਦੇ ਸੰਗੀਤ ਸੰਕੇਤ ਖਟ ਸੂਰ ਕਾ ਖਾੜਵ ਰਾਗ ਹੈ;
> ਸਾ ਰੇ ਨੀ ਧ ਪ ਮ, ਸਯਾਮ ਸਮੈਂ ਗਾਨਾ।"[2]

| | | | | | |
|---|---|---|---|---|---|
| (ੲ) | ਥਾਟ | : ਮਾਰਵਾ | ਜਾਤੀ | : | ਸ਼ਾੜਵ ਸੰਪੂਰਣ |
| | ਵਾਦੀ | : ਸ਼ੜਜ | ਸੰਵਾਦੀ | : | ਪੰਚਮ |
| | ਸੁਰ | : ਰਿਸ਼ਭ ਕੋਮਲ, ਮਧਿਅਮ ਤੀਵਰ | ਸਮਾ | : | ਰਾਤ ਦਾ ਪਹਿਲਾ ਪਹਿਰ |

ਆਰੋਹ : ਸਾ ਰੇ ਗ ਰੇ ਮੰ ਪ, ਮੰ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ ਮੰ ਗ ਰੇ ਸਾ

ਮੁੱਖ ਅੰਗ : ਸਾ, ਰੇ ਪ, ਮੰ ਗ ਰੇ ਸਾ ਨ਼ੀ ਧ਼ ਨ਼ੀ, ਸਾ[3]

---

1. ਮਹਾਨ ਕੋਸ਼, ਪੰਨਾ 389
2. ਗੁਰੂ ਗਿਰਾਰਥ ਕੋਸ਼, ਪੰਨਾ 505
3. ਗਿਆਨ ਸਿੰਘ ਐਬਟਾਬਾਦ : ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 24

ਕੁੱਝ ਸੰਗੀਤਕਾਰ ਇਸ ਸਰੂਪ ਵਿੱਚ ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਵੀ ਮੰਨਦੇ ਹਨ [1] ।

| | | | | | |
|---|---|---|---|---|---|
| (ਜ) ਥਾਟ | : | ਪੂਰਵੀ | ਜਾਤੀ | : | ਸ਼ਾੜਵ ਸੰਪੂਰਨ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਸੁਰ | : | ਰਿਸ਼ਭ ਧੈਵਤ ਕੋਮਲ, ਦੋਵੇਂ ਮਧਿਅਮ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ |
| ਸਮਾਂ | : | ਸ਼ਾਮ | | | |

ਸੰਤ ਸਰਵਣ ਸਿੰਘ ਜੀ ਅਨੁਸਾਰ ਆਮ ਗਾਇਕ ਇਸ ਨੂੰ ਜ਼ਿਆਦਾ ਚੇਤ ਦੇ ਮਹੀਨੇ ਗਾਉਣਾ ਪਸੰਦ ਕਰਦੇ ਹਨ । ਇਸ ਕਰਕੇ ਇਸ ਦਾ ਨਾਮ ਚੇਤੀ ਗਉੜੀ ਕਹਿ ਕੇ ਪੁਕਾਰਦੇ ਹਨ । ਸਿਰੀ ਅਤੇ ਗਉੜੀ ਦੇ ਮੇਲ ਨਾਲ ਇਸ ਰਾਗ ਦੀ ਰਚਨਾ ਹੋਈ ਹੈ ।

ਇਸ ਦੇ ਪੂਰਵਾਂਗ ਵਿੱਚ ਸਿਰੀ ਅਤੇ ਉਤਰਾਂਗ ਵਿੱਚ ਗਉੜੀ ਦੇ ਸੁਰ ਲਾਏ ਜਾਂਦੇ ਹਨ ।

| | | |
|---|---|---|
| ਆਰੋਹ | : | ਸਾ <u>ਰੇ</u> ਮੇਂ ਪ, ਮੇਂ <u>ਧ</u> ਨੀ ਸਾਂ |
| ਅਵਰੋਹ | : | ਸਾਂ ਨੀ <u>ਧ</u> ਪ, <u>ਧ</u> ਮ , ਪ ਮੇਂ, <u>ਧ</u> ਮੇਂ, ਗ <u>ਰੇ</u>, ਗ <u>ਰੇ</u> ਸਾ |
| ਮੁੱਖ ਅੰਗ | : | ਨੀ <u>ਧ</u> ਪ, <u>ਧ</u> ਮ, <u>ਧ</u> ਮੇਂ, ਗ <u>ਰੇ</u>, ਗ <u>ਰੇ</u> ਸਾ [2] |

(ਹ) ਗਉੜੀ ਦੇ ਇਸ ਸਰੂਪ ਦਾ ਪ੍ਰਯੋਗ ਬਹੁਤੇ ਵਿਦਵਾਨਾਂ ਨੇ ਕੀਤਾ ਹੈ ।

---

1. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ.: <u>ਪ੍ਰਾਚੀਨ ਰੀਤ ਰਤਨਾਵਲੀ</u> (ਭਾਗ ਪਹਿਲਾ), ਪੰਨਾ 45

2. <u>ਸੁਰ ਸਿਮਰਣ ਸੰਗੀਤ</u> (ਭਾਗ ਚੌਥਾ), ਪੰਨਾ 162

ਪ੍ਰੋ:ਤਾਰਾ ਸਿੰਘ[1] , ਡਾ. ਗੁਰਨਾਮ ਸਿੰਘ[2] , ਜੀ ਨੇ ਵੀ ਇਸੇ ਸਰੂਪ ਨੂੰ ਸਵੀਕਾਰਿਆ ਹੈ ।

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਔੜਵ ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਸੁਰ | : | ਰਿਸ਼ਭ, ਧੈਵਤ ਕੋਮਲ ਮਧਿਅਮ ਦੋਵੇਂ | ਸਮਾ | : | ਦਿਨ ਦਾ ਚੌਥਾ ਪਹਿਰ |

ਆਰੋਹ : ਸਾ ਰੇ ਰੇ, ਮੰ ਪ, ਮੰ ਪ ਨੀ ਸਾ

ਅਵਰੋਹ : ਸਾ ਨੀ ਧ ਪ, ਧ ਮ, ਪ ਮੰ ਧ ਮੰ, ਗ ਰੇ ਗ ਰੇ ਸਾ ।

ਮੁੱਖ ਅੰਗ : ਨੀ ਧ ਪ, ਧ ਮ, ਪ ਮੰ ਧ ਮੰ, ਗ ਰੇ ਗ ਰੇ ਸਾ

(iv) ਗਉੜੀ ਬੈਰਾਗਣਿ

ਗਉੜੀ ਬੈਰਾਗਣਿ ਇੱਕ ਅਪ੍ਰਸਿੱਧ ਅਤੇ ਅਪ੍ਰਚੱਲਿਤ ਰਾਗ ਹੈ ਜਿਸ ਦਾ ਭਾਰਤੀ ਸੰਗੀਤ ਸ਼ਾਸਤਰ ਦੇ ਪੁਰਾਤਨ ਅਤੇ ਆਧੁਨਿਕ ਗ੍ਰੰਥਾਂ ਵਿੱਚ ਕੋਈ ਜਿਕਰ ਨਹੀਂ ਮਿਲਦਾ । ਇਸ ਰਾਗ ਦੇ ਕਿਰਿਆਤਮਿਕ ਤੌਰ ਤੇ ਹੇਠ ਲਿਖੇ ਸਰੂਪ ਮਿਲਦੇ ਹਨ :-

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਸੰਪੂਰਣ ਜਾਤੀ ਦੀ ਰਾਗਨੀ ਹੈ, ਸ਼ੜਜ, ਗੰਧਾਰ, ਪੰਚਮ, ਨਿਸ਼ਾਦ ਸ਼ੁੱਧ, ਰਿਸ਼ਭ, ਧੈਵਤ ਕੋਮਲ ਅਤੇ ਮਧਿਅਮ ਤੀਵਰ ਲੱਗਦਾ ਹੈ, ਮੱਧਮ ਵਾਦੀ, ਰਿਸ਼ਭ ਸੰਵਾਦੀ ਅਤੇ ਗ੍ਰਹਿ ਸੁਰ ਸ਼ੜਜ ਹੈ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ ।"[3]

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 32
2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 35
3. ਮਹਾਨ ਕੋਸ਼ , ਪੰਨਾ 389

(ਅ) ਪੰਡਿਤ ਤਾਰਾ ਸਿੰਘ ਨੇ ਇਸ ਰਾਗ ਦਾ ਇਹ ਸਰੂਪ ਮੰਨਿਆ ਹੈ, "ਗਉੜੀ ਬੈਰਾਗਣਿ ਦੇ ਸੰਗੀਤ ਦੇ ਸੰਕੇਤ ਸਾਤ ਸਵਰ ਕਾ ਹੈ, ਨਾਮਾਤਰ ਤ੍ਰਿਬਣ ਹੈ, ਸ੍ਰੀ ਰਾਗ, ਵਿਭਾਸ, ਗਉੜੀ ਤੀਨ ਕੇ ਮੇਲ ਸੇ ਬਣੀ ਹੈ, ਸਯਾਮ ਸਮੇਂ ਗਾਨਾ ।"[1]

(ੲ) ਪੂਰਵੀ ਅੰਗ ਗ ਵਾਦੀ, ਪ ਸੰਵਾਦੀ ਸਮਾਂ : ਸ਼ਾਮ

ਇਸ ਮੱਤ ਅਨੁਸਾਰ ਗਉੜੀ ਬੈਰਾਗਣਿ ਵਿੱਚ ਮੰਦਰ ਸਪਤਕ ਦੀ 'ਪ' ਔਰ ਮੱਧ ਸਪਤਕ ਦੀ 'ਪ' ਵਿੱਚ ਹੀ ਰਹਿਣਾ ਹੈ ।

ਅਲਾਪ : ਸਾ ਨੀ ਰੇ ਸਾ, ਨੀ ਧ ਪ ਰੇ ਸਾ,
ਗ ਗ ਰੇ ਸਾ, ਪ, ਮ ਪ ਧ ਪ, ਮ ਗ ਰੇ
ਸਾ ਨੀ ਸਾ ।[2]

(ਸ) ਥਾਟ : ਪੂਰਵੀ ਜਾਤੀ : ਸ਼ਾੜਵ ਸੰਪੂਰਣ

ਵਾਦੀ : ਗੰਧਾਰ ਸੰਵਾਦੀ : ਨਿਸ਼ਾਦ

ਸੁਰ : ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ ਪਰਕ੍ਰਿਤੀ : ਗੰਭੀਰ

ਆਰੋਹ : ਨੀ ਧ ਸਾ ਨੀ, ਰੇ ਗ ਮ ਪ, ਮ ਧ ਨੀ ਸਂ

ਅਵਰੋਹ : ਸਂ ਰੇਂ ਨੀ ਸਂ ਨੀ ਧ ਨੀ, ਧ ਪ, ਮ ਗ, ਮ ਗ ਰੇ ਸਾ

ਮੁੱਖ ਅੰਗ : ਮ ਗ ਰੇ, ਸਾ ਰੇ ਨੀ ਸਾ, ਨੀ ਧ ਸਾ ਨੀ ।[3]

---

1. *ਗੁਰੂ ਗਿਰਾਰਥ ਕੋਸ਼*, ਪੰਨਾ 504
2. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ : *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ*, ਪੰਨਾ 53
3. ਗੁਰਨਾਮ ਸਿੰਘ (ਡਾ.) : *ਆਦਿ ਗ੍ਰੰਥ: ਰਾਗ ਕੋਸ਼*, ਪੰਨਾ 36

(ਹ)

| | | | | | |
|---|---|---|---|---|---|
| ਥਾਟ | : | ਭੈਰਵ | ਜਾਤੀ | : | ਔੜਵ-ਔੜਵ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਵਰਜਿਤ ਸੁਰ | : | ਗੰਧਾਰ ਅਤੇ ਧੈਵਤ | ਸਮਾਂ | : | ਸ਼ਾਮ |

ਆਰੋਹ : ਸਾ, ਨੀ ਰੇ ਮ ਪ ਨੀ ਸਾਂ

ਅਵਰੋਹ : ਸਾਂ ਨੀ ਪ ਮ ਰੇ, ਪ ਮ ਰੇ ਨੀ ਸਾ

ਮੁੱਖ ਅੰਗ : ਸਾ ਰੇ ਨੀ, ਪ ਮ ਪ ਨੀ, ਪ ਰੇ ਸਾ ਰੇ ਨੀ ਸਾ

ਇਸ ਵਿੱਚ ਕਦੀ-ਕਦੀ ਤੀਵਰ ਮਧਿਅਮ ਤੇ ਕੋਮਲ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ ।[1]

(ਕ) ਗਉੜੀ ਬੈਰਾਗਣਿ ਦੇ ਇੰਨੇ ਸਰੂਪ ਹੁੰਦਿਆਂ ਹੋਇਆਂ ਬਹੁਮਤ ਵਿਦਵਾਨਾਂ ਨੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ :

| | | | | | |
|---|---|---|---|---|---|
| ਥਾਟ | : | ਭੈਰਵ | ਜਾਤੀ | : | ਔੜਵ-ਔੜਵ |
| ਵਾਦੀ | : | ਰਿਸ਼ਭ | ਸੰਵਾਦੀ | : | ਧੈਵਤ |
| ਸੁਰ | : | ਰਿਸ਼ਭ, ਧੈਵਤ ਕੋਮਲ ਦੋਵੇਂ ਨਿਸ਼ਾਦ | ਵਰਜਿਤ ਸੁਰ | : | ਪੰਚਮ ਤੇ ਗੰਧਾਰ |

ਸਮਾਂ : ਸਵੇਰ ਦਾ ਪਹਿਲਾ ਪਹਿਰ

ਆਰੋਹ : ਸਾ ਰੇ ਮ ਧ, ਨੀ ਸਾਂ

ਅਵਰੋਹ : ਸਾਂ ਨੀ ਧ ਮ, ਰੇ, ਸਾ ਨੀ ਧ ਸਾ ਨੀ ਰੇ ਸਾ

ਮੁੱਖ ਅੰਗ : ਧ ਮ, ਰੇ ਮ, ਰੇ ਸਾ, ਨੀ ਧ ਸਾ ਨੀ ਰੇ ਸਾ

---

1. ਸੰਤ ਸਰਵਣ ਸਿੰਘ ਗੰਧਰਵ : ਸੁਰ ਸਿਮਰਣ ਸੰਗੀਤ (ਭਾਗ ਚੌਥਾ), ਪੰਨਾ 148

(v) <u>ਗਉੜੀ ਦੀਪਕੀ</u>

ਗਉੜੀ ਦੀਪਕੀ ਇੱਕ ਅਪ੍ਰਚੱਲਿਤ ਰਾਗ ਹੈ । ਗਉੜੀ ਦੀਪਕੀ ਦੇ ਨਾਮ ਤੋਂ ਸਪੱਸ਼ਟ ਹੈ ਕਿ ਗਉੜੀ ਅਤੇ ਦੀਪਕੀ ਦੋ ਰਾਗਾਂ ਦੇ ਸੁਮੇਲ ਤੋਂ ਇਸ ਰਾਗ ਦੀ ਰਚਨਾ ਹੋਈ ਹੈ । ਗਉੜੀ ਦੀਪਕੀ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ । ਇਸ ਰਾਗ ਦੇ ਦੋ ਸਰੂਪ ਮਿਲਦੇ ਹਨ ਜੋ ਹੇਠ ਲਿਖੇ ਅਨੁਸਾਰ ਹਨ :-

(ੳ) ਸੰਤ ਸਰਵਣ ਸਿੰਘ ਗੰਧਰਵ ਅਨੁਸਾਰ, "ਇਹ ਸੰਕੀਰਣ ਥਾਟ ਦਾ ਰਾਗ ਹੈ, ਇਸ ਵਿੱਚ ਕੋਮਲ ਤੀਵਰ ਸੁਰ ਮਿਲਾ ਕੇ ਸਪਤਕ ਦੇ ਬਾਰ੍ਹਾਂ ਸੁਰ ਹੀ ਪ੍ਰਯੋਗ ਹੁੰਦੇ ਹਨ । ਇਹ ਇੱਕ ਅਪ੍ਰਚੱਲਿਤ ਪ੍ਰਕਾਰ ਹੈ । ਇਸ ਰਾਗ ਵਿੱਚ ਸੰਕੀਰਣ ਸੁਰ-ਸੰਗਤੀਆਂ ਦੇ ਮਿਸ਼ਰਣ ਨਾਲ ਹੀ ਵਿਸਥਾਰ ਹੁੰਦਾ ਹੈ । ਇਸ ਦਾ ਵਾਦੀ ਸੁਰ ਮੱਧਮ, ਸੰਵਾਦੀ ਸੁਰ ਸ਼ੜਜ ਹੈ । ਇਸ ਦੀ ਜਾਤੀ ਵਕਰ-ਸ਼ਾੜਵ-ਸੰਪੂਰਣ ਹੈ । ਇਸ ਰਾਗ ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਗਾਉਣ ਦਾ ਵੇਲਾ ਸੰਧਿਆ ਕਾਲ ਦਾ ਹੈ । ਇਸ ਦੇ ਆਰੋਹ ਵਿੱਚ ਧੈਵਤ ਵਰਜਿਤ ਹੈ ।"

ਆਰੋਹ : ਵਕਰ-ਸ਼ਾੜਵ — ਸਾ, ਰੇ ਨੀ ਸਾ, ਮ, ਗ ਮ ਗ ਰੇ ਗ ਮ' ਪ,
ਮ ਨੀ, ਪ ਸਾਂ

ਅਵਰੋਹ : ਵਕਰ-ਸੰਪੂਰਣ — ਸਾਂ ਰੇਂ ਨੀ ਸਾਂ, ਰੇਂ ਨੀ ਸਾਂ, ਨੀ ਧ ਪ ਮ' ਪ,
ਧ ਪ, ਮ ਗ ਰੇ ਗ ਸਾ, ਰੇ ਨੀ ਸਾ, ਨੀ ਧ,
ਪ ਰੇ ਸਾ ।

ਪਕੜ : ਰੇ ਨੀ ਸਾ, ਮ, ਗ ਮ, ਗ ਰੇ ਗ, ਮ' ਪ, ਧ ਪ, ਗ ਸਾ, ਨੀ,
ਧ ਪ ਰੇ, ਸਾ, ਮ ਸਾ ।[1]

---

1. <u>ਸੁਰ ਸਿਮਰਨ ਸੰਗੀਤ</u> (ਭਾਗ ਚੌਥਾ) , ਪੰਨਾ 183

(ਅ) ਗੁਰਮਤਿ ਸੰਗੀਤ ਦੇ ਜ਼ਿਆਦਾਤਰ ਵਿਦਵਾਨ ਪ੍ਰੋ: ਤਾਰਾ ਸਿੰਘ[1] , ਡਾ. ਗੁਰਨਾਮ ਸਿੰਘ[2] ਆਦਿ ਨੇ ਰਾਗ ਗਉੜੀ ਦੀਪਕੀ ਦੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ । ਰਾਗ ਦੇ ਇਸ ਸਰੂਪ ਦਾ ਆਰੰਭ ਦੋ ਢੰਗਾਂ ਨਾਲ ਕੀਤਾ ਜਾਂਦਾ ਹੈ ।

ਦੀਪਕੀ ਅੰਗ : ਨ਼ੀ ਸਾ ਗ ਮੰ ਪ ਅਤੇ

ਪੂਰਵੀ ਅੰਗ : ਨ਼ੀ ਰੇ ਗ ਮੰ ਪ

ਇਸ ਰਾਗ ਵਿੱਚ ਪੰਚਮ ਸੁਰ ਵਰਜਿਤ ਨਹੀਂ ਹੈ ਪਰ ਖੜਜ ਵਿੱਚ ਪ੍ਰਵੇਸ਼ ਕਰਨ ਲਈ ਪੰਚਮ ਸੁਰ ਦੀ ਵਰਤੋਂ ਨਹੀਂ ਕੀਤੀ ਜਾਂਦੀ । ਇਸ ਰਾਗ ਵਿੱਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ । ਇਸ ਰਾਗ ਵਿੱਚ ਦੀਪਕੀ ਅੰਗ ਦੀ "ਪ ਗ ਰੇ ਸਾ" ਸੁਰ ਸੰਗਤੀ ਦਾ ਪ੍ਰਯੋਗ ਜਰੂਰੀ ਹੈ ।

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਵਕਰ ਸੰਪੂਰਣ |
| ਵਾਦੀ | : | ਗੰਧਾਰ | ਸੰਵਾਦੀ | : | ਨਿਸ਼ਾਦ |
| ਸਮਾਂ | : | ਚੌਥਾ ਪਹਿਰ ਦਿਨ | | | |

ਆਰੋਹ : ਸਾ, ਨ਼ੀ ਰੇ ਗ ਰੇ, ਗ ਮੰ ਪ, ਮੰ ਧ ਪ, ਮੰ ਧ ਨੀ ਸਾਂ

ਅਵਰੋਹ : ਸਾਂ, ਨੀ ਸਾਂ ਧ ਪ, ਪ ਧ, ਪ ਮੰ ਪ, ਗ ਮੰ ਪ ਗ, ਰੇ ਸਾ

ਮੁੱਖ ਅੰਗ : ਪ ਧ ਪ ਮੰ ਗ, ਮੰ ਪ ਗ, ਰੇ ਸਾ, ਨ਼ੀ ਧ਼ ਸਾ ਨ਼ੀ, ਰੇ ਸਾ

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 42

2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 37

## (vi) ਗਉੜੀ ਪੂਰਬੀ ਦੀਪਕੀ

ਸੰਕੀਰਣ ਜਾਤੀ ਦੇ ਇਸ ਰਾਗ ਵਿੱਚ ਗਉੜੀ, ਪੂਰਬੀ, ਦੀਪਕੀ ਤਿੰਨਾ ਦਾ ਸੁਮੇਲ ਹੈ । ਭਾਰਤੀ ਸੰਗੀਤ ਦੇ ਪੁਰਾਤਨ ਅਤੇ ਨਵੀਨ ਗ੍ਰੰਥਾਂ ਵਿੱਚ ਇਸ ਰਾਗ ਬਾਰੇ ਕੋਈ ਹਵਾਲਾ ਨਹੀਂ ਮਿਲਦਾ । ਇਸ ਲਈ ਇਸ ਰਾਗ ਨੂੰ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਮੰਨਿਆ ਜਾਂਦਾ ਹੈ । ਮਿਸ਼ਰਤ ਰਾਗ ਪੱਧਤੀ ਅੰਤਰਗਤ ਗੁਰੂ ਸਾਹਿਬਾਨ ਦੀ ਆਪਣੀ ਬਾਣੀ ਦੇ ਗਾਇਨ ਲਈ ਇਸ ਰਾਗ ਦੀ ਰਚਨਾ ਮਹਾਨ ਦੇਣ ਹੈ ।

(ੳ) ਸੰਤ ਸਰਵਣ ਸਿੰਘ ਜੀ ਅਨੁਸਾਰ, "ਇਹ ਭੈਰਵ ਥਾਟ ਦਾ ਰਾਗ ਹੈ । ਇਸ ਵਿੱਚ ਰਿਸ਼ਭ, ਧੈਵਤ ਕੋਮਲ ਦੋਵੇਂ ਮੱਧਮ, ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ । ਵਾਦੀ ਸੁਰ ਮੱਧਮ, ਸੰਵਾਦੀ ਸੁਰ ਸ਼ੜਜ ਹੈ । ਗਾਉਣ ਦਾ ਸਮਾਂ ਸੰਧਿਆ ਕਾਲ ਹੈ । ਇਹ ਭੈਰਵ ਅੰਗ ਦੀ ਹੀ ਗਉੜੀ ਹੈ । ਇਸ ਦੇ ਪੂਰਵਾਂਗ ਵਿੱਚ ਲਲਿਤ ਅਤੇ ਉਤਰਾਂਗ ਵਿੱਚ ਗਉੜੀ ਦਾ ਸਰੂਪ ਦਿਖਾਈ ਦਿੰਦਾ ਹੈ । ਇਸ ਵਿੱਚ ਸ਼ੁੱਧ ਧੈਵਤ ਬਿਲਕੁਲ ਨਹੀਂ ਲਗਾਉਣਾ ਚਾਹੀਦਾ , ਇਸ ਤਰ੍ਹਾਂ ਕਰਨ ਨਾਲ ਰਾਗ ਦਾ ਸਰੂਪ ਬਿਲਕੁਲ ਹੀ ਨਸ਼ਟ ਹੋ ਜਾਂਦਾ ਹੈ । ਇਸ ਦਾ ਚਮਤਕਾਰ ਇਹੋ ਹੀ ਹੈ ਕਿ ਪ੍ਰਤਕਿਕਾਲ ਦੇ ਰਾਗ ਭੈਰਉ ਤੇ ਲਲਿਤ ਦੀ ਸਪੱਸ਼ਟ ਛਾਇਆ ਆਉਣ ਦੇ ਬਾਵਜੂਦ ਇਹ ਰਾਗ ਸੰਧਿਆ ਸਮੇਂ ਗਾਇਆ ਜਾਂਦਾ ਹੈ ।"

ਆਰੋਹ : ਸਾ ਰੇ̲ ਗ ਮ, ਮ॑ ਮ ਗ ਮ ਪ ਧ̲ ਪ, ਪ ਧ̲ ਨੀ ਸਾਂ

ਅਵਰੋਹ : ਸਾਂ ਨੀ ਧ̲ ਪ, ਧ̲ ਮ॑ ਮ॑ ਧ̲, ਮ॑ ਮ ਗ ਮ॑ ਰੇ̲ ਸਾ

ਪਕੜ : ਸਾ ਰੇ̲ ਨ਼ੀ, ਸਾ, ਰੇ̲ ਗ ਮ, ਮ॑ ਮ ਗ ਰੇ̲, ਸਾ ਰੇ̲ ਨ਼ੀ ਸਾ ।[1]

---

1. ਸੁਰ ਸਿਮਰਣ ਸੰਗੀਤ (ਭਾਗ ਚੌਥਾ), ਪੰਨਾ 195

(ਅ) ਗਉੜੀ ਪੂਰਬੀ ਦੀਪਕੀ ਦੇ ਇਸ ਸਰੂਪ ਨੂੰ ਵਿਦਵਾਨਾਂ ਦੀ ਬਹੁਮਤ ਪ੍ਰਾਪਤ ਹੈ । ਪ੍ਰੋ: ਤਾਰਾ ਸਿੰਘ[1], ਡਾ. ਗੁਰਨਾਮ ਸਿੰਘ[2] ਆਦਿ ਵਿਦਵਾਨਾਂ ਨੇ ਇਸੇ ਸਰੂਪ ਦਾ ਪ੍ਰਯੋਗ ਕੀਤਾ ਹੈ ।

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਸ਼ਾਡਵ-ਵਕਰ-ਸੰਪੂਰਣ |
| ਵਾਦੀ | : | ਗੰਧਾਰ | ਸੰਵਾਦੀ | : | ਨਿਸ਼ਾਦ |
| ਸੁਰ | : | ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ | ਸਮਾਂ | : | ਸ਼ਾਮ (ਸੰਧੀ ਪ੍ਰਕਾਸ਼) |

ਆਰੋਹ : ਸਾ, ਨੀ ਰੇ ਗ ਰੇ, ਗ ਮੇ ਪ ਮੇ ਧ ਪ, ਮੇ ਧ ਨੀ ਸਾਂ

ਅਵਰੋਹ : ਸਾਂ, ਨੀ ਸਾਂ ਧ ਪ, ਪ ਧ ਪ ਮੇ ਪ ਮੇ ਗ ਮੇ, ਰੇ ਮੇ ਗ,
ਪ ਗ ਰੇ ਸਾ

ਪਕੜ : ਪ ਧ ਪ ਮੇ, ਪ ਮੇ ਪ ਗ ਰੇ ਸਾ, ਨੀ ਧ ਸਾ ਨੀ ਰੇ ਸਾ

ਇਸ ਰਾਗ ਦੇ ਆਰੋਹ ਦਾ ਉਠਾਣ ਜਦੋਂ ਪੂਰਵੀ ਅੰਗ ਤੋਂ ਕਰਦੇ ਹਨ ਤਾਂ 'ਨੀ ਰੇ ਗ' ਸੁਰ ਸੰਗਤੀ ਵਰਤੀ ਜਾਂਦੀ ਹੈ ਅਤੇ ਜਦੋਂ ਦੀਪਕ ਅੰਗ ਤੋਂ ਕਰਦੇ ਹਨ ਤਾਂ 'ਨੀ ਸਾ ਗ' ਸੁਰਾਵਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ । ਇਸ ਦੇ ਆਰੋਹ ਵਿੱਚ ਸ਼ੜਜ ਸੁਰ ਵਿੱਚ ਪ੍ਰਵੇਸ਼ ਕਰਨ ਸਮੇਂ ਪੰਚਮ ਸੁਰ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਅਵਰੋਹ ਵਿੱਚ ਮੱਧ ਸਪਤਕ ਦੇ ਸ਼ੜਜ ਵਿੱਚ ਮਿਲਣ ਵੇਲੇ ਦੀਪਕ ਅੰਗ 'ਪ ਗ ਰੇ ਸਾ' ਸੁਰ-ਸੰਗਤੀ ਪ੍ਰਯੋਗ ਕਰਨ ਦੀ ਪ੍ਰਥਾ ਹੈ ।

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 44
2. ਆਦਿ ਗ੍ਰੰਥ: ਰਾਗ ਕੋਸ਼, ਪੰਨਾ 38

(vii) ਗਉੜੀ ਪੂਰਬੀ

ਰਾਗ ਗਉੜੀ ਦਾ ਪ੍ਰਕਾਰ 'ਗਉੜੀ ਪੂਰਬੀ' ਇੱਕ ਅਪ੍ਰਸਿੱਧ ਰਾਗ ਹੈ। ਰਾਗ ਗਉੜੀ ਅਤੇ ਪੂਰਬੀ ਦੇ ਮਿਸ਼ਰਣ ਤੋਂ ਇਸ ਰਾਗ ਦੀ ਰਚਨਾ ਹੋਈ ਹੈ। ਇਸ ਦੇ ਪੂਰਵਾਂਗ ਵਿੱਚ ਗਉੜੀ ਅਤੇ ਉਤਰਾਂਗ ਵਿੱਚ ਪੂਰਬੀ ਦਾ ਚਲਨ ਹੈ। ਪੰਡਿਤ ਤਾਰਾ ਸਿੰਘ ਜੀ ਅਨੁਸਾਰ ਇਸ ਰਾਗ ਦੀ ਰਚਨਾ ਪੂਰੀਆ ਧਨਾਸਰੀ, ਧਨਾਸਰੀ ਅਤੇ ਗਉੜੀ ਦੇ ਮੇਲ ਤੋਂ ਹੁੰਦੀ ਹੈ[1]।

ਕਿਰਿਆਤਮਿਕ ਤੌਰ ਤੇ ਇਸ ਸਰੂਪ ਨੂੰ ਪ੍ਰੋ: ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਗਿਆਨ ਸਿੰਘ ਐਬਟਾਬਾਦ[4], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[5], ਸੰਤ ਸਰਵਣ ਸਿੰਘ[6] ਆਦਿ ਵਿਦਵਾਨਾਂ ਨੇ ਸਵੀਕਾਰਿਆ ਹੈ। ਇਨ੍ਹਾਂ ਵਿੱਚ ਕੇਵਲ ਆਰੋਹ - ਅਵਰੋਹ ਦੇ ਸੁਰਾਂ ਵਿੱਚ ਭਿੰਨਤਾ ਪਾਈ ਜਾਂਦੀ ਹੈ ਪਰ ਸਰੂਪ ਇੱਕ ਹੀ ਹੈ।

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਵਕਰ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ<br>ਦੋਵੇਂ ਮਧਿਅਮ | ਸਮਾਂ | : | ਸ਼ਾਮ |

1. ਗੁਰੂ ਗਿਰਾਰਥ ਕੋਸ਼, ਪੰਨਾ 507
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 49
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 38
4. ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 21
5. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 40
6. ਸੁਰ ਸਿਮਰਣ ਸੰਗੀਤ (ਭਾਗ ਚੌਥਾ), ਪੰਨਾ 156

ਆਰੋਹ : ਸਾ, ਨ਼ੀ, ਰੇ ਗ ਰੇ, ਗ ਮ' ਪ, ਮ ਪ ਧ ਪ, ਮ' ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮ' ਗ ਮ ਗ, ਮ' ਗ ਰੇ ਸਾ, ਨ਼ੀ ਰੇ ਸਾ

ਪਕੜ : ਪ ਮ' ਗ ਮ ਗ, ਮ' ਗ ਰੇ ਸਾ, ਨ਼ੀ ਧ਼ ਸਾਂ ਨ਼ੀ ਰੇ ਸਾ

( ) ਗਉੜੀ ਮਾਝ

ਗਉੜੀ ਮਾਝ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਰਾਗ ਗਉੜੀ ਅਤੇ ਮਾਝ ਰਾਗਾਂ ਦਾ ਸੁਮੇਲ ਹੈ । ਪੁਰਾਤਨ ਸੰਗੀਤ ਗ੍ਰੰਥਾਂ ਵਿੱਚ ਗਉੜੀ ਦੇ ਪ੍ਰਕਾਰ 'ਗਉੜੀ ਮਾਝ' ਸਬੰਧੀ ਕੋਈ ਹਵਾਲਾ ਨਹੀਂ ਮਿਲਦਾ । ਇਸ ਦੇ ਨਾਦਾਤਮਿਕ ਸਰੂਪ ਕੁੱਝ ਸੰਗੀਤਕਾਰਾਂ ਅਤੇ ਸਿੱਖ ਕੀਰਤਨੀਆਂ ਅਨੁਸਾਰ ਇਸ ਪ੍ਰਕਾਰ ਹਨ :-

(ੳ) ਖਮਾਜ ਤੇ ਪੂਰਵੀ ਅੰਗ ਸਮਾਂ : ਸ਼ਾਮ

ਗਉੜੀ ਮਾਝ ਵਿੱਚ ਦੋਵੇਂ ਰਿਸ਼ਭ, ਦੋਵੇਂ ਗੰਧਾਰ, ਦੋਵੇਂ ਮੱਧਮ, ਦੋਵੇਂ ਧੈਵਤ ਤੇ ਦੋਵੇਂ ਨਿਸ਼ਾਦ ਹਨ । (ਆਇ ਸਖੀ ਗੁਣ ਕਾਮਣ ਕਰੀਹਾ ਜੀਉ) ਇਸ ਰੀਤ ਵਿੱਚ ਦੋਵੇਂ ਰਾਗ ਮਿਸ਼ਰਤ ਹਨ । ਇਸ ਵਿੱਚ ਨਿਸ਼ਾਦ ਬਹੁਤ ਸਪੱਸ਼ਟ ਲੱਗਦਾ ਹੈ ਅਤੇ ਪੰਚਮ ਤੇ ਵੀ ਜ਼ੋਰ ਰਹਿੰਦਾ ਹੈ । ਗਉੜੀ ਤੇ ਮਾਝ ਦੀ ਰਿਖਬ ਵਾਦੀ ਸੁਰ, ਜਾਂ ਮਾਝ ਵਿੱਚ ਸੰਵਾਦੀ ਸਾ ਮੰਨੀ ਜਾਂਦੀ ਹੈ ਪਰ ਇਸ ਰੀਤ ਵਿੱਚ ਰਿਖਬ ਨਾਲੋਂ ਪੰਚਮ ਤੇ ਜ਼ਿਆਦਾ ਜੋਰ ਹੈ, ਇਸ ਪੁਰਾਤਨ ਰੀਤ ਦੀ ਨੋਟੇਸ਼ਨ ਕੀਤੀ ਹੈ[1] ।

(ਅ) ਇਹ ਮਾਰਵੇ ਥਾਟ ਦਾ ਰਾਗ ਹੈ । ਇਸ ਵਿੱਚ ਦੋਵੇਂ ਧੈਵਤ, ਦੋਵੇਂ ਨਿਸ਼ਾਦ, ਦੋਵੇਂ ਮੱਧਮਾਂ ਦਾ ਪ੍ਰਯੋਗ ਹੁੰਦਾ ਹੈ ਤੇ ਬਾਕੀ ਸਭ ਸੁਰ ਸ਼ੁੱਧ ਲੱਗਦੇ ਹਨ । ਕੋਮਲ ਨਿਸ਼ਾਦ ਅਤੇ ਧੈਵਤ ਅਲਪੱਤਵ ਦੇ ਨਾਤੇ ਹੀ ਲਿਆ ਜਾਂਦਾ ਹੈ । ਆਰੋਹ ਅਤੇ ਅਵਰੋਹ ਵਕਰ-ਸੰਪੂਰਣ ਹੈ । ਵਾਦੀ ਸੁਰ

---

1. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ : ਪ੍ਰਾਚੀਨ ਰੀਤ ਰਤਨਾਵਲੀ (ਭਾਗ-1) ਪੰਨਾ 59

ਪੰਚਮ, ਸੰਵਾਦੀ ਸੁਰ ਸ਼ੜਜ ਹੈ । ਗਾਉਣ ਦਾ ਸਮਾਂ ਜ਼ਿਆਦਾਤਰ ਸਵੇਰ ਦਾ ਹੈ ਅਤੇ ਇਹ ਰਾਗ ਦੋਵੇਂ ਸਮੇਂ ਹੀ ਗਾਇਆ ਜਾ ਸਕਦਾ ਹੈ ।

ਆਰੋਹ : ਸਾ, ਨ਼ੀ ਰੇ ਗ ਮ' ਪ ਗ, ਮ ਧ, ਨੀ ਰੇਂ ਸਾਂ

ਅਵਰੋਹ : ਸਾਂ ਨੀ ਧ ਪ, ਪ ਨੀ ਧ ਪ, ਮ' ਪ, ਗ ਮ , ਪ ਗ ਰੇ ਸਾ

ਮੁੱਖ ਅੰਗ : ਨ਼ੀ ਰੇ ਗ ਮ, ਪ ਗ ਰੇ ਸਾ, ਮ' ਪ ਧ ਨੀ ਪ ਧ ਮ,
ਪ ਗ ਰੇ ਸਾ ।[1]

(ੲ) ਥਾਟ : ਪੂਰਵੀ — ਜਾਤੀ : ਵਕ੍ਰ ਸੰਪੂਰਣ

ਸੁਰ : ਦੋਵੇਂ ਰਿਸ਼ਭ, ਦੋਵੇਂ ਗੰਧਾਰ, ਦੋਵੇਂ ਮਧਿਅਮ, ਦੋਵੇਂ ਨਿਸ਼ਾਦ — ਸਮਾਂ : ਦਿਨ ਦਾ ਚੌਥਾ ਪਹਿਰ

ਆਰੋਹ : ਸਾ, ਰੇ ਰੇਰੇ ਮ' ਪ, ਮ' ਪ ਧ ਪ, ਮ' ਪ ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਪ ਮ' ਪ, ਮ ਗ, ਮ ਗ ਰੇ ਸਾ
ਨ਼ੀ ਧ਼ ਸਾ ਨ਼ੀ ਰੇ ਸਾ

ਮੁੱਖ ਅੰਗ : ਸਾ, ਰੇ ਮ' ਪ, ਧ ਪ ਮ' ਪ, ਮ ਗ, ਮ' ਗ ਰੇ ਸਾ
ਨ਼ੀ ਰੇ ਸਾ ।[2]

(ਸ) ਥਾਟ : ਖਮਾਜ — ਜਾਤੀ : ਸ਼ਾੜਵ-ਵਕ੍ਰ-ਸੰਪੂਰਣ

ਵਾਦੀ : ਰਿਸ਼ਭ — ਸੰਵਾਦੀ : ਪੰਚਮ

ਸੁਰ : ਅਵਰੋਹ ਵਿੱਚ ਕੋਮਲ ਨਿਸ਼ਾਦ — ਸਮਾਂ : ਚੌਥਾ ਪਹਿਰ ਦਿਨ

1. ਸੰਤ ਸਰਵਣ ਸਿੰਘ ਗੰਧਰਵ : <u>ਸੁਰ ਸਿਮਰਣ ਸੰਗੀਤ</u> (ਭਾਗ ਚੌਥਾ) , ਪੰਨਾ 205
2. ਤਾਰਾ ਸਿੰਘ (ਪ੍ਰੋ:) : <u>ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ</u> , ਪੰਨਾ 54

ਆਰੋਹ : ਸਾ ਗ ਮ ਰੇ ਪ, ਰੇ ਮ ਪ ਨੀ ਸਾਂ

ਅਵਰੋਹ : ਸਾਂ ਧ ਨੀ ਪ, ਮ ਪ ਧ ਧ ਮ ਗ ਰੇ ਮ ਰੇ, ਰੇ ਗੁ ਰੇ ਸਾ

ਮੁੱਖ ਅੰਗ : ਸਾ ਗ ਮ ਰੇ ਰੇ ਪ, ਰੇ ਮ ਪ, ਮ ਪ ਧ ਪ ਮ ਗ,
ਮ ਰੇ ਰੇ ਗ ਸਾ ਰੇ ਸਾ, ਸਾ ਰੇ ਸਾ ਨ਼ੀ ਨ਼ੀ ਸਾ ਧ਼ ਨ਼ੀ
ਪ਼ ਨ਼ੀ ਸਾ ।[1]

## (ix) ਗਉੜੀ ਮਾਲਵਾ

ਗਉੜੀ ਮਾਲਵਾ ਇੱਕ ਅਪ੍ਰਚੱਲਿਤ ਅਤੇ ਅਪ੍ਰਸਿੱਧ ਰਾਗ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਗਉੜੀ ਅਧੀਨ ਉਸ ਦੇ ਪ੍ਰਕਾਰ ਵਜੋਂ ਅੰਕਿਤ ਹੈ । ਇਸ ਰਾਗ ਦਾ ਉਲੇਖ ਭਾਰਤੀ ਸੰਗੀਤ ਦੇ ਗ੍ਰੰਥਾਂ ਵਿੱਚ ਨਹੀਂ ਮਿਲਦਾ ।

ਇਹ ਰਾਗ ਕਿਸੇ ਵੇਲੇ ਮਾਲਵੇ ਪ੍ਰਾਂਤ ਵਿੱਚ ਬਹੁਤ ਪ੍ਰਸਿੱਧ ਰਿਹਾ ਹੋਵੇਗਾ ਕਿਉਂਕਿ ਇਸ ਦੀ ਸ਼ਬਦਾਵਲੀ ਵਿੱਚ ਕਈ-ਕਈ ਥਾਂਈਂ ਮਾਲਵੇ ਦੀ ਬੋਲੀ ਅਨੁਸਾਰ 'ਵ' ਦੀ ਥਾਂ 'ਬ' ਦਾ ਪ੍ਰਯੋਗ ਕੀਤਾ ਗਿਆ ਹੈ ਜਿਵੇਂ - ਬਿਕਾਰ, ਬਧੇ ਆਦਿ[2] । ਕਿਰਿਆਤਮਿਕ ਤੌਰ ਤੇ ਇਸ ਰਾਗ ਦੇ ਹੇਠ ਲਿਖੇ ਸਰੂਪ ਪ੍ਰਚਾਰ ਵਿੱਚ ਹਨ :-

(ੳ) ਸਿੱਖ ਕੀਰਤਨੀਆਂ ਅਨੁਸਾਰ ਗਉੜੀ ਮਾਲਵਾ ਨੂੰ ਔੜਵ ਰਾਗ ਮੰਨਿਆ ਜਾਂਦਾ ਹੈ । ਪਰ ਇਸ ਦੀ ਆਰੋਹੀ ਵਿੱਚ ਨਿਸ਼ਾਦ ਅਤੇ ਅਵਰੋਹੀ ਵਿੱਚ ਧੈਵਤ ਦੁਰਬਲ ਕਰਕੇ (ਸੰਪੂਰਣ) ਗਾਉਣਾ ਠੀਕ ਹੈ ।

---

1. ਗੁਰਨਾਮ ਸਿੰਘ (ਡਾ.) : ਆਦਿ ਗ੍ਰੰਥ: ਰਾਗ ਕੋਸ਼ , ਪੰਨਾ 40-41
2. ਸਾਹਿਬ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਪਹਿਲੀ), ਪੰਨਾ 21

ਪੂਰਵੀ ਅੰਗ : ਰੇ ਵਾਦੀ ਸਮਾਂ : ਸ਼ਾਮ

ਸੰਪੂਰਣ : ਪ ਸੰਵਾਦੀ

ਆਰੋਹੀ : ਸਾ ਰੇ ਗ ਮੰ ਪ ਮੰ ਧ ਨੀ ਸਾਂ

ਅਵਰੋਹੀ : ਸਾਂ ਨੀ ਧਪ ਗ ਮੰ ਗ ਰੇ ਸਾ ।[1]

(ਅ) ਪੰਡਿਤ ਤਾਰਾ ਸਿੰਘ ਜੀ ਨੇ ਵੀ ਆਪਣੇ ਗ੍ਰੰਥ 'ਗੁਰੂ ਗਿਰਾਰਥ ਕੋਸ਼' ਵਿੱਚ ਇਸ ਰਾਗ ਦਾ ਸਰੂਪ ਲਿਖਿਆ ਹੈ ਪਰ ਇਹ ਸਪੱਸ਼ਟ ਨਹੀਂ ਹੈ -

"ਗਉੜੀ ਮਾਲਵਾ ਸੰਗੀਤ ਸੰਕੇਤ ਖਾੜਵ ਹੈ ਪੰਚਮ ਵਰਜਿਤ
ਸਧਾਮ ਸਮੇਂ ਗਾਨਾ ਧ ਮ ਗ ਰੇ ਸਾ ਨੀ ।"[2]

(ੲ) ਦੱਖਣੀ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਗਉੜੀ ਮਾਲਵਾ ਰਾਗ 'ਗਉੜੀ ਮਾਰੁਵਾ' ਨਾਮ ਹੇਠ ਅੰਕਿਤ ਹੈ । ਸੰਗੀਤ ਗ੍ਰੰਥਾਂ ਵਿੱਚ ਮਾਰਵਾ ਨੂੰ 'ਮਾਰੁਵ', 'ਮਾਲਵ' ਆਦਿ ਨਾਂਵਾਂ ਨਾਲ ਲਿਖਿਆ ਗਿਆ ਹੈ ਜਿਸ ਤੋਂ ਸਪੱਸ਼ਟ ਹੈ ਕਿ ਗਉੜੀ ਮਾਰੁਵ ਗਉੜੀ ਮਾਲਵ ਦਾ ਹੀ ਰੂਪ ਹੈ ।

| | | | | | |
|---|---|---|---|---|---|
| ਥਾਟ | : | ਨਾਮਨਰਾਇਣੀ | ਜਾਤੀ | : | ਔੜਵ ਸੰਪੂਰਣ |
| ਸੁਰ | : | ਰਿਸ਼ਭ, ਧੈਵਤ, ਨਿਸ਼ਾਦ ਕੋਮਲ; ਮਧਿਅਮ ਤੀਵਰ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਨਿਸ਼ਾਦ |

ਆਰੋਹ : ਸਾ ਰੇ ਮੰ ਪ ਧ ਸਾਂ

ਅਵਰੋਹ : ਸਾਂ ਨੀ ਧ ਪ ਮੰ ਗ ਰੇ ਗ ਸਾ ।[3]

---

1. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 56

2. ਗੁਰੂ ਗਿਰਾਰਥ ਕੋਸ਼, ਪੰਨਾ 510

3. ਵਸੰਤ : ਰਾਗ ਕੋਸ਼, ਪੰਨਾ 63

(ਸ) ਥਾਟ : ਪੂਰਵੀ | ਜਾਤੀ : ਔੜਵ-ਸ਼ਾੜਵ

| | | | | | |
|---|---|---|---|---|---|
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਧੈਵਤ ਅਵਰੋਹ ਵਿੱਚ ਗੰਧਾਰ | ਚਲਨ | : | ਮੰਦਰ ਅਤੇ ਮੱਧ ਸਪਤਕ |
| ਸਮਾਂ | : | ਸੰਧਿਆ ਕਾਲ | | | |

ਇਸ ਵਿੱਚ ਸਿਰੀ ਰਾਗ ਦਾ ਅੰਗ ਸਪੱਸ਼ਟ ਦਿਖਾਈ ਦਿੰਦਾ ਹੈ ।

ਆਰੋਹ : ਸਾ ਰੇ ਮੰ ਪ ਨੀ ਸਾਂ

ਅਵਰੋਹ : ਸਾਂ ਨੀ ਧ ਪ ਮੰ ਰੇ ਸਾ

ਪਕੜ : ਸਾ ਪ, ਮੰ ਪ ਨੀ ਪ, ਮੰ ਪ ਰੇ, ਮੰ ਰੇ ਸਾ ਨੀ ਸ ।[1]

(ਹ) ਪ੍ਰੋ: ਤਾਰਾ ਸਿੰਘ[2] , ਡਾ. ਗੁਰਨਾਮ ਸਿੰਘ[3] , ਆਦਿ ਬਹੁਮਤ ਵਿਦਵਾਨਾਂ ਵਲੋਂ ਇਸ ਸਰੂਪ ਨੂੰ ਪ੍ਰਵਾਨਿਤ ਮੰਨਿਆ ਗਿਆ ਹੈ ।

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਸ਼ਾੜਵ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ | ਸਮਾਂ | : | ਦਿਨ ਦਾ ਚੌਥਾ ਪਹਿਰ । |

---

1. ਮਹਵਣ ਸਿੰਘ : ਸੁਰ ਸਿਮਰਣ ਸੰਗੀਤ (ਭਾਗ ਚੌਥਾ) , ਪੰਨਾ 174

2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 58

3. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 42

ਆਰੋਹ : ਸਾ, ਨੀ ਰੇ, ਗ ਮੰ ਧ ਨੀ ਸ+

ਅਵਰੋਹ : ਸ+ ਰੇਂ ਨੀ ਧ ਪ, ਮੰ ਧ ਪ ਮੰ ਗ ਰੇ ਰੇ ਸਾ

ਮੁੱਖ ਅੰਗ : ਸਾ ਰੇ ਗ ਰੇ ਸਾ, (ਸਾ)ਨੀ ਧ ਪ, ਮੰ ਧ ਨੀ,
ਰੇ ਸਾ, ਸਾ ਨੀ ਰੇ ਗ, ਰੇ ਮੰ ਗ ਗ ਰੇ ਰੇ ਸ

(x) ਗਉੜੀ ਮਾਲਾ

ਇਹ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਹੈ । ਇਸ ਰਾਗ ਬਾਰੇ ਸਮੁੱਚੇ ਭਾਰਤੀ ਸੰਗੀਤ ਵਿੱਚ ਕੋਈ ਜ਼ਿਕਰ ਨਹੀਂ ਮਿਲਦਾ । ਇਸ ਰਾਗ ਦੇ ਪੰਜ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ :-

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਪੂਰਣ ਜਾਤੀ ਦੀ ਰਾਗਿਨੀ ਹੈ, ਸੜਜ, ਮੱਧਮ, ਪੰਚਮ, ਨਿਸ਼ਾਦ ਸ਼ੁਧ, ਰਿਸ਼ਭ, ਗੰਧਾਰ, ਧੈਵਤ, ਕੋਮਲ ਲੱਗਦੇ ਹਨ, ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ, ਗਾਉਣ ਵੇਲਾ ਰਾਤ ਦਾ ਪਹਿਰ ਹੈ ।"[1]

(ਅ) ਸਿੱਖ ਕੀਰਤਨੀਆਂ ਅਨੁਸਾਰ, "ਗਉੜੀ ਮਾਲਾ ਨੂੰ ਖੇੜਵ ਰਾਗ ਮੰਨਦੇ ਹਨ । ਪਰ ਇਸ ਦੀ ਆਰੋਹੀ ਵਿੱਚ ਨਿਖਾਦ ਅਤੇ ਅਵਰੋਹੀ ਵਿੱਚ ਧੈਵਤ ਦੁਰਬਲ ਕਰਕੇ (ਸੰਪੂਰਣ) ਗਾਉਣਾ ਠੀਕ ਹੈ ।

ਪੂਰਵੀ ਅੰਗ : ਰੇ ਵਾਦੀ ਸਮਾਂ : ਸ਼ਾਮ
ਸੰਪੂਰਣ : ਪ ਸੰਵਾਦੀ
ਆਰੋਹੀ : ਸਾ ਰੇ ਗ ਮੰ ਪ ਮੰ ਧ ਨੀ ਸ+
ਅਵਰੋਹੀ : ਸ+ ਨੀ ਧਪ ਗ ਮੰ ਗ ਰੇ ਸਾ ।[2]

---

1. ਮਹਾਨ ਕੋਸ਼ , ਪੰਨਾ 389

2. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) , ਪੰਨਾ 56

| | | | | |
|---|---|---|---|---|
| (ੲ) | ਥਾਟ : ਭੈਰਵ | | ਜਾਤੀ : ਸੰਪੂਰਣ-ਸੰਪੂਰਣ | |
| | ਵਾਦੀ : ਪੰਚਮ | | ਸੰਵਾਦੀ : ਰਿਸ਼ਭ | |
| | ਸੁਰ : ਰਿਸ਼ਭ, ਧੈਵਤ, ਨਿਸ਼ਾਦ ਕੋਮਲ | | ਸਮਾਂ : ਸਵੇਰ ਦਾ ਪਹਿਲਾ ਪਹਿਰ | |

ਆਰੋਹੀ : ਸਾ ਰੇ ਗ ਮ ਪ ਧ ਨੀ ਧ ਪ, ਮ ਪ ਧ ਨੀ ਸਾਂ

ਅਵਰੋਹੀ : ਸਾਂ ਨੀ ਧ ਪ ਮ ਗ ਰੇ ਰੇ ਸਾ ।[1]

| | | |
|---|---|---|
| (ਸ) | ਥਾਟ : ਪੂਰਵੀ | ਜਾਤੀ : ਸੰਪੂਰਣ-ਸੰਪੂਰਣ |
| | ਵਾਦੀ : ਰਿਸ਼ਭ | ਸੰਵਾਦੀ : ਪੰਚਮ |
| | ਸੁਰ : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ, ਨਿਸ਼ਾਦ ਦੋਵੇਂ | ਸਮਾਂ : ਸ਼ਾਮ |

ਆਰੋਹ : ਸਾ ਰੇ ਗ ਮ॑, ਪ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮ॑ ਗ ਰੇ ਸਾ

ਪਕੜ : ਗ, ਮ ਧ ਨੀ ਧ ਪ, ਮ॑ ਧ ਮ॑ ਗ, ਮ ਗ ਰੇ ਨੀ ਸਾ ।[2]

(ਹ) ਗਉੜੀ ਮਾਲਾ ਦੇ ਇਸ ਸਰੂਪ ਨੂੰ ਪ੍ਰਵਾਨਿਤ ਸਰੂਪ ਮੰਨਿਆ ਗਿਆ ਹੈ ।

| | |
|---|---|
| ਥਾਟ : ਪੂਰਵੀ | ਜਾਤੀ : ਵਕਰ-ਸੰਪੂਰਨ |
| ਸੁਰ : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ | ਸਮਾਂ : ਦਿਨ ਦਾ ਚੌਥਾ ਪਹਿਰ |
| ਵਾਦੀ : ਰਿਸ਼ਭ | ਸੰਵਾਦੀ : ਪੰਚਮ |

---

1. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 44
2. ਸੁਰ ਸਿਮਰਣ ਸੰਗੀਤ (ਭਾਗ ਚੌਥਾ) , ਪੰਨਾ 67

ਆਰੋਹ : ਸਾ, ਨ਼ੀ ਰੇ ਗ ਮੰ ਪ, ਮੰ ਧ਼ ਨੀ ਸਾਂ

ਅਵਰੋਹ : ਸਾਂ, ਰੇਂ ਨੀ ਪ, ਧ਼ ਮੰ ਗ ਰੇ, ਮੰ ਗ ਰੇ ਸਾ

ਮੁੱਖ ਅੰਗ : ਨੀ ਪ, ਧ਼ ਮੰ ਗ ਰੇ, ਮੰ ਗ, ਰੇ ਸਾ ।[1]

(xi) <u>ਗਉੜੀ ਸੋਰਠਿ</u>

ਗਉੜੀ ਸੋਰਠਿ, ਰਾਗ ਗਉੜੀ ਦਾ ਅਪ੍ਰਸਿੱਧ ਪ੍ਰਕਾਰ ਹੈ ਜਿਸ ਦਾ ਜ਼ਿਕਰ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਨਹੀਂ ਹੈ । ਇਸ ਰਾਗ ਅਧੀਨ ਭਗਤ ਕਬੀਰ ਜੀ ਦਾ ਇੱਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ । ਇਸ ਸ਼ਬਦ ਉੱਪਰ 'ਰਾਗ ਗਉੜੀ ਭੀ ਸੋਰਠਿ ਭੀ' ਸਿਰਲੇਖ ਵਜੋਂ ਅੰਕਿਤ ਹੈ । ਪ੍ਰੋ: ਸਾਹਿਬ ਸਿੰਘ ਜੀ ਅਨੁਸਾਰ, "ਇਹ ਸ਼ਬਦ ਗਉੜੀ ਰਾਗਿਨੀ ਵਿੱਚ ਭੀ ਗਾਉਣਾ ਹੈ ਤੇ ਸੋਰਠਿ ਰਾਗਿਨੀ ਵਿੱਚ ਭੀ"[2] । ਪਰ ਬਹੁਮਤ ਇਸ ਵਿੱਚ ਹੈ ਕਿ ਰਾਗ ਗਉੜੀ ਸੋਰਠਿ ਤੋਂ ਹੈ । ਇਸ ਰਾਗ ਦਾ ਨਾਦਾਤਮਿਕ ਸਰੂਪ ਹੇਠ ਲਿਖੇ ਅਨੁਸਾਰ ਹੈ :-

(ੳ) ਸੰਤ ਸਰਵਣ ਸਿੰਘ ਅਨੁਸਾਰ, "ਇਹ ਭੈਰਵ ਥਾਟ ਦਾ ਰਾਗ ਹੈ । ਇਸ ਦਾ ਪੰਚਮ ਸੁਰ ਵਾਦੀ, ਸ਼ੜਜ ਸੁਰ ਸੰਵਾਦੀ ਹੈ । ਇਸ ਵਿੱਚ ਦੋਵੇਂ ਰਿਸ਼ਭ, ਮੱਧਮ, ਦੋਵੇਂ ਨਿਸ਼ਾਦ, ਬਾਦੀ ਸਭ ਸੁਰ ਸ਼ੁੱਧ ਲਗਦੇ ਹਨ । ਇਸ ਦੇ ਆਰੋਹ ਵਿੱਚ ਗੰਧਾਰ ਅਤੇ ਧੈਵਤ ਸੁਰ ਵਰਜਿਤ ਹਨ । ਇਸ ਦੀ ਜਾਤੀ ਔੜਵ-ਸੰਪੂਰਣ ਹੈ । ਗਾਉਣ ਦਾ ਸਮਾਂ ਸੰਧਿਆ ਕਾਲ ਦਾ ਹੈ :-

---

1. ਤਾਰਾ ਸਿੰਘ (ਪ੍ਰੋ:) : <u>ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ</u> , ਪੰਨਾ 62

2. ਸਾਹਿਬ ਸਿੰਘ (ਪ੍ਰੋ:) : <u>ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ</u> (ਪੋਥੀ ਦੂਜੀ), ਪੰਨਾ 90

ਆਰੋਹ : ਸਾ, ਰੇ ਮੰ ਪ, ਨੀ ਸਾਂ

ਅਵਰੋਹ : ਸਾਂ ਰੇ ਨੀ ਧ ਪ, ਧ ਮ ਪ ਗ, ਮ ਗ ਰੇ ਨੀ ਸਾ

ਮੁੱਖ ਅੰਗ : ਸਾ, ਮ ਰੇ ਮੰ ਪ, ਧ ਮ, ਗ ਰੇ ਨੀ ਸਾ ।[1]

(ਅ) ਬਹੁਮਤ ਵਿਦਵਾਨਾਂ ਵਲੋਂ ਰਾਗ ਗਉੜੀ ਦੇ ਇਸ ਸਰੂਪ ਨੂੰ ਸਵੀਕਾਰਿਆ ਗਿਆ ਹੈ , ਡਾ. ਗੁਰਨਾਮ ਸਿੰਘ[2] , ਪ੍ਰੋ: ਤਾਰਾ ਸਿੰਘ[3] , ਸ੍ਰ. ਗਿਆਨ ਸਿੰਘ ਐਬਟਾਬਾਦ[4] ਨੇ ਵੀ ਇਸੇ ਸਰੂਪ ਨੂੰ ਅਪਣਾਇਆ ਹੈ ।

| | | | |
|---|---|---|---|
| ਥਾਟ | : ਪੂਰਵੀ-ਖਮਾਜ | ਜਾਤੀ | : ਵਕਰ ਸੰਪੂਰਣ |
| ਵਾਦੀ | : ਸ਼ੜਜ | ਸੰਵਾਦੀ | : ਪੰਚਮ |
| ਸੁਰ | : ਦੋਵੇਂ ਰਿਸ਼ਭ, ਦੋਵੇਂ ਧੈਵਤ, ਦੋਵੇਂ ਮਧਿਅਮ | ਸਮਾਂ | : ਸ਼ਾਮ ਦਾ ਪਹਿਲਾ ਪਹਿਰ |

ਆਰੋਹ : ਸਾ, ਨੀ ਰੇ ਗ ਰੇ ਸਾ, ਮ ਰੇ, ਪ ਮ ਨੀ ਸਾਂ

ਅਵਰੋਹ : ਸਾਂ, ਰੇਂ ਨੀ ਧ ਪ, ਧ ਮੰ ਪ ਮੰ ਗ, ਰੇ ਸਾ ਨੀ ਰੇ ਸਾ

ਮੁੱਖ ਅੰਗ : ਸਾ, ਮ ਰੇ ਮ ਪ, ਧ ਮੰ ਪ, ਮੰ ਗ ਰੇ ਗ ਰੇ ਗ ਰੇ ਸਾ,
ਨੀ ਰੇ ਸਾ ।

---

1. ਸੁਰ ਸਿਮਰਣ ਸੰਗੀਤ (ਭਾਗ ਚੌਥਾ) , ਪੰਨਾ 201
2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 45
3. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 66
4. ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 25

PANJAB UNIVERSITY LIBRARY

541619

ਅੰਤ ਵਿੱਚ ਇਹ ਗੱਲ ਬੜੇ ਮਾਨ ਨਾਲ ਕਹੀ ਜਾ ਸਕਦੀ ਹੈ ਕਿ ਬੇਸ਼ੱਕ ਗਉੜੀ ਇੱਕ ਪ੍ਰਾਚੀਨ ਅਤੇ ਅਪ੍ਰਚੱਲਿਤ ਰਾਗ ਹੈ ਪਰ ਸਤਿਗੁਰ ਸੱਚੇ ਪਾਤਸ਼ਾਹ ਨੇ ਇਸ ਰਾਗ ਨੂੰ ਆਪਣੀ ਰਸਨਾ ਦੁਆਰਾ ਪਵਿੱਤਰ ਕਰਕੇ ਇਸ ਰਾਗ ਦਾ ਸਹੀ ਤਰੀਕੇ ਨਾਲ ਵਿਕਾਸ ਕੀਤਾ ਅਤੇ ਇਸ ਦੇ ਅੰਗ ਦੇ ਆਧਾਰ ਤੇ ਕਈ ਨਵੇਂ ਮਿਸ਼ਰਤ ਰਾਗਾਂ ਦਾ ਅਵਿਸ਼ਕਾਰ ਕੀਤਾ ਜਿਸ ਬਾਰੇ ਅਸੀਂ ਉੱਪਰ ਵਰਨਣ ਕਰ ਆਏ ਹਾਂ ।

(4) <u>ਆਸਾ ਰਾਗ</u> : ਗੁਰਮਤਿ ਸੰਗੀਤ ਪੱਧਤੀ ਵਿੱਚ ਰਾਗ ਆਸਾ ਮਹੱਤਵਪੂਰਨ ਰਾਗ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਪੁਜੀ ਸਾਹਿਬ ਤੋਂ ਪਿੱਛੋਂ ਰਾਗ-ਬੱਧ ਬਾਣੀ ਦਾ ਆਰੰਭ ਆਸਾ ਰਾਗ ਤੋਂ ਕੀਤਾ ਗਿਆ ਹੈ । ਗੁਰਮਤਿ ਸੰਗੀਤ ਪਰੰਪਰਾ ਅਧੀਨ ਆਸਾ ਰਾਗ ਨੂੰ ਸਵੇਰੇ-ਸ਼ਾਮ ਦੋਵੇਂ ਸਮੇਂ ਗਾਇਨ ਕਰਨ ਦੀ ਪ੍ਰਥਾ ਹੈ । ਸਵੇਰੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਦੀ ਵਾਰ' ਦਾ ਗਾਇਨ ਅਤੇ ਸ਼ਾਮ ਵੇਲੇ 'ਸੋਦਰ' ਦਾ ਕੀਰਤਨ ਰਾਗ ਆਸਾ ਅਧੀਨ ਕਰਨ ਦਾ ਪ੍ਰਚਾਰ ਹੈ । ਗੁਰਮਤਿ ਸੰਗੀਤ ਵਿੱਚ ਆਸਾ ਰਾਗ ਅੰਤਰਗਤ ਸਵੇਰ ਦੇ ਕੀਰਤਨ ਨੂੰ 'ਆਸਾ ਦੀ ਵਾਰ ਦੀ ਚੌਂਕੀ' ਅਤੇ ਸ਼ਾਮ ਦੇ ਕੀਰਤਨ ਨੂੰ 'ਸੋਦਰ ਦੀ ਚੌਂਕੀ' ਕਿਹਾ ਜਾਂਦਾ ਹੈ । ਰਾਗ ਆਸਾ ਦਾ ਵਿਕਾਸ ਲੋਕ ਸੰਗੀਤ 'ਚੋਂ ਹੋਇਆ । 'ਆਸਾ ਦੀ ਵਾਰ' ਨੂੰ ਟੁੰਡੇ ਅਸ ਰਾਜੈ ਦੀ ਧੁਨੀ ਉਤੇ ਗਾਉਣ ਦਾ ਸੰਕੇਤ ਹੈ ਜਿਸ ਤੋਂ ਆਸਾ ਰਾਗ ਦਾ ਲੋਕ ਸੰਗੀਤ ਉੱਤੇ ਆਧਾਰਿਤ ਹੋਣ ਬਾਰੇ ਪਤਾ ਲਗਦਾ ਹੈ । ਕਿਰਿਆਤਮਿਕ ਤੌਰ ਤੇ ਇਸ ਰਾਗ ਦਾ ਸਰੂਪ ਹੇਠ ਲਿਖੇ ਅਨੁਸਾਰ ਹੈ :-

(ੳ) ਸੰਪੂਰਣ ਜਾਤੀ ਦਾ ਰਾਗ ਜਿਸ ਵਿੱਚ ਸੱਤ ਸ਼ੁਧ ਸੁਰ ਲਗਦੇ ਹਨ । ਇਸ

ਦਾ ਵਾਦੀ ਰੇ ਅਤੇ ਸੰਵਾਦੀ ਮ ਹੈ । ਕਈ ਧ ਨੂੰ ਵਾਦੀ ਅਤੇ ਗ ਨੂੰ ਸੰਵਾਦੀ ਸੁਰ ਮੰਨਦੇ ਹਨ । ਗਾਉਣ ਸਮਾਂ ਤੜਕਸਾਰ ਹੈ ਤੇ ਕਈ ਸ਼ਾਮ ਸਮੇਂ ਵੀ ਇਸ ਦਾ ਗਾਇਨ ਕਰਦੇ ਹਨ[1] ।

(ਅ) ਪ੍ਰੋ: ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਪੰਡ ਸਰਵਣ ਸਿੰਘ[4], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[5], ਗਿਆਨ ਸਿੰਘ ਐਬਟਾਬਾਦ[6], ਰਾਗ ਨਿਰਣਾਇਕ ਕਮੇਟੀ[7] ਨੇ ਇਸ ਸਰੂਪ ਨੂੰ ਪ੍ਰਮਾਣਿਕ ਮੰਨਿਆ ਹੈ :

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਔੜਵ ਸੰਪੂਰਨ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸਮਾਂ | : | ਸਵੇਰ ਦਾ ਸੰਧੀ ਪ੍ਰਕਾਸ਼,<br>ਸ਼ਾਮ ਦਾ ਸੰਧੀ ਪ੍ਰਕਾਸ਼ | | | |
| ਆਰੋਹ | : | ਸਾ ਰੇ ਮ ਪ ਧ ਸਾਂ | | | |
| ਅਵਰੋਹ | : | ਸਾਂ ਨੀ ਧ ਪ ਮ ਗ ਰੇ ਸਾ | | | |
| ਪਕੜ | : | ਰੇ ਮ ਪ, ਧ ਸਾ, ਨੀ ਧ ਪ ਮ, ਗ ਰੇ ਗ ਸਾ । | | | |

---

1. ਪਿਆਰਾ ਸਿੰਘ (ਪ੍ਰੋ:) : ਗੁਰੂ ਗ੍ਰੰਥ ਸੰਕੇਤ ਕੋਸ਼ , ਪੰਨਾ 46
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 71-72
3. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 46
4. ਸੁਰ ਸਿਮਰਣ ਸੰਗੀਤ (ਭਾਗ ਦੂਜਾ), ਪੰਨਾ 109
5. ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 79
6. ਗੁਰਬਾਣੀ ਸੰਗੀਤ (ਭਾਗ ਪਹਿਲਾ) , ਪੰਨਾ 29
7. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 (ਸੰਪਾਦਕ: ਸਤਬੀਰ ਸਿੰਘ, ਡਾ. ਗੁਰਨਾਮ ਸਿੰਘ) ਪੰਨਾ 4

(i) ਆਸਾ ਕਾਫੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਆਸਾ ਕਾਫੀ, ਰਾਗ ਆਸਾ ਅਧੀਨ ਆਸਾ ਦੇ ਪ੍ਰਕਾਰ ਵਜੋਂ ਅੰਕਿਤ ਹੈ । ਆਸਾ ਅਤੇ ਕਾਫੀ ਦੋ ਭਿੰਨ-ਭਿੰਨ ਅਤੇ ਸੁਤੰਤਰ ਰਾਗ ਹਨ । ਇਨ੍ਹਾਂ ਦੋਹਾਂ ਦੇ ਮਧੁਰ ਅੰਸ਼ਾਂ ਦਾ ਮਿਸ਼ਰਣ ਅਜਿਹੇ ਢੰਗ ਨਾਲ ਕੀਤਾ ਗਿਆ ਹੈ ਕਿ ਇਹ ਭਿੰਨ ਰਾਗ ਹੁੰਦਿਆਂ ਹੋਇਆਂ ਵੀ ਇੱਕ ਹੀ ਰਾਗ ਦਾ ਪ੍ਰਭਾਵ ਪੈਂਦਾ ਹੈ ।

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਆਸਾ ਕਾਫੀ ਦੇ ਇੱਕ ਸੰਯੁਕਤ ਰਾਗ ਹੋਣ ਸਬੰਧੀ ਵਿਦਵਾਨਾਂ ਵਿੱਚ ਕੁੱਝ ਮੱਤ-ਭੇਦ ਹਨ । ਡਾ. ਦੇਵਿੰਦਰ ਸਿੰਘ ਵਿਦਿਆਰਥੀ ਨੇ ਕਾਫੀ ਤੋਂ ਪਹਿਲਾਂ ਅਸ਼ਟਪਦੀਆਂ ਦੇ ਚਲਦੇ ਆ ਰਹੇ ਅੰਕਾਂ ਦਾ ਕੰਮ ਅੱਗੇ ਵੀ ਕ੍ਰਮਵਾਰ ਜਾਰੀ ਚਲਦਾ ਰਹਿਣ ਤੇ ਸਿੱਧ ਕੀਤਾ ਹੈ ਕਿ ਕਾਫੀ ਰਾਗ ਨਹੀਂ, ਕਾਫੀ ਨਾਮ ਕਾਵਿ ਰੂਪ ਦਾ ਦੱਸਿਆ ਹੈ[1] । ਡਾ. ਸੁਰਿੰਦਰ ਸਿੰਘ ਕੋਹਲੀ ਨੇ ਕਾਫੀ ਨੂੰ ਗਾਇਨ ਸ਼ੈਲੀ ਸਵੀਕਾਰਿਆ ਹੈ[2] । ਸ੍ਰੀਮਤੀ ਗੀਤਾ ਪੈਂਤਲ ਨੇ ਵੀ ਕਾਫੀ ਨੂੰ ਸ਼ੈਲੀ ਮੰਨਿਆ ਹੈ[3] । ਫਰੀਦਕੋਟੀ ਟੀਕਾ ਵਿੱਚ ਕਾਫੀ ਨੂੰ ਵੈਰਾਗ ਸੂਚਕ ਛੰਦ ਕਿਹਾ ਹੈ[4] । ਇਸ ਸਬੰਧ ਵਿੱਚ ਪ੍ਰੋ: ਸਾਹਿਬ ਸਿੰਘ ਜੀ, 'ਰਾਗ ਆਸਾ ਘਰ ਕੇ ਕਾਫੀ ਮਹਲਾ 3' ਉੱਤੇ ਵਿਚਾਰ ਕਰਦਿਆਂ ਲਿਖਦੇ ਹਨ, "ਆਸਾ ਘਰ ਕੇ ਕਾਫੀ ਲਫਜ਼ 'ਕੇ' ਪੁਲਿੰਗ ਹੈ । ਜੇ ਲਫਜ਼ 'ਕਾਫੀ' ਕਾਫੀਆਂ

---

1. ਗੁਰਬਾਣੀ ਦੇ ਰਾਗ ਸੰਬੋਧ ਅਤੇ ਸਾਰਥਕਤਾ , ਪੰਨਾ 42
2. ਚੌਣਵੀਆਂ ਕਾਫੀਆਂ , ਪੰਨਾ 3
3. ਪੰਜਾਬ ਕੀ ਸੰਗੀਤ ਪਰੰਪਰਾ , ਪੰਨਾ 93
4. ਫਰੀਦਕੋਟ ਵਾਲਾ ਟੀਕਾ , ਪੰਨਾ 1548

ਵਾਸਤੇ ਹੁੰਦਾ ਹੈ ਤਾਂ 'ਕੇ' ਦੇ ਥਾਂ 'ਕੀਆਂ' ਹੁੰਦਾ ਹੈ । ਸੋ 'ਕਾਫੀ' ਰਾਗ ਦਾ ਨਾਮ ਹੈ[1] । ਆਸਾ ਘਰ ਅਠਵੇਂ ਦੇ ਦੋ ਸ਼ਬਦ ਰਾਗ ਕਾਫੀ ਨਾਲ ਮਿਲਾ ਕੇ ਗਾਏ ਜਾਣ ਵਾਲੇ ਇਸ ਕਥਨ ਅਨੁਸਾਰ ਪ੍ਰੋ: ਸਾਹਿਬ ਸਿੰਘ ਜੀ ਨੇ 'ਆਸਾ ਕਾਫੀ' ਨੂੰ ਆਸਾ ਤੇ ਕਾਫੀ ਦਾ ਜੁਮੇਲ ਸਵੀਕਾਰਿਆ ਹੈ । ਹਿੰਦੀ ਸ਼ਬਦ ਸਾਗਰ ਵਿੱਚ ਕਾਫੀ ਨੂੰ ਇੱਕ ਵਿਸ਼ੇਸ਼ ਰਾਗ ਦੱਸਿਆ ਹੈ ਅਤੇ ਇਸ ਦੇ ਕਈ ਪ੍ਰਕਾਰ ਕਾਫੀ, ਕਾਨੜਾ, ਕਾਫੀ ਟੋਡੀ, ਕਾਫੀ ਹੋਲੀ ਹਨ[2] । ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕਾਫੀ ਨੂੰ ਰਾਗਿਨੀ ਮੰਨਿਆ ਹੈ ਜੋ ਆਸਾ ਨਾਲ ਮਿਲਾ ਕੇ ਲਿਖੀ ਗਈ ਹੈ[3] । ਡਾ. ਗੁਰਨਾਮ ਸਿੰਘ ਜੀ ਨੇ ਵੀ ਰਾਗ 'ਆਸਾ ਕਾਫੀ' ਇੱਕ ਰੂਪ ਸਵੀਕਾਰਿਆ ਹੈ[4] । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਇੱਕ ਸਿਰਲੇਖ :

ੴ ਸਤਿਗੁਰ ਪ੍ਰਸਾਦਿ ।
ਆਸਾ ਕਾਫੀ ਮਹਲਾ ੧ ਘਰੁ ਅਸ਼ਟਪਦੀਆਂ ।[5]

ਉਪਰੋਕਤ ਵਿਵਾਦ-ਗ੍ਰਸਤ ਕਥਨ ਦੀ ਪੁਸ਼ਟੀ ਕਰਦਾ ਹੈ ਕਿ 'ਆਸਾ ਕਾਫੀ' ਇੱਕ ਸੁਤੰਤਰ ਰਾਗ ਹੈ ਅਤੇ ਅਸ਼ਟਪਦੀ ਗਾਇਨ ਸ਼ੈਲੀ ਜਾਂ ਕਾਵਿ ਰੂਪ ਵਜੋਂ ਦਰਜ ਹੈ । ਭਾਰਤੀ ਸੰਗੀਤ ਵਿੱਚ ਆਸਾ ਕਾਫੀ ਰਾਗ ਅਪ੍ਰਚੱਲਿਤ ਹੈ । ਕਿਰਿਆਤਮਿਕ ਤੌਰ ਤੇ ਇਸ ਦੇ ਦੋ ਸਰੂਪ

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ,(ਪੋਥੀ ਤੀਜੀ), ਪੰਨਾ 119
2. ਸ਼ਿਆਮ ਸੁੰਦਰ ਦਾਸ : ਹਿੰਦੀ ਸ਼ਬਦ ਸਾਗਰ , ਪੰਨਾ 537
3. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) , ਪੰਨਾ 369
4. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 47
5. ਆਦਿ ਗ੍ਰੰਥ , ਪੰਨਾ 418

ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ :-

| | | | | | |
|---|---|---|---|---|---|
| (ੳ) ਥਾਟ | : | ਬਿਲਾਵਲ ਕਾਫੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਗੰਧਾਰ, ਨਿਸ਼ਾਦ ਕੋਮਲ | ਸਮਾਂ | : | ਸਵੇਰ ਤੇ ਸ਼ਾਮ |

ਆਰੋਹ : ਸਾ ਰੇ ਮ ਪ ਧ ਸਾਂ

ਅਵਰੋਹ : ਸਾਂ ਨੀ ਧ ਪ ਮ ਗ ਰੇ ਸਾ

ਪਕੜ : ਮ ਪ ਧ ਸਾਂ, ਨੀ ਧ ਪ, ਧ ਮ ਪ ਗ ਰੇ ਸਾ

ਡਾ. ਗੁਰਨਾਮ ਸਿੰਘ[1] ਤੇ ਪ੍ਰੋ: ਤਾਰਾ ਸਿੰਘ ਜੀ[2] ਨੇ ਆਸਾ ਕਾਫੀ ਦੇ ਇਸ ਸਰੂਪ ਨੂੰ ਸਵੀਕਾਰਿਆ ਹੈ ।

| | | | | | |
|---|---|---|---|---|---|
| (ਅ) ਥਾਟ | : | ਕਾਫੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਰਿਸ਼ਭ |
| ਸੁਰ | : | ਗੰਧਾਰ ਕੋਮਲ, ਨਿਸ਼ਾਦ ਦੋਵੇਂ | ਸਮਾਂ | : | ਰਾਤ ਦਾ ਪਹਿਲਾ ਪਹਿਰ |

ਆਰੋਹ : ਸਾ, ਰੇ ਮ ਪ, ਧ ਨੀ ਧ ਧ ਸਾਂ ਨੀ ਸਾਂ

ਅਵਰੋਹ : ਸਾਂ, ਰੇਂ ਨੀ ਧ ਪ, ਧ ਪ ਮ ਪ, ਗ ਰੇ ਸਾ

ਪਕੜ : ਨੀ ਧ ਪ, ਧ ਪ ਮ ਪ, ਗ ਰੇ ਸਾ, ਰੇ ਮ ਪ ।

---

1. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 47
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 81-82

(ii) ਆਸਾਵਰੀ

ਰਾਗ ਆਸਾਵਰੀ ਪੁਰਾਤਨ ਅਤੇ ਅਪ੍ਰਚੱਲਿਤ ਰਾਗ ਹੈ । ਭਾਰਤੀ ਸੰਗੀਤ ਵਿੱਚ ਰਾਗ ਆਸਾਵਰੀ ਦੇ ਦੋ ਪ੍ਰਕਾਰ ਹਨ - ਇੱਕ ਆਸਾਵਰੀ ਕੋਮਲ ਰਿਸ਼ਭ ਅਤੇ ਦੂਸਰਾ ਆਸਾਵਰੀ ਸ਼ੁਧੰਗ । ਆਸਾਵਰੀ ਕੋਮਲ ਰਿਸ਼ਭ ਨਾਂ ਤੋਂ ਹੀ ਸਪੱਸ਼ਟ ਹੈ ਕਿ ਇਸ ਵਿੱਚ ਕੋਮਲ ਰਿਸ਼ਭ ਦੀ ਵਰਤੋਂ ਹੁੰਦੀ ਹੈ ਅਤੇ। ਦੂਸਰਾ ਆਸਾਵਰੀ ਸ਼ੁਧੰਗ ਵਿੱਚ ਸ਼ੁੱਧ ਰਿਸ਼ਭ ਦਾ ਪ੍ਰਯੋਗ ਹੁੰਦਾ ਹੈ । ਪ੍ਰਾਚੀਨ ਸਮੇਂ ਵਿੱਚ ਕੋਮਲ ਰਿਸ਼ਭ ਵਾਲੀ ਆਸਾਵਰੀ ਨੂੰ ਆਸਾਵਰੀ ਕੋਮਲ ਰਿਸ਼ਭ ਨਹੀਂ ਕਿਹਾ ਜਾਂਦਾ ਸੀ ਪਰ ਆਸਾਵਰੀ ਸ਼ੁਧੰਗ ਨੂੰ 'ਆਸਾਵਰੀ ਸ਼ੁਧੰਗ' ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਸੀ । ਗੁਰਮਤਿ ਸੰਗੀਤ ਪੱਧਤੀ ਵਿੱਚ ਆਸਾਵਰੀ ਦੇ ਇਨ੍ਹਾਂ ਦੋਵੇਂ ਪ੍ਰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ । ਗੁਰਮਤਿ ਸੰਗੀਤ ਵਿੱਚ ਕੋਮਲ ਰਿਸ਼ਭ ਆਸਾਵਰੀ ਨੂੰ 'ਆਸਾਵਰੀ' ਅਤੇ ਆਸਾਵਰੀ ਸ਼ੁਧੰਗ ਨੂੰ 'ਆਸਾਵਰੀ ਸ਼ੁਧੰਗ' ਨਾਮ ਨਾਲ ਹੀ ਲਿਖਿਆ ਗਿਆ ਹੈ । ਭਾਈ ਵੀਰ ਸਿੰਘ ਜੀ ਨੇ ਆਪਣੇ ਲਿਖਤ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸੁਰ-ਤਾਲ ਸਮੂਹ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਰਾਗ ਆਸਾਵਰੀ, ਮਲ੍ਹਾਰ, ਪਰਜ, ਬਸੰਤ ਤਿੰਨਾਂ ਦੇ ਮੇਲ ਤੋਂ ਬਣਦਾ ਹੈ [1] । ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ, "ਰਾਗ ਆਸਾਵਰੀ ਭੈਰੋ, ਪਰਜ ਇਨ੍ਹਾਂ ਦੋਹਾਂ ਦੇ ਮੇਲ ਤੋਂ ਬਣੀ ਸੰਕੀਰਣ ਰਾਗਿਨੀ ਹੈ ।"[2] ਆਸਾਵਰੀ ਰਾਗ ਦੇ ਦੋਵੇਂ ਸਰੂਪਾਂ ਦੇ ਨਾਦਾਤਮਿਕ ਸਰੂਪ ਹੇਠ ਲਿਖੇ ਅਨੁਸਾਰ ਹਨ :

---

1. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪੰਜਵੀਂ) , ਪੰਨਾ 2196

2. ਗੁਰੂ ਗਿਰਾਰਥ ਕੋਸ਼ , ਪੰਨਾ 159

(ੳ) ਆਸਾਵਰੀ ਕੋਮਲ ਰਿਸ਼ਭ ਵਾਲੀ

| | | | | | |
|---|---|---|---|---|---|
| ਥਾਟ | : | ਆਸਾਵਰੀ | ਜਾਤੀ | : | ਔੜਵ ਸੰਪੂਰਨ |
| ਵਾਦੀ | : | ਧੈਵਤ | ਸੰਵਾਦੀ | : | ਗੰਧਾਰ |
| ਸੁਰ | : | ਰਿਸ਼ਭ, ਗੰਧਾਰ, ਧੈਵਤ, ਨਿਸ਼ਾਦ ਕੋਮਲ | ਸਮਾਂ | : | ਦੂਜਾ ਪਹਿਰ ਦਿਨ |

ਆਰੋਹ : ਸਾ, ਰੇ ਮ, ਪ, ਧ ਸਾਂ

ਅਵਰੋਹ : ਸਾਂ ਨੀ ਧ ਪ, ਮ, ਪ ਧ ਮ ਪ ਗ ਰੇ ਸਾ ।[1]

(ਅ) ਆਸਾਵਰੀ ਸ਼ੁਧੰਗ

| | | | | | |
|---|---|---|---|---|---|
| ਥਾਟ | : | ਆਸਾਵਰੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਗੰਧਾਰ |
| ਸੁਰ | : | ਗੰਧਾਰ, ਨਿਸ਼ਾਦ, ਧੈਵਤ ਕੋਮਲ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਨਿਸ਼ਾਦ |

ਆਰੋਹ : ਸਾ, ਰੇ ਮ ਪ ਧ ਸਾਂ

ਅਵਰੋਹ : ਸਾਂ ਨੀ ਧ, ਪ ਧ ਪ, ਗ ਰੇ ਸਾ

ਮੁੱਖ ਅੰਗ : ਸਾ ਰੇ ਮ ਪ ਨੀ ਧ ਪ ।[2]

---

1. ਭਾਤਖੰਡੇ ਵਿਸ਼ਨੂੰ ਨਰਾਇਣ (ਪੰਡਿਤ) : ਕ੍ਰਮਿਕ ਪੁਸਤਕ ਮਾਲਿਕਾ (ਭਾਗ-II) ਪੰਨਾ 362

2. ਜਗਦੀਸ਼ ਨਰਾਇਣ ਕੁਲਸਰੇਸ਼ਠ : ਸੰਗੀਤ ਸ਼ਾਸਤਰ, (ਸੰਪਾ. ਲਕਸ਼ਮੀ ਨਰਾਇਣ ਗਰਗ) ਪੰਨਾ 30-31

(5) ਗੂਜਰੀ : ਗੂਜਰੀ ਜਾਤਿ ਗਵਾਇ ਜਾ ਸਹੁ ਪਾਏ ਆਪਣਾ ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥[1]

ਰਾਗ ਗੂਜਰੀ ਨੂੰ ਪ੍ਰੋ: ਹਰਬੰਸ ਸਿੰਘ ਜੀ ਗੁਜਰਾਤ ਦੇਸ ਨਾਲ ਸਬੰਧਿਤ ਅਤੇ ਇਸਦਾ 'ਗੁਜਰ' ਕੌਮ ਤੋਂ ਵਿਕਾਸ ਹੋਇਆ ਮੰਨਦੇ ਹਨ ।[2] ਪੁਰਾਤਨ ਸੰਗੀਤਵੇਤਾ ਇਸ ਨੂੰ ਦੀਪਕ ਦੀ ਇਸਤਰੀ ਮੰਨਦੇ ਹਨ[3] । ਪਰ ਗੁਰਮਤਿ ਸੰਗੀਤ ਵਿੱਚ ਇਸ ਨੂੰ 'ਰਾਗ ਗੂਜਰੀ' ਦੇ ਨਾਮ ਨਾਲ ਸਵੀਕਾਰਿਆ ਗਿਆ ਹੈ । ਰਾਗ ਗੂਜਰੀ ਦੇ ਤਿੰਨ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ :-

(ੳ) ਥਾਟ : ਪੂਰਵੀ — ਜਾਤੀ : ਔੜਵ-ਸ਼ਾੜਵ

ਵਾਦੀ : ਰਿਸ਼ਭ — ਸੰਵਾਦੀ : ਪੰਚਮ

ਸੁਰ : ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ — ਵਰਜਿਤ ਸੁਰ : ਆਰੋਹ ਵਿੱਚ ਗੰਧਾਰ, ਧੈਵਤ; ਅਵਰੋਹ ਵਿੱਚ ਗੰਧਾਰ

ਸਮਾਂ : ਸ਼ਾਮ

ਆਰੋਹ : ਸਾ ਰੇ ਮੰ ਪ ਨੀ ਸਾਂ

ਅਵਰੋਹ : ਸਾਂ ਨੀ ਧੁ ਪ ਮੰ ਰੇ ਸਾ ।[4]

---

1. ਆਦਿ ਗ੍ਰੰਥ ; ਵਾਰ ਗੂਜਰੀ ਮਹਲਾ 3 , ਸਲੋਕ ਮਹਲਾ 3, ਪੰਨਾ 516
2. ਗੁਰੂ ਨਾਨਕ ਦੇਵ ਦੀ ਕਾਵਿ ਕਲਾ , ਪੰਨਾ 271
3. ਪਦਮ ਪਿਆਰਾ ਸਿੰਘ : ਗੁਰੂ ਗ੍ਰੰਥ ਸੰਕੇਤ ਕੋਸ਼ , ਪੰਨਾ 142
4. ਰਾਜਾ ਨਵਾਬ ਅਲੀ : ਮਾਰਿਫੁਨਗਮਾਤ (ਪ੍ਰਥਮ ਭਾਗ), ਪੰਨਾ 243

| | | | | | |
|---|---|---|---|---|---|
| (ਅ) ਥਾਟ | : | ਭੈਰਵ | ਜਾਤੀ | : | ਸੰਪੂਰਣ-ਔੜਵ |
| ਵਾਦੀ | : | ਧੈਵਤ | ਸੰਵਾਦੀ | : | ਰਿਸ਼ਭ |
| ਸੁਰ | : | ਰਿਸ਼ਭ, ਧੈਵਤ ਕੋਮਲ ਅਤੇ ਅੰਦੋਲਿਤ ਹਨ | ਵਰਜਿਤ ਸੁਰ | : | ਅਵਰੋਹ ਵਿੱਚ ਮਧਿਅਮ ਅਤੇ ਨਿਸ਼ਾਦ |
| ਮਿਸ਼ਰਣ | : | ਭੈਰਵ ਅਤੇ ਟੋਡੀ | ਸਮਾਂ | : | ਦਿਨ ਦਾ ਪਹਿਲਾ ਪਹਿਰ |

ਇਸ ਦੇ ਅਵਰੋਹ ਵਿੱਚ ਰਿਸ਼ਭ ਕੋਮਲ ਦੇ ਨਾਲ ਕੋਮਲ ਗੰਧਾਰ ਲਿਆ ਜਾਂਦਾ ਹੈ ।

ਆਰੋਹ : ਸਾ ਰੇ, ਗ, ਮੰ, ਪ ਨੀ ਧ ਨੀ ਸਾਂ

ਅਵਰੋਹ : ਸਾਂ, ਧ, ਪ ਗ, ਰੇ ਗ ਰੇ, ਸਾ ।[1]

(ੲ) ਪ੍ਰੋ: ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਰਾਗ ਨਿਰਣਾਇਕ ਕਮੇਟੀ[4], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[5], ਗਿਆਨ ਸਿੰਘ ਐਬਟਾਬਾਦ[6] ਨੇ ਰਾਗ ਗੂਜਰੀ ਦੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ ।

---

1. ਸ੍ਰੀ ਭਗਵਤੀ ਪ੍ਰੇਮ ਸ਼ੰਕਰ ਭੱਟ : ਪੁਸ਼ਟੀ ਸੰਗੀਤ ਪ੍ਰਕਾਸ਼ , ਪੰਨਾ 7
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 85-86
3. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 50
4. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 , ਪੰਨਾ 5
5. ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) , ਪੰਨਾ 159
6. ਗੁਰਬਾਣੀ ਸੰਗੀਤ (ਭਾਗ ਪਹਿਲਾ) , ਪੰਨਾ 77

| | | | | | |
|---|---|---|---|---|---|
| ਥਾਟ | : | ਤੋੜੀ | ਜਾਤੀ | : | ਸਾੜਵ-ਸਾੜਵ |
| ਵਾਦੀ | : | ਧੈਵਤ ਕੋਮਲ | ਸੰਵਾਦੀ | : | ਰਿਸ਼ਭ ਕੋਮਲ |
| ਸੁਰ | : | ਰਿਸ਼ਭ, ਗੰਧਾਰ, ਧੈਵਤ ਕੋਮਲ ਮਧਿਅਮ ਤੀਵਰ | ਵਰਜਿਤ ਸੁਰ | : | ਪੰਚਮ |

ਸਮਾਂ : ਦਿਨ ਦਾ ਦੂਸਰਾ ਪਹਿਰ

ਆਰੋਹ : ਸਾ ਰੇ ਗ ਮ ਧ ਨੀ ਸਾਂ

ਅਵਰੋਹ : ਸਾਂ ਨੀ ਧ ਮ ਗ ਰੇ, ਗ ਰੇ ਸਾ

ਪਕੜ : ਸਾ ਧ, ਮ, ਧ ਨੀ ਸਾਂ, ਨੀ ਧ ਮ ਗ ਰੇ, ਗ ਰੇ ਸਾ ।

ਕੁਝ ਸੰਗੀਤਕਾਰ ਇਸ ਵਿੱਚ ਗੰਧਾਰ ਸੁਰ ਸੰਵਾਦੀ ਮੰਨਦੇ ਹਨ ਪਰ ਬਹੁਮਤ ਅਨੁਸਾਰ ਰਿਸ਼ਭ ਹੀ ਸੰਵਾਦੀ ਹੈ । ਇਸ ਰਾਗ ਵਿੱਚ ਸ਼ੜਜ ਸੁਰ ਵਿੱਚ ਪ੍ਰਵੇਸ਼ ਕਰਨ ਸਮੇਂ ਨਿਸ਼ਾਦ ਸੁਰ ਦਾ ਤਿਆਗ ਕੀਤਾ ਜਾਂਦਾ ਹੈ ਜਿਵੇਂ - ਮ ਧ ਸਾਂ ਜਾਂ ਮ ਧ ਨੀ ਮ ਧ ਸਾਂ

(6) <u>ਦੇਵ ਗੰਧਾਰੀ :</u> ਰਾਗ ਦੇਵਗੰਧਾਰੀ ਪੁਰਾਤਨ ਅਤੇ ਅਪ੍ਰਚੱਲਿਤ ਰਾਗ ਹੈ । ਮੱਧ ਕਾਲ ਦੇ ਦੇ ਸੰਗੀਤ ਗ੍ਰੰਥਾਂ ਵਿੱਚ 'ਰਾਗ ਦੇਵ ਗੰਧਾਰੀ' ਦਾ ਉਲੇਖ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਮਿਲਦਾ ਹੈ । ਪ੍ਰਾਚੀਨ ਹੋਣ ਦੇ ਨਾਤੇ ਇਸ ਰਾਗ ਦੇ ਕਈ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ :-

(ੳ) ਪ੍ਰੋ: ਤਾਰਾ ਸਿੰਘ ਜੀ ਅਨੁਸਾਰ, ਦੇਵ ਗੰਧਾਰੀ ਦੇ ਦੋ ਪ੍ਰਕਾਰ ਹਨ, ਦੋਵੇਂ ਆਸਾਵਰੀ ਮੇਲ ਤੋਂ ਉਤਪਨ ਮੰਨੇ ਜਾਂਦੇ ਹਨ ।

(I) ਪਹਿਲਾ ਪ੍ਰਕਾਰ, ਜਿਸ ਦੇ ਆਰੋਹ ਵਿੱਚ ਰਿਸ਼ਭ ਧੈਵਤ ਵਰਜਿਤ, ਅਵਰੋਹ ਸੰਪੂਰਣ, ਵਾਦੀ ਧੈਵਤ, ਸੰਵਾਦੀ ਗੰਧਾਰ, ਸਮਾਂ ਪ੍ਰਾਤਿਕਾਲ ਹੈ । ਇਸ ਦੇ ਪੂਰਵਾਂਗ ਵਿੱਚ ਧਨਾਸਰੀ ਅਤੇ ਉਤਰਾਂਗ ਵਿੱਚ ਜੋਨਪੁਰੀ ਦੀ ਰੰਗਤ ਦ੍ਰਿਸ਼ਟੀਗੋਚਰ ਹੁੰਦੀ ਹੈ ।

(II) ਦੂਜੇ ਪ੍ਰਕਾਰ ਵਿੱਚ ਧੈਵਤ, ਨਿਸ਼ਾਦ ਕੋਮਲ। ਗੰਧਾਰ ਦੋਵੇਂ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ । ਇਸ ਦਾ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੈ । ਜਾਤੀ ਇਸ ਦੀ ਸੰਪੂਰਣ-ਸੰਪੂਰਣ ਅਤੇ ਗਾਉਣ ਵੇਲਾ ਦਿਨ ਦਾ ਦੂਜਾ ਪਹਿਰ ਹੈ । ਦੇਵ ਗੰਧਾਰੀ ਦਾ ਇਹ ਪ੍ਰਕਾਰ ਮਨੋਰੰਜਕ ਹੋਣ ਦੇ ਨਾਤੇ ਇਸ ਨੂੰ ਉਤਰਾਂਗ ਪ੍ਰਧਾਨ ਰਾਗਾਂ ਦੇ ਵਰਗ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ।[1]

(ਅ)

| | | | | | |
|---|---|---|---|---|---|
| ਥਾਟ | : | ਭੈਰਵ | ਜਾਤੀ | : | ਔੜਵ ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਦੋਵੇਂ ਧੈਵਤ, ਦੋਵੇਂ ਨਿਸ਼ਾਦ | ਸਮਾਂ | : | ਦਿਨ ਦਾ ਪਹਿਲਾ ਪਹਿਰ (6 ਤੋਂ 9 ਸਵੇਰ) |

ਆਰੋਹ : ਸਾ ਰੇ ਮ ਪ ਧ̱ ਪ ਮ, ਪ ਧ̱ ਸਾਂ, ਰੇਂ ਸਾਂ

ਅਵਰੋਹ : ਰੇ ਸਾਂ ਨੀ ਧ̱ ਪ, ਮ ਨੀ̱ ਪ, ਮ ਗ ਰੇ ਸਾ

ਮੁੱਖ ਅੰਗ : ਮ, ਪ ਧ̱, ਪ ਮ, ਗ , ਸਾ ਰੇ ਮ ।[2]

1. ਸ੍ਰੀ ਗੁਰੂ ਤੇਗ਼ ਬਹਾਦਰ ਰਾਗ ਰਤਨਾਵਲੀ , ਪੰਨਾ 38

2. Mansukhani, G.S. : Indian Classical Music and Sikh Kirtan; page 145.

(ਏ) ਥਾਟ : ਇਹ ਭਾਰਤੀ ਸੰਗੀਤ ਦੇ ਦਸਾਂ ਥਾਟਾਂ ਵਿਚੋਂ ਕਿਸੇ ਥਾਟ ਦੇ ਅਧੀਨ ਨਹੀਂ ਆਉਂਦਾ ਕਿਉਂਕਿ ਇਸ ਦਾ ਸਰੂਪ ਬਹੁਤ ਜਟਿਲ ਹੈ ਪਰ ਫੇਰ ਵੀ ਇਸ ਨੂੰ ਆਸਾਵਰੀ ਥਾਟ ਅਧੀਨ ਮੰਨਿਆ ਜਾ ਸਕਦਾ ਹੈ ।

ਜਾਤੀ : ਸੰਪੂਰਣ — ਵਾਦੀ : ਖੜਜ

ਸੰਵਾਦੀ : ਪੰਚਮ — ਸਮਾਂ : ਸਵੇਰ (8 ਤੋਂ 9 ਵਜੇ)

ਆਰੋਹ : ਸਾ ਰੇ ਗ, ਮ ਨੀ ਧ ਨੀ ਪ, ਮ ਪ ਧ ਨੀ ਸਾਂ ।

ਇਸ ਰਾਗ ਦੀ ਮੁੱਖ ਸੁਰ ਸੰਗੀਤ 'ਸਾ, ਰੇ ਨੀ, ਰੇ ਪ ਗ ਰੇ ਰੇ ਸਾ' ਹੈ । ਸ਼ੁੱਧ ਗੰਧਾਰ ਦੀ ਵਰਤੋਂ 'ਸਾ ਰੇ ਗ ਪ ਧ ਨੀ ਸਾਂ' ਸੁਰ ਸੰਗੀਤ ਅਨੁਸਾਰ ਕੀਤੀ ਜਾਂਦੀ ਹੈ । ਇਸ ਦੇ ਅੰਤਰੇ ਦਾ ਉਠਾਉ 'ਮ ਪ ਧ ਧ ਨੀ ਪ ਸਾਂ' ਸੁਰ ਸੰਗਤੀ ਅਨੁਸਾਰ ਕੀਤਾ ਜਾਂਦਾ ਹੈ ਜੋ ਇਸ ਦੇ ਸਮਪਰਕ੍ਰਿਤਕ ਰਾਗਾਂ ਵਿੱਚੋਂ ਕਿਸੇ ਵਿੱਚ ਨਹੀਂ ਮਿਲਦਾ[1] ।

(ਸ) ਰਾਗ ਦੇਵਗੰਧਾਰੀ ਦੇ ਇਸ ਸਰੂਪ ਨੂੰ ਪ੍ਰਵਾਨਿਤ ਦਰਜਾ ਦਿੱਤਾ ਗਿਆ ਹੈ । ਪ੍ਰੋ: ਤਾਰਾ ਸਿੰਘ[2], ਰਾਗ ਨਿਰਣਾਇਕ ਕਮੇਟੀ[3] ਨੇ ਵੀ ਇਸ ਸਰੂਪ ਨੂੰ ਅਪਣਾਇਆ ਹੈ ।

ਥਾਟ : ਆਸਾਵਰੀ ਅੰਗ — ਜਾਤੀ : ਔੜਵ-ਸੰਪੂਰਣ

ਵਾਦੀ : ਮਧਿਅਮ — ਸੰਵਾਦੀ : ਖੜਜ

ਸੁਰ : ਦੋਵੇਂ ਧੈਵਤ, ਦੋਵੇਂ ਨਿਸ਼ਾਦ — ਸਮਾਂ : ਦਿਨ ਦਾ ਦੂਜਾ ਪਹਿ

---

1. ਗੁਰਨਾਮ ਸਿੰਘ (ਡਾ.) : ਆਦਿ ਗ੍ਰੰਥ: ਰਾਗ ਕੋਸ਼, ਪੰਨਾ 51
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 90
3. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 5

ਆਰੋਹ : ਸਾ ਰੇ ਮ ਪ ਧ ਸਾਂ

ਅਵਰੋਹ : ਸਾਂ ਨੀ ਧ ਪ, ਮ ਪ, ਧ ਨੀ ਧ ਪ, ਮ ਗ ਰੇ ਸਾ

ਮੁੱਖ ਅੰਗ : ਧ ਨੀ ਧ ਪ, ਮ ਗ, ਸਾ ਰੇ ਮ, ਗ ਸਾ ਰੇ ਗ ਸਾ ।

(i) ਦੇਵ ਗੰਧਾਰ

ਰਾਗ ਦੇਵ ਗੰਧਾਰ ਪੁਰਾਤਨ ਅਤੇ ਸੁਰੀਲਾ ਰਾਗ ਹੈ । ਇਸ ਰਾਗ ਦੇ ਸਰੂਪ ਹੇਠ ਲਿਖੇ ਅਨੁਸਾਰ ਹਨ :-

(ੳ) ਥਾਟ : ਆਸਾਵਰੀ — ਜਾਤੀ : ਸੰਪੂਰਣ (ਕਈ ਆਰੋਹ ਵਿੱਚ ਗੰਧਾਰ ਵਰਜਿਤ ਕਰਦਿਆਂ ਜਾਤੀ ਸ਼ਾਡਵ-ਸੰਪੂਰਣ ਮੰਨਦੇ ਹਨ)

ਵਾਦੀ : ਧੈਵਤ — ਸੰਵਾਦੀ : ਗੰਧਾਰ

ਸੁਰ : ਧੈਵਤ, ਨਿਸ਼ਾਦ ਕੋਮਲ
ਦੋਵੇਂ ਗੰਧਾਰ

ਆਰੋਹ : ਸਾ ਰੇ ਮ ਪ, ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਮ ਪ ਗ ਰੇ ਸਾ ਰੇ ਨੀ ਸਾ ਰੇ ਗ

ਮੁੱਖ ਅੰਗ : ਮ (ਗ)ਧ (ਮ)ਧ ਪ, ਨੀ ਧ ਪ, ਧ ਮ ਪ, ਗ ਰੇ ਸਾ ।[1]

(ਅ) ਥਾਟ : ਬਿਲਾਵਲ — ਜਾਤੀ : ਔੜਵ-ਸੰਪੂਰਣ

ਵਾਦੀ : ਪੰਚਮ — ਸੰਵਾਦੀ : ਸ਼ੜਜ

---

1. ਸੁਰਿੰਦਰ ਕਪਿਲਾ : ਸੰਗੀਤ ਰਤਨਾਵਲੀ (ਭਾਗ ਪਹਿਲਾ), ਪੰਨਾ 232

ਨਿਆਸ ਸੁਰ : ਧੈਵਤ, ਮਧਿਅਮ    ਚਲਨ : ਮੱਧ, ਤਾਰ ਸਪਤਕ

ਸਮਾਂ : ਸਵੇਰ

ਇਸ ਦੇ ਆਰੋਹ ਵਿੱਚ ਨਿਸ਼ਾਦ ਦਾ ਅਲਪੱਤਵ, ਵਿਵਾਦੀ ਸੁਰ ਦੇ ਤੌਰ ਤੇ ਕੋਮਲ ਧੈਵਤ ਲਿਆ ਜਾਂਦਾ ਹੈ ।

ਆਰੋਹ : ਸਾ, ਗ ਮ ਪ, ਧ, ਪ ਧ ਸਾਂ

ਅਵਰੋਹ : ਸਾਂ, ਨੀ <u>ਧ</u> ਪ ਮ, ਪ <u>ਧ</u>, ਪ ਮ, ਗ ਰੇ ਸਾ ।[1]

(ੲ) ਥਾਟ : ਆਸਾਵਰੀ    ਜਾਤੀ : ਔੜਵ-ਸੰਪੂਰਨ

ਵਾਦੀ : ਧੈਵਤ    ਸੰਵਾਦੀ : ਗੰਧਾਰ

ਸੁਰ : ਗੰਧਾਰ, ਨਿਸ਼ਾਦ, ਧੈਵਤ ਕੋਮਲ    ਸਮਾਂ : ਦਿਨ ਦਾ ਦੂਸਰਾ ਪਹਿਰ

ਵਰਜਿਤ ਸੁਰ : ਆਰੋਹ ਵਿੱਚ ਰਿਸ਼ਭ, ਧੈਵਤ

ਆਰੋਹ : ਸਾ, <u>ਗ</u> ਮ ਪ <u>ਨੀ</u> ਸਾਂ

ਅਵਰੋਹ : ਸਾਂ, <u>ਨੀ</u> <u>ਧ</u> ਪ ਮ <u>ਗ</u> ਰੇ ਸਾ ।[2]

---

1. ਸ੍ਰੀ ਭਗਵਤੀ ਪ੍ਰਸਾਦ ਪ੍ਰੇਮ ਸ਼ੰਕਰ ਭੱਟ : <u>ਪੁਸ਼ਟੀ ਸੰਗੀਤ ਪ੍ਰਕਾਸ਼</u> , ਪੰਨਾ 25

2. ਵਸੰਤ : <u>ਰਾਗ ਕੋਸ਼</u> , ਪੰਨਾ 17

(7) <u>ਬਿਹਾਗੜਾ</u> : ਰਾਗ ਬਿਹਾਗੜਾ ਭਾਰਤੀ ਸੰਗੀਤ ਦਾ ਮਧੁਰ ਅਤੇ ਪ੍ਰਭਾਵਸ਼ਾਲੀ ਰਾਗ ਹੈ। ਰਾਗ ਬਿਹਾਗ ਅਤੇ ਖਮਾਜ ਦੇ ਮੇਲ ਤੋਂ ਰਾਗ ਬਿਹਾਗੜਾ ਦੀ ਰਚਨਾ ਹੋਈ ਹੈ। ਰਾਗ ਬਿਹਾਗੜਾ ਨੂੰ ਬਿਹਾਗ ਦਾ ਉਪ ਅੰਗ ਮੰਨਿਆ ਜਾਂਦਾ ਹੈ। ਰਾਗ ਬਿਹਾਗੜਾ ਦੇ ਦੋ ਰੂਪ ਪ੍ਰਚਾਰ ਵਿੱਚ ਹਨ। ਇੱਕ ਵਿੱਚ ਦੋਵੇਂ ਨਿਸ਼ਾਦ ਲਗਦੇ ਹਨ। ਪੰਜਾਬ ਵਿੱਚ ਦੋਵੇਂ ਨਿਸ਼ਾਦਾਂ ਵਾਲਾ ਬਿਹਾਗੜਾ ਜ਼ਿਆਦਾ ਪ੍ਰਚੱਲਿਤ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਰਾਗ ਦੀ ਰਚਨਾ ਮਾਰੂ ਅਤੇ ਕੇਦਾਰਾ ਰਾਗਾਂ ਦੇ ਮਧੁਰ ਸੰਜੋਗ ਤੋਂ ਮੰਨੀ ਹੈ[1]। ਇਸ ਰਾਗ ਦੇ ਦੋਵਾਂ ਸਰੂਪਾਂ ਦਾ ਵੇਰਵਾ ਇਸ ਤਰ੍ਹਾਂ ਹੈ :-

(ੳ) ਥਾਟ : ਬਿਲਾਵਲ — ਜਾਤੀ : ਔੜਵ ਸੰਪੂਰਣ

ਵਾਦੀ : ਗੰਧਾਰ — ਸੰਵਾਦੀ : ਨਿਸ਼ਾਦ

ਸੁਰ : ਦੋਵੇਂ ਮਧਿਅਮ, ਦੋਵੇਂ ਨਿਸ਼ਾਦ — ਵਰਜਿਤ ਸੁਰ : ਆਰੋਹ ਵਿੱਚ ਰਿਸ਼ਭ, ਧੈਵਤ

ਆਰੋਹ : ਨ਼ੀ, ਸਾ ਗ ਮ ਪ ਨੀ ਸਾਂ

ਅਵਰੋਹ : ਸਾਂ ਨੀ ਧ ਪ, ਨੀ ਧ ਪ, ਮੇ ਗ ਮ ਗ ਰੇ ਸਾ

ਪਕੜ : ਗ ਮ ਪ ਨੀ ਧ ਪ, ਗ ਮ ਗ, ਰੇ ਸਾ

(ਅ) ਰਾਗ ਬਿਹਾਗੜਾ ਦੇ ਨਿਮਨ ਲਿਖਤ ਸਰੂਪ ਨੂੰ ਪ੍ਰਵਾਨਿਤ ਸਰੂਪ ਮੰਨਿਆ ਗਿਆ ਹੈ। ਡਾ. ਮਾਨਸੁਖਾਨੀ[2], ਡਾ. ਗੁਰਨਾਮ ਸਿੰਘ[3], ਪ੍ਰੋ: ਤਾਰਾ ਸਿੰਘ[4]

---

1. <u>ਗੁਰੂ ਗਿਰਾਰਥ ਕੋਸ਼</u> (ਜਿਲਦ ਦੂਜੀ), ਪੰਨਾ 417
2. <u>Indian Classical Music and Sikh Kirtan</u>; page 145-146.
3. <u>ਆਦਿ ਗ੍ਰੰਥ: ਰਾਗ ਕੋਸ਼</u>, ਪੰਨਾ 53
4. <u>ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ</u>, ਪੰਨਾ 98-99

ਰਾਗ ਨਿਰਣਾਇਕ ਕਮੇਟੀ[1] ਨੇ ਵੀ ਇਸ ਸਰੂਪ ਨੂੰ ਪ੍ਰਵਾਨਿਆ ਹੈ ।

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ ਅਤੇ ਧੈਵਤ |

ਆਰੋਹ : ਨ਼ੀ ਸਾ ਗ ਮ ਪ ਨੀ ਸਾਂ

ਅਵਰੋਹ : ਸੰਨੀ ਧ ਪ ਨ਼ੀ ਧ ਪ ਧ ਗ ਮ ਗ ਰੇ ਸਾ

ਮੁੱਖ ਅੰਗ : ਸਾ ਗ ਮ ਪ, ਧ ਨ਼ੀ ਧ ਪ, ਗ ਮ, ਪ ਮ ਗ, ਰੇ ਸਾ

(8) <u>ਰਾਗ ਵਡਹੰਸ</u> : ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਿਹ ਸਚੈ ਨਾਮਿ ਪਿਆਰ ॥[2]

ਗੁਰਮਤਿ ਸੰਗੀਤ ਵਿੱਚ 'ਰਾਗ ਵਡਹੰਸ' ਮਹੱਤਵਪੂਰਨ ਰਾਗ ਹੈ । ਗੁਰਮਤਿ ਸੰਗੀਤ ਵਿੱਚ ਜਿੱਥੇ ਸ਼ਾਸਤਰੀ ਸੰਗੀਤ ਦੀ ਵਰਤੋਂ ਕੀਤੀ ਜਾਂਦੀ ਹੈ ਉਥੇ ਲੋਕ ਸੰਗੀਤ ਦੇ ਅੰਤਰਗਤ ਗਾਇਨ ਸ਼ੈਲੀਆਂ, ਲੋਕ ਧੁਨਾਂ ਦਾ ਵੀ ਪ੍ਰਯੋਗ ਕੀਤਾ ਗਿਆ ਹੈ ਭਾਵ ਗੁਰਮਤਿ ਸੰਗੀਤ ਸ਼ਾਸਤਰੀ ਅਤੇ ਲੋਕ ਸੰਗੀਤ ਦਾ ਸੁਮੇਲ ਹੈ । ਲੋਕ ਕਾਵਿ ਰੂਪ ਤੋਂ ਵਿਕਸਿਤ ਹੋਇਆ ਰਾਗ ਵਡਹੰਸ ਅਧੀਨ ਲੋਕ ਕਾਵਿ ਰੂਪ ਘੋੜੀਆਂ, ਅਲਾਹੁਣੀਆਂ ਆਦਿ ਦਰਜ ਹਨ । ਵਡਹੰਸ ਰਾਗ ਵਿੱਚ ਤਿਲਕ ਕਮੋਦ, ਬਰਵਾ, ਦੇਸ ਆਦਿ ਰਾਗਾਂ ਦੀ ਝਲਕ ਮਿਲਦੀ ਹੈ ਪਰ ਇਹ

---

1. <u>ਸਿਮ੍ਰਤੀ ਗ੍ਰੰਥ</u>, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 , ਪੰਨਾ 6

2. <u>ਆਦਿ ਗ੍ਰੰਥ</u> , ਸਲੋਕ ਮਹਲਾ 3, ਪੰਨਾ 585

ਨਿੱਜੀ ਵਿਸ਼ੇਸ਼ਤਾਵਾਂ ਕਾਰਨ ਆਪਣੇ ਸਮਪਰਕ੍ਰਿਤਕ ਰਾਗਾਂ ਤੋਂ ਭਿੰਨ ਹੋ ਜਾਂਦਾ ਹੈ ।

ਕਿਰਿਆਤਮਿਕ ਤੌਰ ਤੇ ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ :-

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਕਮਾਚ ਠਾਠ ਦਾ ਔੜਵ ਰਾਗ ਹੈ, ਨਿਸ਼ਾਦ ਦੋਵੇਂ ਲਗਦੇ ਹਨ, ਬਾਕੀ ਸੁਰ ਸ਼ੁੱਧ ਲਗਦੇ ਹਨ, ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਹੈ, ਇਸ ਦਾ ਬਰਵੇ ਨਾਲ ਬਹੁਤ ਮੇਲ ਹੈ, ਕਈ ਵਡਹੰਸ ਨੂੰ 'ਦਿਲ ਦਾ ਦੇਸ' ਆਖਦੇ ਹਨ, ਗਾਉਣ ਦਾ ਵੇਲਾ ਦਿਨ ਦਾ ਪਹਿਰ ਹੈ[1] ।"

(ਅ) ਪ੍ਰੋ: ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਗਿਆਨ ਸਿੰਘ ਐਬਟਾਬਾਦ[4], ਭਾਈ ਅਵਤਾਰ ਸਿੰਘ ਗੁਰਚਰਨ ਸਿੰਘ[5] ਤੋਂ ਇਲਾਵਾ ਰਾਗ ਨਿਰਣਾਇਕ ਕਮੇਟੀ[6] ਨੇ ਵਡਹੰਸ ਰਾਗ ਦੇ ਇਸ ਸਰੂਪ ਨੂੰ ਪ੍ਰਵਾਨਿਆ ਹੈ ।

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਸਾੜਵ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ |

---

1. ਮਹਾਨ ਕੋਸ਼ , ਪੰਨਾ 1081
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 103
3. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 54
4. ਗੁਰਬਾਣੀ ਸੰਗੀਤ (ਭਾਗ ਪਹਿਲਾ) , ਪੰਨਾ 96
5. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 251
6. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 , ਪੰਨਾ 6

| | | |
|---|---|---|
| ਆਰੋਹ | : | ਸਾ ਰੇ ਮ ਪ, ਧ ਨੀ ਪ, ਨੀ ਸਾਂ |
| ਅਵਰੋਹ | : | ਸਾਂ ਨੀ ਪ, ਧ ਮ ਗ ਰੇ, ਸਾ ਨ਼ੀ ਸਾ |
| ਪਕੜ | : | ਸਾ ਰੇ ਮ ਪ ਨੀ ਪ, ਧ ਮ ਗ ਰੇ, ਸਾ ਨ਼ੀ ਪ਼ ਨ਼ੀ ਸਾ । |

ਕੁੱਝ ਵਿਦਵਾਨਾਂ ਨੇ ਇਸ ਵਿੱਚ ਵਾਦੀ ਰਿਸ਼ਭ, ਸੰਵਾਦੀ ਪੰਚਮ ਅਤੇ ਕੁੱਝ ਨੇ ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਮੰਨਿਆ ਹੈ ।

## (i) ਵਡਹੰਸ ਦੱਖਣੀ

ਰਾਗ ਵਡਹੰਸ ਦੱਖਣੀ ਜੋ ਨਾਮ ਤੋਂ ਸੂਚਕ ਹੈ ਕਿ ਇਹ ਦੱਖਣੀ ਸੰਗੀਤ ਪੱਧਤੀ ਦਾ ਰਾਗ ਅਤੇ ਰਾਗ ਵਡਹੰਸ ਦਾ ਪ੍ਰਕਾਰ ਹੈ । ਰਾਗ ਵਡਹੰਸ ਦੱਖਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਵਡਹੰਸ ਅਧੀਨ ਅੰਕਿਤ ਕੀਤਾ ਗਿਆ ਹੈ । ਰਾਗ ਵਡਹੰਸ ਦੱਖਣੀ ਨੂੰ ਦੱਖਣੀ ਭਾਰਤੀ ਸੰਗੀਤ ਵਿੱਚ (ਬਲਹੰਸ) ਦੇ ਨਾਮ ਨਾਲ ਜਾਣਿਆ ਜਾਂਦਾ ਹੈ ।

| | | | | | |
|---|---|---|---|---|---|
| ਥਾਟ | : | ਹਰਿ ਕਾ ਭੋਜੀ | ਜਾਤੀ | : | ਔੜਵ-ਵਕਰ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਸੁਰ | : | ਅਵਰੋਹ ਵਿੱਚ ਕੋਮਲ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਨਿਸ਼ਾਦ |

| | | |
|---|---|---|
| ਆਰੋਹ | : | ਸਾ ਰੇ ਮ ਪ ਧ ਸਾਂ |
| ਅਵਰੋਹ | : | ਸਾਂ ਨੀ ਧ ਪ, ਮ ਰੇ ਮ ਗ ਸਾ |
| ਪਕੜ | : | ਪ, ਮ ਰੇ ਮ ਗ ਸਾ |

(9) <u>ਸੋਰਠਿ</u> : ਰਾਗ ਸੋਰਠਿ ਗੰਭੀਰ ਪਰਕ੍ਰਿਤੀ ਦਾ ਰਾਗ ਹੈ ਜੋ ਭਗਤੀ ਰਸ ਲਈ ਵਿਸ਼ੇਸ਼ ਅਨੁਕੂਲ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਦੇ ਸਬੰਧ ਵਿੱਚ ਗੁਰੂ ਵਾਕ ਹਨ :

- ਸੋਰਠਿ ਸਦਾ ਸੋਹਾਵਣੀ ਜੇ ਸਚਾ ਮਨਿ ਹੋਇ ॥
  ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥[1]

- ਸੋਰਠਿ ਸੁ ਰਸੁ ਪੀਜੀਐ ਕਬਹੂ ਨ ਫੀਕਾ ਹੋਇ
  ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥[2]

- ਸੋਰਠਿ ਤਾਮਿ ਸੁਹਾਵਣੀ ਜਾ ਹਰਿਨਾਮ ਢੰਢੋਲੇ ।
  ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥[3]

ਇਸ ਰਾਗ ਦਾ ਨਾਦਾਤਮਿਕ ਸਰੂਪ ਹੇਠ ਲਿਖੇ ਅਨੁਸਾਰ ਹੈ :-

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਔੜਵ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਧੈਵਤ |
| ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ ਤੇ ਧੈਵਤ | ਸਮਾਂ | : | ਰਾਤ ਦਾ ਦੂਸਰਾ ਪਹਿਰ |

ਆਰੋਹ : ਸਾ ਰੇ ਮ ਪ, ਨੀ ਸਾਂ

ਅਵਰੋਹ : ਸਾਂ ਰੇਂ ਨੀ ਧ, ਮ ਪ ਧ ਮ ਗਾ ਰੇ ਨੀ ਸਾ ।

ਮੁੱਖ ਅੰਗ : ਸਾ ਰੇ, ਮ ਪ, ਨੀ ਧ, ਪ, ਧ ਮ ਰੇ, ਰੇ ਸਾ ।

---

1. <u>ਆਦਿ ਗ੍ਰੰਥ</u> : ਸਲੋਕ ਮਹਲਾ ੧ , ਪੰਨਾ 642
2. <u>ਆਦਿ ਗ੍ਰੰਥ</u> : ਸਲੋਕ ਮਹਲਾ 5, ਪੰਨਾ 1425
3. <u>ਆਦਿ ਗ੍ਰੰਥ</u> : ਸਲੋਕ ਮਹਲਾ 4, ਪੰਨਾ 642

ਉਪਰੋਕਤ ਸਰੂਪ ਵਿੱਚ ਸ੍ਰ. ਗਿਆਨ ਸਿੰਘ ਐਬਟਾਬਾਦ[1] , ਭਾਈ ਅਵਤਾਰ ਸਿੰਘ ਗੁਰਚਰਨ ਸਿੰਘ[2] , ਡਾ. ਗੁਰਨਾਮ ਸਿੰਘ[3] , ਨੇ ਅਵਰੋਹ ਵਿੱਚ ਗੰਧਾਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸ਼ਾਡਵ ਮੰਨੀ ਹੈ। ਰਾਗ ਨਿਰਣਾਇਕ ਕਮੇਟੀ[4] ਨੇ ਇਸ ਦਾ ਸੁਰ ਧੈਵਤ ਹੀ ਮੰਨਿਆ ਹੈ। ਸ੍ਰੀ ਭਗਵਤੀ ਸ਼ਰਣ[5] ਅਤੇ ਪ੍ਰੋ: ਤਾਰਾ ਸਿੰਘ[6] ਨੇ ਇਸ ਦਾ ਸੰਵਾਦੀ ਸੁਰ 'ਪੰਚਮ' ਮੰਨਿਆ ਹੈ।

(10) <u>ਧਨਾਸਰੀ</u> : ਧਨਾਸਰੀ ਧਨਵੰਤੀ ਜਾਣੀਐ ਭਾਈ ॥
ਜਾਂ ਸਤਿਗੁਰ ਕੀ ਕਾਰ ਕਮਾਇ ॥ [7]

**ਧਨਾਸ਼ਰੀ** ਇੱਕ ਪੁਰਾਤਨ ਰਾਗ ਹੈ। ਧਨਾਸਰੀ ਪੱਛਮੀ ਪੰਜਾਬ ਦੇ ਇੱਕ ਭਾਗ ਦਾ ਨਾਮ ਸੀ ਤੇ ਇਥੋਂ ਦੀ ਸਥਾਨਕ ਧੁਨ ਦੇ ਆਧਾਰ ਤੇ ਹੀ ਇਸ ਰਾਗ ਦੀ ਸਥਾਪਨਾ ਹੋਈ[8] । ਨਾਦਾਤਮਿਕ ਸਰੂਪ ਅਨੁਸਾਰ ਇਸ ਰਾਗ ਦੇ ਤਿੰਨ ਸਰੂਪ ਪ੍ਰਚਾਰ ਵਿੱਚ

---

1. <u>ਗੁਰਬਾਣੀ ਸੰਗੀਤ</u> (ਭਾਗ ਪਹਿਲਾ) , ਪੰਨਾ 103
2. <u>ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ</u> (ਭਾਗ ਪਹਿਲਾ) , ਪੰਨਾ 283
3. <u>ਆਦਿ ਗ੍ਰੰਥ ਰਾਗ ਕੋਸ਼</u> , ਪੰਨਾ 56
4. <u>ਸਿਮ੍ਰਤੀ ਗ੍ਰੰਥ,</u> ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 7
5. <u>ਪੁਸ਼ਟੀ ਸੰਗੀਤ ਪ੍ਰਕਾਸ਼</u> , ਪੰਨਾ 11
6. <u>ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ</u> , ਪੰਨਾ 113
7. <u>ਆਦਿ ਗ੍ਰੰਥ</u> : ਸਲੋਕ ਮਹਲਾ , ਪੰਨਾ 1419
8. ਪਿਆਰਾ ਸਿੰਘ : <u>ਗੁਰੂ ਗ੍ਰੰਥ ਸੰਕੇਤ ਕੋਸ਼</u> , ਪੰਨਾ 208

ਹਨ । ਪਹਿਲੇ ਪ੍ਰਕਾਰ ਦੀ ਉਤਪਤੀ ਪੂਰਵੀ ਥਾਟ ਤੋਂ ਮੰਨੀ ਜਾਂਦੀ ਹੈ । ਇਨ੍ਹਾਂ ਤਿੰਨਾਂ ਪ੍ਰਕਾਰਾਂ ਵਿੱਚ ਸੁਰਾਂ ਦਾ ਚਲਨ ਸਮਾਨ ਰਹਿੰਦਾ ਹੈ ਅਤੇ ਕੇਵਲ ਥਾਟ ਅਨੁਸਾਰ ਸੁਰਾਂ ਦਾ ਰੂਪਾਂਤਰ ਕਰਨ ਤੋਂ ਹੀ ਇਸ ਦਾ ਸਰੂਪ ਸਥਾਪਿਤ ਹੋ ਜਾਂਦਾ ਹੈ ।

(ੳ) ਪੰਡਿਤ ਤਾਰਾ ਸਿੰਘ [1] ਨੇ ਇਸ ਰਾਗ ਦਾ ਸਰੂਪ ਅੰਕਿਤ ਕੀਤਾ ਹੈ ਪਰ ਇਹ ਸਪੱਸ਼ਟ ਨਹੀਂ ਹੈ :-

> "ਧਨਾਸਰੀ ਸਿਰੀ ਰਾਗ ਦੀ ਰਾਗਿਨੀ ਹੈ ਮ ਪ ਧ ਨੀ ਗ ਮ
> ਖਟ ਸਵਰ ਕੀ ਹੈ ਤੀਸਰੇ ਪਹਿਰ ਗਾਵਨੀ ।"

(ਅ) ਭੀਮ ਪਲਾਸੀ, ਭੈਰਵੀ ਅੰਗ ਸੁਰ : ਦੋਵੇਂ ਰੇ, ਦੋਵੇਂ ਧ, ਦੋਵੇਂ ਨੀ

ਵਾਦੀ : ਪੰਚਮ ਸੰਵਾਦੀ : ਸ਼ੜਜ

ਅਲਪੱਤਵ : ਆਰੋਹ ਵਿੱਚ ਰਿਸ਼ਭ, ਧੈਵਤ ਸਮਾਂ : ਦਿਨ ਦਾ ਤੀਸਰਾ ਪਹਿਰ

ਆਰੋਹ : ਸ ਗੁ ਮ ਪ, ਪ ਧੁ ਪ ਮ ਗੁ, ਮ ਪ, ਨੀ ਸਾਂ

ਅਵਰੋਹ : ਗੁ ਰੇ ਸਾ, ਰੇ ਨੁੀ ਧੁ ਪ, ਗੁ ਮ ਪ ਨੁੀ ਧ ਪ,
ਗ ਰੇ ਸਾ ।

ਇਸ ਦੇ ਆਰੋਹ ਅਵਰੋਹ ਵਿੱਚ ਕੋਮਲ ਰੇ ਨਹੀਂ ਹੈ [2] ।

(ੲ) ਸੰਤ ਸਰਵਣ ਸਿੰਘ ਜੀ ਅਨੁਸਾਰ ਇਹ ਕਾਫੀ ਥਾਟ ਦਾ ਰਾਗ ਹੈ । ਇਸ ਵਿੱਚ ਗੰਧਾਰ, ਨਿਸ਼ਾਦ ਸੁਰ ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ । ਇਸ ਦਾ

---

1. <u>ਗੁਰੂ ਗਿਰਾਰਥ ਕੋਸ਼</u> (ਜਿਲਦ ਦੂਜੀ) , ਪੰਨਾ 119

2. ਸ੍ਰੀ ਭਗਵਤੀ ਪ੍ਰਸਾਦ : <u>ਪੁਸ਼ਟੀ ਸੰਗੀਤ ਪ੍ਰਕਾਸ਼</u> , ਪੰਨਾ 65

ਵਾਦੀ ਪੰਚਮ, ਸੰਵਾਦੀ ਸੁਰ ਸ਼ੜਜ ਹੈ । ਇਸ ਵਿੱਚ ਰਿਸ਼ਭ, ਧੈਵਤ ਸੁਰ ਵਰਜਿਤ ਹਨ । ਇਸ ਦੀ ਜਾਤੀ ਔੜਵ-ਔੜਵ ਹੈ । ਇਸ ਦਾ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ :

ਆਰੋਹ : ਸਾ ਗ ਮ ਪ ਨੀ ਸਾਂ

ਅਵਰੋਹ : ਸਾਂ ਨੀ ਪ ਮ ਗ ਸਾ

ਪਕੜ : ਸਾ ਨੀ ਸਾ ਮ, ਪ ਮ ਗ ਮ, ਪ ਗ ਪ ।[1]

ਬਹੁਮਤ ਵਿਦਵਾਨਾਂ ਨੇ ਇਸ ਸਰੂਪ ਨੂੰ ਪ੍ਰਵਾਨਿਤ ਮੰਨਿਆ ਹੈ ।

ਪ੍ਰੋ: ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[4], ਗਿਆਨ ਸਿੰਘ ਐਬਟਾਬਾਦ[5], ਰਾਗ ਨਿਰਣਾਇਕ ਕਮੇਟੀ[6] ਨੇ ਵੀ ਇਸ ਸਰੂਪ ਨੂੰ ਪ੍ਰਵਾਨਿਤ ਮੰਨਿਆ ਹੈ ।

| | | | | | |
|---|---|---|---|---|---|
| ਥਾਟ | : | ਕਾਫੀ | ਜਾਤੀ | : | ਔੜ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ, ਧੈਵਤ | ਸਮਾਂ | : | ਦਿਨ ਦਾ ਤੀਸਰਾ ਪਹਿਰ |

---

1. ਸੁਰ ਸਿਮਰਣ ਸੰਗੀਤ (ਭਾਗ ਚੌਥਾ), ਪੰਨਾ 240
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 117-18
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 57
4. ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 209
5. ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 114
6. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 7

ਆਰੋਹ : ਨ਼ੀ ਸਾ ਗ ਮ ਪ ਨੀ ਸਾਂ

ਅਵਰੋਹ : ਸਾਂ ਨੀ ਧ ਮ ਪ ਮ ਗ ਰੇ ਸਾ

ਮੁੱਖ ਅੰਗ : ਨ਼ੀ ਸਾ, ਗ ਮ ਪ, ਨੀ ਧ ਪ, ਮ ਪ ਗ ਰੇ, ਸਾ

(11) ਜੈਤਸਰੀ : ਰਾਗ ਜੈਤਸਰੀ ਪੁਰਾਤਨ ਅਤੇ ਕਠਿਨ ਰਾਗ ਹੈ । ਸੰਸਕ੍ਰਿਤ ਗ੍ਰੰਥਕਾਰਾਂ ਨੇ ਇਸ ਰਾਗ ਨੂੰ ਜੈਤਸ੍ਰੀ, ਜਯ ਸ੍ਰੀ, ਜਯੰਤ ਸ੍ਰੀ ਆਦਿ ਨਾਂਵਾਂ ਨਾਲ ਪੁਕਾਰਿਆ ਹੈ । ਇਸ ਰਾਗ ਦੀ ਰਚਨਾ ਜੈਤ ਅਤੇ ਸਿਰੀ ਰਾਗ ਦੇ ਮਿਸ਼ਰਣ ਨਾਲ ਹੋਈ ਹੈ । ਪੰਡਿਤ ਤਾਰਾ ਸਿੰਘ ਜੀ ਅਨੁਸਾਰ, "ਇਸ ਰਾਗ ਦੀ ਰਚਨਾ ਦੇਸੀ, ਟੋਡੀ, ਵਿਭਾਸ ਇਨ੍ਹਾਂ ਤਿੰਨਾਂ ਦੇ ਮੇਲ ਤੋਂ ਹੈ ।"[1] ਰਾਗ ਰਾਗਿਨੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਨੂੰ ਰਾਗਿਨੀ ਮੰਨਿਆ ਹੈ ਪਰ ਗੁਰੂ ਸਾਹਿਬਾਨ ਨੇ ਹਰ ਤਰ੍ਹਾਂ ਦੇ ਮੱਤ-ਭੇਦਾਂ ਵਿਚੋਂ ਕੱਢ ਕੇ ਇਸ ਨੂੰ 'ਰਾਗ ਜੈਤਸਰੀ' ਹੀ ਅੰਕਿਤ ਕੀਤਾ ਹੈ । ਇਸ ਰਾਗ ਦਾ ਨਾਦਾਤਮਿਕ ਸਰੂਪ ਇਸ ਪ੍ਰਕਾਰ ਹੈ :-

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਗੰਧਾਰ | ਸੰਵਾਦੀ | : | ਨਿਸ਼ਾਦ |
| ਸੁਰ | : | ਰਿਸ਼ਭ, ਧੈਵਤ ਕੋਮਲ<br>ਮਧਿਅਮ ਤੀਵਰ | ਵਰਜਿਤ ਸੁਰ | : | ਆਰੋਹ ਵਿੱਚ<br>ਰਿਸ਼ਭ, ਧੈਵਤ |

ਸਮਾਂ : ਸ਼ਾਮ

ਆਰੋਹ : ਸਾ ਗ ਮ ਪ ਨੀ ਸਾਂ

ਅਵਰੋਹ : ਸਾਂ ਨੀ, ਧ ਪ, ਮ ਗ ਰੇ ਸਾ

ਪਕੜ : ਸਾ, ਗ ਪ ਮ ਧ ਪ ਮ ਗ, ਮ ਗ, ਰੇ ਸਾ

---

1. ਗੁਰੂ ਗਿਰਾਰਥ ਕੋਸ਼ (ਜਿਲਦ ਪਹਿਲੀ), ਪੰਨਾ 661

ਡਾ. ਗੁਰਨਾਮ ਸਿੰਘ[1] ਅਤੇ ਸੰਤ ਸਰਵਣ ਸਿੰਘ ਜੀ[2] ਨੇ ਇਸ ਰਾਗ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਮੰਨਿਆ ਹੈ । ਪਰ ਪਹਿਲਾ ਮੱਤ ਵਧੇਰੇ ਪ੍ਰਚਾਰ ਵਿੱਚ ਹੈ ।

(12) <u>ਟੋਡੀ</u> : ਰਾਗ ਟੋਡੀ ਇੱਕ ਸਧਾਰਣ ਅਤੇ ਰਸੀਲਾ ਰਾਗ ਹੈ । ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਰਾਗ ਦੇ ਨਾਮ ਵਰਾਲੀ ਜਾਂ ਵਰਾਟੀ ਮਿਲਦੇ ਹਨ । ਇਹ ਰਾਗ ਤੋੜੀ ਦੇ ਮੇਲ ਦੇ ਅੰਤਰਗਤ ਹੋਣ ਕਾਰਨ ਤੋੜੀ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ । ਪੰਡਿਤ ਤਾਰਾ ਸਿੰਘ ਜੀ ਨੇ ਟੋਡੀ ਰਾਗ ਨੂੰ ਦੀਪਕ ਰਾਗ ਦੀ ਰਾਗਿਨੀ ਅਤੇ ਮਾਲਕੌਂਸ, ਆਸਾਵਰੀ, ਧਨਾਸਰੀ ਤਿੰਨਾਂ ਦੇ ਮੇਲ ਤੋਂ ਇਸ ਦੀ ਰਚਨਾ ਮੰਨੀ ਹੈ ।[3]

ਕ੍ਰਿਆਤਮਿਕ ਤੌਰ ਤੇ ਇਸ ਰਾਗ ਦਾ ਨਿਮਨ ਲਿਖਤ ਅਨੁਸਾਰ ਸਰੂਪ ਹੈ :-

| | | | |
|---|---|---|---|
| ਥਾਟ | : ਤੋੜੀ (ਟੋਡੀ) | ਜਾਤੀ | : ਸੰਪੂਰਣ-ਸੰਪੂਰਣ |
| ਵਾਦੀ | : ਕੋਮਲ ਧੈਵਤ | ਸੰਵਾਦੀ | : ਕੋਮਲ ਰਿਸ਼ਭ |
| ਸੁਰ | : ਰਿਸ਼ਭ, ਗੰਧਾਰ, ਧੈਵਤ ਕੋਮਲ ਮਧਿਅਮ ਤੀਵਰ | | |
| ਆਰੋਹ | : ਸਾ <u>ਰੇ</u> <u>ਗ</u> ਮੰ ਪ <u>ਧ</u> ਨੀ ਸਾਂ | | |
| ਅਵਰੋਹ | : ਸਾਂ ਨੀ <u>ਧ</u> ਪ ਮੰ <u>ਗ</u> <u>ਰੇ</u> ਸਾ | | |
| ਮੁੱਖ ਅੰਗ | : <u>ਧ</u> ਨੀ ਸਾ, <u>ਰੇ</u> <u>ਗ</u>, <u>ਰੇ</u>, ਸਾ, ਮੰ <u>ਗ</u>, ਪ ਮੰ <u>ਗ</u>, <u>ਰੇ</u> <u>ਗ</u>, <u>ਰੇ</u> ਸਾ । | | |

---

1. <u>ਆਦਿ ਗ੍ਰੰਥ: ਰਾਗ ਕੋਸ਼</u> , ਪੰਨਾ 58
2. <u>ਸੁਰ ਸਿਮਰਣ ਸੰਗੀਤ</u> (ਭਾਗ ਤੀਜਾ) , ਪੰਨਾ 170
3. <u>ਗੁਰੂ ਗਿਰਾਰਥ ਕੋਸ਼</u> (ਜਿਲਦ ਪਹਿਲੀ) , ਪੰਨਾ 682

(13) ਬੈਰਾੜੀ : ਰਾਗ ਬੈਰਾੜੀ ਪੁਰਾਤਨ ਰਾਗ ਹੈ ਜਿਸ ਦਾ ਉਲੇਖ ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਦੇ ਗ੍ਰੰਥਾਂ ਵਿੱਚ ਮਿਲਦਾ ਹੈ। ਪੁਰਾਤਨ ਸੰਗੀਤ ਗ੍ਰੰਥਾਂ ਵਿੱਚ ਰਾਗ ਬੈਰਾੜੀ ਨੂੰ ਬੈਰਾੜੀ, ਵਰਾਟੀ, ਬਰਾਰੀ ਆਦਿ ਨਾਂਵਾਂ ਨਾਲ ਸੰਬੋਧਨ ਕੀਤਾ ਹੈ। ਰਾਗ ਰਾਗਿਨੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਨੂੰ ਦੀਪਕ, ਸਿਰੀ ਆਦਿ ਦੀ ਰਾਗਿਨੀ ਮੰਨਿਆ ਹੈ [1]। ਪਰ ਗੁਰਮਤਿ ਸੰਗੀਤ ਪੱਧਤੀ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਨੂੰ 'ਰਾਗ ਬੈਰਾੜੀ' ਨਾਮ ਨਾਲ ਹੀ ਲਿਖਿਆ ਗਿਆ ਹੈ। ਪ੍ਰੋ: ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਭਾਈ ਅਵਤਾਰ ਸਿੰਘ ਗੁਰਚਰਨ ਸਿੰਘ[4], ਗਿਆਨ ਸਿੰਘ ਐਬਟਾਬਾਦ[5], ਰਾਗ ਨਿਰਣਾਇਕ ਕਮੇਟੀ[6] ਆਦਿ ਵਿਦਵਾਨਾਂ ਨੇ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਇਸ ਰਾਗ ਦਾ ਨਾਦਾਤਮਿਕ ਸਰੂਪ ਇਸ ਪ੍ਰਕਾਰ ਮੰਨਿਆ ਹੈ। ਇਨ੍ਹਾਂ ਦੇ ਆਰੋਹ ਅਵਰੋਹ ਵਿੱਚ ਫਰਕ ਹੈ ਪਰ ਚਲਨ ਇਹੀ ਹੈ।

| | | | |
|---|---|---|---|
| ਥਾਟ | : ਮਾਰਵਾ | ਜਾਤੀ | : ਵਕਰ-ਸੰਪੂਰਣ |
| ਵਾਦੀ | : ਗੰਧਾਰ | ਸੰਵਾਦੀ | : ਧੈਵਤ |

---

1. ਗੁਰੂ ਗਿਰਾਰਥ ਕੋਸ਼ (ਜਿਲਦ ਦੂਜੀ), ਪੰਨਾ 438
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 134
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 60
4. ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 421
5. ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 145
6. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 9

ਸੁਰ : ਰਿਸ਼ਭ ਕੋਮਲ, ਮਧਿਅਮ ਤੀਵਰ ਸਮ+ : ਸੰਧੀ ਪ੍ਰਕਾਸ਼

ਆਰੋਹ : ਨ਼ੀ, ਰੇ ਗ ਪ, ਮੰ ਗ, ਮੰ ਧ ਸਾਂ

ਅਵਰੋਹ : ਸਾਂ ਨੀ ਧ ਪ, ਮੰ ਗ, ਪ ਗ, ਰੇ ਸਾ

ਪਕੜ : ਪ ਧ ਗ, ਮੰ ਧ, ਮੰ ਗ, ਮੰ ਰੇ ਗ, ਰੇ ਸਾ

(14) ਤਿਲੰਗ : ਰਾਗ ਤਿਲੰਗ ਲੋਕਪ੍ਰਿਯ ਰਾਗ ਹੈ । ਇਸ ਨੂੰ ਸਾਧਾਰਣ ਸਰੋਤੇ ਵੀ ਆਸਾਨੀ ਨਾਲ ਪਛਾਣ ਲੈਂਦੇ ਹਨ । ਭਾਰਤੀ ਸੰਗੀਤ ਗ੍ਰੰਥਾਂ ਵਿੱਚ ਤਿਲੰਗ ਰਾਗ ਨੂੰ 'ਤੈਲੰਗੀ' ਨਾਮ ਨਾਲ ਵੀ ਲਿਖਿਆ ਮਿਲਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਰਾਗ ਤਿਲੰਗ' ਹੀ ਲਿਖਿਆ ਹੈ । ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਇਸ ਰਾਗ ਦਾ ਨਾਦਾਤਮਿਕ ਸਰੂਪ ਇਸ ਪ੍ਰਕਾਰ ਹੈ । ਇਹ ਭਾਰਤੀ ਸੰਗੀਤ ਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਦੁਆਰਾ ਪ੍ਰਵਾਨਿਤ ਸਰੂਪ ਹੈ । ਪ੍ਰੋ: ਤਾਰਾ ਸਿੰਘ [1], ਡਾ. ਗੁਰਨਾਮ ਸਿੰਘ [2], ਗਿਆਨ ਸਿੰਘ ਐਬਟਾਬਾਦ [3], ਭਾਈ ਅਵਤਾਰ ਸਿੰਘ ਗੁਰਚਰਨ ਸਿੰਘ [4], ਰਾਗ ਨਿਰਣਾਇਕ ਕਮੇਟੀ [5] ਦੁਆਰਾ ਇਹੋ ਸਰੂਪ ਪ੍ਰਵਾਨਿਆ ਗਿਆ ਹੈ ।

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 139-40
2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 61
3. ਗੁਰਬਾਣੀ ਸੰਗੀਤ (ਭਾਗ ਪਹਿਲਾ) , ਪੰਨਾ 147
4. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) , ਪੰਨਾ 437
5. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 , ਪੰਨਾ 9

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਔੜਵ-ਔੜਵ |
| ਵਾਦੀ | : | ਗੰਧਾਰ | ਸੰਵਾਦੀ | : | ਨਿਸ਼ਾਦ |
| ਵਰਜਿਤ ਸੁਰ | : | ਰਿਸ਼ਭ ਤੇ ਧੈਵਤ | ਸਮਾਂ | : | ਦਿਨ ਦਾ ਤੀਸਰਾ ਪਹਿਰ |
| ਆਰੋਹ | : | ਸਾ ਗ ਮ ਪ ਨੀ ਸਾਂ | | | |
| ਅਵਰੋਹ | : | ਸਾਂ ਨੀ ਪ ਮ ਗ ਸਾ | | | |
| ਮੁੱਖ ਅੰਗ | : | ਨ਼ੀ ਸਾ ਗ ਮ ਪ, ਨੀ ਪ, ਗ ਮ ਗ, ਸਾ | | | |

## (i) ਤਿਲੰਗ ਕਾਫੀ

ਰਾਗ ਤਿਲੰਗ ਅਤੇ ਕਾਫੀ ਦੇ ਸੁਮੇਲ ਤੋਂ ਰਾਗ **'ਤਿਲੰਗ ਕਾਫੀ'** ਸ੍ਰੀ ਗੁਰੂ ਗ੍ਰੰਥ ਸਾਹਬ ਵਿੱਚ ਰਾਗ ਤਿਲੰਗ ਅਧੀਨ ਉਸ ਦੇ ਪ੍ਰਕਾਰ ਵਜੋਂ ਅੰਕਿਤ ਹੈ । ਇਹ ਰਾਗ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਹੈ, ਇਸ ਦਾ ਜ਼ਿਕਰ ਭਾਰਤੀ ਸੰਗੀਤ ਦੇ ਗ੍ਰੰਥਾਂ ਵਿੱਚ ਨਹੀਂ ਮਿਲਦਾ । ਕਿਰਿਆਤਮਿਕ ਤੌਰ ਤੇ ਇਸ ਦਾ ਸਰੂਪ ਹੇਠ ਲਿਖੇ ਅਨੁਸਾਰ ਹੈ :-

| | | | | | |
|---|---|---|---|---|---|
| ਥਾਟ | : | ਖਮਾਜ ਕਾਫੀ | ਜਾਤੀ | : | ਔੜਵ-ਵਕਰ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਸੁਰ | : | ਦੋਵੇਂ ਗੰਧਾਰ, ਦੋਵੇਂ ਨਿਸ਼ਾਦ | | | |
| ਆਰੋਹ | : | ਸਾ ਗ, ਮ ਪ, ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਪ, ਮ ਗ, ਮ ਗੁ, ਰੇ ਸਾ | | | |
| ਮੁੱਖ ਅੰਗ | : | ਨੀ ਪ ਗ ਮ ਗ, ਮ ਗੁ ਰੇ ਸਾ | | | |

(15) ਸੂਹੀ : ਸੂਹੀ ਇੱਕ ਅਪ੍ਰਚੱਲਿਤ ਰਾਗ ਹੈ । ਇਸ ਰਾਗ ਦੇ ਅਪ੍ਰਚੱਲਿਤ ਹੋਣ ਕਾਰਨ ਇਸ ਸਬੰਧੀ ਮੱਤ-ਭੇਦ ਪਾਏ ਜਾਂਦੇ ਹਨ । ਕੁੱਝ ਵਿਦਵਾਨ ਇਸ ਰਾਗ ਦੀ ਉਤਪਤੀ ਦਰਬਾਰੀ ਕਾਨੜ੍ਹਾ ਅਤੇ ਮੇਗ ਮਲ੍ਹਾਰ ਤੋਂ, ਕੁੱਝ ਬਹਾਰ ਅਤੇ ਸਾਰੰਗ ਦੇ ਮੇਲ ਤੋਂ, ਕੁੱਝ ਕਾਨੜ੍ਹਾ ਅਤੇ ਸਾਰੰਗ ਦੇ ਮੇਲ ਤੋਂ ਮੰਨਦੇ ਹਨ । ਪ੍ਰੋ: ਤਾਰਾ ਸਿੰਘ ਜੀ ਅਨੁਸਾਰ, "ਸੂਹੀ ਰਾਗਿਣੀ ਸਿਰੀ ਰਾਗ, ਸਾਰੰਗ, ਕਾਨੜ੍ਹਾਂ ਇਨ੍ਹਾਂ ਤਿੰਨਾਂ ਦੇ ਮੇਲ ਤੋਂ ਬਣੀ ਹੈ"[1] । ਇਸ ਰਾਗ ਬਾਰੇ ਇੰਨੇ ਮੱਤ ਹੁੰਦਿਆਂ ਹੋਇਆਂ ਵੀ ਇਸ ਮੱਤ ਨਾਲ ਸਭ ਸਹਿਮਤ ਹਨ ਕਿ ਰਾਗ ਸੂਹੀ, ਕਾਨੜ੍ਹਾ ਦਾ ਇੱਕ ਪ੍ਰਕਾਰ ਹੈ । ਰਾਗਾਂਗ ਪੱਧਤੀ ਮੰਨਣ ਵਾਲੇ ਵਿਦਵਾਨ ਇਸ ਨੂੰ ਕਾਨੜ੍ਹਾ ਅੰਗ ਦਾ ਰਾਗ ਮੰਨਦੇ ਹਨ । ਕਈ ਵਿਦਵਾਨ ਸੂਹਾ ਰਾਗ ਨੂੰ ਸੂਹੀ ਮੰਨਦੇ ਹਨ । ਰਾਗ ਸੂਹੀ ਦੇ ਨਿਮਨ ਲਿਖਤ ਸਰੂਪ ਮਿਲਦੇ ਹਨ ।

(ੳ) ਸੂਹੀ ਇੱਕ ਰਾਗਣੀ ਹੈ ਜਿਸ ਨੂੰ ਸੂਹਾ ਭੀ ਆਖਦੇ ਹਨ । ਇਹ ਕਾਫੀ ਠਾਠ ਦੀ ਸ਼ਾਡਵ ਰਾਗਣੀ ਹੈ । ਇਸ ਵਿੱਚ ਧੈਵਤ ਵਰਜਿਤ ਹੈ । ਸੂਹੀ ਵਿੱਚ ਗੰਧਾਰ, ਨਿਸ਼ਾਦ ਕੋਮਲ ਬਾਕੀ ਸੁਰ ਸ਼ੁੱਧ ਲਗਦੇ ਹਨ । ਵਾਦੀ ਮੱਧਮ, ਸੰਵਾਦੀ ਸ਼ੜਜ ਹੈ । ਗਾਉਣ ਦਾ ਵੇਲਾ ਦੋ ਘੜੀ ਦਿਨ ਚੜੇ ਹੈ । ਇਸ ਰਾਗ ਦੀ ਵਿਆਖਿਆ ਤੋਂ ਉਪਰੰਤ ਉਨ੍ਹਾਂ ਨੇ ਇਸ ਰਾਗ ਦੀ ਆਰੋਹੀ ਅਵਰੋਹੀ ਇਸ ਤਰ੍ਹਾਂ ਨਿਰਧਾਰਿਤ ਕੀਤੀ ਹੈ :

ਆਰੋਹੀ : ਸਾ ਰੇ ਗ ਮ ਪ ਨੀ ਸਾਂ

ਅਵਰੋਹੀ : ਸਾਂ ਨੀ ਮ ਪ ਗ ਰੇ ਸਾ ।[2]

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 149
2. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ , ਪੰਨਾ 222

(ਅ) ਡਾ. ਗੁਰਨਾਮ ਸਿੰਘ ਜੀ ਨੇ ਵੀ ਇਸ ਰਾਗ ਦਾ ਨਿਮਨ ਲਿਖਤ ਸਰੂਪ ਮੰਨਿਆ ਹੈ :

| | | | | | |
|---|---|---|---|---|---|
| ਥਾਟ | : | ਕਾਫੀ | ਜਾਤੀ | : | ਔੜਵ-ਸ਼ਾੜਵ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਗੰਧਾਰ, ਨਿਸ਼ਾਦ ਕੋਮਲ | ਵਰਜਿਤ ਸੁਰ | : | ਧੈਵਤ, ਆਰੋਹ ਵਿੱਚ ਰਿਸ਼ਭ ਦਾ ਅਲਪ ਪ੍ਰਯੋਗ । |
| ਸਮਾਂ | : | ਦੂਜਾ ਪਹਿਰ ਦਿਨ | | | |
| ਆਰੋਹ | : | ਨੀ ਸਾ ਮਗ, ਮ, ਪ ਨੀ ਮ ਪ ਸਾਂ | | | |
| ਅਵਰੋਹ | : | ਸਾਂ, ਨੀ ਪ, ਮ ਪ ਮਗ ਮ, ਪ ਮਗ ਮ ਰੇ ਸਾ | | | |
| ਪਕੜ | : | ਨੀ ਪ, ਮ ਪ ਸਾਂ, ਨੀ ਪ ਮ ਪ ਮਗ ਮ, ਰੇ ਸਾ ।[1] | | | |

ਪ੍ਰੰਤੂ ਉਪਰੋਕਤ ਸਰੂਪ ਰਾਗ ਸੂਹੀ ਦੇ ਨਹੀਂ । ਥਾਟ ਕਾਫੀ ਅੰਤਰਗਤ ਰਾਗ ਸੂਹੀ ਦੀ ਰਚਨਾ ਹੁੰਦੀ ਹੈ । ਇਸ ਲਈ ਇਹ ਸਰੂਪ ਰਾਗ ਸੂਹੀ ਦੇ ਨਹੀਂ ਹਨ । ਰਾਗ ਸੂਹੀ ਦਾ ਸਰੂਪ ਪ੍ਰੋ: ਤਾਰਾ ਸਿੰਘ[2], ਗਿਆਨ ਸਿੰਘ ਐਬਟਾਬਾਦ[3], ਭਾਈ ਅਵਤਾਰ ਸਿੰਘ ਗੁਰਚਰਨ ਸਿੰਘ[4], ਡਾ. ਮਨਸੁਖਾਨੀ[5], ਰਾਗ ਨਿਰਣਾਇਕ ਕਮੇਟੀ[6] ਨੇ ਵੀ

---

1. ਆਦਿ ਗ੍ਰੰਥ: ਰਾਗ ਕੋਸ਼, ਪੰਨਾ 63-64
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 149
3. ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 154
4. ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ), ਪੰਨਾ 455
5. Indian Classical Music and Sikh Kirtan ; page 148.
6. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸਮੇਲਨ, 1991, ਪੰਨਾ 10

ਇਸ ਤਰ੍ਹਾਂ ਪ੍ਰਵਾਨਿਆ ਹੈ । ਇਨ੍ਹਾਂ ਵਿਦਵਾਨਾਂ ਵਲੋਂ ਪ੍ਰਵਾਨੇ ਸਰੂਪ ਦੇ ਆਰੋਹ ਅਵਰੋਹ ਲਿਖਣ ਵਿੱਚ ਭਿੰਨਤਾ ਹੈ ਪਰ ਸਰੂਪ, ਚਲਨ ਇੱਕ ਹੈ :

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਸੰਪੂਰਨ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਸੁਰ | : | ਦੋਵੇਂ ਨਿਸ਼ਾਦ | ਸਮਾਂ | : | ਦੂਜਾ ਪਹਿਰ ਦਿਨ |
| ਆਰੋਹ | : | ਸਾ ਰੇ ਗ ਮ, ਪ, ਨੀ ਧ ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਪ, ਮ ਗ, ਰੇ ਗ ਰੇ,ਸਾ | | | |
| ਮੁੱਖ ਅੰਗ | : | ਗ ਮ ਗ ਰੇ, ਗ ਮ ਨੀ ਧ ਪ, ਪ ਮ ਗ, ਮ ਗ ਰੇ ਗ ਰੇ ਸਾ । | | | |

(i) <u>ਸੂਹੀ ਕਾਫੀ</u>

ਰਾਗ ਸੂਹੀ ਕਾਫੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਸੂਹੀ ਦੇ ਪ੍ਰਕਾਰ ਵਜੋਂ ਅੰਕਿਤ ਹੈ । ਰਾਗ ਸੂਹੀ ਵਿੱਚ ਸਿਰਫ ਧੈਵਤ ਸਵਰ ਨੂੰ ਹਟਾ ਕੇ ਇਸ ਰਾਗ ਦੀ ਸਿਰਜਨਾ ਕੀਤੀ ਗਈ । ਇਸ ਰਾਗ ਦੇ ਨਿਮਨ ਲਿਖਤ ਦੋ ਸਰੂਪ ਮਿਲਦੇ ਹਨ :-

| | | | | | | |
|---|---|---|---|---|---|---|
| (ੳ) | ਥਾਟ | : | ਕਾਫੀ | ਜਾਤੀ | : | ਸ਼ਾੜਵ-ਸ਼ਾੜਵ |
| | ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| | ਸੁਰ | : | ਗੰਧਾਰ, ਨਿਸ਼ਾਦ ਕੋਮਲ | ਵਰਜਿਤ ਸੁਰ | : | ਧੈਵਤ |
| | ਆਰੋਹ | : | ਸਾ ਰੇ ਗੁ, ਮ ਪ ਨੀ ਸਾਂ | | | |
| | ਅਵਰੋਹ | : | ਸਾਂ ਨੀ ਪ ਮ ਗੁ ਰੇ ਸਾ | | | |
| | ਮੁੱਖ ਅੰਗ | : | ਨੀ ਪ, ਮ ਪ ਗੁ, ਰੇ ਸਾ ।[1] | | | |

---

1. ਗੁਰਨਾਮ ਸਿੰਘ (ਡਾ.) : <u>ਆਦਿ ਗ੍ਰੰਥ ਰਾਗ ਕੋਸ਼</u> , ਪੰਨਾ 65

| | | | | | |
|---|---|---|---|---|---|
| (ਅ) | ਥਾਟ | : ਕਾਫੀ | ਜਾਤੀ | : | ਸ਼ਾਡਵ-ਸੰਪੂਰਣ |
| | ਵਾਦੀ | : ਮਧਿਅਮ | ਸੰਵਾਦੀ | : | ਸ਼ੜਜ |
| | ਸੁਰ | : ਗੰਧਾਰ, ਨਿਸ਼ਾਦ ਕੋਮਲ | ਵਰਜਿਤ ਸੁਰ | : | ਆਰੋਹ ਵਿੱਚ ਧੈਵਤ |
| | ਸਮਾਂ | : ਦਿਨ ਦਾ ਦੂਜਾ ਪਹਿਰ | | | |
| | ਆਰੋਹ | : ਸਾ ਰੇ ਗ ਮ ਪ ਨੀ ਸਾਂ | | | |
| | ਅਵਰੋਹ | : ਨੀ ਪ, ਧ ਪ ਮ ਪ, ਗ ਰੇ ਸਾ ।[1] | | | |

## (ii) ਸੂਹੀ ਲਲਿਤ

ਇਹ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ ਜੋ ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਵਿੱਚ ਪ੍ਰਚਾਰ ਵਿੱਚ ਨਹੀਂ ਹੈ । ਰਾਗ ਸੂਹੀ ਅਤੇ ਲਲਿਤ ਰਾਗ ਦੇ ਮਿਲਣ ਤੋਂ ਰਾਗ 'ਸੂਹੀ ਲਲਿਤ' ਹੋਂਦ ਵਿੱਚ ਆਇਆ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਨੂੰ 'ਸੂਹੀ' ਦੇ ਪ੍ਰਕਾਰ ਵਜੋਂ ਰਾਗ ਸੂਹੀ ਅਧੀਨ ਅੰਕਿਤ ਕੀਤਾ ਗਿਆ ਹੈ । ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ :-

| | | | | | |
|---|---|---|---|---|---|
| (ੳ) | ਥਾਟ | : ਲਲਿਤ | ਜਾਤੀ | : | ਔੜਵ-ਸ਼ਾਡਵ |
| | ਵਾਦੀ | : ਮਧਿਅਮ | ਸੰਵਾਦੀ | : | ਸ਼ੜਜ |
| | ਸੁਰ | : ਰਿਸ਼ਭ, ਧੈਵਤ ਕੋਮਲ ਦੋਵੇਂ ਮਧਿਅਮ | ਵਰਜਿਤ ਸੁਰ | : | ਪੰਚਮ |

---

1. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 160

ਆਰੋਹ : ਸਾ, ਨ਼ੀ ਰੇ ਗ ਮ, ਮ' ਮ ਗ, ਮ ਧ ਸਾਂ

ਅਵਰੋਹ : ਸਾਂ, ਰੇਂ ਨੀ ਧ, ਮ ਧ ਮ ਮ ਗ, ਰੇ ਸਾ

ਮੁੱਖ ਅੰਗ : ਸਾ, ਨ਼ੀ ਰੇ ਗ ਮ, ਧ ਮ' ਧ ਮ ਮ ਗ ।[1]

(ਅ) ਥਾਟ : ਪੂਰਵੀ-ਬਿਲਾਵਲ  ਜਾਤੀ : ਵਕ੍ਰ-ਸ਼ਾਡਵ

ਵਾਦੀ : ਮਧਿਅਮ  ਸੰਵਾਦੀ : ਸ਼ੜਜ

ਸਮਾਂ : ਰਾਤ ਦਾ ਚੌਥਾ ਪਹਿਰ

ਆਰੋਹ : ਸ, ਨ਼ੀ ਰੇ ਗ ਮ, ਮ ਮ ਧ, ਗ ਪ ਧ ਨੀ ਸਾਂ

ਅਵਰੋਹ : ਸਾਂ, ਰੇਂ ਨੀ ਧ ਮ' ਮ ਗ, ਮ' ਗ ਰੇ ਸਾ

ਮੁੱਖ ਅੰਗ : ਸਾ, ਨ਼ੀ ਰੇ ਗ ਮ', ਧ ਮ' ਮ ਗ, ਰੇ ਨੀ ਧ ਮ' ਮ ਗ ।[2]

(16) ਬਿਲਾਵਲ : ਰਾਗ ਬਿਲਾਵਲ ਪ੍ਰਾਚੀਨ ਅਤੇ ਪ੍ਰਚੱਲਿਤ ਰਾਗ ਹੈ । ਮੱਧ ਕਾਲ ਦੇ ਲੱਗਭਗ ਸਾਰੇ ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦੇ ਉਲੇਖ ਤੋਂ ਇਸ ਰਾਗ ਦੀ ਲੋਕਪ੍ਰਿਯਤਾ ਬਾਰੇ ਪਤਾ ਲਗਦਾ ਹੈ । ਸੰਸਕ੍ਰਿਤ ਗ੍ਰੰਥਕਾਰਾਂ ਨੇ ਇਸ ਰਾਗ ਨੂੰ ਵੇਲਾਵਲੀ, ਵਿਲਾਵਲੀ ਜਾਂ ਬਿਲਾਵਲੀ ਨਾਂਵਾਂ ਨਾਲ ਪੁਕਾਰਿਆ ਹੈ । ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੋਣ ਕਾਰਨ ਇਸ ਨੂੰ 'ਸਵੇਰ ਦਾ ਕਲਿਆਣ' ਵੀ ਕਿਹਾ ਜਾਂਦਾ ਹੈ । ਰਾਗ ਰਾਗਣੀ ਪੱਧਤੀ ਅਨੁਸਾਰ ਕੁੱਝ ਵਿਦਵਾਨਾਂ ਨੇ ਇਸ ਰਾਗ ਨੂੰ ਰਾਗਣੀ ਮੰਨਿਆ ਹੈ ਪਰ ਸ੍ਰੀ ਗੁਰੂ ਗ੍ਰੰਥ

---

1. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 160

2. ਗੁਰਨਾਮ ਸਿੰਘ (ਡਾ.) : ਆਦਿ ਗ੍ਰੰਥ: ਰਾਗ ਕੋਸ਼, ਪੰਨਾ 66

ਸਾਹਿਬ ਵਿੱਚ 'ਰਾਗ ਬਿਲਾਵਲ' ਹੀ ਲਿਖਿਆ ਹੈ । ਇਸ ਰਾਗ ਦੇ ਸਬੰਧ ਵਿੱਚ ਗੁਰੂ ਸਾਹਿਬਾਨ ਦਾ ਫੁਰਮਾਨ ਹੈ :

- ਹਰਿ ਉਤਮੁ ਹਰਿ ਪ੍ਰਭ ਗਾਵਿਆ ਕਰਿ ਨਾਦੁ ਬਿਲਾਵਲ ਰਾਗੁ ॥
  ਉਪਦੇਸੁ ਗੁਰੂ ਸੁਣਿ ਮੰਨਿਆ ਧੁਰ ਮਸਤਕਿ ਪੂਰਾ ਭਾਗ ॥[1]

- ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ ਏਕਸੁ ਸਿਉ ਲਿਵ ਲਾਇ ॥
  ਜਨਮ ਮਰਨ ਦੁਖੁ ਕਟੀਐ ਸਚੇ ਰਹੈ ਸਮਾਇ ॥
  ਸਦਾ ਬਿਲਾਵਲ ਅਨੰਦ ਹੈ ਜੇ ਚਲਹਿ ਸਤਿਗੁਰ ਭਾਇ ॥[2]

- ਬਿਲਾਵਲ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥
  ਰਾਗ ਨਾਦੁ ਸਬਦ ਸੋਹਣੇ ਜਾ ਲਾਵੈ ਸਹਿਜ ਧਿਆਨੁ ॥[3]

ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਇਸ ਰਾਗ ਦਾ ਨਾਦਾਤਮਿਕ ਸਰੂਪ ਹੇਠ ਲਿਖੇ ਅਨੁਸਾਰ ਹੈ :-

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਗੰਧਾਰ |
| ਸੁਰ | : | ਸਾਰੇ ਸ਼ੁੱਧ | ਸਮਾਂ | : | ਦਿਨ ਦਾ ਦੂਜਾ ਪਹਿਰ । |

ਆਰੋਹ : ਸਾ ਰੇ ਗ ਮ ਪ, ਧ ਨੀ ਸਾਂ

ਅਵਰੋਹ : ਸਾਂ ਨੀ ਧ, ਪ, ਮ ਗ , ਰੇ ਸਾ

ਮੁੱਖ ਅੰਗ : ਗ ਰੇ, ਗ ਮ ਧ ਪ, ਮ ਗ, ਮ ਰੇ ਸਾ

---

1. ਆਦਿ ਗ੍ਰੰਥ : ਪੰਨਾ 849
2. ਆਦਿ ਗ੍ਰੰਥ ; ਸਲੋਕ ਮਹਲਾ 3 , ਪੰਨਾ 849
3. ਆਦਿ ਗ੍ਰੰਥ : ਸਲੋਕ ਮਹਲਾ 3, ਪੰਨਾ 849

(i) ਬਿਲਾਵਲ ਦੱਖਣੀ

ਰਾਗ ਬਿਲਾਵਲ ਦੱਖਣੀ ਜੋ ਰਾਗ ਬਿਲਾਵਲ ਦਾ ਹੀ ਪ੍ਰਕਾਰ ਹੈ, ਰਾਗ ਬਿਲਾਵਲ ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਵਿੱਚ ਪ੍ਰਚੱਲਿਤ ਹੈ ਪਰ ਦੋਵੇਂ ਪੱਧਤੀਆਂ ਦੇ ਰਾਗ ਦੇ ਸਰੂਪ ਵਿੱਚ ਭਿੰਨਤਾ ਕਾਰਨ ਦੋਵੇਂ ਆਪਣੀ ਵੱਖਰਹ ਹੋਂਦ ਰੱਖਦੇ ਹਨ । ਬਿਲਾਵਲ ਦੱਖਣੀ ਨੂੰ ਭਾਰਤੀ ਸੰਗੀਤ ਵਿੱਚ 'ਵੇਲਾਵਲੀ' ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ । ਇਸ ਰਾਗ ਦਾ ਸਰੂਪ ਹੇਠ ਲਿਖੇ ਅਨੁਸਾਰ ਹੈ :-

| | | | | | |
|---|---|---|---|---|---|
| ਥਾਟ | : | ਵੇਲਾਵਲੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਰਿਸ਼ਭ |
| ਸੁਰ | : | ਗੰਧਾਰ ਕੋਮਲ, ਬਾਕੀ ਸ਼ੁੱਧ | ਸਮਾਂ | : | ਸਵੇਰ |
| ਆਰੋਹ | : | ਸਾ ਰੇ ਮ ਪ ਧ ਸਾਂ | | | |
| ਅਵਰੋਹ | : | ਸਾਂ ਨੀ ਧ ਪ ਮ ਗ ਰੇ ਸਾ | | | |
| ਮੁੱਖ ਅੰਗ | : | ਰੇ ਮ ਪ ਧ ਮ ਪ, ਧ ਮ ਗ ਰੇ, ਸਾ | | | |

(17) ਰਾਗ ਗੌਂਡ : ਰਾਗ ਗੌਂਡ ਪੁਰਾਤਨ ਅਤੇ ਕਠਿਨ ਰਾਗ ਹੈ । ਭਾਰਤੀ ਸੰਗੀਤ ਵਿੱਚ ਮਿਸ਼ਰਤ ਪਰਿਪਾਟੀ ਅਨੁਸਾਰ ਇਸ ਦੇ ਕਈ ਪ੍ਰਕਾਰ ਪ੍ਰਚਾਰ ਵਿੱਚ ਹਨ ਜਿਵੇਂ; ਗੌਂਡ ਮਲ੍ਹਾਰ, ਗੌੜ ਸਾਰੰਗ ਆਦਿ ਪਰ ਗੁਰਮਤਿ ਸੰਗੀਤ ਵਿੱਚ ਗੌਂਡ ਦਾ ਸਿਰਫ ਇੱਕ ਪ੍ਰਕਾਰ ਰਾਗ ਬਿਲਾਵਲ ਨਾਲ ਮਿਸ਼ਰਤ ਕਰਕੇ ਰਾਗ 'ਬਿਲਾਵਲ ਗੌਂਡ' ਹੀ ਗਾਉਣ ਦੀ ਪ੍ਰਥਾ ਹੈ । ਸ੍ਰੀ ਪਿਆਰਾ ਸਿੰਘ ਜੀ ਨੇ ਆਪਣੇ 'ਗੁਰੂ ਗ੍ਰੰਥ ਸੰਕੇਤ ਕੋਸ਼' ਵਿੱਚ 'ਰਤਨ ਸਮੂਹ' ਦਾ ਹਵਾਲਾ ਦਿੰਦੇ ਹੋਏ

ਲਿਖਿਆ ਹੈ ਕਿ ਇਹ ਰਾਗ ਧਨਾਸਰੀ, ਮਲ੍ਹਾਰ, ਬਿਲਾਵਲ ਦੇ ਮੇਲ ਤੋਂ ਬਣਦਾ ਹੈ [1] । ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ, "ਰਾਗ ਗੌਂਡ ਉਂਝ ਤਾਂ ਅੱਧੀ ਰਾਤ ਗਾਵੀਦਾ ਹੈ ਪਰ ਬਾਰਿਸ਼ ਹੋਵੇ ਤਾਂ ਹਰ ਵੇਲੇ ਗਾਇਆ ਜਾ ਸਕਦਾ ਹੈ [2] । ਰਾਗ ਗੌਂਡ ਪੁਰਾਤਨ ਹੋਣ ਕਰਕੇ ਇਸ ਦੇ ਕਈ ਸਰੂਪ ਪ੍ਰਚਾਰ ਵਿੱਚ ਹਨ :

(ੳ) ਗੌਂਡ ਕਾਫੀ ਥਾਟ ਤੋਂ ਉਤਪਨ ਹੋਣ ਵਾਲਾ ਅਪ੍ਰਸਿੱਧ ਸਰੂਪ ਹੈ । ਪੂਰਵਾਂਗ ਵਿੱਚ ਕਾਨੜ੍ਹਾ ਅਤੇ ਉਤਰਾਂਗ ਵਿੱਚ ਮਲ੍ਹਾਰ ਅੰਗ ਲਿਆ ਜਾਂਦਾ ਹੈ । ਇਸ ਦਾ ਗੰਧਾਰ ਕਾਨੜ੍ਹਾ ਅੰਗ ਤੇ ਲਏ ਜਾਣ ਕਰਕੇ ਅੰਦੋਲਿਤ ਰਹਿੰਦਾ ਹੈ :-

ਆਰੋਹ : ਸਾ ਗ਼ ਮ ਰੇ ਪ, ਨ਼ੀ ਧ ਸਾਂ

ਅਵਰੋਹ : ਸਾਂ ਧ ਨ਼ੀ ਪ, ਮ ਪ ਗ਼ ਰੇ ਰੇ ਸਾ

ਮੁੱਖ ਅੰਗ : ਰੇ ਗ਼ ਰੇ ਮ ਗ਼ ਰੇ ਸਾ ।[3]

| | | | | | |
|---|---|---|---|---|---|
| (ਅ) ਥਾਟ | : | ਕਾਫੀ | ਜਾਤੀ | : | ਔੜਵ-ਵਕਰ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |

ਆਰੋਹ : ਨ਼ੀ ਸਾ, ਰੇ ਮ, ਰੇ ਪ, ਧ ਸਾਂ

ਅਵਰੋਹ : ਸਾਂ ਧ ਨ਼ੀ ਪ ਧ ਨ਼ੀ ਪ, ਮ ਪ, ਗ਼ (ਅੰਦੋਲਿਤ) ਮ ਰੇ ਸਾ ।

ਮੁੱਖ ਅੰਗ : ਮ ਪ ਧ ਸਾਂ, ਧ ਰੇ, ਸਾਂ, ਨ਼ੀ ਪ, ਮ ਪ ਗ਼ ਮ, ਮ ਰੇ,
ਸ ਨ਼ੀ ਸਾ ।[4]

---

1. ਗੁਰੂ ਗ੍ਰੰਥ ਸੰਕੇਤ ਕੋਸ਼ , ਪੰਨਾ 148
2. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ , ਪੰਨਾ 66
3. ਭਾਤ ਖੰਡੇ (ਪੰਡਿਤ) : ਕ੍ਰਮਿਕ ਪੁਸਤਕ ਮਾਲਿਕਾ (ਭਾਗ - 6) , ਪੰਨਾ 339
4. ਜ. ਤਿ ਸ਼ਾਹ : ਮਲ੍ਹਾਰ ਕੇ ਪ੍ਰਕਾਰ , ਪੰਨਾ 72

(ੲ) ਸਿੱਖ ਕੀਰਤਨੀਆਂ ਅਤੇ ਵਿਦਵਾਨਾਂ ਅਨੁਸਾਰ ਇਹ ਸਰੂਪ ਪ੍ਰਚਲਿਤ ਮੰਨਿਆ ਗਿਆ ਹੈ । ਭਾਈ ਅਵਤਾਰ ਸਿੰਘ ਗੁਰਚਰਨ ਸਿੰਘ[1], ਡਾ. ਗੁਰਨਾਮ ਸਿੰਘ[2] ਅਤੇ ਰਾਗ ਨਿਰਣਾਇਕ ਕਮੇਟੀ[3] ਨੇ ਵੀ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ :-

| | | | |
|---|---|---|---|
| ਥਾਟ | : ਬਿਲਾਵਲ | ਜਾਤੀ | : ਸੰਪੂਰਣ |
| ਵਾਦੀ | : ਸ਼ੜਜ | ਸੰਵਾਦੀ | : ਮਧਿਅਮ |
| ਸਮਾਂ | : ਦਿਨ ਦਾ ਦੂਸਰਾ ਪਹਿਰ | | |
| ਆਰੋਹ | : ਸਾ ਰੇ ਗ ਮ, ਪ ਧ ਨੀ ਧ ਨੀ ਸਾਂ | | |
| ਅਵਰੋਹ | : ਸਾਂ ਨੀ ਧ ਨੀ ਪ, ਮ ਗ, ਰੇ ਸਾ, । | | |
| ਮੁੱਖ ਅੰਗ | : ਰੇ ਗ ਮ, ਪ ਮ , ਮ ਪ ਨੀ ਧ ਨੀ ਸਾ ਨੀ ਧ ਨੀ ਪ, ਧ ਮ । | | |

(i) ਬਿਲਾਵਲ ਗੌਂਡ

ਇਹ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ । ਇਸ ਬਾਰੇ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਕੋਈ ਹਵਾਲਾ ਨਹੀਂ ਮਿਲਦਾ । ਰਾਗ ਬਿਲਾਵਲ ਅਤੇ ਗੌਂਡ ਦਾ ਜਨਮ ਹੋਇਆ । ਇਸ ਰਾਗ ਦੀ ਪ੍ਰਕ੍ਰਿਤੀ ਗੰਭੀਰ ਹੋਣ ਕਾਰਨ ਇਸ ਵਿੱਚ ਭਗਤੀ ਭਾਵ ਦੀਆਂ ਰਚਨਾਵਾਂ

---

1. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ , ਪੰਨਾ 517
2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 69
3. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 , ਪੰਨਾ 17

ਸੁਹਾਵਣੀਆਂ ਲਗਦੀਆਂ ਹਨ । ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ, ਜੋ ਇਸ ਪ੍ਰਕਾਰ ਹਨ :-

(ੳ) ਥਾਟ : ਬਿਲਾਵਲ    ਜਾਤੀ : ਵਕ੍ਰ-ਸੰਪੂਰਣ

ਵਾਦੀ : ਗੰਧਾਰ    ਸੰਵਾਦੀ : ਧੈਵਤ

ਸੁਰ : ਦੋਵੇਂ ਨਿਸ਼ਾਦ    ਸਮਾਂ : ਦਿਨ ਦਾ ਦੂਜਾ ਪਹਿ

ਆਰੋਹ : ਸਾ, ਗ ਮ ਰੇ, ਮ ਗ, ਗ ਪ ਧ ਨੀ ਸਾਂ

ਅਵਰੋਹ : ਸਾਂ, ਨੀ ਸਾਂ, ਧ ਪ, ਗ ਪ ਮ ਗ, ਰੇ ਗ ਮ ਗ ਰੇ,
ਨੀ ਰੇ ਸਾ

ਮੁੱਖ ਅੰਗ : ਗ ਪ ਨੀ ਨੀ ਧ ਪ, ਗ ਮ ਗਰੇ ਮ ਗ, ਰ, ਨੀ ਰੇ ਸਾ ।[1]

(ਅ) ਥਾਟ : ਬਿਲਾਵਲ    ਜਾਤੀ : ਵਕ੍ਰ ਸੰਪੂਰਣ

ਵਾਦੀ : ਗੰਧਾਰ    ਸੰਵਾਦੀ : ਧੈਵਤ

ਪਰਕ੍ਰਿਤੀ : ਗੰਭੀਰ    ਸਮਾਂ : ਦਿਨ ਦਾ ਦੂਜਾ ਪਹਿ

ਆਰੋਹ : ਸਾ ਰੇ ਗ, ਰੇ ਮ, ਗ ਪ ਨੀ ਧ ਸਾਂ

ਅਵਰੋਹ : ਸਾਂ ਨੀ ਧ ਪ ਮ ਗ, ਰੇ ਗ ਮ ਗ, ਮ ਰੇ ਸਾ

ਪਕੜ : ਸਾ ਰੇ ਗ ਰੇ ਗ, ਮ ਗ ਮ ਰੇ ਸਾ, ਸਾ ਨ਼ੀ ਧ਼ ਪ਼ ਨੀ ਸਾਂ ।[2]

---

1. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 190

2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 71

(18) ਰਾਮਕਲੀ : ਰਾਗ ਰਾਮਕਲੀ ਪ੍ਰਾਚੀਨ ਅਤੇ ਲੋਕਪ੍ਰਿਯ ਰਾਗ ਹੈ । ਸਵੇਰ ਦੇ ਰਾਗਾਂ ਵਿੱਚ ਇਸ ਰਾਗ ਦਾ ਮਹੱਤਵਪੂਰਨ ਸਥਾਨ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਰਾਮਕਲੀ ਸਬੰਧੀ ਗੁਰੂ ਸਾਹਿਬਾਨ ਦਾ ਫੁਰਮਾਨ ਹੈ :

> ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆਰ ।
> ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉ ਪਿਆ ਭਗਤਿ ਭੰਡਾਰ ।।[1]

ਇਹ ਜੋਗੀਆਂ ਦਾ ਹਰਮਨ ਪਿਆਰਾ ਰਾਗ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨੂੰ ਉਪਦੇਸ਼ ਦੇਣ ਹਿਤ ਉਚਾਰੀ ਬਾਣੀ 'ਸਿਧ ਗੋਸਟਿ' ਇਸੇ ਰਾਗ ਵਿੱਚ ਹੈ । ਇਸ ਰਾਗ ਦਾ ਸ਼ਾਸਤਰਾਤਮਿਕ ਸਰੂਪ ਹੇਠ ਲਿਖੇ ਅਨੁਸਾਰ ਹੈ :-

| | | | | | |
|---|---|---|---|---|---|
| (ੳ) ਥਾਟ | : | ਭੈਰਵ | ਜਾਤੀ | : | ਸੰਪੂਰਣ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਰਿਸ਼ਭ |
| ਸੁਰ | : | ਰਿਸ਼ਭ, ਧੈਵਤ ਕੋਮਲ ਅਤੇ ਅੰਦੋਲਿਤ | ਸਮਾਂ | : | ਪ੍ਰਾਤਹਕਾਲ |
| ਵਿਸਥਾਰ | : | ਮੱਧ ਅਤੇ ਤਾਰ ਸਪਤਕ ਵਿੱਚ ਜ਼ਿਆਦਾ | | | |
| ਆਰੋਹ | : | ਸ ਗ, ਮ ਪ, ਧ਼, ਨੀ ਸਾਂ | | | |
| ਅਵਰੋਹ | : | ਸਾਂ ਨੀ ਧ਼, ਪ, ਗ ਮ, ਰੇ਼ ਸਾ ।[2] | | | |

1. ਆਦਿ ਗ੍ਰੰਥ : ਮਹਲਾ 3 , ਪੰਨਾ 950
2. ਸ੍ਰੀ ਭਗਵਤੀ ਪ੍ਰਸਾਦ : ਪ੍ਰਸ਼ਨੀ ਸੰਗੀਤ ਪ੍ਰਕਾਸ਼ , ਪੰਨਾ 29

(ਅ)

| | | | | | |
|---|---|---|---|---|---|
| ਥਾਟ | : | ਭੈਰਵ | ਜਾਤੀ | : | ਸ਼ਾਡਵ-ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਰਿਸ਼ਭ |
| ਸੁਰ | : | ਰਿਸ਼ਭ, ਧੈਵਤ ਕੋਮਲ ਦੋਵੇਂ ਮਧਿਅਮ, ਦੋਵੇਂ ਨਿਸ਼ਾਦ | ਨਿਆਸ | : | ਸ਼ੜਜ, ਰਿਸ਼ਭ, ਪੰਚਮ |
| ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ | ਸਮਾਂ | : | ਸਵੇਰ ਦਾ ਪਹਿਲਾ ਪਹਿਰ |

ਆਰੋਹ : ਸ ਗ ਮ ਪ ਧ̲ ਨੀ ਸ+

ਅਵਰੋਹ : ਸ+ ਨੀ ਧ̲ ਪ, ਮ' ਪ ਧ̲ ਨੀ̲ ਧ̲ ਪ, ਗ ਮ ਰੇ̲ ਸਾ

ਪਕੜ : ਧ̲ ਪ, ਮ' ਪ, ਧ̲ ਨੀ̲ ਧ̲ ਪ ਗ, ਮ ਰੇ̲ ਸਾ

(i) <u>ਰਾਮਕਲੀ ਦੱਖਣੀ</u>

| | | | | | |
|---|---|---|---|---|---|
| ਥਾਟ | : | ਮਾਯਾਮਾਲਵਗੌੜ (ਭੈਰਵ) | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਰਿਸ਼ਭ |
| ਸੁਰ | : | ਰਿਸ਼ਭ, ਧੈਵਤ ਕੋਮਲ | ਸਮਾਂ | : | ਸਵੇਰ |
| ਵਰਜਿਤ ਸੁਰ | : | ਆਰੋਹ ਵਿੱਚ ਮ, ਨੀ | | | |

ਆਰੋਹ : ਸਾ ਰੇ̲, ਗ ਪ ਧ̲, ਸ+

ਅਵਰੋਹ : ਸ+, ਨੀ ਧ̲ ਪ, ਮ ਗ, ਰੇ̲ ਰੇ̲ ਸਾ

ਪਕੜ : ਸਾ ਰੇ̲ ਗ ਪ ਧ̲ ਧ̲ ਪ, ਮ ਗ ਰੇ̲ ਰੇ̲ ਸਾ

ਅਹੋਬਲ ਨੇ ਇਸ ਸਰੂਪ ਵਿੱਚ ਵਾਦੀ 'ਪ' ਸੰਵਾਦੀ 'ਸਾ' ਸੁਰ ਮੰਨਿਆ ਹੈ ।

(19) <u>ਨਟ ਨਾਰਾਇਣ</u> : ਰਾਗ ਨਟ ਨਾਰਾਇਣ ਪ੍ਰਸਿੱਧ ਰਾਗ ਹੈ । ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਮੁੱਖ ਛੇ ਰਾਗਾਂ ਵਿਚੋਂ ਇੱਕ ਸਵੀਕਾਰਿਆ ਹੈ ਜੋ ਕਿ ਇਸ ਦੀ ਪੁਰਾਤਨਤਾ ਦਾ ਸੂਚਕ ਹੈ । ਪੰਡਿਤ ਤਾਰਾ ਸਿੰਘ ਜੀ ਨੇ ਇਸ ਰਾਗ ਦੀ ਰਚਨਾ ਸ਼ੰਕਰਾਭਰਨ, ਬਿਲਾਵਲ, ਮਧੁ ਮਾਧਵੀ, ਸ਼ੰਕਦਹਨ ਇਨ੍ਹਾਂ ਚਾਰਾਂ ਰਾਗਾਂ ਦੇ ਸੁਮੇਲ ਤੋਂ ਮੰਨੀ ਹੈ [1] ।

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਸ ਰਾਗ ਦੀ ਰਚਨਾ ਬਿਲਾਵਲ ਅਤੇ ਕਲਿਆਣ ਦੇ ਸੰਜੋਗ ਤੋਂ ਹੋਈ ਹੈ, ਇਸ ਦੀ ਜਾਤੀ ਸੰਪੂਰਣ, ਥਾਟ ਖਮਾਜ, ਵਾਦੀ ਰਿਸ਼ਭ, ਨਿਸ਼ਾਦ ਕੋਮਲ ਅਤੇ ਬਾਕੀ ਸੁਰ ਸ਼ੁੱਧ ਹਨ ਅਤੇ ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ :

ਆਰੋਹ : ਸਾ ਰੇ ਗ ਮ ਪ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ ਮ ਗ ਰੇ ਸਾ ।[2]

(ਅ) ਪੰਡਿਤ ਅਹੋਬਲ ਨੇ ਇਸ ਰਾਗ ਦੇ ਅਵਰੋਹ ਵਿੱਚ 'ਨੀ' ਵਰਜਿਤ ਕਰਕੇ ਇਸ ਦੀ ਰਚਨਾ ਸੰਪੂਰਣ ਸ਼ਾੜਵ ਮੰਨੀ ਹੈ [3] ।

---

1. <u>ਗੁਰੂ ਗਿਰਾਰਥ ਕੋਸ਼</u> , ਪੰਨਾ 144
2. <u>ਮਹਾਨ ਕੋਸ਼</u> , ਪੰਨਾ 680
3. <u>ਸੰਗੀਤ ਪਾਰਿਜਾਤ</u> , ਪੰਨਾ 173

(ੲ) ਥਾਟ : ਬਿਲਾਵਲ — ਜਾਤੀ : ਸ਼ਾੜਵ-ਵਕ੍ਰ-ਸੰਪੂਰਣ

ਵਾਦੀ : ਮਧਿਅਮ — ਸੰਵਾਦੀ : ਸ਼ੜਜ

ਵਰਜਿਤ ਸੁਰ : ਨਿਸ਼ਾਦ

ਆਰੋਹ : (I) ਸਾ ਰੇ ਸਾ ਪ, ਧ ਗ ਮ ਪ ਸਾਂ

(II) ਸਾ ਰੇ ਗ ਪ, ਧ ਪ, ਗ ਮ ਪ ਸਾਂ

ਅਵਰੋਹ : ਸਾਂ ਧ ਪ, ਗ ਮ, ਗ ਮ ਮ, ਸਾ ਰੇ ਸਾ ।[1]

(ਸ) ਥਾਟ : ਬਿਲਾਵਲ — ਜਾਤੀ : ਸੰਪੂਰਣ ਔੜਵ ਜਾਂ ਵਕ੍ਰ-ਸੰਪੂਰਣ

ਵਾਦੀ : ਮਧਿਅਮ — ਸੰਵਾਦੀ : ਸ਼ੜਜ

ਵਰਜਿਤ ਸੁਰ : ਨਿਸ਼ਾਦ

ਆਰੋਹ : ਸਾ $^{ਮ}$ਰੇ ਸਾ ਗ ਗ ਮ ਪ, ਧ ਪ ਸਾਂ

ਅਵਰੋਹ : ਸਾਂ ਰੇ ਸਾਂ ਧ ਪ ਪ ਗ, ਮ ਰੇ ਸਾ ਰੇ ਸਾ ।[2]

(ਹ) ਥਾਟ : ਬਿਲਾਵਲ — ਜਾਤੀ : ਸੰਪੂਰਣ ਔੜਵ ਜਾਂ ਵਕ੍ਰ-ਸੰਪੂਰਣ

ਵਾਦੀ : ਪੰਚਮ — ਸੰਵਾਦੀ : ਰਿਸ਼ਭ

ਵਰਜਿਤ ਸੁਰ : ਅਵਰੋਹ ਵਿੱਚ ਗੰਧਾਰ, ਧੈਵਤ — ਸਮਾਂ : ਰਾਤ ਦਾ ਦੂਜਾ ਪਹਿਰ

ਆਰੋਹ : ਸਾ ਰੇ ਗ ਮ ਰੇ ਸਾ, ਗ ਮ ਪ, ਧ ਨੀ ਸਾਂ

ਅਵਰੋਹ : ਸਾਂ ਧ ਪ ਗ,ਮ ਧ ਪ, ਗ ਮ ਰੇ ਸਾ

---

1. ਸ਼ਾਸਤਰੀ ਕੇ.ਵਾਸੁਦੇਵ : <u>ਸੰਗੀਤ ਸ਼ਾਸਤਰ</u> , ਪੰਨਾ 202

2. Walter Cafman : The Ragas of North India ; Page 173.

ਮੁੱਖ ਅੰਗ : ਸਾ ਰੇ ਸਾ, ਪ, ਧ ਪ, ਗ ਮ ਰੇ, ਸਾ ।[1]

ਰਾਗ ਨਟ ਨਾਰਾਇਣ ਦਾ ਇਹ ਸਰੂਪ ਪ੍ਰਚਾਲਿਤ ਮੰਨਿਆ ਜਾਂਦਾ ਹੈ । ਰਾਗ ਨਿਰਣਾਇਕ ਕਮੇਟੀ[2], ਡਾ. ਗੁਰਨਾਮ ਸਿੰਘ[3] ਨੇ ਨਟ ਨਾਰਾਇਣ ਦੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ :

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਸੰਪੂਰਣ ਔੜਵ |
| ਵਾਦੀ | : | ਪੰਚਮ | ਸੰਵਾਦੀ | : | ਰਿਸ਼ਭ |
| ਸੁਰ | : | ਦੋਵੇਂ ਮਧਿਅਮ ਅਤੇ ਧੈਵਤ, ਗੰਧਾਰ ਦਾ ਅਲਪ ਪ੍ਰਯੋਗ | ਸਮਾ | : | ਰਾਤ ਦਾ ਦੂਜਾ ਪਹਿਰ |
| ਵਰਜਿਤ ਸੁਰ | : | ਆਰੋ ਵਿੱਚ ਨਿਸ਼ਾਦ | | | |
| ਆਰੋਹ | : | ਸਾ ਗ ਮ ਰੇ, ਮੰ ਪ ਧ ਨੀ ਸਾਂ | | | |
| ਅਵਰੋਹ | : | ਸਾਂ ਧ ਪ ਮੰ ਧ ਪ, ਗ ਮ ਰੇ ਸਾ | | | |
| ਪਕੜ | : | ਸਾ ਮ ਰ ਮੰ ਪ, ਧ ਪ, ਮ, ਗ ਮ ਰੇ ਸਾ | | | |

(i) <u>ਨਟ</u>

ਭਾਰਤੀ ਸੰਗੀਤ ਵਿੱਚ ਰਾਗ ਨਟ ਦਾ ਮਹੱਤਵਪੂਰਨ ਸਥਾਨ ਹੈ । ਇਸ ਰਾਗ ਦੇ ਸੰਜੋਗ ਤੋਂ ਅਨੇਕ ਪ੍ਰਕਾਰ ਪ੍ਰਚਾਰ ਵਿੱਚ ਆਏ ਜਿਵੇਂ ਨਟ ਕੇਦਾਰ, ਨਟ ਸਾਰੰਗ,

---

1. ਤਾਰਾ ਸਿੰਘ (ਪ੍ਰੋ:): ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 213-14
2. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸਮੇਲਨ, 1991, ਪੰਨਾ 12
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 74-75

ਨਟ ਮਲ੍ਹਾਰ, ਨਟ ਭੈਰਵ ਆਦਿ ।

ਨਟ ਦੇ ਇਹ ਪ੍ਰਕਾਰ ਮੱਧ ਕਾਲ ਤੋਂ ਵਰਤਮਾਨ ਸਮੇਂ ਤੱਕ ਪ੍ਰਚੱਲਿਤ ਹਨ ਜੋ ਕਿ ਨਟ ਦੇ ਪ੍ਰਕਾਰ ਹੁੰਦਿਆਂ ਹੋਇਆਂ ਵੀ ਇੱਕ ਨਿਵੇਕਲੇ ਸਰੂਪ ਦੇ ਧਾਰਣੀ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਟ ਦਾ ਵਰਨਣ ਰਾਗ ਨਟ ਨਾਰਾਇਣ ਦੇ ਅਧੀਨ ਕੀਤਾ ਗਿਆ ਹੈ । ਪੰਡਿਤ ਤਾਰਾ ਸਿੰਘ ਜੀ ਨੇ ਇਸ ਦੀ ਰਚਨਾ ਹਮੀਰ, ਸ਼ਿਆਮ-ਕਲਿਆਣ ਦੇ ਮੇਲ ਤੋਂ ਮੰਨੀ ਹੈ[1] ।

(ੲ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਬਿਲਾਵਲ ਠਾਠ ਦਾ ਸੰਪੂਰਣ ਜਾਤੀ ਦਾ ਸ਼ਾਡਵ ਰਾਗ, ਇਸ ਵਿੱਚ ਮੱਧਮ ਵਾਦੀ ਅਤੇ ਰਿਸ਼ਭ ਸੰਵਾਦੀ ਹੈ, ਇਸ ਵਿੱਚ ਗੰਧਾਰ ਅਤੇ ਧੈਵਤ ਬਹੁਤ ਕੋਮਲ ਲਗਦੇ ਹਨ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ ।

ਆਰੋਹ : ਸਾ ਰੇ ਗੁ ਮ ਪ ਧੁ ਨੀ ਸਾਂ

ਅਵਰੋਹ : ਸਾਂ ਨੀ ਧੁ ਪ, ਮ ਰੇ ਸਾ ।[2]

(ਸ) ਥਾਟ : ਕਾਫੀ — ਜਾਤੀ : ਸੰਪੂਰਣ-ਔੜਵ

ਵਾਦੀ : ਸ਼ੜਜ — ਸੰਵਾਦੀ : ਪੰਚਮ

ਸੁਰ : ਗੰਧਾਰ ਕੋਮਲ, ਦੋਵੇਂ ਨਿਸ਼ਾਦ — ਵਰਜਿਤ ਸੁਰ : ਆਰੋਹ ਵਿੱਚ ਗੰਧਾਰ, ਧੈਵਤ

ਸਮਾਂ : ਰਾਤ ਦਾ ਦੂਸਰਾ ਪਹਿਰ

---

1. ਗੁਰੂ ਗਿਰਾਰਥ ਕੋਸ਼ , ਪੰਨਾ 143

2. ਮਹਾਨ ਕੋਸ਼ , ਪੰਨਾ 679-80

ਆਰੋਹ : ਸਾ, ਰੇ ਗ ਮ, ਪ ਧ ਨੀ ਸਾ+

ਅਵਰੋਹ : ਸਾ+ ਨੀ ਪ, ਮ ਰੇ ਸਾ

ਮੁੱਖ ਅੰਗ : ਗ ਮ ਪ, ਗ ਮ, ਪ ਨੀ, ਧ ਨੀ, ਸਾ ਨੀ ਸਾ,
ਨੀ ਪ, ਮ ਰੇ ਸਾ ।[1]

(ੲ) ਦੱਖਣੀ ਭਾਰਤੀ ਸੰਗੀਤ ਵਿੱਚ ਰਾਗ ਨਟ ਵਿੱਚ ਗ੍ਰਹਿ, ਅੰਸ਼, ਨਿਆਸ ਸੁਰਜ ਹੈ । ਇਹ ਸੰਪੂਰਣ ਰਾਗ ਅੰਤਿਮ ਪਹਿਰ ਰਾਤ ਨੂੰ ਗਾਇਆ ਜਾਂਦਾ ਹੈ[2] ।

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਸੰਪੂਰਣ ਔੜਵ |
| ਵਾਦੀ | : | ਮਧਿਅਮ | ਸੰਵਾਦੀ | : | ਸੁੜਜ |
| ਵਰਜਿਤ ਸੁਰ | : | ਅਵਰੋਹ ਵਿੱਚ ਗੰਧਾਰ, ਧੈਵਤ | ਸਮਾਂ | : | ਦੂਜਾ ਪਹਿਰ ਰਾਤ |

ਆਰੋਹ : ਸਾ ਰੇ ਗ ਮ ਪ ਧ ਨੀ ਸਾ+

ਅਵਰੋਹ : ਸਾ+ ਨੀ ਪ ਮ ਰੇ ਸਾ ।[3]

(20) ਮਾਲੀ ਗਉੜਾ : ਰਾਗ ਮਾਲੀ ਗਉੜਾ ਅਪ੍ਰਚੱਲਿਤ ਰਾਗ ਹੈ । ਉੱਤਰੀ ਭਾਰਤੀ ਸੰਗੀਤ ਵਿੱਚਨੂੰ ਰਾਗ ਮਾਲੀ ਗੌਰਾ ਦੇ ਨਾਮ ਨਾਲ ਕਿਹਾ ਜਾਂਦਾ ਹੈ ਪਰ ਗੁਰਮਤਿ ਸੰਗੀਤ ਵਿੱਚ ਇਹ ਰਾਗ ਮਾਲੀ ਗਉੜਾ ਨਾਮ ਨਾਲ ਅੰਕਿਤ ਹੈ । ਭਾਈ ਕਾਨ੍ਹ ਸਿੰਘ ਨਾਭਾ ਨੇ

---

1. ਸੰਤ ਸਰਵਣ ਸਿੰਘ : ਸੁਰ ਸਿਮਰਣ ਸੰਗੀਤ (ਭਾਗ ਦੋਥਾ) , ਪੰਨਾ 421
2. ਰਾਮਾਮਾਤਯ : ਸਵਰ ਮੇਲ ਕਲਾਨਿਧੀ (ਅਨੁ. ਵਿਸ਼ੰਭਰ ਨਾਥ ਭੱਟ), ਪੰਨਾ 37
3. ਵਸੰਤ : ਰਾਗ ਕੋਸ਼ , ਪੰਨਾ 17

ਇਸ ਰਾਗ ਦੀ ਰਚਨਾ ਰਾਗ ਪੂਰੀਆ ਅਤੇ ਸ੍ਰੀ ਰਾਗ ਦੇ ਮੇਲ ਤੋਂ ਮੰਨੀ ਹੈ [1] । ਪਰਾਤਨ ਸੰਗੀਤ-ਵੇਤਿਆਂ ਅਨੁਸਾਰ ਸੋਰਠਿ ਤੇ ਗਉੜੀ ਮਿਲ ਕੇ ਮਾਲੀ ਗਉੜਾ ਬਣਦਾ ਹੈ [2] । ਇਸ ਰਾਗ ਦਾ ਨਾਦਾਤਮਿਕ ਸਰੂਪ ਇਸ ਪ੍ਰਕਾਰ ਹੈ :-

| | | | | | |
|---|---|---|---|---|---|
| ਥਾਟ | : | ਮਾਰਵਾ | ਜਾਤੀ | : | ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ ਕੋਮਲ, ਤੀਵਰ ਮਧਿਅਮ, ਦੋਵੇਂ ਨਿਸ਼ਾਦ | ਸਮਾਂ | : | ਸ਼ਾਮ |
| ਆਰੋਹ | : | ਸਾ ਰੇ ਗ ਮੰ ਪ ਧ ਨੀ ਧ ਸਾਂ | | | |
| ਅਵਰੋਹ | : | ਸਾਂ ਨੀ ਧ ਪ, ਮੰ ਨੀ ਧ ਮ ਗ, ਰੇ ਸਾ | | | |
| ਮੁੱਖ ਅੰਗ | : | ਮੰ ਗ ਰੇ ਸਾ, ਪ ਨੀ ਸਾਂ ਰੇ ਨੀ ਧ ਪ, ਮ ਗ, ਮ ਧ ਸਾ । | | | |

(21) ਮਾਰੂ :

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ।
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥[3]

ਰਾਗ ਮਾਰੂ ਪੁਰਾਤਨ ਅਤੇ ਕਠਿਨ ਰਾਗ ਹੈ । ਰਾਗ ਮਾਰੂ ਨੂੰ ਮਾਰੂਵ, ਮਾਰਵਾ, ਮਾਰਵਿਕ ਆਦਿ ਨਾਂਵਾਂ ਨਾਲ ਵੀ ਸੰਬੋਧਨ ਕਰਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਮਾਰੂ ਰਾਗ ਨਾਮ ਨਾਲ ਦਰਜ ਹੈ । ਗੁਰਮਤਿ ਸੰਗੀਤ ਵਿੱਚ ਪ੍ਰਾਣੀ ਦੇ ਅਕਾਲ

---

1. ਗੁਰਸ਼ਬਦ ਰਤਨਾਕਰ - ਮਹਾਨ ਕੋਸ਼ , ਪੰਨਾ 968
2. ਪਿਆਰਾ ਸਿੰਘ (ਪ੍ਰੋ:) : ਗੁਰੂ ਗ੍ਰੰਥ ਸੰਗੀਤ ਕੋਸ਼ , ਪੰਨਾ 278
3. ਆਦਿ ਗ੍ਰੰਥ : ਸਲੋਕ ਮਹਲਾ 5 , ਪੰਨਾ 1425

ਚਲਾਣੇ ਪਰ, ਜਦ ਤੱਕ ਦੇਹ ਦਾ ਸਸਕਾਰ ਨਹੀਂ ਕੀਤਾ, ਮਾਰੂ ਰਾਗ ਦੇ ਸ਼ਬਦ, ਮਾਰੂ ਦੀ ਵਾਰ ਅਕਸਰ ਰਬਾਬੀ ਗਾਉਂਦੇ ਹਨ [1] । ਇਹ ਰਾਗ ਪ੍ਰਾਚੀਨ ਹੋਣ ਕਾਰਨ ਇਸ ਦੇ ਕਈ ਰੂਪ ਪ੍ਰਚਾਰ ਵਿੱਚ ਹਨ :-

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਸ਼ਾੜਵ ਜਾਤੀ ਦਾ ਰਾਗ ਹੈ ਇਸ ਵਿੱਚ ਪੰਚਮ ਵਰਜਿਤ ਹੈ । ਸ਼ੜਜ, ਗੰਧਾਰ, ਧੈਵਤ ਅਤੇ ਨਿਸ਼ਾਦ ਸ਼ੁੱਧ ਹੈ । (ਕਈ ਸੰਗੀਤ ਗ੍ਰੰਥਾਂ ਨੇ ਇਸ ਨੂੰ ਸੰਪੂਰਣ ਰਾਗ ਲਿਖਿਆ ਹੈ ਅਤੇ ਸਾਰੇ ਸੁਰ ਸ਼ੁੱਧ ਲਗਦੇ ਹਨ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਰੂ ਰਾਗ ਦਾ ਇਕੀਹਵਾਂ ਨੰਬਰ ਹੈ । ਇਹ ਰਾਗ ਯੁੱਧ ਅਤੇ ਚਲਾਣੇ ਸਮੇਂ ਖਾਸ ਕਰਕੇ ਦਿਨ ਦੇ ਤੀਜੇ ਪਹਿਰ ਸਧਾਰਣ ਰੀਤ ਅਨੁਸਾਰ ਗਾਇਆ ਜਾਂਦਾ ਹੈ" [2] ।

ਇਸ ਸਰੂਪ ਵਿੱਚ ਐਚ.ਐਸ.ਗਾਂਗੀ ਨੇ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਮੰਨਿਆ ਹੈ [3] ।

| | | | | | |
|---|---|---|---|---|---|
| (ਅ) ਥਾਟ | : | ਪੂਰਵੀ | ਜਾਤੀ | : | ਸੰਪੂਰਣ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਧੈਵਤ |
| ਸੁਰ | : | ਰਿਸ਼ਭ, ਧੈਵਤ ਕੋਮਲ ਦੋਵੇਂ ਮਧਿਅਮ | ਸਮਾਂ | : | ਦਿਨ ਦਾ ਚੌਥਾ ਪਹਿਰ |

---

1. ਭਾਈ ਵੀਰ ਸਿੰਘ : ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ , ਪੰਨਾ 31
2. ਮਹਾਨ ਕੋਸ਼ , ਪੰਨਾ 960
3. ਸੰਗੀਤ ਪ੍ਰਕਾਸ਼ , ਪੰਨਾ 49

ਆਰੋਹ : ਸਾ ਰੇ̲ ਗ ਮ ਮ॑ ਪ ਧ̲ ਨੀ ਸਾਂ

ਅਵਰੋਹ : ਸਾਂ ਨੀ ਧ̲ ਪ ਮ॑ ਮ ਗ ਰੇ ਸਾ ।[1]

(ੲ) ਸੰਗੀਤਾਚਾਰੀਆਂ ਨੇ ਮਾਰੂ ਰਾਗ ਦੇ ਇਸ ਪ੍ਰਕਾਰ ਦੀ ਰਚਨਾ ਬਿਲਾਵਲ ਥਾਟ ਤੋਂ ਮੰਨੀ ਹੈ , ਇਸ ਰਾਗ ਵਿੱਚ ਸਭ ਸੁਰ ਸ਼ੁੱਧ ਲਗਦੇ ਹਨ । ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ । ਇਸ ਦੇ ਅਵਰੋਹ ਵਿੱਚ ਰਿਸ਼ਭ ਅਤੇ ਧੈਵਤ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿੱਚ ਸੱਤ ਸੁਰ ਵਰਤੇ ਜਾਂਦੇ ਹਨ । ਇਸ ਲਈ ਜਾਤੀ ਔੜਵ-ਸੰਪੂਰਣ ਹੈ । ਮਾਰੂ ਦਾ ਇਹ ਪ੍ਰਕਾਰ ਮਾਰੂ-ਬਿਹਾਗ ਦੇ ਕਾਫੀ ਨਿਕਟ ਹੈ ਪ੍ਰੰਤੂ ਬਿਹਾਗ ਵਿੱਚ ਦੋਵੇਂ ਮਧਿਅਮ ਲਗਦੇ ਹਨ ਅਤੇ ਇਸ ਵਿੱਚ ਕੇਵਲ ਸ਼ੁੱਧ ਮਧਿਅਮ ਦਾ ਹੀ ਪ੍ਰਯੋਗ ਹੁੰਦਾ ਹੈਜਿਸ ਕਾਰਨ ਦੋਹਾਂ ਰਾਗਾਂ ਵਿੱਚ ਭਿੰਨਤਾ ਸਪੱਸ਼ਟ ਹੋ ਜਾਂਦੀ ਹੈ ।

ਆਰੋਹ : ਸ ਮ , ਪ ਗ , ਗ ਮ ਪ ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਮ, ਪ ਗ , ਮ ਰ, ਸਾ ਰੇ ਸਾ ।

ਮੁੱਖ ਅੰਗ : ਸਾ ਰੇ ਸਾ ਨ਼ੀ, ਸਾ ਮ ਮ ਗ, ਨੀ ਪ, ਧ ਮ, ਪ, ਗ,
ਸਾ ਰੇ ਸਾ ।[2]

(ਸ) ਥਾਟ : ਖਮਾਜ — ਜਾਤੀ : ਔੜਵ-ਵਕਰ-ਸੰਪੂਰਣ

ਵਾਦੀ : ਗੰਧਾਰ — ਸੰਵਾਦੀ : ਨਿਸ਼ਾਦ

ਸੁਰ : ਦੋਵੇਂ ਨਿਸ਼ਾਦ — ਵਰਜਿਤ ਸੁਰ : ਆਰੋਹ ਵਿੱਚ ਰਿਸ਼ਭ, ਧੈਵਤ

ਸਮਾਂ : ਦਿਨ ਦਾ ਤੀਸਰਾ ਪਹਿਰ

---

1. ਵਸੰਤ : ਰਾਗ ਕੋਸ਼ , ਪੰਨਾ 35

2. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 39

ਇਸ ਦੇ ਅਧੀਨ ਅਲਾਪ ਵੇਲੇ ਸ਼ੜਜ ਸੁਰ ਕਣ ਲਿਆ ਜਾਂਦਾ ਹੈ । ਰਿਸ਼ਭ ਸੁਰ ਦਾ ਅਲਪੱਤਵ ਕਰਕੇ ਇਸ ਨੂੰ ਕਦੇ-ਕਦੇ ਗੁਪਤ ਢੰਗ ਨਾਲ ਮੀਂਡ ਦੁਆਰਾ ਲਿਆ ਜਾਂਦਾ ਹੈ ।

ਆਰੋਹ : ਨੀ ਸਾ, ਗ ਮ ਪ ਨੀ ਸਾਂ

ਅਵਰੋਹ : ਸਾਂ ਨੀ ਧ ਪ, ਪ ਧ ਮ, ਮ ਪ ਗ, ਰੇ ਸਾ

ਮੁੱਖ ਅੰਗ : ਨੀ ਧ ਪ, ਧ ਮ, ਮ ਪ ਗ ਰੇ ਸਾ ।[1]

ਇਸ ਸਰੂਪ ਵਿੱਚ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਨੇ ਸੰਵਾਦੀ ਸੁਰ ਸ਼ੜਜ ਮੰਨਿਆ ਹੈ[2] ।

(ਹ) ਰਾਗ ਮਾਰੂ ਦਾ ਨਿਮਨ ਲਿਖਤ ਸਰੂਪ ਪ੍ਰਵਾਨਿਤ ਮੰਨਿਆ ਜਾਂਦਾ ਹੈ :-

| | | | |
|---|---|---|---|
| ਥਾਟ : | | ਜਾਤੀ : | ਸ਼ਾੜਵ-ਸੰਪੂਰਨ |
| ਸੁਰ : | ਦੋਨੋਂ ਮਧਿਅਮ, ਦੋਨੋਂ ਧੈਵਤ, ਦੋਨੋਂ ਨਿਸ਼ਾਦ | ਵਰਜਿਤ ਸੁਰ : | ਆਰੋ ਵਿਚ ਰਿਸ਼ਭ |
| ਵਾਦੀ : | ਗੰਧਾਰ | ਸੰਵਾਦੀ : | ਨਿਸ਼ਾਦ |

ਸਮਾਂ : ਦਿਨ ਦਾ ਤੀਸਰਾ ਪਹਿਰ ।

ਆਰੋਹ : ਸਾ ਗ ਮ ਪ, ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮੰ ਪ ਧ ਨੀ ਧ ਪ, ਮ ਗ ਰੇ ਸਾ

ਪਕੜ : ਪ ਪ ਨੀ ਧ ਪ ਮ ਗ ਮ ਗ, ਪ ਧ ਪ ਗ, ਰੇ, ਸਾ ਰੇ ਸਾ ।[3]

---

1. ਗੁਰਨਾਮ ਸਿੰਘ (ਡਾ.) : ਆਦਿ ਗ੍ਰੰਥ: ਰਾਗ ਕੋਸ਼ , ਪੰਨਾ 80
2. ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ) , ਪੰਨਾ 571
3. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 13

## (i) ਮਾਰੂ ਕਾਫੀ

ਰਾਗ ਮਾਰੂ ਅਤੇ ਕਾਫੀ ਦੇ ਮਿਸ਼ਰਣ ਤੋਂ ਉਤਪਨ ਰਾਗ ਮਾਰੂ ਕਾਫੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ । ਇਹ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੰਗਲਾਚਰਨ ਤੋਂ ਬਾਅਦ ਇਸ ਰਾਗ ਦਾ ਸਿਰਲੇਖ 'ਮਾਰੂ ਕਾਫੀ ਮਹਲਾ ੧ ਘਰੁ ੨ ' ਹੈ । ਰਾਗ ਦੇ ਇਸ ਸਿਰਲੇਖ ਤੋਂ ਹੀ ਸਪੱਸ਼ਟ ਹੈ ਕਿ ਇਹ ਰਾਗ ਮਾਰੂ ਰਾਗ ਤੋਂ ਭਿੰਨ ਹੈ ਅਤੇ ਰਾਗ ਮਾਰੂ ਦਾ ਇੱਕ ਪ੍ਰਕਾਰ ਹੈ ।

ਥਾਟ ਪੱਧਤੀ ਅਨੁਸਾਰ ਮਾਰੂ ਕਾਫੀ ਰਾਗ, ਥਾਟ ਖਮਾਜ ਕਾਫੀ ਅਧੀਨ ਰੱਖਿਆ ਜਾਂਦਾ ਹੈ ।

| | | | | | |
|---|---|---|---|---|---|
| ਥਾਟ | : | ਖਮਾਜ ਕਾਫੀ | ਜਾਤੀ | : | ਔੜਵ-ਵਕ੍ਰ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਸੁਰ | : | ਦੋਵੇਂ ਗੰਧਾਰ, ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ, ਧੈਵਤ । |

ਆਰੋਹ : ਨੀ ਸਾ ਗ ਮ ਪ ਨੀ ਸਾਂ

ਅਵਰੋਹ : ਸਾਂ ਨੀ ਪ ਧ ਮ ਪ ਗ, ਮ ਗ, ਮ ਰੇ ਸਾ

ਪਕੜ : ਸਾ ਗ ਮ ਪ, ਧ ਮ ਪ ਗ, ਮ ਗ ਸਾ ਰੇ ਸਾ ।

## (ii) ਮਾਰੂ ਦੱਖਣੀ

| | | | | | |
|---|---|---|---|---|---|
| ਥਾਟ | : | ਮਾਯਾਮਾਲਵਗੌੜ | ਜਾਤੀ | : | ਸ਼ਾੜਵ-ਵਕ੍ਰ-ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਰਿਸ਼ਭ |
| ਸਮਾਂ | : | ਸਵੇਰ(ਪਹਿਲਾ ਪਹਿਰ) | | | |

ਆਰੋਹ : ਸਾ ਗ ਮ ਪ ਧ ਨੀ, ਧ ਪ ਸਾਂ

ਅਵਰੋਹ : ਸਾਂ ਨੀ ਧ ਪ, ਮ ਧ ਮ ਪ, ਮ ਗ ਰੇ ਸਾ

ਪਕੜ : ਨੀ ਧ ਪਗ ਧ, ਮ ਪ, ਮ ਗ ਰੇ ਸਾ ।

(22) ਤੁਖਾਰੀ : ਰਾਗ ਤੁਖਾਰੀ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ । ਇਹ ਪ੍ਰਾਚੀਨ ਅਤੇ ਅਪ੍ਰਚੱਲਿਤ ਰਾਗ ਹੈ । ਸ੍ਰੀ ਪਿਆਰਾ ਸਿੰਘ ਜੀ ਅਨੁਸਾਰ, "ਪੁਰਾਤਨ ਲਿਖਤਾਂ ਅਨੁਸਾਰ ਹਿਮਾਲਾ ਦੇ ਉੱਤਰ-ਪੱਛਮ ਦਾ ਦੇਸ਼ 'ਤੁਖਾਰ' ਕਿਹਾ ਜਾਂਦਾ ਸੀ, ਹੋ ਸਕਦਾ ਹੈ ਇਸ ਇਲਾਕੇ ਦੀ ਗਾਉਣ ਧੁਨ ਤੋਂ ਹੀ 'ਤੁਖਾਰੀ' ਰਾਗ ਵਿਕਸਿਤ ਹੋਇਆ ਹੋਵੇ"[1] । ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਇਸ ਰਾਗ ਦੀ ਰਚਨਾ ਭੈਰਉ, ਰਾਮਕਲੀ, ਟੋਡੀ ਦੇ ਮੇਲ ਤੋਂ ਮੰਨੀ ਹੈ [2] । ਸੰਗੀਤ ਵਿਦਵਾਨਾਂ ਅਨੁਸਾਰ ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ :

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੰਪੂਰਣ ਜਾਤੀ ਦੀ ਰਾਗਣੀ ਜਿਸ ਦਾ ਗ੍ਰਹਿ ਸੁਰ ਸ਼ੜਜ, ਵਾਦੀ ਰਿਸ਼ਭ, ਸੰਵਾਦੀ ਪੰਚਮ, ਗਾਉਣ ਸਮਾਂ ਚਾਰ ਘੜੀ ਦਿਨ ਚੜ੍ਹੇ ਹੈ । ਇਸ ਵਿੱਚ ਦੋਵੇਂ ਗੰਧਾਰ ਅਤੇ ਦੋਵੇਂ ਮਧਿਅਮ ਵੀ ਵਰਤੇ ਜਾਂਦੇ ਹਨ । ਕਈ ਸੰਗੀਤਕਾਰ ਇਸ ਵਿੱਚ 'ਪ' (ਪੰਚਮ) ਵਰਜਿਤ ਕਰਕੇ ਇਸ ਨੂੰ ਸ਼ਾਡਵ ਜਾਤਿ ਦਾ ਰਾਗ ਮੰਨਦੇ ਹਨ । ਇਸ ਤੋਂ ਇਲਾਵਾ ਇਸ ਦਾ ਵਾਦੀ ਸੁਰ ਮਧਿਅਮ, ਸੰਵਾਦੀ ਸ਼ੜਜ ਹੈ " ।

---

1. ਗੁਰੂ ਗ੍ਰੰਥ ਸੰਕੇਤ ਕੋਸ਼ , ਪੰਨਾ 194
2. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ , ਪੰਨਾ 75

ਆਰੋਹ : ਸਾ ਰੇ ਗ ਮ ਪ, ਮ॑ ਪ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮ॑ ਪ ਮ ਗ, ਮ ਗ॒ ਰੇ ਸਾ

ਪਕੜ : ਸਾ ਰੇ, ਗ ਮ ਪ, ਮ ਗ, ਮ ਗ॒ ਰੇ ਸਾ ।[1]

(ਅ) ਰਾਗ ਤੁਖਾਰੀ ਦਾ ਇਹ ਸਰੂਪ ਪ੍ਰਚਲਿਤ ਮੰਨਿਆ ਜਾਂਦਾ ਹੈ । ਡਾ. ਗੁਰਨਾਮ ਸਿੰਘ[2], ਰਾਗ ਨਿਰਣਾਇਕ ਕਮੇਟੀ[3] ਨੇ ਵੀ ਇਸ ਸਰੂਪ ਨੂੰ ਪ੍ਰਵਾਨਿਆ ਹੈ :

| | | | |
|---|---|---|---|
| ਥਾਟ : | ਮੁਲਤਾਨੀ | ਜਾਤੀ : | ਔੜਵ-ਸੰਪੂਰਨ |
| ਵਾਦੀ : | ਪੰਚਮ | ਸੰਵਾਦੀ : | ਸ਼ੜਜ |
| ਸੁਰ : | ਮਧਿਅਮ ਤੀਵਰ, ਗੰਧਾਰ ਕੋਮਲ, ਦੋਵੇਂ ਨਿਸ਼ਾਦ | ਵਰਜਿਤ ਸੁਰ : | ਆਰੋਹ ਵਿੱਚ ਰਿਸ਼ਭ, ਧੈਵਤ |

ਸਮਾਂ : ਦਿਨ ਦਾ ਚੌਥਾ ਪਹਿਰ

ਆਰੋਹ : ਨ਼ੀ ਸਾ, ਗ ਮ॑ ਪ, ਨੀ ਸਾਂ

ਅਵਰੋਹ : ਸਾਂ ਨੀ ਧਪ, ਨੀ ਧ ਪ, ਮ॑ ਗ॒ ਰੇ ਸਾ

ਮੁੱਖ ਅੰਗ : ਨੀ॒ ਨੀ॒ ਧ ਪ, ਮ॑ ਪ, ਮ॑ ਗ॒, ਰੇ ਸਾ

(23) <u>ਕੇਦਾਰਾ</u> : ਭਾਰਤੀ ਸੰਗੀਤ ਵਿੱਚ ਰਾਗ ਕੇਦਾਰਾ ਪ੍ਰਾਚੀਨ ਅਤੇ ਅਪ੍ਰਚੱਲਿਤ ਰਾਗ ਹੈ । ਭਾਰਤੀ ਸੰਗੀਤ ਦੇ ਗ੍ਰੰਥਾਂ ਵਿੱਚ ਇਸ ਰਾਗ ਜ਼ਿਕਰ ਜਰੂਰ ਮਿਲਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ

---

1. <u>ਮਹਾਨ ਕੋਸ਼</u> , ਪੰਨਾ 595
2. <u>ਆਦਿ ਗ੍ਰੰਥ: ਰਾਗ ਕੋਸ਼</u> , ਪੰਨਾ 83-84
3. <u>ਸਿਮ੍ਰਤੀ ਗ੍ਰੰਥ,</u> ਅਦੁੱਤੀ ਗੁਰਮਤਿ ਸੰਗੀਤ ਸਮੇਲਨ, 1991 , ਪੰਨਾ 13

ਵਿੱਚ ਰਾਗ ਕੇਦਾਰਾ ਦੇ ਸਬੰਧ ਵਿੱਚ ਫੁਰਮਾਨ ਹੈ :

- ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰ ॥
  ਸਤਿ ਸੰਗਤਿ ਸਿਉ ਮਿਲ ਕੈ ਰਹੈ ਧਰੈ ਪਿਆਰ ॥ [1]

ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਰਾਗਣੀ ਕਿਹਾ ਹੈ ਪਰ ਗੁਰਮਤਿ ਸੰਗੀਤ ਪੱਧਤੀ ਵਿੱਚ ਇਹ ਰਾਗ ਕੇਦਾਰ ਨਾਮ ਨਾਲ ਅੰਕਿਤ ਹੈ । ਸੰਗੀਤ ਸ਼ਾਸਤਰ ਅਨੁਸਾਰ ਇਸ ਦਾ ਸਰੂਪ ਹੇਠ ਲਿਖੇ ਅਨੁਸਾਰ ਹੈ :

| | | | |
|---|---|---|---|
| ਥਾਟ | : ਕਲਿਆਣ | ਜਾਤੀ | : ਔੜਵ-ਸੰਪੂਰਣ |
| ਵਾਦੀ | : ਖੜਜ | ਸੰਵਾਦੀ | : ਮਧਿਅਮ |
| ਸੁਰ | : ਦੋਵੇਂ ਮਧਿਅਮ | ਵਰਜਿਤ ਸੁਰ | : ਆਰੋਹ ਵਿੱਚ ਰਿਸ਼ਭ ਗੰਧਾਰ |
| ਸਮਾਂ | : ਰਾਤ ਦਾ ਪਹਿਲਾ ਪਹਿਰ | | |
| ਆਰੋਹ | : ਸਾ ਮ, ਮ ਪ, ਧ ਪ, ਘ ਨੀ ਸਾਂ | | |
| ਅਵਰੋਹ | : ਸਾਂ, ਨੀ ਧ, ਪ, ਮ ਪ, ਗ ਮ ਰੇ ਸਾ | | |
| ਪਕੜ | : ਸਾ ਮ, ਮ ਪ, ਧ ਪ ਮ, ਪ ਮ, ਰੇ ਸਾ [2] | | |

ਡਾ. ਗੁਰਨਾਮ ਸਿੰਘ ਜੀ[3], ਰਾਗ ਨਿਰਣਾਇਕ ਕਮੇਟੀ[4] ਨੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ । ਇਸ ਪ੍ਰਵਾਨਿਤ ਸਰੂਪ ਦਾ ਨਾਦਾਤਮਿਕ ਸਰੂਪ ਹੇਠ ਲਿਖੇ ਅਨੁਸਾਰ ਹੈ :-

---

1. ਆਦਿ ਗ੍ਰੰਥ ; ਸਲੋਕ ਮਹਲਾ 3 , ਪੰਨਾ 1087
2. ਸੰਤ ਸਰਵਣ ਸਿੰਘ ਜੀ ਗੰਧਰਵ : ਗੁਰ ਸਿਮਰਣ ਸੰਗੀਤ (ਭਾਗ ਚੌਥਾ), ਪੰਨਾ 435
3. ਆਦਿ ਗ੍ਰੰਥ ਰਾਗ ਕੋਸ਼ , ਪੰਨਾ 85
4. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ,1991 , ਪੰਨਾ 14

| | | | | | |
|---|---|---|---|---|---|
| ਥਾਟ | : | ਕਲਿਆਣ | ਜਾਤੀ | : | ਔੜਵ-ਸ਼ਾੜਵ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਦੋਵੇਂ ਮਧਿਅਮ | ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ, ਧੈਵਤ ਅਵਰੋਹ ਵਿੱਚ ਗੰਧਾਰ |
| ਸਮਾਂ | : | ਰਾਤ ਦਾ ਦੂਜਾ ਪਹਿਰ | | | |

ਆਰੋਹ : ਸਾ ਮ, ਮ ਪ, ਧ ਪ, ਨੀ ਧ ਸਾਂ

ਅਵਰੋਹ : ਸਾਂ,ਨੀ ਧ ਪ, ਮੰ ਪ ਧ ਪ ਮ, ਮ ਰੇ ਸਾ ।

ਮੁੱਖ ਅੰਗ : ਸਾ, ਮ, ਮ ਪ, ਧ ਪ ਮ, ਪ ਮ, ਰੇ ਸਾ

(24) ਭੈਰਉ : ਭਾਰਤੀ ਸੰਗੀਤ ਵਿੱਚ ਰਾਗ ਭੈਰਉ ਪਰਾਤਨ ਅਤੇ ਲੋਕਪ੍ਰਿਯ ਰਾਗ ਹੈ । ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਛੇ ਮੁੱਖ ਰਾਵਾਂ ਵਿੱਚ ਪ੍ਰਮੁੱਖ ਮੰਨਿਆ ਹੈ । ਰਾਗਾਂਗ ਪੱਧਤੀ ਅਨੁਸਾਰ ਇਹ ਭੈਰਵ ਅੰਗ ਦਾ ਰਾਗ ਜਾਂ ਰਾਗਾਂਗ ਹੈ । ਇਸ ਰਾਗ ਦੇ ਸੰਯੋਗ ਤੋਂ ਧੈਰਵ ਦੇ ਕਈ ਪ੍ਰਕਾਰ ਹੋਂਦ ਵਿੱਚ ਆਏ ਜਿਵੇਂ, ਨਟ ਭੈਰਵ, ਅਹੀਰ ਭੈਰਵ, ਆਨੰਦ ਭੈਰਵ, ਬੰਗਾਲ ਭੈਰਵ ਆਦਿ ਜੋ ਆਪਣਾ ਸੁਤੰਤਰ ਸਥਾਨ ਰੱਖਦੇ ਹਨ ।

ਰਾਗ ਭੈਰਉ ਵਿੱਚ ਰਿਸ਼ਭ, ਧੈਵਤ ਅਤਿ ਕੋਮਲ ਅਤੇ ਹੋਰ ਸੁਰ ਸ਼ੁੱਧ ਲੱਗਦੇ ਹਨ, ਇਸ ਦਾ ਵਾਦੀ ਸੁਰ ਧੈਵਤ, ਸੰਵਾਦੀ ਰਿਸ਼ਭ ਹੈ । ਇਸ ਦੇ ਆਰੋਹ ਅਵਰੋਹ ਵਿੱਚ ਸੱਤ ਸੁਰ ਵਰਤਣ ਦੀ ਪ੍ਰਥਾ ਹੈ । ਇਸ ਕਾਰਣ ਇਸ ਦੀ ਜਾਤੀ ਸੰਪੂਰਣ ਮੰਨੀ ਜਾਂਦੀ ਹੈ । ਕੁੱਝ ਵਿਦਵਾਨ ਇਸ ਦੇ ਆਰੋਹ ਵਿੱਚ ਰਿਸ਼ਭ ਅਤੇ ਪੰਚਮ ਸੁਰ ਦਾ ਪ੍ਰਯੋਗ ਨਹੀਂ ਕਰਦੇ ਅਤੇ ਜਾਤੀ ਔੜਵ-ਸੰਪੂਰਣ ਮੰਨਦੇ ਹਨ ਪ੍ਰੰਤੂ ਪਹਿਲਾ ਮੱਤ ਪ੍ਰਚਾਰ ਵਿੱਚ

ਵਧੇਰੇ ਹੈ ।

ਇਸ ਰਾਗ ਦੇ ਗਾਇਨ , ਵਜਾਉਣ ਦਾ ਸਮਾਂ ਪ੍ਰਭਾਤ ਦਾ ਹੈ । ਇਸ ਰਾਗ ਵਿੱਚ ਵਿਵਾਦੀ ਸੁਰ ਦੇ ਨਾਤੇ ਕੋਮਲ ਨਿਸ਼ਾਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ । ਇਸ ਰਾਗ ਦੀ ਸਾਰੀ ਸੁੰਦਰਤਾ ਰਿਸ਼ਭ ਅਤੇ ਧੈਵਤ ਦੋਵਾਂ ਸੁਰਾਂ ਤੇ ਨਿਰਭਰ ਹੈ । ਮਧਿਅਮ ਸੁਰ ਤੋਂ ਰਿਸ਼ਭ ਤੱਕ ਮੀਂਡ ਦੁਆਰਾ ਗੰਧਾਰ ਦਾ ਸਪਰਸ਼ ਕਰਕੇ ਰਿਸ਼ਭ ਨੂੰ ਅੰਦੋਲਿਤ ਕੀਤਾ ਜਾਂਦਾ ਹੈ । ਇਸ ਰਾਗ ਵਿੱਚ ਨਿਆਸ ਦੇ ਸੁਰ ਸ਼ੜਜ, ਰਿਸ਼ਭ, ਮਧਿਅਮ ਅਤੇ ਧੈਵਤ ਹਨ ।

ਆਰੋਹ : ਸਾ ਰੇ̱ ਗ ਮ ਪ ਧ̱ ਨੀ ਸਾਂ

ਅਵਰੋਹ : ਸਾਂ ਨੀ ਧ̱, ਪ ਮ ਗ ਰੇ̱ ਸਾ

ਮੁੱਖ ਅੰਗ : ਗ ਮ ਧ̱ ਧ̱ ਪ, ਗ ਮ ਰੇ̱ ਰੇ̱ ਸ ।

(25) <u>ਬਸੰਤ</u> : ਬਸੰਤ ਰੁੱਤ ਨਾਲ ਸਬੰਧਿਤ ਰਾਗ ਬਸੰਤ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ । ਭਾਰਤੀ ਸੰਗੀਤ ਵਿੱਚ ਬਸੰਤ ਰੁੱਤ ਦੇ ਚਾਅ, ਹੁਲਾਸ ਨੂੰ ਪ੍ਰਗਟਾਉਣ ਲਈ ਬਸੰਤ ਰਾਗ ਨੂੰ ਮਾਧਿਅਮ ਬਣਾਇਆ ਜਾਂਦਾ ਹੈ । ਇਹੀ ਕਾਰਣ ਹੈ ਕਿ ਇਸ ਰਾਗ ਵਿੱਚ ਗਾਈਆਂ ਜਾਣ ਵਾਲੀਆਂ ਰਚਨਾਵਾਂ ਵਿੱਚ ਬਸੰਤ ਰੁੱਤ ਦਾ ਚਿੱਤਰਨ ਆਮ ਮਿਲਦਾ ਹੈ । ਗੁਰਮਤਿ ਸੰਗੀਤ ਵਿੱਚ ਇਸ ਰਾਗ ਦਾ ਬਸੰਤ ਰੁੱਤ ਵਿੱਚ ਹਰ ਸਮੇਂ ਅਤੇ ਬਾਕੀ ਰੁੱਤਾਂ ਵਿੱਚ ਇਸ ਦਾ ਗਾਇਨ ਸਮਾਂ ਅੱਧੀ ਰਾਤ ਮੰਨਿਆ ਜਾਂਦਾ ਹੈ । ਸ੍ਰੀ ਪਿਆਰਾ ਸਿੰਘ ਜੀ ਨੇ ਇਸ ਰਾਗ ਦੀ ਰਚਨਾ ਹਿੰਡੋਲ ਅਤੇ ਮਾਲਕੌਂਸ ਦੇ ਮੇਲ ਤੋਂ ਮੰਨੀ ਹੈ[1] । ਇਸ ਰਾਗ ਦੇ ਨਾਦਾਤਮਿਕ ਸਰੂਪਾਂ ਦਾ ਵੇਰਵਾ

---

1. ਪਦਮ ਪਿਆਰਾ ਸਿੰਘ : <u>ਗੁਰੂ ਗ੍ਰੰਥ ਸੰਗੀਤ ਕੋਸ਼</u> , ਪੰਨਾ 249

ਇਸ ਪ੍ਰਕਾਰ ਹੈ :

(ੳ) ਕਲਿਆਣ ਅੰਗ : ਸੰਵਾਦੀ ਸਮਾਂ : ਬਸੰਤ ਰੁੱਤ

ਔੜਵ-ਸ਼ਾੜਵ : ਗ ਸੰਵਾਦੀ ਰੇ ਦੁਰਬਲ ਮ ਦੋਵੇਂ ਹਨ

ਆਰੋਹੀ : ਸਾ ਰ ਮ ਮ' ਗ, ਮ' ਧ ਨੀ ਸਾਂ

ਅਵਰੋਹੀ : ਸਾਂ ਰੇਂ ਨੀ ਧ, ਮ' ਮ, ਮ' ਗ ਸਾ ।[1]

| | | | | | |
|---|---|---|---|---|---|
| (ਅ) | ਥਾਟ | : ਪੂਰਵੀ | ਜਾਤੀ | : | ਔੜਵ-ਸੰਪੂਰਣ |
| | ਵਾਦੀ | : ਤਾਰ ਸ਼ੜਜ | ਸੰਵਾਦੀ | : | ਪੰਚਮ |
| | ਵਰਜਿਤ ਸੁਰ | : ਆਰੋਹ ਵਿੱਚ ਰਿਸ਼ਭ, ਪੰਚਮ | ਸਮਾਂ | : | ਅੱਧੀ ਰਾਤ ਤੋਂ ਬਾਅਦ |
| | ਪਰਕ੍ਰਿਤੀ | : ਗੰਭੀਰ | | | |

ਆਰੋਹ : (I) ਸਾ ਗ ਮ' ਧੁ ਰੇਂ ਸਾ

(II) ਸਾ ਮ ਗ, ਮ', ਧੁ ਨੀ ਸਾਂ, ਰੇਂ ਸਾਂ

ਅਵਰੋਹ : ਰੇ ਨੀ ਧੁ ਪ, ਪ, ਮ' ਗ, ਮ' ਗ, ਮ' ਧੁ, ਮ' ਗ, ਰੇ ਸਾ

ਮੁੱਖ ਅੰਗ : ਮ' ਧੁ, ਰੇਂ, ਸਾਂ, ਰੇਂ, ਨੀ ਧੁ ਪ, ਪ, ਮ' ਗ, ਮ' ਗ ।[2]

| | | | | | |
|---|---|---|---|---|---|
| (ੲ) | ਥਾਟ | : ਪੂਰਵੀ | ਜਾਤੀ | : | ਸ਼ਾੜਵ-ਸੰਪੂਰਣ |
| | ਵਾਦੀ | : ਸ਼ੜਜ | ਸੰਵਾਦੀ | : | ਮਧਿਅਮ |

---

1. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ : ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ) ਪੰਨਾ 665

2. ਸੰਤ ਸਰਵਣ ਸਿੰਘ : ਸੁਰ ਸਿਮਰਣ ਸੰਗੀਤ (ਭਾਗ ਤੀਜਾ), ਪੰਨਾ 207

| | | | | | |
|---|---|---|---|---|---|
| ਸੁਰ | : | ਦੋਵੇਂ ਮਧਿਅਮ, ਰਿਸ਼ਭ, ਧੈਵਤ ਕੋਮਲ | ਸਮਾਂ | : | ਰਾਤ ਦਾ ਪਹਿਲਾ ਪਹਿਰ |
| ਵਰਜਿਤ ਸੁਰ | : | ਆਰੋਹ ਵਿੱਚ ਪੰਚਮ | | | |
| ਆਰੋਹ | : | ਸਾ ਗ, ਮੰ ਧ, ਰੇਂ ਸਾਂ | | | |
| ਅਵਰੋਹ | : | ਰੇਂ ਨੀ, ਧ ਪ, ਮੰ ਗ ਮੰ ਧ, ਮੰ ਗ ਰੇ ਸਾ | | | |
| ਮੁੱਖ ਅੰਗ | : | ਮੰ ਧ ਰੇਂ ਸਾਂ, ਰੇਂ, ਨੀ ਧ ਪ, ਮੰ ਗ, ਮੰ ਗ ।[1] | | | |

ਇਸ ਰਾਗ ਦੇ ਨਿਮਨਲਿਖਤ ਦੋ ਸਰੂਪ ਜ਼ਿਆਦਾ ਪ੍ਰਚਾਰ ਵਿੱਚ ਹਨ :

| | | | | | | |
|---|---|---|---|---|---|---|
| (ਸ) | ਥਾਟ | : | ਪੂਰਵੀ | ਜਾਤੀ | : | ਔੜਵ-ਵਕਰ-ਸੰਪੂਰਣ |
| | ਵਾਦੀ | : | ਸ਼ੜਜ(ਤਾਰ) | ਸੰਵਾਦੀ | : | ਪੰਚਮ |
| | ਸੁਰ | : | ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ | ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ, ਪੰਚਮ |
| | ਆਰੋਹ | : | ਸਾ ਗ, ਮੰ ਧ ਰੇਂ ਸਾਂ | | | |
| | ਅਵਰੋਹ | : | ਸਾਂ, ਰੇਂ ਨੀ ਧ, ਪ, ਮੰ ਗ, ਮੰ ਗ, ਮੰ ਗ ਰੇ ਸਾ | | | |
| | ਮੁੱਖ ਅੰਗ | : | ਮੰ ਧ ਰੇਂ ਸਾਂ, ਰੇਂ ਨੀ ਧ ਪ, ਮੰ ਗ, ਮੰ ਗ ।[2] | | | |
| (ਹ) | ਥਾਟ | : | ਬਿਲਾਵਲ | ਜਾਤੀ | : | ਔੜਵ-ਸ਼ਾਡਵ |
| | ਵਾਦੀ | : | ਸ਼ੜਜ | ਸੰਵਾਦੀ | : | ਮਧਿਅਮ |

---

1. ਵਸੰਤ : ਰਾਗ ਕੋਸ਼ , ਪੰਨਾ 18
2. ਗੁਰਨਾਮ ਸਿੰਘ (ਡਾ.) : ਆਦਿ ਗ੍ਰੰਥ: ਰਾਗ ਕੋਸ਼ , ਪੰਨਾ 87

| | | | | | |
|---|---|---|---|---|---|
| ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ, ਪੰਚਮ | ਸਮਾਂ | : | ਦਿਨ ਦਾ ਦੂਜਾ ਪਹਿ (ਬਸੰਤ ਰੁੱਤ ਵਿੱਚ ਕਿਸੇ ਸਮੇਂ ਵੀ ਗਾਇਆ ਸਕਦਾ ਹੈ) |

ਆਰੋਹ : ਸ ਗ ਮ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ ਮ, ਗ ਰੇ ਸਾ

ਮੁੱਖ ਅੰਗ : ਗ ਮ ਧ ਨੀ ਸਾਂ, ਸਾਂ ਨੀ ਧ ਪ ਮ, ਗ ਰੇ ਸਾ ।[1]

(i) ਬਸੰਤ ਹਿੰਡੋਲ

ਨਾਮ ਤੋਂ ਹੀ ਸਪੱਸ਼ਟ ਹੈ ਕਿ ਇਸ ਰਾਗ ਦੀ ਸਿਰਜਨਾ ਬਸੰਤ ਅਤੇ ਹਿੰਡੋਲ ਦੇ ਸੰਜੋਗ ਤੋਂ ਹੋਈ ਹੈ । ਇਹ ਰਾਗ ਗੁਰਮਤਿ ਸੰਗੀਤ ਦਾ ਮੌਲਿਕ ਅਤੇ ਅਪ੍ਰਚੱਲਿਤ ਰਾਗ ਹੈ । ਇਸ ਰਾਗ ਦੇ ਤਿੰਨ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ :-

(ੳ)

| | | | | | |
|---|---|---|---|---|---|
| ਥਾਟ | : | ਪੂਰਵੀ ਮਾਰਵਾ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਸ਼ੜਜ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ ਕੋਮਲ, ਮਧਿਅਮ ਤੀਵਰ, ਧੈਵਤ ਦੋਵੇਂ | ਸਮਾਂ | : | ਰਾਤ ਦਾ ਤੀਸਰਾ ਪਹਿਰ |

ਆਰੋਹ : ਸਾ, ਗ, ਮੰ ਧ, ਨੀ ਧ ਸਾਂ

ਅਵਰੋਹ : ਸਾਂ, ਰੇਂ ਨੀ ਧ, ਪ, ਮੰ ਗ, ਮੰ ਗ, ਰੇ ਸਾ

ਮੁੱਖ ਅੰਗ : ਸਾ, ਗ, ਮੰ, ਧ ਸਾਂ, ਰੇਂ ਨੀ ਧ ਪ, ਮੰ ਗ ਮੰ ਗ, ਮੰ ਗ, ਰੇ ਸਾ ।[2]

---

1. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 15

2. ਆਦਿ ਗ੍ਰੰਥ ਰਾਗ ਕੋਸ਼, ਪੰਨਾ 88

(ਅ) ਕਲਿਆਣ ਅੰਗ    ਸੰਵਾਦੀ    ਬਸੰਤ ਰੁੱਤ

ਔੜਵ    ਗ    ਸੰਵਾਦੀ

ਆਰੋਹੀ : ਸਾ ਗ ਮੇ ਧ ਨੀ ਧ ਸਾਂ

ਅਵਰੋਹੀ : ਸਾਂ ਨੀ ਧ ਮੇ ਗ ਸਾ ।[1]

(ੲ) ਥਾਟ : ਪੂਰਵੀ ਮਾਰਵਾ    ਜਾਤੀ : ਔੜਵ-ਸੰਪੂਰਨ

ਵਾਦੀ : ਖੜਜ    ਸੰਵਾਦੀ : ਪੰਚਮ

ਸੁਰ : ਰਿਸ਼ਭ ਕੋਮਲ, ਮ ਤੀਵਰ ਧੈਵਤ ਦੋਵੇਂ    ਸਮਾਂ : ਰਾਤ ਦਾ ਤੀਸਰਾ ਪਹਿਰ

ਆਰੋਹ : ਸਾ ਗ, ਮੇ ਧ, ਨੀ ਧ ਸਾਂ

ਅਵਰੋਹ : ਸਾਂ, ਰੇਂ ਨੀ ਧੁ ਪ, ਮੇ ਗ, ਮੇ ਗ, ਮੇ ਗ, ਰੇ ਸਾ

ਮੁੱਖ ਅੰਗ : ਸਾ ਗ, ਮੇ ਧੁ ਸਾਂ, ਰੇਂ ਨੀ ਧੁ ਪ, ਮੇ ਗ, ਮੇ ਗ, ਮੇ ਗ, ਰੇ ਸਾ ।[2]

(ਸ) ਥਾਟ : ਮਾਰਵਾ    ਜਾਤੀ : ਔੜਵ-ਸ਼ਾੜਵ

ਵਾਦੀ : ਗੰਧਾਰ    ਸੰਵਾਦੀ : ਧੈਵਤ

ਸੁਰ : ਰਿਸ਼ਭ ਕੋਮਲ, ਮਧਿਅਮ ਤੀਵਰ    ਸਮਾਂ : ਅੱਧੀ ਰਾਤ ਤੋਂ ਬਾਅਦ

ਮਿਸ਼ਰਣ : ਬਸੰਤ ਤੇ ਹਿੰਡੋਲ

ਆਰੋਹ : ਸਾ ਰੇ ਗ, ਮੇ ਧ ਸਾਂ

---

1. ਪ੍ਰਾਚੀਨ ਗੀਤ ਰਤਨਾਵਲੀ , ਪੰਨਾ 696
2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 88

ਅਵਰੋਹ : ਸਾਂ ਨੀ ਧ ਮ̍, ਗ ਮ ਗ, ਰੇ ਸਾ

ਪਕੜ : (ਵਕ੍ਰ ਰੂਪ ਨਾਲ) ਸਾ ਰੇ ਨੀ ਸਾ, ਸਾ ਮ ਗ ਮ, ਗ ਰੇ ਸਾ ।[1]

(ਹ) ਰਾਗ ਬਸੰਤ ਹਿੰਡੋਲ ਦਾ ਇਹ ਸਰੂਪ ਪ੍ਰਵਾਨਿਤ ਮੰਨਿਆ ਜਾਂਦਾ ਹੈ :

| | | | | | |
|---|---|---|---|---|---|
| ਥਾਟ | : | ਪੂਰਵੀ ਮਾਰਵਾ | ਜਾਤੀ | : | ਔੜਵ-ਵਕ੍ਰ-ਸੰਪੂਰਣ |
| ਵਾਦੀ | : | ਸ਼ੜਜ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ ਕੋਮਲ, ਦੋਵੇਂ ਮਧਿਅਮ, ਦੋਵੇਂ ਧੈਵਤ | ਸਮਾਂ | : | ਰਾਤ ਦਾ ਤੀਸਰਾ ਪਹਿਰ |

ਆਰੋਹ : ਸਾ ਮ, ਮ ਗ, ਮ̍ ਧ ਨੀ ਧ ਸਾਂ

ਅਵਰੋਹ : ਸਾਂ ਰੇਂ ਨੀ ਧੁ, ਪ ਮ̍ ਗ, ਮ̍ ਗ, ਮ̍ ਗ, ਰੇ ਸਾ

ਮੁੱਖ ਅੰਗ : ਮ̍ ਧ ਨੀ ਧ ਸਾਂ, ਰੇਂ ਨੀ ਧੁ ਪ, ਮ̍ ਗ, ਮ̍ ਗ ।[2]

(26) ਸਾਰੰਗ : ਭਾਰਤੀ ਸੰਗੀਤ ਵਿੱਚ ਰਾਗ ਸਾਰੰਗ ਪ੍ਰਾਚੀਨ ਕਾਲ ਤੋਂ ਪ੍ਰਚੱਲਿਤ ਹੈ । ਸਭ ਪ੍ਰਾਂਤਾਂ ਦੇ ਸੱਭਿਆ ਅਤੇ ਅਸੱਭਿਆ ਲੋਕਾਂ ਵਿੱਚ ਇਸ ਰਾਗ ਦੀਆਂ ਮਧੁਰ ਸੁਰਾਵਲੀਆਂ ਆਮ ਸੁਣਾਈ ਦਿੰਦੀਆਂ ਹਨ । ਭਾਰਤੀ ਸੰਗੀਤ ਵਿੱਚ ਸਾਰੰਗ ਦੇ ਮੇਲ ਤੋਂ ਉਪਜੇ ਰਾਗ ਸਾਰੰਗ ਦੇ ਕਈ ਪ੍ਰਕਾਰ ਪ੍ਰਚੱਲਿਤ ਹਨ ਜਿਵੇਂ; ਸ਼ੁੱਧ ਸਾਰੰਗ, ਸਾਮੰਤ ਸਾਰੰਗ, ਜਲਧਰ ਸਾਰੰਗ, ਬਡਹੰਸ ਸਾਰੰਗ, ਮੀਆਂ ਕੀ ਸਾਰੰਗ ਆਦਿ । ਇਸ ਰਾਗ ਦਾ ਪ੍ਰਮੁੱਖ ਅੰਗ ਨੀ, ਪ ਮ ਰੇ ਮੰਨਿਆ ਜਾਂਦਾ ਹੈ । ਕਈ ਵਿਦਵਾਨ ਸਾਰੰਗ ਨੂੰ 'ਬ੍ਰਿੰਦਾਬਨੀ ਸਾਰੰਗ' ਵੀ ਕਹਿ ਦਿੰਦੇ ਹਨ । ਪਰ

---

1. ਸੁਰ ਸਿਮਰਣ ਸੰਗੀਤ (ਭਾਗ ਤੀਜਾ) , ਪੰਨਾ 230
2. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 273-74

ਬਹੁਮਤ ਅਨੁਸਾਰ ਸਾਰੰਗ ਹੀ ਪ੍ਰਚੱਲਿਤ ਹੈ । ਇਸ ਰਾਗ ਦੇ ਚਾਰ ਸਰੂਪ ਪ੍ਰਚਾਰ ਵਿੱਚ ਹਨ ।

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਕਾਫੀ ਠਾਠ ਦਾ ਔੜਵ-ਸ਼ਾੜਵ ਰਾਗ ਹੈ, ਇਸ ਵਿੱਚ ਨਿਸ਼ਾਦ ਕੋਮਲ ਅਤੇ ਸ਼ੁੱਧ ਦੋਵੇਂ ਲੱਗਦੇ ਹਨ, ਬਾਕੀ ਸਾਰੇ ਸੁਰ ਸ਼ੁੱਧ ਹਨ । ਸਾਰੰਗ ਦੇ ਗਾਉਣ ਦਾ ਵੇਲਾ ਦੁਪਹਿਰ ਹੈ, ਸਾਰੰਗ ਵਿੱਚ ਵਾਦੀ ਰਿਸ਼ਭ ਅਤੇ ਸੰਵਾਦੀ ਪੰਚਮ ਹੈ । ਆਰੋਹੀ ਵਿੱਚ ਧੈਵਤ ਵਰਜਿਤ ਹੈ, ਅਵਰੋਹੀ ਵਿੱਚ ਦੁਰਬਲ ਹੋ ਕੇ ਲੱਗਦਾ ਹੈ ।

ਆਰੋਹੀ : ਸਾ ਰੇ ਮ ਪ, ਨੀ ਸਾਂ

ਅਵਰੋਹੀ : ਸਾਂ ਧ ਨੀ ਪ ਮ ਰੇ ਸਾ ।[1]

(ਅ)

| | | | | | |
|---|---|---|---|---|---|
| ਥਾਟ | : | ਕਾਫੀ | ਜਾਤੀ | : | ਔੜਵ-ਸ਼ਾੜਵ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਦੋਵੇਂ ਮਧਿਅਮ, ਦੋਵੇਂ ਨਿਸ਼ਾਦ | ਸਮਾਂ | : | ਦਿਨ ਦਾ ਦੂਜਾ ਪਹਿਰ |
| ਵਰਜਿਤ ਸੁਰ | : | ਗੰਧਾਰ | | | |

ਆਰੋਹ : ਸਾ ਰੇ ਮ ਪ, ਮ' ਪ ਨੀ ਸਾਂ

ਅਵਰੋਹ : ਸਾਂ ਨੀ ਪ ਮ' ਪ ਧ ਮ ਰੇ ਨੀ ਸਾ ।[2]

(ੲ)

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਔੜਵ-ਸ਼ਾੜਵ |
| ਸੁਰ | : | ਦੋਵੇਂ ਮਧਿਅਮ, ਦੋਵੇਂ ਨਿਸ਼ਾਦ | ਸਮਾਂ | : | ਦਿਨ ਦਾ ਦੂਜਾ ਪਹਿਰ |

---

1. ਮਹਾਨ ਕੋਸ਼, ਪੰਨਾ 135
2. ਵਸੰਤ : ਸੰਗੀਤ ਵਿਸ਼ਾਰਦ, ਪੰਨਾ 156

| | | | | | |
|---|---|---|---|---|---|
| ਵਰਜਿਤ ਸੁਰ | : | ਅਵਰੋਹ ਵਿੱਚ ਗੰਧਾਰ,<br>ਆਰੋਹ ਵਿੱਚ ਗੰਧਾਰ, ਧੈਵਤ | ਮਿਸ਼ਰਣ | : | ਸ਼ੁੱਧ ਸਾਰੰਗ,<br>ਸ਼ਿਆਮ-ਕਲਿਆਣ,<br>ਬ੍ਰਿੰਦਾਬਨੀ ਸਾਰੰਗ |

ਆਰੋਹ : ਸਾ, ਰੇ ਮ ਪ, ਮ ਪ, ਨੀ ਸਾਂ

ਅਵਰੋਹ : ਸਾਂ ਨੀ ਪ ਮ ਧ ਪ, ਮ ਰੇ, ਨੀ ਸਾ ।[1]

(ਸ) ਬਹੁਗਿਣਤ ਵਿਦਵਾਨਾਂ ਵਲੋਂ ਇਸ ਸਰੂਪ ਨੂੰ ਸਵੀਕਾਰਿਆ ਗਿਆ ਹੈ । ਪ੍ਰੋ: ਤਾਰਾ ਸਿੰਘ[2], ਡਾ. ਗੁਰਨਾਮ ਸਿੰਘ[3], ਰਾਗ ਨਿਰਣਾਇਕ ਕਮੇਟੀ[4] ਨੇ ਵੀ ਇਸੇ ਸਰੂਪ ਨੂੰ ਪ੍ਰਵਾਨਿਆ ਹੈ :

| | | | | | |
|---|---|---|---|---|---|
| ਥਾਟ | : | ਕਾਫੀ | ਜਾਤੀ | : | ਔੜਵ-ਔੜਵ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਅਵਰੋਹ ਵਿੱਚ ਕੋਮਲ ਨਿਸ਼ਾਦ | ਵਰਜਿਤ ਸੁਰ | : | ਗੰਧਾਰ, ਧੈਵਤ |

ਆਰੋਹ : ਸਾ ਰੇ ਮ ਪ ਨੀ ਸਾਂ

ਅਵਰੋਹ : ਸਾਂ ਨੀ ਪ ਮ ਰੇ, ਸਾ

ਮੁੱਖ ਅੰਗ : ਨ਼ੀ ਸਾ ਰੇ, ਮ ਰੇ, ਪ ਮ ਰੇ, ਨ਼ੀ ਸਾ ।

---

1. ਸ੍ਰੀ ਭਗਵਤੀ ਪ੍ਰਸਾਦ : ਪੁਸ਼ਟੀ ਸੰਗੀਤ ਪ੍ਰਕਾਸ਼ , ਪੰਨਾ 73
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 282-83
3. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 89
4. ਸਿਮ੍ਰਤੀ ਗ੍ਰੰਥ , ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 , ਪੰਨਾ 15

(27) <u>ਮਲ੍ਹਾਰ</u> : ਭਾਰਤੀ ਸੰਗੀਤ ਵਿੱਚ ਬਹੁਤ ਸਾਰੇ ਰਾਗ ਰੁੱਤਾਂ ਤੇ ਅਧਾਰਿਤ ਹਨ। ਜੋ ਸਬੰਧਿਤ ਰੁੱਤ ਵਿੱਚ ਹਰ ਸਮੇਂ ਗਾਏ ਵਜਾਏ ਜਾਂਦੇ ਹਨ ਜਿਵੇਂ ਬਸੰਤ ਰੁੱਤ ਵਿੱਚ 'ਬਸੰਤ' ਅਤੇ 'ਬਹਾਰ' ਰਾਗ, ਇਸੇ ਤਰ੍ਹਾਂ ਮਲ੍ਹਾਰ ਰਾਗ ਵਰਖਾ ਰੁੱਤ ਦਾ ਪ੍ਰਸਿੱਧ ਰਾਗ ਹੈ। ਭਾਰਤੀ ਸੰਗੀਤ ਵਿੱਚ ਮਲ੍ਹਾਰ ਰਾਗ ਦੇ ਕਈ ਪ੍ਰਕਾਰ ਪ੍ਰਚਾਰ ਵਿੱਚ ਹਨ। ਉਦਾਹਰਨ ਵਜੋਂ ਮੇਘ ਮਲ੍ਹਾਰ, ਸੋਰਠ ਮਲ੍ਹਾਰ, ਦੇਸ ਮਲ੍ਹਾਰ ਆਦਿ। ਪੁਰਾਤਨ ਵਿਚਾਰ ਅਨੁਸਾਰ ਸਾਰੰਗ, ਸੋਰਠਿ ਤੇ ਬਿਲਾਵਲ ਮਿਲ ਕੇ ਰਾਗ ਮਲ੍ਹਾਰ ਦੀ ਰਚਨਾ ਹੁੰਦੀ ਹੈ।[1] ਰਾਗ ਮਲ੍ਹਾਰ ਗੰਭੀਰ ਪਰਕ੍ਰਿਤੀ ਦਾ ਹੋਣ ਕਰਕੇ ਇਸ ਵਿੱਚ ਭਗਤੀ ਰਸ ਦੀ ਪ੍ਰਧਾਨਤਾ ਵਿਸ਼ੇਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਮਲ੍ਹਾਰ ਸਬੰਧੀ ਗੁਰਵਾਕ ਹੈ :-

- ਮਲ੍ਹਾਰ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥[2]
- ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥[3]

ਕ੍ਰਿਆਤਮਿਕ ਤੌਰ ਤੇ ਇਸ ਰਾਗ ਦੇ ਸਰੂਪ ਨਿਮਨ ਲਿਖਤ ਹਨ :-

(ੳ) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, " ਇਹ ਖਮਾਜ ਠਾਠ ਦਾ ਔੜਵ ਰਾਗ ਹੈ, ਗੰਧਾਰ ਅਤੇ ਨਿਸ਼ਾਦ ਵਰਜਿਤ ਹਨ, ਸ਼ੜਜ ਰਿਸ਼ਭ ਮੱਧਮ ਪੰਚਮ ਅਤੇ ਧੈਵਤ ਸ਼ੁੱਧ ਹਨ, ਗ੍ਰਹਿ ਅਤੇ ਵਾਦੀ ਸੁਰ ਮੱਧਮ ਅਤੇ ਸੰਵਾਦੀ ਸ਼ੜਜ ਹੈ, ਗਾਉਣ ਦਾ ਸਮਾਂ ਵਰਖਾ ਰੁੱਤ

---

1. ਪਿਆਰਾ ਸਿੰਘ (ਪ੍ਰੋ:) : <u>ਗੁਰੂ ਗ੍ਰੰਥ ਸੰਕੇਤ ਕੋਸ਼</u> , ਪੰਨਾ 274
2. <u>ਆਦਿ ਗ੍ਰੰਥ</u> , ਮ: 3 , ਪੰਨਾ 1283
3. <u>ਆਦਿ ਗ੍ਰੰਥ</u> , ਸਲੋਕ ਮਹਲਾ 3 , ਪੰਨਾ 1285

ਅਤੇ ਰਾਤ ਹੈ ।

ਆਰੋਹੀ : ਸਾ ਰੇ ਮ ਪ ਧ ਣੋਂ ਸਾਂ

ਅਵਰੋਹੀ : ਸਾਂ ਧ ਪ ਮ ਰੇ ਸਾ ।[1]

(ਅ) ਇਸ ਸਰੂਪ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਜਾਂਦੀ ਹੈ । ਇਸ ਰਾਗ ਵਿੱਚ ਗੰਧਾਰ, ਨਿਸ਼ਾਦ ਸੁਰ ਵਰਜਿਤ ਹਨ । ਦੋ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ-ਔੜਵ ਹੈ । ਇਸ ਵਿੱਚ ਸਭ ਸੁਰ ਸ਼ੁੱਧ ਲੱਗਦੇ ਹਨ । ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸ਼ੜਜ ਹੈ । ਇਸ ਰਾਗ ਵਿੱਚ ਦੋ ਸੁਰ-ਸੰਗਤੀਆਂ ਪੂਰਵਾਂਗ ਵਿੱਚ 'ਸਾ ਰੇ ਮ' ਅਤੇ ਉਤਰਾਂਗ ਵਿੱਚ 'ਮ ਪ ਧ ਸਾਂ ਧ ਪ' ਅਤਿਅੰਤ ਮਹੱਤਵਪੂਰਨ ਹਨ । ਇਨ੍ਹਾਂ ਤੋਂ ਇਲਾਵਾ 'ਰੇ ਪ' ਸੁਰਾਵਲੀ ਇਸ ਰਾਗ ਵਿੱਚ ਆਤਮਾ ਦਾ ਸਥਾਨ ਰੱਖਦੀ ਹੈ । ਮਲ੍ਹਾਰ ਵਰਖਾ ਰੁੱਤ ਦਾ ਵਿਸ਼ੇਸ਼ ਰਾਗ ਹੋਣ ਦੇ ਕਾਰਣ ਇਸ ਰੁੱਤ ਵਿੱਚ ਹਰ ਵੇਲੇ ਗਾਇਆ ਜਾਂਦਾ ਹੈ ਪਰ ਇਸ ਤੋਂ ਇਲਾਵਾ ਸ਼ਾਸਤਰਕਾਰਾਂ ਨੇ ਇਸ ਨੂੰ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਸਵੀਕਾਰਿਆ ਹੈ ।[2]

(ੲ) ਮਲ੍ਹਾਰ ਦਾ ਇਹ ਪ੍ਰਕਾਰ ਕਾਫ਼ੀ ਥਾਟ ਦੇ ਅੰਤਰਗਤ ਮੰਨਿਆ ਜਾਂਦਾ ਹੈ । ਇਸ ਰਾਗ ਦੇ ਨਾਦ ਰੂਪ ਵਿੱਚ ਗੰਧਾਰ ਅਤੇ ਧੈਵਤ ਵਰਜਿਤ ਹਨ ਅਤੇ ਦੋਵੇਂ ਨਿਸ਼ਾਦ ਆਰੋਹ ਵਿੱਚ ਇਕੱਠੇ ਪ੍ਰਯੋਗ ਹੁੰਦੇ ਹਨ । ਦੋ ਸੁਰ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔੜਵ-ਔੜਵ

---

1. <u>ਮਹਾਨ ਕੋਸ਼</u> , ਪੰਨਾ 956

2. <u>ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ</u> , ਪੰਨਾ 292

ਹੈ । ਇਸ ਵਿੱਚ 'ਰੇ ਪ' ਸੁਰਾਵਲੀ ਬਹੁਤ ਮਹੱਤਵਪੂਰਨ ਹੈ । ਇਸ ਦਾ ਵਾਦੀ ਸੁਰ ਸ਼ੜਜ ਅਤੇ ਸੰਵਾਦੀ 'ਪੰਚਮ' ਹੈ । ਬਰਖਾ ਰੁੱਤ ਵਿੱਚ ਇਹ ਰਾਗ ਹਰ ਸਮੇਂ ਗਾਇਆ ਜਾਂਦਾ ਹੈ ਪ੍ਰੰਤੂ ਹੋਰ ਰੁੱਤਾਂ ਵਿੱਚ ਇਸ ਦੇ ਗਾਉਣ ਦਾ ਵੇਲਾ ਰਾਤ ਦਾ ਤੀਜਾ ਪਹਿਰ ਹੈ ।

ਆਰੋਹ : ਸਾ, ਰੇ ਮ, ਰੇ ਪ, ਮ ਪ ਨੀ ਨੀ ਸਾਂ

ਅਵਰੋਹ : ਸਾ ਨੀ ਪ, ਨੀ ਪ, ਮ ਪ ਮ ਮ , ਮ ਰੇ, ਸਾ

ਮੁੱਖ ਅੰਗ : ਮ ਪ ਨੀ ਨੀ ਸਾਂ, ਨੀ ਪ, ਮ ਰੇ, ਮ ਪ ਮ ਮ ਰੇ ਸਾ

(ਸ) ਰਾਗ ਮਲ੍ਹਾਰ ਇਹ ਸਰੂਪ ਪ੍ਰਚਾਲਿਤ ਮੰਨਿਆ ਜਾਂਦਾ ਹੈ ।

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਦੋਵੇਂ ਨਿਸ਼ਾਦ | | | |
| ਆਰੋਹ | : | ਸਾ, ਰੇ ਗ ਮ, ਮ ਰੇ ਪ, ਨੀ ਧ ਨੀ ਸਾਂ | | | |
| ਅਵਰੋਹ | : | ਸਾਂ, ਧ ਨੀ ਪ, ਮ ਗ ਮ, ਰੇ ਸਾ | | | |
| ਪਕੜ | : | ਸਾ ਰੇ ਗ ਮ, ਮ ਰੇ ਪ, ਧ ਨੀ ਪ, ਮ ਰੇ ਸਾ । | | | |

(28) ਕਾਨੜ੍ਹਾ : ਕਾਨੜ੍ਹਾ ਅਤਿ ਗੰਭੀਰ ਪਰਕ੍ਰਿਤੀ ਦਾ ਪ੍ਰਸਿੱਧ ਰਾਗ ਹੈ ਜੋ ਕਿ 'ਦਰਬਾਰੀ ਕਾਨੜ੍ਹ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਪਰ ਗੁਰਮਤਿ ਸੰਗੀਤ ਪੱਧਤੀ ਵਿੱਚ ਇਸ ਨੂੰ 'ਰਾਗ ਕਾਨੜ੍ਹਾ' ਹੀ ਕਿਹਾ ਜਾਂਦਾ ਹੈ । ਭਾਰਤੀ ਸੰਗੀਤ ਵਿੱਚ ਕਾਨੜ੍ਹਾ ਰਾਗਾਂਗ ਹੈ । ਹੋਰ ਰਾਗਾਂ ਦੀਆਂ ਮਧੁਰ ਸੁਰਾਂਵਲੀਆਂ ਦਾ ਕਾਨੜ੍ਹਾ ਨਾਲ ਮਿਸ਼ਰਣ ਕਰਨ ਤੇ

ਜੋ ਰਾਗ ਉਪਜਦੇ ਹਨ ਜਿਵੇਂ ; ਨਾਇਕੀ ਕਾਨੜਾ, ਸੂਹਾ ਕਾਨੜਾ, ਬਾਗੇਸ਼ਵਰੀ ਕਾਨੜਾ ਆਦਿ । ਇਹ ਸਭ ਕਾਨੜਾ ਅੰਗ ਦੇ ਰਾਗ ਜਾਂ ਕਾਨੜਾ ਦੇ ਪ੍ਰਕਾਰ ਅਖਵਾਉਂਦੇ ਹਨ । ਪਰ ਗੁਰਮਤਿ ਸੰਗੀਤ ਵਿੱਚ ਕਾਨੜਾ ਦਾ ਇੱਕੋ ਇੱਕ ਪ੍ਰਕਾਰ ਕਾਨੜਾ ਜਾਂ ਦਰਬਾਰੀ ਕਾਨੜਾ ਹੀ ਹੈ । ਦਰਬਾਰੀ ਕਾਨੜਾ ਵਿੱਚ ਗੰਧਾਰ, ਧੈਵਤ, ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁੱਧ ਹਨ ।

| | | | |
|---|---|---|---|
| ਥਾਟ | : ਆਸਾਵਰੀ | ਜਾਤੀ | : ਸੰਪੂਰਣ-ਸੰਪੂਰਣ |
| ਵਾਦੀ | : ਰਿਸ਼ਭ | ਸੰਵਾਦੀ | : ਪੰਚਮ |
| ਸੁਰ | : ਗੰਧਾਰ, ਨਿਸ਼ਾਦ, ਧੈਵਤ ਕੋਮਲ | ਸਥਾਨ | : ਮੰਦਰ, ਮੱਧ ਸਪਤਕ |
| ਸਮਾਂ | : ਮੱਧ ਰਾਤ | | |
| ਆਰੋਹ | : ਨੀ ਸਾ ਰੇ ਗ ਰੇ ਸਾ, ਮ ਪ, ਧ ਨੀ ਸਾਂ | | |
| ਅਵਰੋਹ | : ਸਾਂ (ਨੀ), ਧ (ਨੀ) ਧ ਨੀ ਪ ਮ ਪ, ਮਗ ਮਗ ਰੇ ਸਾ ।[1] | | |

ਇਸੇ ਸਰੂਪ ਵਿੱਚ ਸ੍ਰੀ ਹਰੀਸ਼ ਚੰਦਰ ਬਾਲੀ ਨੇ ਵਾਦੀ ਸੁਰ ਮੰਦਰ ਸਪਤਕ ਦਾ ਕੋਮਲ ਧੈਵਤ, ਸੰਵਾਦੀ ਸਪਤਕ ਦਾ ਕੋਮਲ ਗੰਧਾਰ (ਗ) ਮੰਨਿਆ ਹੈ [2] ।

---

1. ਵਸੰਤ : ਰਾਗ ਕੋਸ਼ , ਪੰਨਾ 16
2. ਸੰਗੀਤ ਪ੍ਰਕਾਸ਼ , ਪੰਨਾ 119

(29) <u>ਕਲਿਆਣ</u> : ਰਾਗ ਕਲਿਆਣ ਭਾਰਤੀ ਸੰਗੀਤ ਦਾ ਪ੍ਰਸਿੱਧ ਰਾਗ ਹੈ । ਮੱਧ ਕਾਲ ਵਿੱਚ ਮੁਸਲਮਾਨ ਸੰਗੀਤਕਾਰਾਂ ਨੇ ਇਸ ਰਾਗ ਦਾ ਬਹੁਤ ਪ੍ਰਯੋਗ ਕੀਤਾ । ਯਵਨ ਸੰਸਕ੍ਰਿਤੀ ਦੇ ਪ੍ਰਭਾਵ ਕਾਰਣ ਇਸ ਰਾਗ ਨੂੰ ਕਈ ਨਾਂਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ; ਯਵਨ , ਏਮਨ ਆਦਿ ਪਰ ਇਸ ਰਾਗ ਦਾ ਪੁਰਾਤਨ ਨਾਮ ਕਲਿਆਣ ਹੈ । ਇਸ ਰਾਗ ਵਿੱਚ ਅਲਾਪ, ਤਾਨਾਂ ਨਿਸ਼ਾਦ ਸੁਰ ਤੋਂ ਸ਼ੁਰੂ ਕਰਨ ਦੀ ਪ੍ਰਥਾ ਹੈ । ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ :-

| | | | | | |
|---|---|---|---|---|---|
| ਥਾਟ | : | ਕਲਿਆਣ | ਜਾਤੀ | : | ਸੰਪੂਰਨ-ਸੰਪੂਰਣ |
| ਵਾਦੀ | : | ਗੰਧਾਰ | ਸੰਵਾਦੀ | : | ਨਿਸ਼ਾਦ |
| ਸੁਰ | : | ਮਧਿਅਮ ਤੀਵਰ | ਸਮਾਂ | : | ਰਾਤ ਦਾ ਪਹਿਲਾ ਪਹਿਰ |

ਆਰੋਹ : ਨ਼ੀ ਰੇ ਗ, ਮ॑ ਪ, ਧ, ਨੀ ਸਾਂ

ਅਵਰੋਹ : ਸਾਂ ਨੀ ਧ, ਪ, ਮ॑ ਗ, ਰੇ ਸਾ

ਮੁੱਖ ਅੰਗ : ਨ਼ੀ ਰੇ ਗ, ਰੇ ਸਾ, ਪ ਮ॑ ਗ, ਰੇ ਸਾ ।

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਸਰੂਪ ਵਿੱਚ ਸੰਵਾਦੀ ਸੁਰ ਧੈਵਤ ਮੰਨਿਆ ਹੈ [1] ।

(i) <u>ਕਲਿਆਣ ਭੋਪਾਲੀ</u>

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਕਲਿਆਣ ਅਧੀਨ ਰਾਗ ਕਲਿਆਣ ਭੋਪਾਲੀ ਉਸ ਦੇ ਪ੍ਰਕਾਰ ਵਜੋਂ ਦਰਜ ਹੈ ਜਿਸ ਨੂੰ ਭਾਰਤੀ ਸੰਗੀਤ ਵਿੱਚ 'ਰਾਗ ਭੋਪਾਲੀ' ਦੇ ਨਾਮ ਨਾਲ

---

1. <u>ਮਹਾਨ ਕੋਸ਼</u> , ਪੰਨਾ 310

ਸੰਬੋਧਨ ਕੀਤਾ ਜਾਂਦਾ ਹੈ ।

ਇਸ ਦੇ ਦੋ ਸਰੂਪ ਪ੍ਰਕਾਰ ਵਿੱਚ ਹਨ :

| | | | | | |
|---|---|---|---|---|---|
| (ੳ) ਥਾਟ | : | ਕਲਿਆਣ | ਜਾਤੀ | : | ਔੜਵ-ਔੜਵ |
| ਵਾਦੀ | : | ਗੰਧਾਰ | ਸੰਵਾਦੀ | : | ਧੈਵਤ |
| ਵਰਜਿਤ ਸੁਰ | : | ਮਧਿਅਮ ਤੇ ਨਿਸ਼ਾਦ | ਸਮਾਂ | : | ਰਾਤ ਦਾ ਦੂਸਰਾ ਪਹਿਰ |

ਆਰੋਹ : ਸਾ ਰੇ ਗ, ਪ ਧ ਸਾਂ

ਅਵਰੋਹ : ਸਾਂ ਧ ਪ, ਗ, ਰੇ ਸਾ

ਪਕੜ : ਪ ਗ, ਰੇ ਗ, ਸਾ ਰੇ, ਧ਼ ਸਾ ।[1]

(ਅ) ਇਸ ਸਰੂਪ ਵਿੱਚ ਮਧਿਅਮ ਤੀਵਰ ਅਤੇ ਹੋਰ ਸ਼ੁੱਧ ਸੁਰ ਲੱਗਦੇ ਹਨ । ਇਸ ਰਾਗ ਦੇ ਮੁੱਢਲੇ ਚਲਨ ਵਿੱਚ ਕਲਿਆਣ ਅਤੇ ਭੋਪਾਲੀ ਦੀਆਂ ਨਾਦ ਲਹਿਰਾਂ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦੀਆਂ ਹਨ । ਇਸ ਦੇ ਆਰੋਹ ਵਿੱਚ ਕਲਿਆਣ ਅਤੇ ਅਵਰੋਹ ਵਿੱਚ ਭੋਪਾਲੀ ਰਾਗ 'ਪ ਗ ਰੇ ਸਾ' ਸੁਰ ਸੰਗਤੀ ਦੁਆਰਾ ਇਸ ਦਾ ਸਰੂਪ ਸਥਾਪਤ ਹੋ ਜਾਂਦਾ ਹੈ । ਇਸ ਦੀ ਜਾਤੀ ਵਕਰ-ਸੰਪੂਰਣ ਹੈ । ਇਸ ਦਾ ਵਾਦੀ ਸੁਰ 'ਗੰਧਾਰ' ਅਤੇ ਸੰਵਾਦੀ ਸੁਰ 'ਨਿਸ਼ਾਦ' ਹੈ । ਇਸ ਦੇ ਗਾਇਨ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ ।

ਆਰੋਹ : ਸਾ ਨ਼ੀ, ਧ਼ ਨ਼ੀ ਰੇ ਗ, ਮ॑ ਪ, ਗ ਮ॑ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮ॑ ਗ, ਪ ਗ, ਰੇ ਸਾ

---

1. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ , ਪੰਨਾ 327

ਮੁੱਖ ਅੰਗ : ਨ਼ੀ ਪ਼ ਨ਼ੀ ਰੇ ਗ, ਪ ਮ॑ ਗ, ਪ ਗ, ਰੇ ਸਾ ।[1]

(30) <u>ਪ੍ਰਭਾਤੀ</u> : ਰਾਗ ਪ੍ਰਭਾਤੀ ਅਲਪ ਪ੍ਰਸਿੱਧ ਰਾਗਾਂ ਦੇ ਵਰਗ ਦਾ ਰਾਗ ਹੈ । ਅੰਮ੍ਰਿਤ ਵੇਲੇ ਦੇ ਰਾਗਾਂ ਵਿਚੋਂ ਇਹ ਅਤਿਅੰਤ ਨਿਵੇਕਲਾ ਰਾਗ ਹੈ । ਇਸ ਰਾਗ ਵਿੱਚ ਭੈਰਵ, ਕਲਿੰਗੜਾ, ਲਲਿਤ ਵਰਗੇ ਰਾਗਾਂ ਦੀ ਝਲਕ ਪ੍ਰਤੀਤ ਹੁੰਦੀ ਹੈ ਪਰ ਇਹ ਆਪਣੀ ਨਿੱਜੀ ਵਿਸ਼ੇਸ਼ਤਾਵਾਂ ਕਾਰਣ ਇਨ੍ਹਾਂ ਰਾਗਾਂ ਨਾਲੋਂ ਸਹਿਜੇ ਹੀ ਅੱਲਗ ਸੁਤੰਤਰ ਰਾਗ ਵਜੋਂ ਸਥਾਪਤ ਹੋ ਜਾਂਦਾ ਹੈ । ਪ੍ਰਾਚੀਨ ਸੰਗੀਤਕਾਰ ਇਸ ਨੂੰ ਆਸਾ ਤੇ ਭੈਰਵੀ ਦੇ ਮੇਲ ਤੋਂ ਬਣਿਆ ਮੰਨਦੇ ਹਨ । ਕ੍ਰਿਆਤਮਿਕ ਤੌਰ ਤੇ ਇਸ ਦੇ ਤਿੰਨ ਸਰੂਪ ਪ੍ਰਚਾਰ ਵਿੱਚ ਹਨ :-

(ੳ) ਕਲਿਆਣ ਅੰਗ ਸੰਵਾਦੀ ਸਮਾਂ : ਪ੍ਰਭਾਤ ਦਾ

ਔੜਵ-ਸ਼ਾੜਵ : **ਪ** ਸੰਵਾਦੀ

ਆਰੋਹੀ : ਸਾ ਰੇ ਗ ਪ ਧ ਸਾਂ

ਅਵਰੋਹੀ : ਸਾਂ ਨੀ ਧ ਪ ਗ ਰੇ ਸਾ ।[2]

| | | | | | |
|---|---|---|---|---|---|
| (ਅ) ਥਾਟ | : | ਭੈਰਵ | ਜਾਤੀ | : | ਸੰਪੂਰਨ-ਸੰਪੂਰਨ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਰਿਸ਼ਭ, ਧੈਵਤ ਕੋਮਲ ਦੋਵੇਂ ਮਧਿਅਮ | ਸਮਾਂ | : | ਪ੍ਰਾਤਹਕਾਲ |

---

1. ਗੁਰਨਾਮ ਸਿੰਘ (ਡਾ.) : <u>ਆਦਿ ਗ੍ਰੰਥ: ਰਾਗ ਕੋਸ਼</u> , ਪੰਨਾ 94
2. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ : <u>ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ</u> (ਭਾਗ ਦੂਜਾ) , ਪੰਨਾ 929

ਆਰੋਹ : ਸਾ ਰੇ, ਗ ਮ, ਪ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮ ਮ, ਗ ਰੇ ਸਾ ।[1]

(ੲ) ਰਾਗ ਪ੍ਰਭਾਤੀ ਦਾ ਇਹ ਸਰੂਪ ਪ੍ਰਵਾਨਿਆ ਗਿਆ ਹੈ । ਡਾ. ਗੁਰਨਾਮ ਸਿੰਘ[2], ਰਾਗ ਨਿਰਣਾਇਕ ਕਮੇਟੀ[3] ਨੇ ਵੀ ਇਸ ਸਰੂਪ ਨੂੰ ਪ੍ਰਵਾਨਿਆ ਹੈ :

| | | | |
|---|---|---|---|
| ਥਾਟ | : ਬਿਲਾਵਲ | ਜਾਤੀ | : ਔੜਵ-ਸ਼ਾੜਵ |
| ਵਾਦੀ | : ਸ਼ੜਜ | ਸੰਵਾਦੀ | : ਪੰਚਮ |
| ਵਰਜਿਤ ਸੁਰ | : ਆਰੋਹ ਵਿੱਚ ਮਧਿਅਮ, ਨਿਸ਼ਾਦ ; ਅਵਰੋਹ ਵਿੱਚ ਮਧਿਅਮ | ਸਮਾਂ | : ਸਵੇਰ ਦਾ ਪਹਿਲਾ ਪਹਿਰ |

ਆਰੋਹ : ਸਾ ਰੇ ਗ ਪ ਧ ਸਾਂ

ਅਵਰੋਹ : ਸਾਂ ਨੀ ਧ ਨੀ ਪ ਗ ਰੇ ਸਾ

ਮੁੱਖ ਅੰਗ : ਪ ਧ ਸਾਂ ਨੀ ਧ ਨੀ ਪ, ਪ ਧ, ਗ ਪ, ਧ ਪ ਧ

(i) ਪ੍ਰਭਾਤੀ ਦੱਖਣੀ

| | | | |
|---|---|---|---|
| ਥਾਟ | : ਆਸਾਵਰੀ (ਉੱਤਰੀ ਭਾਰਤੀ ਸੰਗੀਤ ਪੱਧਤੀ ਅਨੁਸਾਰ) | ਜਾਤੀ | : ਸ਼ਾੜਵ-ਵਕਰ-ਸੰਪੂਰਣ |
| ਵਾਦੀ | : ਧੈਵਤ | ਸੰਵਾਦੀ | : ਗੰਧਾਰ |
| ਸਮਾਂ | : ਸਵੇਰ | | |

---

1. ਵਸੰਤ : ਰਾਗ ਕੋਸ਼ , ਪੰਨਾ 18
2. ਆਦਿ ਗ੍ਰੰਥ: ਰਾਗ ਕੋਸ਼ , ਪੰਨਾ 95
3. ਤ੍ਰਿਮੂਰਤੀ ਗ੍ਰੰਥ , ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 , ਪੰਨਾ 17

ਆਰੋਹ : ਸਾ ਮ ਰੇ, ਗ ਮ ਪ ਸਾਂ

ਅਵਰੋਹ : ਸਾਂ ਨੀ̱ ਧ̱ ਪ, ਮ ਗ̱ ਰੇ ਸਾ

ਮੁੱਖ ਅੰਗ : ਸਾ ਮ, ਰੇ ਗ̱ ਮ ਨੀ̱ ਧ̱ ਪ ।

## (ii) ਪ੍ਰਭਾਤੀ ਬਿਭਾਸ

ਰਾਗ ਪ੍ਰਭਾਤੀ ਬਿਭਾਸ ਇੱਕ ਪੁਰਾਤਨ ਰਾਗ ਹੈ । ਇਸ ਬਾਰੇ ਪੂਰਨ ਵਰਣਨ ਭਾਰਤੀ ਸੰਗੀਤ ਦੇ ਕਿਸੇ ਗ੍ਰੰਥ ਵਿੱਚ ਨਹੀਂ ਮਿਲਦਾ । ਰਾਗ ਪ੍ਰਭਾਤੀ ਬਿਭਾਸ ਦੀ ਸਿਰਜਨਾ ਰਾਗ ਪ੍ਰਭਾਤੀ ਅਤੇ ਬਿਭਾਸ ਰਾਗ ਦੀ ਮਧੁਰ ਸਰਾਵਲੀ 'ਪ ਗ ਰੇ ਸਾ' ਦੇ ਸੰਜੋਗ ਤੋਂ ਹੋਈ ਹੈ । ਰਾਗ ਪ੍ਰਭਾਤੀ ਅਤੇ ਬਿਭਾਸ ਬਹੁਤ ਘੱਟ ਸੁਣਨ ਵਿੱਚ ਮਿਲਦਾ ਹੈ । ਇਸ ਦਾ ਨਾਦਾਤਮਿਕ ਸਰੂਪ ਇਸ ਪ੍ਰਕਾਰ ਹੈ :

| | | | | | |
|---|---|---|---|---|---|
| ਥਾਟ | : | ਭੈਰਵ | ਜਾਤੀ | : | ਵਕਰ ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਰਿਸ਼ਭ, ਧੈਵਤ ਕੋਮਲ<br>ਦੋਵੇਂ ਮਧਿਅਮ | ਸਮਾਂ | : | ਪ੍ਰਭਾਤ ਕਾਲ ਦਾ<br>(ਸੰਧੀ ਪ੍ਰਕਾਸ਼ ਰਾਗ) |

ਆਰੋਹ : ਸਾ, ਰੇ̱ ਗ ਮ, ਮ̍ ਮ ਗ, ਪ ਗ, ਰੇ̱ ਸਾ

ਅਵਰੋਹ : ਸਾਂ ਨੀ ਧ,ਪ ਮ̍ ਮ ਗ, ਪ ਗ ਰੇ̱ ਰੇ̱ ਸਾ

ਪਕੜ : ਸਾ ਰੇ̱, ਗ ਮ, ਮ̍ ਮ ਗ, ਪ ਗ ਰੇ̱ ਰੇ̱ ਸਾ

## (iii) ਬਿਭਾਸ ਪ੍ਰਭਾਤੀ

ਰਾਗ ਬਿਭਾਸ ਪ੍ਰਭਾਤੀ ਜਿਸ ਦੀ ਰਚਨਾ ਰਾਗ ਪ੍ਰਭਾਤੀ ਅਤੇ ਬਿਭਾਸ ਰਾਗ ਦੇ ਮੇਲ ਤੋਂ ਹੋਈ ਹੈ । ਇਹ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ । ਇਸ ਰਾਗ ਦੀ ਗੰਭੀਰ

ਪਰਕ੍ਰਿਤੀ ਹੋਣ ਕਾਰਣ ਇਹ ਭਗਤੀ ਰਸ ਲਈ ਵਿਸ਼ੇਸ਼ ਢੁਕਵਾਂ ਹੈ ।

ਰਾਗ ਬਿਭਾਸ ਪ੍ਰਭਾਤੀ ਭੈਰਵ ਅੰਗ ਦਾ ਰਾਗ ਹੈ । ਜਿਸ ਵਿੱਚ ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ ਅਤੇ ਬਾਕੀ ਸਾਰੇ ਸੁਰ ਸ਼ੁੱਧ ਵਰਤੇ ਜਾਂਦੇ ਹਨ ।

| | | | | | |
|---|---|---|---|---|---|
| ਥਾਟ | : | ਭੈਰਵ | ਜਾਤੀ | : | ਵਕ੍ਰ-ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਗੰਧਾਰ ਜਾਂ ਰਿਸ਼ਭ ਵੀ ਮੰਨਦੇ ਹਨ |
| ਸਮਾਂ | : | ਸਵੇਰ | | | |
| ਆਰੋਹ | : | ਸਾ ਰੇ ਗ ਪ, ਗ ਮ ਪ, ਧ ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਪ, ਮ ਮ ਗ, ਪ ਗ ਰੇ ਸਾ | | | |
| ਮੁੱਖ ਅੰਗ | : | ਗ ਮ ਧ ਧ ਪ, ਮ ਮ ਗ, ਮ ਗ ਰੇ ਸਾ | | | |

(31) ਜੈਜਾਵੰਤੀ : ਜੈਜਾਵੰਤੀ ਪ੍ਰਾਚੀਨ ਅਤੇ ਪ੍ਰਸਿੱਧ ਰਾਗ ਹੈ । ਰਾਗ ਰਾਗਣੀ ਪੱਧਤੀ ਅਨੁਸਾਰ ਜੈਜਾਵੰਤੀ ਰਾਗ ਨੂੰ ਰਾਗਣੀ ਮੰਨਿਆ ਹੈ ਪਰ ਗੁਰਮਤਿ ਸੰਗੀਤ ਵਿੱਚ ਜੈਜਾਵੰਤੀ ਨੂੰ 'ਰਾਗ ਜੈਜਾਵੰਤੀ' ਹੀ ਮੰਨਿਆ ਹੈ ।

ਰਾਗ ਜੈਜਾਵੰਤੀ ਦੋ ਅੰਗਾਂ ਤੋਂ ਗਾਇਆ ਜਾਂਦਾ ਹੈ - ਇੱਕ ਦੇਸ ਜਾਂ ਸੋਰਠਿ ਅੰਗ ਅਤੇ ਦੂਸਰਾ ਬਾਗੇਸ਼ਵਰੀ ਅੰਗ । ਇਸ ਰਾਗ ਵਿੱਚ ਦੋਵੇਂ ਗੰਧਾਰ ਅਤੇ ਦੋਵੇਂ ਨਿਸ਼ਾਦ ਲੱਗਦੇ ਹਨ । ਇਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਸ਼ੁੱਧ ਗੰਧਾਰ ਦਾ ਪ੍ਰਯੋਗ ਹੁੰਦਾ ਹੈ ਪਰ ਕੋਮਲ ਗੰਧਾਰ ਦੀ ਵਰਤੋਂ ਇੱਕ ਵਿਸ਼ੇਸ਼ ਢੰਗ ਨਾਲ ਕੋਮਲ ਗੰਧਾਰ ਦੇ ਦੋਵੇਂ ਪਾਸੇ ਰਿਸ਼ਭ ਸੁਰ (ਰ ਗ ਮ ਗ ਰੇ ਗ ਰੇ) ਰੱਖ ਕੇ ਕੀਤੀ ਜਾਂਦੀ ਹੈ । ਇਸ ਰਾਗ ਵਿੱਚ ਦੋਵੇਂ ਨਿਸ਼ਾਦ ਸੁਰ ਦੀ ਵਰਤੋਂ ਦੇਸ ਜਾਂ ਸੋਰਠਿ ਅੰਗ ਨਾਲ ਧੈਵਤ ਸੁਰ ਛੱਡ ਕੇ ਤੀਵਰ ਨਿਸ਼ਾਦ ਨਾਲ ਤਾਰ ਸਪਤਕ ਵਿੱਚ ਪ੍ਰਵੇਸ਼ ਕੀਤਾ ਜਾਂਦਾ

ਹੈ ਜਿਵੇਂ ; ਮ ਪ ਨੀ ਨੀ ਸਾਂ ਨੀ ਸਾਂ, ਪਰ ਜਿਸ ਵੇਲੇ ਤਾਰ ਸ਼ੜਜ ਦੇ ਅਗੇ ਵੱਧਣਾ ਹੋਵੇ ਤਾਂ ਸ਼ੜਜ ਸੁਰ ਦਾ ਤਿਆਗ ਕਰਕੇ ਕੋਮਲ ਨਿਸ਼ਾਦ ਲਗਾਇਆ ਜਾਂਦਾ ਹੈ (ਨੀ ਸਾਂ ਧ ਨੀ ਰੇ) ਬਾਗੇਸ਼ਵਰੀ ਅੰਗ ਨਾਲ ਅੰਤਰੇ ਦੇ ਉਠਾਣ ਸਮੇਂ ਪੰਚਮ ਸੁਰ ਵਰਜਿਤ ਕਰਕੇ ਕੋਮਲ ਨਿਸ਼ਾਦ ਲਗਾਇਆ ਜਾਂਦਾ ਹੈ ( ਮ ਧ ਨੀ ਸਾਂ) ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਜੈਜਾਵੰਤੀ ਸ੍ਰੀ, ਬਿਲਾਵਲ ਅਤੇ ਸੋਰਠਿ ਰਾਗ ਦੇ ਮੇਲ ਤੋਂ ਬਣਦਾ ਹੈ" ।[1] ਕੁੱਝ ਸੰਗੀਤਕਾਰ ਇਸ ਰਾਗ ਵਿੱਚ ਗੌੜ, ਬਿਲਾਵਲ ਅਤੇ ਸੋਰਠਿ ਦਾ ਮਿਸ਼ਰਣ ਮੰਨਦੇ ਹਨ[2]। ਇਸ ਰਾਗ ਦਾ ਸ਼ਾਸਤਰੀ ਰੂਪ ਹੇਠ ਲਿਖੇ ਅਨੁਸਾਰ ਹੈ :

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਛਾੜਵ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਦੋਵੇਂ ਗੰਧਾਰ, ਦੋਵੇਂ ਨਿਸ਼ਾਦ | ਸਮਾਂ | : | ਰਾਤ ਦਾ ਦੂਸਰਾ ਪਹਿਰ |
| ਵਰਜਿਤ ਸੁਰ | : | ਆਰੋਹ ਵਿੱਚ ਧੈਵਤ | | | |
| ਆਰੋਹ | : | ਸਾ, ਰੇ ਗ ਮ ਪ ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਪ, ਧ ਮ, ਰੇ ਗ ਰੇ ਸਾ | | | |
| ਮੁੱਖ ਅੰਗ | : | ਰੇ ਗ ਰੇ ਸਾ ਨੀ ਧ ਪ ਰੇ | | | |

---

1. ਮਹਾਨ ਕੋਸ਼ , ਪੰਨਾ 533
2. ਤਾਰਾ ਸਿੰਘ (ਪ੍ਰੋ:) : ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ , ਪੰਨਾ 174

## ਮਹਲਾ

ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ 'ਮਹਲਾ' ਸ਼ਬਦ ਦਾ ਪ੍ਰਯੋਗ ਗੁਰਜੋਤ ਜਾਂ ਗੁਰਬਾਣੀ ਰਚਯਿਤਾ ਲਈ ਕੀਤਾ । ਮਹਲਾ ਸ਼ਬਦ ਆਮ ਤੌਰ 'ਤੇ ਪਤਨੀ ਜਾਂ ਇਸਤਰੀ ਲਈ ਵਰਤਿਆ ਜਾਂਦਾ ਹੈ । ਜਿਵੇਂ ਗੁਰੂ ਸਾਹਿਬਾਨ ਦੀ ਸੁਪਤਨੀ ਲਈ 'ਗੁਰ ਕੇ ਮਹਿਲ' ਕਹਿਣਾ ਆਮ ਪ੍ਰਚੱਲਿਤ ਹੈ । ਆਮ ਔਰਤ ਲਈ 'ਮਹਿਲਾ' ਹਿੰਦੀ ਵਿੱਚ ਆਮ ਤੌਰ ਤੇ ਕਿਹਾ ਜਾਂਦਾ ਹੈ ।

ਭਾਈ ਸਾਹਿਬ ਸਿੰਘ ਜੀ ਨੇ 'ਸ਼ਬਦਾਰਥ ਗੁਰੂ ਗ੍ਰੰਥ ਸਾਹਿਬ' ਵਿੱਚ ਮਹਲਾ ਦੇ ਅਰਥ ਇਸਤ੍ਰੀ, ਘਰ, ਟਿਕਾਣਾ, ਵੱਡੀਆਂ-ਵੱਡੀਆਂ ਇਮਾਰਤਾਂ, ਸਰੀਰ ਆਦਿ ਦਿੱਤੇ ਹਨ[1] ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਹਲਾ ਸ਼ਬਦ ਮਹਿਲ ਵਿੱਚ ਰਹਿਣ ਵਾਲੀ ਇਸਤਰੀ, ਭਾਰਯਾ, ਪਤਨੀ ਅਤੇ ਗੁਰਬਾਣੀ ਵਿੱਚ ਸਤਿਗੁਰਾਂ ਨੇ ਆਪਣੇ ਲਈ ਮਹਲਾ ਸ਼ਬਦ ਵਰਤਿਆ ਹੈ । ਮਹਲਾ ਦੇ ਅੰਤ ਵਿੱਚ ਜੋ ਅੰਕ ਹੋਵੇ ਉਸ ਤੋਂ ਗੁਰੂ ਸਾਹਿਬ ਦਾ ਨਾਮ ਜਾਨਣਾ ਚਾਹੀਏ ਆਦਿ ਦਿੱਤੇ ਹਨ[2] ।

ਭਾਈ ਵੀਰ ਸਿੰਘ ਜੀ ਇਸ ਬਾਰੇ ਲਿਖਦੇ ਹਨ ਕਿ ਇਹ ਪਦ ਅਰਬੀ ਮੂਲਕ ਹੈ ਅਤੇ ਸੰਸਕ੍ਰਿਤ ਵਿੱਚ ਵੀ ਆਉਂਦਾ ਹੈ ਜਿਸ ਦਾ ਅਰਥ ਹੈ ਹਲੂਲ ਕਰਨਾ ਯਾ ਉਤਰਨਾ

---

1. ਭਾਈ ਸਾਹਿਬ ਸਿੰਘ (ਅਨੁ) : ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, (ਪੋਥੀ ਪਹਿਲੀ) ਪੰਨਾ 25
2. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ , ਪੰਨਾ 983

ਗੁਰਬਾਣੀ ਵਿੱਚ ਵੀ ਮਹਲਾ ਸ਼ਬਦ ਦਾ ਅਰਥ ਇੱਕ ਜੋਤ ਦਾ ਦੂਜੀ ਜੋਤ ਵਿੱਚ ਮਿਲਣਾ ਜਾਂ ਉਤਰਨਾ ਹੈ [1] ।

ਗੁਰਬਾਣੀ ਵਿੱਚ ਮਹਲਾ ਦਾ ਭਾਵ ਗੁਰੂ ਕਵੀ ਨਾਮ ਤੋਂ ਹੈ । ਮਹਲਾ ੧, ਮਹਲਾ 2, ਮਹਲਾ 3 ਦਾ ਭਾਵ ਪਹਿਲੀ ਜੋਤ (ਸ੍ਰੀ ਗੁਰੂ ਨਾਨਕ ਦੇਵ ਜੀ), ਦੂਜੀ ਗੁਰ ਜੋਤ (ਸ੍ਰੀ ਗੁਰੂ ਅੰਗਦ ਦੇਵ ਜੀ), ਤੀਜੀ ਗੁਰ ਜੋਤ (ਸ੍ਰੀ ਗੁਰੂ ਅਮਰਦਾਸ ਜੀ) ਆਦਿ ਹੈ । ਅਰਥਾਤ ਜਿਸ ਸ਼ਬਦ ਉਪਰ ਜਿਹੜਾ ਮਹਲਾ ਆਇਆ ਹੈ ਉਹ ਸ਼ਬਦ ਉਸੇ ਗੁਰੂ ਸਾਹਿਬ ਦੀ ਰਚਨਾ ਹੈ । ਜੇਕਰ ਆਪ ਚਾਹੁੰਦੇ ਤਾਂ ਬਾਕੀ ਸੰਤ ਕਵੀਆਂ ਵਾਂਗ ਵੱਖ-ਵੱਖ ਗੁਰੂ ਸਾਹਿਬਾਨ ਦੇ ਨਾਮ ਵੀ ਅੰਕਿਤ ਕੀਤੇ ਜਾ ਸਕਦੇ ਹਨ ਪਰ ਆਪ ਨੇ ਮਹਲਾ ਸ਼ਬਦ ਵਰਤ ਕੇ ਵਖਰੇਵਾਂ ਕਾਇਮ ਕੀਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਤੋਂ ਅਗਲਾ ਸੰਕੇਤ ਮਹਲਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਮਹਲੇ' ਨੂੰ ਹੇਠ ਲਿਖੇ ਅਨੁਸਾਰ ਤਰਤੀਬ-ਬੱਧ ਕੀਤਾ ਹੈ :-

1. ਮਹਲਾ ੧ (ਸ੍ਰੀ ਗੁਰੂ ਨਾਨਕ ਦੇਵ ਜੀ)
2. ਮਹਲਾ (ਸ੍ਰੀ ਗੁਰੂ ਅੰਗਦ ਦੇਵ ਜੀ)
3. ਮਹਲਾ (ਸ੍ਰੀ ਗੁਰੂ ਅਮਰਦਾਸ ਜੀ)
4. ਮਹਲਾ (ਸ੍ਰੀ ਗੁਰੂ ਰਾਮਦਾਸ ਜੀ)
5. ਮਹਲਾ (ਸ੍ਰੀ ਗੁਰੂ ਅਰਜਨ ਦੇਵ ਜੀ)
6. ਮਹਲਾ (ਸ੍ਰੀ ਗੁਰੂ ਤੇਗ ਬਹਾਦਰ ਜੀ)

---

1. ਭਾਈ ਵੀਰ ਸਿੰਘ; ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 180

ਇਸ ਤੋਂ ਬਾਅਦ ਪੰਦਰਾਂ ਭਗਤਾਂ, ਚਾਰ ਗੁਰੂ ਘਰ ਦੇ ਨਿਕਟਵਰਤੀਆਂ ਅਤੇ ਗਿਆਰਾਂ ਭੱਟਾਂ ਦੀ ਬਾਣੀ ਦਰਜ ਹੈ ।

ਘਰ

ਗੁਰਬਾਣੀ ਵਿੱਚ 'ਰਾਗ' ਅਤੇ 'ਮਹਲਾ' ਤੋਂ ਬਾਅਦ ਅਗਲਾ ਸੰਕੇਤ 'ਘਰੁ' ਹੈ । ਗੁਰਬਾਣੀ ਵਿੱਚ ਘਰ ੧, ਘਰ 2, ਘਰ 3 ਆਦਿ ਸਿਰਲੇਖ ਵਰਤੇ ਗਏ ਹਨ । ਆਦਿ ਗ੍ਰੰਥ ਵਿੱਚ ਘਰੁ ਦੀ ਕੁੱਲ ਗਿਣਤੀ 17 ਹੈ । ਘਰ ਸਬੰਧੀ ਉਪਲੱਬਧ ਖੋਜ ਦੇ ਆਧਾਰ ਤੇ ਵਧੇਰੇ ਵਿਦਵਾਨਾਂ ਨੇ ਇਸ ਨੂੰ ਤਾਲ ਹੀ ਸਵੀਕਾਰਿਆ ਹੈ ।

'ਘਰ' ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਵਾਰੀ ਵਰਤਿਆ ਗਿਆ ਹੈ ਇਹ ਦੋ ਅੱਖਰਾਂ ਦਾ ਬਣਿਆ ਹੋਇਆ ਸ਼ਬਦ 'ਘਰ' ਜੋ ਉਚਾਰਣ ਵਿੱਚ ਇਕੋ ਜਿਹਾ ਲੱਗਦਾ ਹੈ - (1) ਘਰ (2) ਘਰਿ (3) ਘਰੁ ।

ਇਹ ਸ਼ਬਦ ਪੂਰੇ ਗੁਰੂ ਗ੍ਰੰਥ ਸਾਹਿਬ ਵਿੱਚ 1154 ਵਾਰੀ ਆਇਆ ਹੈ ।

ਘਰ : ਘਰ ਸ਼ਬਦ 'ਘ' ਅਤੇ 'ਰ' ਮੁਕਤਾ ਨਾਲ ਕੁੱਲ 182 ਵਾਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਇਆ ਹੈ ।

ਘਰਿ : ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ 458 ਵਾਰੀ ਆਇਆ ਹੈ ।

ਘਰੁ : 'ਰ' ਨੂੰ ਔਂਕੜ ਲਗ ਕੇ ਬਣਨ ਵਾਲਾ ਘਰ ਸ਼ਬਦ 514 ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੋਗ ਹੋਇਆ ਹੈ । ਇਹ ਘਰੁ ਦੋ ਪ੍ਰਕਾਰ ਨਾਲ ਵਰਤਿਆ ਗਿਆ ਹੈ । ਵੈਸੇ ਤਾਂ ਘਰੁ ਦੀ ਗਿਣਤੀ 17 ਹੈ ਪਰ ਇਹ 'ਘਰੁ' 376 ਵਾਰ ਆਇਆ ਹੈ । ਆਮ

ਲਫਜ਼ਾਂ ਵਿੱਚ ਇਸ ਦੀ ਗਿਣਤੀ 138 ਹੈ ।

ਘਰੁ ਦੇ ਕਈ ਅਰਥ ਨਿਕਲਦੇ ਹਨ,ਜੋ ਘਰੁ ਸਿਰਲੇਖ ਰੂਪ ਵਿੱਚ ਆਇਆ ਹੈ ਉਸ ਦਾ ਸਬੰਧ ਸੰਗੀਤ ਦੇ ਕਿਸੇ ਪਰਿਭਾਸ਼ਿਕ ਸ਼ਬਦ ਨਾਲ ਹੈ ਪਰ ਇਸ ਬਾਰੇ ਅਜੇ ਪੱਕਾ ਨਿਰਣੈ ਨਹੀਂ ਹੋ ਸਕਿਆ ਕਿ ਕਿਸ ਪਰਿਭਾਸ਼ਿਕ ਸ਼ਬਦ ਨਾਲ ਇਸ ਘਰੁ ਦਾ ਸਬੰਧ ਹੈ । ਨਾਲੰਦਾ ਵਿਸ਼ਾਲ ਸਾਗਰ ਵਿੱਚ ਘਰ ਸਵਰ ਤਾਲ ਸਹਿਤ ਠੀਕ ਠਾਕ ਗਾਨਾ ਲਿਖਿਆ ਹੋਇਆ ਹੈ[1] ।

ਪ੍ਰੋ: ਸਾਹਿਬ ਸਿੰਘ ਅਨੁਸਾਰ 'ਘਰੁ' ਸ਼ਬਦ ਦਾ ਸਬੰਧ ਗਾਉਣ ਨਾਲ ਹੈ, ਮਹਲਾ ਨਹੀਂ[2] । ਕੁਝ ਲੋਕ ਘਰ ਦਾ ਅਰਥ ਆਮ ਘਰ ਦੇ ਤੌਰ ਤੇ ਲੈਂਦੇ ਹਨ । ਇਸ ਦਾ ਅਰਥ ਆਮ ਘਰ ਇਲਕੁਲ ਨਹੀਂ ਹੈ ।

ਡਾ. ਚਰਨ ਸਿੰਘ ਜੀ ਦੀ ਲਿਖਤ ਅਨੁਸਾਰ ਘਰ ਸਿਰਲੇਖ ਦਾ ਅਰਥ ਤਾਲ ਲਿਖਿਆ ਹੈ । ਘਰੁ ਪਦ ਦੇ ਅੱਗੇ ਜੋ ਵੀ ਅੰਕ ਹੋਵੇ ਉਸ ਅਨੁਸਾਰ ਸਮਝ ਲਵੋ ਕਿ ਸ਼ਬਦ ਉਸ ਤਾਲ ਵਿੱਚ ਗਾਉਣਾ ਹੈ । ਸੁਰ, ਤਾਲ, ਨਿਆਸ, ਗ੍ਰਹਿ ਇਹ ਗੱਲਾਂ ਰਾਗਾਂ ਦਾ ਸਰੂਪ ਪ੍ਰਸਾਰਦੀਆਂ ਹਨ । ਇਸ ਲਈ ਜਿੰਨੇ-ਜਿੰਨ ਤਾਲ, ਰਾਗ ਜਾਂ ਸ਼ਬਦ ਬਾਣੀ ਉਚਰੀ ਸੋ ਸੋ ਗਾਉਣ ਲਈ ਉਸ ਦੇ ਤਾਲ ਦਾ ਪਤਾ ਲਿਖਿਆ ਹੈ[3] ।

---

1. ਸ੍ਰੀ ਨਵਲ ਜੀ : ਨਾਲੰਦਾ ਵਿਸ਼ਾਲ ਸਾਗਰ , ਪੰਨਾ 343
2. ਸਾਹਿਬ ਸਿੰਘ (ਪ੍ਰੋ:) : ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ , ਪੰਨਾ 21
3. ਚਰਨ ਸਿੰਘ (ਡਾ.) : ਬਾਣੀ ਬਿਉਰਾ , ਪੰਨਾ 16

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਘਰ ਦੇ ਬਾਰੇ ਲਿਖਿਆ ਹੈ ਕਿ ਘਰ : ਤਾਲ ਜਾਂ ਸੁਰ ਦੇ ਠਿਕਾਣੇ ਦਾ ਨੰਬਰ । ਈਰਾਨੀ ਰਾਗ ਵਿੱਚ ਦੋ ਗਾਹ, ਸਿਹ ਗਾਹ, ਚਹਾਰ ਗਾਹ ਆਦਿ ਆਉਂਦੇ ਹਨ ਅਤੇ ਗੁਰਬਾਣੀ ਵਿੱਚ 1 ਤੋਂ 17 ਤੱਕ ਘਰ ਆਏ ਹਨ[1] ।

ਭਾਈ ਕਾਨ੍ਹ ਸਿੰਘ ਨਾਭਾ ਜੀ ਜਿੱਥੇ ਘਰ ਸ਼ਬਦ ਦੇ ਹਰ ਪੱਖੋਂ ਅਰਥ ਦੱਸਦੇ ਹਨ ਉੱਥੇ ਘਰ ਦਾ ਸੰਗੀਤਕ ਪੱਖ ਤਾਲ ਜਾਂ ਸਵਰ ਪ੍ਰਸਤਾਰ ਦੱਸਦੇ ਹਨ ਜਿਵੇਂ "ਗੁਰਮਤਿ ਸੰਗੀਤ ਅਨੁਸਾਰ ਘਰ ਸ਼ਬਦ ਦੇ ਦੋ ਅਰਥ ਹਨ । ਇੱਕ - ਤਾਲ ਤੇ ਦੂਸਰਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇੱਕ ਹੀ ਰਾਗ ਦੇ ਮਹਰਾਮ ਪ੍ਰਸਤਾਰ ਦੇ ਅਨੁਸਾਰ ਗਾਉਣ ਪ੍ਰਕਾਰ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਤੋਂ ਸਤਾਰਾਂ (1 ਤੋਂ 17) ਘਰ ਆਏ ਹਨ । ਇਸ ਤੋਂ ਗਵੱਈਏ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਰਾਗ ਦੇ ਇਤਨਵੇਂ ਸਵਰ ਪ੍ਰਸਤਾਰ ਅਨੁਸਾਰ ਗਾਉ[2] ।

ਵਾਸਤਵ ਵਿੱਚ ਜਿੰਨੇ ਵੀ ਲੇਖਕਾਂ ਦੇ ਵਿਚਾਰ ਮੱਤ ਮਿਲਦੇ ਹਨ, ਉਹ ਸਾਰੇ ਇੱਕ ਮੱਤ ਦੇ ਹਾਮੀ ਨਹੀਂ ਹਨ । ਕਿਉਂਕਿ ਹੁਣ ਤੱਕ ਘਰ ਸ਼ਬਦ ਦਾ ਅਰਥ ਸਪੱਸ਼ਟ ਨਹੀਂ ਹੋ ਸਕਿਆ । ਕਈਆਂ ਨੇ ਇਸ ਦਾ ਜ਼ਿਕਰ ਹੀ ਨਹੀਂ ਕੀਤਾ । ਜਿਵੇਂ ਮਨਮੋਹਨ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਜਾਬੀ ਅਤੇ ਅੰਗਰੇਜ਼ੀ ਅਨੁਵਾਦ ਕੀਤਾ ਹੈ ।

---

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) , ਪੰਨਾ 14
2. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ , ਪੰਨਾ 330

ਉਸ ਵਿੱਚ ਉਨ੍ਹਾਂ ਨੇ ਘਰ ਦਾ ਅਰਥ ਤਾਂ ਦੱਸਿਆ ਹੀ ਨਹੀਂ ਸਗੋਂ ਰਾਗ ਦਾ ਇੰਗਲਿਸ਼ ਵਿੱਚ ਅਨੁਵਾਦ ਕੀਤਾ ਹੈ ਜੋ ਬਿਲਕੁਲ ਠੀਕ ਨਹੀਂ ਬਣਦਾ । ਉਨ੍ਹਾਂ ਨੇ ਸਿਰੀ ਰਾਗ ਮਹਲਾ ੧ ਘਰ ੧ ਦਾ ਅਰਥ ਕੀਤਾ ਹੈ Sri measure First Guru 1 । ਇਸ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਹੈ ਕਿ ਰਾਗ ਲਈ 'measure' ਵਰਤਿਆ ਹੈ ਕਿ ਘਰ ਲਈ । ਰਾਗ ਲਈ ਤਾਂ ਬਿਲਕੁਲ ਨਹੀਂ ਬਣਦਾ । ਤਾਲ ਤਾਂ ਫਿਰ ਵੀ ਹੋ ਸਕਦਾ ਹੈ ।

ਡਾਕਟਰ ਦਰਸ਼ਨ ਸਿੰਘ ਨਰੂਲਾ ਜੀ ਦੇ ਕਥਨ ਅਨੁਸਾਰ ਘਰ ਸ਼ਬਦ ਤਾਲ ਜਾਂ ਮਾਤ੍ਰਾਵਾਂ ਤੋਂ ਹੈ । ਆਪਣੇ ਪੀ.ਐਚ.ਡੀ. ਦੇ ਥੀਸਜ਼ ਵਿੱਚ ਉਹ ਲਿਖਦੇ ਹਨ, "ਘਰ ਸ਼ਬਦ ਤਾਲ ਕੀ ਔਰ ਸੰਕੇਤ ਹੈ, ਭਾਸ਼ਾ ਭੇਦ ਕੇ ਕਾਰਨ ਔਰ ਸੰਗੀਤ ਕੀ ਪਰਿਵਰਤਨਸ਼ੀਲ ਸ਼ੈਲੀਉਂ ਕੇ ਕਾਰਣ ਇਸ ਕਾ ਅਰਥ ਸਪੱਸ਼ਟ ਨਹੀਂ ਹੋ ਸਕਦਾ । ਮਗਰ ਸੂਕਸ਼ਮਤਾ ਸੇ ਦੇਖੇ ਤੋ ਆਜ ਭੀ ਸਿੱਖ ਕੀਰਤਨਕਾਰ ਰੂਪਕ ਕੇ ਲੀਏ ਤਾਲ ਸ਼ਬਦ ਕਾ ਪ੍ਰਯੋਗ ਕਰਤੇ ਹੈ । ਜਿਸ ਮੇਂ ਅੰਕੋਂ ਦੁਆਰਾ ਤਾਲ ਕਾ ਨਿਰੂਪਣ ਹੋਤਾ ਹੈ । ਇਸੀ ਤਰ੍ਹਾਂ ਤੀਨ ਤਾਲ, ਚਾਰ ਤਾਲ, ਪੰਚਮ ਤਾਲ ਤੱਕ ਦਸਮ ਤਾਲ ਆਦਿ ਸ਼ਬਦੋਂ ਕਾ ਪ੍ਰਯੋਗ ਸਭੀ ਘਰ ਸੰਖਿਆਉਂ ਮੇਂ ਸਬੰਧਿਤ ਪ੍ਰਤੀਤ ਹੋਤਾ ਹੈ । ਇਸ ਲੀਏ ਘਰੋਂ ਕੀ ਸੰਗਿਆ ਯਾ ਤੋ ਤਾਲ ਕੋ ਸੂਚਿਤ ਕਰਤੀ ਹੈ ਯਾ ਮਾਤ੍ਰਾਉਂ ਕੋ [2] ।

---

1. Manmohan Singh (Trans.) : <u>Shri Guru Granth Sahib</u> ; page 44.

2. ਦਰਸ਼ਨ ਸਿੰਘ ਨਰੂਲਾ : <u>ਗੁਰੂ ਨਾਨਕ ਸੰਗੀਤਕਾਰ ਰੂਪ ਮੇਂ</u> , ਪੰਨਾ 97

ਉਪਰੋਕਤ ਵਿਚਾਰ ਕਰਨ ਤੋਂ ਬਾਅਦ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਘਰ ਦਾ ਮਤਲਬ ਮੂਰਛਨਾ ਜਾਂ ਗ੍ਰਹਿ ਬਿਲਕੁਲ ਨਹੀਂ । ਬਹੁਮਤ ਘਰ ਦਾ ਅਰਥ ਤਾਲ ਮੰਨਣ ਦੇ ਹੱਕ ਵਿੱਚ ਹੈ । ਕੁੱਝ ਵਿਦਵਾਨ ਘਰ ਦਾ ਅਰਥ ਮਾਤਰਾ ਤੋਂ ਲੈਂਦੇ ਹਨ[1] , ਜਿਹਾ ਕਿ ਡਾਕਟਰ ਦਰਸ਼ਨ ਸਿੰਘ ਨੇ ਆਪਣੇ ਖੋਜ ਵਿਧੀ ਵਿੱਚ ਲਿਖਿਆ ਅਤੇ ਕਈ ਲੋਕ ਘਰੁ ਦਾ ਮਤਲਬ ਵਿਭਾਗ ਲੈਂਦੇ ਹਨ ।

ਆਮ ਤੌਰ ਤੇ ਤਾਂ ਘਰ ਦਾ ਅਰਥ ਸਿੱਧਾ ਤਾਲ ਤੋਂ ਹੀ ਲਿਆ ਜਾਂਦਾ ਹੈ ਪਰ ਕਿਸੇ ਨੇ ਇਹ ਨਹੀਂ ਦੱਸਿਆ ਕਿ ਤਾਲ ਕਿਵੇਂ ਬਣਦਾ ਹੈ । ਇਹ ਲੀਹ ਚੱਲ ਪਈ ਹੈ । ਜਿਸ ਅਨੁਸਾਰ ਸਾਰੇ ਆਪਣਾ ਮੱਤ ਸੰਕੇਤ ਰੂਪ ਵਿੱਚ ਦਿੰਦੇ ਹਨ ਪਰ ਫਿਰ ਵੀ ਕੁੱਝ ਵੀ ਹੋਵੇ ਇਹ ਸੰਕੇਤ ਗਲਤ ਨਹੀਂ ਹੈ । ਘਰੁ ਦਾ ਭਾਵ ਤਾਲ ਤੋਂ ਹੀ ਹੈ । ਵਿਭਾਗ ਜਾਂ ਮਾਤਰਾਵਾਂ ਵੀ ਤਾਲ ਦੀ ਸ਼੍ਰੇਣੀ ਵਿੱਚ ਹੀ ਆਉਂਦੀਆਂ ਹਨ ।

ਆਮ ਬੋਲੀ ਵਿੱਚ ਅਸੀਂ ਘਰ ਦਾ ਭਾਵ ਉਸ ਸੀਮਾਂ ਤੋਂ ਉਸ ਦਾਇਰੇ ਤੋਂ ਜਾਂ ਉਸ ਚਾਰਦੀਵਾਰੀ ਤੋਂ ਲੈਂਦੇ ਹਾਂ ਜਿਸ ਵਿੱਚ ਮਨੁੱਖ ਸੁਰੱਖਿਅਤ ਰੂਪ ਵਿੱਚ ਰਹਿ ਸਕਦਾ ਹੈ । ਸਾਰੇ ਪਾਸੇ ਘੁੰਮ-ਘੁਮਾ ਕੇ ਆਖਿਰ ਉਸ ਦੀ ਸੀਮਾ ਘਰ ਹੀ ਹੈ ਜਿੱਥੇ ਉਹ ਆ ਕੇ ਆਰਾਮ ਮਹਿਸੂਸ ਕਰਦਾ ਹੈ । ਘਰ ਪਹੁੰਚੇ ਬਿਨਾ ਉਹ ਇਧਰ ਉਧਰ ਭਟਕਦਾ ਹੀ ਰਹੇਗਾ । ਇਹ ਉਸ ਦੇ ਰਹਿਣ ਦੀ ਸੀਮਾਂ (Limit) ਹੈ ।

---

1. ਦਰਸ਼ਨ ਸਿੰਘ ਨਰੂਲਾ : ਗੁਰੂ ਨਾਨਕ ਸੰਗੀਤਕਾਰ ਰੂਪ ਮੇਂ , ਪੰਨਾ 98

ਉਸ ਪ੍ਰਕਾਰ ਤਾਲ ਵੀ ਗਾਣੇ ਦੀ ਲਿਮਟ ਹੈ, ਸੀਮਾਂ ਹੈ । ਕਲਾਕਾਰ ਗਾਣੇ ਵਿੱਚ ਜਿੰਨਾ ਮਰਜ਼ੀ ਇਧਰ-ਉਧਰ ਘੁੰਮ ਲਵੇ, ਆਪਣੀ ਕਲਾ ਦੇ ਚਮਤਕਾਰ ਦਿਖਾਵੇ ਪਰ ਆਖਿਰ ਉਸ ਤਾਲ ਵਿੱਚ ਹੀ ਆਉਣਾ ਪੈਂਦਾ ਹੈ । ਆਮ ਸਿੱਧੀ-ਸਾਦੀ ਭਾਸ਼ਾ ਵਿੱਚ ਖਾਸ ਕਰ ਮਰਾਸੀਆਂ ਵਿੱਚ ਤਾਲ ਦੇ ਸਮ ਨੂੰ 'ਅ' ਜਾਂ ਮੁਕਾਮ ਜਾਂ ਗੁਰ ਜਾਂ ਘਰੁ ਵੀ ਕਿਹਾ ਜਾਂਦਾ ਹੈ । ਜਿਵੇਂ ਘਰ ਵਿੱਚ ਆਉਣਾ । ਇਸ ਲਈ ਤਾਲ ਵੀ ਗਾਣੇ ਦਾ ਘਰੁ ਹੈ ਜਿਸ ਵਿੱਚ ਗਾਣਾ ਰਹਿੰਦਾ ਹੈ ।

ਮੁੱਧ ਕਾਲ ਨੂੰ ਭਗਤੀ ਕਾਲ ਵੀ ਕਿਹਾ ਜਾਂਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਜਗਤ ਨੂੰ ਇਸੇ ਹੀ ਕਾਲ ਦੀ ਦੇਣ ਹੈ । ਇਸ ਕਾਲ ਵਿੱਚ ਗੁਰੂ ਸਾਹਿਬਾਨ ਨੇ ਗੱਦੀ ਪ੍ਰਪਤ ਕਰਨ ਤੋਂ ਬਾਅਦ ਹੋਰ ਜਿੰਮੇਵਾਰੀਆਂ ਨਿਭਾਉਂਦੇ ਹੋਏ ਗੁਰਬਾਣੀ ਦੀ ਰਚਨਾ ਕੀਤੀ । ਦੂਜੇ ਪਾਸੇ ਮੀਰਾਂ, ਕਬੀਰ, ਜੈ ਦੇਵ, ਚੈਤੰਨਯ, ਸੂਰਦਾਸ, ਸਵਾਮੀ, ਸੰਤਾਂ ਭਗਤਾਂ ਨ ਗਾ-ਗਾ ਕੇ ਆਪਣੇ ਰਚੇ ਹੋਏ ਗੀਤ ਲੋਕਾਂ ਤੱਕ ਪਹੁੰਚਾਏ । ਇਨ੍ਹਾਂ ਸਾਰੇ ਕਵੀਆਂ ਦੀਆਂ ਰਚਨਾਵਾਂ ਉਪਰ ਰਾਗ ਤਾਲ ਦਾ ਸਿਰਲੇਖ ਮਿਲਦਾ ਹੈ ਇਨ੍ਹਾਂ ਤੋਂ ਪਹਿਲਾਂ 12ਵੀਂ ਸਦੀ ਦੇ ਜੈ ਦੇਵ ਦੇ 'ਗੀਤ ਗੋਵਿੰਦ' ਵਿੱਚ ਵੀ ਪਦਾਂ ਉੱਪਰ ਰਾਗ ਤਾਲ ਦਾ ਨਾਮ ਮਿਲਦਾ ਹੈ ਜਿਵੇਂ :

1. ਗੀਤ ਗੋਵਿੰਦ ਵਿੱਚ ਕੁਲ 10 ਰਾਗਾਂ ਵਿੱਚ 5 ਤਾਲਾਂ - ਰੂਪਕ, ਸਾਰਤਾ, ਯਤੀ, ਇੱਕ ਤਾਲ ਅਤੇ ਅਡ਼ਟ ਤਾਲੀ ਸਿਰਲੇਖ ਰੂਪ ਵਿੱਚ ਵਰਤੀਆਂ ਗਈਆਂ ਹਨ [1] ।

---

1. ਵਿਨੈ ਮੋਹਨ ਵਰਮਾ (ਹਿੰਦੀ ਰੂਪਾਂਤਕਾਰ) : ਗੀਤ ਗੋਵਿੰਦ, ਪੰਨਾ 69

2. ' ਜੈ ਦੇ ਵਾਂਗ ਮੱਧ ਕਾਲ ਦੇ ਸੰਤਾਂ ਭਗਤਾਂ ਕਵੀਆਂ ਨੇ ਵੀ ਆਪਣੀਆਂ ਰਚਨਾਵਾਂ ਉੱਪਰ ਰਾਗ ਤਾਲ ਦਾ ਨਾਮ ਦਿੱਤਾ ਹੈ ਜਿਵੇਂ "ਸੂਰਦਾਸ ਦੇ ਪੰਜ ਪਦਾਂ ਉੱਪਰ ਤਿਤਲਾ ਤਾਲ ਦਾ ਜਿਰਲੇਖ ਮਿਲਦਾ ਹੈ[1] ।

ਇਸ ਤੋਂ ਇਨ੍ਹਾਂ ਛੀਤ ਸੁਆਮੀ ਦੇ ਉਪਰ ਚਰਚਰੀ ਤਾਲ, ਨੰਦ ਦਾਸ ਦੇ ਪਦਾਂ ਉੱਪਰ ਇੱਕ ਵਾਰੀ ਚੋਤਾਲ, ਦੋ ਵਾਰੀ ਰੂਪਕ ਤਾਲ, ਇੱਕ ਵਾਰੀ ਏਕ ਤਾਲ ਅਤੇ ਕ੍ਰਿਸ਼ਨ ਦਾਸ ਦੇ ਪਦਾਂ ਉੱਪਰ 5 ਵਾਰੀ ਰੂਪਕ, 3 ਵਾਰੀ ਚਰਚਰੀ, 7 ਵਾਰੀ ਪਟਤਾਲ, 12 ਵਾਰੀ ਜਤਤਲਾ ਅਤੇ 11 ਵਾਰੀ ਏਕ ਤਾਲ ਪ੍ਰਯੋਗ ਹੋਇਆ ਹੈ । ਇਨ੍ਹਾਂ ਦੀਆਂ ਰਚਨਾਵਾਂ ਵਿੱਚ ਉਸ ਸਮੇਂ ਦੇ ਤਾਨਾ ਦਾ ਨਾਮ ਮਿਲਦਾ ਹੈ ਜਿਵੇਂ : -

1. छन्द छविनिके भेद अपार । नाचत कुवरि मिले अघताल । [2]
2. सुरति देत मधु मत मधुप कुहू एकताल लेत के हियें आवै। [3]
3. बाजत नूपुर धरत चरत अवनी चतुर 'ताल चचरी' सो धन लावै॥ [4]

ਸੋ ਅਸੀਂ ਇਹ ਕਹਿ ਸਕਦੇ ਹਾਂ ਕਿ ਮੱਧ ਕਾਲ ਵਿੱਚ ਆਪਣੀਆਂ ਰਚਨਾਵਾਂ ਉੱਪਰ ਰਾਗ ਤਾਲ ਦੇਣ ਦਾ ਰਿਵਾਜ਼ ਸੀ । ਗੁਰੂ ਸਾਹਿਬਾਨ ਨੇ ਵੀ ਗੁਰਬਾਣੀ

---

1. ਸੂਰਦਾਸ : ਸੂਰ ਸਾਗਰ (ਭਾਗ ਦੂਜਾ) , ਪੰਨਾ 72 (ਪਦ ਸੰਖਿਆ 232)
2. ਸੂਰਦਾਸ : ਸੂਰ ਸਾਗਰ (ਭਾਗ ਦੂਜਾ) , ਪੰਨਾ 672 (ਪਦ ਸੰਖਿਆ 720)
3. ਪ੍ਰਭਦਇਆਲ ਮਿੱਤਲ : ਅਸ਼ਟਛਾਪ , ਪੰਨਾ 232 (ਪਦ ਸੰਖਿਆ 33)
4. ਹੱਥ ਲਿਖਤ ਪਦ ਸੰਗ੍ਰਹਿ, ਪਦ ਨੰਬਰ 20, ਡਾ. ਦੀਨ ਦਿਆਲ ਗੁਪਤਾ (ਪਦ ਕਰਤਾ ਛੀਤ ਸਵਾਮੀ)

ਉਪਰ ਰਾਗ ਤਾਲ ਨਾਮ ਸਿਰਲੇਖ ਵਜੋਂ ਵਰਤੇ ਪਰ ਨਵੀਨਤਾ ਅਤੇ ਵਿਲੱਖਣਤਾ ਗੁਰਬਾਣੀ ਦੀ ਨਿੱਜੀ ਵਿਸ਼ੇਸ਼ਤਾ ਹੈ । ਇਸ ਵਿੱਚ ਗੁਰਬਾਣੀ ਵਿੱਚ ਪ੍ਰਚੱਲਿਤ ਮੱਤ ਅਨੁਸਾਰ ਸਿੱਧਾ ਤਾਲ ਨਾਮ ਨਾ ਵਰਤ ਕੇ ਤਾਲ ਦਾ ਸਮਾਨ ਭਾਵਾਰਥਕ ਸ਼ਬਦ 'ਘਰੁ' ਵਰਤਿਆ ਹੈ ।

## ਰਹਾਉ

ਗੁਰਬਾਣੀ ਦੇ ਸੰਗੀਤ ਵਿਧਾਨ ਦਾ ਇੱਕ ਮਹੱਤਵਪੂਰਨ ਸੰਕੇਤ 'ਰਹਾਉ' ਹੈ । ਗੁਰੂ ਗ੍ਰੰਥ ਸਾਹਿਬ ਵਿੱਚ 'ਰਹਾਉ' ਸ਼ਬਦ ਦੀ ਸਥਾਈ ਲਈ ਆਇਆ ਹੈ ਜੋ ਗੁਰਬਾਣੀ ਤੋਂ ਪਹਿਲਾਂ ਕਿਤੇ ਵੀ ਨਹੀਂ ਮਿਲਦਾ । ਅੰਤਰੇ ਦੀ ਹਰ ਤੁਕ ਮਗਰੋਂ ਸਥਾਈ ਦੀ ਤੁਕ ਬਾਰ-ਬਾਰ ਗਾਈ ਜਾਂਦੀ ਹੈ । ਇਸ ਲਈ ਇਸ ਨੂੰ 'ਰਹਾਉ' ਕਿਹਾ ਜਾਂਦਾ ਹੈ । ਜਿਵੇਂ ਕਿਸੇ ਨੇ ਰਹਾਉ ਆਮ ਭਾਸ਼ਾ ਵਿੱਚ ਠਹਿਰਣ ਜਾਂ ਰੁਕਣ ਤੋਂ ਲਿਆ ਹੈ । ਜਿਵੇਂ ਰਹਾ ਲੈਣਾ ਜਾਂ ਰਹਾਉਣ ਆਦਿ ਇਸ ਪ੍ਰਕਾਰ ਗੁਰਬਾਣੀ ਵਿੱਚ ਇਹ ਸ਼ਬਦ ਠਹਿਰਣ ਦਾ ਸੂਚਕ ਹੈ । ਇਹ ਹੀ ਸ਼ਬਦ ਦਾ (central idea) ਹੁੰਦਾ ਹੈ । ਪੂਰੇ ਸ਼ਬਦ ਦਾ ਭਾਵ ਇਸ ਦੇ ਦੁਆਲੇ ਘੁੰਮਦਾ ਹੈ ਜਿਸ ਤਰ੍ਹਾਂ ਆਮ ਗੀਤ ਦਾ ਪਹਿਲਾ ਪਦ ਟੇਕ ਜਾਂ ਸਥਾਈ ਕਹਾਉਂਦਾ ਹੈ । ਉਸੇ ਪ੍ਰਕਾਰ ਸ਼ਬਦ ਵਿੱਚ ਰਹਾਉ ਸਥਾਈ ਲਈ ਆਇਆ ਹੈ । ਕਈ ਵਾਰ ਦੋ ਭਾਵਾਂ ਵਾਲੇ ਸ਼ਬਦਾਂ ਵਿੱਚ ਦੋ 'ਰਹਾਉ' ਆਉਂਦੇ ਹਨ । ਉਥੇ ਖਾਸ ਕਰਕੇ ਰਹਾਉ ਦੂਜਾ ਵੀ ਲਿਖਿਆ ਹੁੰਦਾ ਹੈ ।

ਭਾਈ ਵੀਰ ਸਿੰਘ ਜੀ ਲਿਖਦੇ ਹਨ "ਸੰਗੀਤ ਵਿਦਿਆ ਵਾਲੇ ਜਿਸ ਨੂੰ ਟੇਕ ਜਾਂ ਸਥਾਈ ਕਹਿੰਦੇ ਹਨ ਉਸ ਨੂੰ ਵਾਰ-ਵਾਰ ਅੰਤਰੇ ਮਗਰੋਂ ਗਾਉਂਦੇ ਹਨ ਕਿਉਂਕਿ ਉਸ

ਵਿੱਚ ਸ਼ਬਦ ਦਾ ਮੁੱਖ ਖਿਆਲ ਜਾਂ ਸਾਰੇ ਭਾਵ ਦੀ ਧੁਰ ਜਾਂ ਚਮਤਕਾਰ ਰਹਾਉ ਵਿੱਚ ਹੁੰਦਾ ਹੈ । ਇਹ ਸੰਗੀਤਕ ਪਦ ਹੈ ਅਤੇ ਗਾਇਨ ਸਬੰਧੀ ਸਨੇਤ ਮਾਤਰ ਹੈ" ।[1]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਰਹਾਉ ਦਾ ਭਾਵ :

ਸੰਗਯਾ - ਰਹਿਣ ਦਾ ਭਾਵ ਇਸਥਿਤਿ, ਵਿਸਰਾਮ

" ਭਾਈ ਰੇ ! ਗੁਰਮਤਿ ਸਾਚਿ ਰਹਾਉ "

ਟੇਕ ਸਥਾਈ ਉਹ ਪਦ ਜੋ ਗਾਉਣ ਵੇਲੇ ਵਾਰ-ਵਾਰ ਅੰਤਰੇ ਪਿਛੋਂ ਵਰਤਿਆ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿੱਚ ਜੋ ਰਹਾਉ ਸ਼ਬਦ ਆਉਂਦਾ ਹੈ ਉਸ ਦਾ ਭਾਵ ਹੈ ਕਿ ਹਰੇਕ ਪਉੜੀ ਦੇ ਅੰਤ ਪਿਛਲੀ ਤੁਕ ਜੋੜ ਕੇ ਪਾਠ ਕਰੋ ।[2]

<u>ਰਹਾਉ ਦੂਜਾ</u>

ਇੱਕ ਸ਼ਬਦ ਵਿੱਚ ਜਿੱਥੇ ਸਥਾਈ ਲਈ ਦੋ ਤੁਕਾਂ ਰਚੀਆਂ ਹਨ, ਉੱਥੇ ਉਹ ਪਦ ਵਰਤਿਆ । ਅਰ ਦੋਹਾਂ ਵਿੱਚੋਂ ਗਾਉਣ ਵਾਲੇ ਦੀ ਮਰਜ਼ੀ ਹੈ, ਜਿਸ ਟੇਕ ਨੂੰ ਚਾਹੇ ਵਰਤੇ ਜਿਸ ਤਰ੍ਹਾਂ ਸੋਰਠ ਮਹਲਾ 5 ਦੀ ਅਸ਼ਟਪਦੀ "ਪਾਠ ਪੜਿਓ ਅਰੁ ਬੇਦੁ ਬੀਚਾਰਿਓ" ਵਿੱਚ ਦੋ ਰਹਾਉ ਹਨ - "ਪਿਆਰੇ ਇਨ ਬਿਧਿ ਮਿਲਣ ਨ ਜਾਈ ਮੈ ਕਰਮ ਅਨੇਕਾ" ਅਤੇ "ਤੇਰੇ ਸੇਵਕ ਇਹ ਰੰਗਿ ਮਾਤਾ"[3] ।

---

1. ਭਾਈ ਵੀਰ ਸਿੰਘ : <u>ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ</u> , ਪੰਨਾ 18
2. ਭਾਈ ਕਾਨ੍ਹ ਸਿੰਘ ਨਾਭਾ ; <u>ਮਹਾਨ ਕੋਸ਼</u> , ਪੰਨਾ 1014
3. <u>ਆਦਿ ਗ੍ਰੰਥ</u> , ਪੰਨਾ

ਮੱਧ ਕਾਲੀਨ ਸੰਤ ਭਗਤ ਕਵੀਆਂ ਨੇ ਵੀ ਆਪਣੀ ਬਾਣੀ ਵਿੱਚ 'ਟੇਕ' ਸ਼ਬਦ ਦਾ ਪ੍ਰਯੋਗ ਕੀਤਾ ਹੈ । ਰਹਾਉ ਜਾਂ ਟੇਕ ਨੂੰ ਸੰਗੀਤਕ ਭਾਸ਼ਾ ਵਿੱਚ 'ਸਥਾਈ' ਕਿਹਾ ਜਾਂਦਾ ਹੈ ਗੁਰਬਾਣੀ ਵਿੱਚ ਅਤੇ ਸੰਤਾਂ ਭਗਤਾਂ ਦੀ ਬਾਣੀ ਵਿੱਚ ਟੇਕ ਦੇ ਸਥਾਨ ਨੂੰ ਵੇਖੀਏ ਤਾਂ ਸੰਤ ਭਗਤ "ਪਦ" ਦੇ ਆਰੰਭ ਵਿੱਚ ਟੇਕ ਦਿੰਦੇ ਹਨ ਪਰ ਗੁਰਬਾਣੀ ਅਧੀਨ ਇਹ ਇੱਕ ਜਾਂ ਦੋ ਅੰਕਾਂ ਵਿੱਚ ਦਰਸਾਏ ਗਏ ਵਿਚਾਰਾਂ ਦੇ ਬਾਅਦ ਦਿੱਤੀ ਜਾਂਦੀ ਹੈ ਜਿਸ ਦਾ ਨਿਰਧਾਰਣ ਅੰਕ ਕਰਦੇ ਹਨ । ਇਸ ਤਰ੍ਹਾਂ ਬਾਣੀ ਵਿੱਚ ਰਹਾਉ ਦੇ ਸੰਕੇਤ ਦਾ ਸਥਾਨ 'ਪ੍ਰਬੰਧ' ਤੇ 'ਧਰੁਪਦ' ਦੇ ਧਾਤੂ ਨਿਯਮ ਦਾ ਪਾਲਣ ਕਰਦਾ ਹੈ । ਜੇ ਕਰ ਸਥਾਈ ਨੂੰ ਪ੍ਰਬੰਧ ਗਾਇਨ ਦੇ ਪ੍ਰਸੰਗ ਵਿੱਚ ਵਾਚੀਏ ਤਾਂ ਉਦਗ੍ਰਹ, ਮੇਲਾਪਕ, ਧਰੁਵ ਸੰਚਾਰੀ ਅਤੇ ਆਭੋਗ ਪ੍ਰਬੰਧ ਦੇ ਵਿਭਿੰਨ ਅੰਗ ਮੰਨੇ ਜਾਂਦੇ ਹਨ । ਇਹਨਾਂ ਵਿਚੋਂ ਧਰੁਵ ਅਜਿਹਾ ਅੰਗ ਹੈ ਜੋ ਇਸ ਰਚਨਾ ਦਾ 'ਧੁਰਾ' ਹੈ ਜਿਸ ਦੇ ਦੁਆਲੇ ਪ੍ਰਬੰਧ ਗਾਇਨ ਦਾ ਕਾਰਜ ਕੇਂਦਰਿਤ ਰਹਿੰਦਾ ਹੈ । ਇਸ ਧਰੁਵ ਨੇ ਧਰੁਪਦ ਗਾਇਨ ਵਿੱਚ ਸਥਾਈ ਰੂਪ ਗ੍ਰਹਿਣ ਕਰ ਲਿਆ ਹੈ । ਇਸ ਨੂੰ ਗੁਰਬਾਣੀ ਵਿੱਚ ਰਹਾਉ ਸੰਕੇਤ ਵਜੋਂ ਅੰਕਿਤ ਕੀਤਾ ਗਿਆ ਹੈ । ਧਰੁਵ (ਧਰੁਵ ਪਦ) ਨੂੰ ਪ੍ਰਭਾਸ਼ਿਤ ਕਰਦਿਆਂ 'ਧਰੁਵ' ਨੂੰ 'ਅਚਲ' ਜਾਂ 'ਚਿਰਸਥਾਈ' ਕਿਹਾ ਗਿਆ ਹੈ । ਇਨ੍ਹਾਂ ਅਰਥਾਂ ਵਿੱਚ ਇੱਕ ਮਾਤਰ ਈਸ਼ਵਰ ਹੀ ਧਰੁਵ ਹੈ ਅਤੇ ਉਸ ਦੇ ਗੁਣ ਕੀਰਤਨ ਸੂਚਕ ਪਦ ਨੂੰ 'ਧਰੁਵ ਪਦ' ਕਿਹਾ ਜਾਂਦਾ ਹੈ [1] ।

ਗੁਰਬਾਣੀ ਵਿੱਚ ਰਹਾਉ ਵਾਲੀ ਤੁਕ ਨੂੰ ਗਾਇਨ ਦੇ ਆਰੰਭ ਵਿੱਚ ਅਤੇ

---

1. ਗੁਰਨਾਮ ਸਿੰਘ : ਪੰਜਾਬੀ ਲੋਕ ਸੰਗੀਤ: ਸਿਧਾਂਤ ਤੇ ਸਰੂਪ , ਪੰਨਾ 102-103

ਹਰ ਅੰਤਰੇ ਤੋਂ ਬਾਅਦ ਵਾਰ-ਵਾਰ ਗਾਉਣ ਦੀ ਪਰੰਪਰਾ ਹੈ ਕਿਉਂ ਜੋ ਇਸ ਤੁਕ ਵਿੱਚ ਸਬੰਧਿਤ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ ਜਿਸ ਨੂੰ ਵਿਭਿੰਨ ਪ੍ਰਮਾਣਾਂ ਤੇ ਉਕਤੀਆਂ ਸਹਿਤ ਦ੍ਰਿੜਾਇਆ ਜਾਂਦਾ ਹੈ । ਇਹ ਵਿਭਿੰਨ ਦਲੀਲਾਂ, ਪ੍ਰਮਾਣ, ਉਕਤੀਆਂ ਤੇ ਉਦਹਰਣਾਂ ਗੁਰਬਾਣੀ ਦੇ ਸ਼ਬਦਾਂ ਦੇ ਅੰਤਰਿਆਂ ਦੇ ਰੂਪ ਵਿੱਚ ਗਾਏ ਜਾਂਦੇ ਹਨ । ਸ਼ਬਦ ਦੇ ਪ੍ਰਯੋਜਨ ਦੀ ਪੂਰਤੀ ਲਈ ਨਿਸ਼ਚਿਤ ਸੰਕੇਤਾਂ ਅਨੁਸਾਰ ਬਾਣੀ ਦਾ ਗਾਇਨ ਲਾਜ਼ਮੀ ਹੈ । ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਜਿੱਥੇ ਕਿਸੇ ਸ਼ਬਦ ਦਾ ਭਾਵ ਪਰਿਵਰਤਨ ਹੋ ਗਿਆ ਹੈ ਜਾਂ ਸ਼ਬਦ ਵਿੱਚ ਦਰਮਾਈ ਸਮੱਸਿਆ ਦਾ ਤਰਕਯੁਕਤ ਸਮਾਂਧਾਨ ਹੋ ਗਿਆ ਹੈ ਤਾਂ ਉਸ ਭੇਦ ਜਾਂ ਸਮੱਸਿਆ ਦੇ ਹੱਲ ਉਪਰੰਤ ਸਮਾਂਧਾਨ ਨੂੰ ਦਿੜਾਉਣ ਲਈ ਇੱਕ ਤੋਂ ਵਧੀਕ 'ਰਹਾਉ' ਵਿੱਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ । ਪ੍ਰਸਤੁਤਕਾਰ ਨੇ ਸਰੋਤੇ ਦੇ ਮਨ ਵਿੱਚ ਇਸ ਕੇਂਦਰੀ ਭਾਵ ਨੂੰ ਪ੍ਰਸਤੁਤ ਕਰਨਾ ਹੈ । ਰੱਬੀ ਹੁਕਮ ਨੂੰ ਦ੍ਰਿੜਾਉਣਾ ਹੈ । ਉਦਾਹਰਣ ਲਈ ਸਿਰੀ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਠ ਲਿਖੇ ਸ਼ਬਦ ਤੋਂ 'ਰਹਾਉ' ਦਾ ਪ੍ਰਯੋਗ ਸਪਸ਼ਟ ਹੈ :-

ਸਿਰੀ ਰਾਗ ਮਹਲਾ ੧ ਘਰ ੫

ਅਛਲ ਛਲਾਈ ਨਲ ਛਲੈ ਨਲ ਘਾਉ ਕਟਾਰਾ ਕਰਿ ਸਕੈ ।
ਜਿਉ ਸਾਹਿਬ ਰਾਖੈ ਤਿਉ ਰਹੈ ਇਸ ਲੋਭੀ ਕਾ ਜੀਉ ਟਲ ਪਲੈ ॥ ੧॥
ਬਿਨੁ ਤੇਲ ਦੀਵਾ ਕਿਉ ਜਲੈ ॥ ੧॥ ਰਹਾਉ ॥
ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਦਿ ਜਲਾਈਐ ॥ ॥ ਇਤੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣ ਸਾਹਿਬ ਤਉ ਮਿਲੈ ॥ ੧॥ ਰਹਾਉ ॥
ਇਤੁ ਤਨਿ ਲਾਗੈ ਬਾਣੀਆ ॥ ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥ ॥
ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣ ਪਾਈਐ

ਕਹੁ ਨਾਨਕ ਬਾਹ ਲੁਡਾਈਐ ॥੪॥੩੩॥[1]

ਉਪਰੋਕਤ ਸ਼ਬਦ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿੱਚ ਉਚਾਰਿਆ ਹੈ । ਸਿਰੀ ਰਾਗ ਦੀ ਪਰਕ੍ਰਿਤੀ ਸ਼ਾਂਤ ਤੇ ਕਰੁਣਾਮਈ ਹੈ ਇਸ ਕਰਕੇ ਇਹ ਅਤਿ ਗੰਭੀਰ ਕਿਸਮ ਦੇ ਵਿਚਾਰਾਂ ਵਾਲੇ ਸ਼ਬਦਾਂ ਲਈ ਵਧੇਰੇ ਢੁੱਕਵਾਂ ਹੈ । ਇਹ ਸ਼ਾਮ ਸਮੇਂ ਗਾਇਆ ਜਾਣ ਵਾਲਾ ਰਾਗ ਹੈ ।

ਸਿਰੀ ਰਾਗ ਸਬੰਧੀ ਉਪਰੋਕਤ ਸੰਖੇਪ ਜਾਣਕਾਰੀ ਉਪਰੰਤ ਜੇਕਰ ਇਸ ਸ਼ਬਦ ਦਾ ਸਾਧਾਰਣ ਪਾਠ ਕਰੀਏ ਤਾਂ ਇਸ ਤੱਥ ਦਾ ਬੋਧ ਹੁੰਦਾ ਹੈ ਕਿ :

"ਬਿਨ ਤੇਲ ਦੀਵਾ ਕਿਉਂ ਜਲੈ ॥ ੧ ॥

ਇਹ ਪਹਿਲਾ ਰਹਾਉ ॥ ੧ ॥ ਹੈ ਜਿਸ ਵਿੱਚ ਤੇਲ ਤੋਂ ਬਿਨ੍ਹਾਂ ਦੀਵਾ ਬਲਦੇ ਰਹਿਣ ਦੀ ਸਮੱਸਿਆ ਹੈ । ਤੇਲ ਤੋਂ ਬਿਨ੍ਹਾਂ ਦੀਵਾ ਕਿਵੇਂ ਬਲ ਸਕਦਾ ਹੈ ? ਬਲਦਾ ਨਹੀਂ ਰਹਿ ਸਕਦਾ । ਗੁਰੂ ਸਾਹਿਬ ਸਾਡੇ ਸਾਹਮਣੇ ਇਹ ਸਮੱਸਿਆ ਰੱਖ ਰਹੇ ਹਨ ਕਿ ਜੀਵਨ ਰੂਪੀ ਦੀਵਾ ਤੇਲ (ਆਤਮਿਕ ਗਿਆਨ) ਤੋਂ ਬਿਨ੍ਹਾਂ ਕਿਵੇਂ ਬਲਦਾ ਰਹਿ ਸਕਦਾ ਹੈ ? ਇਹ ਅਸੰਭਵ ਹੈ ।

ਇਸ 'ਰਹਾਉ' ਵਾਲੀ ਤੁਕ ਵਿੱਚ ਸ਼ਬਦ ਦਾ ਕੇਂਦਰੀ ਭਾਵ ਹੈ । ਗੁਰੂ ਸਾਹਿਬ ਸਰੋਤੇ/ਲੁਕਾਈ ਦੇ ਮਨ ਵਿੱਚ ਇਹ ਦ੍ਰਿੜਾਉਣਾ ਚਾਹੁੰਦੇ ਹਨ ਕਿ ਜੀਵਨ ਰੂਪੀ ਦੀਵਾ ਆਤਮਿਕ ਗਿਆਨ ਦੇ ਤੇਲ ਤੋਂ ਬਿਨ੍ਹਾਂ ਅਟੱਲ, ਅਡੋਲ, ਨਿਰਵਿਘਨ ਬਲਦਾ ਨਹੀਂ ਰਹਿ ਸਕਦਾ ।

---

1. ਆਦਿ ਗ੍ਰੰਥ , ਮਹਲਾ ੧ , ਪੰਨਾ 25-26

ਇਸ ਲਈ ਆਤਮਾ ਲਈ ਗਿਆਨ ਲਈ ਦੀ ਜਰੂਰਤ ਹੈ ਜਿਵੇਂ ਦੀਵੇ ਲਈ ਤੇ ਦੀ। ਸੋ ਸਿਰੀ ਰਾਗ ਵਿੱਚ 'ਰਹਾਉ' ਵਾਲੀ ਤੁਕ ਨੂੰ ਵਾਰ-ਵਾਰ ਗਾ ਕੇ ਸਰੋਤੇ/ਲੁਕਾਈ ਦੇ ਮਨ ਵਿੱਚ ਇਸ ਤੁਕ ਵਾਲੀ ਸਮੱਸਿਆ ਦੇ ਭਾਵਾਂ ਨੂੰ ਦ੍ਰਿੜਾਉਣਾ ਹੈ। ਇਸ ਦਾ ਵਰ-ਵਾਰ ਗਾਇਨ ਸਰੋਤੇ ਦੇ ਮਨ ਵਿੱਚ ਇਹ ਜਗਿਆਸਾ ਉਤਪਨ ਕਰਨ ਦੇ ਸਮਰੱਥ ਹਨ ਕਿ ਜੇ ਤੇਲ (ਆਤਮਿਕ ਗਿਆਨ) ਤੋਂ ਬਿਨ੍ਹਾਂ ਦੀਵਾ (ਜੀਵਨ) ਨਹੀਂ ਬਲਣਾ ਰਹਿ ਸਕਦਾ ਤਾਂ ਇਸ ਦਾ ਕੀ ਉਪਾਉ ਹੈ ?

ਇਸ ਸਮੱਸਿਆ ਦੇ ਸਮਾਧਾਨ ਵਜੋਂ ਜੀਵਲ ਰੂਪੀ ਦੀਵੇ ਨੂੰ ਆਤਮਿਕ ਗਿਆਨ ਦੇ ਤੇਲ ਨਾਲ ਸਦਾ-ਸਦਾ ਲਈ ਰੋਸ਼ਨ ਰੱਖਣ ਲਈ ਗੁਰੂ ਸਾਹਿਬ ਅੰਕ ੴ ੧ ॥ ਵਾਲੀਆਂ ਪੰਕਤੀਆਂ ਵਿੱਚ ਦੱਸਦੇ ਹਨ ਕਿ ਅਛਲ, ਮਾਇਆ, ਜਿਸ ਨੂੰ ਕੋਈ ਛਲਣ ਦਾ ਵੀ ਯਤਨ ਕਰੇ ਤਾਂ ਛਲ ਨਹੀਂ ਸਕਦਾ ਕਿਉਂ ਜੋ ਮਾਇਆ ਦਾ ਪ੍ਰਭਾਵ ਏਨਾ ਪ੍ਰਬਲ ਹੈ ਕਿ ਜਿਸ ਨੂੰ ਕਿਸੇ ਦੀ ਕਟਾਰ ਕੋਈ ਘਾਉ ਨਹੀਂ ਪਹੁੰਚਾ ਸਕਦੀ ਭਾਵ ਖ਼ਤਮ ਨਹੀਂ ਕਰ ਸਕਦੀ, ਇਸ ਦੇ ਸਾਹਮਣੇ ਲੋਭੀ ਮਨੁੱਖੀ ਮਨ ਡੋਲ ਜਾਂਦਾ ਹੈ। ਜਿਵੇਂ ਪ੍ਰਮਾਤਮਾ ਰੱਖਦਾ ਹੈ ਉਸ ਤਰ੍ਹਾਂ ਜੀਵ ਰਹਿੰਦਾ ਹੈ ਭਾਵ ਨਾਮ ਵਿਹੂਣਾ ਮਨੁੱਖ ਮਾਇਆ ਦੀ ਸ਼ਕਤੀ ਸਾਹਮਣੇ ਸ਼ਕਤੀਹੀਣ ਹੈ। ਇਨ੍ਹਾਂ ਤੁਕਾਂ ਨੂੰ ਅੰਤਰੇ ਦੇ ਰੂਪ ਵਿੱਚ ਗਾਇਨ ਕਰਕੇ ਮਾਇਆ ਦੇ ਉਪਰੋਕਤ ਪ੍ਰਭਾਵ ਨੂੰ ਪ੍ਰਗਟਾਉਂਦਿਆਂ ਗਾਇਕ ਜਦੋਂ ਮੁੜ ਰਹਾਉ ਵਾਲੀ ਪੰਕਤੀ ਦਾ ਗਾਇਨ ਕਰੇਗਾ, ਜਿਸ ਵਿੱਚ ਫਿਰ ਉਸ ਜੀਵਨ ਰੂਪੀ ਦੀਵੇ ਲਈ ਆਤਮਿਕ ਗਿਆਨ ਰੂਪੀ ਤੇਲ ਦਾ ਮਹੱਤਵ ਅਤੇ ਜੀਵਨ 'ਸ਼ਤਿ' ਸਬੰਧੀ ਜਣਨ ਅਭਿਲਾਸ਼ਾ ਤੇ ਜਗਿਆਸਾ ਹੋਰ ਤੀਬਰ ਹੋਵੇਗੀ।

ਇਸ ਲਈ ਪ੍ਰਥਮ ਅੰਕ ਵਾਲੀ ਅੰਤਰੇ ਦੇ ਰੂਪ ਵਿੱਚ ਗਾਈ ਤੁਕ ਤੋਂ ਬਾਅਦ ਇਸ ਰਹਾਉ ਵਾਲੀ ਪੰਕਤੀ ਦਾ ਸਥਾਈ ਰੂਪ ਵਿੱਚ ਗਾਇਨ ਜ਼ਰੂਰੀ ਹੈ । ਦੂਸਰੇ ਅੰਕ (ਅੰਤਰਾ ॥ ੧ ॥) ਵਾਲੀ ਪੰਕਤੀ ਵਿੱਚ ਜੀਵਨ ਰੂਪੀ ਦੀਵੇ ਨੂੰ ਆਤਮਿਕ ਗਿਆਨ ਰੂਪੀ ਤੇਲ ਨਾਲ ਰੋਸ਼ਨ ਕਰਨ ਦੀ ਵਿਧੀ ਦਰਸਾ ਰਹੇ ਹਨ ਕਿ ਧਾਰਮਿਕ ਪੁਸਤਕਾਂ ਦੀ ਸਿੱਖਿਆ ਦੁਆਰਾ ਜੀਵਨ ਰੂਪੀ ਦੀਵੇ ਨੂੰ ਆਤਮਿਕ ਗਿਆਨ ਰੂਪੀ ਤੇਲ ਨਾਲ ਰੋਸ਼ਨ ਕਰਨ ਦੀ ਸਿੱਖਿਆ ਦੁਆਰਾ ਜੀਵਨ ਰੂਪੀ ਦੀਵੇ ਵਿੱਚ ਆਤਮਾ ਦੇ ਭੈਅ ਦੀ ਵਟੀ ਪਾਈਏ ਅਤੇ ਧਰਮ ਮਤਿ ਦੇ ਗਿਆਨ ਰਾਹੀਂ ਇਸ ਨੂੰ ਜਾਗ੍ਰਿਤ ਕੀਤਾ ਜਾਵੇ ।

ਇਨ੍ਹਾਂ ਪੰਕਤੀਆਂ ਦਾ ਗਾਇਨ ਦੂਸਰੇ ਅੰਤਰੇ ਦੇ ਰੂਪ ਵਿੱਚ ਕਰਨਾ ਹੈ । ਸ਼ਬਦ ਵਿੱਚ ਪ੍ਰਸਤੁਤ ਸਮੱਸਿਆ ਦਾ ਸਮਾਧਾਨ ਦੱਸਿਆ ਗਿਆ ਹੈ ਅਤੇ ਜੀਵਨ ਰੂਪੀ ਦੀਵਾ ਉਪਰੋਕਤ ਵਿਧੀ ਅਨੁਸਾਰ ਹੀ ਰੋਸ਼ਨ ਰਹਿ ਸਕਦਾ ਹੈ । ਦੀਵੇ ਦੇ ਬਲਨ ਦੀ ਵਿਧੀ ਦੂਸਰੇ ਅੰਕ ਵਿੱਚ ਹੈ ਜਿਸ ਤੋਂ ਬਾਅਦ ਵਾਲੀ ਪੰਕਤੀ ਫਿਰ ਰਹਾਉ ਦੇ ਸੰਕੇਤ ਦੀ ਧਾਰਨੀ ਹੈ ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਰਹਾਉ ਨੂੰ ਸਥਾਈ ਰੂਪ ਵਿੱਚ ਗਾਇਣਾ ਹੈ ।

ਦੀਵੇ ਨੂੰ ਰੋਸ਼ਨ ਕਰਨ ਦੀ ਸਮੱਸਿਆ ਦਾ ਸਮਾਧਾਨ ਹੋ ਗਿਆ ਹੈ ਅਤੇ ਸ਼ਬਦ ਦੇ ਅਗਲੇਰੇ ਭਾਗ ਵਿੱਚ ਭਾਵ ਪਰਿਵਰਤਨ ਹੋਣ ਦੇ ਨਾਲ ਸਥਾਈ ਲਈ ਹੋਰ 'ਰਹਾਉ' ਦੀ ਵਿਵਸਥਾ ਹੈ ਜਿਸ ਅਨੁਸਾਰ ਇਸ ਦਾ ਵਾਰ-ਵਾਰ ਗਾਇਨ ਕਰਨਾ ਹੈ । ਇਸ 'ਰਹਾਉ' ਦਾ ਅਰਥ ਹੈ ਕਿ ਅਜਿਹੇ ਤੇਲ (ਉੱਪਰ ਦੱਸੀ ਵਿਧੀ ਅਨੁਸਾਰ) ਵਾਲਾ ਦੀਵਾ ਇਉਂ ਬਲਦਾ ਹੈ, ਇਸ ਦੁਆਰਾ ਮਨ ਵਿੱਚ ਚਾਨਣ ਕਰ, ਤਦੋਂ ਹੀ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ ।

ਤੀਸਰੇ ਅੰਕ ॥3॥ ਵਾਲੀ ਪੰਕਤੀ ਵਿੱਚ ਉਪਰੋਕਤ ਵਿਧੀ ਦੁਆਰਾ ਹੀ ਚਾਨਣ ਹੋ ਜਾਣ ਦਾ ਮਹੱਤਵ ਦੱਸਦਿਆਂ ਕਿਹਾ ਗਿਆ ਹੈ ਕਿ ਜੇ ਕਰ ਇਸ ਸਰੀਰ (ਜੀਵਨ) ਉੱਤੇ ਬਾਣੀ (ਗੁਰ ਉਪਦੇਸ਼) ਅਸਰ ਕਰ ਦੇਵੇ ਤਾਂ ਸੇਵਾ ਕਰਨ ਨਾਲ ਪਰਮ ਸੁਖ ਤੇ ਆਤਮਿਕ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ । ਜਗਤ ਦੀ ਨਾਸ਼ਵਾਨਤਾ ਦਾ ਪੂਰਨ ਰੂਪ ਵਿੱਚ ਆਭਾਸ ਹੋ ਜਾਂਦਾ ਹੈ । ਇਨ੍ਹਾਂ ਭਾਵਾਂ ਵਾਲੀਆਂ ਪੰਕਤੀਆਂ ਨੂੰ ਤੀਸਰੇ ਅੰਤਰੇ ਦੇ ਰੂਪ ਵਿੱਚ ਗਾਇਨ ਕਰਨਾ ਹੈ ।

ਤੀਸਰੇ ਅੰਕ ਵਾਲੀਆਂ ਪੰਕਤੀਆਂ ਤੋਂ ਬਾਅਦ ਦੂਸਰੇ 'ਰਹਾਉ' ਵਾਲੀਆਂ ਪੰਕਤੀਆਂ ਦਾ ਗਾਇਨ ਕਰਨਾ ਹੈ । ਜਿਨ੍ਹਾਂ ਵਿੱਚ ਦੱਸਿਆ ਗਿਆ ਹੈ ਕਿ ਪੂਰਣ ਮਾਰਗ ਅਨੁਸਾਰ ਦੀਵਾ ਰੋਸ਼ਨ ਹੁੰਦਾ ਹੈ ਅਤੇ ਮਨ ਅੰਦਰ ਇਸ ਦੇ ਚਾਨਣ ਹੋ ਜਾਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ।

ਚੌਥੇ ਅੰਕ ॥ ॥ ਵਾਲੀਆਂ ਪੰਕਤੀਆਂ ਵਿੱਚ ਕਿਹਾ ਗਿਆ ਹੈ ਕਿ ਇਸ ਦੁਨੀਆਂ ਵਿੱਚ ਸੇਵਕ ਬਣ ਕੇ ਪ੍ਰਭੂ ਦੀ ਸੇਵਾ ਕਰੀਏ ਤਾਂ ਉਸ ਪਰਮਾਤਮਾ ਦੀ ਦਰਗਾਹ ਵਿੱਚ ਬੈਠਣਾ ਨਸੀਬ ਹੁੰਦਾ ਹੈ । ਇਨ੍ਹਾਂ ਪੰਕਤੀਆਂ ਨੂੰ ਚੌਥੇ ਅੰਤਰੇ ਦੇ ਰੂਪ ਵਿੱਚ ਗਾਇਨ ਕਰਨਾ ਹੈ । ਜਿਨ੍ਹਾਂ ਵਿੱਚ ਜੀਵਨ ਦੇ ਅੰਤਿਮ ਲਕਸ਼ ਦੀ ਪ੍ਰਾਪਤੀ ਅਤੇ ਉਸ ਦੇ ਅਨੰਦ ਸਬੰਧੀ ਚਰਚਾ ਕੀਤੀ ਗਈ ਹੈ ।

ਇਸ ਸ਼ਬਦ ਵਿਚਲੇ ਸਿਰਲੇਖ ਅਤੇ ਸੰਕੇਤ ਰੂਪ ਵਿੱਚ ਦਰਸਾਏ ਗਏ ਸੰਗੀਤਕ ਆਦੇਸ਼ਾਂ ਦੀ ਪਾਲਣਾ ਕਰੀਏ ਤਾਂ ਅੰਤਰੇ ਪਿੱਛੋਂ 'ਰਹਾਉ' ਵਾਲੀ ਪੰਕਤੀ ਜੋ ਸਥਾਈ ਹੈ, ਮਨ ਵਿੱਚ ਨਵੀਨ ਪ੍ਰਕਾਸ਼ ਕਰਵਾਉਂਦੀ ਪ੍ਰਤੀਤ ਹੁੰਦੀ ਹੈ ।

ਸ਼ਬਦ ਨੂੰ ਨਿਰਧਾਰਤ ਬਾਣੀ ਪ੍ਰਬੰਧ ਅਨੁਸਾਰ ਰਹਾਉ ਦੀ ਤੁਕ ਦਾ ਵਾਰ-ਵਾਰ ਗਾਇਨ ਜਿੱਥੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿੱਚ ਸਹਾਈ ਹੁੰਦਾ ਹੈ ਉਥੇ ਭਾਵਾਂ ਵਿੱਚ ਦ੍ਰਿੜਤਾ ਪ੍ਰਦਾਨ ਕਰਨ ਵਿੱਚ ਤੀਬਰਤਾ ਦਾ ਵਾਧਾ ਕਰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਗਾਉਣ ਵਾਲੇ ਦੀ ਮਰਜ਼ੀ ਹੈ ਕਿ ਰਹਾਉ ਦੀਆਂ ਤੁਕਾਂ ਵਿੱਚ ਜਿਸ ਮਰਜ਼ੀ ਤੁਕ ਨੂੰ ਸਥਾਈ ਮੰਨੇ"[1] ਪਰ ਬਾਣੀ ਦੇ ਅਰਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦੇਖਿਆ ਜਾਵੇ ਤਾਂ ਇਹ ਵਿਚਾਰ ਠੀਕ ਨਹੀਂ ਬੈਠਦਾ ਕਿਉਂ ਕਿ ਜਿੱਥੇ ਰਹਾਉ ਦੀ ਤੁਕ ਬਦਲ ਜਾਂਦੀ ਹੈ ਉਥੇ ਸਮੱਸਿਆ ਵੀ ਬਦਲ ਜਾਂਦੀ ਹੈ। ਸੋ ਸ਼ਬਦ ਦੇ ਪ੍ਰਯੋਗ ਦੀ ਸਿੱਧੀ ਲਈ ਨਿਸ਼ਚਿਤ ਸੰਕੇਤਾਂ ਅਨੁਸਾਰ ਬਾਣੀ ਦਾ ਗਾਇਨ ਲਾਜ਼ਮੀ ਹੈ।

ਅੰਕ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਬਦਾਂ ਨੂੰ ਅੰਕਾਂ ਦੁਆਰਾ ਵਿਭਾਜਿਤ ਕੀਤਾ ਗਿਆ ਹੈ। ਸ਼ਬਦ ਵਿੱਚ ਰਹਾਉ ਦੀ ਤੁਕ ਤੋਂ ਇਲਾਵਾ ਬਾਕੀ ਤੁਕਾਂ ਦੀ ਸਮਾਪਤੀ ਤੇ ੧, ੨, ੩, ੪, ਆਦਿ ਅੰਕ ਮਿਲਦੇ ਹਨ ਜੋ ਅੰਤਰਿਆਂ ਦੇ ਸੂਚਕ ਹਨ ਤਾਂ ਕਿ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਹੋ ਸਕੇ। ਇਨ੍ਹਾਂ ਅੰਕਾਂ ਵਿੱਚ ਇੱਕ ਤੁਕ ਤੋਂ ਇਲਾਵਾ ਦੋ ਜਾਂ ਤਿੰਨ ਤੁਕਾਂ ਵੀ ਪਾਈਆਂ ਜਾਂਦੀਆਂ ਹਨ। ਇਨ੍ਹਾਂ ਅੰਕਾਂ ਤੋਂ ਸ਼ਬਦ ਦੀ ਸਬੰਧਿਤ ਕਾਵਿ-ਸ਼ੈਲੀ ਅਤੇ ਗਾਇਨ ਸ਼ੈਲੀ ਦਾ ਵੀ ਗਿਆਨ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਚਉਪਦੇ ਵਿੱਚ ਚਾਰ ਪਦੇ, ਦੁਪਦੇ ਵਿੱਚ ਦੋ ਪਦੇ ਅਤੇ ਅਸ਼ਟਪਦੀ ਵਿੱਚ

1. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼, ਪੰਨਾ 1014

ਅੱਠ ਪਦੇ ਹੁੰਦੇ ਹਨ । ਇਨ੍ਹਾਂ ਪਦਿਆਂ ਦੀ ਗਿਣਤੀ ਬਾਰੇ ਗਿਆਨ ਅੰਕਾਂ ਤੋਂ ਹੁੰਦਾ ਹੈ ਕਿ ਇਸ ਸ਼ਬਦ ਦੇ ਕੁਲ ਕਿੰਨੇ ਬੰਦ ਹਨ । ਇਹ ਅੰਕ ਜਾਂ ਅੰਤਰੇ ਦੀ ਤੁਕ ਦਾ ਸਬੰਧ 'ਰਹਾਉ' ਦੀ ਤੁਕ ਨਾਲ ਹੈ ਜੋ ਰਹਾਉ ਦੀ ਤੁਕ ਦੇ ਕੇਂਦਰੀ ਭਾਵ ਨੂੰ ਦ੍ਰਿੜ ਕਰਵਾਉਣ ਲਈ ਉਪਜਿਤ ਸਮੱਸਿਆ ਦਾ ਸਮਾਧਾਨ ਲਈ ਪ੍ਰਮਾਣ, ਦਲੀਲਾਂ, ਯੁਕਤੀਆਂ ਅਤੇ ਉਦਾਹਰਣਾ ਦਾ ਰੂਪ ਹਨ । ਬਾਣੀ ਪ੍ਰਬੰਧ ਅਨੁਸਾਰ ਅੰਤਰਿਆਂ ਦੀਆਂ ਤੁਕਾਂ ਦੇ ਗਾਇਨ ਨੂੰ ਸਪੱਸ਼ਟ ਰੂਪ ਵਿੱਚ ਸਮਝਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਜੋ ਉਨ੍ਹਾਂ ਸੱਜਣ ਠੱਗ ਦੇ ਸਬੰਧ ਵਿੱਚ ਉਚਾਰਿਆ ਸੀ, ਦਾ ਸਰੂਪ ਇਸ ਪ੍ਰਕਾਰ ਹੈ :

ਸੂਹੀ ਮਹਲਾ ੧ ਘਰ ੬

ੴ ਸਤਿਗੁਰ ਪ੍ਰਸਾਦਿ ॥

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ੧ ॥ ਰਹਾਉ ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ ॥
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥

ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥ ੧ ॥੩॥ [1]

ਉਪਰੋਕਤ ਸ਼ਬਦ ਵਿੱਚ ਰਹਾਉ ਦੀ ਤੁਕ ਵਿੱਚ ਅੰਕਿਤ ਭਾਵਾਂ ਨੂੰ ਅੰਤਰਿਆਂ ਵਿੱਚ ਉਦਾਹਰਣਾ ਦੇ ਕੇ ਸਮਝਾਇਆ ਗਿਆ ਹੈ । ਬਾਣੀ ਸੰਗੀਤ ਅਨੁਸਾਰ ਸ਼ਬਦ ਦਾ ਆਰੰਭ ਰਹਾਉ ਦੀ ਤੁਕ ਤੋਂ ਸਥਾਈ ਦੇ ਰੂਪ ਵਿੱਚ ਗਾਇਨ ਕਰਨ ਦੀ ਪਰੰਪਰਾ ਹੈ । ਇਸ ਸ਼ਬਦ ਦੀ ਰਹਾਉ ਦੀ ਤੁਕ ਇਸ ਪ੍ਰਕਾਰ ਹੈ :

ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨਿ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ

ਇਸ ਰਹਾਉ ਦੀ ਤੁਕ ਵਿੱਚ ਸੱਜਣ ਉਸ ਨੂੰ ਦੱਸਿਆ ਗਿਆ ਹੈ ਜੋ ਸਮੇਂ ਸਿਰ ਕੰਮ ਆਵੇ, ਜਿਹੜਾ ਹਰ ਵੇਲੇ ਮੇਰੇ ਨਾਲ ਤੁਰੇ, ਜੋ ਇੱਥੋਂ ਸੰਸਾਰ ਤੋਂ ਤੁਰਨ ਵੇਲੇ ਵੀ ਮੇਰੇ ਨਾਲ ਹੀ ਚੱਲਣ ।

ਅਰਥਾਤ ਜਿੱਥੇ ਕੀਤੇ ਕਰਮਾਂ ਦਾ ਹਿਸਾਬ ਮੰਗਿਆ ਜਾਂਦਾ ਹੈ, ਉੱਥੇ ਨਿਡੱਰ ਹੋ ਕੇ ਹਿਸਾਬ ਦੇ ਸਕਣ, ਹਿਸਾਬ ਦੇਣ ਵਿੱਚ ਕਾਮਯਾਬ ਹੋ ਸਕਣ, ਭਾਵ ਬਾਹਰੀ ਦਿਖਾਵੇ ਵਾਲੇ ਸੱਜਣ ਨਹੀਂ ਹਨ ।

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ॥

---

1. <u>ਆਦਿ ਗ੍ਰੰਥ</u>, ਸੂਹੀ ਮਹਲਾ ੧, ਪੰਨਾ 729

ਦੂਸਰੀ ਉਦਾਹਰਣ ਮਹਿਲ ਤੇ ਮਾੜੀਆਂ ਦੀ ਹੈ । ਜੇ ਉਹ ਵਿਚੋਂ ਸੱਖਣੀਆਂ ਹਨ, ਉਹ ਢਹਿ ਜਾਂਦੀਆਂ ਹਨ ਤੇ ਵੱਠੇ ਸ਼ਿੰਗਾਰ ਕਰੀ ਬੈਠੇ ਰਹੇ ਪਰ ਦੋ ਉਸ ਨੇ ਮੁੱਕ ਜਾਣਾ ਹੈ ਫਿਰ ਹਾਰ ਸ਼ਿਗਾਰ ਸਰੀਰ ਵੀ ਕੰਮ ਨਹੀਂ ਆਉਂਦਾ ।

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ ॥ ॥

ਤੀਸਰੀ ਉਦਾਹਰਣ ਬਗਲਿਆਂ ਦੀ ਦਿੱਤੀ ਹੈ ਕਿ ਬਗਲਿਆਂ ਦੇ ਚਿੱਟੇ ਖੰਭ ਹੁੰਦੇ ਹਨ, ਵਸਦੇ ਭੀ ਉਹ ਤੀਰਥਾਂ ਉੱਤੇ ਹਨ ਪਰ ਜੀਵਾਂ ਨੂੰ ਗਲੋਂ ਘੁਟ-ਘੁਟ ਕੇ ਖਾ ਜਾਣ ਵਾਲੇ ਅੰਦਰੋਂ ਸਾਫ ਸੁਥਰੇ ਨਹੀਂ ਆਖੇ ਜਾਂਦੇ ।

ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ ॥
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ ॥ ॥

ਜਿਸ ਤਰ੍ਹਾਂ ਸਿੰਮਲ ਦਾ ਰੁੱਖ ਹੈ ਇਵੇਂ ਮੇਰਾ ਸਰੀਰ ਹੈ । ਸਿੰਮਲ ਦੇ ਫਲਾਂ ਨੂੰ ਵੇਖ ਕੇ ਤੋਤੇ ਭੁਲੇਖਾ ਖਾ ਜਾਂਦੇ ਹਨ । ਸਿੰਮਲ ਦੇ ਫਲ ਤੋਤਿਆਂ ਦੇ ਕੰਮ ਨਹੀਂ ਆਉਂਦੇ । ਉਹੋ ਜਿਹੇ ਹੀ ਗੁਣ ਮੇਰੇ ਸਰੀਰ ਵਿੱਚ ਹਨ ।

ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥ ॥

ਮੈ ਅੰਨ੍ਹੇ ਨੇ ਸਿਰ ਉੱਤੇ ਵਿਕਾਰਾਂ ਦਾ ਭਾਰ ਚੁੱਕਿਆ ਹੋਇਆ ਹੈ । ਅਗਾਂਹ ਮੇਰਾ (ਜੀਵਨ ਪੰਧ) ਪਹਾੜੀ ਰਸਤਾ ਹੈ । ਅੱਖਾਂ ਨਾਲ ਭਾਲਿਆਂ ਵੀ ਮੈਂ ਰਾਹ ਖਹਿੜਾ

ਲੱਭ ਨਹੀਂ ਸਕਦਾ ਕਿਉਂਕਿ ਅੱਖਾਂ ਨਹੀਂ ਹਨ । ਇਸ ਹਾਲਤ ਵਿੱਚ ਕਿਸ ਤਰੀਕੇ ਨਾਲ ਪਹਾੜੀ ਤੇ ਚੜ੍ਹ ਕੇ ਮੈਂ ਪਾਰ ਲੰਘਾਂ ?

ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੂਟਹਿ ਜਿਤੁ ॥ ॥

ਦੁਨੀਆਂ ਦੇ ਲੋਕਾਂ ਦੀਆਂ ਖੁਸ਼ਾਮਦਾਂ, ਲੋਕ ਵਿਖਾਵੇ, ਚਲਾਕੀਆਂ ਕਿਸੇ ਕੰਮ ਨਹੀਂ ਆ ਸਕਦੀਆਂ । ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿੱਚ ਸਾਂਭ ਕੇ ਰੱਖ,। ਮਾਇਆ ਦੇ ਮੋਹ ਵਿੱਚ ਬੱਝਿਆ ਹੋਇਆ ਤੂੰ ਇਸ ਨਾਮ ਸਿਮਰਨ ਦੇ ਰਾਹੀਂ ਹੀ ਮੌਤ ਦੇ ਬੰਧਨਾਂ ਤੋਂ ਖਲਾਸੀ ਪਾ ਸਕੇਂਗਾ ।

ਸ਼ਬਦ ਵਿੱਚ ਹਰ ਅੰਤਰੇ ਤੋਂ ਬਾਅਦ (ਰਹਾਉ) ਦੀ ਤੁਕ ਤੇ ਆਉਣ ਦੀ ਪਰਕ੍ਰਿਆ ਸਰੋਤੇ ਦੇ ਮਨ ਤੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਦਾ ਬੋਧ ਕਰਵਾਉਣ ਹਿਤ ਰੌਸ਼ਨੀ ਪ੍ਰਦਾਨ ਕਰਦੀ ਹੈ ।

<u>ਜਤਿ</u>

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਅਧੀਨ ਰਾਗ ਬਿਲਾਵਲ ਵਿੱਚ ਇੱਕ ਸ਼ਬਦ ਦੇ ਸਿਰਲੇਖ ਵਿੱਚ :

"ਬਿਲਾਵਲ ਮਹਲਾ ੧ ਥਿਤੀ ਘਰੁ ੧੦ ਜਤਿ ।[1]

'ਜਤਿ' ਦਾ ਸਿਰਲੇਖ ਅੰਕਿਤ ਕੀਤਾ ਗਿਆ ਹੈ । ਜਤਿ ਦਾ ਸਬੰਧ ਜੋੜੀ ਵਜਾਉਣ ਦੀ

1. <u>ਆਦਿ ਗ੍ਰੰਥ</u>, ਮਹਲਾ ੧, ਪੰਨਾ 838

ਇੱਕ ਗਤ ਨਾਲ ਹੈ । ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ, "ਸੰਗੀਤ ਅਨੁਸਾਰ ਗਾਇਨ ਦੀ ਧਾਰਣ ਦਾ ਨਾਂਉਂ ਜਤਿ (ਯਤਿ) ਹੈ ਅਤੇ ਮ੍ਰਿਦੰਗ ਦੇ ਬੋਲ ਜਿੱਥੇ ਵਿਸ੍ਰਾਮ ਹੋਵੇ ਉਸ ਨੂੰ ਵੀ ਜਤਿ ਦੀ ਸੰਗਯਾ ਦਿੱਤੀ ਗਈ ਹੈ "।[1]

<u>ਧੁਨੀ/ਧੁਨਿ</u>

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਰਾਗਾਂ ਵਿੱਚ 22 ਅਧਿਆਤਮਿਕ ਵਾਰਾਂ ਦੀਆਂ ਧੁਨੀਆਂ ਦੇ ਆਧਾਰ 'ਤੇ ਗਾਉਣ ਦੇ ਆਦੇਸ਼ਮਈ ਸੰਕੇਤ ਦਰਜ ਹਨ ਜੋ ਨਿਮਨ ਲਿਖਤ ਅਨੁਸਾਰ ਹਨ :

1. ਵਾਰ ਮਾਝ ਕੀ ਤਥਾ ਸਲੋਕ ਮਹਲਾ ੧
   "ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ" ।[2]
2. ਗਉੜੀ ਕੀ ਵਾਰ ਮਹਲਾ
   "ਰਾਇ ਕਮਾਲ ਦੀ ਮੋਜਦੀ ਕੀ ਵਾਰ ਕੀ ਧੁਨਿ ਉਪਰ ਗਾਵਣੀ" ।[3]
3. ਆਸਾ ਮਹਲਾ ੧ ॥ ਵਾਰ ਸਲੋਕਾਂ ਨਾਲ ਸਲੋਕ ਭੀ
   ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥[4]
4. ਗੂਜਰੀ ਕੀ ਵਾਰ ਮਹਲਾ 3 ਸਿਕੰਦਰ ਬਿਰਾਹਿਮ ਕੀ
   ਵਾਰ ਕੀ ਧੁਨੀ ਗਾਵਣੀ ॥[5]

---

1. ਭਾਈ ਕਾਨ੍ਹ ਸਿੰਘ ਨਾਭਾ : <u>ਮਹਾਨ ਕੋਸ਼</u> , ਪੰਨਾ 502
2. <u>ਆਦਿ ਗ੍ਰੰਥ</u> , ਪੰਨਾ 137
3. -ਉਹੀ- ਪੰਨਾ 318
4. -ਉਹੀ- ਪੰਨਾ 462
5. -ਉਹੀ- ਪੰਨਾ 508

5. ਵਡਹੰਸ ਕੀ ਵਾਰ ਮਹਲਾ   ਲਲਾ ਬਹਲੀਮਾ ਕੀ ਧੁਨਿ ਗਾਵਣੀ ॥[1]

6. ਰਾਮਕਲੀ ਕੀ ਵਾਰ ਮਹਲਾ   ਜੋਧੇ ਵੀ ਪੂਰਬਾਣੀ ਕੀ ਧੁਨੀ ॥[2]

7. ਸਾਰੰਗ ਕੀ ਵਾਰ ਮਹਲਾ   ਰਾਇ ਮਹਮੇ ਹਸਰੇ ਦੀ ਧੁਨੀ ॥[3]

8. ਵਾਰ ਮਲ੍ਹਾਰ ਕੀ ਮਹਲਾ ੧   ਰਾਣੇ ਕੈਲਾਸ਼ ਤਥਾ ਮਾਲਦੇ ਕੀ ਧੁਨਿ ॥[4]

9. ਕਾਨੜੇ ਕੀ ਵਾਰ ਮਹਲਾ   ਮੂਸੇ ਕੀ ਵਾਰ ਕੀ ਧੁਨੀ ॥[5]

ਧੁਨਿ/ਧੁਨੀ ਸੰਕੇਤ ਅੰਕਿਤ ਹੋਣ ਨਾਲ ਤਿੰਨ ਸੰਕੇਤ ਸਾਹਮਣੇ ਆਏ :

(1) ਵਾਰ   (2) ਧੁਨਿ   (3) ਰਾਗ

ਇਹਨਾਂ ਉਪਰੋਕਤ ਤਿੰਨਾਂ ਸੰਕੇਤਾਂ ਦਾ ਸਬੰਧ ਇਸ ਤਰ੍ਹਾਂ ਹੈ ਕਿ ਵਾਰ ਦਾ ਸਬੰਧ ਸ਼ਬਦ ਨਾਲ ਹੈ ਜਿਸ ਭਾਵ ਸੰਚਾਰ ਹੋਣਾ ਹੈ ਬਾਕੀ ਦੋਨਾਂ ਦਾ ਸਬੰਧ ਰਾਗ ਨਾਲ ਹੈ ਜੋ ਸੰਚਾਰ ਮਾਧਿਅਮ ਹੈ । ਵਾਰ ਨੂੰ ਧੁਨਿ ਦੇ ਦਿੱਤੇ ਸੰਕੇਤਾਂ ਅਨੁਸਾਰ ਗਾਉਣਾ ਹੈ । ਇਸ ਧੁਨਿ ਦਾ ਸਬੰਧ ਲੋਕ ਸੰਗੀਤ ਨਾਲ ਹੈ ਜਦੋਂ ਕਿ ਰਾਗ ਦਾ ਸਬੰਧ ਸ਼ਾਸਤਰੀ ਸੰਗੀਤ ਨਾਲ ਹੈ । ਇਸ ਤਰ੍ਹਾਂ ਇਨ੍ਹਾਂ ਵਾਰਾਂ ਦੇ ਗਾਇਨ ਪ੍ਰਸਤੁਤੀ ਸਮੇਂ ਸ਼ਬਦ, ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਦਾ ਸੁਮੇਲ ਨਜਰੀਂ ਆਉਂਦਾ ਹੈ ।

---

1. ਆਦਿ ਗ੍ਰੰਥ , ਪੰਨਾ 585
2. -ਉਹੀ- ਪੰਨਾ 947
3. -ਉਹੀ- ਪੰਨਾ 1237
4. -ਉਹੀ- ਪੰਨਾ 1278
5. -ਉਹੀ- ਪੰਨਾ 1312

## ਗਾਇਨ ਰੂਪ

ਗੁਰਮਤਿ ਸੰਗੀਤ ਪ੍ਰਬੰਧ ਅਧੀਨ ਗੁਰੂ ਸਾਹਿਬਾਨ ਨੇ ਸ਼ਾਸਤਰੀ ਗਾਇਨ ਸ਼ੈਲੀਆਂ ਦੇ ਨਾਲ-ਨਾਲ ਇਨ੍ਹਾਂ ਦੇ ਦੇਸੀ ਜਾਂ ਲੋਕ ਰੂਪਾਂ ਨੂੰ ਵੀ ਅਪਣਾਇਆ ਹੈ । ਇਨ੍ਹਾਂ ਦੋਵੇਂ ਗਾਇਨ ਸ਼ੈਲੀਆਂ ਵਿਚੋਂ ਸ਼ਾਸਤਰੀ ਗਾਇਨ ਸ਼ੈਲੀ ਅਧੀਨ ਪ੍ਰਬੰਧ ਧਰੁਪਦ ਅਤੇ ਪੜਤਾਲ ਆਦਿ ਰੂਪ ਹਨ ਅਤੇ ਲੋਕ ਗਾਇਨ ਸ਼ੈਲੀਆਂ ਦੇ ਨਾਲ ਅਲਾਹੁਣੀਆਂ, ਘੋੜੀਆਂ, ਵਾਰਾਂ, ਸੋਹਲੇ, ਛੰਤ, ਮੁੰਦਾਵਣੀ ਆਦਿ ਸ਼ੈਲੀਆਂ ਦਾ ਪ੍ਰਯੋਗ ਕੀਤਾ । ਜਿਨ੍ਹਾਂ ਦੋਨਾਂ ਗਾਇਨ ਸ਼ੈਲੀਆਂ ਨੂੰ ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਪ੍ਰਬੰਧ ਅਧੀਨ ਬਦਲ ਲਿਆ ਹੈ । ਸ਼ਾਸਤਰੀ ਗਾਇਨ ਸ਼ੈਲੀਆਂ ਦੀ ਕੱਟੜਤਾ ਨੂੰ ਤਿਆਗਿਆ ਹੈ ਅਤੇ ਗੁਰਮਤਿ ਸੰਗੀਤ ਵਿਧਾਨ ਵਿੱਚ ਸਹਿਜ ਰੂਪ ਵਿੱਚ ਅਪਣਾਇਆ ਗਿਆ ਹੈ ਕਿਉਂਕਿ ਗੁਰੂ ਸਾਹਿਬਾਨ ਦਾ ਆਸ਼ਾ ਸੰਗੀਤ ਰਾਹੀਂ ਆਪਣਾ ਪ੍ਰਚਾਰ ਆਮ ਸਾਧਾਰਣ ਜਨਤਾ ਤੱਕ ਪਹੁੰਚਾਣਾ ਸੀ ਨਾ ਕਿ ਸੰਗੀਤ ਦੀ ਪ੍ਰਬੀਨਤਾ ਦਰਸਾਉਣਾ । ਇਸੇ ਤਰ੍ਹਾਂ ਦੇਸੀ ਜਾਂ ਲੋਕ ਸ਼ੈਲੀਆਂ ਨੂੰ ਵੀ ਗੁਰਮਤਿ ਸੰਗੀਤ ਪ੍ਰਬੰਧ ਵਿੱਚ ਬੰਨ੍ਹ ਕੇ ਉਨ੍ਹਾਂ ਵਿਚਲੇ ਆਪ-ਮੁਹਾਰੇਪਣ ਅਤੇ ਖੁੱਲ ਉੱਤੇ ਅੰਕੁਸ਼ ਲਗਾਇਆ ਹੈ ਤਾਂ ਜੋ ਸੰਜੀਦਗੀ ਆ ਸਕੇ । ਇਸ ਪ੍ਰਕਾਰ ਗੁਰਬਾਣੀ ਵਿੱਚ ਮਾਰਗੀ ਅਤੇ ਦੇਸੀ ਸ਼ੈਲੀਆਂ ਦਾ ਰਾਗਾਤਮਿਕ ਨਿਰਧਾਰਣ ਤੇ ਵਿਵਹਾਰਿਕ ਰੂਪ ਹੀ ਗੁਰਮਤਿ ਸੰਗੀਤ ਪ੍ਰਬੰਧ ਦੀ ਵਿਲੱਖਣਤਾ ਦੀ ਨਿਸ਼ਾਨੀ ਹੈ । ਜੋ ਇਸ ਪ੍ਰਬੰਧ ਨੂੰ ਮੱਧ ਕਾਲੀਨ ਭਾਰਤੀ ਅਧਿਆਤਮਿਕ ਸੰਗੀਤ ਪਰੰਪਰਾਵਾਂ ਨਾਲੋਂ ਅਲੱਗ ਨਿਵੇਕਲੀ ਪਹਿਚਾਨ ਕਰਵਾਉਂਦਾ ਹੈ ।

## ਗਾਇਨ ਰੂਪ ਸੰਕੇਤ

ਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਵਿਭਿੰਨ ਗਾਇਨ ਰੂਪਾਂ ਦਾ ਪ੍ਰਯੋਗ ਕੀਤਾ ਹੈ। ਜਿੱਥੇ ਧਰੁਪਦ ਪ੍ਰਬੰਧ ਅਤੇ ਪੜਤਾਲ ਜੈਸਾ ਸ਼ਾਸਤਰੀ ਗਾਇਨ ਰੂਪਾਂ ਦਾ ਪ੍ਰਯੋਗ ਕੀਤਾ ਹੈ ਉੱਥੇ ਘੋੜੀਆਂ, ਵਾਰਾਂ, ਅਲਾਹੁਣੀਆਂ, ਸੋਹਲੇ, ਛੰਤ, ਮੁੰਦਾਵਣੀ ਆਦਿ ਦੇਸੀ ਜਾਂ ਲੋਕ ਗਾਇਨ ਰੂਪਾਂ ਨੂੰ ਵੀ ਪ੍ਰਯੋਗ ਵਿੱਚ ਲਿਆਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਬਾਣੀ ਲਈ ਪ੍ਰਯੁਕਤ ਗਾਇਨ ਰੂਪਾਂ ਨੂੰ ਸੰਗੀਤ ਵਿਧਾਨ ਦੇ ਅਨੁਸ਼ਾਸਨ ਅਧੀਨ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖ ਕੇ ਪ੍ਰਯੋਗ ਵਿੱਚ ਲਿਆਇਆ ਗਿਆ ਹੈ। ਭਾਵ ਮਾਰਗੀ ਜਾਂ ਸ਼ਾਸਤਰੀ ਸ਼ੈਲੀਆਂ ਦੀ ਕੱਟੜਤਾ ਨੂੰ ਗੁਰਮਤਿ ਸੰਗੀਤ ਵਿਧਾਨ ਦੇ ਸਹਿਜ ਅਤੇ ਦੇਸੀ ਜਾਂ ਲੋਕ ਸ਼ੈਲੀਆਂ ਦੀ ਆਪ ਮੁਹਾਰੀ ਖੁੱਲ੍ਹ ਨੂੰ ਗੁਰਮਤਿ ਸੰਗੀਤ ਪ੍ਰਬੰਧ ਅਧੀਨ ਅਨੁਸ਼ਾਸਨ ਪ੍ਰਦਾਨ ਹੈ। ਗੁਰਬਾਣੀ ਵਿੱਚ ਮਾਰਗੀ ਸ਼ੈਲੀਆਂ ਦਾ ਰਾਗਾਤਮਿਕ ਨਿਰਧਾਰਣ ਵਿਵਹਾਰਕ ਰੂਪ ਵਿੱਚ ਗੁਰਮਤਿ ਸੰਗੀਤ ਪ੍ਰਬੰਧ ਦੀ ਵਿਲੱਖਣਤਾ ਦੀ ਪਹਿਚਾਣ ਹੈ।

ਗੁਰਮਤਿ ਸੰਗੀਤ ਪ੍ਰਬੰਧ ਦੇ ਸੰਗੀਤਕ ਸੰਕੇਤਾਂ ਤੋਂ ਇਲਾਵਾ ਸ਼ਬਦ ਦੀ ਪ੍ਰਸਤੁਤੀ ਸੰਗੀਤ ਦੀ ਕਿਸੇ ਸਾਧਾਰਣ ਪ੍ਰਸਤੁਤੀ ਤੋਂ ਭਿੰਨ ਹੈ। ਸਾਧਾਰਣ ਕਲਾਕਾਰ ਆਪਣੇ ਅੰਦਰ ਮਿਹਨਤ ਨਾਲ ਕਮਾਈ ਹੋਈ ਕਲਾ ਦੀ ਬਾਹਰਮੁਖੀ ਪ੍ਰਸਤੁਤੀ ਕਰਦਾ ਹੈ ਪਰ ਗੁਰਬਾਣੀ ਦੀ ਸ਼ਬਦ ਗਾਇਨ ਪ੍ਰਸਤੁਤੀ ਅਧੀਨ ਪ੍ਰਸਤੁਤਕਾਰ ਉਸ ਪਰਮ ਸਤਿ ਦਾ ਅਨੁਭਵ ਤੇ ਬੋਧ ਕਰਦਾ ਹੋਇਆ ਸਹਿਜ ਅਨੰਦ ਦੀ ਪ੍ਰਾਪਤੀ ਕਰਦਾ ਹੈ। ਸਹਿਜ ਅਨੰਦ ਦੀ ਅਵਸਥਾ ਪ੍ਰਾਪਤ ਕਰਨ ਲਈ ਗਾਇਨ ਲਈ ਗੁਰੂ ਸਾਹਿਬਾਨ ਜਿੱਥੇ ਵਿਸ਼ਿਸ਼ਟ ਸੰਗੀਤ ਪ੍ਰਬੰਧ ਦੀ ਸਿਰਜਨਾ ਕਰਦੇ ਹਨ

ਉਹੋ ਪ੍ਰਸਤੁਤੀ ਦੀ ਵਿਧੀ ਤੇ ਲੱਛਣ ਦਾ ਵੀ ਵਰਣਨ ਕਰਦੇ ਹਨ ਜੋ ਗੁਰਬਾਣੀ ਦੇ ਕੁਝ ਕੁ ਫੁਰਮਾਨਾਂ ਤੋਂ ਸਪਸ਼ਟ ਹੈ :

- ਇੱਕ ਗਾਵਤ ਰਹੈ ਮਨਿ ਸਾਦੁ ਨ ਪਾਇ ॥
  ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥[1]

- ਆਪਿ ਗਵਾਏ ਸੁ ਹਰਿ ਗੁਨ ਗਾਉ ॥[2]

- ਗੁਰਮਤਿ ਵਾਜੈ ਸਬਦ ਅਨਾਹਦ
  ਗੁਰਮਤਿ ਮਨੂਆ ਗਾਵੈ ॥ [3]

- ਸਹਜੇ ਗਾਵਿਆ ਥਾਇ ਪਵੈ
  ਬਿਨੁ ਸਹਜੈ ਕਥਨੀ ਬਾਦਿ ॥ [4]

ਉਪਰੋਕਤ ਫੁਰਮਾਨਾਂ ਤੋਂ ਸਪੱਸ਼ਟ ਹੈ ਕਿ ਸ਼ਬਦ ਦੀ ਪ੍ਰਸਤੁਤੀ ਲਈ ਹਉਮੈ ਤਿਆਗ, ਆਪਾ ਸਮਰਪਣ ਗੁਰਮਤਿ ਦੇ ਅਨੁਸਾਰੀ ਹੋਵੇ, ਸਹਿਜ ਵਿੱਚ ਰਹਿਣ ਵਰਗੇ ਨਿਯਮਾਂ ਨੂੰ ਪੂਰਨ ਰੂਪ ਵਿੱਚ ਧਾਰਣ ਕਰਨਾ ਹੈ ਕਿਉਂ ਜੋ ਬਾਣੀ ਦਾ ਆਦੇਸ਼ ਹੈ । ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਗਾਇਨ ਪ੍ਰਸਤੁਤੀ ਵਿੱਚ ਕਲਾ ਦੇ ਆਡੰਬਰ, ਆਕਰਸ਼ਣ ਅਤੇ ਪ੍ਰਲੋਭਣ ਦਾ ਤਿਆਗ ਬੁਨਿਆਦੀ ਤੌਰ 'ਤੇ ਮਹੱਤਵਪੂਰਨ ਹੈ, ਗੁਰਮਤਿ ਸੰਗੀਤ ਦੀ ਕਿਸੇ ਵੀ ਸ਼ਬਦ ਪ੍ਰਸਤੁਤੀ ਵਿੱਚ ਜਦੋਂ-ਜਦੋਂ ਸ਼ਬਦ ਦੀ ਬਜਾਏ ਰਾਗ/ਗਾਇਨ ਦਾ ਕਲਾਤਮਿਕ ਪੱਖ ਪ੍ਰਧਾਨ ਭਾਵੀ ਹੋਵੇਗਾ ਤਦੋਂ ਹੀ ਗੁਰਮਤਿ ਸੰਗੀਤ ਦੀ ਇਹ ਪ੍ਰਸਤੁਤੀ ਆਪਣੇ ਲਕਸ਼ ਨਾਲੋਂ ਵਿਛੜ ਜਾਵੇਗੀ ।

---

1. ਆਦਿ ਗ੍ਰੰਥ : ਗਉੜੀ ਗੁਆਰੇਰੀ ਮਹਲਾ 3 , ਪੰਨਾ 158
2. ਆਦਿ ਗ੍ਰੰਥ : ਗਉੜੀ ਸੁਖਮਨੀ ਮਹਲਾ 5 ਅਸ਼ਟਪਦੀ , ਪੰਨਾ 270
3. ਆਦਿ ਗ੍ਰੰਥ : ਗਉੜੀ ਪੂਰਬੀ ਮਹਲਾ 4, ਪੰਨਾ 172
4. ਆਦਿ ਗ੍ਰੰਥ : ਸਿਰੀ ਰਾਗ ਮਹਲਾ 3 , ਪੰਨਾ 68

ਉਕਤ ਵਰਣਿਤ ਵਿਲੱਖਣਤਾਵਾਂ ਨੂੰ ਪ੍ਰਬੰਧ ਰੂਪ ਵਿੱਚ ਸਵੀਕਾਰਦਿਆਂ ਗੁਰੂ ਸਾਹਿਬਾਨ ਨੇ ਵੱਖ-ਵੱਖ ਕੀਰਤਨ ਚੌਕੀਆਂ[1] ਕੀਰਤਨ ਕੇਂਦਰ[2] ਵੱਖ-ਵੱਖ ਸਾਜ਼[3] ਅਤੇ ਪ੍ਰਮੁੱਖ ਕੀਰਤਨੀਆਂ[4] ਦੇ ਗਾਇਨ ਦੁਆਰਾ ਮੌਲਿਕ ਅਤੇ ਵਿਲੱਖਣ ਦ੍ਰਿਸ਼ਟੀ ਤੋਂ ਪ੍ਰਯੋਗ ਕੀਤਾ ਅਤੇ ਪਰੰਪਰਾ ਨੂੰ ਵਿਵਹਾਰਿਕ ਰੂਪ ਵਿੱਚ ਸਦੀਵੀ ਵਿਲੱਖਣਤਾ ਪ੍ਰਦਾਨ ਕੀਤੀ । ਇਹੀ ਗੁਰਮਤਿ ਸੰਗੀਤ ਪ੍ਰਬੰਧ ਜਦੋਂ ਇਨ੍ਹਾਂ ਪ੍ਰਸਤੁਤੀ ਸਹਾਇਕਾਂ ਦੀ ਕ੍ਰਿਆਤਮਿਕਤਾ ਦੁਆਰਾ ਸਜੀਵ/ਵਿਵਹਾਰਿਕ ਰੂਪ ਪ੍ਰਦਾਨ ਕਰਦਾ ਹੈ ਤਾਂ ਇਸ ਨੂੰ ਸਹਿਜੇ ਹੀ ਪੂਰਵਕਾਲੀਨ ਅਤੇ ਸਮਕਾਲੀਨ ਪਰੰਪਰਾਵਾਂ ਨਾਲੋਂ ਨਿਖੇੜਿਆ ਜਾ ਸਕਦਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਕਤ ਵਰਣਿਤ ਸਮੂਹ ਪਰੰਪਰਾਵਾਂ ਦੇ ਅਧਿਐਨ ਅਤੇ ਚਿੰਤਨ ਉਪਰੰਤ ਸਿੱਖ ਧਰਮ ਦੀ ਸਥਾਪਨਾ ਦੇ ਨਾਲ-ਨਾਲ ਗੁਰਮਤਿ ਸੰਗੀਤ ਦੀ ਸਿਰਜਨਾ ਵੀ ਕੀਤੀ ਜੋ ਵੱਖ-ਵੱਖ ਗੁਰੂ ਸਾਹਿਬਾਨ ਦੇ ਯਤਨਾਂ, ਕਿਰਿਆਤਮਿਕ ਪ੍ਰਯੋਗ ਦੇ ਸਿਧਾਂਤਿਕ ਵਿਸ਼ਿਸ਼ਟਤਾ ਦੇ ਆਧਾਰ ਉੱਤੇ ਮੂਰਤੀਮਾਨ ਹੋਈ ਹੈ । ਗੁਰਮਤਿ ਸੰਗੀਤ ਦਾ ਮੱਧਕਾਲੀਨ ਭਾਰਤੀ ਸੰਗੀਤ ਵਿੱਚ ਇੱਕ ਨਿਵੇਕਲਾ ਸਥਾਨ ਹੈ । ਭਾਰਤੀ ਸੰਗੀਤ ਦੇ ਇਤਿਹਾਸ ਦਾ ਪ੍ਰਸੰਗ ਵਾਚੀਏ ਤਾਂ ਬਾਬਰ ਤੋਂ ਔਰੰਗਜ਼ੇਬ ਤੱਕ ਦੇ ਸਮੇਂ ਵਿੱਚ ਅਕਬਰ ਕਾਲ ਨੂੰ ਭਾਰਤੀ ਸ਼ਾਸਤਰੀ

---

1. ਆਸਾ ਦੀ ਵਾਰ ਦੀ ਚੌਂਕੀ, ਬਿਲਾਵਲ ਦੀ ਚੌਂਕੀ, ਸੋਦਰ ਦੀ ਚੌਂਕੀ, ਕਲਿਆਣ ਦੀ ਚੌਂਕੀ ।

2. ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਆਨੰਦਪੁਰ ਸਾਹਿਬ ।

3. ਰਬਾਬ, ਸਾਰੰਦਾ, ਸਾਰੰਗੀ, ਤਾਊਸ, ਢੱਡ ਆਦਿ ।

4. ਭਾਈ ਮਰਦਾਨਾ, ਭਾਈ ਸੱਤਾ, ਭਾਈ ਬਲਵੰਡ, ਭਾਈ ਸਾਦੂ, ਭਾਈ ਬਾਦੂ, ਭਾਈ ਰਜਦਾ, ਭਾਈ ਸਜਦਾ ਆਦਿ ।

ਸੰਗੀਤ ਦਾ ਸੁਨਹਿਰਾ ਯੁੱਗ ਸਵੀਕਾਰ ਕੀਤਾ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਬਾਬਰ ਦੇ ਸਮਕਾਲੀ ਸਨ ਅਤੇ ਉਨ੍ਹਾਂ ਨੇ ਪੂਰਵਕਾਲੀਨ ਅਤੇ ਸਮਕਾਲੀਨ ਪਰੰਪਰਾਵਾਂ ਦੇ ਮੰਥਨ ਤੋਂ ਆਪਣੇ ਮੱਤ ਦੇ ਪ੍ਰਚਾਰ ਲਈ ਜਿਸ ਪਰੰਪਰਾ ਦਾ ਆਰੰਭ ਕੀਤਾ ਉਹ 'ਗੁਰਮਤਿ ਸੰਗੀਤ' ਹੈ ਜਿਸ ਦੇ ਸਰੂਪ ਅਤੇ ਸਿਧਾਂਤ ਸਬੰਧੀ ਅਸੀਂ ਉਪਰ ਵਿਚਾਰ ਕਰ ਆਏ ਹਾਂ । ਇਹ ਪਰੰਪਰਾ ਲੱਗਭਗ ਭਾਰਤੀ ਸ਼ਾਸਤਰੀ ਸੰਗੀਤ ਦੇ ਸੁਨਹਿਰੇ ਯੁੱਗ ਦੇ ਸਮਾਨੰਤਰ ਸੁਦ੍ਰਿੜ ਅਤੇ ਸਥਾਪਿਤ ਰੂਪ ਵਿੱਚ ਉਜਾਗਰ ਹੋ ਜਾਂਦੀ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਅਕਬਰ ਦੇ ਸਮਕਾਲੀਨ ਸਨ ਅਤੇ ਗੁਰਮਤਿ ਸੰਗੀਤ ਦੇ ਵਿਕਾਸ ਦੇ ਸੰਦਰਭ ਵਿੱਚ ਗੁਰੂ ਅਰਜਨ ਦੇਵ ਜੀ ਦਾ ਸਮਾਂ ਵੀ ਅਤਿਅੰਤ ਮਹੱਤਵਪੂਰਨ ਹੈ । ਕਿਉਂਕਿ ਇਸ ਮਹਾਨ ਗੁਰੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਮੱਧ ਕਾਲੀਨ ਅਧਿਆਤਮਿਕ ਸੋਚ ਦੇ ਸਥਾਨ ਵਿਚੋਂ ਅੰਮ੍ਰਿਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸਿਰਜਣਾ ਕੀਤੀ । ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰਮਤਿ ਸੰਗੀਤ ਦਾ ਆਧਾਰ ਗ੍ਰੰਥ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਵਜੋਂ ਮਾਨਤਾ ਤੋਂ ਬਾਅਦ ਇਹ ਪਰੰਪਰਾ ਅੱਜ ਵੀ ਵਿਦਮਾਨ ਹੈ ।

ਉਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਇਹ ਪਰੰਪਰਾ ਕੇਵਲ ਸਿੱਖ ਧਰਮ ਦੇ ਕਿਰਿਆਤਮਿਕ ਸੰਗੀਤ/ਕੀਰਤਨ ਦੀ ਚਲੰਤ ਜਿਹੀ ਪ੍ਰਣਾਲੀ ਨਹੀਂ ਸਗੋਂ ਸ਼ਬਦ ਗੁਰੂ ਦਾ ਸੰਚਾਰ ਸੰਗੀਤ ਦੁਆਰਾ ਹੀ ਸੰਭਵ ਹੈ । ਅਜਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਸਪੱਸ਼ਟ ਹੋ ਰਿਹਾ ਹੈ । ਇਸ ਲਈ ਸਿੱਖ ਧਰਮ ਵਿੱਚ ਸੰਗੀਤ, ਗੁਰਮਤਿ ਸੰਗੀਤ ਦੇ ਵਿਸ਼ਿਸ਼ਟ ਰੂਪ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਵਰਤਮਾਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ-ਸੰਗ

ਵਿਦਮਾਨ ਹੈ । ਇਸ ਬਾਣੀ ਦੇ ਪ੍ਰਕਾਸ਼ ਅਤੇ ਬੋਧ ਲਈ ਸੰਗੀਤ ਮੁੱਖ ਸੰਚਾਰ ਜੁਗਤ ਵਜੋਂ ਵੀ ਪ੍ਰਯੋਗ ਹੋ ਰਿਹਾ ਹੈ । ਗੁਰਮਤਿ ਸੰਗੀਤ ਦੀ ਸਿਧਾਂਤ ਪਰੰਪਰਾ ਦੇ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਿਕ ਸੰਪਾਦਨਾ ਅਤੇ ਬਾਣੀ ਵਿਚਲੇ ਭਿੰਨ-ਭਿੰਨ ਫੁਰਮਾਨਾਂ, ਹਵਾਲਿਆਂ ਅਤੇ ਸੰਕੇਤਾਂ ਤੋਂ ਕੀਤੇ ਜਾ ਸਕਦੇ ਹਨ । ਇਸ ਦੇ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਇਹ ਪਰੰਪਰਾ ਕਿਰਿਆਤਮਿਕ ਰੂਪ ਵਿੱਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਨਿਤਾਪ੍ਰਤੀ ਦੇ ਅਧਿਆਤਮਿਕ ਕਰਮ ਦਾ ਅਨਿੱਖੜਵਾਂ ਅੰਗ ਹੈ । ਇਸ ਕਿਰਿਆਤਮਿਕਤਾ ਨੇ ਭਾਰਤੀ ਸੰਗੀਤ ਵਿੱਚ ਵਿਲੱਖਣ ਅਤੇ ਪਹਿਚਾਣਯੋਗ ਥਾਂ ਬਣਾਈ ਹੈ । ਇਸ ਪਰੰਪਰਾ ਨੇ ਆਪਣੀਆਂ ਪੂਰਵਕਾਲੀਨ ਅਤੇ ਸਮਕਾਲੀਨ ਧਾਰਮਿਕ ਅਤੇ ਸੰਗੀਤ ਪਰੰਪਰਾਵਾਂ ਵਿਚੋਂ ਅਨੇਕ ਤੱਤਾਂ ਅਤੇ ਉਪਕਰਣਾਂ ਨੂੰ ਗੁਰਮਤਿ ਅਨੁਸ਼ਾਸਨ ਦਾ ਧਾਰਣੀ ਬਣਾ ਕੇ ਗੁਰਮਤਿ ਸੰਗੀਤ ਨਾਮ ਵਿਸ਼ਿਸ਼ਟ ਪਰੰਪਰਾ ਵਜੋਂ ਸਥਾਪਿਤ ਰੂਪ ਗ੍ਰਹਿਣ ਕੀਤਾ ਹੈ ।

ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਗਾਇਨ ਰੂਪਾਂ ਨੂੰ ਨਿਵੇਕਲੇ ਅਤੇ ਮੌਲਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ । ਇਸ ਪ੍ਰਬੰਧ ਅਧੀਨ ਮੁੱਖ ਤੌਰ 'ਤੇ ਦੋ ਪ੍ਰਕਾਰ ਦੇ ਗਾਇਨ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ :-

(1) ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਦੇ ਅਧੀਨ ਧਰੁਪਦ, ਧਮਾਰ, ਖਿਆਲ, ਪੜਤਾਲ ਆਦਿ ਦਾ ਵਰਣਨ ਆਉਂਦਾ ਹੈ ।

(2) ਦੇਸੀ ਅੰਗ ਦੀਆਂ ਗਾਇਨ ਸ਼ੈਲੀਆਂ ਅਧੀਨ ਵਾਰ, ਅਲਾਹੁਣੀਆਂ, ਘੋੜੀਆਂ, ਕਰਹਲੇ, ਥਿਤੀ, ਸੋਹਲੇ, ਪਹਿਰੇ, ਰੁੰਦਾਵਣੀ, ਦਿਨ-ਰੈਣ, ਆਰਤੀ, ਅੰਜੁਲੀ, ਸਦ, ਕਾਫੀ, ਚਉਬੋਲੇ, ਡੱਖਣੇ, ਬਾਰ੍ਹਾਂ ਮਾਂਹ, ਬਿਰਹੜੇ, ਮੰਗਲ, ਰੁੱਤੀ, ਵਣਜਾਰਾ, ਕੁਚੱਜੀ, ਸੁਚੱਜੀ ਆਦਿ ਸ਼ੈਲੀਆਂ ਪ੍ਰਯੁਕਤ

ਹੁੰਦੀਆਂ ਹਨ । ਇੱਥੇ ਉਨ੍ਹਾਂ ਦੀ ਪਰਕ੍ਰਿਤੀ ਅਨੁਸਾਰ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਕਿ ਗੁਰਮਤਿ ਸੰਗੀਤ ਦਾ ਵਿਸ਼ਿਸ਼ਟ ਨਿਯਮ ਹੈ[1] ।

1. <u>ਧਰੁਪਦ</u> : ਗੁਰੂ ਗ੍ਰੰਥ ਸਾਹਿਬ ਵਿੱਚ ਧਰੁਪਦ ਸ਼ੈਲੀ ਦਾ ਪ੍ਰਯੋਗ ਮਿਲਦਾ ਹੈ ਜਿਸ ਨੂੰ ਸਿੱਖ ਕੀਰਤਨੀਆਂ ਅਤੇ ਰਬਾਬੀਆਂ ਨੇ ਅਪਣਾਇਆ । ਭਾਰਤੀ ਸੰਗੀਤ ਵਿੱਚ ਵੀ ਪ੍ਰਧਾਨਤਾ ਧਰੁਪਦ ਅੰਗ ਦੀ ਹੀ ਹੁੰਦੀ ਸੀ । ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਹਜ਼ੂਰੀ ਕੀਰਤਨੀਏ ਧਰੁਪਦ ਸ਼ੈਲੀ ਵਿੱਚ ਕੀਰਤਨ ਕਰਦੇ ਸਨ । ਸਾਰਾ ਗੁਰੂ ਗ੍ਰੰਥ ਸਾਹਿਬ ਧਰੁਪਦ ਅੰਗ ਤੇ ਆਧਾਰਿਤ ਹੈ ।

2. <u>ਖਿਆਲ</u> : ਉੱਤਰ ਭਾਰਤੀ ਸੰਗੀਤ ਵਿੱਚ ਖਿਆਲ ਗਾਇਨ ਦਾ ਬਹੁਤ ਮਹੱਤਵਪੂਰਨ ਸਥਾਨ ਹੈ । ਆਧੁਨਿਕ ਯੁੱਗ ਤਾਂ ਮੰਨਿਆ ਹੀ ਖਿਆਲ ਦਾ ਯੁੱਗ ਜਾਂਦਾ ਹੈ । ਪਰ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ ਮਿਲਦਾ ਹੈ, ਜਿਸ ਦਾ ਨਾਮ 'ਖਿਆਲ ਪਾਤਸ਼ਾਹੀ ੧੦' ਹੈ[2] ।

ਗੁਰੂ ਸਾਹਿਬ ਦੁਆਰਾ ਰਚਿਤ ਖਿਆਲ ਵਿੱਚ ਮੁਰੀਦ ਦੀ ਆਪਣੇ ਮੁਰਸ਼ਦ ਪ੍ਰਤੀ ਬਿਰਹਾ ਵੇਦਨਾ ਦਾ ਪ੍ਰਗਟਾਵਾ ਹੈ ਅਤੇ ਖੇੜਿਆਂ ਦੇ ਐਸ਼ਾਂ ਭਰੇ ਜੀਵਨ ਨਾਲੋਂ ਯਾਰੜੇ ਦੇ ਸੱਥਰ ਨੂੰ ਅਰਥਾਤ ਉਸ ਤੋਂ ਮਿਲੇ ਦੁੱਖਾਂ ਗਮਾਂ ਨੂੰ ਚੰਗਾ ਸਮਝਿਆ ਹੈ[3] ।

---

1. <u>ਅਦੁੱਤੀ ਗੁਰਮਤਿ ਸੰਗੀਤ ਸੰਮੇਲਨ</u> , ਪੰਨਾ 10
2. ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ਪੰਨਾ - 556.
3. ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ । ਪੰਨਾ- 556.

**ਅਸ਼ਟਪਦੀ :** ਅਸ਼ਟਪਦੀ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਅਸ਼ਟ (ਅੱਠ) ਪਦਾਂ ਦੀ ਕਾਵਿ ਰਚਨਾ ਹੈ । ਇਸ ਨੂੰ ਪ੍ਰਬੰਧ ਦੇ ਉੱਤਮ ਨਮੂਨੇ ਵਜੋਂ ਸਵੀਕਾਰਿਆ ਜਾਂਦਾ ਹੈ । ਇਹ ਸਨਾਤਨੀ ਕਾਵਿ ਦੇ ਅੰਤਰਗਤ ਆਉਣ ਵਾਲਾ ਕਾਵਿ ਰੂਪ ਹੈ ਜਿਸ ਵਿੱਚ ਦਰਸ਼ਨ ਤੇ ਧਰਮ ਦੇ ਵਿਭਿੰਨ ਸਿਧਾਂਤਾਂ ਨਾਲ ਸਬੰਧਿਤ ਅਤੇ ਗੰਭੀਰ ਕਿਸਮ ਦੇ ਬੌਧਿਕ ਵਿਚਾਰਾਂ ਦੀ ਪ੍ਰਸਤੁਤੀ ਕੀਤੀ ਜਾਂਦੀ ਹੈ । ਅਸ਼ਟਪਦੀ ਦਾ ਪ੍ਰਯੋਗ ਲੱਗਭਗ ਸਮੂਹ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਕੀਤਾ ਹੈ । ਇਹ ਇੱਕ ਪ੍ਰਚੱਲਿਤ ਤੇ ਸਥਾਪਿਤ ਕਾਵਿ ਰੂਪ ਹੈ ਜਿਸ ਦਾ ਪ੍ਰਯੋਗ ਗੁਰੂ ਸਾਹਿਬਾਨ ਤੋਂ ਪੂਰਵਲੇ ਸੰਤ ਭਗਤ ਕਵੀਆਂ ਦੀ ਬਾਣੀ ਵਿੱਚ ਉਪਲੱਬਧ ਹੁੰਦਾ ਹੈ ।

ਬੰਗਾਲ ਦੇ ਪ੍ਰਸਿੱਧ ਭਗਤ ਕਵੀ ਤੇ ਮਹਾਨ ਸੰਗੀਤਕਾਰ 'ਜੈ ਦੇਵ' ਨੇ ਮਾਲਵ, ਗੂਜਰੀ, ਬਸੰਤ, ਰਾਮਕਲੀ, ਕਰਨਾਟ, ਭੈਰਵੀ ਤੇ ਵਿਭਾਸ ਆਦਿ ਰਾਗਾਂ ਵਿੱਚ ਇਸ ਕਾਵਿ-ਰੂਪ ਦਾ ਪ੍ਰਯੋਗ ਕੀਤਾ ਹੈ । ਜੈ ਦੇਵ ਕ੍ਰਿਤ 'ਗੀਤ ਗੋਵਿੰਦ' ਦੀਆਂ ਅਸ਼ਟਪਦੀਆਂ ਭਾਰਤੀ ਸੰਗੀਤ ਅਤੇ ਭਾਰਤੀ ਸਾਹਿਤ ਦੀਆਂ ਮਹੱਤਵਪੂਰਨ ਰਚਨਾਵਾਂ ਹਨ । ਇਨ੍ਹਾਂ ਰਚਨਾਵਾਂ ਨੂੰ ਪ੍ਰਬੰਧ ਗਾਇਨ ਦੇ ਅੰਤਰਗਤ ਗਾਉਣ ਦੀ ਪਰੰਪਰਾ ਹੈ ।

ਗੁਰਬਾਣੀ ਵਿੱਚ ਗੁਰੂ ਸਾਹਿਬਾਨ ਨੇ ਅਸ਼ਟਪਦੀ ਦਾ ਕਾਫੀ ਪ੍ਰਯੋਗ ਕੀਤਾ ਹੈ । ਇਨ੍ਹਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਸੁਖਮਨੀ ਸਾਹਿਬ' ਇੱਕ ਪ੍ਰਸਿੱਧ ਬਾਣੀ ਰਚਨਾ ਹੈ ਜਿਸ ਦੀਆਂ 24 ਅਸ਼ਟਪਦੀਆਂ ਹਨ ਜਿਸ ਨੂੰ ਗੁਰੂ ਸਾਹਿਬ ਨੇ ਰਾਗ ਗਾਉੜੀ ਅਧੀਨ ਦਰਜ ਕੀਤਾ ਹੈ ।

ਗੁਰੂ ਨਾਨਕ ਦੇਵ ਨੇ 102 ਅਸ਼ਟਪਦੀਆਂ ਵੱਖਰੇ-ਵੱਖਰੇ ਰਾਗਾਂ ਵਿੱਚ ਅੰਕਿਤ ਕੀਤੀਆਂ ਹਨ ਜੋ ਮਨੁੱਖੀ ਜੀਵਨ ਦੇ ਸਦਾਚਾਰਿਕ ਤੇ ਧਾਰਮਿਕ ਵਿਵਹਾਰ ਨੂੰ ਦ੍ਰਿੜਾਉਂਦੀਆਂ ਹਨ । ਗੁਰਬਾਣੀ ਵਿੱਚ ਸ੍ਰਿਰੀ, ਮਾਝ, ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਆਸਾ, ਆਸਾ ਕਾਫ਼ੀ, ਗੂਜਰੀ, ਸੋਰਠਿ, ਸੂਹੀ, ਸੂਹੀ ਕਾਫ਼ੀ, ਬਿਲਾਵਲ, ਰਾਮਕਲੀ, ਰਾਮਕਲੀ ਦੱਖਣੀ, ਬਸੰਤ, ਭੈਰਵ, ਸਾਰੰਗ, ਮਲ੍ਹਾਰ, ਪ੍ਰਭਾਤੀ, ਪ੍ਰਭਾਤੀ ਵਿਭਾਸ ਤੇ ਪ੍ਰਭਾਤੀ ਦੱਖਣੀ ਆਦਿ ਰਾਗਾਂ ਵਿੱਚ ਗੁਰੂ ਸਾਹਿਬਾਨ ਨੇ ਅਸ਼ਟਪਦੀ ਦੀ ਰਚਨਾ ਕੀਤੀ ਹੈ ।

ਗੁਰੂ ਨਾਨਕ ਦੇਵ ਜੀ ਨੇ ਪਦਾਂ ਅਤੇ ਤੁਕਾਂ ਭਾਵ ਰਾਗ ਅਤੇ ਕਾਵਿ-ਲੈਅ ਅਨੁਸਾਰ ਕੁੱਝ ਵਾਧਾ ਘਾਟਾ ਕੀਤਾ ਹੈ । ਰਾਗ ਮਲ੍ਹਾਰ ਵਿੱਚ ਤੀਜੀ ਅਸ਼ਟਪਦੀ ਇੱਕ ਤੁਕ ਦੀ ਹੈ ਅਤੇ 'ਰਹਾਉ' ਤੋਂ ਬਿਨ੍ਹਾਂ ਇਹ ਗਿਣਤੀ 10 ਤੱਕ ਪਹੁੰਚਦੀ ਹੈ । ਰਾਗ ਰਾਮਕਲੀ ਵਿੱਚ ਨੌਵੀਂ ਅਸ਼ਟਪਦੀ ਵਿਚੋਂ ਇੱਕ-ਇੱਕ ਤੁਕ 25 ਤੁਕਾਂ ਤੱਕ ਹੈ । ਦੋ-ਦੋ ਤੁਕਾਂ ਜਾਂ ਇੱਕ-ਇੱਕ ਪਦ ਦੀਆਂ ਅਸ਼ਟਪਦੀਆਂ ਇਸ ਪ੍ਰਕਾਰ ਹਨ :-

ਗਉੜੀ ਰਾਗ ਵਿੱਚ ਛੇਵੀਂ, ਅੱਠਵੀਂ, ਸੋਲ੍ਹਵੀ, ਗੂਜਰੀ ਵਿੱਚ ਪਹਿਲੀ, ਰਾਗ ਸੂਹੀ ਵਿੱਚ ਪਹਿਲੀ, ਰਾਗ ਰਾਮਕਲੀ ਵਿੱਚ ਪਹਿਲੀ ਅਤੇ ਸੱਤਵੀਂ, ਰਾਗ ਮਾਰੂ ਵਿੱਚ ਦੂਜੀ, ਰਾਗ ਭੈਰਵ ਵਿੱਚ ਪਹਿਲੀ, ਰਾਗ ਸਾਰੰਗ ਵਿੱਚ ਦੋਵੇਂ, ਰਾਗ ਮਲ੍ਹਾਰ ਵਿੱਚ ਪਹਿਲੀ ਅਤੇ ਦੂਜੀ ਅਸ਼ਟਪਦੀ । ਕਈ ਵਾਰ ਇੱਕ ਪਦ ਤਿੰਨ-ਤਿੰਨ ਤੁਕਾਂ ਦਾ ਵੀ ਮਿਲਦਾ ਹੈ ।

ਵਿਦਵਾਨਾਂ ਨੇ ਅਸ਼ਟਪਦੀ ਨੂੰ ਪ੍ਰਮੁੱਖ ਤੌਰ 'ਤੇ ਇੱਕ ਕਾਵਿ ਰਚਨਾ ਵਜੋਂ ਹੀ ਸਵੀਕਾਰਿਆ ਹੈ । ਗੁਰਬਾਣੀ ਵਿੱਚ ਇਸ ਦੇ ਅਨੇਕ ਛੰਦ ਦ੍ਰਿਸ਼ਟੀਗੋਚਰ ਹੁੰਦੇ ਹਨ । ਉਦਾਹਰਣ

ਦੇ ਤੌਰ 'ਤੇ ਇਸ ਦੇ ਕੁੱਝ ਨਮੂਨੇ ਇਸ ਪ੍ਰਕਾਰ ਹਨ :-

ਰਾਗ ਗਉੜੀ ਦੀ ਅਸ਼ਟਪਦੀ ਜੋ ਚੌਪਈ ਛੰਦ ਵਿੱਚ ਹੈ :

ਨਾ ਮਨੁ ਮਰੈ ਨ ਕਾਰਜੁ ਹੋਇ ॥
ਮਨ ਵਸਿ ਦੂਤਾ ਦੁਰਮਤਿ ਦੋਇ ॥[1]

ਰਾਗ ਮਾਰੂ ਦੀ ਅਸ਼ਟਪਦੀ ਜੋ ਨਿਸ਼ਾਨੀ ਛੰਦ ਵਿੱਚ ਹੈ :

ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥
ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥[2]

ਰਾਗ ਮਲ੍ਹਾਰ ਵਿੱਚ ਦਰਜ ਅਸ਼ਟਪਦੀ ਜੋ ਸਾਰ ਛੰਦ ਵਿੱਚ ਹੈ :

ਚਕਵੀ ਨੈਨ ਨੀਂਦ ਨਹਿ ਚਾਹੈ ਬਿਨੁ ਪਿਰੁ ਨੀਂਦ ਨ ਪਾਈ ॥
ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਈ ॥ ੧ ॥[3]

ਸੰਗੀਤਕ ਦ੍ਰਿਸ਼ਟੀਕੋਣ ਤੋਂ ਅਸ਼ਟਪਦੀ ਦੇ ਪਿਛੋਕੜ ਦਾ ਅਧਿਐਨ ਕਰਦਿਆਂ ਸਾਡੇ ਸਾਹਮਣੇ ਇਹ ਤੱਤ ਉਜਾਗਰ ਹੁੰਦਾ ਹੈ ਕਿ ਭਾਰਤੀ ਸੰਗੀਤ ਵਿੱਚ ਪ੍ਰਚੱਲਿਤ (ਪ੍ਰਬੰਧ) ਸ਼ੈਲੀ ਦੇ ਅੰਤਰਗਤ ਆਉਣ ਵਾਲੀ ਰਚਨਾ ਹੈ । ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਸੁਖਮਨੀ' ਇੱਕ ਪ੍ਰਸਿੱਧ ਬਾਣੀ ਰਚਨਾ ਹੈ । ਨਿਸ਼ਚੇ ਹੀ ਇਨ੍ਹਾਂ ਰਚਨਾਵਾਂ ਨੂੰ ਪ੍ਰਬੰਧ ਸ਼ੈਲੀ ਤੋਂ ਗਾਇਨ ਦੀ ਪਰੰਪਰਾ ਰਹੀ ਹੋਵੇਗੀ ਜੋ ਵਰਤਮਾਨ ਸਮੇਂ ਪ੍ਰਚਾਰ ਵਿੱਚ ਨਹੀਂ ਹੈ ।

---

1. ਆਦਿ ਗ੍ਰੰਥ : ਪੰਨਾ 22
2. ਆਦਿ ਗ੍ਰੰਥ : ਪੰਨਾ 1012
3. ਆਦਿ ਗ੍ਰੰਥ : ਪੰਨਾ 1273

ਸੰਗੀਤ ਸ਼ਾਸਤਰਾਂ ਅਨੁਸਾਰ ਉਦਗ੍ਰਹਿ, ਮੇਲਾਪਕ, ਧਰੁਵ, ਆਭੋਗ ਅਤੇ ਅੰਤਰਾ ਪ੍ਰਬੰਧ ਗਾਇਨ ਦੇ ਵਿਭਿੰਨ ਧਾਤੂ ਹਨ । ਪ੍ਰਬੰਧ ਦੇ ਦੋਅੰਗ, ਤ੍ਰਿਅੰਗ, ਚਤੁਰੰਗ, ਪਚਾਂਗ ਵਰਗੇ ਵਿਭਿੰਨ ਸਰੂਪ ਪ੍ਰਚਾਰ ਵਿੱਚ ਹੋਣ ਕਰਕੇ ਉਪਰੋਕਤ ਧਾਤੂਆਂ ਦਾ ਸੰਗੀਤ ਸ਼ਾਸਤਰ ਅਨੁਸਾਰ ਪੂਰਨ ਪਾਲਣ ਜਰੂਰੀ ਨਹੀਂ ਪ੍ਰੰਤੂ ਫਿਰ ਵੀ ਇਸ ਦੇ ਗਾਇਨ ਸਰੂਪ ਲਈ ਉਦਗ੍ਰਹਿ, ਧਰੁਵ ਅਤੇ ਅੰਤਰੇ ਦਾ ਹੋਣਾ ਲਾਜ਼ਮੀ ਹੈ ।

ਜੈਦੇਵ ਦੀਆਂ ਅਸ਼ਟਪਦੀਆਂ ਵਿੱਚ ਵੀ ਉਦਗ੍ਰਹਿ, ਧਰੁਵ ਅਤੇ ਅੰਤਰੇ ਤਾਂ ਹਨ ਪ੍ਰੰਤੂ ਮੇਲਾਪਕ ਆਦਿ ਬਾਕੀ ਧਾਤੂਆਂ ਦਾ ਪੂਰਨ ਪਾਲਣ ਉਪਲੱਬਧ ਨਹੀਂ ਹੁੰਦਾ । ਗੁਰਬਾਣੀ ਵਿੱਚ ਰਚਿਤ ਅਸ਼ਟਪਦੀਆਂ ਵਿੱਚ ਅਜਿਹਾ ਵੇਖਣ ਵਿੱਚ ਆਉਂਦਾ ਹੈ ਕਿ ਇਨ੍ਹਾਂ ਰਚਨਾਵਾਂ ਵਿੱਚ ਪਦਿਆਂ ਦੀ ਗਿਣਤੀ ਸੱਤ, ਨੌਂ, ਦਸ, ਗਿਆਰਾਂ ਵੀ ਮਿਲਦੀ ਹੈ ਪਰ ਮਲ੍ਹਾਰ ਰਾਗ ਵਿੱਚ ਇੱਕ ਤੁਕੀ ਅਸ਼ਟਪਦੀ ਵੀ ਉਪਲੱਬਧ ਹਨ । ਪ੍ਰਬੰਧ ਗਾਇਨ ਅਨੁਸਾਰ ਅਸ਼ਟਪਦੀ ਦਾ ਗਾਇਨ ਸਿੱਖ ਕੀਰਤਨੀਆਂ ਵਿੱਚ ਹੁਣ ਪ੍ਰਚੱਲਿਤ ਨਹੀਂ ਹੈ । ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਅਸ਼ਟਪਦੀ ਨੂੰ ਨਾ ਕੇਵਲ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਸਥਾਨ ਦਿੱਤਾ ਸਗੋਂ ਉਨ੍ਹਾਂ ਦੇ ਪੂਰਬਲੇ ਅਤੇ ਸਮਕਾਲੀਨ ਭਗਤ ਕਵੀਆਂ ਨੇ ਵੀ ਇਸ ਨੂੰ ਅਪਣਾਇਆ ।

**ਪਦ** : 'ਪਦ' ਕਾਵਿ-ਛੰਦ ਹੈ । ਦੋ, ਤਿੰਨ, ਚਾਰ, ਪੰਜ ਅਤੇ ਛੇ ਬੰਦਾਂ ਨੂੰ ਦੁਪਦੇ, ਤਿਪਦੇ, ਚਉਪਦੇ, ਪੰਚ ਪਦੇ ਅਤੇ ਛੇ ਪਦੇ ਕਹਿੰਦੇ ਹਨ । 3 ਦੁਪਦੇ, 9 ਤਿਪਦੇ, 16 ਚਉਪਦੇ, 20 ਪੰਚ ਪਦੇ ਅਤੇ 5 ਛੇ ਪਦੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਵਰਤੇ ਹਨ[1] ।

---

1. ਤਾਰਨ ਸਿੰਘ (ਡਾ.) : ਗੁਰੂ ਨਾਨਕ ਚਿੰਤਨ ਤੇ ਕਲਾ , ਪੰਨਾ 43

ਪਦਿਆਂ ਦੇ ਭਾਵ ਨੂੰ ਪੂਰੀ ਲੈਅ ਵਿੱਚ ਰੱਖਿਆ ਹੈ ਪਰ ਪਿੰਗਲ ਦੇ ਅਨੁਸਾਰ ਲਿੱਕ-ਅੱਧ ਮਾਤਰਾ ਦੀ ਗਿਣਤੀ ਦਾ ਵਾਧਾ ਘਾਟਾ ਆਵੱਸ਼ ਹੈ ਜਿਵੇਂ :-

| | | |
|---|---|---|
| ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ | = | 33 |
| ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥ ੧ ॥ | = | 31 |
| ਮਨ ਏਕੁ ਨ ਚੇਤਸਿ ਮੂੜ ਮਨਾ ॥ | = | 16 |
| ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥ | = | 16 |
| ਨ ਹਉ ਜਤੀ ਸਤੀ ਨਹੀਂ ਪੜਿਆ ਮੂਰਖ ਮੁਗਧਾ ਜਨਮੁ ਭਇਆ ॥ | = | 32 |
| ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰੀਆ ॥ | = | 31 [1] |

ਪਹਿਲੀ ਪੰਕਤੀ ਵਿੱਚ 33 ਮਾਤ੍ਰਾਂ ਦੂਜੀ ਵਿੱਚ 31 ਹਨ । ਰਹਾਉ ਦੀ ਪੰਕਤੀ ਵਾਲੀਆਂ ਮਾਤ੍ਰਾਂ 16-16 ਹਨ ਪਰ ਇਨ੍ਹਾਂ ਦੀ ਕਾਵਿ ਲੈਅ ਵਿੱਚ ਕੋਈ ਫਰਕ ਨਹੀਂ ਪੈਂਦਾ - 'ਪਾਣੀ ਪਾਵਕ' 'ਪੰਕਜ ਮੋਹ ਪਗੁ' ਆਦਿ ।

ਪਦ ਰਚਨਾ ਨੂੰ ਮੱਧ ਕਾਲੀਨ ਭਾਰਤੀ ਸੰਗੀਤ ਪਰੰਪਰਾ ਵਿੱਚ ਧਰੁਪਦ ਅੰਗ ਤੋਂ ਗਾਇਆ ਜਾਂਦਾ ਹੈ । ਸੁਆਮੀ ਹਰਿਦਾਸ, ਤਾਨਸੈਨ, ਬੈਜੂ ਬਾਵਰਾ, ਰਾਮਦਾਸ ਨੇ ਧਰੁਪਦ ਸ਼ੈਲੀ ਵਿੱਚ ਕਈ ਰਚਨਾਵਾਂ ਕੀਤੀਆਂ ਅਤੇ ਇਨ੍ਹਾਂ ਦਾ ਖੂਬ ਪ੍ਰਚਾਰ ਕੀਤਾ । ਸੰਤ ਕਵੀਆਂ ਵਿੱਚ ਸੂਰਦਾਸ, ਕਬੀਰ ਦੁਆਰਾ ਰਚਿਤ ਪਦੇ ਵੀ ਧਰੁਪਦ ਗਾਇਨ ਸ਼ੈਲੀ ਦੇ ਉੱਤਮ ਨਮੂਨੇ ਹਨ । ਮੱਧਕਾਲ ਵਿੱਚ ਧਰੁਪਦ ਗਾਇਨ ਸ਼ੈਲੀ ਦਾ ਪ੍ਰਚਾਰ ਹੋਣ ਕਰਕੇ ਸੰਤ ਕਵੀਆਂ ਨੇ

---

1. <u>ਆਦਿ ਗ੍ਰੰਥ</u> : ਰਾਗ ਆਸਾ ਮਹਲਾ ੧ , ਪੰਨਾ

'ਪਦ' ਰਚਨਾਵਾਂ ਦਾ ਗਾਇਨ ਧਰੁਪਦ ਗਾਇਨ ਸ਼ੈਲੀ ਵਿੱਚ ਕੀਤਾ । ਗੁਰਬਾਣੀ ਵਿੱਚ ਅੰਕਿਤ ਪਦ ਰਚਨਾਵਾਂ ਨੂੰ ਰਾਗ, ਰਹਾਉ, ਅੰਕ, ਘਰ ਆਦਿ ਵਰਗੇ ਸੰਗੀਤਕ ਸੰਕੇਤਾਂ ਨਾਲ ਵਿਸ਼ਿਸ਼ਟ ਸਰੰਚਨਾ ਪ੍ਰਵਾਨ ਕੀਤੀ ਗਈ ਹੈ ਜੋ ਇਸ ਰਚਨਾ ਦੇ ਗਾਇਨ ਵਿੱਚ ਵਿਵਹਾਰਿਕ ਰੂਪ ਵਿੱਚ ਸਹਾਈ ਹੁੰਦੀ ਹੈ । ਇਸ ਤਰ੍ਹਾਂ ਗੁਰਬਾਣੀ ਦੀਆਂ ਵਿਭਿੰਨ ਪਦ ਰਚਨਾਵਾਂ ਨੂੰ ਧਰੁਪਦ ਗਾਇਨ ਅੰਗ ਤੋਂ ਗਾਏ ਜਾਣ ਦੀ ਪਰੰਪਰਾ ਬਾਣੀ ਪ੍ਰਬੰਧ ਦੀ ਵਿਸ਼ਿਸ਼ਟਤਾ ਹੈ ।

**ਪੜਤਾਲ :** ਪੜਤਾਲ ਗੁਰਮਤਿ ਸੰਗੀਤ ਦਾ ਇੱਕ ਵਿਸ਼ਿਸ਼ਟ ਅਤੇ ਅਪ੍ਰਸਿੱਧ ਕਾਵਿ ਰੂਪ ਹੈ ਜੋ ਸੰਗੀਤ ਵਿੱਚ ਗਾਇਨ ਪੱਖੋਂ ਵੀ ਬਾਕੀ ਸ਼ੈਲੀਆਂ ਨਾਲੋਂ ਨਿਵੇਕਲਾ ਅਤੇ ਮਹੱਤਵਪੂਰਨ ਹੈ । ਵਰਤਮਾਨ ਸਮੇਂ ਪੜਤਾਲ ਸ਼ੈਲੀ ਦਾ ਭਾਰਤੀ ਸੰਗੀਤ ਵਿੱਚ ਪ੍ਰਚਲਨ ਨਹੀਂ ਪ੍ਰੰਤੂ ਪੁਰਾਤਨ ਭਾਰਤੀ ਸੰਗੀਤ ਗ੍ਰੰਥਾਂ ਵਿੱਚ 'ਪਰਤਾਲੇਸ਼ਵਰ' ਨਾਮਕ ਗਾਇਨ ਸ਼ੈਲੀ ਨਾਲ ਇਸ ਦਾ ਅਸਿੱਧੇ ਤੌਰ 'ਤੇ ਸਬੰਧ ਜੋੜਿਆ ਜਾਂਦਾ ਹੈ [1] । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਿੰਨ-ਭਿੰਨ ਰਾਗਾਂ ਅਧੀਨ ਸ੍ਰੀ ਗੁਰੂ ਰਾਮਦਾਸ ਦੀਆਂ 19 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ 36 ਪੜਤਾਲਾਂ ਦਰਜ ਹਨ ।

ਪੜਤਾਲ ਸ਼ਬਦ ਦੀ ਰਚਨਾ 'ਪੜ + ਤਾਲ' ਸ਼ਬਦਾਂ ਦੇ ਮੇਲ ਤੋਂ ਹੋਈ ਹੈ । ਇਸ ਦੇ ਸ਼ਬਦਿਕ ਅਰਥਾਂ ਨੂੰ ਵੇਖਿਆ ਜਾਵੇ ਤਾਂ ਪੜਤਾਲ ਤੋਂ ਭਾਵ ਸ਼ਬਦ ਦਾ ਪਾਠ ਤਾਲ ਦੇ ਆਧਾਰ 'ਤੇ ਕੀਤਾ ਜਾਵੇ । ਪੜਤਾਲ ਨੂੰ ਪੱਟ ਤਾਲ, ਪਰਤ ਤਾਲ, ਪੰਚਤਾਲ, ਪੜਤ ਤਾਲ ਆਦਿ ਨਾਂਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ । ਇੱਕ ਸ਼ਬਦ ਜਾਂ ਪਦ ਦੀਆਂ ਵੱਖ-ਵੱਖ

---

1. ਸ੍ਰੀ ਮਾਨਵਲੀ ਰਾਮਕ੍ਰਿਸ਼ਨ ਕਵੀ : <u>ਭਰਤ ਕੋਸ਼</u> , ਪੰਨਾ 344

ਤੁਕਾਂ ਨੂੰ ਵੱਖ-ਵੱਖ ਤਾਲਾਂ ਵਿੱਚ ਗਾਉਣ ਨੂੰ 'ਪੜਤਾਲ' ਕਿਹਾ ਜਾਂਦਾ ਹੈ । ਜਿਵੇਂ ਇੱਕ ਬੰਦਿਸ਼ ਵੱਖ-ਵੱਖ ਰਾਗਾਂ ਦੇ ਪ੍ਰਯੋਗ ਨੂੰ ਰਾਗ ਸਾਗਰ ਜਾਂ ਰਾਗ ਮਾਲਾ ਕਹਿੰਦੇ ਹਨ ਉਵੇਂ ਹੀ ਇੱਕੋ ਬੰਦਿਸ਼ ਵਿੱਚ ਵੱਖ-ਵੱਖ ਤਾਲਾਂ ਦੇ ਅੰਤਰਗਤ ਗੀਤ ਨੂੰ ਗਾਉਣਾ 'ਪੜਤਾਲ' ਹੈ[1] । ਗੁਰਮਤਿ ਸੰਗੀਤ ਦੀਆਂ ਬਾਕੀ ਵਿਸ਼ਿਸ਼ਟ ਗਾਇਨ ਸ਼ੈਲੀਆਂ ਦੀ ਤਰ੍ਹਾਂ ਇਹ ਅਦੁੱਤੀ ਗਾਇਨ ਸ਼ੈਲੀ ਪੜਤਾਲ ਦਾ ਵੀ ਸਰੂਪ ਸਮੇਂ ਦੇ ਕਾਲ ਚੱਕਰ ਵਿੱਚ ਅਪ੍ਰਚੱਲਿਤ ਹੋ ਗਿਆ । ਸੋ ਇਸ ਸ਼ੈਲੀ ਦੇ ਸਬੰਧੀ ਵਿਦਵਾਨਾਂ ਵਿੱਚ ਕੋਈ ਮੱਤ-ਭੇਦ ਹੋ ਗਏ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਛੰਤ ਜਾਤਿ ਨਹੀਂ, ਕਿੰਤੂ ਚਾਰਤਾਲ ਦਾ ਭੇਦ ਪੜਤਾਲ ਹੈ, ਇਸ ਤਾਲ ਵਿੱਚ ਗਾਏ ਜਾਣ ਵਾਲੇ ਪਦਾਂ ਦੀ 'ਪੜਤਾਲ' ਸੰਗਯਾ ਹੋ ਗਈ ਹੈ, ਭਾਵੇਂ ਉਹ ਕਿਸੇ ਧਾਰਣਾ ਦੇ ਹੋਣ"[2] । ਪਰ ਪੜਤਾਲ ਨੂੰ ਚਾਰਤਾਲ ਦਾ ਭੇਦ ਪੜਤਾਲ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪੜਤਾਲ ਦੇ ਸਬੰਧ ਵਿੱਚ ਤਿੰਨ ਪ੍ਰਕਾਰ ਦੇ ਸਿਰਲੇਖ ਅੰਕਿਤ ਹਨ :

'ਕਾਨੜਾ ਮਹਲਾ ਪੜਤਾਲ ਘਰ[3]

'ਪ੍ਰਭਾਤੀ ਮਹਲਾ ਬਿਭਾਸ ਪੜਤਾਲ'[4]

'ਸਾਰੰਗ ਮਹਲਾ ਘਰ ਦੁਪਦੇ ਪੜਤਾਲ'[5]

---

1. ਦਰਸ਼ਨ ਸਿੰਘ ਨਰੂਲਾ (ਡਾ.) : ਗੁਰਬਾਣੀ ਸੰਗੀਤ ਬਾਰੇ , ਪੰਨਾ 76
2. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ , ਪੰਨਾ 747
3. ਆਦਿ ਗ੍ਰੰਥ : ਪੰਨਾ 1296
4. ਆਦਿ ਗ੍ਰੰਥ : ਪੰਨਾ 1341
5. ਆਦਿ ਗ੍ਰੰਥ : ਪੰਨਾ 1200

ਉਪਰੋਕਤ ਸਿਰਲੇਖਾਂ ਤੋਂ ਸਪੱਸ਼ਟ ਹੈ ਰਾਗ, ਮਹਲਾ, ਘਰ, ਕਾਵਿ-ਰੂਪ ਅਤੇ ਪੜਤਾਲ ਵੱਖਰੇ-ਵੱਖਰੇ ਸੰਕੇਤ ਹਨ। ਪੜਤਾਲ ਨੂੰ ਜੇਕਰ ਚਾਰਤਾਲ ਦਾ ਭੇਦ ਪਟਤਾਲ ਮੰਨ ਲਈਏ ਤਾਂ ਘਰੁ ਸਬੰਧੀ ਪ੍ਰਚੱਲਿਤ ਮੱਤ ਮੂਲੋਂ ਹੀ ਗਲਤ ਸਿੱਧ ਹੋ ਜਾਂਦਾ ਹੈ। ਇੱਥੇ ਹੀ ਬਸ ਨਹੀਂ ਘਰੁ ੧, ੨, ੩, ਆਦਿ ਪ੍ਰਯੋਗ ਕੀਤੇ ਗਏ ਹਨ ਜੋ ਇਸ ਗੱਲ ਦਾ ਸੰਕੇਤ ਹਨ ਕਿ ਪੜਤਾਲ ਕੇਵਲ ਕਿਸੇ ਇੱਕ ਤਾਲ ਦਾ ਸੰਕੇਤ ਨਹੀਂ। ਪ੍ਰਾਚੀਨ ਕੀਰਤਨੀਆਂ ਅਨੁਸਾਰ ਪੜਤਾਲ ਨੂੰ ਵੱਖ-ਵੱਖ ਪੰਜ ਤਾਲਾਂ ਦੇ ਅੰਤਰਗਤ ਗਾਇਨ ਕਰਨਾ ਹੈ। ਕੁਝ ਰਾਗੀ ਇਹ ਵਿਚਾਰ ਮੰਨਦੇ ਹਨ ਕਿ ਇਸ ਦਾ ਆਰੰਭ ਪੰਜ ਤਾਲ ਦੀ ਸਵਾਰੀ ਤੋਂ ਹੀ ਕਰਨਾ ਹੈ। ਇਨ੍ਹਾਂ ਵਿਚਾਰਾਂ ਨੂੰ ਛੱਡ ਕੇ ਸਰਬ ਪ੍ਰਵਾਨਿਤ ਵਿਚਾਰ ਅਨੁਸਾਰ ਇਸ ਸ਼ੈਲੀ ਦੇ ਸਬੰਧ ਵਿੱਚ ਉਪਰੋਕਤ ਚਿੰਨ ਉਪਲੱਬਧ ਹੁੰਦੇ ਹਨ :-

- ਪੜਤਾਲ ਅਧੀਨ ਸ਼ਬਦ ਦੀ ਸਥਾਈ ਦੀ ਤੁਕ ਲਈ ਇੱਕ ਤਾਲ ਹੀ ਰਹਿੰਦਾ ਹੈ। ਪਰ ਅੰਤਰੇ ਦੀਆਂ ਤੁਕਾਂ ਦੇ ਗਾਇਨ ਵੱਖ-ਵੱਖ ਪੰਜ ਤਾਲਾਂ ਵਿੱਚ ਕੀਤਾ ਜਾਂਦਾ ਹੈ।
- ਭਾਰਤੀ ਸੰਗੀਤ ਵਿੱਚ ਪੜਤਾਲ ਗਾਇਕੀ ਦਾ ਪ੍ਰਚਲਨ ਨਹੀਂ ਹੈ।

ਪੜਤਾਲ ਵਿੱਚ ਵਰਤੇ ਜਾਂਦੇ ਸ਼ਬਦਾਂ ਦੀ ਲੈਆਤਮਿਕਤਾ ਵਿਭਿੰਨ ਤਾਲਾਂ ਦੇ ਪ੍ਰਯੋਗ ਤੋਂ ਇਹ ਵੇਖਣਾ ਵੀ ਜਰੂਰੀ ਹੈ ਕਿ ਭਾਰਤੀ ਛੰਦ ਵਿਧਾਨ ਅਨੁਸਾਰ ਕਿਸ ਛੰਦ ਨਾਲ ਸਮਾਨਤਾ ਰੱਖਦੀ ਹੈ। ਭਾਰਤੀ ਕਾਵਿ ਸ਼ਾਸਤਰ ਅਨੁਸਾਰ ਸੰਗੀਤ ਛੰਦ ਅਜਿਹਾ ਛੰਦ ਹੈ ਜਿਸ ਵਿੱਚ ਵਾਦਯ ਸੰਗੀਤ ਅਥਵਾ ਮ੍ਰਿਦੰਗ ਦੇ ਬੋਲ ਆਉਂਦੇ ਹਨ ਅਤੇ ਜਿਨ੍ਹਾਂ ਦਾ ਪਾਠ ਲੈਅ, ਤਾਲ ਦਾ

ਖਿਆਲ ਰੱਖ ਕੇ ਕੀਤਾ ਜਾਂਦਾ ਹੈ[1] ।

ਦਸਮ ਗ੍ਰੰਥ ਵਿੱਚ ਵੀ ਇਸ ਛੰਦ ਦਾ ਪ੍ਰਯੋਗ ਕੀਤਾ ਗਿਆ ਹੈ ਜਿਸ ਦਾ ਸਧਾਰਣ ਪਾਠ ਕਰਨ ਤੇ ਹੀ ਪਤਾ ਲੱਗਦਾ ਹੈ ਕਿ ਇਸ ਵਿੱਚ ਵਰਤੇ ਗਏ ਸ਼ਬਦ ਤਾਲ ਅਤੇ ਮ੍ਰਿਦੰਗ ਦੇ ਬੋਲਾਂ ਅਨੁਸਾਰ ਹਨ । ਪੜਤਾਲ ਰਚਨਾ ਦੇ ਸ਼ਬਦਾਂ ਦੀ ਲੈਅ ਵੀ ਭਿੰਨ-ਭਿੰਨ ਤਾਲਾਂ ਦੇ ਅਨੁਰੂਪ ਹੈ । ਭਾਰਤੀ ਸੰਗੀਤ ਕੋਸ਼ ਵਿੱਚ ਦਰਜ 'ਪੜਤਾਲ' ਨਾਮਕ ਤਕਨੀਕੀ ਸ਼ਬਦ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ "ਮ੍ਰਿਦੰਗ ਦੇ ਬੋਲਾਂ ਦੇ ਵਿਭਿੰਨ ਸ਼ਬਦ ਜਾਂ ਵਾਦਯ ਜਿਸ ਰੂਪ ਵਿਚੋਂ ਰੱਖਾਂ ਦੁਆਰਾ ਕੱਢੇ ਜਾਂਦੇ ਹਨ, ਉਸ ਨੂੰ ਪੜਤਾਲ ਕਿਹਾ ਜਾਂਦਾ ਹੈ । ਦੂਸਰੇ ਅਰਥਾ ਦੇ ਅਨੁਸਾਰ ਕਿਸੇ ਵੀ ਸਲੋਕ ਦੀ ਬਾਣੀ ਦੇ ਛੰਦ ਦੇ ਅਨੁਰੂਪ ਅਵਨਧ ਵਾਦਯ ਉੱਤੇ ਵਾਦਨ ਉਪਯੋਗੀ ਬੋਲਾਂ ਨੂੰ ਸ਼ਬਦ ਬਾਣੀ ਵਿੱਚ ਪੜਤਾਲ ਕਿਹਾ ਜਾਂਦਾ ਹੈ "[2] ।

ਇਸ ਪਰਿਭਾਸ਼ਾ ਤੋਂ ਪਤਾ ਲੱਗਦਾ ਹੈ ਕਿ ਮ੍ਰਿਦੰਗ ਆਦਿ ਬੋਲਾਂ ਦੇ ਧਾਰਨੀ ਕਾਵਿ-ਬੋਲਾਂ ਵਿੱਚ ਰਚਨਾ ਨੂੰ ਪੜਤਾਲ ਕਿਹਾ ਜਾਂਦਾ ਹੈ । ਪੜਤਾਲ ਵਿੱਚ ਤਾਲ ਦਾ ਵਾਰ-ਵਾਰ ਪਰਤਾਵ ਵੀ ਇਸੇ ਲੈਆਤਮਿਕਤਾ ਦੀ ਵਿਭਿੰਨਤਾ ਉਪਰ ਆਧਾਰਿਤ ਹੈ ।

ਕੁਝ ਰਾਗੀ ਸਿੰਘ ਪੜਤਾਲ ਦਾ ਗਾਇਨ ਪੰਜ ਤਾਲਾਂ ਵਿੱਚ ਮੰਨਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪੜਤਾਲਾਂ ਦੇ ਅੰਤਰੇ ਦੀਆਂ ਤੁਕਾਂ ਦੋ ਜਾਂ ਤਿੰਨ ਵੀ

---

1. ਭਾਈ ਕਾਨ੍ਹ ਸਿੰਘ ਨਾਭਾ : ਗੁਰੂ ਛੰਦ ਦਿਵਾਕਰ , ਪੰਨਾ 82
2. ਚੌਧਰੀ ਵਿਮਲਾਕਾਂਤ ਰਾਏ : ਭਾਰਤੀਯ ਸੰਗੀਤ ਕੋਸ਼ , ਪੰਨਾ 70

ਮਿਲਦੀਆਂ ਹਨ । ਉਦਾਹਰਣ ਦੇ ਤੌਰ ਤੇ ਰਾਗ ਮਲ੍ਹਾਰ ਅਧੀਨ ਪੜਤਾਲ 'ਘਟਾ ਗਰਜਤ ਗੋਬਿੰਦ ਰੂਪ'[1] ਵਿੱਚ ਅੰਤਰੇ ਦੀਆਂ ਦੋ ਤੁਕਾਂ ਹੀ ਹਨ । ਇਸ ਲਈ ਹਰ ਪੜਤਾਲ ਵਿੱਚ ਪੰਜ ਤਾਲਾਂ ਦਾ ਪ੍ਰਯੋਗ ਨਹੀਂ ਹੋ ਸਕਦਾ ।

ਪੜਤਾਲ ਸ਼ੈਲੀ ਦੀ ਲੈਆਤਮਿਕਤਾ, ਵਿਭਿੰਨ ਤਾਲਾਂ ਦੇ ਪ੍ਰਯੋਗ ਤੋਂ ਇਸ ਵਿੱਚ ਕਲਾਤਮਿਕ ਪੱਖ ਭਾਰੂ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਇਸ ਤਰ੍ਹਾਂ ਨਹੀਂ ਹੈ । ਪੜਤਾਲ ਇੱਕ ਕਠਿਨ ਗਾਇਨ ਸ਼ੈਲੀ ਹੈ । ਪੜਤਾਲ ਦੇ ਗਾਇਨ ਲਈ ਗਾਇਕ ਨੂੰ ਜਿੱਥੇ ਜ਼ਿਆਦਾ ਅਭਿਆਸ ਦੀ ਜਰੂਰਤ ਹੈ ਉਥੇ ਧਰੁਪਦ, ਧਮਾਰ ਅਤੇ ਹੋਰ ਗਾਇਨ ਸ਼ੈਲੀਆਂ ਦਾ ਪੂਰਣ ਗਿਆਨ ਵੀ ਜਰੂਰੀ ਹੈ ਕਿਉਂ ਜੋ ਇਸ ਵਿਚਲੀ ਗਾਇਕੀ ਦੀਆਂ ਭਿੰਨ-ਭਿੰਨ ਪਰਤਾਂ ਵਿੱਚ ਇਨ੍ਹਾਂ ਗਾਇਨ ਸ਼ੈਲੀਆਂ ਦੇ ਰੰਗ ਵੀ ਨਜ਼ਰ ਆਉਂਦੇ ਹਨ,। ਰਿਆਜ਼ ਨਾਲ ਤਾਲਾਂ ਦਾ ਬਦਲਾਣ ਸਹਿਜੇ ਰੂਪ ਵਿੱਚ ਹੋ ਜਾਂਦਾ ਹੈ ਅਤੇ ਗੁਰਮਤਿ ਸੰਗੀਤ ਅਨੁਸਾਰ ਸ਼ਬਦ ਪ੍ਰਧਾਨ ਗਾਇਕੀ ਦੇ ਲਕਸ਼ ਦੀ ਪ੍ਰਾਪਤੀ ਹੋ ਸਕਦੀ ਹੈ । ਪੜਤਾਲਾਂ ਗਾਇਕੀ ਦੀ ਸੂਚੀ ਪੰਨਾ ੪੯੩ ਤੋਂ ੪੯੯ ਤਕ ਵੇਖੋ.

ਪੜਤਾਲ ਸ਼ੈਲੀ ਵਿੱਚ ਵਿਭਿੰਨ ਤਾਲਾਂ ਦਾ ਪ੍ਰਯੋਗ ਹੋਣ ਦੇ ਬਾਵਜੂਦ ਰਾਗ ਇੱਕ ਹੀ ਰਹਿੰਦਾ ਹੈ । ਪੜਤਾਲ ਦਾ ਗਾਇਨ ਕਰਨ ਲਈ ਬਾਕੀ ਸ਼ੈਲੀਆਂ ਦੀ ਤਰ੍ਹਾਂ 'ਰਹਾਉ' ਦੀ ਤੁਕ ਨੂੰ ਸਥਾਈ ਦੇ ਰੂਪ ਵਿੱਚ ਕਿਸੇ ਇੱਕ ਤਾਲ ਦੇ ਅੰਤਰਗਤ ਰੱਖਿਆ ਜਾਂਦਾ ਹੈ । ਅੰਤਰੇ ਦੀ ਤੁਕ ਨੂੰ ਵਿਭਿੰਨ ਤਾਲਾਂ ਅਧੀਨ ਗਾਇਨ ਕਰਨ ਉਪਰੰਤ ਫਿਰ ਸਥਾਈ ਤਾਲ ਵਿੱਚ ਪਰਤਿਆ ਜਾਂਦਾ ਹੈ ਅੰਤਰੇ ਦੀ ਤੁਕ ਪਿੱਛੋਂ ਤਾਲ ਨਾਲ ਤਿਹਾਈ ਲਗਾ ਕੇ ਸਥਾਈ ਦੀ

---

1. <u>ਆਦਿ ਗ੍ਰੰਥ</u> : ਮਲ੍ਹਾਰ ਮਹਲਾ 5 , ਪੰਨਾ 1273

ਤੁਕ ਦਾ ਗਾਇਨ ਕੀਤਾ ਜਾਂਦਾ ਹੈ । ਜੇ ਤਿਹਾਈ ਨਾ ਹੋਵੇ ਤਾਂ ਸ਼ਬਦਾਂ ਦਾ ਦੁਹਰਾਉ ਕਰਕੇ ਜਾਂ ਤਾਨ ਮੁਕਾ ਕੇ ਮੁਕਾਇਆ ਜਾਂਦਾ ਹੈ । ਇਸ ਤੋਂ ਪਿਛੋਂ ਸਾਧਾਰਣ ਰੂਪ ਵਿਚ ਸਮ ਤੋਂ ਸਥਾਈ ਵਿੱਚ ਪ੍ਰਵੇਸ਼ ਕੀਤਾ ਜਾਂਦਾ ਹੈ ।

ਉਪਰੋਕਤ ਵਿਸ਼ਲੇਸ਼ਣ ਤੋਂ ਪੜਤਾਲ ਗਾਇਨ ਦੇ ਨਿਵੇਕਲੇ ਸਰੂਪ ਦਾ ਆਭਾਸ ਸਹਿਜੇ ਹੀ ਹੋ ਜਾਂਦਾ ਹੈ । ਇਸ ਤਰ੍ਹਾਂ ਪੜਤਾਲ ਗਾਇਕੀ ਜਿੱਥੇ ਕਲਾਤਮਿਕ ਉੱਚਤਾ ਦੀ ਧਾਰਣੀ ਹੈ ਉਥੇ ਇਹ ਭਰਪੂਰ ਰਿਆਜ਼, ਅਮੀਰ ਆਵਾਜ਼ ਅਤੇ ਸੰਗੀਤ ਦਾ ਉੱਤਮ ਗਿਆਨ ਚਾਹੀਂਦਾ ਹੈ । ਗੁਰਮਤਿ ਸੰਗੀਤ ਦਾ ਇਹ ਗਾਇਨ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਗਾਇਨ-ਮੁਖੀ ਸੁਭਾ ਨੂੰ ਪੂਰਨ ਰੂਪ ਵਿੱਚ ਉਜਾਗਰ ਕਰਦਾ ਹੈ ਅਤੇ ਇਸ ਨੂੰ ਸਿੱਧੇ ਤੌਰ ਤੇ ਸੰਗੀਤ ਨਾਲ ਜੋੜਦਾ ਹੈ । ਜਿਹੜਾ ਸੰਗੀਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਰਸ਼ਨ ਗੁਰਮਤਿ ਦਾ ਅਨੁਸਾਰੀ ਹੈ, ਉਹ ਗੁਰਮਤਿ ਸੰਗੀਤ ਹੈ । ਵਰਤਮਾਨ ਸਮੇਂ ਵਿੱਚ ਇਸ ਗਾਇਕੀ ਦੀ ਸੁਰੱਖਿਆ, ਸੰਭਾਲ ਅਤੇ ਪ੍ਰਚਾਰ ਇਸ ਪਰੰਪਰਾ ਦੇ ਵਿਰਸੇ ਨੂੰ ਮੁੜ ਸੁਰਜੀਤ ਕਰਨ ਦਾ ਵਿਸ਼ੇਸ਼ ਤੌਰ ਤੇ ਲੋੜੀਂਦਾ ਯਤਨ ਹੋਵੇਗਾ ।

**ਛੰਤ** : ਛੰਤ ਪੰਜਾਬੀ ਲੋਕ ਕਾਵਿ ਦਾ ਇੱਕ ਅੰਗ ਹੈ । ਛੰਤ ਦੇ ਸਬੰਧ ਵਿੱਚ ਵਿਦਵਾਨਾਂ ਨੇ ਭਿੰਨ-ਭਿੰਨ ਅਰਥ ਲਏ ਹਨ । ਛੰਤ ਸੰਸਕ੍ਰਿਤ ਦੇ ਛੰਦਸ ਸ਼ਬਦ ਦਾ ਵਿਕਸਿਤ ਰੂਪ ਹੈ ਅਤੇ ਇਸ ਵਿੱਚ ਮਾਤਰਾ, ਵਰਣ, ਗਤਿ ਆਦਿ ਦੇ ਨਿਯਮ ਹਨ ।[1] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਪਦ ਕਾਵਿ ਨੂੰ ਛੰਤ ਕਿਹਾ ਜਾਂਦਾ ਹੈ"[2] । ਭਾਈ ਵੀਰ ਸਿੰਘ

---

1. ਬ੍ਰਹਤ ਹਿੰਦੀ ਕੋਸ਼ , ਪੰਨਾ 464
2. ਭਾਈ ਕਾਨ੍ਹ ਸਿੰਘ ਨਾਭਾ : ਗੁਰੂ ਛੰਦ ਦਿਵਾਕਰ , ਪੰਨਾ 187

ਨੇ ਇਸ ਨੂੰ ਕਾਵਿ ਦੀ ਕੋਈ ਰਚਨਾ, ਹਰੀ ਜਸ ਦਾ ਗੀਤ ਕਿਹਾ ਹੈ [1] । ਲੋਕਾਂ ਵਿੱਚ ਇਸ ਦਾ ਪ੍ਰਯੋਗ ਉਨ੍ਹਾਂ ਗੀਤਾਂ ਲਈ ਹੁੰਦਾ ਹੈ ਜੋ ਵਿਆਹ ਦੇ ਅਵਸਰ ਤੇ ਲਾੜਾ ਆਪਣੀਆਂ ਸਾਲੀਆਂ ਨੂੰ ਸੁਣਾਉਂਦਾ ਹੈ [2] । ਵਿਆਹ ਸ਼ਾਦੀ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤਾਂ ਨੂੰ ਛੰਤ ਕਿਹਾ ਜਾਂਦਾ ਹੈ । ਛੰਤ ਸ਼ਿੰਗਾਰ ਕਾਵਿ ਦਾ ਉੱਤਮ ਨਮੂਨਾ ਹੈ । ਪੰਜਾਬੀ ਲੋਕ ਛੰਤ ਵਿੱਚ ਛੰਤ ਦੀਆਂ ਤੁਕਾਂ ਨੂੰ ਦੋ ਭਾਗਾਂ ਵਿੱਚ ਵਿਭਾਜਿਤ ਕਰਕੇ ਅਤੇ ਹਰ ਭਾਗ ਦੇ ਅਖੀਰਲੇ ਸ਼ਬਦ ਨੂੰ ਲਮਕਾ ਕੇ ਕ੍ਰਿਆਸ਼ ਸਾਹਿਤ ਗਾਇਨ ਕਰਦੇ ਹਨ । ਇਨ੍ਹਾਂ ਛੰਤਾਂ ਦਾ ਗਾਇਨ ਜਿਆਦਾ ਤਰ ਪੀਲੂ, ਖਮਾਜ ਰਾਗਾਂ ਵਿੱਚ ਕੀਤਾ ਜਾਂਦਾ ਹੈ । ਗੁਰਬਾਣੀ ਵਿੱਚ ਛੰਤ ਕਾਵਿ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਭਿੰਨ ਰਾਗਾਂ (ਗਉੜੀ, ਗਉੜੀ ਪੂਰਬੀ, ਆਸਾ, ਵਡਹੰਸ, ਧਨਾਸਰੀ, ਬਿਲਾਵਲ ਦੱਖਣੀ ਆਦਿ) ਦੇ ਅੰਤਰਗਤ ਦਰਜ ਹੈ । ਛੰਤ ਦੇ ਆਮ ਤੌਰ 'ਤੇ ਚਾਰ ਬੰਦ ਹੁੰਦੇ ਹਨ ਅਤੇ ਹਰ ਬੰਦ ਵਿੱਚ ਛੇ ਤੁਕਾਂ ਹੁੰਦੀਆਂ ਹਨ । ਪਰ ਗੁਰਬਾਣੀ ਵਿੱਚ ਛੰਤ ਦੇ ਪਦਿਆਂ ਦੀ ਸੰਖਿਆ ਸੱਤ, ਅੱਠ, ਨੌ, ਸਤਾਰਾਂ ਵੀ ਮਿਲਦੀ ਹੈ । ਛੰਤਾਂ ਵਿੱਚ ਦਰਜ ਅੰਕ ਇੱਕ ਛੰਤ ਪੂਰਾ ਹੋਣ ਦਾ ਸੂਚਕ ਹਨ ।

ਛੰਤਾਂ ਦਾ ਗਾਇਨ ਕ੍ਰਮਵਾਰ ਗਾਉਣ ਦੀ ਰੀਤ ਹੈ । ਇਸ ਲਈ ਛੰਤਾਂ ਨੂੰ ਸਥਾਈ, ਅੰਤਰੇ ਵਿੱਚ ਵਿਭਾਜਿਤ ਨਹੀਂ ਕੀਤਾ ਜਾਂਦਾ । ਗੁਰਬਾਣੀ ਵਿੱਚ ਅੰਕਿਤ ਛੰਤ-ਕਾਵਿ

---

1. ਭਾਈ ਵੀਰ ਸਿੰਘ : ਸ੍ਰੀ ਗੁਰੂ ਗ੍ਰੰਥ ਕੋਸ਼ , ਪੰਨਾ 333

2. ਪੰਜਾਬੀ ਕੋਸ਼ (ਭਾਗ ਦੂਜਾ) , ਭਾਸ਼ਾ ਵਿਭਾਗ , ਪੰਨਾ 433

ਜਿੱਥੇ ਮੂਲ ਲੋਕ-ਕਾਵਿ ਸ਼ਬਦਾਵਲੀ ਨੂੰ ਕਾਇਮ ਰੱਖਦਾ ਹੈ ਉੱਥੇ ਇਸ ਵਿੱਚ ਲੈਅ ਅਨੁਸਾਰ ਸ਼ਬਦਾਂ ਦਾ ਲਮਕਾਅ ਸ਼ਬਦਾਂ ਅਤੇ ਸਵਰਾਂ ਦਾ ਦੁਹਰਾਉ ਬੜੇ ਸੁਭਾਵਿਕ ਰੂਪ ਵਿੱਚ ਮੌਜੂਦ ਹੈ। ਸਿੱਖ ਜਗਤ ਵਿੱਚ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਨ ਉਪਰੰਤ ਮਹਾਰਾਜ ਦੀ ਸਵਾਰੀ ਨੂੰ ਵਿਸ਼ਰਾਮ ਵਾਲੇ ਸਥਾਨ ਤੇ ਲਿਜਾਂਦੇ ਸਮੇਂ 'ਜਿਥੇ ਜਾਇ ਬਹੈ ਮੇਰਾ ਸਤਿਗੁਰੂ' ਛੰਤ ਦਾ ਗਾਇਨ ਕੀਤਾ ਜਾਂਦਾ ਹੈ। ਇਸ ਦਾ ਗਾਇਨ ਚਲਦੇ ਚਲਦੇ ਬਿਰ੍ਹਾਂ ਸਾਰ੍ਹਾਂ ਤੋਂ ਸਮੂਹਿਕ ਰੂਪ ਵਿੱਚ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ 'ਆਸਾ ਦੀ ਵਾਰ' ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ ਰਚਿਤ ਛੰਤਾਂ ਦਾ ਰੋਜ਼ਾਨਾ ਗਾਇਨ ਕਰਨ ਦੀ ਪਰੰਪਰਾ ਹੈ।

<u>ਅਲਾਹੁਣੀ</u> : ਅਲਾਹੁਣੀ ਸ਼ਬਦ ਅਲਾਹਣਾ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਸਰਾਹੁਣਾ। ਅਲਾਹੁਣੀ ਦਾ ਸ਼ਾਬਦਿਕ ਅਰਥ ਹੈ ਸ਼ਲਾਘਾ ਜਾਂ ਉਸਤਤਿ ਦੀ ਕਵਿਤਾ, ਉਹ ਗੀਤ ਜਿਸ ਵਿੱਚ ਕਿਸੇ ਦੇ ਗੁਣ ਗਾਏ ਜਾਣ। ਖਾਸ ਕਰਕੇ ਮੋਏ ਪ੍ਰਾਣੀ ਦੇ ਗੁਣ ਕਰਮ ਕਹਿ ਕੇ ਜੋ ਗੀਤ ਗਾਇਆ ਜਾਂਦਾ ਹੈ, ਉਸ ਦਾ ਨਾਮ ਅਲਾਹੁਣੀ ਹੈ[1]।

ਅਲਾਹੁਣੀ ਗਾਇਨ ਕਰਨ ਦੀ ਆਪਣੀ ਪਰੰਪਰਾ ਹੈ, ਇਹ ਮ੍ਰਿਤਕ ਪ੍ਰਾਣੀ ਦੀ ਬਿਰਾਦਰੀ ਦੀਆਂ ਸਾਰੀਆਂ ਔਰਤਾਂ ਮਿਲ ਕੇ ਗਾਉਂਦੀਆਂ ਹਨ। ਇਸ ਕਾਵਿ ਰੂਪ ਵਿੱਚ ਮਿਰਾਸਨ ਮੁਖੀ ਹੁੰਦੀ ਹੈ। ਸਾਰੀਆਂ ਔਰਤਾਂ ਇੱਕ ਦਾਇਰੇ ਵਿੱਚ ਖਲੋ ਜਾਂਦੀਆਂ ਹਨ ਅਤੇ ਵਿਚਕਾਰ ਨਾਇਣ ਜਾਂ ਮਿਰਾਸਨ ਖੜਦੀ ਹੈ। ਮਿਰਾਸਨ ਅਲਾਹੁਣੀ ਬੋਲਦੀ ਹੈ

---

1. ਭਾਈ ਕਾਨ੍ਹ ਸਿੰਘ ਨਾਭਾ : <u>ਮਹਾਨ ਕੋਸ਼</u>, ਪੰਨਾ 85

ਅਤੇ ਸਾਰੀਆਂ ਔਰਤਾਂ ਪਿੱਛੇ-ਪਿੱਛੇ ਬੋਲਦੀਆਂ ਹਨ ਅਤੇ ਨਾਲ ਹੀ ਸਭ ਆਪਣੇ ਹੱਥ ਛਾਤੀ ਅਤੇ ਪੱਟਾਂ ਤੇ ਮਾਰ ਕੇ ਪਿੱਟਦੀਆਂ ਹਨ । ਸਭ ਦੇ ਹੱਥ ਇੱਕ ਲੈਅ ਵਿੱਚ ਉਠਦੇ ਹਨ । ਅਲਾਹੁਣੀ ਦਾ ਗਾਇਨ ਬਿਨ੍ਹਾਂ ਸਾਜ਼ ਤੋਂ ਕੀਤਾ ਜਾਂਦਾ ਹੈ । ਇਸ ਦੀ ਆਪਣੀ ਹੀ ਇੱਕ ਪਹਿਚਾਣ ਹੈ । ਇਸ ਵਿੱਚ ਖਾਸ ਹੇਕ, ਅਲਾਪ ਜਾਂ ਲਮਕਾਅ ਹੁੰਦਾ ਹੈ ਜੋ ਉਸ ਦ੍ਰਿਸ਼ ਨੂੰ ਸੋਗਮਈ, ਕਰੁਣਾਮਈ ਬਣਾ ਦਿੰਦਾ ਹੈ । ਅਲਾਹੁਣੀਆਂ ਨੂੰ ਕਿਸੇ ਹੋਰ ਮੌਕੇ ਤੇ ਗਾਉਣਾ ਅਸ਼ੁਭ ਮੰਨਿਆ ਜਾਂਦਾ ਹੈ । ਅਲਾਹੁਣੀਆਂ ਉਮਰ ਅਤੇ ਲਿੰਗ ਮੁਤਾਬਿਕ ਹੁੰਦੀਆਂ ਹਨ ਜਿਵੇਂ ਬੱਚੇ ਦੀ ਮੌਤ ਤੇ ਅਲਾਹੁਣੀ ਵਿੱਚ ਮਮਤਾ ਦੀ ਝਲਕ ਵਿਸ਼ੇਸ਼ ਵਿਖਾਈ ਦਿੰਦੀ ਹੈ, ਜਵਾਨ ਦੀ ਮੌਤ ਤੇ ਅਲਾਹੁਣੀ ਵਿੱਚ ਕਰੁਣਾ ਰਸ ਵਿਸ਼ੇਸ਼ ਹੁੰਦਾ ਹੈ । ਇਸ ਤਰ੍ਹਾਂ ਮਰਦ ਦੀ ਮੌਤ ਤੇ ਅਲਾਹੁਣੀ ਵਿੱਚ ਮਰਦਾਨਾਂ ਗੁਣ ਅਤੇ ਜਨਾਨੀ ਦੀ ਮੌਤ ਤੇ ਇਸ ਵਿੱਚ ਜਨਾਨਾ ਗੁਣ ਹੁੰਦੇ ਹਨ ।

ਵੈਣ ਅਤੇ ਕੀਰਨੇ ਵੀ ਅਲਾਹੁਣੀਆਂ ਦਾ ਹੀ ਰੂਪ ਹਨ । ਪਰ ਦੋ ਇਸਤਰੀਆਂ ਇੱਕ ਦੂਸਰੇ ਦੇ ਗਲ ਲੱਗ ਕੇ ਪਾਉਂਦੀਆਂ ਹਨ ਜਾਂ ਇਕੱਲੀ ਇਸਤਰੀ ਮੂੰਹ ਢੱਕ ਕੇ ਪਾਉਂਦੀ ਹੈ ਪਰ ਅਲਾਹੁਣੀ ਸਮੂਹ ਇਸਤਰੀਆਂ ਮਿਲ ਕੇ ਗਾਉਂਦੀਆਂ ਹਨ । ਅਲਾਹੁਣੀਆਂ ਦੀਆਂ ਕਈ ਵੰਨਗੀਆਂ ਮਿਲਦੀਆਂ ਹਨ ਪਰ ਸਭਨਾਂ ਵਿੱਚ ਇੱਕੋ ਭਾਵਨਾ ਹੁੰਦੀ ਹੈ - ਦਿਲੀ ਵੇਦਨਾ ਅਤੇ ਅਰਮਾਨਾਂ ਦਾ ਪ੍ਰਗਟਾਅ[1] ।

---

1. ਬੇਦੀ ਸੋਹਿੰਦਰ ਸਿੰਘ : <u>ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼</u> , ਪੰਨਾ 258

ਗੁਰਬਾਣੀ ਅੰਤਰਗਤ ਅਲਾਹੁਣੀ ਵਿੱਚ ਸੰਸਾਰ ਨੂੰ ਨਾਸ਼ਵਾਨ ਦੱਸਦੇ ਹੋਏ, ਜੀਵ ਨੂੰ ਪਰਮਾਤਮਾ ਦੀ ਰਜ਼ਾ ਵਿੱਚ ਰਹਿਣ, ਉੱਤਮ ਕੰਮ ਕਰਨ, ਮੌਤ ਨੂੰ ਯਾਦ ਰੱਖਣ ਅਤੇ ਪ੍ਰਭੂ ਭਗਤੀ ਦਾ ਉਪਦੇਸ਼ ਦਿੱਤਾ ਹੈ। ਅਲਾਹੁਣੀ ਦਾ ਗਾਇਨ ਪ੍ਰਾਣੀ ਦੇ ਅਕਾਲ ਚਲਾਣੇ ਉਪਰੰਤ ਦੇਹ ਨੂੰ ਦਾਗ ਦੇਣ ਮਗਰੋਂ ਕੀਤਾ ਜਾਂਦਾ ਹੈ[1]। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਲ ਨੌਂ ਅਲਾਹੁਣੀਆਂ ਹਨ ਜਿਨ੍ਹਾਂ ਵਿੱਚ ਪੰਜ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਤੇ ਚਾਰ ਗੁਰੂ ਅਮਰਦਾਸ ਜੀ ਦੁਆਰਾ ਰਾਗ ਵਡਹੰਸ ਅਧੀਨ ਰਚਿਤ ਹਨ। ਇਹਨਾਂ ਨੂੰ ਭੈਰਵੀ ਰਾਗ ਵਿੱਚ ਵੀ ਗਾਇਨ ਕਰਨ ਦੀ ਪ੍ਰਥਾ ਹੈ[2]। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅਲਾਹੁਣੀ ਦੇ ਚਾਰ ਬੰਦ ਹਨ ਅਤੇ ਹਰ ਬੰਦ ਵਿੱਚ ਛੇ ਤੁਕਾਂ ਹਨ ਪਰ ਰਾਗ ਵਡਹੰਸ ਦੇ ਦੱਖਣੀ ਪ੍ਰਕਾਰ ਦੀ ਅਲਾਹੁਣੀ ਵਿੱਚ ਅੱਠ ਬੰਦ ਹਨ ਅਤੇ ਹਰ ਬੰਦ ਚਾਰ ਤੁੱਕਾਂ ਦਾ ਧਾਰਨੀ ਹੈ। ਇਸ ਵਿੱਚ ਸਥਾਈ ਵਜੋਂ ਰਹਾਉ ਦੀ ਤੁਕ ਵੀ ਅੰਕਿਤ ਹੈ ਜਦੋਂ ਕਿ ਬਾਕੀ ਅਲਾਹੁਣੀਆਂ ਨੂੰ ਸਥਾਈ ਅੰਤਰੇ ਵਿੱਚ ਵਿਭਾਜਿਤ ਨਹੀਂ ਕੀਤਾ ਗਿਆ। ਇਹ ਕ੍ਰਮਵਾਰ ਹੀ ਗਾਈਆਂ ਜਾਂਦੀਆਂ ਹਨ। ਅਲਾਹੁਣੀ ਦੇ ਅਨੁਕੂਲ ਵਾਤਾਵਰਨ ਲਈ ਜਿੱਥੇ ਰੋਵਣ, ਮਰਨ, ਰੋਈਐ, ਵਿਛੋੜਾ, ਪਛਤਾਏ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਉਥੇ ਗਾਇਨ ਦੀ ਮੂਲ ਭਾਵਨਾ ਧਿਆਨ ਵਿੱਚ ਰੱਖਦੇ ਹੋਏ ਲਾਮਕਾਮ ਅਤੇ ਹੇਕ ਦੇ ਅਨੁਕੂਲ ਅੰਤਿਮ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਅਲਾਹੁਣੀ ਦੀ ਖਾਸ ਪਹਿਚਾਨ ਹਨ।

---

1. ਗੁਰਮਤਿ ਸੰਗੀਤ ਪਰੰਪਰਾ ਪਰ ਹੁਣ ਤੱਕ ਮਿਲੀ ਖੋਜ (ਭਾਗ ਚੌਥਾ), ਪੰਨਾ 141
2. ਗੀਤਾ ਪੈਂਤਲ : ਪੰਜਾਬ ਦੀ ਸੰਗੀਤ ਪਰੰਪਰਾ, ਪੰਨਾ 43

<u>ਮੁੰਦਾਵਣੀ</u> : ਮੁੰਦਾਵਣੀ ਦਾ ਅਰਥ ਹੈ ਬੁਝਾਰਤ, ਅੜਾਉਣੀ, ਜਿਸ ਵਿੱਚ ਭਾਵ ਜਾਂ ਅਰਥ ਮੁੰਦ ਕੇ, ਬੰਦ ਕਰਕੇ ਜਾਂ ਲੁਕਾ ਕੇ ਰੱਖਿਆ ਹੋਵੇ, ਐਸੀ ਗੱਲ ਜੋ ਕੋਈ ਛੇਤੀ ਨਾਲ ਨਾ ਬੁਝ ਸਕੇ [1] । ਮੁੰਦਾਵਣੀ ਇੱਕ ਰੀਤ ਹੈ ਜੋ ਪੋਠੋਹਾਰ ਵਿੱਚ ਹੁਣ ਤੱਕ ਵੀ ਪ੍ਰਚੱਲਿਤ ਹੈ । ਇਸ ਅਨੁਸਾਰ ਜੰਞ ਜਦੋਂ ਰੋਟੀ ਖਾਣ ਬੈਠਦੀ ਹੈ ਤਾਂ ਕੁੜੀਆਂ ਬੁਝਾਰਤਾਂ ਪਾ ਕੇ ਥਾਲੀ ਬੰਨ੍ਹ ਦਿੰਦੀਆਂ ਹਨ, ਉਹ ਬੁੱਝੀ ਜਾਵੇ ਤਾਂ ਜੰਞ ਰੋਟੀ ਖਾਂਦੀ ਹੈ, ਇਸ ਨੂੰ ਵੀ ਮੁੰਦਾਵਣੀ ਕਿਹਾ ਜਾਂਦਾ ਹੈ । ਇਨ੍ਹਾਂ ਗੀਤਾਂ ਵਿੱਚ ਥਾਲ ਵਿੱਚ ਪਈਆਂ ਵਸਤੂਆਂ ਦਾ ਜ਼ਿਕਰ ਹੁੰਦਾ ਹੈ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਮੁੰਦਾਵਣੀ ਮੋਹਰ ਜਾਂ ਛਾਪ ਲਾਉਣ ਦੀ ਕਿਰਿਆ ਹੈ" । ਮੁੰਦਾਵਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰ ਅਨੁਸਾਰ ਇਸ ਦੀ ਅੰਤਿਮ ਮੋਹਰ ਹੈ । ਇਸ ਦੇ ਸੰਪਾਦਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਮਹਾਨ ਗ੍ਰੰਥ ਥਾਲ ਵਿੱਚ ਸਤਿ, ਸੰਤੋਖ ਅਤੇ ਨਾਮ ਜੋ ਕੁਲ ਕਾਇਨਾਤ ਦਾ ਆਸਰਾ ਹਨ, ਜੋ ਕੋਈ ਇਸ ਨਾਮ ਨੂੰ ਖਾਏਗਾ, ਵਿਚਾਰ ਕਰੇਗਾ ਉਸਦਾ ਕਲਿਆਣ ਹੋਵੇਗਾ । ਜ਼ਾਹਿਰ ਹੈ ਮੁੰਦਾਵਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਾਰਸ਼ਨਿਕ ਬੁਝਾਰਤ ਦੇ ਅਰਥਾਂ ਵਿੱਚ ਵੀ ਮੋਹਰ ਦੇ ਅਰਥਾਂ ਵਿੱਚ ਵੀ ਹੈ [2] । ਸਿੱਖ ਧਰਮ ਵਿੱਚ ਮੁੰਦਾਵਣੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਸਮੇਂ ਅਤੇ ਰੋਜ਼ਾਨਾ ਸ਼ਾਮ ਨੂੰ ਰਹਿਰਾਸ ਪਾਠ ਦੇ ਵਿੱਚ ਗਾਇਨ ਕਰਨ ਦੀ ਪਰੰਪਰਾ ਹੈ । ਇਸ ਦਾ ਗਾਇਨ ਬਿਨ੍ਹਾਂ ਸਾਜ਼ ਤੋਂ ਸਮੂਹਿਕ ਰੂਪ ਵਿੱਚ ਕੀਤਾ ਜਾਂਦਾ ਹੈ ।

---

1. ਭਾਈ ਵੀਰ ਸਿੰਘ : <u>ਸ੍ਰੀ ਗੁਰੂ ਗ੍ਰੰਥ ਕੋਸ਼</u> , ਪੰਨਾ 744

2. ਗਿੱਲ ਮਹਿੰਦਰ ਕੌਰ : <u>ਆਦਿ ਗ੍ਰੰਥ ਲੋਕ ਰੂਪ</u> , ਪੰਨਾ 86

<u>ਘੋੜੀਆਂ</u> : ਘੋੜੀਆਂ ਪੰਜਾਬ ਦਾ ਲੋਕ-ਪ੍ਰਿਯ ਕਾਵਿ ਰੂਪ ਹੈ । ਵਿਆਹ ਦੇ ਮੌਕੇ ਤੇ ਲਾੜੇ ਦੇ ਘੋੜੀ ਚੜ੍ਹਨ ਵੇਲੇ ਭੈਣਾਂ ਆਪਣੇ ਵੀਰ ਦਾ ਸ਼ਗਨ ਮਨਾਉਣ ਲਈ ਜਿਸ ਪ੍ਰਕਾਰ ਦਾ ਗੀਤ ਗਾਉਂਦੀਆਂ ਹਨ, ਘੋੜੀ ਲੋਕ-ਕਾਵਿ ਰੂਪ ਦੇ ਅੰਤਰਗਤ ਜਾਣਿਆ ਜਾਂਦਾ ਹੈ । ਘੋੜੀਆਂ ਵਿੱਚ ਤੁਕ ਦੇ ਅਖੀਰਲੇ ਸ਼ਬਦ ਨੂੰ **ਵਿਸ਼ੇਸ਼** ਲਮਕਾਅ ਸਹਿਤ ਗਾਇਨ ਕੀਤਾ ਜਾਂਦਾ ਹੈ ਅਤੇ ਇਸ ਲਈ ਕਿਸੇ ਸਾਜ਼ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਪਰ ਵਿਆਹ ਤੋਂ ਕੁਝ ਦਿਨ ਪਹਿਲਾਂ ਸ਼ਗਨ ਲਈ ਗਾਏ ਗੀਤ ਘੋੜੀ ਲਈ ਢੋਲਕੀ ਲਈ ਵਰਤੋਂ ਕੀਤੀ ਜਾਂਦੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਲਈ ਇਸ ਕਾਵਿ ਰੂਪ ਦਾ ਪ੍ਰਯੋਗ ਕੀਤਾ । ਗੁਰੂ ਰਾਮਦਾਸ ਜੀ ਦੀਆਂ ਰਾਗ ਵਡਹੰਸ ਅਧੀਨ ਦੋ ਘੋੜੀਆਂ ਅੰਕਿਤ ਹਨ ਜਿਨ੍ਹਾਂ ਵਿੱਚ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਪ੍ਰਭੂ ਦੇ ਮਿਲਾਪ ਦੇ ਸਾਧਨਾਂ ਦਾ ਵਰਣਨ ਹੈ । ਇਨ੍ਹਾਂ ਵਿੱਚ ਮਨੁੱਖੀ ਦੇਹ ਨੂੰ ਘੋੜੀ ਦੇ ਪ੍ਰਤੀਕ ਰਾਹੀਂ ਰੂਪਮਾਨ ਕੀਤਾ ਗਿਆ ਹੈ । ਉਸ ਜੀਵ-ਆਤਮਾ ਨੂੰ ਧੰਨਤਾ ਯੋਗ ਦੱਸਿਆ ਗਿਆ ਹੈ ਜੋ ਦੇਹ ਰੂਪੀ ਘੋੜੀ ਉੱਤੇ ਉਸ ਪ੍ਰਭੂ ਦੀ ਸਿਫਤ ਸਲਾਹ ਦੀ ਕਾਠੀ ਪਾ ਕੇ ਗੁਰੂ ਦੇ ਗਿਆਨ ਨੂੰ ਲਗਾਮ ਬਣਾ ਕੇ ਇਸ ਸੰਸਾਰ ਦੇ ਔਖੇ ਮਾਰਗਾਂ ਨੂੰ ਪਾਰ ਕਰਦੀ ਹੋਈ ਲੋਕ ਪਰਲੋਕ ਦੀ ਯਾਤਰਾ ਤਹਿ ਕਰਦੀ ਹੈ । ਗੁਰੂ ਸਾਹਿਬਾਨ ਨੇ ਘੋੜੀਆਂ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ਾਸਤਰੀ ਸੰਗੀਤਕ ਸੰਕੇਤ ਰਾਗ, ਰਹਾਉ ਅਤੇ ਅੰਕਾਂ ਦਾ ਪ੍ਰਯੋਗ ਕੀਤਾ । ਇਹ ਘੋੜੀਆਂ ਸਥਾਈ ਅੰਤਰੇ ਵਿੱਚ ਵਿਭਾਜਿਤ ਹੋਣ ਕਾਰਨ ਇਨ੍ਹਾਂ ਨੂੰ ਲੋਕ ਸੰਗੀਤ ਦੀ ਤਰ੍ਹਾਂ ਕ੍ਰਮਵਾਰ ਗਾਇਨ ਕਰਨ ਦੀ ਬਜਾਏ ਅੰਤਰਿਆਂ ਸਹਿਤ ਗਾਇਨ

ਕਰਨ ਦੀ ਪਰੰਪਰਾ ਹੈ ।

ਅੰਜੁਲੀ : ਪ੍ਰਾਣੀ ਦੀ ਚੁਲੀ ਦੇਵਤਿਆਂ ਤੇ ਪਿੱਤਰਾਂ ਨੂੰ ਅਰਪਣ ਕਰਨ ਦੀ ਰੀਤ ਨਾਲ ਸੰਬੰਧਿਤ ਕਾਵਿ ਰੂਪ ਅੰਜੁਲੀ ਹੈ । ਲੋਕ ਵਿਸ਼ਵਾਸ਼ ਅਨੁਸਾਰ ਇਹ ਪਾਣੀ ਮਰੇ ਹੋਏ ਪ੍ਰਾਣੀ ਨੂੰ ਅਗਲੇ ਲੋਕ ਵਿੱਚ ਪ੍ਰਾਪਤ ਹੁੰਦਾ ਹੈ । ਗੁਰੂ ਨਾਨਕ ਦੇਵ ਜੀ ਦੀਆਂ ਮਾਰੂ ਰਾਗ ਵਿੱਚ ਦੋ ਅੰਜੁਲੀਆਂ ਦਰਜ ਹਨ । ਰੂਪਕਾਰ ਦੀ ਦ੍ਰਿਸ਼ਟੀ ਤੋਂ ਇਹ ਦੋਵੇਂ ਰਚਨਾਵਾਂ ਦੇ ਅੱਠ-ਅੱਠ ਬੰਦ ਹਨ ਅਤੇ ਹਰ ਬੰਦ ਦੀਆਂ ਪਹਿਲੀਆਂ ਦੋ ਤੁਕਾਂ ਛੋਟੀਆਂ ਅਤੇ ਤੀਸਰੀ ਤੁਕ ਲੰਬੀ ਹੈ । ਇਨ੍ਹਾਂ ਵਿੱਚ 'ਰਹਾਉ' ਦੀ ਤੁਕ ਦਾ ਪਾਲਣ ਨਹੀਂ ਕੀਤਾ ਗਿਆ । ਇਨ੍ਹਾਂ ਰਚਨਾਵਾਂ ਵਿੱਚ ਬਿਰਖ ਦੇ ਰੂਪ ਤੋਂ ਸੰਸਾਰ ਦੀ ਨਾਸ਼ਵਾਨਤਾ ਦਾ ਵਰਨਨ ਹੈ ।

ਗੁਰਮਤਿ ਸੰਗੀਤ ਦੇ ਉਪਰੋਕਤ ਤੱਤਾਂ ਤੇ ਕਾਰਜਸ਼ੀਲ ਵਿਭਿੰਨ ਇਕਾਈਆਂ ਤੋਂ ਸਪਸ਼ਟ ਹੈ ਕਿ ਇਹ ਸਾਰੇ ਤੱਤ ਤੇ ਇਕਾਈਆਂ ਸੰਯੁਕਤ ਰੂਪ ਵਿੱਚ ਕਾਰਜਸ਼ੀਲ ਰਹਿ ਕੇ ਗੁਰਮਤਿ ਸੰਗੀਤ ਦੀ ਪ੍ਰਸਤੁਤੀ ਦਾ ਕਾਰਜ ਨਿਭਾਉਂਦੇ ਹਨ ਇਨ੍ਹਾਂ ਨੂੰ ਸੰਯੁਕਤ ਰੂਪ ਵਿੱਚ ਇਕ ਪ੍ਰਬੰਧ ਦ੍ਰਿਸ਼ਟੀ ਤੋਂ ਵਾਚਿਆ ਤੇ ਪ੍ਰਯੋਗ ਕੀਤਾ ਜਾ ਸਕਦਾ ਹੈ ।

# ਅਧਿਆਇ ਦੂਜਾ

*************
***********
**********
********
******
****
**
*

## ਮੱਧ-ਕਾਲੀਨ ਧਾਰਮਿਕ ਸੰਗੀਤ ਪਰੰਪਰਾਵਾਂ

## ਭਾਰਤੀ ਸੰਗੀਤ ਦੀ ਅਧਿਆਤਮਿਕ ਪਿੱਠ ਭੂਮੀ :

ਭਾਰਤੀ ਧਰਮਾਂ ਦੇ ਇਤਿਹਾਸ ਵਿੱਚ ਇਸ਼ਟ ਦੀ ਸਾਧਨਾ ਹਿੱਤ ਸਾਧਕ ਸਦੀਆਂ ਤੋਂ ਆਪਣੇ - ਆਪਣੇ ਧਰਮ ਅਨੁਸਾਰ ਕਾਰਜਸ਼ੀਲ ਰਹੇ ਹਨ । ਇਨ੍ਹਾਂ ਦੀਆਂ ਸਾਧਨਾਵਾਂ ਵਿੱਚ ਕਈ ਭਿੰਨਤਾਵਾਂ ਦੇ ਬਾਵਜੂਦ ਹਰ ਸਾਧਕ ਜੀਵ ਜੀ ਸਾਧਨਾ ਦਾ ਉਦੇਸ਼ ਇਕੋ ਹੀ ਹੈ । ਭਾਰਤੀ ਲੋਕਾਂ ਵਿੱਚ ਇਸ ਵੰਨ - ਸੁਵੰਨੀ ਧਰਮ ਭਾਵਨਾ ਨੇ ਕੇਵਲ ਦਾਰਸ਼ਨਿਕ ਵਾਦਾਂ ਅਤੇ ਧਾਰਮਿਕ ਮੱਤਾਂ ਨੂੰ ਹੀ ਜਨਮ ਨਹੀਂ ਦਿੱਤਾ ਸਗੋਂ ਇਥੋਂ ਦੀਆਂ ਕਲਾਵਾਂ ਉੱਪਰ ਵੀ ਗਹਿਰਾ ਪ੍ਰਭਾਵ ਪਾਇਆ ਹੈ । ਇਥੋਂ ਤੱਕ ਕਿ ਇਹਨਾਂ ਕਲਾਵਾਂ ਦੇ ਅਧਿਐਨ ਅਤੇ ਵਿਆਖਿਆਵਾਂ ਵਿੱਚ ਧਰਮ ਦੀ ਮੂਲ ਪ੍ਰਵਿਰਤੀ ਪਾਈ ਜਾਂਦੀ ਹੈ । ਇਸ ਖੋਜ-ਕਾਰਜ ਦੀ ਸੀਮਾਂ ਨੂੰ ਮੁੱਖ ਰੱਖਦਿਆਂ ਜੇਕਰ ਸੰਗੀਤ ਸੰਦਰਭ ਵਿੱਚ ਵਾਚੀਏ ਤਾਂ ਸੰਗੀਤ ਦੀ ਉੱਤਪਤੀ ਅਤੇ ਇਸ ਦੇ ਪ੍ਰਯੋਜਨ ਦੀ ਬੁਨਿਆਦ ਵਿੱਚ ਉਪਰੋਕਤ ਤੱਥ ਦੇ ਪ੍ਰਮਾਣ ਸਹਿਜੇ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ । ਸੰਗੀਤ ਦੀ ਉੱਤਪਤੀ ਸਬੰਧੀ ਮੂਲ ਰੂਪ ਵਿੱਚ ਪ੍ਰਚੱਲਿਤ ਮੱਤਾਂ ਵਿਚੋਂ ਸਰਬ ਪ੍ਰਥਮ ਅਤੇ ਵਧੇਰੇ ਪ੍ਰਚੱਲਿਤ ਮੱਤ ਅਧੀਨ ਸੰਗੀਤ ਨੂੰ ਦੈਵੀ ਸਿਰਜਨਾ ਮੰਨਿਆ ਗਿਆ ਹੈ । ਸੰਗੀਤ ਦੀ ਉੱਤਪਤੀ ਸਬੰਧੀ ਵਿਭਿੰਨ ਮੱਤ ਪ੍ਰਚੱਲਿਤ ਹਨ । ਵਿਸ਼ੇਸ਼ ਕਰਕੇ ਵਿਭਿੰਨ ਧਰਮਾਂ ਨੇ ਸੰਗੀਤ ਦੀ ਉੱਤਪਤੀ ਨੂੰ ਆਪੋ-ਆਪਣੇ ਧਰਮਾਂ ਨਾਲ ਜੋੜਿਆ ਹੈ । ਭਾਵੇਂ ਇਨ੍ਹਾਂ ਦੇ ਪ੍ਰਮਾਣਿਕ ਹੋਣ ਬਾਰੇ ਕੋਈ ਵਿਸ਼ੇਸ਼ ਪ੍ਰਮਾਣ ਉਪਲੱਬਧ ਨਹੀਂ ਪ੍ਰੰਤੂ ਵਿਭਿੰਨ ਪੁਸਤਕਾਂ ਵਿੱਚ ਇਨ੍ਹਾਂ ਦਾ ਉਲੇਖ ਪ੍ਰਾਪਤ ਹੁੰਦਾ ਹੈ । ਸੰਗੀਤ ਦਰਪਣ ਦੇ ਰਚੇਤਾ ਪੰਡਿਤ ਦਮੋਦਰ ਨੇ ਸੰਗੀਤ ਨੂੰ ਮੁਕਤੀਦਾਇਕ ਸਵੀਕਾਰਦਿਆਂ ਇਸ ਦਾ

ਜਨਮ ਬ੍ਰਹਮਾ ਦੁਆਰਾ ਮੰਨਿਆ ਹੈ । ਹਿੰਦੂ ਧਰਮ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਬ੍ਰਹਮਾ ਜੀ ਤੋਂ ਇਹ ਕਲਾ ਸ਼ਿਵ ਜੀ ਨੂੰ, ਸਰਸਵਤੀ ਤੋਂ ਨਾਰਦ ਜੀ, ਨਾਰਦ ਜੀ ਤੋਂ ਸਵਰਗਾਂ ਦੇ ਗੰਧਰਵ, ਕਿੰਨਰ ਅਤੇ ਇਸ ਉਪਰੰਤ ਅਪਸਰਾਵਾਂ ਨੂੰ ਪ੍ਰਾਪਤ ਹੋਈ । ਇਥੋਂ ਭਰਤ, ਨਾਰਦ ਅਤੇ ਹਨੂਮਾਨ ਭੂ-ਲੋਕ ਵਿੱਚ ਸੰਗੀਤ ਨੂੰ ਪ੍ਰਚਾਹਰਨ ਲਈ ਆਏ ।

ਵੱਖ - ਵੱਖ ਹਿੰਦੂ ਦੇਵੀ ਦੇਵਤਿਆਂ ਦੇ ਚਿੱਤਰਾਂ ਵਿੱਚ ਉਨ੍ਹਾਂ ਦੁਆਰਾ ਧਾਰਣ ਕੀਤੇ ਗਏ ਵਿਭਿੰਨ ਸੰਗੀਤ ਸਾਜ਼ ਇਸ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ ਜਿਵੇਂ ਕਿ ਸ਼ਿਵ ਜੀ ਦੇ ਹੱਥ ਵਿੱਚ ਡਮਰੂ, ਸਰਸਵਤੀ ਦੇ ਹੱਥ ਵਿੱਚ ਵੀਣਾ, ਭਗਵਾਨ ਵਿਸ਼ਨੂੰ ਦੇ ਹੱਥ ਵਿੱਚ ਸੰਖ, ਸ੍ਰੀ ਕ੍ਰਿਸ਼ਨ ਭਗਵਾਨ ਦੇ ਹੱਥ ਵਿੱਚ ਬੰਸਰੀ, ਨਾਰਦ ਜੀ ਦੇ ਹੱਥ ਵਿੱਚ ਇੱਕਤਾਰਾ ਵਰਨਣਯੋਗ ਹਨ ।

ਸੰਗੀਤ ਦੀ ਉੱਤਪਤੀ ਸਬੰਧੀ ਵਰਤਮਾਨ ਧਾਰਨਾਵਾਂ ਵਿਚੋਂ ਪਰਾਕ੍ਰਿਤਕ ਅਤੇ ਵਿਗਿਆਨਿਕ ਮੱਤਾਂ ਅਨੁਸਾਰ ਸੰਗੀਤ ਦੀ ਉੱਤਪਤੀ ਤੇ ਵਿਕਾਸ ਮਾਨਵੀ ਵਿਕਾਸ ਦੇ ਸਮਾਨੰਤਰ ਹੁੰਦਾ ਰਿਹਾ । ਮਾਨਵੀ ਵਿਕਾਸ ਦੇ ਇਹ ਵੱਖ-ਵੱਖ ਪੜਾਅ ਸੰਗੀਤ ਦੇ ਵਿਕਾਸ ਦਾ ਵਾਸਤਵਿਕ ਚਿੱਤਰ ਪੇਸ਼ ਕਰਦੇ ਹਨ । ਆਪਣੇ ਮਨੋਭਾਵਾਂ ਦੇ ਪ੍ਰਗਟਾਅ ਲਈ ਮਾਨਵ ਕਿਸੇ ਨਾ ਕਿਸੇ ਰੂਪ ਵਿੱਚ ਸੰਗੀਤ ਦਾ ਪ੍ਰਯੋਗ ਕਰਦਾ ਰਿਹਾ ਹੈ । ਕਿਸੇ ਵਸਤੂ ਦੀ ਪ੍ਰਾਪਤੀ, ਜਗਿਆਸਾ, ਸਮੱਸਿਆ ਦੇ ਹੱਲ ਜਾਂ ਖੁਸ਼ ਮਨ ਦੀ ਕਿਸੇ ਵੀ ਸਥਿਤੀ ਵਿੱਚ ਜਦੋਂ ਮਨੁੱਖ ਨੱਚਦਾ, ਟੱਪਦਾ ਜਾਂ ਭਿੰਨ-ਭਿੰਨ ਕਿਸਮ ਦੀਆਂ ਅਵਾਜ਼ਾਂ ਕੱਢਦਾ ਸੀ ਤਾਂ ਇਹੋ ਸੰਗੀਤ ਦਾ ਆਰੰਭਿਕ ਪ੍ਰਯੋਗ ਸੀ । ਮਾਨਵ ਨੇ ਆਪਣੇ ਤੋਂ ਸ਼ਕਤੀਸ਼ਾਲੀ ਅਤੇ ਅਪਹੁੰਚ ਸ਼ਕਤੀਆਂ ਨੂੰ ਦੇਵੀ ਦੇਵਤਿਆਂ ਦੇ ਰੂਪ ਵਿੱਚ ਚਿੱਤਰਿਆ (ਜਿਵੇਂ ਅੱਗ, ਪਾਣੀ, ਹਵਾ, ਸੂਰਜ, ਧਰਤੀ ਆਦਿ) ਤਾਂ ਇਨ੍ਹਾਂ ਨੂੰ ਰਿਝਾਉਣ ਲਈ ਆਪਣੇ ਜੀਵਨ ਦੀ

ਮਹੱਤਵਪੂਰਨ ਪ੍ਰਗਟਾ-ਮਾਧਿਅਮ ਸੰਗੀਤ ਦਾ ਪ੍ਰਯੋਗ ਕੀਤਾ ਕਿਉਂ ਕਿ ਸੰਗੀਤ ਜਦੋਂ ਸਧਾਰਣ ਮਾਨਵ ਨੂੰ ਆਨੰਦਿਤ ਕਰ ਸਕਦਾ ਸੀ ਤਾਂ ਇਨ੍ਹਾਂ ਸ਼ਕਤੀਆਂ ਅਤੇ ਦੇਵਤਿਆਂ ਦਾ ਖੁਸ਼ ਹੋਣਾ ਵੀ ਸੁਭਾਵਿਕ ਹੀ ਸਮਝਿਆ ਜਾਂਦਾ ਸੀ । ਸੰਗੀਤ ਦਾ ਇਸ ਕਿਸਮ ਦਾ ਪ੍ਰਯੋਗ ਆਦਿ-ਮਾਨਵ ਦੇ ਜੀਵਨ ਦਾ ਆਰੰਭਿਕ ਪ੍ਰਯੋਗ ਸੀ ਜਿਸ ਨੂੰ ਉਸ ਨੇ ਧਰਮ-ਭਾਵਨਾ ਅਧੀਨ ਪ੍ਰਯੋਗ ਕੀਤਾ । ਉਪਰੋਕਤ ਪੂਜਾ ਸਮਾਗਮ ਮਾਨਵੀ ਵਿਕਾਸ ਦੇ ਨਾਲ ਸੰਗਠਿਤ ਤੇ ਦ੍ਰਿੜ ਸਰੂਪ ਦੀ ਪ੍ਰਾਪਤੀ ਵੱਲ ਵੱਧਦੇ ਗਏ । ਸੰਗੀਤ ਇਨ੍ਹਾਂ ਪੂਜਾ ਸਮਾਗਮਾਂ ਦਾ ਅਨਿੱਖੜਵਾਂ ਅੰਗ ਹੁੰਦਿਆਂ ਹੋਇਆ ਵੀ ਇੱਕ ਵਿਸ਼ਿਸ਼ਟ ਮਾਰਗ ਦਾ ਧਾਰਣੀ ਬਣ ਗਿਆ । ਸੰਗੀਤ ਦਾ ਇਹੋ ਰੂਪ ਆਪਣੇ ਵਿਕਸਤ ਅਤੇ ਉੱਚਤਮ ਰੂਪ ਵਿੱਚ 'ਮਾਰਗੀ ਸੰਗੀਤ' ਦੇ ਰੂਪ ਵਿੱਚ ਪ੍ਰਗਟ ਹੋਇਆ ਅਤੇ ਮਾਨਵੀ ਜੀਵਨ ਦੇ ਹੋਰ ਮੌਕਿਆਂ ਉੱਤੇ ਪ੍ਰਯੋਗ ਹੋਣ ਵਾਲੇ 'ਦੇਸੀ ਸੰਗੀਤ' ਦੇ ਰੂਪ ਵਿੱਚ ਸਾਹਮਣੇ ਆਇਆ ।

ਭਾਰਤੀ ਕਲਾਵਾਂ ਅਤੇ ਸਾਹਿਤ ਦੇ ਅਧਿਐਨ ਵਿੱਚ ਸਾਹਿਤ ਅਤੇ ਕਲਾ ਦਾ ਬੁਨਿਆਦੀ ਸਬੰਧ ਵੈਦਿਕ ਪਰੰਪਰਾ ਨਾਲ ਜੋੜਿਆ ਜਾਂਦਾ ਹੈ । ਕੁੱਝ ਅਜਿਹੀਆਂ ਪਰਵਿਰਤੀਆਂ ਭਾਰਤੀ ਸੰਗੀਤ ਦੇ ਅਧਿਐਨਕਾਰਾਂ ਵਿੱਚ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਪਰ ਭਾਰਤੀ ਸੰਗੀਤ ਦੀ ਇੱਕ ਵਿਸ਼ਾਲ ਪ੍ਰਾਚੀਨ ਪਰੰਪਰਾ ਭਾਰਤੀ ਲੋਕਾਂ ਵਿੱਚ ਵੈਦਿਕ ਪਰੰਪਰਾ ਤੋਂ ਪੂਰਵ ਵੀ ਪ੍ਰਚੱਲਿਤ ਰਹੀ ਹੋਵੇਗੀ । ਪ੍ਰੰਤੂ ਲੱਗਭਗ ਸਾਰੇ ਹੀ ਵਿਦਵਾਨ ਭਾਰਤੀ ਸੰਗੀਤ ਦੇ ਸਿਧਾਂਤਾਂ ਅਤੇ ਸਰੂਪ ਉੱਪਰ ਚਰਚਾ ਦਾ ਆਰੰਭ ਵੈਦਿਕ ਕਾਲ ਤੋਂ ਹੀ ਕਰਦੇ ਹਨ । ਅਜਿਹਾ ਸ਼ਾਇਦ ਇਸ ਕਰਕੇ ਹੈ ਕਿਉਂ ਕਿ ਵੇਦ ਗ੍ਰੰਥ ਆਪਣੇ ਸਮੇਂ ਦੇ ਸਾਹਿਤ ਅਤੇ ਸੰਗੀਤ

ਲਈ ਮਹੱਤਵਪੂਰਨ ਤੇ ਪ੍ਰਮਾਣਿਕ ਸ੍ਰੋਤ ਹਨ । ਪ੍ਰੰਤੂ ਇਸ ਦੇ ਨਾਲ ਇੱਕ ਧਰਮ ਭਾਵਨਾ ਵੀ ਜੁੜੀ ਹੋਈ ਹੈ ਜਿਸ ਕਰਕੇ ਵੇਦਾਂ ਦੇ ਸੰਗੀਤ ਨੂੰ ਉੱਤਮ ਅਤੇ ਭਾਰਤੀ ਸੰਗੀਤ ਦਾ ਮੂਲ ਮੰਨਿਆ ਜਾਂਦਾ ਹੈ । ਭਾਰਤ ਵਿੱਚ ਹੀ ਨਹੀਂ ਸਗੋਂ ਸਾਰੇ ਵਿਸ਼ਵ ਵਿੱਚ ਸੰਗੀਤ ਦਾ ਆਰੰਭ ਧਾਰਮਿਕ ਭਾਵਨਾਵਾਂ ਦੀ ਅਭਿਵਿਅਕਤੀ ਨਾਲ ਮੰਨਿਆ ਜਾਂਦਾ ਹੈ[1] । ਪ੍ਰੰਤੂ ਭਾਰਤੀ ਸੰਸਕ੍ਰਿਤੀ ਤੋਂ ਬਿਨ੍ਹਾਂ ਵਿਸ਼ਵ ਦੀਆਂ ਬਾਕੀ ਸੰਸਕ੍ਰਿਤੀਆਂ ਵਿੱਚ ਧਰਮ ਭਾਵਨਾ ਦੇ ਤੱਤ ਅੱਜ ਨਾ-ਮਾਤਰ ਹੀ ਹਨ । ਉਨ੍ਹਾਂ ਦਾ ਅਦਿੱਖ ਸਾਹਿਤ ਜਿਸ ਦੇ ਆਧਾਰ ਉੱਤੇ ਉਨ੍ਹਾਂ ਦਾ ਪ੍ਰਿਚਯ ਪਾਇਆ ਜਾ ਸਕਦਾ ਸੀ, ਅੱਜ ਉਪਲੱਬਧ ਨਹੀਂ ਫਿਰ ਵੀ ਉਨ੍ਹਾਂ ਸਭਿਅਤਾਵਾਂ ਦੇ ਪੌਤਿਕ ਅਵਸ਼ੇਸ਼ ਸਮੇਂ-ਸਮੇਂ ਉਪਲੱਬਧ ਹੁੰਦੇ ਹਨ ਜਿਨ੍ਹਾਂ ਤੋਂ ਇਸ ਸਮੇਂ ਦੇ ਜਨ-ਜੀਵਨ ਵਿੱਚ ਪ੍ਰਯੋਗ ਹੋਣ ਵਾਲੇ ਸੰਗੀਤ ਸਾਜ਼ਾਂ ਦੀ ਜਾਣਕਾਰੀ ਮਿਲਦੀ ਹੈ ਜੋ ਧਾਰਮਿਕ ਸੰਗੀਤ ਦੀ ਸੰਗਤ ਲਈ ਪ੍ਰਯੁਕਤ ਹੁੰਦੇ ਸਨ[2] । ਉਪਰੋਕਤ ਸੰਦਰਭ ਵਿੱਚ ਹਿੰਦੁਸਤਾਨੀ ਸੰਗੀਤ ਨੂੰ ਵਾਚੀਏ ਤਾਂ ਦ੍ਰਾਵਿੜ ਕਾਲ ਅਤੇ ਉਸ ਉਪਰੰਤ ਸਿੰਧ ਘਾਟੀ ਦੇ ਲੋਕਾਂ ਵਿੱਚ ਵੀ ਸੰਗੀਤ ਪੂਜਾ, ਅਰਚਾ ਲਈ ਪ੍ਰਯੋਗ ਕੀਤਾ ਜਾਂਦਾ ਸੀ । ਹੜੱਪਾ, ਮਹਿੰਜੋਦੜੋ ਦੇ ਖੰਡਰਾਂ ਤੋਂ ਉਪਲੱਬਧ ਗਾ ਰਹੀ ਨਾਰੀ, ਨ੍ਰਿਤ ਕਰਦੀ ਨਾਰੀ, ਤਾਂਡਵ ਨ੍ਰਿਤ ਅਤੇ ਅਰਧਨਾਰੀ ਨਟੇਸ਼ਵਰ ਦੀਆਂ ਮੂਰਤੀਆਂ ਵੀ ਇਸ ਸਭਿਅਤਾ ਦੇ ਲੋਕਾਂ ਵਿੱਚ ਧਰਮ ਅਤੇ ਸੰਗੀਤ ਦਾ ਅਨਿੱਖੜਵਾਂ ਸਬੰਧ ਦਰਸਾਉਂਦੀਆਂ ਹਨ । ਅਸੀਂ ਕਹਿ ਸਕਦੇ ਹਾਂ ਕਿ ਭਾਰਤੀ ਲੋਕਾਂ ਵਿੱਚ ਵੈਦਿਕ ਕਾਲ ਤੋਂ ਪਹਿਲਾਂ ਵੀ ਸੰਗੀਤ ਕਾਫੀ ਪ੍ਰਚਾਰ ਵਿੱਚ ਸੀ ਅਤੇ ਧਰਮ ਭਾਵਨਾ ਇਸ ਦੀ ਵਿਸ਼ੇਸ਼ ਤੇ ਮਹੱਤਵਪੂਰਨ ਪਰਵਿਰਤੀ ਸੀ ।

---

1. ਗੁਰਨਾਮ ਸਿੰਘ (ਡਾ.) : ਪੰਜਾਬੀ ਲੋਕ ਸੰਗੀਤ ਸਿਧਾਂਤ ਤੇ ਸਰੂਪ , ਪੰਨਾ 12-13

2. ਸਰਚਚੰਦ੍ਰ ਸ੍ਰੀਧਰ ਪਰਾਂਜਪੇ : ਭਾਰਤੀ ਸੰਗੀਤ ਕਾ ਉਦਗਮ ਔਰ ਵਿਕਾਸ , ਪੰਨਾ 2

ਭਾਰਤੀ ਸੰਗੀਤ ਦੀ ਅਧਿਆਤਮਿਕ ਪਿੱਠ ਭੂਮੀ ਉੱਤੇ ਇਕ ਵਿਸ਼ਾਲ ਤੇ ਪ੍ਰਾਚੀਨ ਭਾਰਤੀ ਪਰੰਪਰਾ ਦਾ ਵਡੇਰਾ ਇਤਿਹਾਸ ਮੌਜੂਦ ਹੈ । ਸੰਗੀਤ ਦੇ ਸੰਦਰਭ ਵਿੱਚ ਇਸ ਪਰੰਪਰਾ ਦੇ ਹਵਾਲੇ ਇਤਿਹਾਸ, ਸੰਗੀਤ ਇਤਿਹਾਸ, ਸੰਗੀਤ ਦੀ ਸਿਧਾਂਤਕ ਪਰੰਪਰਾ ਤੇ ਇਸ ਦੀ ਸੰਜੀਵ ਕ੍ਰਿਆਤਮਿਕ ਪਰੰਪਰਾ 'ਚੋਂ ਉਪਲੱਬਧ ਹਨ । ਇੱਕ ਵਿਸ਼ਾਲ ਸੰਗੀਤਕ ਇਤਿਹਾਸ, ਜੋ ਵੱਖ-ਵੱਖ ਕਾਲਾਂ ਨਾਲ ਸਬੰਧਿਤ ਹੈ ਜਾਂ ਵੱਖ-ਵੱਖ ਫਿਰਕਿਆਂ ਨਾਲ ਜੁੜਿਆ ਹੋਇਆ ਹੈ, ਦਾ ਅਧਿਐਨ ਵੀ ਲਾਜ਼ਮੀ ਬਣ ਜਾਂਦਾ ਹੈ । ਇੱਥੇ ਅਸੀਂ ਵੱਖ-ਵੱਖ ਕਾਲਾਂ ਤੇ ਫਿਰਕਿਆਂ ਦੀਆਂ ਧਾਰਮਿਕ ਸੰਗੀਤਕ ਪਰੰਪਰਾਵਾਂ ਦਾ ਸੰਖੇਪ ਰੂਪ ਵਿੱਚ ਸਰਵੇਖਣ ਕਰਾਂਗੇ ।

## ਵੈਦਿਕ ਪਰੰਪਰਾ

ਵੇਦਾਂ ਨੂੰ ਭਾਰਤੀ ਸੰਗੀਤ ਪਰੰਪਰਾ ਦਾ ਆਰੰਭਿਕ ਸਰੋਤ ਸਵੀਕਾਰਿਆ ਜਾਂਦਾ ਹੈ ਅਤੇ ਵੈਦਿਕ ਸੰਗੀਤ ਭਾਰਤੀ ਅਧਿਆਤਮਿਕ ਸੰਗੀਤ ਦਾ ਉਪਲੱਬਧ ਪ੍ਰਾਰੰਭਿਕ ਪ੍ਰਮਾਣਿਕ ਰੂਪ ਹੈ । ਚਾਰ ਵੇਦ ਗ੍ਰੰਥਾਂ ਵਿੱਚੋਂ ਇੱਕ "ਸਾਮਵੇਦ" ਦਾ ਸਬੰਧ ਗਾਇਨ ਤੇ ਸੰਗੀਤ ਨਾਲ ਹੈ । ਇਸ ਨੂੰ ਭਾਰਤੀ ਸੰਗੀਤ ਸ਼ਾਸਤਰ ਦਾ ਪ੍ਰਥਮ ਸਰੋਤ ਮੰਨਿਆ ਜਾਂਦਾ ਹੈ । ਇਸ ਦਾ ਸਵਰੂਪ ਸਾਮਵੇਦ ਵਿਚੋਂ ਪ੍ਰਾਪਤ ਹੁੰਦਾ ਹੈ । ਸਾਮਵੇਦ ਵਿੱਚ ਅੰਕਿਤ ਮੰਤਰਾਂ ਦਾ ਗਾਇਨ ਸ਼ੁਰੂ ਵਿੱਚ ਉਦਾਤ, ਅਨੁਦਾਤ ਅਤੇ ਸਵਰਿਤ ਤਿੰਨਾਂ ਸੁਰਾਂ ਤੇ ਕੀਤਾ ਜਾਂਦਾ ਸੀ । ਇਨ੍ਹਾਂ ਤਿੰਨਾਂ ਤੋਂ ਬਾਅਦ ਸੰਪੂਰਣ ਸਪਤਕ ਹੋਂਦ ਵਿੱਚ ਆਇਆ । ਵੈਦਿਕ ਕਾਲ ਵਿੱਚ ਰਿਚਾਵਾਂ (ਮੰਤਰ) ਇੱਕ ਜਾਤੀ ਦੇ ਰੂਪ ਵਿੱਚ ਉਚਾਰੇ ਜਾਂਦੇ ਸਨ । ਇਨ੍ਹਾਂ ਵਿਚੋਂ ਕੁੱਝ ਕੂ ਸੁਰਬੱਧ ਵੀ ਕੀਤੇ ਅਤੇ ਇਵੇਂ ਛੇਤੀ ਹੀ ਗਾਇਕ ਪ੍ਰੋਹਿਤਾ ਦੀ ਸ਼੍ਰੇਣੀ ਹੋਂਦ ਵਿੱਚ ਆ ਗਈ । ਇਹ ਮੰਤਰ

ਠੀਕ ਉਚਾਰਨ, ਪ੍ਰਾਸ ਸ਼ਬਦਾਂ ਤੇ ਵਿਸ਼ੇਸ਼ ਵਜਨ ਦੀ ਮੰਗ ਕਰਦੇ ਸਨ ਅਤੇ ਇਨ੍ਹਾਂ ਦਾ ਵਿਸਤਾਰ ਲੰਮੇ ਸਮੇਂ ਤੱਕ ਹੁੰਦਾ ਸੀ । ਇਸ ਲਈ ਇਨ੍ਹਾਂ ਦੇ ਉਚਾਰਣ ਲਈ ਅਵਾਜ਼ ਦੇ ਲਗਾਓ-ਚੜਾਓ ਅਤੇ ਵਿੱਚਕਾਰਲੇ ਠਹਿਰਾਵਾਂ ਦੀ ਲੋੜ ਹੁੰਦੀ ਸੀ । ਇਸ ਪ੍ਰਕਾਰ ਅਚੇਤ ਹੀ ਰਾਗਾਤਮਿਕਤਾ ਅਤੇ ਲੈਅ ਦੇ ਜਰੂਰੀ ਤੱਤ ਪ੍ਰਸਿੱਧ ਹੋ ਗਏ । ਆਰੰਭ ਵਿੱਚ ਗੀਤਕਾ ਜਾਂ ਗੀਤ ਦਾ ਰੂਪ ਸਾਦਾ ਤੇ ਸੰਖੇਪ ਹੋਣਾ ਕੁਦਰਤੀ ਹੀ ਸੀ । ਹੌਲੀ-ਹੌਲੀ ਇਸ ਦੀਆਂ ਹੱਦਾਂ ਫੈਲੀਆਂ ਅਤੇ ਇਹ ਸਪਤਕ ਦੇ ਵੱਡੇ ਹਿੱਸੇ ਵਿੱਚ ਪਸਾਰ ਕਰਨ ਲੱਗਾ । ਇਹੋ ਗੱਲ ਤਾਲ ਜਾਂ ਲੈਅ ਬਾਰੇ ਠੀਕ ਸੀ । ਇੱਕ ਸਧਾਰਣ ਅੰਤਰਾਲ ਤੋਂ ਲੈਅ ਸਮੇਂ ਦੇ ਚੱਕਰਾਂ ਵਿੱਚ ਇੱਕ ਉੱਨਤ ਵਿਗਿਆਨ ਬਣ ਗਈ[1] ।

ਅਸੀਂ ਉੱਪਰ ਦੇਖ ਆਏ ਹਾਂ ਕਿ ਸਾਮਗਾਨ ਦੇ ਤਿੰਨ ਪ੍ਰਧਾਨ ਸਵਰ ਸੱਤ ਸਵਰਾਂ ਵਿੱਚ ਸਮਾਏ ਹੋਏ ਹਨ । ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਸ ਦੇ ਵਿਕਾਸ ਲਈ ਕਾਫੀ ਲੰਬਾ ਸਮਾਂ ਲੱਗਾ ਹੋਵੇਗਾ । ਪ੍ਰੰਤੂ ਇਸ ਦਾ ਸਪੱਸ਼ਟ ਪ੍ਰਮਾਣ ਨਹੀਂ ਮਿਲਦਾ । ਇਤਿਹਾਸ ਅਨੁਸਾਰ ਇਸ ਦੇ ਸੱਤ ਸਵਰ ਮਿਲਦੇ ਹਨ ਅਤੇ ਇਹ ਸੱਤ ਸਵਰ ਕ੍ਰਾਮਿਕ ਵਿਕਾਸ ਨੂੰ ਲੈ ਕੇ ਚਲਦੇ ਹਨ । 'ਸਾਮਗਾਨ' 'ਸਾਮਿਕ' ਤੋਂ ਲੈ ਕੇ ਸੰਪੂਰਨ ਯੁੱਗ ਤੱਕ ਵਿਸਤਰਿਤ ਹੈ । 'ਸਾਮਿਕ' ਯੁੱਗ ਦਾ ਸਵਰ-ਵਿਕਾਸ ਕੇਵਲ ਤਿੰਨ ਸਵਰਾਂ ਤੱਕ ਹੀ ਸੀਮਤ ਹੈ । ਇਹ ਤਿੰਨ ਵੈਦਿਕ ਸਵਰ ਕਰਿਸ਼ਟ, ਪ੍ਰਥਮ, ਚਤੁਰਥ ਹਨ । ਇਨਾਂ ਸਵਰਾਂ ਨੂੰ ਰਾਗ ਵਿਬੋਧਕਾਰ ਸੋਮਨਾਥ (16 ਸ਼ਤਾਬਦੀ) ਨੇ ਸਵਯੰਭੂ ਅਤੇ ਅਵਿਨਾਸ਼ੀ (unborn and uncreated) ਦੱਸਿਆ ਹੈ । ਪ੍ਰੰਤੂ ਕਲਿਨਾਥ (1440 - 1465) ਨੇ ਮਧਿਅਮ ਅਤੇ ਵੈਦਿਕ ਪ੍ਰਥਮ ਸਵਰ ਨੂੰ ਹੀ

---

1. Ranade : G.H., <u>Hindustani Music, its Physics and Aesthetics,</u> p.1-2.

ਅਵਿਨਾਸ਼ੀ ਅਤੇ ਅਲੋਪੀ ਦੱਸਿਆ ਹੈ । ਸਾਰੰਗਦੇਵ (1220 - 1247) ਨੇ ਮਧਿਅਮ ਸਵਰ ਨੂੰ ਹੀ ਅਵਿਨਾਸ਼ੀ ਸਵਰ ਮੰਨਿਆ ਹੈ । ਮਧਿਅਮ ਸਵਰ ਅਤੇ ਪ੍ਰਥਮ ਸਵਰ ਹੀ ਸ੍ਰਿਸ਼ਟੀ ਦਾ ਆਦਿ ਸਵਰ ਹੈ । ਅਕਾਸ਼ ਦੇਵਤਾ ਅਤੇ ਵਰੁਣ ਦੇਵਤਾ ਨੇ ਇਸ ਦੀ ਸ੍ਰਿਸ਼ਟੀ ਕੀਤੀ[1] । ਸਾਮਿਕਾਂ ਤੋਂ ਬਾਅਦ ਸਵਰ ਅੰਤਰ ਔੜਵ-ਸ਼ਾੜਵ ਅਤੇ ਸੰਪੂਰਨ ਕ੍ਰਮ ਅਨੁਸਾਰ ਚਾਰ, ਪੰਜ, ਛੇ ਅਤੇ ਸੱਤ ਸਵਰ ਮਿਲਦੇ ਹਨ । ਵੈਦਿਕ ਸਾਮਗਾਇਨ ਵਿੱਚ ਪ੍ਰਚੱਲਿਤ ਸੱਤ ਸਵਰਾਂ ਦੇ ਨਾਮ ਇਸ ਪ੍ਰਕਾਰ ਹਨ : ਕਰਿਸ਼ਟ, ਪ੍ਰਥਮ, ਦ੍ਵਿਤੀਆ, ਤ੍ਰਿਤੀਆ, ਚਤੁਰਥ, ਮੰਦਰ ਅਤੇ ਗਤਿ ਸਵਾਰਥ । ਵੈਦਿਕ ਸਾਹਿਤ ਵਿੱਚ ਇਹਨਾਂ ਦੇ ਨਾਮ ਅਤਿਨਿਹਤ, ਪ੍ਰਸਾਲਿਸ਼ਟ, ਜਾਤਯ, ਖੇਤਰ, ਪਾਦਬ੍ਰਤ, ਤੇਰਵਜਨ ਅਤੇ ਤੇਰਵਿਰਾਮ ਵੀ ਹਨ । ਛੰਦ, ਉਪਨਿਸ਼ਦ ਵਿੱਚ ਅਨਿਰੁਕਤ, ਨਿਰਯੁਕਤ, ਮਰਦੂ, ਕੋਜ ਆਦਿ ਨਾਮ ਮਿਲਦੇ ਹਨ[2] ।

ਸਾਮਗਾਨ ਸਬੰਧੀ ਧਾਰਨਾ ਹੈ ਕਿ ਸਾਮਵੇਦ ਦੇ ਮੰਤਰਾਂ ਦਾ ਗਾਇਨ ਰਿਸ਼ੀਆਂ ਦੁਆਰਾ ਧਾਰਮਿਕ ਸਮਾਗਮਾਂ ਜਿਵੇਂ ਕਿ ਯੱਗ, ਹਵਨ ਆਦਿ ਸਮੇਂ ਦੇਵੀ-ਦੇਵਤਿਆਂ ਦੀ ਮਹਿਮਾ ਲਈ ਕੀਤਾ ਜਾਂਦਾ ਸੀ । ਵੇਦ ਵਾਕਿਆਂ ਵਿੱਚ ਸਮਝਾਏ ਇਸ ਸੰਗੀਤ ਨੂੰ ਉਪਯੋਗ ਵਿੱਚ ਲਿਆਉਂਦੇ ਹੋਏ ਬ੍ਰਾਹਮਣ ਅਤੇ ਵਿਦਵਾਨ ਜਨ ਇਸ ਲੋਕ ਪਰਲੋਕ ਦੇ ਮੋਕਸ਼ ਸੁਖ ਨੂੰ ਜਲਦੀ ਹੀ ਪ੍ਰਾਪਤ ਕਰ ਲੈਂਦੇ ਸਨ[3] ।

---

1. ਉਮੇਸ਼ ਜੋਸ਼ੀ : ਭਾਰਤੀਯ ਸੰਗੀਤ ਕਾ ਇਤਿਹਾਸ , ਪੰਨਾ 78-79
2. ਉਮੇਸ਼ ਜੋਸ਼ੀ : ਭਾਰਤੀਯ ਸੰਗੀਤ ਕਾ ਇਤਿਹਾਸ , ਪੰਨਾ 78-79
3. ਅਹੋਬਲ : ਸੰਗੀਤ ਪਾਰਿਜਾਤ , (ਅਨੁ. ਪੰਡਿਤ ਕਲਿੰਦ ਜੀ) ਪੰਨਾ 1

ਵੈਦਿਕ ਸੰਗੀਤ ਤੋਂ ਬਾਅਦ ਸੰਗੀਤ ਧਾਰਮਿਕ ਪੂਜਾ-ਪਾਠ ਦਾ ਅਨਿੱਖੜਵਾਂ ਅੰਗ ਸੀ। ਬ੍ਰਾਹਮਣ ਗ੍ਰੰਥਾਂ ਵਿੱਚ ਕਾਵਿ (ਰਿਕ) ਅਤੇ ਸੰਗੀਤ (ਸਾਮ) ਦੇ ਪ੍ਰਸਪਰਿਕ ਸਬੰਧਾਂ ਨੂੰ ਦਾਪਤਿਕ ਰੂਪਕਾਂ ਦੁਆਰਾ ਵਿਅਕਤ ਕੀਤਾ ਗਿਆ ਹੈ[1]। ਉਪਨਿਸ਼ਦਾਂ ਵਿੱਚ ਵੀ ਸੰਗੀਤ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਸੀ। ਇਸ ਸਮੇਂ ਸਾਰੀ ਵਿਦਿਆ ਨੂੰ 'ਪਰਾ ਵਿਦਿਆ' ਅਤੇ ਅਪਰਾ ਵਿਦਿਆ' ਨਾਮਕ ਦੋ ਭਾਗਾਂ ਵਿੱਚ ਵਿਭਾਜਿਤ ਕੀਤਾ ਜਾਂਦਾ ਸੀ। ('ਰਿਕ' ਅਤੇ 'ਸਾਮ' ਦੀ ਗਣਨਾ 'ਅਪਰਾ ਵਿਦਿਆ' ਚੋਂ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਦੇ ਵਿਸ਼ੇਸ਼ ਗਿਆਨ ਲਈ ਸਿੱਖਿਆ ਗ੍ਰੰਥਾਂ ਦੀ ਰਚਨਾ ਹੋਈ। ਸ਼ਬਦ ਅਤੇ ਸੁਰ ਦੇ ਸਹਿਯੋਗ ਨਾਲ ਨਿਸਪਾਦਿਤ ਰਸ ਨੂੰ ਬ੍ਰਹਮੰਦ ਸਹੋਦਰ ਮੰਨਿਆ ਗਿਆ ਹੈ[2]। ਇਸ ਸਮੇਂ ਯੱਗ ਅਤੇ ਹਵਨ ਆਦਿ ਲਈ ਵਿਸ਼ੇਸ਼ ਗਾਇਕ ਤੇ ਪ੍ਰੋਹਿਤ ਸ੍ਰੇਣੀ ਮਾਰਗੀ ਸੰਗੀਤ ਦਾ ਪ੍ਰਯੋਗ ਕਰਦੀ ਸੀ।

## ਰਮਾਇਣ ਤੇ ਮਹਾਂਭਾਰਤ ਕਾਲ ਦੀ ਪਰੰਪਰਾ

ਰਮਾਇਣ ਤੇ ਮਹਾਂਭਾਰਤ ਕਾਲ ਵਿੱਚ ਸਤੋਤਰ ਗਾਇਨ ਨੂੰ ਸੰਗੀਤ ਜਗਤ ਵਿੱਚ ਵਿਲੱਖਣ ਤੇ ਵਿਸ਼ਿਸ਼ਟ ਮੰਨਿਆ ਜਾਂਦਾ ਹੈ। ਪੁਰਾਣਾਂ ਦੇ ਸਤੋਤਰ ਗਾਇਨ ਨੂੰ ਸਵਰ ਸਾਹਿਤ ਗਾਉਣ ਦੀ ਪਰੰਪਰਾ ਸੀ। ਸੰਗੀਤ ਦਾ ਪ੍ਰਯੋਗ ਵਿਅਕਤੀਗਤ ਰੂਪ ਵਿੱਚ ਵੀ ਹੋਣ ਲੱਗ ਪਿਆ ਸੀ। ਰਮਾਇਣ ਅਤੇ ਮਹਾਂਭਾਰਤ ਕਾਲ ਵਿੱਚ ਸਤੋਤਰ ਗਾਇਨ ਪਰੰਪਰਾ ਦਾ ਵਿਸ਼ੇਸ਼ ਪ੍ਰਚਲਨ ਸੀ। ਬਾਲਮੀਕ ਦੀ ਇੱਕ ਧਾਰਮਿਕ ਰਚਨਾ ਜਿੱਥੇ ਕਾਵਿ

---

1. ਜੌਹਰੀ ਪੁਸ਼ਪਾ (ਡਾ.) : <u>ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ</u>, ਪੰਨਾ 11
2. ਜੌਹਰੀ ਪੁਸ਼ਪਾ (ਡਾ.) : <u>ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ</u>, ਪੰਨਾ 11

ਪੱਖੋਂ ਉੱਤਮ ਹੈ ਉੱਥੇ ਇਸ ਵਿੱਚ ਸੰਗੀਤ ਸਬੰਧੀ ਕਈ ਹਵਾਲੇ ਵੀ ਉਪਲੱਬਧ ਹਨ । ਮਹਾਂ-ਰਿਸ਼ੀ ਬਾਲਮੀਕ ਨੇ ਰਮਾਇਣ ਦਾ ਗਾਇਨ ਲਵ ਕੁਸ਼ ਨੂੰ ਵਿਸ਼ੇਸ਼ ਰੂਪ ਵਿੱਚ ਸਿਖਾਇਆ । ਇਸ ਸਮੇਂ ਸੰਗੀਤ ਦੇ ਰੂਪ ਗੰਧਰਵ ਅਤੇ ਦੇਸੀ (ਸ਼ਾਸਤਰੀ ਤੇ ਲੋਕ) ਪ੍ਰਚਾਰ ਵਿੱਚ ਸਨ । ਬਾਲਮੀਕ ਰਮਾਇਣ ਵਿੱਚ ਗਾਇਨ, ਵਾਦਨ, ਨ੍ਰਿਤ ਅਤੇ ਤਾਲ ਆਦਿ ਦੇ ਵਿਭਿੰਨ ਅੰਗਾਂ ਤੇ ਪ੍ਰਕਾਰਾਂ ਦਾ ਜ਼ਿਕਰ ਵੀ ਉਪਲੱਬਧ ਹੈ [1] । ਮਹਾਂਭਾਰਤ ਗ੍ਰੰਥ, ਵਿਆਸ ਰਿਸ਼ੀ ਦੀ ਪ੍ਰਸਿੱਧ ਰਚਨਾ, ਸ਼ਲੋਕ ਸ਼ੈਲੀ ਉੱਤੇ ਅਧਾਰਿਤ ਹੈ । ਇਸ ਵਿੱਚ ਸੱਤ ਅਤੇ ਗੰਧਾਰ ਧਰਮ ਦਾ ਉਲੇਖ ਮਿਲਦਾ ਹੈ [2] । ਸੰਗੀਤ ਦਾ ਪ੍ਰਯੋਗ ਧਾਰਮਿਕ ਪੂਜਾ-ਪਾਠ ਲਈ ਜਾਰੀ ਸੀ । ਕ੍ਰਿਸ਼ਨ ਜੀ ਦਾ ਬੰਸੀ ਵਾਦਨ ਵਚਿੱਤਰ ਅਤੇ ਜਾਦੂਮਈ ਸੀ ।

ਰਮਾਇਣ ਅਤੇ ਮਹਾਂਭਾਰਤ ਕਾਲ ਵਿੱਚ ਸਾਰ ਤੇ ਸਤੋਤਰ ਗਾਇਨ ਸਹਿਤ ਜਾਤੀ ਗਾਇਨ ਵੀ ਪ੍ਰਚੱਲਿਤ ਸੀ । ਜਾਤੀ ਗਾਇਨ ਨੂੰ 'ਸਾਮ' ਗਾਇਨ ਵਾਂਗੂ ਪਵਿੱਤਰ ਮੰਨਿਆ ਜਾਂਦਾ ਸੀ । "ਸੰਗੀਤ ਰਤਨਾਕਰ" ਗ੍ਰੰਥ ਵਿੱਚ ਜਾਤੀ ਗਾਇਨ ਸਬੰਧੀ ਕਿਹਾ ਗਿਆ ਹੈ ਕਿ ਜਾਤੀਆਂ ਬ੍ਰਹਮ ਹੱਤਿਆ ਦੇ ਪਾਪ ਤੋਂ ਮੁਕਤੀ ਦਿਵਾਉਣ ਵਾਲੀਆਂ ਹਨ । ਜਿਸ ਤਰ੍ਹਾਂ ਰਿਕ, ਯਜੂ ਤੇ ਸਾਮ ਵਿੱਚ ਪ੍ਰੀਵਰਤਨ ਨਹੀਂ ਕੀਤੇ ਜਾ ਸਕਦੇ ਉਸੇ ਤਰ੍ਹਾਂ ਸਾਮ ਤੋਂ ਉਪਜੀਆਂ ਜਾਤੀਆਂ ਵਿੱਚ ਵੀ ਪ੍ਰੀਵਰਤਨ ਨਹੀਂ ਕੀਤਾ ਜਾ ਸਕਦਾ [3] ।

ਰਮਾਇਣ ਅਤੇ ਮਹਾਂਭਾਰਤ ਕਾਲ ਵਿੱਚ ਮਹਾਂਰਿਸ਼ੀ ਬਾਲਮੀਕ ਦੁਆਰਾ

---

1. ਆਚਾਰੀਆ ਬ੍ਰਹਸਪਤਿ : ਸੰਗੀਤ ਚਿੰਤਾਮਣੀ, ਪੰਨਾ 36

2. ਜੌਹਰੀ ਪੁਸ਼ਪਾ (ਡਾ.) : ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ , ਪੰਨਾ 12

3. अपि ब्रह्महणं पापाज्जातयः प्रपुनन्त्यमूः ।
ऋचो यजूंषि सामानि क्रियन्ते नान्यथा यथा ।
तथा सामसमुद्भूता जातयो वेदसंमिताः ॥
ਸਾਰੰਗਦੇਵ (ਪੰਡਿਤ) : ਸੰਗੀਤ ਰਤਨਾਕਰ (ਭਾਗ ਦੂਜਾ), ਪੰਨਾ 113

ਰਚਿਤ "ਰਮਾਇਣ" ਅਤੇ ਸ੍ਰੀ ਵੇਦ ਵਿਆਸ ਜੀ ਦੁਆਰਾ ਲਿਖਿਤ 'ਮਹਾਂਭਾਰਤ' ਗ੍ਰੰਥ ਹਨ। ਇਹ ਗ੍ਰੰਥ ਜਿੱਥੇ ਕਾਵਿ ਪੱਖੋਂ ਉੱਤਮ ਹਨ ਉੱਥੇ ਇਨ੍ਹਾਂ ਵਿੱਚ ਸੰਗੀਤ ਸਬੰਧੀ ਕਈ ਹਵਾਲਿਆਂ ਦਾ ਜ਼ਿਕਰ ਮਿਲਦਾ ਹੈ। ਰਮਾਇਣ ਵਿੱਚ ਜਾਤੀ, ਗਾਇਨ ਵਿਧੀਆਂ, ਕਈ ਪ੍ਰਕਾਰ ਦੇ ਤੱਤ ਅਤੇ ਅਵਨਧ ਵਾਦਯ ਬਾਰੇ ਉਲੇਖ ਮਿਲਦਾ ਹੈ[1]। ਮਹਾਂਭਾਰਤ ਗ੍ਰੰਥ ਦੀ ਰਚਨਾ ਸਲੋਕ ਸ਼ੈਲੀ ਉੱਤੇ ਅਧਾਰਿਤ ਹੈ। ਇਸ ਵਿੱਚ ਸੱਤ ਸੁਰਾਂ ਬਾਰੇ ਉਲੇਖ ਮਿਲਦਾ ਹੈ[2]। ਇਸ ਕਾਲ ਦੇ ਭਗਤੀ ਸੰਗੀਤ ਦੇ ਸਮੁੱਚੇ ਰੂਪ ਨੂੰ 'ਗੰਧਰਵ ਸੰਗੀਤ' ਕਿਹਾ ਜਾਂਦਾ ਹੈ। ਬੁੱਧ ਅਤੇ ਜੈਨ ਦੋਨੋਂ ਧਰਮਾਂ ਨੇ ਵੀ ਆਪੋ-ਆਪਣੇ ਧਰਮਾਂ ਦੇ ਪ੍ਰਚਾਰ ਲਈ ਸੰਗੀਤ ਦਾ ਪ੍ਰਯੋਗ ਕੀਤਾ। ਬੁੱਧ ਧਰਮ ਦੇ ਸਾਹਿਤ ਵਿੱਚ ਗਾਇਨ, ਵਾਦਨ, ਨ੍ਰਿਤ ਅਤੇ ਸੰਗੀਤਕਾਰਾਂ, ਵਿਭਿੰਨ ਵਾਦਯ ਦਾ ਜ਼ਿਕਰ ਮਿਲਦਾ ਹੈ[3]। ਬੁੱਧ ਸਾਹਿਤ ਦਾ ਗਾਇਨ ਕਰਨ ਵਾਲੇ ਨੂੰ 'ਵੈਤਾਲਿਕ' ਕਿਹਾ ਜਾਂਦਾ ਸੀ। ਇਹ ਦੋ ਤਰ੍ਹਾਂ ਦੀ ਗਾਥਾ - 'ਥੇਰ ਗਾਥਾ' ਅਤੇ 'ਥੇਰੀ ਗਾਥਾ' ਗਾਉਂਦੇ ਸਨ। ਥੇਰ ਗਾਥਾ ਪੁਰਸ਼ਾਂ ਦੇ ਲਈ ਅਤੇ ਥੇਰੀ ਗਾਥਾ ਇਸਤਰੀਆਂ ਦੇ ਲਈ ਸੀ ਜਿਨ੍ਹਾਂ ਨੂੰ ਕਰਮਵਾਰ 'ਸਥਵਿਰ' ਅਤੇ 'ਸਥਵਿਰਾ' ਕਿਹਾ ਜਾਂਦਾ ਸੀ। ਜਿਨ੍ਹਾਂ ਧੁਨਾਂ ਤੇ ਇਨ੍ਹਾਂ ਦਾ ਗਾਇਨ ਕੀਤਾ ਜਾਂਦਾ ਸੀ ਉਹ ਦੇਸੀ ਸੁਰ ਸ਼ੜਜ, ਰਿਸ਼ਭ, ਗੰਧਾਰ ਆਦਿ ਤੋਂ ਬਣੀਆਂ ਅਤੇ ਇਹ ਵਿਭਿੰਨ ਲੈਅ ਪ੍ਰਕਾਰਾਂ ਤੇ

---

1. Jaideva Singh : <u>Indian Music : A Perspective</u> (E.D.M.Harihana) p. 14.

2. ਜੌਹਰੀ ਪੁਸ਼ਪਾ (ਡਾ.) : <u>ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ</u>, ਪੰਨਾ 12

3. ਨਿਖਿਲ ਘੋਸ਼ : <u>ਰਾਗ ਤਾਲ ਕੇ ਮੂਲ ਤੱਤਵ ਔਰ ਅਭਿਨਵ ਸਵਰਲਿੱਪੀ ਪੱਧਤੀ</u>, ਪੰਨਾ 11 (ਅਨੁਵਾਦਕ : ਮਦਨ ਲਾਲ ਵਿਆਸ)

ਅਧਾਰਿਤ ਸਨ[1] । ਬੁੱਧ ਕਵੀ ਅਸ਼ਵਘੋਸ਼ ਬਾਰੇ ਪ੍ਰਸਿੱਧ ਹੈ ਕਿ ਉਹ ਆਪਣੇ ਨਾਲ ਸੰਗੀਤ ਮੰਡਲੀ ਰੱਖਦਾ ਹੁੰਦਾ ਸੀ ਤੇ ਗਾ-ਗਾ ਕੇ ਬੋਧੀ ਵਿਚਾਰਾਂ ਦਾ ਪ੍ਰਚਾਰ ਕਰਦਾ ਸੀ[2] ।

ਜੈਨ ਧਰਮ ਵਿੱਚ ਬੰਦਨਾ, ਪੂਜਾ-ਪਾਠ ਲਈ ਅਨੇਕ ਰਚਨਾਵਾਂ ਜਿਵੇਂ ਧਰੁਪਦ, ਛੇਕ ਚਾਰ ਕੜੀਆਂ, ਰੰਗ ਤਲੰਗੜੀ, ਲਾਵਨੀ ਦੋਹਾ ਸ਼ੇਰਗ਼ਜ਼ਲ, ਕਵਿੱਤ ਮੱਤਰਾਯਦ, ਕਵਿੱਤ ਮਨਹਰ, ਇਕੱਤੀ ਮਾਤਰਾਂ ਦੀ ਸਰਯਾ, ਦੋ ਮਾਤਰਾਂ ਦਾ ਸਵੈਯਾ, ਛਪਯ, ਚੌਪਈ, ਸੁੰਦਰੀ, ਭੁੰਜਰਾ, ਪ੍ਰਯਾਤ ਛੰਦ ਆਦਿ ਪ੍ਰਚਾਰ ਵਿੱਚ ਹਨ[3] । ਜੈਨ ਧਰਮ ਦੀਆਂ ਪਾਲਨਪੁਰ ਮੰਡਨ, ਪਾਸ਼ਰਵ ਮਤਨ, ਕ੍ਰਿਤਿ ਕੁਸੁਮਾਂਜਲੀ ਗ੍ਰੰਥਾਂ ਵਿੱਚ ਦਰਜ ਰਚਨਾਵਾਂ ਰਾਗ ਅੰਕ ਸਹਿਤ ਅੰਕਿਤ ਹਨ ।

ਸਿੱਧ ਤੇ ਨਾਥ ਸੰਪ੍ਰਦਾਇ ਦੀ ਸੰਗੀਤ ਪਰੰਪਰਾ :

ਵਜਰਯਾਨ ਨਾਮਕ ਸੰਪਰਦਾ ਅੱਠਵੀਂ ਨੌਵੀਂ ਸਦੀ ਵਿੱਚ ਹੋਂਦ ਵਿੱਚ ਆਈ ਜਿਸ ਨੂੰ ਧਰਮ ਦੀ ਮਹਾਯਾਨ ਸ਼ਾਖਾ ਦਾ ਤੰਤਰ ਮੰਤਰ ਪੱਧਤੀਆਂ ਤੋਂ ਪ੍ਰੀਵਰਤਿਤ ਰੂਪ ਮੰਨਿਆ ਜਾਂਦਾ ਹੈ । ਇਸ ਸੰਪਰਦਾ ਦੇ ਸਾਧਕਾਂ ਨੂੰ ਸਿੱਧ ਕਿਹਾ ਜਾਂਦਾ ਹੈ । ਚਰਯਾ ਪਦ, ਸੂਰਾ ਪਦ, ਲੂਈ ਪਦ, ਕਪ੍ਰਹਦ ਆਦਿ ਵੰਨਗੀਆਂ ਦੇ ਪਦੇ ਮਿਲਦੇ ਹਨ ਜਿਨ੍ਹਾਂ ਦਾ ਗਾਇਨ ਕੀਤਾ ਜਾਂਦਾ ਸੀ । ਇਹ ਗਾਇਨ ਇਨ੍ਹਾਂ ਦੀ ਭਾਸ਼ਾ ਵਾਂਗੂ ਸਰਬ ਸਾਧਾਰਣ ਲਈ ਅਤੇ ਲੋਕ ਗਾਇਨ ਰੂਪਾਂ ਦੇ ਨੇੜਲਾ ਸੀ[4] ।

---

1. ਨਿਖਿਲ ਘੋਸ਼ : ਰਾਗ ਤਾਲ ਕੇ ਮੂਲ ਤੱਤਵ ਔਰ ਅਭਿਨਵ ਸਵਰਲਿੱਪੀ ਪੱਧਤੀ , (ਅਨੁਵਾਦਕ : ਮਦਨ ਲਾਲ ਵਿਆਸ) ਪੰਨਾ 11
2. ਪਦਮ ਪਿਆਰਾ ਸਿੰਘ : ਸ੍ਰੀ ਗੁਰੂ ਗ੍ਰੰਥ ਕੋਸ਼ , ਪੰਨਾ 266
3. ਨਰੂਲਾ ਡੀ.ਐਸ. : ਸੰਗੀਤ ਸਮੀਖਿਆ ਪੰਨਾ 256
4. ਵਰਮਾ ਧੀਰੇਂਦਰ (ਡਾ.) : ਹਿੰਦੀ ਸਾਹਿਤਯ ਕੋਸ਼ (ਭਾਗ ਪਹਿਲਾ) ਪੰਨਾ 751

ਨਾਥ ਸੰਪ੍ਰਦਾਇ ਨੂੰ 'ਯੋਗ ਮਾਰਗ' ਵੀ ਕਿਹਾ ਜਾਂਦਾ ਹੈ । ਇਸ ਵਿੱਚ ਮਛੰਦਰ ਨਾਥ ਅਤੇ ਗੋਰਖ ਨਾਥ ਦੋ ਸ਼ਾਖਾਵਾਂ ਹਨ । ਇਸ ਵਿੱਚ ਗੋਰਖ ਨਾਥ ਬਾਣੀ ਦਾ ਵੇਰਵਾ ਪਾਇਆ ਜਾਂਦਾ ਹੈ ਜਿਸ ਵਿੱਚ ਸ਼ਬਦੀ, ਪਦ, ਸ਼ਿਸ਼ਪਸ਼ਾ, ਦਰਸ਼ਨ, ਪ੍ਰਾਣ ਸੰਗਲੀ, ਨਾਰਵੇ ਬੋਧ, ਆਤਮ ਬੋਧ, ਮਛੰਦਰ ਗੋਰਖ ਨਾਥ, ਗਿਆਨ ਚਾਲੀਸਾ ਆਦਿ ਵਿਸ਼ੇਸ਼ ਹਨ । ਨਾਥ ਬਾਣੀ ਦੇ ਰਚਨਾਕਾਰਾਂ ਨੇ 'ਪਦ' ਰੂਪ ਦੀ ਜ਼ਿਆਦਾ ਵਰਤੋਂ ਕੀਤੀ ਹੈ । ਨਾਥ ਬਾਣੀ ਦੀ ਗਾਇਨ ਵਿਧੀ ਇਸ ਕਰਕੇ ਵੀ ਵਿਸ਼ਿਸ਼ਟ ਰੂਪ ਰੱਖਦੀ ਹੈ ਕਿਉਂਕਿ ਇਸ ਵਿੱਚ ਸੰਗੀਤ ਅਤੇ ਰਾਗਮਈ ਸਰੂਪ ਨੂੰ ਵੀ ਸਵੀਕਾਰਿਆ ਗਿਆ ਹੈ । ਰਾਮਕਲੀ ਰਾਗ ਇਸੇ ਪਰੰਪਰਾ ਦਾ ਪ੍ਰਿਯ ਰਾਗ ਹੈ । ਇਸ ਦਾ ਉਲੇਖ ਗੋਰਖ ਬਾਣੀ ਵਿੱਚ ਵਿਸ਼ੇਸ਼ ਰੂਪ ਵਿੱਚ ਹੈ[1] । ਇਸ ਤੋਂ ਇਲਾਵਾ ਗੌੜ, ਮਾਰੂ, ਗੂਜਰੀ, ਪਟਮੰਜਰੀ, ਦੇਵਕਰੀ, ਦੇਨਾਖ, ਭੈਰਵੀ, ਕਾਮੋਦ, ਧਨਾਸਰੀ, ਸਿਵਾਰ, (ਆਸਾਵਰੀ) ਵਰਾਟੀ, ਮਲਾਰੀ, ਮਾਲਸ਼੍ਰੀ, ਮਾਲਸਾ ਗੌੜ ਆਦਿ ਰਾਗਾਂ ਦੇ ਪ੍ਰਯੋਗ ਉਪਲੱਬਧ ਹਨ ।

ਦੱਖਣ ਦੇ ਵੈਸ਼ਨਵ ਅਲਾਵਰ ਭਗਤਾਂ ਦੀ ਸੰਗੀਤ ਪਰੰਪਰਾ :

ਭਗਤੀ ਅੰਦੋਲਨ ਦੇ ਵਿਕਾਸ ਵਿੱਚ ਦੱਖਣ ਦੇ ਬਾਰਾਂ ਵੈਸ਼ਨਵ ਅਲਾਵਰਾਂ ਦੀ ਦੇਣ ਵਿਸ਼ੇਸ਼ ਅਤੇ ਮਹੱਤਵਪੂਰਨ ਹੈ । ਲੱਗਭਗ ਚਾਰ ਹਜ਼ਾਰ ਪਦਿਆਂ ਦਾ ਉਹਨਾਂ ਦਾ 'ਪ੍ਰਬੰਧਮ' ਜਿਸ ਨੂੰ 'ਤਾਮਿਲ ਵੇਦ' ਵੀ ਕਿਹਾ ਜਾਂਦਾ ਹੈ ਗਿਆਨ, ਪ੍ਰੇਮ, ਸੌਂਦਰਯ ਅਤੇ ਆਨੰਦ ਨਾਲ ਓਤਪੋਤ ਭਗਤੀ ਦਾ ਅਸਲੀ ਖਜ਼ਾਨਾ ਹੈ । ਇਸ ਵਿੱਚ ਪ੍ਰਵਾਹਿਤ ਭਗਤੀ ਸੰਗੀਤ ਦੀ

---

1. ਬੜਥਵਾਲ ਪੀਤਾਂਬਰਦੱਤ (ਡਾ.) : ਗੋਰਖ ਬਾਣੀ , ਪੰਨਾ 85

ਅੰਮ੍ਰਿਤਧਾਰਾ ਸਪੱਸ਼ਟ ਭਾਂਤ ਦ੍ਰਿਸ਼ਟੀਗੋਚਰ ਹੁੰਦੀ ਹੈ । ਅੱਠਵੀਂ, ਨੌਵੀਂ ਸਦੀ ਵਿੱਚ ਦੱਖਣੀ ਭਾਰਤ ਵਿੱਚ ਸੰਗੀਤ ਵਿਸ਼ੇਸ਼ ਰੂਪ ਵਿੱਚ ਪ੍ਰਚਲਿਤ ਹੋ ਗਿਆ ਸੀ ਅਤੇ ਸ਼ੈਵ ਤੇ ਵੈਸ਼ਨਵ ਧਰਮ ਦੇ ਪੈਰੋਕਾਰਾਂ ਨੇ ਮਿਲ ਕੇ ਬੁੱਧ ਅਤੇ ਜੈਨ ਧਰਮ ਦਾ ਸਖ਼ਤ ਵਿਰੋਧ ਕਰਦਿਆਂ ਪ੍ਰਮਾਤਮਾ ਦੀ ਸੱਤਾ, ਉਦਾਰਤਾ ਅਤੇ ਭਗਤੀ ਸੰਗੀਤ ਦਾ ਪ੍ਰਚਾਰ ਕੀਤਾ । ਵੈਸ਼ਨਵ ਮੱਤ ਜੋ ਕਿ ਵਾਸਦੇਵ ਸਾਤਵਤ, ਭਾਗਵਤ ਆਦਿ ਕਈ ਨਾਂਵਾਂ ਨਾਲ ਜਾਣਿਆ ਜਾਂਦਾ ਹੈ, ਲੱਗਭਗ ਪੰਜਵੀਂ ਸਦੀ ਵਿੱਚ ਆਰੰਭ ਹੋਇਆ । ਵੈਸ਼ਨਵ ਸੰਤਾਂ ਨੂੰ 'ਅਲਾਵਰ' ਕਿਹਾ ਜਾਂਦਾ ਹੈ । ਇਹ ਵੈਸ਼ਨਵ ਸੰਤ ਚਲਦੇ ਫਿਰਦੇ ਗਵੱਈਏ ਸਨ ਜੋ ਕਿ ਮੰਦਰਾਂ ਤੋਂ ਦੂਸਰੇ ਮੰਦਰਾਂ ਵੱਲ ਜਾਂਦੇ, ਪ੍ਰਮਾਤਮਾ ਦੇ ਗੁਣ ਗਾਇਨ ਕਰਦੇ, ਯਾਤਰਾ ਕਰਦੇ ਸਨ । ਇਸ ਪਰੰਪਰਾ ਦੇ ਮਹਾਨ ਪ੍ਰਚਾਰਕ ਰਾਮਾਨੁਜ-ਚਾਰੀਆ ਹੋਏ ਹਨ । ਰਾਮਾਨੁਜਚਾਰੀਆ ਤੋਂ ਇਨ੍ਹਾਂ ਰਾਮਾਨੰਦ, ਨਿਬਾਰਕ, ਮਾਧਵਾਚਾਰੀਆ ਦੇ ਲਗਾਤਾਰ ਪ੍ਰਯਤਨ ਸਦਕਾ ਚੌਦਹਵੀਂ, ਪੰਦਰਵੀਂ ਸਦੀ ਵਿੱਚ ਪ੍ਰਚੱਲਿਤ ਹੋ ਗਈ ।

ਬਾਰ੍ਹਵੀਂ ਸਦੀ ਵਿੱਚ ਜੈਦੇਵ ਦੁਆਰਾ ਰਚਿਤ "ਗੀਤ ਗੋਵਿੰਦ" ਇਸ ਪਰੰਪਰਾ ਦੀ ਮਹਾਨ ਰਚਨਾ ਹੈ । ਇਹ ਗ੍ਰੰਥ ਜਿਥੇ ਕਾਵਿ ਪੱਖ ਤੋਂ ਵਿਸ਼ੇਸ਼ ਹੈ ਉਥੇ ਸੰਗੀਤ ਪੱਖ ਤੋਂ ਵੀ ਮਹੱਤਵਪੂਰਨ ਹੈ । ਜੈਦੇਵ ਦੀਆਂ ਰਚਨਾਵਾਂ ਇਸ ਕਾਲ ਵਿੱਚ ਪ੍ਰਚੱਲਿਤ ਪ੍ਰਬੰਧ ਸ਼ੈਲੀ ਦਾ ਉੱਤਮ ਨਮੂਨਾ ਹਨ । ਜੈਦੇਵ ਨੇ ਆਪਣੀਆਂ ਕਾਵਿ ਰਚਨਾਵਾਂ ਲਈ ਮਾਲਵਾ, ਗੂਜਰੀ, ਵਸੰਤ, ਰਾਮਕ੍ਰੀ, ਕਰਨਾਟ, ਦੇਸਵਰਾੜੀ, ਗੋਂਡਕ੍ਰੀ, ਭੈਰਵੀ, ਵਰਾੜੀ, ਵਿਭਾਸ ਰਾਗ ਅਤੇ ਨਿਰਾਸਰਾ ਯਤੀ ਏਕ ਤਾਲ ਵਰਗੇ ਤਾਲਾਂ ਦਾ ਪ੍ਰਯੋਗ ਕੀਤਾ[1] । ਸ੍ਰੀ ਗੁਰੂ ਗ੍ਰੰਥ

---

1. Suniti Kumar Chatterji : Jayadeva ; Page 66.

ਸਾਹਿਬ ਵਿੱਚ ਜੈਦੇਵ ਦੁਆਰਾ ਰਚਿਤ ਰਾਗ ਗੂਜਰੀ[1] ਅਤੇ ਰਾਗ ਮਾਰੂ[2] ਅਧੀਨ ਦਰਜ ਪਦੇ ਮਿਲਦੇ ਹਨ । ਜਗਨ ਨਾਥ ਪੋਰੀ ਦੇ ਮੰਦਰਾਂ ਵਿੱਚ ਵੀ ਦੇਵਦਾਸੀਆਂ ਦੁਆਰਾ 'ਗੀਤ ਗੋਵਿੰਦ' ਦੀਆਂ ਰਚਨਾਵਾਂ ਦੇ ਗਾਇਨ ਦੀ ਪਰੰਪਰਾ ਹੈ । "ਗੀਤ ਗੋਵਿੰਦ" ਦੀਆਂ ਅੱਠ ਪੱਦਿਆਂ ਦੀਆਂ ਰਚਨਾਵਾਂ 'ਅਸ਼ਟਪਦੀਆਂ' ਜਿੱਥੇ ਭਾਰਤੀ ਸਾਹਿਤ ਦੀਆਂ ਮਹੱਤਵਪੂਰਨ ਰਚਨਾਵਾਂ ਹਨ ਉੱਥੇ ਭਾਰਤੀ ਸੰਗੀਤ ਵਿੱਚ ਵੀ ਗਾਇਨ ਸ਼ੈਲੀ ਪੱਖੋਂ ਇਨ੍ਹਾਂ ਦਾ ਸਥਾਨ ਵਰਨਣਯੋਗ ਹੈ ।

ਸ਼ੈਵ ਆਡਿਆਰ ਭਗਤਾਂ ਦੀ ਸੰਗੀਤ ਪਰੰਪਰਾ

ਭਗਤੀ ਅਤੇ ਭਗਤੀ ਸੰਗੀਤ ਦੇ ਵਿਕਾਸ ਵਿੱਚ ਵੈਸ਼ਨਵ ਅਲਾਵਰਾਂ ਤੋਂ ਪਿਛੋਂ ਸ਼ੈਵ ਆਡਿਆਰ ਭਗਤਾਂ ਨੇ ਵੀ ਯੋਗ ਹਿੱਸਾ ਪਾਇਆ । ਇੱਕ ਪਾਸੇ ਜੈਨ ਧਰਮ ਦੀ ਉੱਭਦੀ ਜਾ ਰਹੀ ਸ਼ਾਖ਼ ਨੂੰ ਸ਼ੈਵ ਸੰਤਾਂ ਨੇ ਠੱਲ ਪਾਈ ਅਤੇ ਦੂਜੇ ਪਾਸੇ ਸੰਤ ਮਣਿਕਵਾ-ਸਾਗਰ ਨੇ ਬੁੱਧ ਧਰਮ ਦੀ ਜਨਤਾ ਉੱਪਰ ਪੈ ਰਹੇ ਪ੍ਰਭਾਵਾਂ ਨੂੰ ਦੂਰ ਕਰਨ ਦਾ ਪੁਰਜ਼ੋਰ ਯਤਨ ਕੀਤਾ । ਇੰਜ ਇਨ੍ਹਾਂ ਦੋਹਾਂ ਧਰਮਾਂ ਨੂੰ, ਨਾ ਤਾਂ ਆਸਤਿਕ ਵਾਦੀ ਅਤੇ ਨਾ ਹੀ ਭਗਤੀ ਵਾਦੀ, ਹਾਰ ਦੇ ਕੇ ਸ਼ੈਵ ਭਗਤਾਂ ਨੇ ਭਗਤੀ ਅੰਦੋਲਨ ਅਤੇ ਭਗਤੀ ਸੰਗੀਤ ਦਾ ਸਮਰਥਨ ਕਰਦਿਆਂ ਹੋਇਆਂ ਇਸ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਦਿੱਤਾ ।

ਸ਼ਿਵ ਨੂੰ ਪਰਮੇਸ਼ਰ ਮੰਨਣ ਵਾਲੇ ਜਾਂ ਸ਼ਿਵ ਭਗਤਾਂ ਨੂੰ 'ਸ਼ੈਵ' ਕਿਹਾ ਜਾਂਦਾ ਸੀ । ਇਨ੍ਹਾਂ ਸ਼ੈਵ ਭਗਤਾਂ ਦੀਆਂ ਰਚਨਾਵਾਂ ਦੇ ਗ੍ਰੰਥ ਦਾ ਨਾਮ "ਤ੍ਰਿਸੂਰਾਇ" ਹੈ ।

---

1. ਆਦਿ ਗ੍ਰੰਥ : ਪੰਨਾ 526
2. ਆਦਿ ਗ੍ਰੰਥ : ਪੰਨਾ 1106

ਇਹਨਾਂ ਭਗਤਾਂ ਨੂੰ ਸਾਇਸਾਰ ਵੀ ਕਿਹਾ ਜਾਂਦਾ ਹੈ । ਇਹਨਾਂ ਦੀਆਂ ਰਚਨਾਵਾਂ ਰਾਗਾਤਮਿਕ ਸਰੂਪ ਦੀਆਂ ਧਾਰਣੀ ਹਨ । ਇਹਨਾਂ ਦਾ ਗਾਇਨ ਰਾਗ ਤਾਲ ਨਾਲ ਕੀਤਾ ਜਾਂਦਾ ਸੀ[1] ।

## ਗੌੜੀਯ ਸੰਪ੍ਰਦਾਇ

ਗੌੜੀਯ ਸੰਪ੍ਰਦਾਇ ਦੀ ਸਥਾਪਨਾ ਚੈਤੰਨਯ ਮਹਾਂਪ੍ਰਭੂ ਨੇ ਕੀਤੀ । ਗੌੜੀਯ ਮੱਠ ਜਾਂ ਚੈਤੰਨਯ ਸੰਪ੍ਰਦਾਇ ਵਿੱਚ ਰਾਧਾ ਕ੍ਰਿਸ਼ਨ ਦੀ ਜੋੜੀ ਦੀ ਭਗਤੀ, ਨਾਮ-ਸਿਮਰਨ ਅਤੇ ਲੀਲ੍ਹਾ ਕੀਰਤਨ ਉੱਤੇ ਜੋਰ ਦਿੱਤਾ ਜਾਂਦਾ ਸੀ ਪਰ ਇਸ ਸੰਪ੍ਰਦਾਇ ਵਿੱਚ ਭਗਵਾਨ ਕ੍ਰਿਸ਼ਨ ਦੀ ਪੂਜਾ ਤੋਂ ਪਹਿਲਾਂ ਚੈਤੰਨਯ (ਗੋਰਾਮ) ਅਤੇ ਉਸ ਦੇ ਸਾਥੀਆਂ ਦੀ ਪੂਜਾ ਅਤੇ ਕ੍ਰਿਸ਼ਨ ਲੀਲ੍ਹਾ ਤੋਂ ਪੂਰਬ ਗੋਰਾਮ ਲੀਲ੍ਹਾ ਦਾ ਚਿੰਤਨ ਕੀਤੇ ਜਾਣ ਦਾ ਰਿਵਾਜ਼ ਸੀ । ਇਸ ਦਾ ਕਾਰਨ ਸੀ ਕਿ ਲੋਕ ਚੈਤੰਨਯ ਮਹਾਂਪ੍ਰਭੂ ਨੂੰ ਕ੍ਰਿਸ਼ਨ ਦਾ ਦੂਜਾ (ਅਵਤਾਰ) ਰੂਪ ਸਮਝਦੇ ਸਨ । ਗੌੜੀਯ ਸੰਪ੍ਰਦਾਇ ਅਧੀਨ ਰਾਮ ਕ੍ਰਿਸ਼ਨ ਦੋਹਾਂ ਦੀ ਭਗਤੀ ਕੀਤੀ ਜਾਂਦੀ ਸੀ ।

ਚੈਤੰਨਯ ਅਨੁਸਾਰ ਕ੍ਰਿਸ਼ਨ ਦੀ ਭਗਤੀ ਲਈ ਹਰੇਕ ਨੂੰ ਸਮਾਨ ਅਧਿਕਾਰ ਸਨ । ਇਸ ਸੰਪ੍ਰਦਾਇ ਅਧੀਨ ਦੋ ਕਵੀਆਂ ਦਾ ਉਲੇਖ ਮਿਲਦਾ ਹੈ - ਗਦਾਧਰ ਭੱਟ ਅਤੇ ਸੂਰਦਾਸ ਮਦਮੋਹਨ । ਇਹਨਾਂ ਨੇ ਗੌੜੀਯ ਸੰਪ੍ਰਦਾਇ ਅਧੀਨ ਕੀਰਤਨ ਦੀ ਪ੍ਰਥਾ ਨੂੰ ਤੋਰਿਆ । ਸ਼ਿਵ ਸਿੰਘ ਨੇ ਗਦਾਧਰ ਭੱਟ ਕਵੀ ਦੇ ਇੱਕ ਪਦ 'ਸਖੀ ਹੋ ਸ਼ਾਮ ਕੇ ਰੰਗ ਰੰਗੀ' ਦਾ ਉਲੇਖ

---

1. Simon Rebert LeoPold : <u>Spiritual Aspects of Indian Music</u> ; Sandeep Prakashan, page 48.

ਕੀਤਾ ਅਤੇ ਕਿਹਾ ਕਿ ਇਨ੍ਹਾਂ ਦੇ ਪਦ ਰਾਗ-ਸਾਮਰੋਦ੍ਭਵ ਵਿੱਚ ਹਨ [1] । ਇਨ੍ਹਾਂ ਕਵੀਆਂ ਦੇ ਅਤੇ ਚੈਤੰਨਯ ਮਹਾਂਪ੍ਰਭੂ ਦੇ ਆਪਣੇ ਸ਼ਬਦਾਂ ਵਿੱਚ ਨੀਚ ਜਾਤ ਹੋਣ ਨਾਲ ਕ੍ਰਿਸ਼ਨ ਭਗਤੀ ਦੇ ਅਯੋਗ ਅਤੇ ਉਚ ਜਾਤ ਦੇ ਬ੍ਰਾਹਮਣ ਹੋਣ ਨਾਲ ਉਸ ਦੇ ਯੋਗ ਨਹੀਂ ਹੋ ਜਾਈਦਾ । ਜੋ ਕ੍ਰਿਸ਼ਨ ਦਾ ਭਜਨ ਕਰੇ ਉਹੀ ਵੱਡਾ ਹੈ । ਜੋ ਭਗਤੀ ਭਾਵਨਾ ਤੋਂ ਕੋਰਾ ਹੈ ਉਹੀ ਨੀਚ ਹੈ [2] । ਨਾਮ ਕੀਰਤਨ ਬਹੁਤ ਸਰਲ ਹੈ । ਇਸ ਦਾ ਬੰਗਾਲ ਵਿੱਚ ਬਹੁਤ ਪ੍ਰਭਾਵ ਸੀ, ਖਾਸ ਕਰ ਦੱਖਣ-ਪੱਛਮੀ ਬੰਗਾਲ ਵਿੱਚ ਰਾਮ ਭਗਤੀ ਦਾ ਪ੍ਰਭਾਵ ਸੀ । ਚੈਤੰਨਯ ਦੇਵ ਦੇ ਸੇਵਕ ਬਹੁਤੇ ਰਾਮ ਭਗਤਾਂ ਵਿਚੋਂ ਸਨ । ਕੁੱਝ ਸਮੇਂ ਬਾਅਦ ਉਨ੍ਹਾਂ ਸ੍ਰੀ ਕ੍ਰਿਸ਼ਨ ਦੀ ਰਾਧਾ ਤੱਤ ਵਾਲੀ ਪੂਜਾ ਨੂੰ ਅਪਣਾ ਲਿਆ ਪਰ ਰਾਮ ਲੀਲ੍ਹਾ ਦਾ ਗਾਇਨ ਖੜਤਾਲਾਂ ਛੈਣਿਆਂ ਨਾਲ ਆਮ ਲੋਕਾਂ ਵਿੱਚ ਬਣਿਆ ਹੀ ਰਿਹਾ । ਬੰਗਾਲ ਦਾ ਪ੍ਰਸਿੱਧ ਲੇਖਕ ਬ੍ਰਾਹਮਣ ਕ੍ਰਿਤੀਵਾਸ ਨੇ ਜੋ ਰਚਨਾਵਾਂ ਲਿਖੀਆਂ ਉਹ ਬਹੁਤੀਆਂ ਗਾ ਕੇ ਪੜ੍ਹੀਆਂ ਜਾਣ ਲਈ ਰਚੀਆਂ ਗਈਆਂ ਸਨ ਅਤੇ ਕੀਰਤਨ ਦਾ ਅੰਗ ਸਮਝਣ ਯੋਗ ਸਨ [3] । ਨਾਮ ਕੀਰਤਨ ਇਸ ਪਰੰਪਰਾ ਦੀ ਵਿਸ਼ਿਸ਼ਟ ਸ਼ੈਲੀ ਹੈ ਜਿਸ ਵਿੱਚ ਜਲੂਸ ਦੀ ਸ਼ਕਲ ਵਿੱਚ ਕ੍ਰਿਸ਼ਨ ਜੀ ਦੇ ਨਾਮ ਦਾ ਸਮੂਹਿਕ ਗਾਇਨ ਕੀਤਾ ਜਾਂਦਾ ਸੀ । ਇਸ ਵਿੱਚ ਖੜਤਾਲ, ਢੋਲਕ, ਵਇਲਨ ਵਰਗੇ ਸਾਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ । ਕੁੱਝ ਕੁ ਤਾਲਾਂ ਬਾਰੇ ਵੀ ਜ਼ਿਕਰ ਆਇਆ ਹੈ ਜਿਵੇਂ ਝਾਪ, ਐੜਾਂ (ਤੀਵਰਾ) ਤ੍ਰਾਸ਼ ਪਾਹਿੜ (8 ਮਾਤਰਾਂ) ਜਤ ਦੇ ਸਮਾਨ, ਚੱਚੁਪਟ

---

1. ਰਾਮ ਚੰਦ ਸ਼ੁਕਲ : ਹਿੰਦੀ ਸਾਹਿਤਯ ਕਾ ਇਤਿਹਾਸ , ਪੰਨਾ 172
2. ਮਨੋਹਰ ਸਿੰਘ (ਡਾ.) : ਗੁਰੂ ਨਾਨਕ ਅਤੇ ਭਗਤੀ ਅੰਦੋਲਨ , ਪੰਨਾ 42
3. ਦੇਵਿੰਦਰ ਸਿੰਘ (ਵਿਦਿਆਰਥੀ) : ਕੀਰਤਨ ਸੰਦਰਭ ਅਤੇ ਸਰੂਪ , ਪੰਨਾ 79

(ਕਹਿਰਵਾ ਦੇ ਸਮਾਨ), ਝਾੜ (ਸੂਲ ਜੈਸਾ), ਦੋ ਤੁਕਿ (7 ਜਾਂ 14 ਪਦ ਜੈਸਾ) 2 ਅੱਖਰ ਦੇ ਤਾਲ ਦੇ ਬਾਅਦ 4 ਅੱਖਰ ਦਾ ਤਾਲ ਹੋਵੇ ਤਾਂ ਇਨ੍ਹਾਂ ਦੋਨਾਂ ਨੂੰ ਮਿਲਾ ਕੇ ਜੋੜਾ ਜਾਂ 'ਯੁਗਮਤਾਲਾ' ਕਿਹਾ ਜਾਂਦਾ ਹੈ ਅਤੇ ਇਨ੍ਹਾਂ ਤੋਂ ਭਿੰਨ 4 ਅੱਖਰ ਦੇ ਤਾਲਾਂ ਨੂੰ 'ਪੂਟਾ ਜਾਂ ਵਿਸ਼ਿਸ਼ਟ ਤਾਲ' । ਇੱਕ ਹੀ ਤਾਲ ਦੇ ਭਿੰਨ-ਭਿੰਨ ਰੂਪ ਹੁੰਦੇ ਹਨ - ਛੋਟਾ, ਮਧਿਅਮ ਜਿਨ੍ਹਾਂ ਦੇ ਵਿਸਰਜਿਤਾ, ਕ੍ਰਿਮਗਾ, ਵਿਕਸ਼ਿਪਤਾ, ਪਤਾਕਾ ਆਦਿ ਨਾਮ ਹਨ ਜੋ ਸੰਗੀਤ ਰਤਨਾਕਰ ਦੇ ਸਮਾਨ ਹਨ ਪਰ ਸਰੂਪ ਭਿੰਨ ਹਨ । ਕੀਰਤਨ ਵਿੱਚ ਲੈਅ ਦਾ ਪ੍ਰਯੋਗ ਵੀ ਵਿਭਿੰਨ ਪ੍ਰਕਾਰਾਂ ਨਾਲ ਹੁੰਦਾ ਹੈ ਜਿਵੇਂ; ਕਦੀ ਵਿਲੰਬਿਤ ਤੋਂ ਦਰੁੱਤ, ਕਦੀ ਦਰੁੱਤ ਤੋਂ ਵਿਲੰਬਿਤ । ਇਸ ਵਿੱਚ ਸ਼ਾਸਤਰੋਕਤ 'ਯਤਿ' ਦਾ ਕੁੱਝ ਰੂਪ ਹੈ । ਆਧੁਨਿਕ ਸ਼ਾਸਤਰੀ ਸੰਗੀਤ ਦੇ 'ਸਮ' ਦੀ ਧਾਰਣਾ ਕੀਰਤਨ ਵਿੱਚ ਨਹੀਂ ਹੈ ਕਿਉਂਕਿ ਤਾਲ ਦਾ ਪ੍ਰਥਮ ਘਾਤ ਵਿੱਚ ਹੀ ਕੀਰਤਨ ਦੀ ਸਮਾਪਤੀ ਜ਼ਰੂਰੀ ਹੈ[1] ।

## ਸੂਫੀ ਸੰਗੀਤ ਪਰੰਪਰਾ

ਹਿੰਦੁਸਤਾਨ ਵਿੱਚ ਮੁਸਲਮਾਨ ਹਮਲਾਵਰ ਸੱਤਵੀਂ-ਅੱਠਵੀਂ ਸਦੀ ਤੋਂ ਬਾਅਦ ਪਹਿਲਾਂ ਪੰਜਾਬ ਵਿੱਚ ਆਏ ਫਿਰ ਸਾਰੇ ਭਾਰਤ ਵਿੱਚ ਹੌਲੀ-ਹੌਲੀ ਪਸਰਨ ਲੱਗੇ । ਮੁਸਲਮਾਨਾਂ ਦੇ ਆਗਮਨ ਨਾਲ ਸੂਫੀ ਫ਼ਕੀਰ ਫ਼ਕੀਰਾਂ ਦੇ ਭੇਸ ਵਿੱਚ ਆਏ । ਅਬਦੁੱਲ ਮਾਜਿਦ ਅਨੁਸਾਰ "ਮੁਸਲਮਾਨ" ਵਿੱਚ ਸ਼ੁਰੂ ਤੋਂ ਇੱਕ ਗਿਰੋਹ ਅਜਿਹਾ ਮੌਜੂਦ ਹੈ ਜਿਸ ਕਰਕੇ ਸਾਰੇ ਦੁਨਿਆਵੀ ਉਦੇਸ਼ਾਂ ਤੋਂ ਦ੍ਰਿਸ਼ਟੀ ਹਟਾ ਕੇ ਯਾਦਿ ਖ਼ੁਦਾ (ਖ਼ੁਦਾ ਦੀ ਯਾਦ) ਜ਼ਿਕਰਿ ਇਲਾਹੀ

---

1. ਚੌਧਰੀ ਸੁਭਦਰਾ (ਡਾ.) : ਭਾਰਤੀਯ ਸੰਗੀਤ ਮੇਂ ਤਾਲ ਔਰ ਰੂਪ ਵਿਧਾਨ , ਪੰਨਾ 290-91

(ਇਲਾਹੀ ਦਾ ਜ਼ਿਕਰ), ਸਲੂਕੋ ਇਨਸਾਨ (ਨੇਕੀ ਤੇ ਭਲਾਈ) ਦੇ ਭਿੰਨ-ਭਿੰਨ ਤਰੀਕਿਆਂ ਤੇ ਅਮਲ ਕੀਤਾ । ਆਰੰਭ ਵਿੱਚ ਇਹ ਗਰੋਹ ਕਈ ਨਾਂਵਾਂ ਨਾਲ ਸੱਦਿਆ ਜਾਂਦਾ ਰਿਹਾ ਹੈ ਤੇ ਇੱਕ ਲੰਮਾ ਸਮਾਂ ਬੀਤ ਜਾਣ ਤੇ ਇਸ ਨੂੰ 'ਗਰੋਹ ਸੂਫੀਆਂ' ਕਹਿਣ ਲੱਗ ਪਏ ਤੇ ਇਸ ਗਰੋਹ ਦੇ ਸਲੂਕ ਸਲੀਕੇ ਜਾਂ ਮਰਿਆਦਾ ਨੂੰ 'ਤਸੱਵੁਫ' ਕਿਹਾ ਜਾਣ ਲੱਗਾ[1] । ਸੂਫੀ ਇਸਲਾਮਿਕ ਸ਼ੱਰ੍ਹਾ ਦੇ ਬੰਧਨਾਂ ਦੀ ਕੱਟੜਤਾ ਦਾ ਧਾਰਣੀ ਨਹੀਂ ਸੀ । ਸੂਫੀਆਂ ਨੇ ਆਪਣੇ ਮੱਤ ਦੇ ਪ੍ਰਚਾਰ ਲਈ 'ਸੂਫੀਆਨਾ ਕਲਾਮ' ਦੀ ਰਚਨਾ ਕੀਤੀ । ਇਨ੍ਹਾਂ ਨੇ ਰੱਬ ਨੂੰ ਪ੍ਰਿਯਤਮਾ ਦਾ ਰੂਪ ਦਿੱਤਾ ਅਤੇ ਰੱਬੀ ਪ੍ਰੇਮ ਨੂੰ ਜ਼ਾਹਿਰ ਕਰਨ ਲਈ ਕਾਵਿ ਅਤੇ ਸੰਗੀਤ ਨੂੰ ਮਾਧਿਅਮ ਬਣਾਇਆ । ਸੂਫੀਆਂ ਨੇ ਆਪਣੇ ਪੂਰਵਜਾਂ ਤੋਂ ਚਲੀ ਆ ਰਹੀ ਕਾਵਿਕ ਪਰੰਪਰਾ ਨੂੰ ਅਪਣਾਉਂਦੇ ਹੋਏ ਭਾਰਤੀ ਸੰਗੀਤ ਦਾ ਪ੍ਰਯੋਗ ਕੀਤਾ । ਸੂਫੀ ਕਾਵਿ ਅਤੇ ਸੰਗੀਤ ਦੁਆਰਾ ਸੂਫੀਆਨਾ ਅੰਦਾਜ਼ ਵਿੱਚ ਪ੍ਰਸਤੁਤੀ ਹੀ ਸੂਫੀ ਸੰਗੀਤ ਹੈ । ਸੂਫੀਆਂ ਨੇ ਆਪਣੀ ਬਾਣੀ ਦੀ ਸੰਗੀਤਕ ਪ੍ਰਸਤੁਤੀ ਲਈ ਨਿਬੱਧ ਅਤੇ ਅਨਿਬੱਧ ਦੋਵੇਂ ਪ੍ਰਕਾਰ ਦੀਆਂ ਸ਼ੈਲੀਆਂ ਦਾ ਪ੍ਰਯੋਗ ਕੀਤਾ । ਕਾਫੀ ਸੁਤੰਤਰ ਗਾਇਨ ਸ਼ੈਲੀ ਦੇ ਤੌਰ ਤੇ ਪ੍ਰਚਾਰ ਵਿੱਚ ਸੀ ਅਤੇ ਇਸ ਨੂੰ ਉਪ ਸ਼ਾਸਤਰੀ ਸ਼ੈਲੀ ਠੁਮਰੀ ਭਜਨ ਦੀ ਤਰ੍ਹਾਂ ਵੀ ਗਾਇਨ ਕੀਤਾ ਜਾਂਦਾ ਸੀ । ਕਾਫੀ ਦਾ ਗਾਇਨ ਵਿਸ਼ੇਸ਼ ਤਾਲਾਂ ਵਿੱਚ ਕੀਤਾ ਜਾਂਦਾ ਹੈ । ਇਹ ਜ਼ਿਆਦਾਤਰ ਕਹਿਰਵਾ ਅਤੇ ਰੂਪਕ ਤਾਲ ਵਿੱਚ ਗਾਈ ਜਾਂਦੀ ਹੈ । ਅੱਜ-ਕੱਲ ਦਾਦਰਾ ਤਾਲ ਵਿੱਚ ਵੀ ਕਾਫੀ ਸੁਣਨ ਵਿੱਚ ਮਿਲਦੀ ਹੈ । ਜਿਸ ਕਹਿਰਵਾ ਅਤੇ ਰੂਪਕ ਤਾਲਾਂ ਵਿੱਚ ਇਹ ਗਾਈ ਜਾਂਦੀ ਰਹੀ ਹੈ ਉਸ ਦੇ ਬੋਲ ਅੱਜ ਦੇ

---

1. <u>ਪੰਜਾਬੀ ਸੂਫੀ ਸਾਹਿਤ ਸੰਦਰਭ ਕੋਸ਼</u> , (ਸੰਪਾਦਕ : ਗੁਰਦੇਵ ਸਿੰਘ) ਪੰਨਾ 194

ਪ੍ਰਚੱਲਿਤ ਕਹਿਰਵਾ ਅਤੇ ਰੂਪਕ ਤਾਲ ਤੋਂ ਭਿੰਨ ਹਨ[1]। ਸੂਫੀ ਸੰਗੀਤ ਪਰੰਪਰਾ ਵਿੱਚ ਪ੍ਰਚੱਲਿਤ ਕਾਫੀ ਗਾਇਨ ਸ਼ੈਲੀ ਉੱਤੇ ਭਗਤੀ ਸੰਗੀਤ ਦੀ ਪਦ ਗਾਇਨ ਸ਼ੈਲੀ ਦਾ ਕਾਫੀ ਪ੍ਰਭਾਵ ਹੈ ਜਿਸ ਅਧੀਨ ਜਿੱਥੇ ਕਾਫੀ ਰਚਨਾ ਉੱਪਰ ਰਹਾਓ, ਅੰਕ, ਰਾਗ ਆਦਿ ਵਰਗੇ ਗਾਇਨ ਸੰਕੇਤ ਵਿਦਮਾਨ ਹਨ ਉੱਥੇ ਮੁਸਲਿਮ ਕੱਵਾਲੀ ਦੇ ਅੰਦਾਜ਼ ਤੋਂ ਇਸ ਵਿੱਚ ਵਾਰ-ਵਾਰ ਦੁਹਰਾਅ ਕੀਤਾ ਜਾਂਦਾ ਹੈ । ਪਰ ਕਾਫੀ ਸ਼ੈਲੀ ਆਪਣੀ ਪਰਕ੍ਰਿਤੀ ਅਤੇ ਸੂਫੀਆਨਾ ਅੰਦਾਜ਼ ਤੋਂ ਭਾਰਤੀ ਸੰਗੀਤ ਦੀ ਵਿਭਿੰਨ ਗਾਇਨ ਸ਼ੈਲੀਆਂ ਤੋਂ ਆਪਣਾ ਅਲੱਗ ਸਰੂਪ ਰੱਖਦੀ ਹੈ ।

ਕੱਵਾਲੀ ਸੂਫੀ ਸੰਗੀਤ ਦੀ ਵਿਸ਼ਿਸ਼ਟ ਗਾਇਨ ਸ਼ੈਲੀ ਹੈ । ਇਸ ਦਾ ਵਿਸ਼ੇਸ਼ ਲੋਕਾਂ ਦੁਆਰਾ ਦਰਗਾਹ 'ਤੇ ਗਾਇਨ ਕੀਤਾ ਜਾਂਦਾ ਹੈ । ਕੱਵਾਲੀ ਦਾ ਮੂਲ ਅਰਬੀ ਭਾਸ਼ਾ ਦਾ ਸ਼ਬਦ 'ਕੌਲ' ਹੈ ਜਿਸ ਦੇ ਅਰਥ ਹਨ ਬਚਨ, ਸੁਖਨ, ਕਥਨ, ਬੋਲ ਆਦਿ । ਈਰਾਨੀ ਸਾਹਿਤ ਵਿੱਚ 'ਕੌਲ' ਤੋਂ 'ਦੋ-ਬੈਂਤੀ', 'ਚਾਰ-ਬੈਂਤੀ' ਜਾਂ 'ਤਰਾਨਾ' ਦੇ ਭਾਵ ਵੀ ਲਏ ਜਾਂਦੇ ਹਨ[2] ।

ਇਸ ਤਰ੍ਹਾਂ ਈਰਾਨੀ ਸਾਹਿਤ ਵਿੱਚ 'ਰੁਬਾਈ' ਭੀ ਕੌਲ ਹੈ । ਇਸ ਲਈ ਜਿਨ੍ਹਾਂ ਰੁਬਾਈਆਂ ਦਾ ਗਾਇਨ ਕਰਨ ਲਈ ਰਚਨਾ ਕੀਤੀ ਗਈ ਉਨ੍ਹਾਂ ਨੂੰ 'ਕੌਲ' ਕਿਹਾ ਗਿਆ । ਸੂਫੀ ਸੰਗੀਤ ਅੰਤਰਗਤ ਗਾਇਕ ਨੂੰ ਕੱਵਾਲ ਦਾ ਨਾਮ ਦਿੱਤਾ ਗਿਆ ਹੈ

---

1. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ , ਪੰਨਾ 98
2. ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ) : ਪੰਨਾ 219
ਪੰਜਾਬੀ ਯੂਨੀਵਰਸਿਟੀ,ਪਟਿਆਲਾ, 1971.

ਅਤੇ ਇਨ੍ਹਾਂ ਕੱਵਾਲਾਂ ਦੁਆਰਾ ਗਾਇਨ ਕੀਤੇ ਗੀਤਾਂ ਨੂੰ ਕੱਵਾਲੀ ਕਿਹਾ ਗਿਆ ਹੈ । ਕਿਉਂਕਿ ਕੱਵਾਲੀ ਦਾ ਆਪਣਾ ਕੋਈ ਸਾਹਿਤਕ ਰੂਪ ਨਹੀਂ ਹੈ ਇਸ ਲਈ ਕੱਵਾਲਾਂ ਦੀ ਗਾਇਨ ਸ਼ੈਲੀ ਵਿੱਚ ਗਾਇਨ ਕੀਤੀ ਰਚਨਾ ਹੀ ਕੱਵਾਲੀ ਹੈ । ਉਦਾਹਰਣ ਦੇ ਤੌਰ ਤੇ ਕਾਫੀ ਸ਼ੈਲੀ ਨੂੰ ਕੱਵਾਲੀ ਸ਼ੈਲੀ ਵਿੱਚ ਗਾਇਨ ਕਰਨ 'ਤੇ ਕਾਫੀ ਨਾ ਰਹਿ ਕੇ ਕੱਵਾਲੀ ਕਹਿਲਾਉਂਦੀ ਹੈ । ਪ੍ਰਸਿੱਧ ਸੂਫੀ ਗੁਲਾਮ ਫਰੀਦ ਜੀ ਹਮੇਸ਼ਾਂ ਆਪਣੇ ਨਾਲ ਕੱਵਾਲ ਬਰਕਤ ਨੂੰ ਰੱਖਦੇ ਸਨ ਜੋ ਉਹਨਾਂ ਦੀਆਂ ਕਾਫੀਆਂ ਨੂੰ ਰਾਗਾਂ ਵਿੱਚ ਕੱਵਾਲੀ ਦੇ ਰੂਪ ਵਿੱਚ ਗਾਇਨ ਕਰਦਾ ਸੀ । ਕੱਵਾਲੀ ਦਾ ਸਮੂਹਿਕ ਰੂਪ ਵਿੱਚ ਗਾਇਨ ਕੀਤਾ ਜਾਂਦਾ ਹੈ । ਇਸ ਵਿੱਚ ਦੋ ਮੁੱਖ ਕਲਾਕਾਰ ਹੁੰਦੇ ਹਨ ਅਤੇ ਬਾਕੀ ਉਹਨਾਂ ਦੁਆਰਾ ਉਚਾਰੀਆਂ ਪੰਕਤੀਆਂ, ਪਦਿਆਂ ਦਾ ਅਨੁਕਰਣ ਕਰਦੇ ਹਨ । ਕੱਵਾਲੀ ਦਾ ਭਾਵ ਸਪੱਸ਼ਟ ਕਰਨ ਲਈ ਜਿੱਥੇ ਸਥਾਈ ਦੀਤੁਕ ਦਾ ਵਾਰ-ਵਾਰ ਗਾਇਨ ਕੀਤਾ ਜਾਂਦਾ ਹੈ ਉੱਥੇ ਅੰਤਰਿਆਂ ਦੀਆਂ ਤੁਕਾਂ ਵਿੱਚ ਵਿਸ਼ੇ ਨਾਲ ਸਬੰਧਿਤ ਸਲੋਕ ਅਤੇ ਦੋਹਰਿਆਂ ਦਾ ਗਾਇਨ ਕੀਤਾ ਜਾਂਦਾ ਹੈ ।

ਅਨਿਬੱਧ ਗਾਇਨ ਸ਼ੈਲੀਆਂ ਤਾਲ ਦੇ ਬੰਧਨਾਂ ਤੋਂ ਅਜ਼ਾਦ ਹੁੰਦੀਆਂ ਹਨ । ਸੂਫੀ ਸੰਗੀਤ ਵਿੱਚ ਸੀਹਰਫੀ, ਦੋਹੜੀ, ਸ਼ਲੋਕ, ਗਾਇਨ ਸ਼ੈਲੀਆਂ ਅਨਿਬੱਧ ਦਾ ਰੂਪ ਹਨ ।

ਸੋ ਸੂਫੀ ਸੰਗੀਤ ਪਰੰਪਰਾ ਮੁੱਢ ਤੋਂ ਹੀ ਸੰਗੀਤਕ ਵਿਸ਼ੇਸ਼ਤਾਈਆਂ ਵਾਲੀ ਰਹੀ ਹੈ । ਮੱਧ ਭਾਰਤੀ ਅਧਿਆਤਮਿਕ ਸੰਗੀਤ ਪਰੰਪਰਾ ਵਿੱਚ ਇਸ ਦਾ ਨਿਵੇਕਲਾ ਅਤੇ ਵਿਸ਼ੇਸ਼ ਸਥਾਨ ਰਿਹਾ ਹੈ ।

ਭਗਤੀ ਲਹਿਰ ਅਤੇ ਭਗਤੀ ਸੰਗੀਤ

ਭਗਤੀ ਲਹਿਰ ਦੱਖਣ ਵਿੱਚ ਵੈਸ਼ਨਵ ਅਤੇ ਸ਼ੈਵ ਮੱਤਾਂ ਰਾਹੀਂ ਸ਼ੁਰੂ ਹੋਈ ਅਤੇ ਸੱਤਵੀਂ-ਅੱਠਵੀਂ ਸਦੀ ਵਿੱਚ ਵਧੀ ਫੁੱਲੀ । ਭਾਵੇਂ ਭਗਤੀ ਦਾ ਸੋਮਾ ਭਗਵਤ ਗੀਤਾ ਸੀ ਪਰ ਦੱਖਣ ਦੇ ਲੋਕਾਂ ਵਿੱਚ ਇਸ ਨੂੰ ਵੈਸ਼ਨਵ ਸੰਤਾਂ ਨੇ ਫੈਲਾਇਆ ਜਿਨ੍ਹਾਂ ਨੂੰ ਅਲਾਵਰ ਕਰਕੇ ਜਾਣਿਆ ਜਾਂਦਾ ਹੈ ਜੋ ਚਲਦੇ ਫਿਰਦੇ ਗਵੱਈਏ ਸਨ । ਦੱਖਣ ਤੋਂ ਇਹ ਭਗਤੀ ਲਹਿਰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਫੈਲੀ । ਹਰ ਥਾਂ ਤੇ ਪ੍ਰਭੂ ਭਗਤੀ ਦੇ ਗੀਤ ਲਿਖੇ ਗਏ । ਇਹ ਰਚਨਾਵਾਂ ਸੰਸਕ੍ਰਿਤ ਵਿੱਚ ਨਹੀਂ ਸਗੋਂ ਲੋਕਾਂ ਦੀ ਭਾਸ਼ਾ ਸਧਾਰਣ ਬੋਲੀ ਵਿੱਚ ਹੋਈਆਂ ਅਤੇ ਇਨ੍ਹਾਂ ਨੂੰ ਮੰਦਰਾਂ ਅਤੇ ਸੰਗਤ ਵਿੱਚ ਕੀਰਤਨ ਦੇ ਰੂਪ ਵਿੱਚ ਗਾਇਆ ਜਾਂਦਾ ਸੀ । ਭਗਤੀ ਲਹਿਰ ਦਾ ਆਰੰਭ ਇੱਕ ਧਾਰਮਿਕ ਅੰਦੋਲਨ ਵਜੋਂ ਹੋਇਆ । ਇਸ ਅਧੀਨ ਪ੍ਰਯੋਗ ਕੀਤੇ ਗਏ ਕਾਵਿ ਨੂੰ ਭਗਤੀ-ਕਾਵਿ ਕਿਹਾ ਜਾਂਦਾ ਹੈ ਅਤੇ ਭਗਤੀ-ਕਾਵਿ ਦੀ ਪ੍ਰਸਤੁਤੀ ਲਈ ਪ੍ਰਯੋਗ ਕੀਤੇ ਗਏ ਸੰਗੀਤ ਨੂੰ ਭਗਤੀ ਸੰਗੀਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ ।

ਭਗਤੀ ਲਹਿਰ ਤੋਂ ਇਲਾਵਾ ਖੇਤਰੀ ਭਾਸ਼ਾਵਾਂ ਵੀ ਵਿਕਸਤ ਹੋਈਆਂ ਜਿਸ ਦੇ ਫਲਸਰੂਪ ਖੇਤਰੀ ਭਾਸ਼ਾਵਾਂ ਵਿੱਚ ਭਗਤੀ ਸੰਗੀਤ ਦੇ ਕਾਵਯ ਦੀ ਰਚਨਾ ਹੋਈ ਜੋ ਪੂਰਨ ਸੰਗੀਤਮਈ ਸੀ । ਇਹ ਸਮਾਂ 11ਵੀਂ ਸਦੀ ਦਾ ਸੀ ਜਿਸ ਸਮੇਂ ਹਿੰਦੁਸਤਾਨੀ ਸੰਗੀਤ ਗਿਰਾਵਟ ਵੱਲ ਜਾ ਰਿਹਾ ਸੀ ਤਾਂ ਸਾਰੇ ਹਿੰਦੁਸਤਾਨ ਵਿੱਚ ਭਗਤੀ ਅੰਦੋਲਨ ਸ਼ੁਰੂ ਹੋਇਆ । 14ਵੀਂ ਸਦੀ ਵਿੱਚ ਪੂਰਨ ਜੋਰਾਂ ਤੇ ਚਲ ਰਿਹਾ ਇਹ ਭਗਤੀ ਅੰਦੋਲਨ ਦੋ ਧਾਰਾਵਾਂ ਵਿੱਚ ਪ੍ਰਵਾਹਿਤ ਹੋਇਆ :-

(1) ਨਿਰਗੁਣ ਧਾਰਾ (2) ਸਰਗੁਣ ਧਾਰਾ

ਨਿਰਗੁਣ ਭਗਤੀ ਨੂੰ ਦੋ ਉੱਪ ਧਾਰਾਵਾਂ ਵਿੱਚ ਵਿਭਾਜਿਤ ਕੀਤਾ ਗਿਆ ਹੈ :-

1. ਗਿਆਨ ਮਾਰਗੀ ਸੰਤਾਂ ਦੀ ਧਾਰਾ
2. ਪ੍ਰੇਮ ਮਾਰਗੀ ਸੂਫੀਆਂ ਦੀ ਧਾਰਾ

ਗਿਆਨ ਮਾਰਗੀ ਦੇ ਪ੍ਰਤੀਨਿਧ ਕਬੀਰ ਦਾਸ ਅਤੇ ਪ੍ਰੇਮ ਮਾਰਗੀ ਭਗਤੀ ਦੇ ਪ੍ਰਤੀਨਿਧ ਮਲਿਕ ਮੁਹੰਮਦ ਜਾਯਸੀ ਸਨ ਜਿਨ੍ਹਾਂ ਨੇ ਪਦਮਾਵਤ ਗ੍ਰੰਥਾਂ ਦੀ ਰਚਨਾ ਕੀਤੀ [1]। ਨਿਰਗੁਣ ਧਾਰਾ ਦੇ ਪਰਵਰਤਕ ਪ੍ਰਮਾਤਮਾ ਨੂੰ ਨਿਰਾਕਾਰ ਮੰਨਦੇ ਸਨ। ਉਹ ਉਸ ਦੀ ਉਸਤਤੀ ਸ਼ਬਦ ਭਜਨ ਗਾਇਨ, ਕੀਰਤਨ ਦੁਆਰਾ ਕਰਦੇ। ਇਨ੍ਹਾਂ ਨੇ ਭਜਨ ਜਾਪ ਅਤੇ ਸਿਮਰਨ ਦੀ ਗੱਲ ਕੀਤੀ।

ਸਰਗੁਣ ਭਗਤੀ ਦੀਆਂ ਦੋ ਉੱਪ ਧਾਰਾਵਾਂ ਬਣੀਆਂ - (1) ਰਾਮ ਭਗਤੀ, (2) ਕ੍ਰਿਸ਼ਨ ਭਗਤੀ। ਰਾਮ ਭਗਤੀ ਦੇ ਪ੍ਰਤੀਨਿਧ ਗੋਸੁਆਮੀ ਤੁਲਸੀ ਦਾਸ ਜੀ ਸਨ ਜਿਨ੍ਹਾਂ ਨੇ ਰਾਮ ਚਰਿਤ ਮਾਨਸ ਅਵਧੀ ਵਿੱਚ ਲਿਖਿਆ, ਵਿਨੈ ਪ੍ਰਤਿਕਾ ਦੀ ਰਚਨਾ ਕੀਤੀ ਅਤੇ ਕ੍ਰਿਸ਼ਨ ਭਗਤੀ ਦੇ ਪ੍ਰਤੀਨਿਧ ਕਵੀਰਾਜ ਸੂਰਦਾਸ ਜੀ ਸਨ [2]। ਇਹ ਸਰਗੁਣ ਧਾਰਾ ਦੇ ਪਰਵਰਤਕ ਪ੍ਰਮਾਤਮਾ ਦਾ ਸਾਕਾਰ ਰੂਪ ਮੰਨ ਕੇ ਉਸ ਦੀ ਉਸਤਤੀ ਦਾ ਗਾਇਨ ਕਰਦੇ ਸਨ।

---

1. <u>ਨਾਟਕ ਪ੍ਰਕਾਸ਼ ਪੱਤ੍ਰਿਕਾ (ਭਗਤੀ ਵਿਸ਼ੇਸ਼ ਅੰਕ)</u> : ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970. ਪੰਨਾ 23
2. <u>ਨਾਟਕ ਪ੍ਰਕਾਸ਼ ਪੱਤ੍ਰਿਕਾ (ਭਗਤੀ ਵਿਸ਼ੇਸ਼ ਅੰਕ)</u> : ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970. ਪੰਨਾ 23

ਇਸ ਧਾਰਾ ਵਿੱਚ ਮੀਰਾਂ, ਨੰਦ ਦਾਸ, ਪਦਮ ਦਾਸ, ਰੈਦਾਸ ਅਸ਼ਟਛਾਪ ਕਵੀ ਹੋਏ । ਨਿਰਗੁਣ ਧਾਰਾ ਦੀ ਸ੍ਰਿੰਖਲਾ ਵਿੱਚ ਕਬੀਰ, ਫਰੀਦ, ਨਾਮਦੇਵ, ਤਿਰਲੋਚਨ, ਸੈਣ, ਰਵੀਦਾਸ ਤੇ ਇਸ ਧਾਰਾ ਨਾਲ ਸਬੰਧਿਤ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਅਨੁਯਾਈ ਗੁਰੂਆਂ ਦਾ ਮਹੱਤੀ ਪਰੰਪਰਾ ਵਿੱਚ ਵਿਸ਼ੇਸ਼ ਸਥਾਨ ਹੈ । ਸਰਗੁਣ ਉਪਾਸਨਾ ਦੇ ਅੰਤਰਗਤ ਭਗਤੀ ਲਹਿਰ ਵਿੱਚ ਕਈ ਵੈਸ਼ਨਵ ਸੰਪਰਦਾਵਾਂ ਚੱਲੀਆਂ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

## ਰਾਮਾਨੁਜ ਸੰਪ੍ਰਦਾਇ

ਇਸ ਦ ਸੰਸਥਾਪਕ ਸ੍ਰੀ ਰਾਮਾਨੰਦ (ਸੰਨ 1398 - 1518) ਸਨ । ਇਨ੍ਹਾਂ ਦਾ ਜਨਮ ਸਲਕੋਟ (ਦੱਖਣੀ ਭਾਰਤ) ਵਿੱਚ ਹੋਇਆ, ਪਰ ਇਨ੍ਹਾਂ ਨੇ ਬਨਾਰਸ ਨੂੰ ਆਪਣੀ ਭਗਤੀ ਦਾ ਪ੍ਰਚਾਰ ਕੇਂਦਰ ਬਣਾਇਆ । ਇਨ੍ਹਾਂ ਨੇ ਰਾਮ ਅਤੇ ਸੀਤਾ ਦੀ ਭਗਤੀ ਦਾ ਪ੍ਰਚਾਰ ਕੀਤਾ । ਸਵਾਮੀ ਰਾਮਾਨੰਦ ਜਾਤ-ਪਾਤ ਦੇ ਭੇਦ ਭਾਵ ਨੂੰ ਨਹੀਂ ਮੰਨਦੇ ਸਨ । ਇਨ੍ਹਾਂ ਦੇ ਸ਼ਿਸ਼ਾਂ ਵਿੱਚ ਸਰਗੁਣ ਮਾਰਗੀ ਗੋਸਵਾਮੀ ਤੁਲਸੀਦਾਸ ਅਤੇ ਨਿਰਾਕਾਰ-ਮਾਰਗੀ ਕਬੀਰ ਦੇ ਨਾਂ ਗਿਣਾਏ ਜਾਂਦੇ ਹਨ । ਭਗਤੀ ਅੰਦੋਲਨ ਦੇ ਵਿਕਾਸ ਵਿੱਚ ਰਾਮਾਨੰਦ ਦੀ ਦੇਣ ਮਹੱਤਵਪੂਰਨ ਹੈ । ਇਹਨਾਂ ਨੇ ਰਾਮ ਭਗਤੀ ਦੀ ਇੱਕ ਅਜਿਹੀ ਧਾਰਾ ਉੱਤਰੀ ਭਾਰਤ ਵਿੱਚ ਵਹਾਈ ਜੋ ਚਿਰਕਾਲ ਤੱਕ ਵਹਿੰਦੀ ਹੋਈ ਸਾਰੇ ਉੱਤਰੀ ਭਾਰਤ ਨੂੰ ਸਿੰਜਦੀ ਸੀ । ਇਸੇ ਧਾਰਾ ਦੀਆਂ ਅਗਾਂਹ ਚੱਲ ਕੇ ਦੋ ਸ਼ਾਖਾਵਾਂ ਹੋ ਗਈਆਂ - ਨਿਰਗੁਣ ਭਗਤੀ ਧਾਰਾ ਜਿਸ ਦੇ ਪਰਵਰਤਕ ਕਬੀਰ ਜੀ ਅਤੇ ਸਰਗੁਣ ਭਗਤੀ ਧਾਰਾ ਜਿਸ ਦੇ ਸ਼ਿਰੋਮਣੀ ਭਗਤ ਤੁਲਸੀ ਦਾਸ ਮੰਨੇ ਜਾਂਦੇ ਹਨ । ਇਸ ਪਰੰਪਰਾ ਅਧੀਨ ਸੰਤ, ਭਗਤ

ਜਨਾਂ ਵਿੱਚ ਰਾਮ ਦੀ ਨਿਰਗੁਣ ਭਗਤੀ ਰਵੀਦਾਸ ਨੇ ਵੀ ਕੀਤੀ । ਰਾਮਾਨੁਜਾਚਾਰੀਆ ਨਾਲ ਸਬੰਧਿਤ ਭਗਤਾਂ ਦੀਆਂ ਰਚਨਾਵਾਂ ਉੱਪਰ ਰਾਗ ਸਿਰਲੇਖ ਵਜੋਂ ਅੰਕਿਤ ਹਨ । ਉਨ੍ਹਾਂ ਨੇ ਆਪਣੇ ਪਦਿਆਂ ਨੂੰ ਵਿਸ਼ਿਸ਼ਟ ਸੰਗੀਤ ਨਿਯਮਾਂ ਸਹਿਤ ਰਾਗਾਂ ਅਧੀਨ ਗਾਇਆ ਅਤੇ ਪ੍ਰਚਾਰਿਆ ।

ਪੰਜਾਬ ਅਤੇ ਪੰਜਾਬ ਸਾਹਿਤ ਵਿਚਲੇ ਭਗਤੀ ਅੰਦੋਲਨ ਦੇ ਪ੍ਰਮੁੱਖ ਪਰਵਰਤਕ ਗੁਰੂ ਨਾਨਕ ਦੇਵ ਜੀ ਸਨ । ਮੱਧ ਯੁੱਗ ਦੇ ਇਸ ਅੰਦੋਲਨ ਪ੍ਰਤੀ ਉਹਨਾਂ ਦੀ ਦੇਣ ਦੀ ਚਰਚਾ ਕਰਨ ਤੋਂ ਪਹਿਲਾਂ ਵੱਲਭਾਚਾਰੀਆ ਅਤੇ ਚੈਤੰਨਯ ਮਹਾਂਪ੍ਰਭੂ ਸਬੰਧੀ ਲੋੜੀਂਦੀ ਜਾਣਕਾਰੀ ਜ਼ਰੂਰੀ ਹੈ ਕਿਉਂਕਿ ਇਹ ਦੋਵੇਂ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ ।

ਵੱਲਭ ਸੰਪ੍ਰਦਾਇ

ਸ੍ਰੀ ਵੱਲਭ ਆਚਾਰਯ (ਸੰਨ 1478 - 1530)[1] ਨੇ ਵਿਸ਼ਨੂੰ ਸਵਾਮੀ ਦੇ ਸਿਧਾਂਤਾਂ ਤੋਂ ਪ੍ਰੇਰਣਾ ਲੈ ਕੇ ਦਾਰਸ਼ਨਿਕ ਜਗਤ ਵਿੱਚ ਸ਼ੁੱਧਾਦਵੈਤ ਸਿਧਾਂਤ ਅਤੇ ਭਗਤੀ ਮਾਰਗ ਵਿੱਚ ਭਗਵਤ-ਅਨੁਗ੍ਰਹਿ ਜਾਂ ਪੁਸ਼ਟੀ ਰਾਹੀਂ ਪ੍ਰਾਪਤ ਪ੍ਰੇਮ-ਭਗਤੀ ਮਾਰਗ ਦੀ ਸਥਾਪਨਾ ਕੀਤੀ । ਆਚਾਰਯ ਜੀ ਨੇ ਭਗਤ ਦੇ ਭਗਵਾਨ ਦੀ ਸ਼ਰਣ ਗ੍ਰਹਿਣ ਕਰਨ ਵੇਲੇ ਭਗਵਾਨ ਕ੍ਰਿਸ਼ਨ ਦੇ ਬਾਲ ਰੂਪ ਦੀ ਭਗਤੀ ਕਰਨ ਦਾ ਆਦੇਸ਼ ਦਿੱਤਾ ਸੀ । ਪਰ ਇਨ੍ਹਾਂ ਦੀ ਜ਼ਿੰਦਗੀ ਦੇ ਮਗਰਲੇ ਹਿੱਸੇ ਵਿੱਚ ਇਨ੍ਹਾਂ ਦੇ ਭਗਤ ਸੁਭਾਉ ਦੇ ਪੁੱਤਰ ਅਤੇ ਵੱਲਭ ਸੰਪ੍ਰਦਾਇ

1. ਨਾਨਕ ਪ੍ਰਕਾਸ਼ ਪੱਤ੍ਰਿਕਾ (ਭਗਤੀ ਵਿਸ਼ੇਸ਼ ਅੰਕ) : ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970. ਪੰਨਾ 90

ਦੇ ਉੱਤਰ ਅਧਿਕਾਰੀ ਗੋਸਵਾਮੀ ਵਿਠੁਲ ਨਾਥ ਨੇ ਕਿਸ਼ੋਰ ਕ੍ਰਿਸ਼ਨ ਅਤੇ ਗੋਪੀ ਲੀਲ੍ਹਾ ਦੀ ਜੁਗਲ-ਭਾਵਨਾ ਦਾ ਸਮਾਵੇਸ਼ ਆਪਣੀ ਉਪਾਸਤਨਾ ਵਿਧੀ ਵਿੱਚ ਕਰ ਲਿਆ ।

ਮਥੁਰਾ - ਬ੍ਰਿੰਦਾਬਨ ਵਿੱਚ ਵਿਕਸਿਤ ਵੱਲਭ ਸੰਪ੍ਰਦਾਇ ਵਿੱਚ ਅੱਠ ਕਵੀਆਂ ਨੇ ਹਿੰਦੀ ਸਾਹਿਤ ਵਿੱਚ ਬੜਾ ਨਾਮਣਾ ਖੱਟਿਆ ਹੈ । ਇਨ੍ਹਾਂ ਵਿੱਚ ਚਾਰ ਵੱਲਭਾਚਾਰੀਆ ਸ਼ਿਸ਼ ਸਨ : ਸੂਰਦਾਸ, ਪਰਮਾਨੰਦ ਦਾਸ, ਕੁੰਭਨ ਦਾਸ ਅਤੇ ਕ੍ਰਿਸ਼ਨ ਦਾਸ ਅਧਿਕਾਰੀ ਵੱਲਭ ਆਚਾਰਯ ਜੀ ਦੇ ਸਪੁੱਤਰ ਸ੍ਰੀ ਵਿਠੁਲ ਨਾਥ ਦੇ ਚਾਰ ਚੇਲੇ ਸਨ: ਨੰਦ ਦਾਸ, ਚਤੁਰਭੁਜ ਦਾਸ, ਗੋਵਿੰਦ ਸਵਾਮੀ ਅਤੇ ਛੀਤ ਸਵਾਮੀ । ਇਨ੍ਹਾਂ ਅੱਠ ਭਗਤ ਕਵੀਆਂ ਨੇ ਗੋਸੁਆਮੀ ਵਿਠੁਲ ਨਾਥ ਦੇ ਨਾਲ ਰਹਿ ਕੇ ਬ੍ਰਜ ਲੋਕ (ਮਥੁਰਾ ਜ਼ਿਲ੍ਹਾ, ਉੱਤਰ ਪ੍ਰਦੇਸ਼) ਵਿੱਚ ਸਥਿਤ ਸ੍ਰੀ ਨਾਥ (ਕ੍ਰਿਸ਼ਨ)ਜੀ) ਦੇ ਮੰਦਰ ਵਿੱਚ ਕੀਰਤਨ ਦੀ ਸੇਵਾ ਕੀਤੀ ਅਤੇ ਭਗਵਾਨ ਕ੍ਰਿਸ਼ਨ ਦੀ ਭਗਤੀ ਦੇ ਪਦਾਂ ਦੀ ਰਚਨਾ ਕੀਤੀ । ਇਸ ਲਈ ਇਨ੍ਹਾਂ ਅੱਠੇ **ਸਮਕਾਲੀ** ਕਵੀਆਂ ਨੂੰ ਅੱਠ ਮਿੱਤਰ ਜਾਂ ਹਿੰਦੀ ਸਾਹਿਤ ਦੇ ਇਤਿਹਾਸ ਵਿੱਚ ਅਸ਼ਟ-ਛਾਪ ਦੇ ਕਵੀ ਸੱਦਿਆ ਜਾਂਦਾ ਹੈ[1] ।

ਉੱਤਰੀ ਭਾਰਤ ਵਿੱਚ ਰਾਧਾ ਕ੍ਰਿਸ਼ਨ ਦੀ ਭਗਤੀ ਭਾਵਨਾ ਨੂੰ ਵਿਅਕਤ ਕਰਨ ਵਿੱਚ ਵੱਲਭਾਚਾਰੀਆ ਅਤੇ ਚੈਤੰਨਯ ਮਹਾਂਪ੍ਰਭੂ ਦਾ ਹੱਥ ਹੈ । ਦੱਖਣ ਤੋਂ ਜੋ ਭਗਤੀ ਅੰਦੋਲਨ ਸਹਿਜੇ-ਸਹਿਜੇ ਵੱਧ ਫੁੱਲ ਰਿਹਾ ਸੀ ਉਸ ਨੂੰ ਉੱਤਰੀ ਭਾਰਤ ਵਿੱਚ ਸੰਪੂਰਣਤਾ ਪ੍ਰਾਪਤ ਕਰਾਉਣ ਵਿੱਚ ਵੱਲਭਾਚਾਰੀਆ ਦਾ ਮਹੱਤਵਪੂਰਨ ਯੋਗਦਾਨ ਹੈ ।

---

1. ਨਾਨਕ ਪ੍ਰਕਾਸ਼ ਪੱਤ੍ਰਿਕਾ (ਭਗਤੀ ਵਿਸ਼ੇਸ਼ ਅੰਕ) : ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970. (ਦੂਜਾ ਸੰਸਕਰਣ), ਪੰਨਾ 90-91

ਵੱਲਭਾਚਾਰੀਆ ਅਧੀਨ ਕ੍ਰਿਸ਼ਨ ਭਗਤੀ ਸੰਗੀਤ ਦੇ ਵਿਸ਼ੇ ਨਿਯਮਾਂਨੁਸਾਰ ਕੀਤੀ ਜਾਂਦੀ ਸੀ । ਅਸ਼ਟਛਾਪ ਕਵੀਆਂ ਨੇ * ਬ੍ਰਜ ਭਾਸ਼ਾ ਵਿੱਚ ਪ੍ਰਬੰਧ ਪਦ ਅਤੇ ਭਜਨ ਸ਼ੈਲੀ ਦੀ ਰਚਨਾ ਕੀਤੀ ਜਿਨ੍ਹਾਂ ਉਪਰ ਰਾਗ ਆਦਿ ਸ਼ਾਸਤਰੀ ਸੰਕੇਤ ਵੀ ਹਨ ਜੋ ਸਬੰਧਿਤ ਰਾਗ ਅਧੀਨ ਗਾਇਨ ਕਰਨ ਦਾ ਸੂਚਕ ਹਨ । ਇਸ ਪਰੰਪਰਾ ਦੇ ਉਘੇ ਕਵੀ ਗਾਇਕ ਸੂਰਦਾਸ ਅਤੇ ਮੀਰਾਂ ਦੇ ਨਾਮ ਵਿਸ਼ੇਸ਼ ਹਨ । ਮੀਰਾਂ ਨੇ ਸਾਜ਼ ਕਰਤਾਲ ਅਤੇ ਇਕਤਾਰਾ ਨਾਲ ਪਦਿਆਂ ਜਾਂ ਭਜਨਾਂ ਦਾ ਗਾਇਨ ਕੀਤਾ । ਮੀਰਾਂ ਨੇ ਗਾਇਨ ਦੇ ਨਾਲ-ਨਾਲ ਨ੍ਰਿਤ ਦੁਆਰਾ ਵੀ ਕ੍ਰਿਸ਼ਨ ਭਗਤੀ ਕੀਤੀ । ਆਪ ਨੇ ਕਈ ਭਜਨਾਂ ਦੀ ਰਚਨਾ ਵੀ ਕੀਤੀ ਜਿਨ੍ਹਾਂ ਵਿਚੋ ਪ੍ਰੇਮ ਅਤੇ ਵਿਰਹੋਂ ਦੀ ਭਾਵਨਾ ਝਲਕਦੀ ਹੈ[1]

ਭਗਤ ਸੂਰਦਾਸ ਦਾ ਲਿਖਿਆ ਗ੍ਰੰਥ 'ਸੂਰਸਾਗਰ' ਪ੍ਰਸਿੱਧ ਗ੍ਰੰਥ ਹੈ ਜਿਸ ਵਿੱਚ ਕ੍ਰਿਸ਼ਨ ਦੀਆਂ ਲੀਲ੍ਹਾਵਾਂ ਨੂੰ ਵੱਖ-ਵੱਖ ਰਾਗਾਂ ਅਧੀਨ ਅੰਕਿਤ ਕੀਤਾ ਹੈ । ਵੱਲਭ ਸੰਪਰਦਾ ਅਧੀਨ ਭਗਤੀ ਲਈ ਕਈ ਗਾਇਨ ਵਿਧੀਆਂ ਨੂੰ ਪ੍ਰਯੋਗ ਕੀਤਾ ਜੋ

---

*ਵੱਲਭਾਚਾਰੀਆ ਦੇ ਚਾਰ ਪੁੱਤਰ, ਚਾਰ ਚੇਲੇ ਕ੍ਰਮਵਾਰ ਕੁੰਭਨ ਦਾਸ, ਸੂਰਦਾਸ, ਕ੍ਰਿਸ਼ਨ ਦਾਸ, ਪਰਮਾਨੰਦ, ਗੋਵਿੰਦ ਦਾਸ, ਛੀਤ ਸੁਆਮੀ, ਨੰਦ ਦਾਸ, ਚਤੁਰਭੁਜ ਅਸ਼ਟਛਾਪ ਕਵੀਆਂ ਨਾਲ ਪ੍ਰਸਿੱਧ ਸਨ । ਸੰਪ੍ਰਦਾਇ ਇਸ਼ਟਦੇਵ ਸ੍ਰੀ ਨਾਥ ਜੀ ਦੇ ਨਜ਼ਦੀਕੀ ਇਹ ਕਵੀ ਕੀਰਤਨਕਾਰ ਸੁਖਾਭਾਵ ਤੋਂ ਉਨ੍ਹਾਂ ਦੀ ਪ੍ਰੇਮ ਭਗਤੀ ਝਲਕਦੀ ਹੈ । ਇਹ ਅੱਠ ਭਗਤ ਕਵੀ ਇੰਨੇ ਸਿੱਧੇ ਪਰਮ ਮੰਨੇ ਜਾਂਦੇ ਹਨ ਕਿ ਸ੍ਰੀ ਨਾਥ ਜੀ ਨੇ ਇਨ੍ਹਾਂ ਨੂੰ ਅਸ਼ਟਸਖਾ ਵੀ ਕਿਹਾ ਹੈ ।

1. ਵਰਮਾ ਧੀਰੇਂਦਰ (ਡਾ.) : ਹਿੰਦੀ ਸਾਹਿਤ ਦਾ ਇਤਿਹਾਸ (ਭਾਗ-1), ਪੰਨਾ 64

ਇਸ ਪ੍ਰਕਾਰ ਹਨ :-

ਕ੍ਰਿਸ਼ਨ ਦੀਆਂ ਲੀਲ੍ਹਾਵਾਂ ਦੇ ਕੀਰਤਨ ਨੂੰ ਰਾਸ ਜਾਂ ਲੀਲ੍ਹਾ ਦਾ ਨਾਮ ਦਿੱਤਾ ਜਾਂਦਾ ਹੈ । ਇਹ ਕੀਰਤਨ ਪਰੰਪਰਾ ਵੀ ਵੱਲਭ ਸੰਪ੍ਰਦਾਇ ਵਲੋਂ ਹੋਂਦ ਵਿੱਚ ਆਈ । ਇਸ ਵਿੱਚ ਅਸ਼ਟਛਾਪ ਕੀਰਤਨ ਦੀ ਝਲਕ ਮਿਲਦੀ ਹੈ । ਇਸ ਕੀਤਰਨ ਵਿਧੀ ਵਿੱਚ ਸ਼ਾਸਤਰੀ ਸੰਗੀਤ ਦੇ ਵਿਸ਼ੇਸ਼ ਨਿਯਮਾਂ ਦਾ ਖ਼ਾਸ ਖਿਆਲ ਰੱਖਿਆ ਜਾਂਦਾ ਹੈ ।

ਵੱਲਭ ਸੰਪ੍ਰਦਾਇ ਦੇ ਆਚਾਰੀਆਂ ਦੁਆਰਾ ਅਸ਼ਟਯਾਮ ਕੀਰਤਨ ਪ੍ਰਣਾਲੀ ਦਾ ਖੂਬ ਪ੍ਰਚਾਰ ਹੋਇਆ । ਇਸ ਵਿੱਚ ਕ੍ਰਿਸ਼ਨ ਭਗਤੀ ਅਧੀਨ ਕਿਸ਼ਨ ਦੀਆਂ ਮੰਗਲਾ ਸ਼ਿੰਗਾਰ, ਰਾਜਭੋਗ, ਉਥਾਪਨ ਸੰਧਯਾ, ਸ਼ਯਨ, ਸੇਵਾ ਵਰਗੀਆਂ ਨਿਤਾਪ੍ਰਤੀ ਦੀਆਂ ਕ੍ਰਿਆਵਾਂ ਦਾ ਦਿਨ ਦੇ ਅੱਠਾਂ ਪਹਿਰਾਂ ਵਿੱਚ ਨਿਰਧਾਰਤ ਸਮੇਂ ਤੇ ਨਿਰਧਾਰਤ ਪਦਿਆਂ ਜਾਂ ਭਜਨਾਂ ਦਾ ਗਾਇਨ ਕੀਤਾ ਜਾਂਦਾ ਹੈ[1] । ਵੱਲਭ ਸੰਪ੍ਰਦਾਇ ਦੇ ਅਸ਼ਟਛਾਪ ਕਵੀ ਸਾਲ ਭਰ ਦੇ ਤਿਉਹਾਰਾਂ ਅਤੇ ਕ੍ਰਿਸ਼ਨ, ਰਾਧਾ ਦੇ ਸਬੰਧ ਵਿੱਚ ਮਨਾਏ ਜਾਣ ਵਾਲੇ ਵਿਸ਼ੇਸ਼ ਉਤਸਵਾਂ ਦੇ ਲਈ ਪਦ ਰਚਨਾ ਕਰਦੇ ਸਨ[2] ਅਤੇ ਉਨ੍ਹਾਂ ਦਾ ਵਿਸ਼ੇਸ਼ ਮੌਕੇ ਅਤੇ ਵਿਸ਼ੇਸ਼ ਮੰਤਵ ਨੂੰ ਮੁੱਖ ਰੱਖਕੇ ਉਸ ਨਾਲ ਸਬੰਧਿਤ ਭਗਤੀ ਗੀਤਾਂ ਦਾ ਗਾਇਨ ਕੀਤਾ ਜਾਂਦਾ ਸੀ । ਜੀਵਨ ਨਾਲ ਸਬੰਧਿਤ ਰਸਮਾਂ, ਰੀਤਾਂ, ਰਿਵਾਜ਼ਾਂ ਸਮੇਂ ਵੀ ਇਸ ਕੀਰਤਨ ਵਿਧੀ ਦੇ ਗਾਇਨ ਕਰਨ ਦੀ ਪਰੰਪਰਾ ਹੈ । ਇਨ੍ਹਾਂ ਵਿਸ਼ੇਸ਼ ਉਤਸਵਾਂ ਤੇ ਉਹੀ ਪਦਿਆਂ ਦਾ ਗਾਇਨ ਕੀਤਾ

---

1. ਵਿਜੇਂਦਰ ਸਨਾਤਕ : ਰਾਧਾ ਵੱਲਭ ਸੰਪ੍ਰਦਾਇ ਸਿਧਾਂਤ ਔਰ ਸਾਹਿਤਯ , ਪੰਨਾ 241
2. ਵਰਮਾ ਧੀਰੇਂਦਰ (ਡਾ.) : ਹਿੰਦੀ ਸਾਹਿਤ ਕੋਸ਼ (ਭਾਗ ਪਹਿਲਾ) , ਪੰਨਾ 67

ਜਾਂਦਾ ਹੈ ਜੋ ਪ੍ਰਾਚੀਨ ਪਰੰਪਰਾ ਤੋਂ ਚਲੇ ਆ ਰਹੇ ਹਨ[1] ।

ਅਸ਼ਟਛਾਪ ਕਵੀਆਂ ਨੇ ਦੇਵੀ-ਦੇਵਤਿਆਂ ਵਿਸ਼ੇਸ਼ ਕਰਕੇ ਕ੍ਰਿਸ਼ਨ ਦੇ ਗੁਣ ਗਾਨ ਕਰਨ ਲਈ ਯਾਤਰਾ ਕੀਰਤਨ ਸ਼ੈਲੀ ਦਾ ਪ੍ਰਯੋਗ ਕੀਤਾ । ਗਾਇਨ ਦੇ ਨਾਲ-ਨਾਲ ਨ੍ਰਿਤ ਕਰਨ ਦੀ ਪਰੰਪਰਾ ਵੀ ਇਸ ਸ਼ੈਲੀ ਦਾ ਇੱਕ ਹਿੱਸਾ ਹੈ । ਇਹ ਕੀਰਤਨ ਵਿਧੀ ਸਮੂਹ ਲੋਕਾਂ ਨੂੰ ਕੀਰਤਨ ਕਰਨ ਵੱਲ ਪ੍ਰੇਰਿਤ ਕਰਦੀ ਸੀ । ਇਸ ਕੀਰਤਨ ਪਰੰਪਰਾ ਰਾਹੀਂ ਕਿਸੇ ਪਰਮ ਅਵਸਥਾ ਦੀ ਪ੍ਰਾਪਤੀ ਤਾਂ ਅਸੰਭਵ ਹੈ ਪਰ ਪ੍ਰਚਾਰ ਅਤੇ ਪ੍ਰਸਾਰ ਦੇ ਉਦੇਸ਼ਾਂ ਤੋਂ ਇਹ ਮਹੱਤਵਪੂਰਨ ਹੈ । ਉਹ ਗੀਤ ਜਾਂ ਭਜਨ ਜਿਨ੍ਹਾਂ ਦੀ ਸਹਾਇਤਾ ਨਾਲ ਈਸ਼ਵਰ ਦੀ ਆਰਾਧਨਾ ਕੀਤੀ ਜਾਂਦੀ ਹੈ ਜਾਂ ਜਿਨ੍ਹਾਂ ਰਾਹੀਂ ਈਸ਼ਵਰ ਦੀ ਗੁਣ ਗਾਥਾ ਕੀਤੀ ਜਾਂਦੀ ਹੈ ਉਹ ਭਜਨ ਅਖਵਾਉਂਦੇ ਹਨ[2] । ਭਜਨ ਕੀਰਤਨ ਅਧੀਨ ਉਸ ਪ੍ਰਮਾਤਮਾ ਦੀ ਸਿਫਤ ਸਲਾਹ ਨੂੰ ਗਾਇਨ ਦੁਆਰਾ ਪ੍ਰਸਤੁਤ ਕੀਤਾ ਜਾਂਦਾ ਹੈ ਵੱਲਭ ਸੰਪ੍ਰਦਾਇ ਦੇ ਅਸ਼ਟਛਾਪ ਕਵੀਆਂ ਨੇ ਇਸ ਕੀਰਤਨ ਸ਼ੈਲੀ ਦਾ ਭਰਪੂਰ ਪ੍ਰਯੋਗ ਕੀਤਾ । ਇਹ ਕੀਰਤਨ ਕ੍ਰਿਸ਼ਨ ਜੀ ਦੀਆਂ ਲੀਲ੍ਹਾਵਾਂ ਅਤੇ ਜੀਵਨ ਚਰਿੱਤਰ ਸਬੰਧੀ ਭਗਤੀ ਗੀਤਾਂ ਤੇ ਅਧਾਰਿਤ ਹੈ । ਭਜਨ ਕੀਰਤਨ ਦਾ ਸਮੂਹਿਕ ਅਤੇ ਵਿਅਕਤੀਗਤ ਦੋਹਾਂ ਰੂਪਾਂ ਵਿੱਚ ਪ੍ਰਚਾਰ ਹੈ । ਅੱਜ-ਕੱਲ ਭਜਨ ਕੀਰਤਨ ਦਾ ਸ਼ਾਸਤਰੀ ਸੰਗੀਤ ਦੇ ਸਮਾਰੋਹ ਵਿੱਚ ਵੀ ਵਿਸ਼ੇਸ਼ ਸਥਾਨ ਹੈ[3] ।

---

1. ਵਿਜੇਂਦਰ ਸਨਾਤਕ : ਰਾਧਾ ਵੱਲਭ ਸੰਪ੍ਰਦਾਇ ਸਿਧਾਂਤ ਔਰ ਸਾਹਿਤਯ , ਪੰਨਾ 242
2. Swami Shivanada : Bhakti and San Kirtan ; Page 89;
3. ਚੌਧਰੀ ਵਿਮਲਾਕਾਂਤ ਰਾਏ : ਭਾਰਤੀਯ ਸੰਗੀਤ ਕੋਸ਼ , ਪੰਨਾ 73

ਵਰਤਮਾਨ ਸਮੇਂ ਭਜਨ ਕੀਰਤਨ ਵਿੱਚ ਤੁਲਸੀਦਾਸ, ਮੀਰਾਂਬਾਈ, ਸੂਰਦਾਸ ਆਦਿ ਦੇ ਪਦੇ ਪ੍ਰਸਿੱਧ ਹਨ ਜਿਨ੍ਹਾਂ ਦੇ ਸੁਤੰਤਰ ਰੂਪ ਵਿੱਚ ਰਸਮੀ ਬੰਧਨਾਂ ਤੋਂ ਮੁਕਤ ਹੋ ਕੇ ਗਾਇਨ ਕਰਨ ਦੀ ਪ੍ਰਥਾ ਚੱਲ ਪਈ ਹੈ ।

## ਸਖੀ ਸੰਪ੍ਰਦਾਇ (ਹਰਿਦਾਸੀ ਸੰਪ੍ਰਦਾਇ)

ਸਖੀ ਸੰਪ੍ਰਦਾਇ ਦੇ ਪ੍ਰਥਮ ਗੁਰੂ ਆਸਧੀਰ ਜੀ ਹੋਏ ਹਨ । ਉਹਨਾਂ ਤੋਂ ਬਾਅਦ ਇਸ ਭਗਤੀ ਪੱਧਤੀ ਨੂੰ ਸੁਤੰਤਰ ਸੰਪ੍ਰਦਾਇ ਦਾ ਰੂਪ ਦੇਣ ਵਾਲੇ ਗੁਰੂ ਅਲੀਗੜ੍ਹ ਦੇ ਨੇੜੇ ਸਥਿਤ ਹਰਿਦਾਸਪੁਰ ਸਥਾਨ ਦੇ ਨਿਵਾਸੀ, ਅਸ਼ਟਛਾਪ ਕਵੀਆਂ ਦੇ ਸਮਕਾਲੀਨ ਸਵਾਮੀ ਹਰਿਦਾਸ ਜੀ ਹੋਏ ਹਨ [1] । ਆਪ ਜੀ ਅਕਬਰ ਦੇ ਸਮਕਾਲੀ ਸਨ । ਹਰਿਦਾਸੀ ਸੰਪ੍ਰਦਾਇ ਵਿੱਚ ਰਾਧਾ-ਕ੍ਰਿਸ਼ਨ ਦੀ ਯੁਗਲ ਉਪਾਸਨਾ ਦੀ ਸਖੀ ਭਾਵ ਨਾਲ ਮਾਨਤਾ ਸੀ । ਹਰਿਦਾਸ ਜੀ ਆਪਣੇ ਸਮੇਂ ਦੇ ਮਹਾਨ ਸੰਗੀਤਕਾਰ ਸਨ । ਆਪ ਜੀ ਦੇ ਚੇਲਿਆਂ ਵਿੱਚ ਬੈਜੂ ਬਾਵਰਾ, ਤਾਨਸੈਨ, ਗੋਪਾਲ ਲਾਲ, ਮਦਨ ਲਾਲ, ਦਿਵਾਕਰ ਪੰਡਿਤ, ਸੋਮਨਾਥ ਪੰਡਿਤ ਵਰਗੇ ਮਹਾਨ ਸੰਗੀਤਕਾਰ ਸਨ [2] । ਮਦਰਾਸ ਪ੍ਰਾਂਤ ਨੂੰ ਛੱਡ ਕੇ ਬਾਕੀ ਸਾਰੇ ਭਾਰਤ ਵਿੱਚ ਜਿਹੜਾ ਸ਼ਾਸਤਰ ਯੁਕਤ ਗਾਇਨ ਅੱਜ ਪ੍ਰਚੱਲਿਤ ਹੈ ਉਸ ਦਾ ਸਿਹਰਾ ਸੁਆਮੀ ਹਰਿਦਾਸ ਦੇ ਵਿਦਿਆਰਥੀ ਵਰਗ ਨੂੰ ਹੀ ਜਾਂਦਾ ਹੈ । ਉਹਨਾਂ ਨੇ ਇਸ ਕਾਲ ਵਿੱਚ ਭਗਤੀ ਸੰਗੀਤ ਦੀ ਬਹੁਮੁੱਲੀ ਸੇਵਾ ਕੀਤੀ । ਕਾਸ਼ੀ ਪ੍ਰਚਾਰਿਣੀ ਸਭਾ ਵਿੱਚ ਪ੍ਰਾਪਤ ਪਦ ਸੰਗ੍ਰਹਿ ਵਿੱਚ ਪਦ

---

1. ਊਸ਼ਾ ਗੁਪਤਾ : ਹਿੰਦੀ ਕੇ ਕ੍ਰਿਸ਼ਨ ਭਗਤੀ ਕਾਲੀਨ ਮੇਂ ਸਾਹਿਤਯ ਔਰ ਸੰਗੀਤ , ਪੰਨਾ 8
2. ਉਮੇਸ਼ ਜੋਸ਼ੀ : ਭਾਰਤੀਯ ਸੰਗੀਤ ਕਾ ਇਤਿਹਾਸ , ਪੰਨਾ 211

ਸੰਖਿਆ ਇੱਕ ਤੋਂ ਸਤਾਈ ਤੱਕ ਸੁਆਮੀ ਹਰਿਦਾਸ ਜੀ ਦੇ ਪਦ ਪ੍ਰਾਪਤ ਹੁੰਦੇ ਹਨ । ਆਪ ਨੇ ਵਿਭਾਸ, ਬਿਲਾਵਲ, ਆਸਾਵਰੀ, ਕਲਿਆਣ, ਕਾਨੜਰੇ, ਕੇਦਾਰੇ, ਸਾਰੰਗ, ਗੌੜ ਮਲ੍ਹਾਰ, ਬਸੰਤ, ਗੌਰੀ, ਨਟ ਆਦਿ ਰਾਗਾਂ ਵਿੱਚ ਰਚਨਾ ਕੀਤੀ[1] ।

ਸੁਆਮੀ ਹਰਿਦਾਸ ਜੀ ਤੋਂ ਬਿਨ੍ਹਾਂ ਵਿਠੂਲ ਵਿਪੁਲ, ਬਿਹਾਰਨ ਦਾਸ ਵੀ ਸਖੀ ਸੰਪ੍ਰਦਾਇ ਨਾਲ ਸਬੰਧਤ ਕਵੀ ਸਨ । ਇਹਨਾਂ ਦੀ ਰਚਨਾ ਵੀ ਕਾਸ਼ੀ ਪ੍ਰਚਾਰਿਨੀ ਸਭਾ ਵਿੱਚ ਉਪਲੱਬਧ ਹੈ । ਵਿਠੂਲ ਵਿਪੁਲ ਨੇ 40 ਪਦ ਰਾਗ-ਬੱਧ ਰੂਪ ਵਿੱਚ ਰਾਗ ਵਿਭਾਸ, ਭੈਰੋ, ਬਸੰਤ, ਸਾਰੰਗ, ਮਲ੍ਹਾਰ ਕਲਿਆਣ, ਕਾਨੜਰੇ, ਕੇਦਾਰਾ ਆਦਿ ਮਿਲਦੇ ਹਨ[2] ।

ਸਖੀ ਸੰਪ੍ਰਦਾਇ ਅਧੀਨ ਭਾਰਤੀ ਸੰਗੀਤ ਦੀ ਵਿਸ਼ੇਸ਼ ਵਿਅਕਤੀਗਤ ਪਦ ਕੀਰਤਨ ਸ਼ੈਲੀ ਦਾ ਖੂਬ ਪ੍ਰਚਾਰ ਹੋਇਆ । ਪਦ ਕੀਰਤਨ ਸ਼ੈਲੀ ਸੰਗੀਤ ਦੇ ਵਿਸ਼ਿਸ਼ਟ ਨਿਯਮਾਂ ਦੀ ਧਾਰਣੀ ਹੈ । ਇਸ ਅਧੀਨ ਕਿਸੇ ਸੰਤ, ਭਗਤ ਕਵੀ ਦੁਆਰਾ ਰਚਿਤ ਪਦ (ਕਾਵਿ) ਨੂੰ ਗਾਇਆ ਜਾਂਦਾ ਹੈ । ਇਸ ਲਈ ਇਨ੍ਹਾਂ ਨੂੰ ਕੀਰਤੀ ਗਾਬਾਰਾਨ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ[3] ।

ਇਹ ਸ਼ੈਲੀ ਉਸ ਸਮੇਂ ਪ੍ਰਚਲਿਤ ਧਰੁਪਦ ਸ਼ੈਲੀ ਤੋਂ ਪ੍ਰਭਾਵਿਤ ਸੀ । ਪਦ ਕੀਰਤਨ ਦੇ ਪਦਿਆਂ ਵਿੱਚ ਉਸ ਸਮੇਂ 'ਧਰੁਵ' ਨੂੰ ਸਥਾਈ ਜਾਂ ਟੇਕ ਬਣਾ ਕੇ ਬਾਕੀ ਪੰਕਤੀਆਂ

---

1. ਜਤਿੰਦਰ ਸਿੰਘ ਖੰਨਾ : ਮੱਧ ਕਾਲੀਨ ਧਰਮੋਂ ਮੇਂ ਸ਼ਾਸਤਰੀ ਸੰਗੀਤ ਕਾ ਤੁਲਨਾਤਮਿਕ ਅਧਿਐਨ, ਪੰਨਾ **227**
2. ਜਤਿੰਦਰ ਸਿੰਘ ਖੰਨਾ : ਮੱਧ ਕਾਲੀਨ ਧਰਮੋਂ ਮੇਂ ਸ਼ਾਸਤਰੀ ਸੰਗੀਤ ਕਾ ਤੁਲਨਾਤਮਿਕ ਅਧਿਐਨ, ਪੰਨਾ 229
3. Swami Prajanandan : A Historical Study of Indian Music ; p.114

ਨੂੰ ਅੰਤਰਿਆਂ ਦੇ ਰੂਪ ਵਿੱਚ ਗਾਇਆ ਜਾਂਦਾ ਹੈ । ਪਦ ਸ਼ੈਲੀ ਨੂੰ ਗਾਇਨ ਕਰਨ ਸਮੇਂ ਪਹਿਲਾਂ ਖਿਆਲ ਦੀ ਤਰ੍ਹਾਂ ਥੋੜਾ ਬਹੁਤ ਅਲਾਪ ਕਰਦੇ ਹਨ । ਇਸ ਤਰ੍ਹਾਂ ਈਦਿਸ਼ ਅਤੇ ਪਖਾਵਜ ਦੀ ਸੰਗੀਤ ਦੀ ਦ੍ਰਿਸ਼ਟੀ ਤੋਂ ਧਰੁਪਦ ਅਤੇ ਅਲਾਪ ਪ੍ਰਯੋਗ ਦੀ ਦ੍ਰਿਸ਼ਟੀ ਤੋਂ ਖਿਆਲ ਦਾ ਰੂਪ ਇਸ ਵਿੱਚ ਵਿਖਾਈ ਦਿੰਦਾ ਹੈ [1] ।

ਸਿੱਖ ਪਰੰਪਰਾ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਨੀਂਹ ਰੱਖੀ ਗਈ । ਗੁਰੂ ਸਾਹਿਬ ਨੇ ਮੱਧਕਾਲ ਦੀ ਭਗਤੀ ਧਾਰਾ ਦੇ ਅੰਤਰਗਤ ਨਿੱਜੀ ਧਰਮ-ਚਿੰਤਨ ਦੇ ਅਧਾਰ ਤੇ ਨਵੀਨ ਤੇ ਸੁਤੰਤਰ ਧਰਮ ਦੀ ਸਥਾਪਨਾ ਕੀਤੀ । ਗੁਰੂ ਨਾਨਕ ਦੇਵ ਜੀ ਨੇ ਇੱਕ ਪ੍ਰਮਾਤਮਾ ਦੀ ਉਪਾਸਨਾ, ਨਾਮ ਜਪਣ, ਕਿਰਤ ਕਰਨ, ਵੰਡ ਛਕਣ ਤੇ ਬਰਾਬਰੀ ਦੇ ਸੰਦੇਸ਼ ਦੇ ਨਾਲ-ਨਾਲ ਲੋਕਾਈ ਨੂੰ ਆਪੋ ਆਪਣੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਨੈਤਿਕ ਮੁੱਲਾਂ ਨੂੰ ਅਪਣਾਉਣ 'ਤੇ ਜੋਰ ਦਿੱਤਾ ਅਤੇ ਇਨ੍ਹਾਂ ਦੀ ਸਹੀ ਵਿਆਖਿਆ ਕਰਕੇ ਸਮਕਾਲੀਨ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਲੋਕਾਂ ਵਿੱਚ ਇੱਕ ਚੇਤਨਾ ਜਾਗ੍ਰਿਤ ਕੀਤੀ । ਗੁਰੂ ਨਾਨਕ ਨੇ ਆਪਣੇ ਸਮੇਂ ਦੇ ਸਰਬ ਧਰਮਾਂ ਦੇ ਭੂਤ, ਭਵਿੱਖ ਤੇ ਵਰਤਮਾਨ ਦਾ ਆਪਣੇ ਚਿੰਤਨ ਦੁਆਰਾ ਮੰਥਨ ਕਰਕੇ ਇੱਕ ਨਵੀਨ ਧਰਮ-ਮਾਰਗ ਦਰਸਾਇਆ ਜਿਹੜਾ ਸਿੱਖ ਧਰਮ ਦੇ ਨਾਮ ਨਾਲ ਪ੍ਰਚੱਲਿਤ ਹੋਇਆ । ਇਹ ਧਰਮ ਭਾਰਤ ਵਿੱਚ ਹਿੰਦੂ ਤੇ ਮੁਸਲਮਾਨੀ ਸਭਿਆਚਾਰਕ ਧਾਰਾਵਾਂ ਵਿੱਚ ਇੱਕ ਕੜੀ ਵਜੋਂ ਸਾਹਮਣੇ ਆਇਆ । ਗੁਰੂ ਸਾਹਿਬ 'ਗੁਰੂ' ਅਤੇ

---

1. ਚੌਧਰੀ ਸੁਭੱਦਰਾ (ਡਾ.) : ਭਾਰਤੀਯ ਸੰਗੀਤ ਮੇਂ ਤਾਲ ਔਰ ਰੂਪ ਵਿਧਾਨ , ਪੰਨਾ 288

'ਪੀਰ' ਦੇ ਰੂਪ ਵਿੱਚ ਇਸ ਧਰਮ ਦੇ ਖੇਤਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਇੱਕ ਨਵੀਨ ਪ੍ਰੀਵਰਤਨ ਲਿਆਂਦਾ । ਗੁਰੂ ਸਾਹਿਬ ਨੇ ਸੰਗੀਤ ਦੇ ਸੰਦਰਭ ਵਿੱਚ ਆਪਣੀ ਵਿਲੱਖਣਤਾ ਨੂੰ ਕਾਇਮ ਰੱਖਦਿਆਂ ਪੂਰਵ ਕਾਲੀਨ ਤੇ ਸਮਕਾਲੀਨ ਧਾਰਮਿਕ ਸੰਗੀਤ ਪਰੰਪਰਾਵਾਂ ਦੇ ਚਿੰਤਨ ਤੇ ਮੰਥਨ ਦੁਆਰਾ ਇੱਕ ਭਗਤੀ ਦੀ ਨਵੀਨ ਪ੍ਰਣਾਲੀ 'ਗੁਰਮਤਿ ਸੰਗੀਤ' ਪਰੰਪਰਾ ਵਜੋਂ ਸਥਾਪਤ ਕੀਤੀ ਜਿਸ ਦਾ ਅਧਿਐਨ ਅਸੀਂ ਪਹਿਲਾਂ ਕਰ ਚੁੱਕੇ ਹਾਂ ।

## ਅਧਿਆਤਮਿਕ ਸੰਗੀਤ ਵਿੱਚ ਪ੍ਰਚੱਲਿਤ ਗਾਇਨ ਰੂਪ

ਸਾਧਕਾਂ ਨੇ ਆਪਣੇ ਇਸ਼ਟ ਦੀ ਅਰਾਧਨਾ ਲਈ ਵਿਭਿੰਨ ਕਾਲਾਂ ਵਿੱਚ ਸੰਗੀਤ ਨੂੰ ਭਗਤੀ ਦੇ ਮਾਧਿਅਮ ਵਜੋਂ ਪ੍ਰਯੋਗ ਕੀਤਾ ਜਿਸ ਦੇ ਮਹੱਤਵ ਅਤੇ ਇਤਿਹਾਸਕ ਪਿੱਠ-ਭੂਮੀ ਵਿੱਚ ਅਸੀਂ ਚਰਚਾ ਕਰ ਚੁੱਕੇ ਹਾਂ । ਭਾਰਤੀ ਧਰਮਾਂ ਦੇ ਸਾਧਕਾਂ ਦੁਆਰਾ ਪ੍ਰਯੋਗ ਹੋਣ ਵਾਲੇ ਸੰਗੀਤ ਦਾ ਮੂਲ ਅਧਾਰ ਭਾਰਤੀ ਸੰਗੀਤ ਹੀ ਸੀ ਜਿਸ ਦੇ ਪ੍ਰਯੋਗ ਅਧੀਨ ਕਾਲ ਅਤੇ ਸਥਾਨ ਦੇ ਅਨੇਕ ਭੇਦ ਪ੍ਰਚੱਲਿਤ ਰਹੇ । ਸੰਗੀਤ ਭੇਦਾਂ ਸਦਕਾ ਹੀ ਭਗਤੀ ਸੰਗੀਤ ਜਿੱਥੇ ਇੱਕ ਵਿਵਿਧਾਤਮਿਕ ਤੇ ਵਿਲੱਖਣ ਪਰੰਪਰਾ ਵਜੋਂ ਉਜਾਗਰ ਹੁੰਦਾ ਹੈ ਉੱਥੇ **ਇਸ** ਪਰੰਪਰਾ ਦਾ ਸੰਗੀਤ ਆਪਣੇ ਨਿਵੇਕਲੇ ਤੇ ਵਿਸ਼ਿਸ਼ਟ ਸਰੂਪਾਂ ਸਦਕਾ ਅਧਿਐਨ ਦਾ ਅਹਿਮ ਵਿਸ਼ਾ ਹੋ ਨਿਬੜਦਾ ਹੈ । ਇਸ ਪਰੰਪਰਾ ਵਿੱਚ ਅਨੇਕ ਗਾਇਨ ਰੂਪ ਪ੍ਰਚੱਲਿਤ ਸਨ ।

## ਸਾਮਗਾਨ ਪਰੰਪਰਾ

ਸਾਮਗਾਨ ਵੈਦਿਕ ਕਾਲ ਦੀ ਵਿਸ਼ਿਸ਼ਟ ਗਾਇਨ ਪਰੰਪਰਾ ਸੀ । ਇਹ ਪਰੰਪਰਾ ਅਲਾਪ ਯੁਕਤ ਸੀ । ਸਾਮਗਾਨ ਲਈ ਉਦਾਤ, ਅਨੁਦਾਤ ਅਤੇ ਸਵਰਿਤ ਨਾਮਕ

ਬੁਨਿਆਦੀ ਧੁਨੀਆਂ ਉਪਰ ਗਾਨ ਕੀਤਾ ਜਾਂਦਾ ਸੀ । ਇਹ ਨੀਵੀਆਂ, ਮੱਧਵਰਤੀ ਅਤੇ ਉੱਚੀਆਂ ਧੁਨੀਆਂ ਦੇ ਨਾਮ ਸਨ[1] । 'ਨਾਰਦੀਯ ਸ਼ਿਕਸ਼ਾ' ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਗੀਤ ਵਿੱਚ ਪ੍ਰਯੁਕਤ ਸੱਤ ਸੁਰਾਂ ਦੀ ਉਤਪਤੀ ਇਨ੍ਹਾਂ ਤਿੰਨਾਂ ਸੁਰਾਂ ਤੋਂ ਹੀ ਹੋਈ । ਸਵਰ ਪ੍ਰਯੋਗ ਤੋਂ ਬਿਨ੍ਹਾਂ ਸਾਮਵੇਦ ਵਿੱਚ ਤਾਨ, ਰਾਗ, ਸਵਰ, ਗ੍ਰਾਮ, ਮੂਰਛਨਾ ਆਦਿ ਸੰਗੀਤ ਦੇ ਪ੍ਰੀਭਾਸ਼ਿਕ ਸ਼ਬਦਾਂ ਦਾ ਉਲੇਖ ਵੀ ਉਪਲੱਬਧ ਹੈ[2] । ਸਾਮਗਾਨ ਮੁੱਖ ਤੌਰ 'ਤੇ ਅਲਾਪ ਗਾਇਨ ਸੀ ਜੋ ਵਿਸ਼ਿਸ਼ਟ ਸਵਰ ਰਚਨਾਵਾਂ ਉੱਤੇ ਅਧਾਰਿਤ ਹੁੰਦਾ ਸੀ ।

ਵੈਦਿਕ ਯੁੱਗ ਵਿੱਚ ਹੀ ਸਮੂਹ ਗਾਨ ਪਰੰਪਰਾ ਦੇ ਪ੍ਰਯੋਗ ਸਬੰਧੀ ਵੀਕਈ ਹਵਾਲੇ ਉਪਲੱਬਧ ਹਨ । ਇਹ ਮੰਨਿਆ ਜਾਂਦਾ ਹੈ ਕਿ ਵੈਦਿਕ ਛੰਦ - ਤ੍ਰਿਸ਼ਟੁਪ, ਅਨੁਸ਼ਟੁਪ ਆਦਿ ਦੇ ਸੰਗਠਨ ਸਵਰਾਂ ਦੇ ਆਰੋਹ, ਅਵਰੋਹ ਦੇ ਆਧਾਰ 'ਤੇ ਹੀ ਹੋਇਆ ਸੀ । ਇਸ ਨੂੰ ਹੀ ਉਦਾਤ, ਅਨੁਦਾਤ ਅਤੇ ਸਵਰਿਤ ਵਿੱਚ ਵਿਭਾਜਿਤ ਕਰਕੇ ਇਨ੍ਹਾਂ ਦੀਆਂ ਸਥਿਤੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ । ਇਹ ਵੈਦਿਕ ਮੰਤਰਾਂ ਦੇ ਹਰੇਕ ਅੱਖਰ ਨੂੰ ਭਾਵਾਂ ਦੇ ਆਧਾਰ ਉੱਤੇ ਹੀ ਵਿਵਹਾਰ ਵਿੱਚ ਲਿਆਉਂਦੀਆਂ ਹਨ । ਇਸ ਤਰ੍ਹਾਂ ਵੈਦਿਕ ਯੁੱਗ ਵਿੱਚ ਸਮੂਹਿਕ ਗਾਨ ਪੱਧਤੀ ਦਾ ਉਦੈ ਹੋ ਚੁੱਕਾ ਸੀ[3] ।

ਸਾਮਗਾਨ ਪਰੰਪਰਾ ਦੇ ਸੰਗੀਤਕ ਸਰੂਪ ਨੂੰ ਕੁੱਝ ਕੁ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਅਸੀਂ ਸਮੁੱਚੇ ਰੂਪ ਵਿੱਚ ਕਹਿ ਸਕਦੇ ਹਾਂ :

---

1. M. Hariharn, : Reading on Music and Dance ; p.3.
2. ਜੌਹਰੀ ਪੁਸ਼ਪਾ (ਡਾ.) : ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ , ਪੰਨਾ 11
3. ਸ਼ੁਕਲ ਗੋਵਰਧਨ (ਡਾ.) : ਕਵਿਵਰ ਪਰਮਾਨੰਦ ਦਾਸ ਔਰ ਵੱਲਭ ਸੰਪ੍ਰਦਾਇ , ਪੰਨਾ 31

ਉਦਾਤ, ਅਨੁਦਾਤ ਤੇ ਸਵਰਿਤ ਦੇ ਅਧਾਰ ਉੱਤੇ ਸਾਮਗਾਨ ਦਾ ਸੁਰ ਸਪਤਕ ਸਾ, ਰੇ, ਗ, ਮ, ਪ, ਧ, ਸਾਂ ਅਨੁਸਾਰ ਪ੍ਰਗਟ ਹੁੰਦਾ ਹੈ ।

ਕਈ ਵਾਰ ਉਪਰੋਕਤ ਸਪਤਕ ਵਿੱਚ 'ਧ' ਦਾ ਤਿਆਗ ਕਰਕੇ 'ਨੀ' ਦਾ ਪ੍ਰਯੋਗ ਵੀ ਕਰ ਲਿਆ ਜਾਂਦਾ ਹੈ ।

ਸਵਰਾਂ ਨੂੰ ਉਨ੍ਹਾਂ ਦੇ ਕੁਦਰਤੀ ਤੇ ਸੁਭਾਵਿਕ ਸਰੂਪ ਅਨੁਸਾਰ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਹੈ । ਬਿਖੜੇ, ਟੇਢੇ ਅਤੇ ਉਲੰਘਣਾ ਢੰਗ ਨਾਲ ਸੁਰਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ।

ਪ੍ਰਾਰੰਭਿਕ ਸੁਰਾਂ ਲਈ ਨਿਰਾਰਥਕ ਵਾਧੂ ਸ਼ਬਦਾਂ ਦਾ ਪ੍ਰਯੋਗ ਆਰੰਭਿਕ ਸੁਰ ਅਤੇ ਗਾਇਨ-ਪ੍ਰਸਤੁਤੀ ਦੇ ਪ੍ਰਭਾਵ ਨੂੰ ਆਰੰਭ ਤੋਂ ਹੀ ਮਾਹੌਲ ਪ੍ਰਦਾਨ ਕਰਨ ਲਈ ਕੀਤਾ ਜਾਂਦਾ ਹੈ ।

ਇਹ ਛੰਦ ਗਾਇਨ ਇੱਕ ਨਿਸ਼ਚਿਤ ਤੇ ਸੁਭਾਵਿਕ ਲੈਅ ਦਾ ਆਭਾਸ ਕਰਵਾਉਂਦਾ ਹੈ ਜਿਹੜਾ ਇੱਕ ਲੈਅ ਪ੍ਰਬੰਧ ਦੇ ਆਰੰਭਿਕ ਬੁਨਿਆਦੀ ਸਰੂਪ ਦੀ ਛਾਇਆ ਦਿੰਦਾ ਹੈ ।

ਸਾਮਗਾਨ ਪੂਰਨ ਰੂਪ ਵਿੱਚ ਆਲਾਪ-ਯੁਕਤ ਗਾਇਨ ਹੈ । ਜਿਸ ਲਈ ਕਿਸੇ ਵਿਸ਼ੇਸ਼ ਵਾਦਯ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ । ਨਿਰਸੰਦੇਹ ਕਈ ਵਿਦਵਾਨ ਵਾਦਯ ਦੀ ਸੰਗਤ ਸਬੰਧੀ ਜ਼ਿਕਰ ਵੀ ਕਰਦੇ ਹਨ । ਪ੍ਰੰਤੂ ਸਪੱਸ਼ਟ ਰੂਪ ਵਿੱਚ ਇਸ ਦੇ ਕੋਈ ਪ੍ਰਮਾਣ ਉਪਲੱਬਧ ਨਹੀਂ ਹਨ ।

ਸਾਮਗਾਨ ਦੀਆਂ ਧੁਨੀਆਂ ਤੋਂ ਰਾਗਾਂ ਸਬੰਧੀ ਪੂਰਨ ਰੂਪ ਵਿੱਚ ਅਧਾਰ ਲੱਭ ਸਕਣਾ ਕਠਿਨ ਹੈ । ਕੇਵਲ ਇੱਕ ਸਧਾਰਣ ਧੁਨ ਦਾ ਆਭਾਸ ਜ਼ਰੂਰ ਹੁੰਦਾ ਹੈ ਜਿਸ ਦੇ ਆਧਾਰ 'ਤੇ ਕੁੱਝ ਵਿਦਵਾਨ ਇਨ੍ਹਾਂ ਨੂੰ ਰਾਗ ਮੰਨ ਲੈਂਦੇ ਹਨ ।

ਸਾਮਗਾਨ ਅਧੀਨ ਸਮੂਹਿਕ ਗਾਇਨ ਪੱਧਤੀ ਦਾ ਵਿਕਾਸ ਵੀ ਹੋਇਆ ਹੈ । ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸਾਮਗਾਨ ਪਰੰਪਰਾ ਵਿੱਚ ਵਰਤਮਾਨ ਭਾਰਤੀ ਸੰਗੀਤ ਦੇ ਕਈ ਬੁਨਿਆਦੀ ਅੰਗ ਮਿਲਦੇ ਹਨ । ਇਸ ਪਰੰਪਰਾ ਦੇ ਪ੍ਰਾਚੀਨ ਕਿਰਿਆਤਮਿਕ ਸਰੂਪ ਦੇ ਦਰਸ਼ਨ ਸੰਭਵ ਨਹੀਂ । ਪ੍ਰੰਤੂ ਫਿਰ ਵੀ ਇਸ ਪਰੰਪਰਾ ਦੀ ਉੱਤਮਤਾ ਅਤੇ ਪ੍ਰਾਚੀਨਤਾ ਸਰਬ ਪ੍ਰਵਾਨਿਤ ਹੈ ।

<u>ਜਾਤੀ ਗਾਇਨ</u>

ਜਾਤੀ ਗਾਇਨ ਵੀ ਸਾਮ ਤੇ ਸਤੋਤਰ ਗਾਇਨ ਵਾਂਗੂ ਭਾਰਤੀ ਸੰਗੀਤ ਦਾ ਵਿਸ਼ਿਸ਼ਟ ਅੰਗ ਹੈ । ਭਾਰਤੀ ਸੰਗੀਤ ਵਿੱਚ ਵੈਦਿਕ ਸੰਗੀਤ ਤੋਂ ਬਾਅਦ ਜਾਤੀ ਗਾਇਨ ਪ੍ਰਚਾਰ ਵਿੱਚ ਆਇਆ । ਜਾਤੀਆਂ ਨੂੰ ਵੇਦਾਂ ਦੀ ਤਰ੍ਹਾਂ ਹੀ ਪਵਿੱਤਰ ਮੰਨਿਆ ਜਾਂਦਾ ਸੀ । ਕੁੱਝ ਤਾਲਬੱਧ ਰਚਨਾਵਾਂ ਜਿਨ੍ਹਾਂ ਦਾ ਗਾਇਨ ਸਮਾਜਿਕ ਉਤਸਵ, ਮੰਦਿਰ ਅਤੇ ਧਾਰਮਿਕ ਸਮਾਗਮਾਂ ਸਮੇਂ ਕੀਤਾ ਜਾਂਦਾ ਸੀ । ਭਰਤ ਨੇ ਉਨ੍ਹਾਂ ਗੀਤਾਂ ਨੂੰ ਜਾਤੀਆਂ ਦਾ ਨਾਮ ਦਿੱਤਾ । ਆਚਾਰੀਆ ਅਭਿਨਵ ਗੁਪਤ ਦੀ ਨਾਟਯ ਸ਼ਾਸਤਰ ਦੀ ਟੀਕਾ ਅਨੁਸਾਰ "ਸ਼ੁੱਧ ਰਾਗ, ਭਿੰਨ ਰਾਗ, ਭਾਸ਼ਾ ਰਾਗ, ਵਿਭਾਸ਼ਾ ਰਾਗ ਇਹ ਸੱਤ ਗੀਤੀਆਂ ਦੇ ਰਾਗ ਦ੍ਰਿਸ਼ਟਫਲ ਦੀ ਸਿੱਧੀ ਅਤੇ ਭਾਵ-ਰਸ ਦਾ ਉਪਰਜਨ ਜਿਨ੍ਹਾਂ ਤੋਂ ਹੁੰਦਾ ਹੈ, 'ਜਾਤੀਆਂ' ਕਹਿਲਾਉਂਦੀਆਂ ਹਨ"[1] । ਸ਼ਰੁਤੀ, ਗ੍ਰਹਿ ਸੁਰ ਆਦਿ ਦੇ ਸਮੂਹ ਤੋਂ ਜਾਤੀ ਦੀ ਰਚਨਾ ਹੁੰਦੀ ਹੈ[2]। ਜਾਤੀਆਂ ਦੇ 18 ਪ੍ਰਕਾਰ ਹੁੰਦੇ ਹਨ । ਜਿਨ੍ਹਾਂ ਵਿੱਚ 7 ਸ਼ੁੱਧ ਅਤੇ ਗਿਆਰਾਂ

---

1. ਆਚਾਰੀਆ ਬ੍ਰਿਹਸਪਤਿ : <u>ਨਾਟਯ ਸ਼ਾਸਤਰ</u> (27ਵਾਂ ਅਧਿਆਇ), ਪੰਨਾ 86
2. ਮਤੰਗਮੁਨੀ : <u>ਬ੍ਰਿਹਦ ਦੇਸੀ</u> (ਸੰਪਾਦਕ ਬਾਲ ਕ੍ਰਿਸ਼ਨ ਗਰਗ) ਪੰਨਾ 47

ਵਿਕਰਤ ਜਾਤੀਆਂ ਹਨ । ਸੱਤ ਸ਼ੁੱਧ ਜਾਤੀਆਂ ਦੇ ਨਾਮ ਸ਼ੁੱਧ ਸੁਰਾਂ ਦੇ ਨਾਮ ਹੀ ਹਨ । ਇਹ ਸੱਤ ਜਾਤੀਆਂ ਸੰਪੂਰਣ ਸਨ ਅਤੇ ਜਾਤੀ ਦੇ ਨਾਮ ਵਾਲਾ ਸੁਰ ਜਾਤੀ ਵਿੱਚ ਗ੍ਰਹਿ, ਅੰਸ਼ ਅਤੇ ਨਿਆਸ ਹੁੰਦਾ ਸੀ । ਇਨ੍ਹਾਂ ਸ਼ੁੱਧ ਜਾਤੀਆਂ ਤੇ ਆਪਸੀ ਮੇਲ ਜਾਂ ਕਿਸੀ ਲੱਛਣ ਵਿੱਚ ਪ੍ਰੀਵਰਤਨ ਹੋਣ ਤੇ ਵਿਕ੍ਰਿਤ ਜਾਤੀਆਂ ਦੀ ਰਚਨਾ ਹੁੰਦੀ ਹੈ ।

ਦੋ ਜਾਤੀਆਂ ਦੇ ਮਿਸ਼ਰਣ ਤੋਂ ਉਤਪੰਨ ਜਾਤੀਆਂ ਨੂੰ ਮਿਸ਼੍ਰਤ ਜਾਤੀਆਂ ਕਿਹਾ ਜਾਂਦਾ ਹੈ ਅਤੇ ਦੋ ਜਾਤੀਆਂ ਤੋਂ ਜਿਆਦਾ ਦੇ ਮੇਲ ਤੋਂ 'ਸੰਕੀਰਤਨ ਜਾਤੀਆਂ' ਦੀ ਉਤਪਤੀ ਮੰਨੀ ਜਾਂਦੀ ਹੈ । ਜਾਤੀਆਂ ਦੀ ਵੰਡ ਸ਼ੜਜ ਅਤੇ ਮਧਿਅਮ ਗਰਾਮ ਵਿੱਚ ਕੀਤੀ ਗਈ । ਸ਼ੁੱਧ ਜਾਤੀਆਂ ਵਿਕ੍ਰਿਤ ਹੋਣ ਤੇ ਵੀ ਕਿਸੀ ਗਰਾਮ ਨਾਲ ਸਬੰਧ ਰੱਖਦੀਆਂ ਸਨ । ਕਿਸੇ ਵੀ ਇੱਕ ਜਾਤੀ ਵਿੱਚ ਸੁਰ ਦੇ ਦੋਨੋਂ ਰੂਪ ਇੱਕੋ ਸਮੇਂ ਇਕੱਠੇ ਨਹੀਂ ਆ ਸਕਦੇ ਅਤੇ ਕੋਈ ਵੀ ਜਾਤੀ ਇੱਕੋ ਸਮੇਂ ਦੋ ਗਰਾਮਾਂ ਨਾਲ ਸਬੰਧਿਤ ਨਹੀਂ ਹੁੰਦੀ ਸੀ । ਜਾਤੀ ਦੇ ਦਸ ਲੱਛਣ ਗ੍ਰਹਿ, ਅੰਸ਼, ਨਿਆਸ, ਅਪਨਿਆਸ, ਮੰਦਰ, ਤਾਰ, ਅਲਪੱਤਵ, ਬਹੁਤਵ, **ਔੜਵਤਵ**, ਸ਼ਾੜਵਤਵ ਹਨ । ਪੰਡਿਤ ਸਾਰੰਗ ਦੇਵ ਨੇ ਇਨ੍ਹਾਂ ਦਸ ਲੱਛਣਾਂ ਤੋਂ ਇਲਾਵਾ ਸ਼ਨਿਆਸ , ਵਿਨਿਆਸ, ਅੰਤਰ-ਮਾਰਗ ਇਹ ਤਿੰਨ ਲੱਛਣ ਮਿਲਾ ਕੇ ਕੁੱਲ 13 ਲੱਛਣ ਮੰਨੇ ਹਨ ।

ਜਾਤੀ ਗਾਇਨ ਦੀ ਪਰਿਭਾਸ਼ਾ, ਭੇਦ, ਸਿਧਾਂਤ ਅਤੇ ਸਰੂਪ ਦਾ ਗਿਆਨ ਭਰਤ ਦੇ 'ਨਾਟਯ ਸ਼ਾਸਤਰ' ਗ੍ਰੰਥ ਤੋਂ ਇਲਾਵਾ ਦਤਿੱਲ ਦਾ ਦਤਿੱਲਮ ਅਤੇ ਕੋਹਲ ਦੇ ਲਿਖਿਤ 'ਸੰਗੀਤ ਮੇਰੂ', 'ਅਭਿਨਵ ਸ਼ਾਸਤਰ', 'ਕੋਹਲ ਰਹੱਸਮਯ' ਆਦਿ ਗ੍ਰੰਥਾਂ ਤੋਂ ਹੁੰਦਾ ਹੈ ਜਿਨ੍ਹਾਂ ਦਾ ਪਤਾ ਨਾਟਯ ਸ਼ਾਸਤਰ ਗ੍ਰੰਥ ਪੜ੍ਹਨ ਤੋਂ ਬਾਅਦ ਹੀ ਪ੍ਰਾਪਤ ਹੁੰਦਾ ਹੈ ।

ਜਾਤੀ ਗਾਇਨ ਵਰਤਮਾਨ ਰਾਗ ਵਾਂਗੂ ਹੀ ਗਾਇਨ ਪਰੰਪਰਾ ਸੀ । ਇਸ ਨੂੰ ਬ੍ਰਹਮਾ ਦੁਆਰਾ ਉਤਪੰਨ ਮੰਨਿਆ ਜਾਂਦਾ ਹੈ ਜਿਸ ਵਿੱਚ ਭਗਵਾਨ ਸ਼ੰਕਰ ਦੀ ਉਸਤਤ ਕੀਤੀ ਗਈ ਹੈ । ਜਾਤੀਆਂ ਦੇ ਪਵਿੱਤਰ, ਨਿਰਧਾਰਿਤ ਤੇ ਪਰਮਾਤਿਕ ਸਰੂਪ ਇਨ੍ਹਾਂ ਦੇ ਗਾਇਨ ਦੇ ਉੱਤਮ ਫਲ ਸਬੰਧੀ ਸੰਗੀਤ ਰਤਨਾਕਰ ਵਿੱਚ ਲਿਖਿਆ ਗਿਆ ਹੈ ਕਿ ਜਾਤੀਆਂ ਬ੍ਰਹਮ ਹੱਤਿਆ ਦੇ ਪਾਪ ਤੋਂ ਵੀ ਮੁਕਤੀ ਦਿਵਾਉਣ ਵਾਲੀਆਂ ਹਨ । ਜਿਸ ਤਰ੍ਹਾਂ ਰਿਕ, ਯਜੂ ਤੇ ਸਾਮ ਗਾਇਨ ਫਲਦਾਇਕ ਹੈ ਉਸ ਤਰ੍ਹਾਂ ਸਾਮ ਤੋਂ ਉਤਪੰਨ ਇਹ ਜਾਤੀਆਂ ਵੀ ਵੇਦ ਸਮਸਤ ਹਨ[1] ।

## ਪ੍ਰਬੰਧ ਗਾਇਨ ਰੂਪ

ਪ੍ਰਬੰਧ ਗਾਇਨ ਸ਼ੈਲੀ ਮੱਧਕਾਲੀਨ ਯੁੱਗ ਦੀ ਵਿਸ਼ੇਸ਼ ਪਰੰਪਰਾ ਰਹੀ ਹੈ ਜਿਸ ਦਾ ਪ੍ਰਯੋਗ ਭਰਤੀ ਸੰਗੀਤ ਦਾ ਅਨਿੱਖੜ ਅੰਗ ਹੈ । ਇਸ ਸ਼ੈਲੀ ਨੂੰ ਤਿੰਨ ਨਾਵਾਂ ਰੂਪਕ, ਵਸਤੂ, ਪ੍ਰਬੰਧ ਨਾਲ ਸੰਬੋਧਿਤ ਕੀਤਾ ਜਾਂਦਾ ਹੈ । ਪ੍ਰਬੰਧ ਦੇ ਸ਼ਾਬਦਿਕ ਅਰਥਾਂ ਨੂੰ ਦੇਖਿਆ ਜਾਵੇ ਤਾਂ ਇਸ ਦੀ ਰਚਨਾ 'ਪ੍ਰ + ਬੰਧ' ਸ਼ਬਦਾਂ ਤੋਂ ਹੋਈ ਹੈ ਜਿਸ ਦਾ ਭਾਵ ਹੈ ਵਿਸ਼ੇਸ਼ ਰੂਪ ਵਿੱਚ ਨਿਯਮਬੱਧ ਰਚਨਾ । ਪ੍ਰਬੰਧ ਸ਼ੈਲੀ ਦੇ ਸਰੂਪ ਤੋਂ ਹੀ ਇਸ ਦੇ ਅਰਥਾਂ ਦਾ ਬੋਧ ਹੋ ਜਾਂਦਾ ਹੈ । ਸੰਗੀਤ ਭਾਸ਼ਾ ਵਿੱਚ ਪ੍ਰਬੰਧ ਦੀ ਪ੍ਰੀਭਾਸ਼ਾ ਇਸ ਤਰ੍ਹੋਂ ਦਿੱਤੀ ਗਈ ਹੈ - "ਕੰਠ ਸੰਗੀਤਕਾਰਾਂ ਦੇ ਲਈ ਉਪਯੋਗੀ ਮੱਧਕਾਲੀਨ ਸ਼ਾਬਦਿਕ ਰਚਨਾਵਾਂ ਨੂੰ ਹੀ ਸ਼ਾਸਤਰਕਾਰਾਂ ਨੇ ਪ੍ਰਬੰਧ ਕਿਹਾ ਹੈ"[2] । ਪ੍ਰਬੰਧ ਗਾਇਨ ਦਾ ਸਿੱਧਾ ਸਬੰਧ 'ਗੀਤਾਂ' ਨਾਲ ਹੈ । ਮਾਰਗ

---

1. ਸਾਰੰਗਦੇਵ : ਸੰਗੀਤ ਰਤਨਾਕਰ , (ਅਨੁ. ਲਕਸ਼ਮੀ ਨਰਾਇਣ ਗਰਗ) ਪੰਨਾ 113
2. ਬੰਧੋਪਾਧਿਆਇ ਸ੍ਰੀ ਪਦ : ਸੰਗੀਤ ਭਾਸਯ , ਪੰਨਾ 233

ਅਤੇ 'ਗਾਨ' ਗੀਤ ਦੇ ਦੋ ਭੇਦ ਹਨ । ਨਿਬੱਧ ਅਤੇ ਅਨਿਬੱਧ ਦੋ ਗਾਨ-ਪ੍ਰਕਾਰ ਹਨ । ਇਨ੍ਹਾਂ ਵਿਚੋਂ 'ਨਿਬੱਧ ਗਾਨ' ਦੀ ਤਿੰਨ ਸੰਗਿਆਵਾਂ ਹਨ : ਪ੍ਰਬੰਧ, ਵਸਤੂ ਤੇ ਰੂਪਕ, ਇਸ ਕਰਕੇ ਪ੍ਰਬੰਧ ਨੂੰ ਅਸੀਂ ਨਿਬੱਧ ਰਚਨਾ ਸਵੀਕਾਰ ਕੀਤਾ ਹੈ । ਪ੍ਰਬੰਧ ਦੇ ਚਾਰ ਭਾਗ ਹਨ : (1) ਉਦਗ੍ਰਾਹ, (2) ਮੇਲਾਪਕ, (3) ਧਰੁਵ ਅਤੇ (4) ਆਭੋਗ ।

ਪ੍ਰਬੰਧ ਗਾਇਨ ਪਰੰਪਰਾ ਅਧੀਨ ਬੰਗਾਲ ਦੇ ਪ੍ਰਸਿੱਧ ਭਗਤ ਕਵੀ ਤੇ ਮਹਾਨ ਸੰਗੀਤਕਾਰ ਜੈਦੇਵ ਦੁਆਰਾ ਰਚਿਤ ਪ੍ਰਬੰਧ ਵਿਸ਼ੇਸ਼ ਹਨ । ਜੈ ਦੇਵ ਨੇ ਮਾਲਵ, ਗੁਜਰੀ, ਵਸੰਤ, ਰਾਮਕ੍ਰੀ, ਕਰਨਾਟ, ਭੈਰਵੀ, ਵਿਭਾਸ ਅਦਿ ਰਾਗਾਂ ਵਿੱਚ ਪ੍ਰਬੰਧਾਂ ਦੀ ਰਚਨਾ ਕੀਤੀ ਜੋ ਨਿਰਮਾਤਾ, ਯਤੀ, ਏਕ ਤਾਲ ਅਤੇ ਅਸ਼ਟਤਾਲ ਵਿੱਚ ਨਿਬੱਧ ਹਨ[1] ।

ਧਰੁਪਦ ਗਾਇਨ ਰੂਪ ਵਜੋਂ

ਧਰੁਪਦ ਭਾਰਤੀ ਸੰਗੀਤ ਦੀ ਉੱਤਮ ਤੇ ਵਿਸ਼ਿਸ਼ਟ ਗਾਇਨ ਸ਼ੈਲੀ ਹੈ ਜਿਸ ਦਾ ਭਾਰਤੀ ਸੰਗੀਤ ਵਿੱਚ ਪ੍ਰਮੁੱਖ ਸਥਾਨ ਹੈ । ਪ੍ਰਬੰਧ ਗਾਇਨ ਤੋਂ ਬਾਅਦ ਇਸ ਸ਼ੈਲੀ ਨੇ ਭਾਰਤੀ ਸੰਗੀਤ ਨੂੰ ਵਿਲੱਖਣ ਉਤਕ੍ਰਿਸ਼ਟਤਾ ਪ੍ਰਦਾਨ ਕੀਤੀ । ਭਾਰਤੀ ਸੰਗੀਤ ਦੇ ਰਾਗ-ਤਾਲ ਪ੍ਰਬੰਧ ਤੋਂ ਇਲਾਵਾ ਸਮੁੱਚੀ ਪਰੰਪਰਾ ਦੇ ਵਿਕਾਸ ਕ੍ਰਮ ਨੂੰ ਇੱਕ ਨਵੀਨ ਤੇ ਬਲਵਾਨ ਅਧਾਰ ਪ੍ਰਦਾਨ ਕਰਨ ਵਿੱਚ ਇਸ ਸ਼ੈਲੀ ਦਾ ਮਹੱਤਵਪੂਰਨ ਯੋਗਦਾਨ ਹੈ ।

ਮੱਧਕਾਲ ਵਿੱਚ ਧਰੁਪਦ ਇੱਕੋ ਸਮੇਂ ਅਧਿਆਤਮਕ ਅਤੇ ਦੁਨਿਆਵੀ ਪੱਧ

---

1. Chatterji, Suniti Kumar : Jaydeva ; p.66.

ਦੇ ਗਾਇਕਾਂ ਵਿੱਚ ਪ੍ਰਚਾਲਿਤ ਰਿਹਾ ਹੈ । ਕ੍ਰਿਸ਼ਨ ਭਗਤ ਸੁਆਮੀ ਹਰਿਦਾਸ ਅਤੇ ਹੋਰ ਭਗਤ ਕਵੀਆਂ ਦੁਆਰਾ ਰਚਿਤ ਧਰੁਪਦ ਰਚਨਾ ਤੇ ਪ੍ਰਯੋਗ ਪੱਖੋਂ ਉੱਤਮ ਹਨ । ਇਨ੍ਹਾਂ ਤੋਂ ਬਿਨ੍ਹਾਂ ਤਾਨਸੇਨ ਅਤੇ ਮੁਗਲ ਕਾਲ ਦੇ ਹੋਰ ਗਾਇਕਾਂ ਦੁਆਰਾ ਰਚਿਤ ਧਰੁਪਦ ਵੀ ਕਾਫੀ ਪ੍ਰਸਿੱਧ ਹਨ । ਵਿਮਲਾਕਾਂਤ ਰਾਏ ਚੌਧਰੀ ਧਰੁਪਦ ਸਬੰਧੀ ਚਰਚਾ ਕਰਦਿਆਂ ਲਿਖਦੇ ਹਨ, "ਧਰੁਵ ਦਾ ਅਰਥ 'ਅਚਲ' ਜਾਂ 'ਥਿਰ ਸਥਾਈ' । ਇਨ੍ਹਾਂ ਅਰਥਾਂ ਤੋਂ ਕੇਵਲ ਈਸ਼ਵਰ ਧਰੁਵ ਹੈ ਅਤੇ ਉਸ ਦਾ ਗੁਣ ਕੀਰਤਨ ਸੂਚਕ ਪਦ ਨੂੰ ਧਰੁਪਦ ਕਿਹਾ ਜਾਂਦਾ ਹੈ"[1] । ਇਸ ਵਿੱਚ ਕੋਈ ਸੰਦੇਹ ਨਹੀਂ ਕਿ ਮੁਗਲ ਕਾਲ ਵਿੱਚ ਰਚਿਤ ਕੁੱਝ ਧਰੁਪਦਾਂ ਵਿੱਚ ਰਾਜਿਆਂ ਮਹਾਰਾਜਿਆਂ ਦੀ ਉਸਤਤੀ ਤੇ ਗੁਣ-ਗਾਨ ਵੀ ਹੈ ਪ੍ਰੰਤੂ ਇਸ ਗਾਇਨ ਸ਼ੈਲੀ ਦਾ ਮੁੱਖ ਅਧਾਰ ਈਸ਼ਵਰੀ ਗੁਣ ਕੀਰਤਨ ਹੀ ਹੈ । ਧਰੁਪਦ ਨੂੰ ਪ੍ਰਬੰਧ ਗਾਇਨ ਦੇ ਧਾਤੂ ਉਦ-ਗ੍ਰਹ, ਮੇਲਾਪਕ, ਧਰੁਵ ਅਤੇ ਆਭੋਗ ਧਰੁਪਦ ਵਿੱਚ ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਪ੍ਰਚੱਲਿਤ ਹਨ ।

ਮਹਾਨ ਸੰਗੀਤਾਚਾਰੀਆ ਸੁਆਮੀ ਹਰਿਦਾਸ ਅਤੇ ਉਨ੍ਹਾਂ ਦੇ ਸ਼ਿਸ਼ ਤਾਨਸੇਨ, ਬੈਜੂ ਬਾਵਰਾ, ਰਾਮਦਾਸ ਆਦਿ ਨੇ ਧਰੁਪਦ ਸ਼ੈਲੀ ਦੀਆਂ ਕਈ ਰਚਨਾਵਾਂ ਕੀਤੀਆਂ ਅਤੇ ਆਪੋ-ਆਪਣੇ ਗਾਇਨ ਦੁਆਰਾ ਇਸ ਦਾ ਖੂਬ ਪ੍ਰਚਾਰ ਕੀਤਾ । ਸੰਤ ਕਵੀਆਂ ਵਿੱਚੋਂ ਕਬੀਰ, ਸੂਰਦਾਸ ਆਦਿ ਦੁਆਰਾ ਰਚਿਤ ਪਦੇ ਵੀ ਧਰੁਪਦ ਗਾਇਨ ਸ਼ੈਲੀ ਦੇ ਉੱਤਮ ਨਮੂਨੇ ਹਨ । ਮੱਧਕਾਲ ਵਿੱਚ ਧਰੁਪਦ ਗਾਇਨ ਸ਼ੈਲੀ ਦਾ ਪ੍ਰਚਾਰ ਸੀ ।

---

1. ਚੌਧਰੀ ਵਿਮਲਾਕਾਂਤ ਰਾਏ : ਭਾਰਤੀਯ ਸੰਗੀਤ ਕੋਸ਼ , ਪੰਨਾ 65

ਇਸ ਕਰਕੇ ਲੱਗਭਗ ਭਗਤੀ ਕਾਵਿ ਦੀਆਂ ਸਮੂਹ 'ਪਦ' ਰਚਨਾਵਾਂ ਦਾ ਗਾਇਨ ਧਰੁਪਦ ਸ਼ੈਲੀ ਵਿੱਚ ਹੀ ਕੀਤਾ ਜਾਂਦਾ ਸੀ । ਇਸ ਕਰਕੇ ਇਨ੍ਹਾਂ ਰਚਨਾਵਾਂ ਵਿੱਚ ਸਥਾਈ ਤੇ ਅੰਤਰਾ ਆਦਿ ਦੀ ਵਿਵਸਥਾ ਭਲੀ-ਭਾਂਤ ਸਪੱਸ਼ਟ ਹੈ ।

ਸੁਆਮੀ ਹਰਿਦਾਸ ਜੀ ਨੇ ਰਾਗ ਵਿਭਾਸ, ਬਿਲਾਵਲ, ਆਸਾਵਰੀ, ਕਲਿਆਣ, ਕਾਨੜ੍ਹਾ, ਕੇਦਾਰਾ, ਸਾਰੰਗ, ਬਸੰਤ, ਮਲ੍ਹਾਰ ਗੌਰੀ, ਨਟ, ਬਾਗੇਸ਼ਵਰੀ ਵਰਗੇ ਰਾਗਾਂ ਵਿੱਚ ਪਦਿਆਂ ਦੀ ਰਚਨਾ ਕੀਤੀ ਜਿਨ੍ਹਾਂ ਦਾ ਗਾਇਨ ਧਰੁਪਦ ਸ਼ੈਲੀ ਵਿੱਚ ਕੀਤਾ ਜਾਂਦਾ ਸੀ । ਉਦਾਹਰਣ ਵਜੋਂ ਸੁਆਮੀ ਹਰਿਦਾਸ ਜੀ ਇੱਕ ਪਦੇ ਦੀ ਪੁਰਾਤਨ ਧਰੁਪਦ ਸੁਰਲਿੱਪੀ ਇਸ ਪ੍ਰਕਾਰ ਹੈ :-

<u>ਸੁਆਮੀ ਹਰਿਦਾਸ ਰਚਿਤ ਧਰੁਪਦ</u>

ਬੰਸੀ ਨ ਕਾਹੁ ਕੇ ਬਸ, ਬੰਸੀ ਨੇ ਕੀਨਰੀ ਬਸ
ਬੰਸੀ ਕੋ ਬਜਾਏ ਜਾਨੇ, ਬੰਸੀ ਜਾ ਕੇ ਬਸ ਹੈ ਰੀ
ਅਧਰ ਰਸ ਪ੍ਰੇਮ ਮਾਤੀ, ਛਿਨ ਹੁ ਨ ਹੋਤ ਹਾਤੀ
ਕਾ ਨ ਪਰੀ ਪ੍ਰਾਣ ਲੇਭ, ਵੇ ਚਸ ਕੇ ਰਸ ਹੈ ਰੀ
ਨਏ ਨਏ ਨੇਹ ਵਾਵੇ, ਮੋਹਨ ਲਾਲ ਨਚਾਏ ਛਾਵੇ
ਲਲਿਤ ਤ੍ਰਿਭਗੀ ਕਾ ਨਮਹੁ, ਨਾ ਸੋ ਅਸ ਹੈ ਰੀ
ਤਿਤ ਹਰਿਦਾਸ ਪਰਸ ਪਰ ਪ੍ਰੀਤ ਮਰਾ ਨ ਇਛਕਾ
ਨਾ ਨਦਨੀ ਨੀ ਸੋ ਰਸ ਤੇਰੀ ।[1]

---

1. <u>ਸੰਗੀਤ (ਹਰਿਦਾਸ ਅੰਕ)</u> : ਪ੍ਰਕਾਸ਼ਕ, ਸੰਗੀਤ ਕਾਰਾਲਯ ਹਾਥਰਸ, ਅੰਕ 1952, ਪੰਨਾ 82-83

## ਰਾਗ ਬਾਗੇਸ਼ਵਰੀ (ਪਰ੍ਹਾਰ) ਵਿਲੰਬਿਤ ਲੈਅ ਇਕਤਾਲ

### ਸਥਾਈ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | | | | ਸਾਂ | ਨੀ॒ | ਧ | ਧ |
| | | | | | | | | ਬੈ | ऽ | ਸੀ | ਨ |
| ਧ | ਮ | ਗ॒ | ਰੇ | ਰੇ | ਸਾ | ਸਾ | ਨੀ॒ | ਸਾ | ਮ | ਮ | ਮ |
| ऽ | ਕਾ | ਹੁ | ऽ | ਕੇ | ਘ | ऽ | ਸ | ਬੈ | ऽ | ਸੀ | ਨੇ |
| ਧ | ਮ | ਗ॒ | ਰੇ | ਰੇ | ਸਾ | ਸਾ | ਨੀ॒ | ਧ | ਧ | ਮ | ਮ |
| ऽ | ਕੀ | ਨੇ | ऽ | ਰੀ | ਘ | ऽ | ਸ | ਬੈ | ऽ | ਸੀ | ऽ |
| ਧ | ਧ | ਸਾਂ | ਸਾਂ | ਸਾਂ | ਸਾਂ | ਨੀ॒ | ਧ | ਧ | ਮ | ਮ | ਗ॒ |
| ऽ | ਘ | ਜਾ | ऽ | ਏ | ਜਾ | ऽ | ਨੇ | ਬੈ | ऽ | ਸੀ | ਜਾ |
| ਗ॒ | ਰੇ | ਨੀ॒ | ਧ | ਮ | ਗ॒ | ਰੇ | ਸਾ | | | | |
| ऽ | ਕੇ | ਘ | ऽ | ਸ | ਹੈਂ | ऽ | ਰੀ | | | | |

### ਅੰਤਰਾ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | | | | ਮ | ਮ | ਮ | ਧ |
| | | | | | | | | ਅ | ਧ | ਰ | ਰ |
| ਧ | ਨੀ॒ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਨੀ॒ | ਸਾਂ |
| ऽ | ਸ | ਘੂ | ऽ | ਮ | ਮਾ | ऽ | ਤੀ | ਫਿ | ऽ | ਨ | ਹੁ |
| ਰੇਂ | ਸਾਂ | ਸਾਂ | ਸਾਂ | ਧ | ਧ | ਮ | ਮ | ਮ | ਮ | ਗ॒ | ਰੇ |
| ऽ | ਨ | ਠੋ | ऽ | ਤ | ਹਾ | ऽ | ਤੀ | ਕਾ | ऽ | ਨ | ਪ |

ਰੇਂ   ਸਾਂ ਨੀ   ਨੀ ਧ   ਗ ਰੇ   ਸਾ ਸਾ   ਨੀ ਧ ਮ
ऽ   ਗੀ ਪ੍ਰ   ऽ ਏ   ਤੇ ऽ   ਤ ਦੇ   ऽ ਰ ਸ
ਗ   ਗ ਰੇ   ਰੇ ਰੇ   ਸਾ ਸਾ   ਸਾ
ਕੇ   ऽ ਰ   ऽ ਸ   ਹੇ ऽ   ਗੀ

ਸੰਚਾਰੀ

ਮ   ਮ ਮ   ਪ
ਨ   ਦੇ ऽ   ਨ
ਪ   ਪ ਸਾਂ   ਨੀ ਪ   ਮ ਮ   ਮ ਮ   ਨੀ ਪ ਸਾਂ
ਦੇ   ऽ ਨੇ   ऽ ਹ   ਫ਼ਾ ऽ   ਫੇ ਮੋ   ਹ ਨ ਸ
ਸਾਂ   ਸਾਂ ਰੇਂ   ਸਾਂ ਸਾਂ   ਨੀ –   ਧ ਧ   ਰੇਂ ਰੇਂ   ਸਾਂ
ਕ   ਨ ਭਾ   ऽ ਦੇ   ਛਾ ऽ   ਤੇ ਕ   ਕ੍ਰਿ ऽ   ਤ
ਸਾਂ   ਸਾਂ ਨੀ   ਨੀ ਧ   ਨੀ ਨੀ   ਧ ਮ   ਮ ਗ   ਰੇ
ऽ   ਤ੍ਰਿ ਤੂੰ   ऽ ਗੀ   ਕਾ ऽ   ਨਾਦ ਮੋ   ऽ ਹ   ਨਾ
ਰੇ   ਸਾ ਧ   ਮ ਗ   ਰੇ ਰੇ   ਸਾ
ऽ   ਸੋਂ ਆ   ऽ ਸ   ਹੇ ऽ   ਗੀ

ਆਭੋਗ

ਮ   ਮ ਮ   ਧ
ਰਿ   ऽ ਤ   ਹ
ਨੀ   ਨੀ ਸਾਂ   ਸਾਂ ਸਾਂ   ਸਾਂ ਸਾਂ   ਸਾਂ ਸਾਂ   ਨੀ ਨੀ ਰੇਂ
ਰਿ   ऽ ਦਾ   ऽ ऽ   ਸ ऽ   ऽ ਪ   ਰ ऽ ਸਧ
ਰੇਂ   ਸਾਂ ਸਾਂ   ਨੀ ਧ   ਧ ਧ   ਮ ਮ   ਮ ਮ   ਮ
ऽ   ਰ ਪ੍ਰੀ   ऽ ऽ   ਤ ऽ   ਮ ਰਾ   ऽ ਧਾ   ऽ
ਮ   ਮ ਗ   ਰੇਂ ਰੇਂ   ਸਾਂ ਸਾਂ   ਸਾਂ ਸਾਂ   ਧ ਧ   ਮ
ਪ੍ਰਿ   ਨ ਭਾ   ऽ ऽ   ਨ ऽ   ऽ ਨੇ   ਦ ऽ   ਨੀ
ਮ   ਗ ਰੇ   ਰੇ ਰੇ   ਸਾ ਸਾ   ਸਾ
ऽ   ਸੋ ਰ   ऽ ਸ   ਤੇ ऽ   ਗੀ

(1) ਸੰਗੀਤ: ਪ੍ਰਕਾਸ਼ਕ ਸੰਗੀਤ ਕਾਰਯਾਲਯ ਹਾਥਰਸ; (ਫਰਵਰੀ ਅੰਕ) 1952, ਪੰਨਾ, 62-63

<u>ਕੀਰਤਨ</u>

ਪ੍ਰਮਾਤਮਾ ਦੇ ਗੁਣਾਂ ਦਾ ਗਾਇਨ ਕਰਨਾ ਕੀਰਤਨ ਹੈ । ਰਾਗਾਂ ਵਿੱਚ ਗਾਇਆ ਜਾਣ ਵਾਲਾ ਗੁਰਸ਼ਬਦ ਜਿਸ ਵਿੱਚ ਪ੍ਰਮਾਤਮਾ ਦੀ ਕੀਰਤੀ ਜਾਂ ਨਾਮ-ਸਿਮਰਨ ਕੀਤਾ ਜਾਂਦਾ ਹੈ ਉਸ ਨੂੰ 'ਕੀਰਤਨ ਨਿਰਮੋਲਕ ਹੀਰਾ' ਕਿਹਾ ਹੈ[1] ਕਿਉਂਕਿ ਕੀਰਤਨ ਕਰਨ ਨਾਲ ਜੀਵ ਆਤਮਾ ਦਾ ਉਦਾਰ ਹੋ ਜਾਂਦਾ ਹੈ[2]। ਕਿਸੇ ਦੀ ਉਸਤਤਿ ਕਰਨ ਨੂੰ ਕੀਰਤ ਕਰਨਾ ਆਖਿਆ ਜਾਂਦਾ ਹੈ । ਇੱਕ ਅਕਾਲ ਪੁਰਖ ਦੀ ਕੀਰਤ ਸਿਫਤ ਸਲਾਹ ਕਰਨ ਨੂੰ ਹੀ ਕੀਰਤਨ ਕਿਹਾ ਜਾਂਦਾ ਹੈ । ਗੁਰੂ ਸਾਹਿਬ ਨੇ ਇਸ ਪ੍ਰਕਾਰ ਦੇ ਕੀਰਤਨ ਨੂੰ ਹੀ ਮਹਾਨਤਾ ਦਿੱਤੀ ਹੈ । ਇਸ ਕੀਰਤਨ ਦੇ ਅਲੱਗ-ਅਲੱਗ ਅਰਥ ਇਸ ਪ੍ਰਕਾਰ ਲਏ ਹਨ ;-

| | | |
|---|---|---|
| ਕੀਰਤਨ | - | ਵਾਹਿਗੁਰੂ ਦੀ ਕੀਰਤੀ ਕਰਨੀ |
| ਕੀਰ-ਤਨ | - | ਜਦ ਇਲਾਹੀ ਬਾਣੀ ਦਾ ਕੀਰਤਨ ਹੋ ਰਿਹਾ ਹੋਵੇ ਤਾਂ ਉਹ ਕਿਸੇ ਵੇਗ ਵਿੱਚ ਤਨ ਨੂੰ ਵਿੰਨਦਾ ਤੁਰੀ ਜਾਂਦਾ ਹੈ[3] । |
| ਕੀ-ਰਤਨ | - | ਕੀਰਤਨ ਜਿਸ ਦੀ ਪਹੁੰਚ ਨੂੰ ਸੰਸਾਰ ਦਾ ਕੋਈ ਵੀ ਰਤਨ ਨਹੀਂ ਪਹੁੰਚ ਸਕਦਾ ਅਜਿਹਾ ਇਹ ਰਤਨ ਹੈ । |
| ਕੀਰਤ-ਨ | - | ਇਸ ਸੰਸਾਰ ਵਿੱਚ ਇਸ ਕਿਰਤ ਵਰਗੀ ਹੋਰ ਕੋਈ ਕਿਰਤ ਨਹੀਂ । |

---

1. <u>ਆਦਿ ਗ੍ਰੰਥ</u> : ਪੰਨਾ 893

2. ਕਰਿ ਕੀਰਤਨ ਹੋਇ ਉਧਾਰੁ
(ਆਦਿ ਗ੍ਰੰਥ, ਪੰਨਾ 454)

3. ਹਰਿ ਪ੍ਰੇਮ ਬਾਣੀ ਮਨੁ ਮਾਰਿਆ, ਅਣੀਆਲੇ ਅਣੀਆ ਰਾਮ ਰਾਜੇ ॥
(ਆਦਿ ਗ੍ਰੰਥ, ਪੰਨਾ 449)

ਪਰ ਸਿੱਧੇ ਅਰਥਾਂ ਵਿੱਚ ਕੀਰਤਨ ਤੋਂ ਭਾਵ ਗੁਰਬਾਣੀ ਗਾਇਨ ਹੈ । ਇਸੇ ਕਰਕੇ ਗੁਰੂ ਸਾਹਿਬ ਨੇ ਪ੍ਰਭੂ ਪ੍ਰਾਪਤੀ ਲਈ ਸਿਮਰਨ ਭਗਤੀ ਦਾ ਸੁਖੈਨ ਢੰਗ ਹਰੀ ਕੀਰਤਨ ਪ੍ਰਚੱਲਿਤ ਕੀਤਾ ਅਤੇ ਪ੍ਰਮਾਤਮਾ ਵਿੱਚ ਲੀਨ ਹੋਣ ਲਈ ਕੀਰਤਨ ਨੂੰ ਸਾਧਨ ਬਣਾਇਆ । ਬਾਣੀ ਦੇ ਪ੍ਰਚਾਰ ਅਤੇ ਸੰਚਾਰ ਲਈ ਕੀਰਤਨ ਨੂੰ ਪ੍ਰਮੁੱਖ ਜੁਗਤ ਵਜੋਂ ਅਪਣਾਇਆ । ਇਸ ਕਰਕੇ ਕੀਰਤਨ ਦਾ ਸਾਹਿਤ ਗੁਰਬਾਣੀ ਹੈ ਅਤੇ ਰਾਗ ਇੱਕ ਡੰਗੋਰੀ ਹੈ[1] ਅਰਥਾਤ ਗੁਰਬਾਣੀ **ਜਦੋਂ** ਗਾਈ ਜਾਂਦੀ ਹੈ ਤਾਂ ਉਹ ਗੁਰਬਾਣੀ ਕੀਰਤਨ ਕਹਿਲਾਉਂਦੀ ਹੈ । ਗੁਰਬਾਣੀ ਕੀਰਤਨ ਦਾ ਇੱਕ ਇਹ ਵੀ ਪੱਖ ਹੈ ਕਿ ਕੇਵਲ ਕੀਰਤਨ ਕਰਨਾ ਹੀ ਨਹੀਂ, ਸਗੋਂ ਸਰਵਨ ਕਰਨਾ ਵੀ ਪ੍ਰਭੂ ਭਗਤੀ ਦਾ ਉੱਤਮ ਢੰਗ ਹੈ.[2] । ਉਸ ਕੀਰਤਨ ਦਾ ਆਤਮਿਕ ਪ੍ਰਭਾਵ ਤਦ ਹੀ ਬਣਦਾ ਹੈ ਜੇ ਗਾਈ ਜਾ ਰਹੀ ਰਚਨਾ ਉਸੇ ਰਾਗ ਵਿੱਚ ਗਾਈ ਜਾਵੇ ਜਿਸ ਵਿੱਚ ਰਚੀ ਗਈ ਹੈ ।

ਕੀਰਤਨ ਦਾ ਮਹੱਤਵ

ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਗੁਰਬਾਣੀ ਵਿੱਚ ਕੀਰਤਨ ਦੀ ਮਹਿਮਾ ਥਾਂ-ਥਾਂ ਦੱਸੀ ਹੈ । ਕੀਰਤਨ ਸੁਣਨ ਅਤੇ ਕੀਰਤਨ ਕਰਨ ਦੀ ਆਵਸ਼ਕਤਾ ਪ੍ਰਗਟਾਈ ਗਈ ਹੈ । ਕੀਰਤਨ ਦੁਆਰਾ ਮਨੁੱਖੀ ਆਤਮਾ ਪ੍ਰਗਤੀ ਦੇ ਪੜਾਵਾਂ ਤੇ ਚੜ੍ਹਦੀ ਮੰਜਲ 'ਤੇ ਜਾ ਪਹੁੰਚਦੀ ਹੈ । ਗੁਰੂ ਅਰਜਨ ਦੇਵ ਜੀ ਨੇ ਕੀਰਤਨ ਲਈ ਰੂਪਕ ਹੀਰਾ

---

1. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ (ਸਿਮ੍ਰਤੀ ਗ੍ਰੰਥ), ਪੰਨਾ 2

2. ਗੁਰਮਤਿ ਪ੍ਰਕਾਸ਼, ਅਗਸਤ,1991, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ 7

ਵਰਤਿਆ ਹੈ ਜਿਸ ਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ ਅਤੇ ਜੋ ਆਨੰਦ ਅਤੇ ਗੁਣਾਂ ਦਾ ਖਜ਼ਾਨਾ ਹੈ ।

ਕੀਰਤਨ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥[1]

ਆਨੰਦ ਦੀ ਸਥਿਤੀ ਉਦੋਂ ਹੀ ਪ੍ਰਾਪਤ ਹੁੰਦੀ ਹੈ ਜਦੋਂ ਕਿ ਦੁੱਖ ਦੀ ਨਵਿਰਤੀ ਹੋ ਜਾਂਦੀ ਹੈ । ਹਰੀ ਦਾ ਕੀਰਤਨ ਸੁਣਨ ਅਤੇ ਗਾਉਣ ਨਾਲ ਹੀ ਇਹ ਅਵਸਥਾ ਪ੍ਰਾਪਤ ਹੁੰਦੀ ਹੈ :

ਹਰਿ ਕੀਰਤਨ ਸੁਨੈ ਹਰਿ ਕੀਰਤਨੁ ਗਾਵੈ ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥[2]

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰ ਸ਼ਬਦ ਮਾਨਸਰੋਵਰ ਹੈ । ਮਨੁੱਖ ਰੂਪੀ ਹੰਸ ਕੀਰਤਨ ਕਰਦਾ-ਕਰਦਾ ਇਸ ਨੂੰ ਖਾਂਦਾ ਹੈ :

ਰਤਨ ਪਦਾਰਥ ਗੁਰ ਸ਼ਬਦੁ ਕਰਿ ਕੀਰਤਨੁ ਖਾਹੁ ॥[3]

ਗੁਰੂ ਅਰਜਨ ਦੇਵ ਜੀ ਅਨੁਸਾਰ ਦਿਨ ਰਾਤ ਕੀਤਰਨ ਗਾਉਣਾ ਹੀ ਸਫਲ ਕਾਰਜ ਹੈ :

ਹਰਿ ਕੀਰਤਨੁ ਗਾਵਾ ਦਿਨ ਰਾਤੀ ਸਫਲ ਏਹਾ ਹੈ ਕਾਰੀ ਜੀਉ ॥[4]

ਕੀਰਤਨ ਦੇ ਆਨੰਦ ਨੂੰ ਸੰਘਣੀ ਵਾਸ਼ਨਾ ਅਤੇ ਫਲਾਂ ਦੇ ਆਨੰਦ ਨਾਲ ਤੁਲਨਾ ਦਿੱਤੀ ਗਈ ਹੈ :

ਜਹਾ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਨਦ ॥[5]

---

1. ਆਦਿ ਗ੍ਰੰਥ : ਗਉੜੀ ਮਹਲਾ 5, ਪੰਨਾ 893
2. ਆਦਿ ਗ੍ਰੰਥ : ਗਉੜੀ ਮਹਲਾ 5, ਪੰਨਾ 190
3. ਵਾਰਾਂ ਭਾਈ ਗੁਰਦਾਸ : ਵਾਰ 9ਵੀਂ ਪਉੜੀ 14, ਪੰਨਾ 7
4. ਆਦਿ ਗ੍ਰੰਥ : ਰਾਗ ਮਾਝ, ਪੰਨਾ 108
5. ਆਦਿ ਗ੍ਰੰਥ : ਸਾਰੰਗ ਮਹਲਾ 5, ਪੰਨਾ 1204

ਸੰਸਾਰ ਦੇ ਸੁਖ, ਜਿਨ੍ਹਾਂ ਨੂੰ ਕਿ ਜੀਵ ਮਾਇਆ ਦੇ ਪਰਦੇ ਕਰਕੇ ਸਭ ਕੁਝ ਸਮਝਦਾ ਹੈ, ਵਾਸਤਵ ਵਿੱਚ ਉਹ ਧੋਖਾ ਬਣਦੇ ਹਨ, ਉਹ ਨਾਲ ਨਹੀਂ ਨਿਭਦੇ। ਕੀਰਤਨ ਸਥਾਈ ਧਨ ਹੈ ਜੋ ਲੋਕ ਪਰਲੋਕ ਵਿੱਚ ਸਾਥੀ ਬਣਦਾ ਹੈ। ਗੁਰੂ ਅਰਜਨ ਦੇਵ ਜੀ ਇਸ ਅਸਲੀਅਤ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :-

ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ ॥
ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋ ॥[1]

ਮਾਇਆ ਦਾ ਪ੍ਰਮੁੱਖ ਰੂਪ ਅਹੰਕਾਰ ਹੈ ਜੋ ਆਤਮਾ ਨੂੰ ਪ੍ਰਮਾਤਮਾ ਤੋਂ ਦੂਰ ਰੱਖਦਾ ਹੈ। ਇਹ ਜ਼ਹਿਰ ਵਾਂਗ ਮਨੁੱਖ ਦੇ ਅੰਦਰ ਫੈਲ ਜਾਂਦੀ ਹੈ। ਕੀਰਤਨ ਇਸ ਨੂੰ ਨਵਿਰਤ ਕਰਦਾ ਹੈ। ਵਿਕਾਰਾਂ ਦੀ ਮੈਲ ਆਪਣੇ ਆਪ ਲੱਥ ਜਾਂਦੀ ਹੈ। ਇਸ ਵਿੱਧੀ ਦਾ ਉਲੇਖ ਇਸ ਤਰ੍ਹਾਂ ਕੀਤਾ ਹੈ :

ਗੁਨ ਗਾਵਤ ਤੇਰੀ ਉਤਰਸਿ ਮੈਲੁ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥[2]

ਸੋ ਗੁਰੂ ਅਰਜਨ ਦੇਵ ਜੀ ਵਿਸ਼ਵਾਸ਼ ਦਿਵਾਂਦੇ ਹਨ ਕਿ ਕੀਰਤਨ ਦੁਆਰਾ ਸਾਰੇ ਮਨੋਰਥਾਂ ਦੀ ਪ੍ਰਾਪਤੀ ਇਸੇ ਯੁੱਗ ਵਿੱਚ ਹੀ ਹੋ ਜਾਂਦੀ ਹੈ। ਮਨੁੱਖ ਦੀ ਖੋਟੀ ਬੁੱਧੀ ਜੋ ਉਸ ਨੂੰ ਦੁਖੀ ਕਰਦੀ ਹੈ, ਉਸ ਦਾ ਵੀ ਨਾਸ ਹੋ ਜਾਂਦਾ ਹੈ :

ਜੋ ਜੋ ਕਥੈ ਹਰਿ ਕੀਰਤਨੁ ਤਾਂ ਕੀ ਦੁਰਮਤਿ ਨਾਸੁ ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ ॥

ਗੁਨ ਗੁਬਿੰਦ ਕੀਰਤਨੁ ਜਨ ਗਾਵੈ ॥ ਗੁਰ ਪ੍ਰਸਾਦਿ ਨਾਨਕ ਫਲ ਪਾਵੈ ॥[3]

---

1. ਆਦਿ ਗ੍ਰੰਥ : ਆਸਾ ਮਹਲਾ ੧, ਪੰਨਾ 398
2. ਆਦਿ ਗ੍ਰੰਥ : ਗਉੜੀ ਮਹਲਾ 5, ਪੰਨਾ 289
3. ਆਦਿ ਗ੍ਰੰਥ : ਕਾਨੜਾ ਪੰਨਾ 1300

## ਕੀਰਤਨ ਗਾਇਨ ਰੂਪ

ਮੱਧ ਕਾਲੀਨ ਭਗਤੀ ਸੰਗੀਤ ਅਧੀਨ ਪ੍ਰਭੂ ਨਾਮ ਦਾ ਗਾਇਨ ਦੋ ਵਿਧੀਆਂ ਦੁਆਰਾ ਪ੍ਰਸਤੁਤ ਕੀਤਾ ਜਾਂਦਾ ਹੈ : ਵਿਅਕਤੀ ਗਤ ਅਤੇ ਸਮੂਹਿਕ । ਵਿਅਕਤੀਗਤ ਕੀਰਤਨ ਵਿੱਚ ਕੀਰਤਨੀਆ (ਗਾਇਕ) ਆਪਣੇ ਇਸ਼ਟ ਨੂੰ ਸੰਪੂਰਣ ਸਮਰਪਣ ਸਾਹਿਤ ਸੰਬੋਧਿਤ ਹੁੰਦਾ ਹੈ ਜਿਸ ਵਿੱਚ ਸੰਗੀਤ ਇੱਕ ਮਾਧਿਅਮ ਦਾ ਕਾਰਜ ਕਰਦਾ ਹੈ । ਭਗਤੀ ਅਧੀਨ ਸੰਗੀਤ ਆਤਮਾ ਦੇ ਦੇਸ਼ ਲਿਜਾਉਣ ਵਾਲੇ ਪੰਖਾਂ ਦੇ ਰੂਪ ਵਿੱਚ ਕਾਰਜ ਕਰਦਾ ਹੈ । ਵਿਅਕਤੀਗਤ ਕੀਰਤਨ ਵਿੱਚ ਪ੍ਰਭੂ ਦੇ ਨਾਮ ਦੀ ਕੀਰਤੀ ਗਾਇਨ ਤੋਂ ਇਲਾਵਾ ਅਧਿਆਤਮਿਕ ਅਨੁਭਵ ਅਤੇ ਅਧਿਆਤਮਿਕ ਸੱਚ ਦੇ ਪਸਾਰ ਲਈ ਵੀ ਕੀਰਤਨ (ਭਜਨ) ਦਾ ਮਾਧਿਅਮ ਪ੍ਰਯੋਗ ਕੀਤਾ ਜਾਂਦਾ ਹੈ । ਇਸ ਸਮੇਂ ਵਿਅਕਤੀ (ਕੀਰਤਨੀਆ) ਆਪਣੇ ਸੰਗੀ ਸਾਥੀਆਂ ਭਾਵ ਸਮੂਹ ਭਾਈਚਾਰੇ ਨੂੰ ਸੰਬੋਧਨ ਕਰਦਾ ਅਧਿਆਤਮਿਕ ਅਨੁਭਵ ਅਤੇ ਪਰਮ ਸੱਚ ਦਾ ਗਾਇਨ ਕਰਦਾ ਹੈ । ਵਿਅਕਤੀਗਤ ਕੀਰਤਨ ਦੇ ਇਸ ਉਦੇਸ਼ ਸਦਕਾ ਹੀ ਕੀਰਤਨ ਦਾ ਨਿਵੇਕਲਾ ਸਰੂਪ ਜਾਂ ਵਿਭਿੰਨ ਸ਼ੈਲੀਆਂ ਜਨਮ ਲੈਂਦੀਆਂ ਹਨ । ਸੰਤ, ਭਗਤਾਂ ਅਤੇ ਗੁਰੂਆਂ ਨੇ ਸਮੂਹਿਕ ਕੀਰਤਨ ਦੇ ਨਾਲ-ਨਾਲ ਵਿਅਕਤੀਗਤ ਕੀਰਤਨ ਦੀ ਪਰੰਪਰਾ ਦਾ ਪ੍ਰਯੋਗ ਵੀ ਕੀਤਾ ਹੈ । ਕੀਰਤਨ ਦੀ ਸਮੂਹਿਕ ਵਿਧੀ ਦਾ ਭਾਰਤੀ ਭਗਤੀ ਸੰਗੀਤ ਵਿੱਚ ਕਾਫੀ ਪ੍ਰਚਾਰ ਰਿਹਾ ਹੈ । ਸਮੂਹਿਕ ਵਿਧੀ ਵਿੱਚ ਕੀਰਤਨੀਆ ਜਾਂ ਕੀਰਤਨ ਮੰਡਲੀ, ਭਗਤਾਂ (ਸੰਗਤਾਂ) ਦੇ ਸਮੂਹ ਨੂੰ ਕੀਤਰਨ ਵਧੇਰੇ ਕਰਕੇ "ਨਾਮ ਕੀਰਤਨ" ਸ਼ੈਲੀ ਵਿੱਚ ਹੀ ਗਾਇਆ ਜਾਂਦਾ ਹੈ ਜਿਸ ਵਿੱਚ ਦੇਵੀ ਦੇਵਤਿਆਂ, ਅਵਤਾਰਾਂ ਅਤੇ ਵਿਭਿੰਨ ਈਸ਼ਵਰੀ ਨਾਮਾਂ ਦਾ ਗਾਇਨ ਕੀਤਾ ਜਾਂਦਾ ਹੈ । ਆਰਤੀ ਦੁਆਰਾ ਕੀਰਤਨ ਵਰਗੀਆਂ ਕਈ ਹੋਰ

ਸ਼ੈਲੀਆਂ ਵੀ ਹਨ ਜਿਨ੍ਹਾਂ ਵਿੱਚ ਸਮੂਹਿਕ ਗਾਇਨ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਕੀਰਤਨ ਲਈ ਜਿੱਥੇ ਪਾਠ ਤੇ ਸੰਗੀਤ ਮਹੱਤਵਪੂਰਨ ਹੈ ਉਥੇ ਕੀਰਤਨੀਏ ਅਤੇ ਸਰੋਤੇ ਦੀ ਪ੍ਰਸਤੁਤੀ ਅੰਤਰ-ਸਬੰਧਾਂ ਦੀ ਕੀਰਤਨ ਸ਼ੈਲੀ ਦੇ ਨਿਰਧਾਰਣ ਵਿੱਚ ਮਹੱਤਵਪੂਰਨ ਭੂਮਿਕਾ ਹੈ । ਭਾਰਤੀ ਭਗਤੀ ਸੰਗੀਤ ਵਿੱਚ ਪ੍ਰਚੱਲਿਤ ਕੁਝ ਕੀਰਤਨ ਸ਼ੈਲੀਆਂ ਉਪਰ ਅਸੀਂ ਇੱਥੇ ਚਰਚਾ ਕਰਾਂਗੇ । ਇਨ੍ਹਾਂ ਸ਼ੈਲੀਆਂ ਦਾ ਮੰਤਵ ਭਾਵੇਂ ਪ੍ਰਭੂ ਕੀਰਤੀ ਗਾਇਨ ਹੈ ਪ੍ਰੰਤੂ ਗਾਇਨ-ਵਿਧੀ ਕਰਕੇ ਇਨ੍ਹਾਂ ਵਿੱਚ ਕਾਫੀ ਭੇਦ ਪਾਇਆ ਜਾਂਦਾ ਹੈ ।

ਪਦ ਕੀਰਤਨ ਭਗਤੀ ਸੰਗੀਤ ਦੀ ਇੱਕ ਵਿਸ਼ੇਸ਼ ਕੀਰਤਨ ਸ਼ੈਲੀ ਹੈ । ਇਸ ਦੇ ਗਾਇਨ ਲਈ ਕਿਸੇ ਸੰਤ ਭਗਤ ਜਾਂ ਕਵੀ ਦੁਆਰਾ ਰਚਿਤ ਪਦ (ਕਾਵਿ) ਨੂੰ ਚੁਣਿਆ ਜਾਂਦਾ ਹੈ । ਮੱਧ ਕਾਲੀਨ ਭਗਤੀ ਪਰੰਪਰਾ ਵਿੱਚ ਸੰਤ ਭਗਤ ਕਵੀਆਂ ਨੇ ਅਨੇਕਾਂ ਪਦ ਰਚੇ ਹਨ ਅਤੇ ਇਨ੍ਹਾਂ ਰਚਨਾਵਾਂ ਨੂੰ ਆਪ ਗਾਇਆ । ਇਸ ਕਰਕੇ ਇਹ ਗਾਇਨ ਪੱਖੋਂ ਸੰਗੀਤ ਅਨੁਸ਼ਾਸਨ ਦੇ ਧਾਰਣੀ ਹਨ । ਇਨ੍ਹਾਂ ਵਿੱਚ ਸਥਾਈ ਅੰਤਰਿਆਂ ਦੀ ਵਿਵਸਥਾ ਹੈ । ਇਸ ਸਮੇਂ ਕਿਉਂ ਜੋ ਧਰੁਪਦ ਸ਼ੈਲੀ ਪ੍ਰਚਾਰ ਵਿੱਚ ਸੀ, ਇਸ ਕਰਕੇ ਪਦ ਕੀਰਤਨ ਧਰੁਪਦ ਤੋਂ ਪ੍ਰਭਾਵਿਤ ਕੀਰਤਨ ਸ਼ੈਲੀ ਹੈ । ਪਦ ਵਿਚਲੇ ਧਰੁਵ ਨੂੰ ਸਥਾਈ ਜਾਂ ਟੇਕ ਬਣਾ ਕੇ ਬਾਕੀ ਪੰਕਤੀਆਂ ਨੂੰ ਅੰਤਰਿਆਂ ਦੇ ਰੂਪ ਵਿੱਚ ਗਾਇਆ ਜਾਂਦਾ ਹੈ । ਸਧਾਰਣ ਗਾਇਨ ਅਤੇ ਸ਼ਾਸਤਰੀ ਗਾਇਨ ਦੇ ਗਾਇਨ ਵਿੱਚ ਅੰਤਰ ਹੋਣਾ ਲਾਜ਼ਮੀ ਹੈ । ਸ਼ਾਸਤਰੀ ਗਾਇਕ ਜ਼ਰੂਰ ਹੀ ਇਨ੍ਹਾਂ ਪਦਿਆਂ ਨੂੰ ਧਰੁਪਦ ਦੀ ਸ਼ਾਸਤਰੀ ਵਿਧੀ ਅਨੁਸਾਰ ਗਾਉਂਦਾ ਹੋਵੇਗਾ । ਕਿਉਂਕਿ ਸੰਗੀਤਾਚਾਰੀਆ

ਸੁਆਮੀ ਹਰਿਦਾਸ, ਤਾਨਸੇਨ ਅਤੇ ਕਬੀਰ, ਸੂਰਦਾਸ ਵਰਗੇ ਭਗਤਾਂ ਦੇ ਪਦਿਆਂ ਦੀ ਕਾਵਿ ਰਚਨਾ ਸਮਾਨ ਪ੍ਰਬੰਧ ਦੀ ਧਾਰਣੀ ਹੈ । ਪਦ ਕੀਰਤਨ ਵਿੱਚ ਵਿਅਕਤੀਗਤ ਗਾਇਨ ਵਿਧੀ ਵਧੇਰੇ ਪ੍ਰਚਾਰ ਵਿੱਚ ਹੈ । ਇਸ ਕੀਰਤਨ ਸ਼ੈਲੀ ਦੁਆਰਾ ਮੱਧਕਾਲੀਨ ਸੰਤ ਭਗਤ ਕਵੀਆਂ ਤੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਨੂੰ ਗਾਇਆ ਤੇ ਪ੍ਰਚਾਰਿਆ । ਇਹ ਸ਼ੈਲੀ ਭਜਨ ਕੀਰਤਨ ਨਾਲੋਂ ਭਿੰਨ ਤੇ ਸੁਤੰਤਰ ਕਿਸਮ ਦਾ ਗਾਇਨ ਹੈ ਜਿਹੜਾ ਕਿਸੇ ਵਿਸ਼ੇਸ਼ ਪੂਜਾ-ਵਿਧੀ, ਗੀਤ ਦੇ ਵਿਸ਼ੇਸ਼ ਬੰਧੇਜ ਤੋਂ ਰਹਿਤ ਅਤੇ ਕਾਲ, ਸਥਾਨ ਦੇ ਭੇਦ ਤੋਂ ਮੁਕਤ ਹੈ ।

ਨਾਮ ਕੀਰਤਨ ਵੈਸ਼ਨਵ ਭਗਤੀ ਸੰਗੀਤ ਧਾਰਾ ਅਧੀਨ ਅਲਾਵਰ ਸੰਤਾਂ ਨੇ ਲੱਗਭਗ ਪੰਜਵੀਂ ਸਦੀ ਵਿੱਚ ਸੰਕੀਰਤਨ ਦਾ ਪ੍ਰਵਾਹ ਦੱਖਣੀ ਭਾਰਤ ਤੋਂ ਆਰੰਭ ਕੀਤਾ ਜਿਸ ਨੇ ਸਮਸਤ ਭਾਰਤ ਨੂੰ ਆਪਣੇ ਰੰਗ ਵਿੱਚ ਰੰਗ ਲਿਆ ਪ੍ਰਭੂ ਪ੍ਰੇਮੀਆਂ ਦਾ ਜੁੜ-ਬੈਠ ਕੇ ਨਾਮ ਦਾ ਇਕ ਮਨ ਇੱਕ ਚਿੱਤ ਗਾਇਨ ਕਰਨਾ ਹੀ ਸੰਕੀਰਤਨ ਹੈ[1] । ਬੰਗਾਲ ਦੀ ਸੰਕੀਰਤਨ ਪਰੰਪਰਾ ਬਾਕੀ ਭਾਰਤੀ ਪਰੰਪਰਾਵਾਂ ਤੋਂ ਨਿਵੇਕਲੀ ਹੈ । ਇਸ ਵਿੱਚ ਨਿਵੇਕਲੇ ਲੈਅ-ਪ੍ਰਬੰਧਾਂ ਅਤੇ ਰਾਗਾਂ ਦਾ ਪ੍ਰਚਲਨ ਹੈ[2] । ਨਾਮ ਕੀਰਤਨ ਇਸ ਪਰੰਪਰਾ ਦੀ ਵਿਸ਼ਿਸ਼ਟ ਸ਼ੈਲੀ ਹੈ ਜਿਸ ਵਿੱਚ ਜਲੂਸ ਦੀ ਸ਼ਕਲ ਵਿੱਚ ਕ੍ਰਿਸ਼ਨ ਜੀ ਦੇ ਨਾਮ ਦਾ ਸਮੂਹਿਕ ਗਾਇਨ ਕੀਤਾ ਜਾਂਦਾ ਹੈ । ਇਸ ਵਿੱਚ ਖੜਤਾਲ, ਖੋਲ (ਢੋਲਕ), ਵਾਇਲਨ ਵਰਗੇ ਸਾਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ । ਨਾਮ ਕੀਰਤਨ ਦਾ ਆਰੰਭ ਗੁਰੂ ਵੰਦਨਾ ਤੋਂ ਕੀਤਾ ਜਾਂਦਾ ਹੈ । ਉਪਰੰਤ ਤਾਲ ਵਾਦਨ ਤਾਲ ਲੈਅ ਦੀ

---

1. Swami Shivananda : Bakti and Sankirtan ; page 89.

2. Sinha Purnima : An Approach to Study of Indian Music ; p.57.

ਸਥਾਪਤੀ ਕੀਤੀ ਜਾਂਦੀ ਹੈ ਅਤੇ ਸਮੂਹ ਭਗਤ ਜਨਾਂ ਦੀ ਅਗਵਾਈ ਕਰਨ ਵਾਲੇ ਮੁੱਖ ਗਾਇਕ ਨੂੰ ਅਧਿਕਾਰੀ ਕਿਹਾ ਜਾਂਦਾ ਹੈ । ਇਹ ਪ੍ਰਭੂ ਦੇ ਵਿਭਿੰਨ ਨਾਮਾਂ ਦਾ ਨਿਸ਼ਚਿਤ ਤੇ ਸੰਖੇਪ ਸ਼ਲੋਕ-ਨੁਮਾ ਪੰਕਤੀਆਂ ਦੁਆਰਾ ਨਾਮ ਕੀਰਤਨ ਦਾ ਆਰੰਭ ਕਰਦਾ ਹੈ । ਨਾਮ ਕੀਰਤਨ ਦਾ ਪ੍ਰਚਾਰ ਲੱਗਭਗ ਸਮਸਤ ਭਾਰਤ ਵਿੱਚ ਹੈ । ਭਾਰਤੀ ਸੰਗੀਤ ਵਾਦਕ ( ਜਿਹੜੇ ਵਧੇਰੇ ਕਰਕੇ ਲੋਕ ਸੰਗੀਤ ਦੇ ਲਏ ਜਾਂਦੇ ਹਨ) ਨਾਲ ਪ੍ਰਭੂ ਨਾਮ ਦੀ ਕੀਰਤੀ ਯੁਕਤ ਵਿਭਿੰਨ ਕਾਵਿ ਪੰਕਤੀਆਂ ਦੁਆਰਾ ਪ੍ਰਭੂ ਨਾਮ ਦਾ ਗਾਇਨ ਕੀਤਾ ਜਾਂਦਾ ਹੈ । ਮੁੱਖ ਗਾਇਕ ਕੀਰਤਨ ਲਈ ਇਕੱਤਰ ਸਮੂਹ ਪ੍ਰਭੂ-ਪ੍ਰੇਮੀਆਂ ਨੂੰ ਪ੍ਰਭੂ ਨਾਮ ਯੁਕਤ ਕਾਵਿ ਨੂੰ ਵਿਭਿੰਨ ਸ਼ਬਦਾਵਲੀਆਂ ਤੇ ਲੈਆਂ ਦੁਆਰਾ ਆਪਣੇ ਗਾਇਨ ਦਾ ਅਨੁਕਰਣ ਕਰਵਾਉਂਦਾ ਹੈ । ਪ੍ਰਭੂ ਨਾਮ ਦੀ ਇਹ ਰੂਹਾਤਮਿਕ ਤੇ ਲੈਆਤਮਿਕ ਵਿਵਿਧਤਾ ਸਮੂਹ "ਨਾਮੀਆਂ" ਨੂੰ ਵਿਸਮਾਦਿਤ ਅਵਸਥਾ ਵਿੱਚ ਲੈ ਜਾਂਦੀ ਹੈ ।

ਨਾਮ ਕੀਰਤਨ ਨੂੰ ਨਾਮਾਵਲੀ ਵੀ ਕਿਹਾ ਜਾਂਦਾ ਹੈ । ਨਾਮਾਵਲੀ ਤੋਂ ਭਾਵ ਹੈ 'ਨਾਮਾਂ ਦੀ ਲੜੀ' । ਇਸ ਵਿੱਚ ਭਜਨ ਗੀਤਾਂ ਦੇ ਦੂਸਰੇ ਪ੍ਰਕਾਰਾਂ ਨਾਲੋਂ ਜ਼ਿਆਦਾ ਸੰਗੀਤ ਅਤੇ ਕਾਵਿ ( Text ) ਦਾ ਗਾਇਨ ਕੀਤਾ ਜਾਂਦਾ ਹੈ[1]। ਨਾਮ ਕੀਰਤਨ ਦਾ ਜਲੂਸ ਦੀ ਸ਼ਕਲ ਵਿੱਚ ਚਲਦਿਆਂ ਕੀਰਤਨ ਕਰਨਾ ਅਲੌਕਿਕ ਤੇ ਅਦੁੱਤੀ ਵਾਤਾਵਰਣ ਸਿਰਜਦਾ ਹੈ । ਇਸ ਜਲੂਸ ਵਿੱਚ ਕੀਰਤਨ ਮੰਡਲੀ ਵਿਭਿੰਨ ਸਾਜ਼ਾਂ ਦੀ ਸੰਗਤ ਨਾਲ ਪ੍ਰਸਤੁਤੀ ਕਰਦੀ ਆਪਣੇ ਆਲੇ-ਦੁਆਲੇ ਇਕੱਤਰ ਸਮੂਹ ਲੋਕਾਂ ਨੂੰ ਸੰਬੋਧਨ ਕਰਦੀ ਹੈ । ਇਸ ਕੀਰਤਨ ਮੰਡਲੀ ਦੇ

---

1. Leo Poed : Simon Robert, Spiritual Aspect of Indian Music; p.54.

ਕੀਰਤਨਕਾਰ ਆਪਣੇ ਆਲੇ-ਦੁਆਲੇ ਦੇ ਵਿਅਕਤੀਆਂ 'ਚੋਂ ਇੱਕ-ਇੱਕ ਨੂੰ ਪ੍ਰਭੂ ਨਾਮ ਸੰਬੋਧਿਤ ਕਰਕੇ ਸੰਗੀਤ - ਸੰਮੋਹਨ ਸ਼ਕਤੀ ਦੁਆਰਾ ਆਪਣੇ ਨਾਲ ਗਾਉਣ ਲਈ ਪ੍ਰੇਰਦੇ ਹਨ। ਫਲ ਸਰੂਪ ਇੱਕ-ਇੱਕ ਕਰਕੇ ਇਕੱਤਰ ਸਮੂਹ ਪ੍ਰਭੂ ਪ੍ਰੇਮੀ ਅਕਾਸ਼ ਨੂੰ ਪ੍ਰਭੂ ਨਾਮ ਨਾਲ ਗੂੰਜਾ ਦਿੰਦੇ ਹਨ। ਇਸ ਵਾਤਾਵਰਣ ਵਿੱਚ ਪ੍ਰਭੂ ਨਾਮ ਦੇ ਅਸੀਮੀ ਤੇ ਅਦੁੱਤੀ ਪਸਾਰ ਸਦਕਾ ਸਭ ਪਾਸੇ ਪ੍ਰਭੂ ਨਾਮ ਦੀ ਹੋਂਦ ਹੀ ਦਿਖਾਈ ਦਿੰਦੀ ਹੈ।

ਉਪਰੋਕਤ ਵਿਧੀ ਅਨੁਸਾਰ ਨਾਮ ਕੀਰਤਨ ਦੀਆਂ ਅੱਜ-ਕੱਲ ਕਾਫੀ ਘੱਟ ਉਦਾਹਰਣਾਂ ਮਿਲਦੀਆਂ ਹਨ। ਪ੍ਰਭੂ ਜਲੂਸ ਦੀ ਸ਼ਕਲ ਵਿੱਚ ਗਾਏ ਜਾਣ ਵਾਲੇ ਨਾਮ ਕੀਰਤਨ ਦਾ ਬੁਨਿਆਦੀ ਉਦੇਸ਼ ਤੇ ਪ੍ਰਥਾ ਉਪਰੋਕਤ ਅਨੁਸਾਰ ਹੀ ਸੀ। ਵਕਤ ਦੇ ਬੀਤਣ ਨਾਲ ਇਹ ਕੇਵਲ ਰਸਮ ਮਾਤਰ ਹੀ ਰਹਿ ਗਈ ਹੈ। ਇਸ ਦੇ ਅਧਿਆਤਮਿਕ ਤੇ ਸੰਗੀਤਕ ਮਹੱਤਵ ਦੀ ਉਤਕ੍ਰਿਸ਼ਟਤਾ ਦਾ ਅੰਦਾਜ਼ਾ ਇਸ ਦੀ ਸਮੁੱਚੀ ਵਿਧੀ ਤੇ ਵਰਣਨ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਵੱਲਭ ਸੰਪ੍ਰਦਾਇ ਦੇ ਅਸ਼ਟਛਾਪ ਕਵੀਆਂ ਨੇ ਪ੍ਰਭੂ ਕੀਰਤੀ ਲਈ ਕੁਝ ਕੀਰਤਨ ਵਿਧੀਆਂ ਦਾ ਪ੍ਰਚਲਨ ਕੀਤਾ ਜਿਵੇਂ ਯਾਤਰਾ ਕੀਰਤਨ, ਅਸ਼ਟਯਾਮ ਕੀਰਤਨ, ਵਿਸ਼ੇਸ਼ ਕੀਰਤਨ ਤੇ ਭਜਨ ਕੀਰਤਨ। ਉਪਰੋਕਤ ਨਾਮ ਕੀਰਤਨ ਨਾਲ ਕਾਫੀ ਸਮਾਨਤਾ ਰੱਖਦਾ ਹੈ। ਇਸ ਵਿੱਚ ਕ੍ਰਿਸ਼ਨ ਜੀ ਦਾ ਨਾਮ ਅਤੇ ਕੀਰਤੀ ਗਾਇਨ ਕੀਤੀ ਜਾਂਦੀ ਸੀ। ਵਿਸ਼ੇਸ਼ ਕਰਕੇ ਕ੍ਰਿਸ਼ਨ ਜੀ ਸਬੰਧੀ ਹੋਰ ਪਦ ਤੇ ਭਜਨਾਂ ਆਦਿ ਨੂੰ ਵੀ ਯਾਤਰਾ ਸਮੇਂ ਗਾਉਣ ਦੀ ਪ੍ਰਥਾ ਹੈ। ਦੇਵੀ ਦੇਵਤਿਆਂ ਦੇ ਵਿਭਿੰਨ ਨਾਮਾਂ ਤੇ ਜੀਵਨ-ਚਰਿੱਤਰ ਸਬੰਧੀ ਗਾਥਾਵਾਂ ਨੂੰ

ਗਾਉਣ ਦੀ ਪ੍ਰਥਾ ਵੀ ਇਸ ਕੀਰਤਨ ਪਰੰਪਰਾ ਵਿੱਚ ਸ਼ਾਮਲ ਹੈ । ਕੀਰਤਨ ਦੀ ਮਸਤੀ ਵਿੱਚ ਨ੍ਰਿਤ ਕਰਨਾ ਇਸ ਕੀਰਤਨ ਪਰੰਪਰਾ ਦੀ ਇੱਕ ਅਵਸਥਾ ਹੈ । ਇਹ ਗੰਭੀਰ ਕਿਸਮ ਦੇ ਸ਼ਰਧਾਪੂਰਨ ਵਾਤਾਵਰਣ ਵਿੱਚ ਕੀਤੇ ਕੀਰਤਨ ਨਾਲੋਂ ਕਾਫੀ ਭਿੰਨ ਤੇ ਵਖਰੀ ਕਿਸਮ ਦੀ ਕੀਰਤਨ ਵਿਧੀ ਹੈ ਜਿਹੜੀ ਸਮੂਹ ਲੋਕਾਂ ਨੂੰ ਕੀਰਤਨ ਦੁਆਰਾ ਇੱਕ ਲੜੀ 'ਚ ਪਰੋਂਦੀ ਹੈ । ਇਸ ਵਿਧੀ ਦੁਆਰਾ ਕਿਸੇ ਪਰਮ ਅਵਸਥਾ ਦੀ ਪ੍ਰਾਪਤੀ ਤਾਂ ਅਸੰਭਵ ਜਾਪਦੀ ਹੈ ਪ੍ਰੰਤੂ ਪ੍ਰਭੂ ਪ੍ਰੇਮ ਦਾ ਪ੍ਰਚਾਰ ਤੇ ਪ੍ਰਦਰਸ਼ਨ ਦੇ ਮੰਤਵ ਵਿੱਚ ਇਹ ਵਿਧੀ ਕਾਫੀ ਸਫਲ ਹੈ ।

ਅਸ਼ਟਯਾਮ ਕੀਰਤਨ ਵੱਲਭ ਸੰਪ੍ਰਦਾਇ ਦੇ ਸੰਤ ਕਵੀਆਂ ਦੁਆਰਾ ਦਿਨ ਦੇ ਅੱਠ ਪਹਿਰਾਂ ਅਧੀਨ ਕ੍ਰਿਸ਼ਨ-ਭਗਤੀ ਕੀਰਤਨ ਦੀ ਨਿਯਮਤ ਤੇ ਨਿਰਧਾਰਿਤ ਪਰੰਪਰਾ ਹੈ । ਇਸ ਦਾ ਆਰੰਭ ਵੱਲਭ ਆਚਾਰੀਆ ਨੇ ਕੀਤਾ । ਅੱਠ ਪਹਿਰਾਂ ਵਿੱਚ ਸੇਵਾ ਦੇ ਭਾਵ ਨਾਲ ਇਹ ਕੀਰਤਨ ਵਿਧੀ ਪ੍ਰਚਾਰ ਵਿੱਚ ਆਈ । ਮੰਗਲ, ਸ਼ਿੰਗਾਰ, ਗਵਾਲ, ਰਾਜ ਭੋਗ, ਉਥਾਪਨ ਭੋਗ, ਸੰਧਾਤੀ ਤੇ ਸ਼ਯਨ ਵਰਗੀਆਂ ਕ੍ਰਿਸ਼ਨ ਜੀ ਦੀਆਂ ਨਿਤਾਪ੍ਰਤੀ ਦੀਆਂ ਕਿਰਿਆਵਾਂ ਨਾਲ ਭਰਪੂਰ ਭਗਤੀ ਗੀਤਾਂ ਦਾ ਗਾਇਨ ਹੀ 'ਅਸ਼ਟਯਾਮ ਕੀਰਤਨ' ਅਖਵਾਉਂਦਾ ਹੈ ।

ਕੀਰਤਨ ਦੀ ਇਹ ਪ੍ਰਣਾਲੀ ਵੀ ਵੱਲਭ ਸੰਪ੍ਰਦਾਇ ਦੁਆਰਾ ਹੋਂਦ ਵਿੱਚ ਆਈ । ਵਿਸ਼ਯ ਕੀਰਤਨ ਅਧੀਨ ਕਿਸੇ ਵਿਸ਼ਿਸ਼ਟ ਮੰਤਵ ਜਾਂ ਵਿਸ਼ੇ ਨੂੰ ਕੇਂਦਰ ਮੰਨ ਕੇ ਉਸ ਨਾਲ ਸਬੰਧਿਤ ਭਗਤੀ ਗੀਤਾਂ ਦਾ ਕੀਰਤਨ ਕੀਤਾ ਜਾਂਦਾ ਹੈ । ਜੀਵਨ ਦੇ ਵਿਭਿੰਨ ਪਹਿਲੂਆਂ ਨਾਲ ਸਬੰਧਿਤ ਰਸਮਾਂ, ਰੀਤਾਂ ਤੇ ਤਿਉਹਾਰਾਂ ਸਮੇਂ ਕੀਰਤਨ ਦੀ ਇਸ ਵਿਸ਼ਯ ਕੀਰਤਨ ਪਰੰਪਰਾ ਦਾ ਵਿਸ਼ੇਸ਼ ਮਹੱਤਵ ਹੈ ।

'ਭਗਤੀ' ਅਤੇ 'ਭਜਨ' ਦੋਵੇਂ 'ਭਜ੍' ਧਾਤੂ ਤੋਂ ਉਪਜਦੇ ਹਨ । ਭਜਨ ਨੂੰ ਈਸ਼ਵਰ ਦੀ ਗੁਣ ਗਾਥਾਂ ਅਤੇ ਗੁਣ ਕੀਰਤਨ ਦਾ ਗੀਤ ਕਿਹਾ ਜਾਂਦਾ ਹੈ ਜਾਂ ਉਹ ਗੀਤ ਜਿਨ੍ਹਾਂ ਦੀ ਸਹਾਇਤਾ ਨਾਲ ਈਸ਼ਵਰ ਭਜਨ ਕੀਤਾ ਜਾਂਦਾ ਹੈ[1] । ਭਜਨ ਪੱਧਤੀ ਵਿੱਚ ਹਿੰਦੂ ਧਰਮ ਦੀਆਂ ਰੀਤਾਂ ਅਨੁਸਾਰ ਇੱਕ ਕ੍ਰਮਬੱਧ ਵਿਧੀ ਦੁਆਰਾ ਦੇਵੀ-ਦੇਵਤਿਆਂ ਦਾ ਗੁਣ ਕੀਰਤਨ ਕੀਤਾ ਜਾਂਦਾ ਹੈ । ਇਹ ਸਮੂਹਿਕ ਅਤੇ ਵਿਅਕਤੀਗਤ ਰੂਪ ਵਿੱਚ ਕੀਤਾ ਜਾਂਦਾ ਹੈ[2] । ਵੱਲਭ ਸੰਪ੍ਰਦਾਇ ਦੇ ਅਸ਼ਟਯਾਮ ਕਵੀਆਂ ਵਿੱਚ ਕੀਰਤਨ ਦੀ ਇਸ ਪ੍ਰਣਾਲੀ ਨੂੰ ਵੀ ਮਾਨਤਾ ਦਿੱਤੀ ਗਈ ਹੈ । ਇਹ ਕੀਰਤਨ ਕ੍ਰਿਸ਼ਨ ਜੀ ਦੀਆਂ ਲੀਲ੍ਹਾਵਾਂ ਅਤੇ ਜੀਵਨ ਚਰਿੱਤਰ ਸਬੰਧੀ ਹੋਰ ਭਗਤੀ ਗੀਤਾਂ ਉੱਪਰ ਅਧਾਰਿਤ ਹੈ ਜਿਨ੍ਹਾਂ ਨੂੰ ਵਿਸ਼ੇਸ਼ ਕ੍ਰਮ ਵਿੱਚ ਬੰਨ ਕੇ ਗਾਇਆ ਜਾਂਦਾ ਹੈ । ਵਰਤਮਾਨ ਸਮੇਂ ਪ੍ਰਚੱਲਿਤ ਭਜਨ ਕੀਰਤਨ ਵਿੱਚ ਤੁਲਸੀਦਾਸ, ਮੀਰਾਂਬਾਈ, ਸੂਰਦਾਸ ਆਦਿ ਦੇ ਪਦੇ ਵੀ ਕਾਫ਼ੀ ਪ੍ਰਸਿੱਧ ਹਨ ਜਿਨ੍ਹਾਂ ਦੇ ਸੁਤੰਤਰ ਰੂਪ ਵਿੱਚ ਉਪਰੋਕਤ ਕ੍ਰਮਿਕ ਤੇ ਰਸਮੀ ਬੰਧੇਜ ਤੋਂ ਮੁਕਤ ਰੂਪ ਵਿੱਚ ਗਾਉਣ ਦੀ ਪ੍ਰਥਾ ਚੱਲ ਪਈ ਹੈ ।

ਕ੍ਰਿਸ਼ਨ ਜੀ ਦੀਆਂ ਲੀਲ੍ਹਾਵਾਂ ਦੇ ਕੀਰਤਨ ਨੂੰ ਲੀਲ੍ਹਾ ਕੀਰਤਨ ਕਿਹਾ ਜਾਂਦਾ ਹੈ ਜਿਸ ਵਿੱਚ ਵੱਲਭ ਸੰਪ੍ਰਦਾਇ ਦੇ ਭਜਨ, ਅਸ਼ਟਯਾਮ ਕੀਰਤਨ ਤੇ ਭਜਨ ਕੀਰਤਨ ਦੀ ਝਲਕ ਹੈ । ਬੰਗਾਲ ਦੀ ਸੰਕੀਰਤਨ ਪਰੰਪਰਾ ਵਿੱਚ ਇਸ ਦਾ ਕਾਫ਼ੀ ਪ੍ਰਚਾਰ ਰਿਹਾ ਹੈ । ਵਰਤਮਾਨ ਸਮੇਂ ਵਿੱਚ ਵੀ ਇਸ ਕੀਰਤਨ ਪਰੰਪਰਾ ਦਾ ਪ੍ਰਚਲਨ ਦ੍ਰਿਸ਼ਟੀਗੋਚਰ ਹੁੰਦਾ ਹੈ[3] ।

---

1. ਚੌਧਰੀ ਵਿਮਲਾਕਾਂਤ ਰਾਏ : ਭਾਰਤੀਯ ਸੰਗੀਤ ਕੋਸ਼ , ਪੰਨਾ 83
2. LeoPold, Simon Robert : A Spiritual Aspects of Indian Music ; p.57.
3. Simon Purnima : An Approach to Study of Indian Music ; p.52.

ਭਗਤੀ ਸੰਗੀਤ ਸਬੰਧੀ ਉਪਰੋਕਤ ਚਰਚਾ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਮੱਧ ਕਾਲ ਦੇ ਭਗਤਾਂ ਨੇ ਆਪਣੇ ਅਧਿਆਤਮਿਕ ਅਨੁਭਵਾਂ, ਜ਼ਿੰਦਗੀ ਦੀ ਸਚਾਈ ਨੂੰ ਪ੍ਰਗਟਾਉਣ ਅਤੇ ਪ੍ਰਮਾਤਮਾ ਦੀ ਉਸਤਤ ਕਰਨ ਲਈ ਸਮਕਾਲੀਨ ਸੰਗੀਤ ਦੇ ਰੂਪਾਂ ਅਤੇ ਅੰਗਾਂ ਦਾ ਪ੍ਰਯੋਗ ਕੀਤਾ ਹੈ। ਇਸ ਸਾਰੀ ਪਰੰਪਰਾ ਨੂੰ 'ਭਗਤੀ ਸੰਗੀਤ' ਦਾ ਨਾਮ ਦਿੱਤਾ ਜਾਂਦਾ ਹੈ। ਇਹ ਕੇਵਲ ਮੱਧ ਕਾਲ ਦੀ ਭਗਤੀ ਲਹਿਰ ਦੇ ਭਗਤ ਕਵੀਆਂ ਦੁਆਰਾ ਸਿਰਜੀ ਗਈ ਪਰੰਪਰਾ ਨਹੀਂ ਸਗੋਂ ਇਸ ਦਾ ਅਧਾਰ ਸਦੀਆਂ ਪੁਰਾਣੀ ਭਾਰਤੀ ਸੰਸਕ੍ਰਿਤੀ ਅਧੀਨ ਪ੍ਰਚੱਲਿਤ ਮਾਰਗੀ ਸੰਗੀਤ (ਆਰਾਧਨਾ ਸੰਗੀਤ) ਹੈ। ਇਹ ਭਗਤੀ ਸੰਗੀਤ ਭਾਰਤੀ ਸੰਗੀਤ ਦੀਆਂ ਸ਼ਾਸਤਰੀ ਤੇ ਲੋਕ ਪਰੰਪਰਾਵਾਂ ਦੀ ਤਰ੍ਹਾਂ ਵੱਖਰੀ ਸੰਗੀਤ ਧਾਰਾ ਹੈ ਜਿਸ ਕੋਲ ਆਪਣਾ ਵਿਵਹਾਰਿਕ ਸਰੂਪ ਹੈ। ਭਾਰਤੀ ਸੰਗੀਤ ਦੇ ਮੁੱਢਲੇ ਦੌਰ ਦੇ ਸੰਗੀਤ ਸਰੂਪ ਦੇ ਅਧੀਨ ਪ੍ਰਯੋਗ ਵਿੱਚ ਆਉਣ ਵਾਲੇ ਕਾਵਿਕ ਛੰਤ, ਧਰੁਵ, ਗੀਤ, ਆਰੀਆ ਗੀਤ, ਪ੍ਰਬੰਧ, ਵਸਤੂ, ਰੂਪਕ, ਅਸ਼ਟਪਦੀਆਂ, ਮੰਚ, ਪੁਸ਼ਪਾਂਜਲੀਆਂ, ਦੇਵਤਾ-ਸਤੋਤਰ, ਆਰਤੀ, ਮੰਗਲਾਚਾਰ ਕਾਵਿ ਆਦਿ ਦੀ ਤਰਤੀਬ-ਬੱਧ ਪ੍ਰਣਾਲੀ ਨੇ ਹੀ ਸ਼ਾਸਤਰੀ ਸੰਗੀਤ ਨੂੰ ਅਧਾਰ ਪ੍ਰਦਾਨ ਕੀਤਾ ਹੈ। ਵੱਖ-ਵੱਖ ਕਾਲਾਂ ਵਿੱਚ ਭਗਤੀ ਲਈ ਪ੍ਰਯੋਗ ਹੋਣ ਵਾਲੇ ਸੰਗੀਤ ਅਧੀਨ ਸਾਮਗਾਨ, ਸਤੋਤਰ ਗਾਨ, ਜਾਤੀ ਗਾਇਨ, ਪ੍ਰਬੰਧ ਗਾਇਨ ਅਤੇ ਧਰੁਪਦ ਗਾਇਨ ਆਦਿ ਤੋਂ ਬਿਨ੍ਹਾਂ ਵੀ ਪ੍ਰਭੂ ਕੀਰਤਨ ਦੀਆਂ ਹੋਰ ਵੱਖਰੀਆਂ-ਵੱਖਰੀਆਂ ਸ਼ੈਲੀਆਂ ਨੂੰ ਵੱਖੋ-ਵੱਖ ਧਰਮਾਂ ਦੇ ਪਹਿਰੂਆਂ ਨੇ ਆਪਣੇ-ਆਪਣੇ ਵਿਸ਼ਵਾਸ਼ਾਂ ਤੇ ਮਨੋਭਾਵਾਂ ਦੇ ਅਨੁਸਾਰ ਵਰਤੋਂ ਵਿੱਚ ਲਿਆਂਦਾ ਹੈ। ਇਹ ਸ਼ੈਲੀਆਂ ਸੁਤੰਤਰ, ਮੌਲਿਕ ਅਤੇ ਨਿਰਧਾਰਿਤ ਸੰਗੀਤਕ ਸੰਰਚਨਾ ਦੀਆਂ ਧਾਰਣੀ ਹਨ। ਵੱਖ-ਵੱਖ ਧਰਮਾਂ ਦੇ

ਵਿਵਹਾਰਿਕ ਸੰਗੀਤ ਨੂੰ ਵਾਚੀਏ ਤਾਂ ਇਨ੍ਹਾਂ ਦੀ ਵੱਖਰੀ ਪਹਿਚਾਣ ਅਤੇ ਮੌਲਿਕਤਾ ਉਘੜ ਕੇ ਸਾਹਮਣੇ ਆਉਂਦੀ ਹੈ । ਪ੍ਰਾਚੀਨ ਕਾਲ ਵਿੱਚ ਧਾਰਮਿਕ ਸੰਗੀਤ ਜਾਤੀ ਭੇਦ-ਭਾਵ ਕਾਰਨ ਕੇਵਲ ਇੱਕ ਖ਼ਾਸ ਸ਼੍ਰੇਣੀ ਤੱਕ ਹੀ ਸੀਮਤ ਰਿਹਾ । ਇਸ ਧਾਰਮਿਕ ਕੱਟੜਪਣ ਦੇ ਪ੍ਰਤੀਕਰਮ ਵਜੋਂ ਹਿੰਦੂ ਧਰਮ ਦੇ ਵੱਖ-ਵੱਖ ਮੱਤਾ ਦੇ ਸੰਤ, ਭਗਤ, ਕਵੀਆਂ ਤੋਂ ਇਲਾਵਾ ਮੁਸਲਿਮ ਧਰਮ ਦੇ ਸੂਫੀ ਫਕੀਰਾਂ ਨੇ ਸੰਗੀਤ ਦੀ ਸੁਤੰਤਰ ਤੇ ਸਾਂਝੀ ਵਰਤੋਂ ਦੁਆਰਾ ਭਗਤੀ ਦੇ ਆਰਾਧਨਾਂ ਦੀ ਲਹਿਰ ਚਲਾਈ । ਇਹ ਪ੍ਰਣਾਲੀ ਆਪਣੀਆਂ ਵਿਲੱਖਣ ਤੇ ਮੌਲਿਕ ਸੰਭਾਵਨਾਵਾਂ ਹੋਣ ਦੇ ਬਾਵਜੂਦ ਵੀ ਇੱਕ ਸਥਾਪਿਤ, ਪ੍ਰਮਾਣਿਕ ਤੇ ਨਿਰਧਾਰਿਤ ਸਰੂਪ ਦੀ ਧਾਰਣੀ ਨਾ ਬਣ ਸਕੀ । ਅਜਿਹਾ ਨਾ ਹੋਣ ਦੇ ਕੁਝ ਮਹੱਤਵਪੂਰਨ ਕਾਰਨ ਹਨ ।

ਪਹਿਲੀ ਗੱਲ ਇਹ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਭਗਤੀ ਲਈ ਸੰਗੀਤ ਨੂੰ ਵਰਤੋਂ ਵਿੱਚ ਲਿਆਉਂਦੇ ਹੋਏ ਵੀ ਇਸ ਦੇ ਸਰੂਪ ਦੇ ਨਿਰਧਾਰਣ ਜਾਂ ਪ੍ਰਮਾਣਿਕ ਵਿਧਾਨ ਦੀ ਸਿਰਜਨਾ ਲਈ ਸੰਤ ਜਾਂ ਭਗਤ ਕਵੀ ਸੁਚੇਤ ਤੌਰ ਤੇ ਯਤਨਸ਼ੀਲ ਨਹੀਂ ਜਾਪਦੇ । ਪ੍ਰਚੱਲਿਤ ਵਿਧਾਨ ਦੁਆਰਾ ਸੰਗੀਤ ਦੀ ਵਰਤੋਂ ਕੇਵਲ ਵਿਅਕਤੀਗਤ ਯਤਨਾਂ ਤੱਕ ਹੀ ਸੀਮਤ ਹੈ ਜਿਸ ਦੇ ਫਲਸਰੂਪ ਨਿਰਧਾਰਿਤ ਜਾਂ ਪ੍ਰਮਾਣਿਕ ਵਿਧਾਨ ਦੀ ਸਥਾਪਤੀ ਸੰਸਥਾਗਤ ਪੱਧਰ 'ਤੇ ਸੰਭਵ ਨਹੀਂ ਹੋ ਸਕੀ ।

ਦੂਸਰਾ ਕਾਰਨ ਸੰਗੀਤ ਦੀ ਵਰਤੋਂ ਵਿੱਚ ਅਨਿਸ਼ਚਿਤ ਸੁਤੰਤਰਤਾ ਵੀ ਹੈ । ਭਗਤੀ ਪਰੰਪਰਾ ਅਧੀਨ ਸ਼ਾਸਤਰੀ ਸੰਗੀਤ ਤੇ ਲੋਕ ਸੰਗੀਤ ਦੇ ਸਰੂਪਾਂ ਦੀ ਪੂਰਨ ਸੂਝ ਦੀ ਘਾਟ ਸਦਕਾ ਇਹਨਾਂ ਦੇ ਨਿਯਮਬੱਧ ਅਤੇ ਸੰਤੁਲਿਤ ਸੁਮੇਲ ਦੁਆਰਾ ਨਿਸ਼ਚਿਤ ਅਤੇ ਨਿਰਧਾਰਿਤ ਪ੍ਰਣਾਲੀ

ਦਾ ਵਿਵਹਾਰਿਕ ਤੌਰ ਤੇ ਸੁਚੇਤ ਰੂਪ ਵਿੱਚ ਸੰਸਥਾਗਤ ਕ੍ਰਮ ਵੀ ਸੰਭਵ ਨਹੀਂ ਹੋ ਸਕਿਆ । ਕੁਝ ਨਿੱਜੀ, ਭਿੰਨ-ਭਿੰਨ ਤੇ ਖਿਖਰੇ ਯਤਨ ਉਪਰੋਕਤ ਆਸ਼ੇ ਦੀ ਪੂਰਤੀ ਲਈ ਇਸ ਪਰੰਪਰਾ ਵਿਚਲੇ ਅੰਤਰਾਲ ਨੂੰ ਪੂਰਾ ਨਹੀਂ ਕਰ ਸਕਦੇ ।

ਇਹ ਲਹਿਰ ਦੀ ਮੌਲਿਕ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਸਮਝਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸੰਗੀਤ ਦੇ ਲੋਕ ਅਤੇ ਸ਼ਾਸਤਰੀ ਸਰੂਪਾਂ ਦਾ ਬਾਰੀਕ ਸੂਝ ਦੁਆਰਾ ਸੁਚੱਜੇ ਢੰਗ ਨਾਲ ਸੁਮੇਲ ਕਰਕੇ ਨਿਸ਼ਚਿਤ ਤੇ ਨਿਰਧਾਰਿਤ ਪ੍ਰਣਾਲੀ ਦਾ ਵਿਵਹਾਰਿਕ ਤੌਰ ਤੇ ਸੰਸਥਾਗਤ ਕਾਰਜ ਕੀਤਾ । ਇਸ ਤਰ੍ਹਾਂ ਅਧਿਆਤਮਿਕ ਸੰਗੀਤ ਦਾ ਇੱਕ ਪ੍ਰਮਾਣਿਕ ਸਰੂਪ ਹੋਂਦ ਵਿੱਚ ਆਇਆ ਜਿਸ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ ।

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਮੱਧ ਕਾਲ ਦੀ ਭਗਤੀ ਸੰਗੀਤ ਧਾਰਾ ਦੇ ਅਧਿਐਨ ਤੋਂ ਇਸ ਦੇ ਵਿਸ਼ਿਸ਼ਟ ਤੇ ਸੁਤੰਤਰ ਸਰੂਪ ਦਾ ਆਭਾਸ ਹੁੰਦਾ ਹੈ । ਜਿਸ ਨੇ ਭਾਰਤੀ ਸੰਗੀਤ ਨੂੰ ਦੇਸੀ ਸੰਗੀਤ ਜਾਂ ਲੋਕ ਸੰਗੀਤ ਦੀ ਤਰ੍ਹਾਂ ਹੀ ਇੱਕ ਵਿਸ਼ਾਲ ਸੰਗੀਤ ਖਜ਼ਾਨਾ ਪ੍ਰਦਾਨ ਕੀਤਾ ।

# ਅਧਿਆਇ ਤੀਜਾ

## ਭਾਰਤੀ ਸੰਗੀਤ ਦੇ ਇਤਿਹਾਸਕ ਵਿਕਾਸ ਵਿੱਚ ਗੁਰਮਤਿ ਸੰਗੀਤ ਦਾ ਸਥਾਨ

## ਭਾਰਤੀ ਸੰਗੀਤ ਦਾ ਜਨਮ ਅਤੇ ਵਿਕਾਸ :

ਸੰਗੀਤ ਦੇ ਜਨਮ ਦੇ ਸੰਬੰਧ ਵਿੱਚ ਵਿਦਵਾਨਾਂ ਦੇ ਜੋ ਵੱਖ-ਵੱਖ ਵਿਚਾਰ ਹੁਣ ਤੱਕ ਪ੍ਰਾਪਤ ਹੋਏ ਹਨ ਉਹ ਜਿਆਦਾ ਕਰਕੇ ਧਾਰਮਿਕ ਹਨ ਜਾਂ ਦੰਦ ਕਥਾਵਾਂ ਤੇ ਆਧਾਰਿਤ ਹਨ । ਉਹ ਇਤਿਹਾਸਕ ਕਸੌਟੀ ਤੇ ਖਰੇ ਨਹੀਂ ਉਤਰਦੇ । ਯਥਾਰਥ ਤਾਂ ਇਹ ਹੈ ਕਿ ਸੰਗੀਤ ਦੇ ਜਨਮ ਦੇ ਸੰਬੰਧ ਵਿੱਚ ਕੋਈ ਵੀ ਐਸਾ ਇਤਿਹਾਸਿਕ ਤੱਤ ਉਪਲਬਧ ਨਹੀਂ ਹੋਇਆ ਜਿਸ ਨੂੰ ਪ੍ਰਮਾਣਿਕ ਮੰਨਿਆ ਜਾ ਸਕੇ ਕਿਉਂ ਕਿ ਉਪਲਬਧ ਵਿਚਾਰਾਂ ਵਿੱਚ ਕਲਪਨਾ ਦਾ ਆਧਾਰ ਜ਼ਿਆਦਾ ਮਿਲਦਾ ਹੈ ਅਤੇ ਇਤਿਹਾਸਿਕ ਤੱਥਾਂ ਦੀ ਅਣਹੋਂਦ ਕਾਰਨ ਸਾਨੂੰ ਉਪਲਬਧ ਤੱਥਾਂ ਦਾ ਸਹਾਰਾ ਲੈਣਾ ਪੈਂਦਾ ਹੈ । ਵੱਖ-ਵੱਖ ਗ੍ਰੰਥਾਂ ਦੇ ਮੱਤ ਇੱਕ ਦੂਜੇ ਨਾਲ ਸਮਾਨਤਾ ਵੀ ਨਹੀਂ ਰੱਖਦੇ ਕਿਉਂਕਿ ਹਰੇਕ ਦੇਸ਼ ਦੇ ਲੋਕਾਂ ਨੇ ਆਪਣੀਆਂ ਪਰਸਥਿਤੀਆਂ ਅਨੁਸਾਰ ਜਾਂ ਆਪਣੇ ਧਾਰਮਿਕ ਵਿਸ਼ਵਾਸਾਂ ਦੇ ਅਨੁਸਾਰ ਸੰਗੀਤ ਬਾਰੇ ਲਿਖਿਆ ਹੈ ।

ਇਤਿਹਾਸਿਕ ਤੱਥਾਂ ਦੀ ਖੋਜ ਕਰਨ ਦੀ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ । ਜਿਵੇਂ ਹਿੰਦੂ ਧਰਮ ਵਿੱਚ ਬ੍ਰਹਮ, ਵਿਸ਼ਨੂੰ ਜਾਂ ਸ਼ਿਵ ਆਦਿ ਤੋਂ ਸੰਗੀਤਕ ਵਿਕਾਸ ਦੀ ਗੱਲ ਤੁਰਦੀ ਹੈ । ਮੁਸਲਿਮ ਧਰਮ ਵਿੱਚ ਵੀ ਨਿਰੋਲ ਧਾਰਮਿਕ ਆਧਾਰ ਤੇ ਹੀ ਗੱਲ ਕੀਤੀ ਗਈ ਹੈ । ਈਸਾਈ ਧਰਮ ਵਾਲੇ ਈਸਾ ਮਸੀਹ ਤੋਂ ਸੰਗੀਤ ਦੀ ਗੱਲ ਤੋਰਦੇ ਹਨ ਜਦੋਂ ਕਿ ਸੰਗੀਤ ਦੇ ਪ੍ਰਸਿੱਧ ਇਤਿਹਾਸਕਾਰ ਉਮੇਸ਼ ਜੋਸ਼ੀ ਨੇ ਈਸਾ ਮਸੀਹ ਤੋਂ ਨੌਂ ਦਸ ਹਜ਼ਾਰ ਸਾਲ ਪਹਿਲਾਂ ਸੰਗੀਤ ਦਾ ਜਨਮ ਸਵੀਕਾਰ ਕੀਤਾ ਹੈ ।[1]

1. ਉਮੇਸ਼ ਜੋਸ਼ੀ : ਭਾਰਤੀਯ ਸੰਗੀਤ ਕਾ ਇਤਿਹਾਸ; ਆਗਰਾ, 1959, ਪੰਨਾ 19.

ਵਿਸ਼ਵ ਦੇ ਕਈ ਹੋਰ ਵਿਦਵਾਨਾਂ ਦਾ ਮੱਤ ਹੈ ਕਿ ਸੰਗੀਤ ਦਾ ਜਨਮ ਮਨੋ-ਵਿਗਿਆਨਕ ਰੂਪ ਵਿੱਚ ਹੋਇਆ ਜਿਵੇਂ ਪੱਛਮੀ ਵਿਦਵਾਨ ਫਰਾਇਡ ਦੇ ਮੱਤ ਅਨੁਸਾਰ ਸੰਗੀਤ ਦੀ ਉਤਪੱਤੀ ਇੱਕ ਸਮਾਨ ਮਨੋਵਿਗਿਆਨਕ ਆਧਾਰ ਤੇ ਹੋਈ ਜਿਵੇਂ ਛੋਟਾ ਬੱਚਾ ਹੌਲੀ-ਹੌਲੀ ਰੋਣਾ, ਹੱਸਣਾ, ਚੀਖਣਾ, ਬੈਠਣਾ, ਉੱਠਣਾ ਅਤੇ ਤੁਰਨਾ ਆਦਿ ਕਿਰਿਆਵਾਂ ਮਨੋਵਿਗਿਆਨਿਕ ਰੂਪ ਵਿੱਚ ਆਪਣੀ ਜ਼ਰੂਰਤ ਅਨੁਸਾਰ ਸਿੱਖ ਜਾਂਦਾ ਹੈ ਉਸੇ ਤਰ੍ਹਾਂ ਹੀ ਸੰਗੀਤ ਦਾ ਵਿਕਾਸ ਮਨੁੱਖੀ ਸਮਾਜ ਵਿੱਚ ਮਨੋਵਿਗਿਆਨਿਕ ਆਧਾਰ ਤੇ ਆਪਣੇ ਆਪ ਹੋਇਆ। ਜੇਮਸ ਲੋਗਸ ਦੇ ਅਨੁਯਾਈਆਂ ਦਾ ਵੀ ਇਹੋ ਹੀ ਕਹਿਣਾ ਹੈ ਕਿ ਪਹਿਲਾਂ ਮਨੁੱਖ ਨੇ ਬੋਲਣਾ ਸਿਖਿਆ ਫਿਰ ਚਲਣਾ ਫਿਰਨਾ ਅਤੇ ਹੌਲੀ-ਹੌਲੀ ਕਿਰਿਆਸ਼ੀਲ ਹੋ ਕੇ ਉਸ ਨੂੰ ਭਿੰਨ-ਭਿੰਨ ਆਵਾਜ਼ਾਂ ਦਾ ਬੋਧ ਹੋਇਆ ਅਤੇ ਉਸ ਦੇ ਅੰਦਰ ਸੰਗੀਤ ਆਪਣੇ ਆਪ ਉਤਪੰਨ ਹੋਇਆ।[1]

ਇਸ ਪ੍ਰਕਾਰ ਅਨੇਕਾਂ ਮੱਤਾਂ ਦੀ ਹੋਂਦ ਵਿੱਚ, ਕਿਸੇ ਵੀ ਮੱਤ ਦੇ ਪ੍ਰਤੱਖ ਪ੍ਰਮਾਣ ਦੀ ਅਣਹੋਂਦ ਵਿੱਚ, ਇਹ ਨਿਰਣਾ ਕਰਨਾ ਕਠਿਨ ਹੈ ਕਿ ਕਿਹੜਾ ਮੱਤ ਠੀਕ ਹੈ ਤੇ ਕਿਹੜਾ ਗਲਤ। ਪ੍ਰੰਤੂ ਆਧੁਨਿਕ ਯੁੱਗ ਦਾ ਗਿਆਨ ਵਿਗਿਆਨ ਅਤੇ ਮਨੋਵਿਗਿਆਨਿਕ ਵਿਚਾਰਧਾਰਾ ਨਾਲ ਸਹਿਮਤ ਹੁੰਦੇ ਹੋਏ ਅਸੀਂ ਸੰਗੀਤ ਦੀ ਕਹਾਣੀ ਨੂੰ ਅੱਗੇ ਤੋਰਦੇ ਹਾਂ।

ਭਾਰਤੀ ਸੰਗੀਤ ਦੇ ਇਤਿਹਾਸ ਵਿੱਚ ਆਦਿ ਕਾਲ ਦੇ ਅੰਤਰਗਤ ਸਿੰਧੂ ਘਾਟੀ ਦੀ ਸਭਿਅਤਾ ਦਾ ਮਹੱਤਵ ਪੂਰਨ ਸਥਾਨ ਹੈ ਕਿਉਂਕਿ ਸਿੰਧੂ ਘਾਟੀ ਦੀ ਸਭਿਅਤਾ ਨੇ ਹੀ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਵਿਦਿਆ, ਕਲਾ ਅਤੇ ਸੰਗੀਤ ਦੀ ਜੋਤੀ ਨੂੰ ਪ੍ਰਕਾਸ਼ਮਾਨ

---

1. ਲਕਸ਼ਮੀ ਨਰਾਇਣ ਗਰਗ : <u>ਸੰਗੀਤ ਵਿਸ਼ਾਰਦ</u>; ਹਾਥਰਸ, 1988, ਪੰਨਾ 16.

ਕੀਤਾ ਇਸ ਲਈ ਭਾਰਤੀ ਸੰਗੀਤ ਦੇ ਇਤਿਹਾਸਿਕ ਵਿਕਾਸ ਵਿੱਚ ਸਿੰਧੂ ਘਾਟੀ ਦੀ ਸਭਿਅਤਾ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਬਣਦਾ ਹੈ ।

(1) ਸਿੰਧੂ ਘਾਟੀ ਦੀ ਸਭਿਅਤਾ ਅਤੇ ਸੰਗੀਤ :

ਮਹਿੰਜੋਦੜੋ ਅਤੇ ਹੜੱਪਾ ਜੋ ਕਿ ਅੱਜ-ਕੱਲ ਪਾਕਿਸਤਾਨ ਵਿੱਚ ਹੈ, ਦੀ ਖੁਦਾਈ (ਸੰਨ 1922-23) ਤੋਂ ਭਾਰਤੀ ਇਤਿਹਾਸ ਦਾ ਆਰੰਭ ਆਰੀਆ ਦੇ ਆਉਣ ਤੋਂ ਪਹਿਲਾਂ ਹੁੰਦਾ ਹੈ । ਇਹ ਸਭਿਅਤਾ ਸਭ ਤੋਂ ਪੁਰਾਣੀ ਸਭਿਅਤਾ ਨਹੀਂ ਹੈ ਫਿਰ ਵੀ ਇਸ ਦੇ ਵਿਕਾਸ ਦਾ ਸਮਾਂ ਲੱਗਭਗ 2500 ਸਾਲ ਪਹਿਲੇ ਮੰਨਿਆ ਜਾਂਦਾ ਹੈ । ਇਸ ਘਾਟੀ ਦੀ ਖੁਦਾਈ ਦੇ ਦੌਰਾਨ ਰੋਪੜ (ਪੰਜਾਬ), ਕਾਲੀ ਬੰਗਾਮ (ਰਾਜਸਥਾਨ), ਲੋਥਲ ਅਤੇ ਸਰਕੋਟਦਾ (ਗੁਜਰਾਤ) ਸ਼ਹਿਰਾਂ ਦੀ ਖੁਦਾਈ ਦੌਰਾਨ ਵੀ ਇਸ ਸਭਿਅਤਾ ਦੇ ਇਤਿਹਾਸ ਬਾਰੇ ਪਤਾ ਲੱਗਦਾ ਹੈ ਕਿ ਉਸ ਸਮੇਂ ਉਨ੍ਹਾਂ ਲੋਕਾਂ ਦੀ ਸਭਿਅਤਾ ਕਿੰਨੀ ਉਚੀ ਸੀ । ਇਸ ਖੁਦਾਈ ਤੋਂ ਇਹ ਵੀ ਪ੍ਰਮਾਣਿਤ ਹੁੰਦਾ ਹੈ ਕਿ ਸਿੰਧ ਘਾਟੀ ਵਿੱਚ ਜੋ ਲੋਕ ਰਹਿੰਦੇ ਸਨ ਉਹਨਾਂ ਦੀ ਸਭਿਅਤਾ ਬਹੁਤ ਉੱਚ ਕੋਟੀ ਦੀ ਸੀ । ਇਸ ਸਭਿਅਤਾ ਦੀ ਖੁਦਾਈ ਉਪਰੰਤ ਜੋ ਬਹੁਤ ਸਾਰੀਆਂ ਮੂਰਤੀਆਂ ਮਿਲੀਆਂ ਹਨ ਉਹਨਾਂ ਤੋਂ ਸਪਸ਼ਟ ਹੈ ਕਿ ਇਹ ਧਾਰਮਿਕ ਸਾਧਨਾਂ ਲਈ ਮੂਰਤੀ-ਪੂਜਾ, ਬ੍ਰਿਛ ਦੀ ਪੂਜਾ ਕਰਦੇ ਸਨ ।

ਪੁਰਾਸਾਰੀ ਲੱਭਤਾਂ ਹੜੱਪਾ ਸਭਿਅਤਾ ਲੋਕਾਂ ਦੇ ਧਾਰਮਿਕ ਨਿਸ਼ਚਿਆਂ ਬਾਰੇ ਕੁੱਝ ਵਿਚਾਰ ਬਣਾਉਣ ਯੋਗ ਬਣਾਉਂਦੀਆਂ ਹਨ । ਕਿਲ੍ਹੇ ਅਤੇ ਰਿਹਾਇਸ਼ੀ ਇਲਾਕੇ ਵਿੱਚ, ਦੋਵੇਂ ਥਾਵਾਂ 'ਤੇ ਅਜਿਹੀਆਂ ਉਸਾਰੀਆਂ ਲੱਭੀਆਂ ਹਨ ਜਿਨ੍ਹਾਂ ਸੰਬੰਧੀ ਆਲਮਾਂ ਕੋਲ ਇਹ

ਕਹਿਣ ਲਈ ਔਖਾ ਕਾਰਨ ਹੈ ਕਿ ਉਹ ਮੰਦਰ ਹਨ । ਇਹ ਗੱਲ ਸਾਫ਼ ਹੈ ਕਿ ਇਹਨਾਂ ਮੰਦਰਾਂ ਅਤੇ ਰਸਮੀ ਤੌਰ ਤੇ ਨ੍ਹਾਉਣ ਵਾਲੇ ਹੌਜ਼ਾਂ ਵਿਚਕਾਰ ਅਤੇ ਮਹਿੰਜੋਦੜੋ ਅਤੇ ਹੜੱਪਾ ਵਿਖੇ ਲੱਭੀਆਂ ਪੱਥਰਾਂ ਦੀਆਂ ਮੂਰਤੀਆਂ ਵਿਚਕਾਰ ਸੰਬੰਧ ਹਨ । ਅਨੇਕਾਂ ਵਿਦਵਾਨਾਂ ਦੀ ਰਾਇ ਵਿੱਚ ਮੰਦਰ ਅਤੇ ਪੱਥਰ ਦੀਆਂ ਕੁੱਝ ਮੂਰਤੀਆਂ ਇੱਕ ਨਰ ਦੇਵ ਨੂੰ ਸਮਰਪਿਤ ਸਨ, ਜਿਸ ਦਾ ਆਦਿ ਸ਼ਿਵ ਨਾਲ ਮੁਕਾਬਲਾ ਕੀਤਾ ਗਿਆ ਹੈ ।[1] . ਮਿਲੀਆਂ ਮੁਹਰਾਂ ਵਿੱਚੋਂ ਇੱਕ ਉਤੇ ਤਿਨ-ਮਹਾਂਦੇਵ ਯੋਗ ਦੇ ਸਪਸ਼ਟ ਤੌਰ ਅਨੁਸਾਰ ਇੱਕ ਨੀਵੇਂ ਥੜ੍ਹੇ 'ਤੇ ਬੈਠਾ ਵਿਖਾਇਆ ਗਿਆ ਹੈ, ਜਿਸ ਦੇ ਨਾਲ ਬਾਰਾਂਸਿੰਗਿਆਂ ਦੀਆਂ ਨਿੱਕੀਆਂ ਮੂਰਤੀਆਂ ਬਣੀਆਂ ਹੋਈਆਂ ਹਨ । ਦੇਵ ਦੇ ਵਾਲ ਇਸ ਤਰ੍ਹਾਂ ਸਵਾਰੇ ਹੋਏ ਹਨ ਕਿ ਉਹ ਜਟਾਵਾਂ ਬਣਦੇ ਜਾਪਦੇ ਹਨ । ਉਹਦੇ ਸੱਜੇ ਖੱਬੇ ਜੰਗਲੀ ਜਾਨਵਰ ਖੜੇ ਹਨ । ਜਦੋਂ ਸਰਜਾਨ ਮਾਰਸ਼ਲ ਖੁਦਾਈ ਦੀ ਨਿਗਰਾਨੀ ਕਰ ਰਿਹਾ ਸੀ । ਇੱਕ ਹੋਰ ਗੱਲ ਯਾਦ ਰੱਖਣ ਯੋਗ ਹੈ ਕਿ ਸ਼ੁਰੂ ਦੀਆਂ ਲਿਖਤਾਂ ਵਿੱਚ 'ਸ਼ਿਵ' ਨੂੰ ਯੋਗੀਆਂ ਦਾ ਮੁਖੀ ਕਿਹਾ ਗਿਆ ਹੈ ।[2]

ਇਸ ਤੋਂ ਇਲਾਵਾ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸੋਨੇ ਅਤੇ ਹੋਰ ਧਾਤੂ ਦੀਆਂ ਬਣੀਆਂ ਹੋਈਆਂ ਮਿਲੀਆਂ ਹਨ । ਈਸਾ ਤੋਂ 500 ਸਾਲ ਪਹਿਲੇ ਦੀ ਸ਼ਿਵ ਦੀ ਤਾਂਡਵ ਨ੍ਰਿਤ ਕਰਦੀ ਹੋਈ ਮੂਰਤੀ ਮਿਲੀ ਜਿਸ ਦਾ ਇੱਕ ਪੈਰ ਧਰਤੀ ਉਤੇ ਅਤੇ ਦੂਸਰਾ ਨਾਚ ਕਰਦੇ ਹੋਏ ਉਪੱਰ ਉਠਿਆ ਵਿਖਾਇਆ ਗਿਆ ਹੈ । ਨ੍ਰਿਤ ਕਲਾ ਦੇ ਵਿਦਵਾਨ ਇਸ ਨੂੰ

---

1. ਗ.ਬੋਨਗਾਰਦ-ਲੈਵਿਨ, ਗ.ਕੋਤੋਵਸਕੀ : <u>ਭਾਰਤ ਦਾ ਇਤਿਹਾਸ</u> ; ਪ੍ਰਗਤੀ ਪ੍ਰਕਾਸ਼ਨ, ਮਾਸਕੋ, ਪੰਨਾ 34-35.

2. R.C.Majumadar : <u>The History and Culture of the Indian People</u> ; The radic age, page 120.

'ਨਟਰਾਜ ਸ਼ਿਵ' ਦਾ ਨਾਮ ਦਿੰਦੇ ਹਨ ਅਤੇ ਉਸ ਦਾ ਹੀ ਰੂਪ ਮੰਨਦੇ ਹਨ ।[1] ਮੂਰਤੀ ਖੰਡਿਤ ਰੂਪ ਵਿੱਚ ਹੈ ਇਸ ਲਈ ਪੂਰੀ ਤਰ੍ਹਾਂ ਉਸ ਦਾ ਪਤਾ ਨਹੀਂ ਲੱਗਦਾ । ਸਿੰਧੂ ਘਾਟੀ ਦੀ ਖੁਦਾਈ ਦੌਰਾਨ ਇੱਕ ਕਾਂਸੀ ਦੀ ਮੂਰਤੀ ਨ੍ਰਿਤ ਕਰਦੀ ਹੋਈ ਮਿਲੀ ਹੈ । ਮੂਰਤੀ ਦੇਖਣ ਤੋਂ ਉਸ ਦੀ ਕੋਮਲਤਾ ਅਤੇ ਨ੍ਰਿਤ ਸੰਬੰਧੀ ਵਿਸ਼ੇਸ਼ ਜਾਣਕਾਰੀ ਮਿਲਦੀ ਹੈ । ਨਾਰੀ ਦਾ ਚਿਤ੍ਰ ਇੱਕ ਖਾਸ ਅਵਸਥਾ ਵਿੱਚ ਦਿਖਾਇਆ ਗਿਆ ਹੈ । ਨ੍ਰਿਤਕਾਰੀ ਦੇ ਚਿੱਤਰ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਕਈ ਪ੍ਰਕਾਰ ਦੇ ਗਹਿਣੇ ਪਾਏ ਹੋਏ ਹਨ ਅਤੇ ਸ਼ਿੰਗਾਰ ਕੀਤਾ ਹੋਇਆ ਹੈ । ਚਿੱਤਰ ਨੂੰ ਦੇਖਣ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਮੂਰਤੀ ਕਲਾ ਦਾ ਕਾਫੀ ਵਿਕਾਸ ਸੀ ਅਤੇ ਸੰਗੀਤ ਵੀ ਕਾਫੀ ਤਰੱਕੀ ਵਿੱਚ ਸੀ । ਇਸ ਨ੍ਰਿਤਕਾਰੀ ਨੂੰ ਨ੍ਰਿਤ ਮੁਦਰਾ ਵਿੱਚ ਦਿਖਾਇਆ ਗਿਆ ਹੈ । ਇੱਕ ਪੈਰ ਜ਼ਮੀਨ 'ਤੇ ਦੂਸਰਾ ਕਿਸੀ ਨ੍ਰਿਤ ਮੁਦਰਾ ਅਨੁਸਾਰ ਕੁਝ ਉੱਚੇ ਕੀਤਾ ਹੋਇਆ ਹੈ । ਇੱਕ ਹੱਥ ਕਮਰ 'ਤੇ ਅਤੇ ਦੂਸਰਾ ਗੋਡੇ ਉੱਪਰ ਰੱਖਿਆ ਹੋਇਆ ਮਿਲਦਾ ਹੈ । ਇਹ ਨ੍ਰਿਤਕਾਰ ( ) ਨ੍ਰਿਤ ਕਰ ਰਹੀ ਹੈ । ਸੰਗੀਤਕਾਰਾਂ ਨੇ ਇਸ ਨੂੰ ਅਰਧ-ਨਾਰੇਸ਼ੁਵਰ ਮੂਰਤੀ ਦਾ ਨਾਮ ਦਿੱਤਾ ਹੈ ।[2]

ਖੁਦਾਈ ਤੋਂ ਬਾਅਦ ਇਨ੍ਹਾਂ ਮਿਲੀਆਂ ਵਸਤੂਆਂ ਤੋਂ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਇਸ ਸਭਿਅਤਾ ਨੂੰ ਸੰਗੀਤ ਦਾ ਕਾਫੀ ਗਿਆਨ ਸੀ । ਇਹ ਲੋਕ ਧਾਰਮਿਕ ਸਮਾਗਮਾਂ 'ਤੇ ਗੀਤ ਵਾਦਨ, ਨ੍ਰਿਤ ਦੇ ਨਾਲ ਲੋਕਾਂ ਦਾ ਮਨੋਰੰਜਨ ਕਰਦੇ ਸਨ । ਗਾਇਨ ਅਤੇ

---

1. ਸਰਚੰਦ ਸ੍ਰੀਧਰ ਪਰਾਂਜਪੇ (ਡਾ.) : ਭਾਰਤੀਯ ਸੰਗੀਤ ਕਾ ਇਤਿਹਾਸ ; ਪੰਨਾ 15.
2. ਰਾਮ ਅਵਤਾਰ ਵੀਰ ਸੰਗੀਤਾਚਾਰੀਆ : ਭਾਰਤੀਯ ਸੰਗੀਤ ; ਭਾਗ ਪਹਿਲਾ, ਵੀਰ ਪ੍ਰਕਾਸ਼ਨ, ਲਾਰੰਸ ਰੋਡ, ਨਵੀਂ ਦਿੱਲੀ, ਪੰਨਾ 32.

ਨ੍ਰਿਤ ਕਰਨ ਦੇ ਸਮੇਂ ਢੋਲਕ ਅਤੇ ਦੁਦੰਭ ਤਰ੍ਹਾਂ ਦੇ ਸਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਇੱਕ ਹੋਰ ਚਿੱਤਰ ਉਪਲਬਧ ਹੋਇਆ ਹੈ ਜਿਸ ਵਿੱਚ ਪੁਰਸ਼ ਨਟਰ ਕੀਰਤਨ ਕਰਦੇ ਹੋਏ ਦਿਖਾਏ ਹਨ ਅਤੇ ਦੂਸਰੇ ਚਿੱਤਰ ਵਿੱਚ ਪੁਰਸ਼ ਆਰਤੀ ਕਰਦੇ ਹੋਏ ਦੱਸੇ ਗਏ ਹਨ ।[1] ਇੱਕ ਹੋਰ ਚਿੱਤਰ ਵਿੱਚ ਕੁਝ ਗਾਇਕ ਹਨ । ਇਸ ਤਰ੍ਹਾਂ ਹੀ ਇੱਕ ਬਾਲਿਕਾ ਖੜਤਾਲ ਨਾਲ ਨ੍ਰਿਤ ਕਰਦੀ ਹੋਈ ਅਤੇ ਇਸਤਰੀ ਭੂਮੀ ਦੁਦੰਭੀ ਵਜਾਉਂਦੇ ਹੋਏ, ਇਸਤਰੀ ਡਫ ਵਜਾਉਂਦੇ ਹੋਏ ਅਤੇ ਡਮਰੂ ਵਜਾਉਂਦੇ ਹੋਏ ਦਿਖਾਏ ਗਏ ਹਨ । ਕੁੱਝ ਚਿੱਤਰਾਂ ਵਿੱਚ ਇਸਤਰੀ ਨੂੰ ਮਿਰਦੰਗ, ਭਾਸਾ, ਕਾਸ਼ਿਆ, ਤੁਰੀ ਅਤੇ ਵੀਣਾ ਵਜਾਉਣ ਦੇ ਚਿੱਤਰ ਮਿਲਦੇ ਹਨ । ਇੱਕ ਹੋਰ ਮੂਰਤੀ ਖੁਦਾਈ ਦੇ ਦੌਰਾਨ ਮਿਲੀ ਹੈ ਜਿਸ ਦੇ ਗਲੇ ਵਿੱਚ ਢੋਲਕ ਲਟਕ ਰਿਹਾ ਹੈ । ਇਹ ਆਪਣੀ ਹੀ ਕਿਸਮ ਦੀ ਮੂਰਤੀ ਹੈ । ਝਾਂਝ ਅਤੇ ਖੜਤਾਲ ਦਾ ਪ੍ਰਯੋਗ ਵੀ, ਮੂਰਤੀਆਂ ਤੋਂ ਹੀ ਪਤਾ ਚਲਦਾ ਹੈ ਕਿ ਕੀ ਹੁੰਦਾ ਸੀ ।[2] ਇਸ ਤਰ੍ਹਾਂ ਦੇ ਸਾਜ਼ਾਂ ਦਾ ਪ੍ਰਯੋਗ ਨ੍ਰਿਤ ਦੇ ਨਾਲ ਹੁੰਦਾ ਸੀ । ਇਸ ਖੁਦਾਈ ਤੋਂ ਬਾਅਦ ਇੱਕ ਪੁਰਸ਼ ਕੋਈ ਸਾਜ਼ ਵਜਾ ਰਿਹਾ ਹੈ ਅਤੇ ਇਸਤਰੀ ਨਾਚ ਕਰਦੀ ਹੋਈ ਦਿਖਾਈ ਗਈ ਹੈ ।[3] ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸਿੰਧੂ ਘਾਟੀ ਦੇ ਲੋਕਾਂ ਦੀ ਕਲਾ, ਸੰਸਕ੍ਰਿਤੀ, ਧਰਮ, ਕ੍ਰਾਂਤੀ, ਸੰਗੀਤ ਅਤੇ ਵਿਗਿਆਨ ਆਦਿ ਦੇ ਵਿਕਸਿਤ ਰੂਪਾਂ ਦਾ ਪਤਾ ਲਗਦਾ ਹੈ ਕਿ ਉਸ ਸਮੇਂ ਵੀ ਗਾਇਨ, ਵਾਦਨ, ਨ੍ਰਿਤ ਅਤੇ ਸੰਗੀਤਕ ਕਲਾ ਨੂੰ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਸੀ । ਉਸ ਵਕਤ ਉਹਨਾਂ ਲੋਕਾਂ ਦਾ ਸੰਗੀਤ ਇੱਕ ਜ਼ਰੂਰੀ ਅੰਗ ਸੀ ।

---

1. राम अवतार वीर ; -हिन्दी- भारतीय संगीत; भाग पहिला, ਪੰਨਾ 35-37, ਚਿੱਤਰ 44-45.
2. ਸਰਚੰਦ ਸ੍ਰੀਧਰ ਪਰਾਂਜਪੇ (ਡਾ.) : ਭਾਰਤੀਯ ਸੰਗੀਤ ਕਾ ਇਤਿਹਾਸ ; ਪੰਨਾ 16.
3. ਰਾਮ ਅਵਤਾਰ ਵੀਰ : ਭਾਰਤੀਯ ਸੰਗੀਤ ; ਪੰਨਾ 247, ਚਿੱਤਰ ਨੰ. 55.

ਸਿੰਧੂ ਘਾਟੀ ਦੀ ਸਭਿਅਤਾ ਵਿੱਚ ਉਪਲਬਧ ਸਮੱਗਰੀ ਅਤੇ ਅਨੇਕ ਮੂਰਤੀਆਂ ਤੋਂ ਸਪਸ਼ਟ ਹੈ ਕਿ ਇਹਨਾਂ ਦੀ ਧਰਮ ਸਾਧਨਾ ਵਿੱਚ ਮੂਰਤੀ-ਪੂਜਾ ਆਦਿ ਵਸਤੂਆਂ ਦੀ ਅਰਾਧਨਾ ਹੁੰਦੀ ਸੀ । ਰਾਮ ਅਵਤਾਰ ਵੀਰ ਦੀ ਲਿਖੀ ਹੋਈ ਰਚਨਾ 'ਭਾਰਤੀਯ ਸੰਗੀਤ' ਵਿੱਚ ਇੱਕ ਚਿੱਤਰ ਵਿੱਚ ਦੋ ਮਹਿਲਾਵਾਂ ਹਾਰਪ ਦੇ ਨਾਲ ਖੜੀ ਗਾਇਨ ਕਰਦੀਆਂ ਹੋਈਆਂ ਦਿਖਾਈਆਂ ਗਈਆਂ ਹਨ । ਕੁਝ ਐਸੇ ਵੀ ਚਿੱਤਰ ਮਿਲੇ ਹਨ ਜਿਨ੍ਹਾਂ ਵਿੱਚ ਇਸਤਰੀ ਪੁਰਸ਼ ਕੀਰਤਨ ਕਰਦੇ ਦਿਖਾਏ ਹਨ ।[1]

ਸਿੰਧੂ ਘਾਟੀ ਦੀ ਸਭਿਅਤਾ ਤੋਂ ਇਹ ਪ੍ਰਮਾਣਿਤ ਹੁੰਦਾ ਹੈ ਕਿ ਉਸ ਵਕਤ ਸੰਗੀਤ ਉਨਤੀ ਤੇ ਸੀ । ਇਸ ਸਭਿਅਤਾ ਦੌਰਾਨ ਸੰਗੀਤ ਦਾ ਰੂਪ ਕਾਫੀ ਨਿੱਖਰ ਚੁੱਕਾ ਸੀ । ਲੋਕਾਂ ਦੇ ਜੀਵਨ ਵਿੱਚ ਸੰਗੀਤ ਦਾ ਜ਼ਿਆਦਾ ਪ੍ਰਚਾਰ ਸੀ ਅਤੇ ਧਾਰਮਿਕ ਉਤਸਵਾਂ ਤੇ ਗਾਇਨ, ਵਾਦਨ ਅਤੇ ਨ੍ਰਿਤ ਦੁਆਰਾ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਸੀ । ਜਿਹੜੇ ਸਾਜ਼ ਖੁਦਾਈ ਦੌਰਾਨ ਉਪਲਬਧ ਹੋਏ ਹਨ ਉਹਨਾਂ ਦਾ ਪ੍ਰਯੋਗ ਨ੍ਰਿਤ ਦੇ ਨਾਲ ਕੀਤਾ ਜਾਂਦਾ ਸੀ । ਇਹਨਾਂ ਸਾਰੇ ਤੱਥਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਭਾਰਤੀ ਸੰਗੀਤ ਹੀ ਸੰਸਾਰ ਦੇ ਸੰਗੀਤ ਵਿੱਚ ਪਹਿਲਾ ਸੰਗੀਤ ਸੀ ਜਿਸ ਦੇ ਆਰੰਭ ਦੀ ਜਾਣਕਾਰੀ ਸਿੰਧੂ ਘਾਟੀ ਦੀ ਸਭਿਅਤਾ ਦੀ ਖੁਦਾਈ ਤੋਂ ਪਤਾ ਚਲਦੀ ਹੈ ।

ਉਸ ਸਮੇਂ ਦੇ ਲੋਕਾਂ ਨੇ ਸੰਗੀਤ ਦੀ ਨੈਤਿਕਤਾ ਨੂੰ ਉੱਪਰ ਚੁੱਕਿਆ । ਉਸ ਵਿੱਚ ਅਧਿਆਤਮਕਤਾ ਨੂੰ ਉਭਾਰਿਆ ਜਿਸ ਦੇ ਨਾਲ ਉਹਨਾਂ ਦਾ ਸੰਗੀਤ ਨੈਤਿਕ ਰੂਪ ਤੋਂ ਸੁੰਦਰ

---

1. ਰਾਮ ਅਵਤਾਰ ਵੀਰ: ਭਾਰਤੀਯ ਸੰਗੀਤ ; ਪੰਨਾ 234, ਚਿੱਤਰ ਨੰ. 42.

ਅਤੇ ਪਵਿੱਤਰ ਹੋ ਗਿਆ । ਕਲਾ ਦਾ ਜਿੰਨਾ ਗਹਿਰਾ ਗਿਆਨ ਸਿੰਧੂ ਘਾਟੀ ਦੀ ਸਭਿਅਤਾ ਤੋਂ ਪ੍ਰਾਪਤ ਹੁੰਦਾ ਹੈ ਉਤਨਾ ਉਸ ਤੋਂ ਪਹਿਲਾਂ ਵਾਲੇ ਕਾਲਾਂ ਤੋਂ ਨਹੀਂ ਹੁੰਦਾ । ਕਵਿਤਾ ਅਤੇ ਸੰਗੀਤ ਦਾ ਵਿਕਾਸ ਵੀ ਇਸ ਸਭਿਅਤਾ ਦੌਰਾਨ ਹੋ ਚੁੱਕਾ ਸੀ । ਇਨ੍ਹਾਂ ਖੁਦਾਈਆਂ ਵਿੱਚੋਂ ਜੋ ਮੂਰਤੀਆਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਵਿਚਲੇ ਸੰਗੀਤ ਨੇ ਕਾਫੀ ਤਰੱਕੀ ਕੀਤੀ ਕਿਉਂਕਿ ਉਸ ਸਮੇਂ ਖੁਦਾਈ ਤੋਂ ਵਾਅਦ ਸੰਗੀਤ ਸੰਬੰਧੀ ਕਾਫੀ ਮੂਰਤੀਆਂ ਪ੍ਰਾਪਤ ਹੋਈਆਂ ਜਿਨ੍ਹਾਂ ਤੋਂ ਸਭਿਅਤਾ ਦੀ ਸੰਸਕ੍ਰਿਤੀ, ਕਲਾ ਅਤੇ ਸੰਗੀਤ ਦੀ ਉੱਚਤਾ ਦਾ ਗਿਆਨ ਹੁੰਦਾ ਹੈ ਅਤੇ ਪਤਾ ਲਗਦਾ ਹੈ ਕਿ ਹੋਰ ਕਲਾਵਾਂ ਦੇ ਨਾਲ-ਨਾਲ ਸੰਗੀਤ ਨੇ ਵੀ ਕਾਫੀ ਤਰੱਕੀ ਕੀਤੀ ।[1]

ਦੱਖਣ ਭਾਰਤ ਵਿੱਚ ਈਸਾ ਦੀ ਪਹਿਲੀ ਸਦੀ ਵਿੱਚ ਤਾਮਿਲ ਸਭਿਅਤਾ ਦਾ ਬੋਲਬਾਲਾ ਸੀ । ਤਾਮਿਲ ਸੰਸਕ੍ਰਿਤੀ ਦੇ ਨਾਲ ਉਸ ਦੀ ਆਪਣੀ ਸੰਗੀਤ ਪਧਤੀ ਵੀ ਸੀ । ਆਰੀਆ ਲੋਕਾਂ ਦਾ 'ਸਾਮ ਸੰਗੀਤ' ਅਤੇ ਦੱਖਣ ਦੇ ਤਾਮਿਲ ਸੰਗੀਤ ਸਾਮਜਨ ਪ੍ਰਾਚੀਨ ਕਰਨਾਟਕੀ ਪੱਧਤੀ ਦਾ ਜਨਮ ਹੋਇਆ ।[2] ਸੰਕਰਾਮਰਣ (ਹਿੰਦੋਸਤਾਨੀ ਸੰਗੀਤ ਪੱਧਤੀ ਦਾ ਬਿਲਾਵਲ), ਖਰਹਰ ਪ੍ਰਿਯ (ਕਾਫੀ), ਤੋੜੀ (ਭੈਰਵੀ), ਕਲਿਆਣੀ (ਕਲਿਆਣ) ਅਦਿਆਦੀ ਕਰਨਾਟਕੀ ਸੰਗੀਤ ਪੱਧਤੀ ਅਤੇ ਅਤਿਅੰਤ ਲੋਕ ਪ੍ਰਿਯ ਰਾਗ ਪੁਰਾਣੇ ਤਾਮਿਲ ਸੰਗੀਤ ਵਿੱਚ

---

1. R.C.Majumadar : The History and Culture of the Indian People ; The Vedic age ; page 190-91.
2. ਵਿਦਿਆਧਰ, ਜਲੰਧਰ : ਵਿਸ਼ਵ ਭਾਰਤੀ ਪੱਤ੍ਰਿਕਾ, ਜਨਵਰੀ,1946 ; (ਲੇਖ ਦੱਖਣ ਭਾਰਤੀ ਸੰਗੀਤ), ਪੰਨਾ 296.

ਪਾਏ ਜਾਂਦੇ ਹਨ । ਕਰਨਾਟਕ ਸੰਗੀਤ ਦੀ ਗਾਇਨ ਰਚਨਾ ਵਿੱਚ ਗੀਤ ਸਵਰ ਜਾਤੀ, ਜਾਤੀ ਸਵਰਮ ਵਰਨਣ, ਰਾਗਮਾਲਿਕਾ ਕ੍ਰਿਤ ਅਤੇ ਪਦਮ ਨਾਮ ਦੇ ਗਾਨ ਅਧਿਕ ਮਹੱਤਵ ਰੱਖਦੇ ਹਨ । ਤਾਵਲੀ ਕੀਰਤਨ ਆਦਿ ਵੀ ਨਵੀਨ ਰਾਗ ਜਾਨਯ ਸ਼ੈਲੀਆਂ ਹਨ ।[1]

ਉਪਰੋਕਤ ਸ਼ੈਲੀਆਂ ਵਿੱਚ ਆਦਿ ਰਚਨਾ ਕਰਨ ਵਾਲਿਆਂ ਵਿੱਚ ਪ੍ਰਭੂ ਸਵਾਮੀ ਸਾਮ ਸ਼ਾਸਤਰੀ ਅਤੇ ਤਿਅਜਰਾ ਰਾਜ ਪ੍ਰਮੁੱਖ ਹਨ । ਸੰਪੂਰਨ ਪਰਸਥਿਤੀਆਂ ਦੇ ਵਿਸ਼ਲੇਸ਼ਣ ਕਰਨ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਭਗਤੀ ਕਾਲ ਤੋਂ ਪਹਿਲਾਂ ਸੰਗੀਤ ਦਾ ਪ੍ਰਚਾਰ ਵਿਸ਼ੇਸ਼ ਰੂਪ ਵਿੱਚ ਹੋ ਚੁੱਕਿਆ ਸੀ । ਨਵੀਆਂ ਸ਼ੈਲੀਆਂ ਦੇ ਅਵਿਸ਼ਕਾਰਕ 'ਅਮੀਰ ਖੁਸਰੋ' ਦਾ ਪ੍ਰਭਾਵ ਭਗਤੀ ਕਾਲੀਨ ਕਵੀਆਂ ਤੇ ਵਿਸ਼ੇਸ਼ ਰੂਪ ਵਿੱਚ ਪਿਆ ਜਿਸ ਦੇ ਪ੍ਰਮਾਣ ਸਰੂਪ ਭਗਤੀ ਕਾਲ ਵਿੱਚ ਬੜੇ ਪ੍ਰਵੀਨ ਗਾਇਕ ਉਤਪੰਨ ਹੋਏ ਜਿਨ੍ਹਾਂ ਨੇ ਭਗਤੀ ਸੰਗੀਤ ਦੇ ਵਿਕਾਸ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ।[2]

ਉਪਰੋਕਤ ਵਿਆਖਿਆ ਦੇ ਨਾਲ ਹੀ ਪ੍ਰਸਤੁਤ ਖੋਜ ਪੱਤਰ ਵਿੱਚ ਵੈਦਿਕ ਕਾਲ ਦੇ ਸੰਗੀਤ ਤੋਂ ਯੋਜਨਾਬੱਧ ਰੂਪ ਨਾਲ ਜਾਣਕਾਰੀ ਪ੍ਰਮਾਣਿਕ ਹਵਾਲਿਆਂ ਦੇ ਨਾਲ ਦਿੱਤੀ ਜਾ ਰਹੀ ਹੈ ਤਾਂ ਕਿ ਵਿਸ਼ੇ ਸੰਬੰਧੀ ਪੂਰੀ ਜਾਣਕਾਰੀ ਅਤੇ ਭਵਿੱਖ ਵਿੱਚ ਇਸ ਖੇਤਰ ਨਾਲ ਸੰਬੰਧਿਤ ਖੋਜ ਵਿਦਿਆਰਥੀਆਂ ਨੂੰ ਸਹੂਲਤ ਰਹੇ ।

---

1. ਵਿਦਿਆਧਰ, ਬਜਲਬਾਰ : ਵਿਸ਼ਵ ਭਾਰਤੀ ਪੱਤ੍ਰਿਕਾ ; ਜਨਵਰੀ, 1946 ; (ਲੇਖ ਦੱਖਣ ਭਾਰਤੀ ਸੰਗੀਤ), ਪੰਨਾ 296.
2. ਦਨੇਸ਼ ਚੰਦਰ ਗੁਪਤ (ਡਾ.) : ਭਗਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ ; ਪੰਨਾ 11.

## ਵੈਦਿਕ ਸੰਗੀਤ

ਭਾਰਤੀ ਸ਼ਾਸਤਰੀ ਸੰਗੀਤ ਦੀ ਪਿੱਠ-ਭੂਮੀ ਉਤੇ ਭਾਰਤੀ ਸੰਗੀਤ ਦੀਆਂ ਕਈ ਪ੍ਰਾਚੀਨ ਪਰੰਪਰਾਵਾਂ ਸੁਸ਼ੋਭਿਤ ਰਹੀਆਂ ਹਨ । ਇਨ੍ਹਾਂ 'ਚੋਂ ਵੈਦਿਕ ਸੰਗੀਤ ਇੱਕ ਹੈ । ਭਾਰਤੀ ਸ਼ਾਸਤਰੀ ਸੰਗੀਤ ਦਾ ਆਰੰਭ ਵੈਦਿਕ ਸੰਗੀਤ ਤੋਂ ਮੰਨਿਆ ਜਾਂਦਾ ਹੈ । ਵੈਦਿਕ ਕਾਲ ਵਿੱਚ ਪ੍ਰਯੋਗ ਹੋਣ ਵਾਲੇ ਸੰਗੀਤ ਨੂੰ "ਵੈਦਿਕ ਸੰਗੀਤ" ਕਿਹਾ ਜਾਂਦਾ ਹੈ । ਇਸ ਕਾਲ ਦਾ ਗ੍ਰੰਥ 'ਸਾਮਵੇਦ' ਜੋ ਪੂਰਨ ਤੌਰ 'ਤੇ ਸੰਗੀਤਮਈ ਹੈ, ਸੰਗੀਤ ਸ਼ਾਸਤਰ ਸੰਬੰਧੀ ਭਾਰਤੀ ਸੰਗੀਤ ਦੇ ਪੁਰਾਤਨ ਸਰੂਪ ਦਾ ਉੱਤਮ ਨਮੂਨਾ ਹੈ । ਸਾਮਵੇਦ ਵਿੱਚ ਅੰਕਿਤ ਮੰਤਰਾਂ ਦਾ ਗਾਇਨ ਸ਼ੁਰੂ ਵਿੱਚ ਉਦਾਤ, ਅਨੁਦਾਤ ਅਤੇ ਸਵਰਿਤ ਤਿੰਨਾਂ ਸੁਰਾਂ 'ਤੇ ਕੀਤਾ ਜਾਂਦਾ ਸੀ । ਸੁਰ ਉਦਾਤ, ਮੰਦਰ, ਅਨੁਦਾਤ, ਤਾਰ ਅਤੇ ਸਵਰਿਤ ਮੱਧ ਸਥਾਨ ਦੇ ਰੂਪ ਵਿੱਚ ਉਚਾਰੇ ਜਾਂਦੇ ਸਨ । ਇਹਨਾਂ ਤਿੰਨਾਂ ਤੋਂ ਬਾਅਦ ਹੌਲੀ-ਹੌਲੀ ਇੱਕ-ਇੱਕ ਕਰਕੇ ਸੰਪੂਰਣ ਸਪਤਕ ਦੀ ਰਚਨਾ ਹੋਈ । ਵੈਦਿਕ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸੱਤ ਸੁਰਾਂ ਦੇ ਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :-

| | | | |
|---|---|---|---|
| 1. | ਕ੍ਰਿਸ਼ਟ | : | ਮਧਿਅਮ[1] |
| 2. | ਪ੍ਰਥਮਾ | : | ਗੰਧਾਰ |
| 3. | ਦ੍ਵਿਤੀਆ | : | ਰਿਸ਼ਭ |
| 4. | ਤ੍ਰਿਤੀਆ | : | ਸ਼ੜਜ |
| 5. | ਚਤੁਰਥ | : | ਨਿਸ਼ਾਦ |

---

1. Swami Prajanandan : Historical Development of Indian Music ; page 63-64

| | | | |
|---|---|---|---|
| 6. | ਮੰਦਰ | : | ਧੈਵਤ |
| 7. | ਅਤਿਸਵਰ | : | ਪੰਚਮ |

ਵੈਦਿਕ ਮੰਤਰਾਂ ਦਾ ਠੀਕ ਸ਼ੁਧ ਉਚਾਰਣ ਉਦਾਤ, ਅਨੁਦਾਤ ਅਤੇ ਸਵਰਿਤ ਆਦਿ ਨੂੰ ਧਿਆਨ ਵਿੱਚ ਰੱਖਦੇ ਹੋਏ ਕਈ ਗਾਇਨ ਸ਼ੈਲੀਆਂ ਅਤੇ ਲੈਅ ਦੇ ਵੱਖ-ਵੱਖ ਪ੍ਰਕਾਰ ਹੋਂਦ ਵਿੱਚ ਆਏ । ਚੰਦਰ ਕਾਂਤ ਖੋਸਲਾ ਅਨੁਸਾਰ, "ਇੱਕ ਸੁਰ ਵਾਲਾ 'ਆਰਚਿਕਾ', ਦੋ ਸੁਰਾਂ ਵਾਲੀ 'ਗੀਤਿਕਾ' ਵਿੱਚ ਪਰਿਵਰਤਿਤ ਹੋਇਆ ਤੇ ਫਿਰ ਉਸ ਤੋਂ ਬਾਅਦ ਤਿੰਨ ਸਵਰਾਂ 'ਤੇ ਆਧਾਰਿਤ 'ਸਾਮਿਕ' ਦੀ ਸਿਰਜਣਾ ਕੀਤੀ ਗਈ । ਇਹ ਚਾਲ ਇੱਥੇ ਹੀ ਬੰਦ ਨਹੀਂ ਹੋਈ । ਚਾਰ ਸਵਰਾਂ ਦਾ 'ਸਵਤੰਤਰ', ਪੰਜ ਸਵਰਾਂ ਦਾ 'ਔੜਵ' ਅਤੇ ਛੇ ਸਵਰਾਂ ਦਾ 'ਸ਼ਾੜਵ' । ਇੱਕ ਤੋਂ ਬਾਅਦ ਦੂਜਾ ਅਸੂਲ ਆਉਂਦਾ ਗਿਆ । ਸਿਖਰ 'ਤੇ ਪੁੱਜ ਕੇ ਸੰਪੂਰਣ ਸੱਤ ਸਵਰਾਂ ਦਾ ਸਪਤਕ ਸੰਗੀਤ ਨੂੰ ਪ੍ਰਾਪਤ ਹੋਇਆ ।"[1]

ਆਰਚਿਕਾ ਸਵਰਾਂ ਦੇ ਬਾਰੇ ਵਿੱਚ ਨਾਰਦੀ ਸਿਖਸ਼ਾ ਦਾ ਕਹਿਣਾ ਹੈ :

| | |
|---|---|
| ਯੁਜਰ ਪਠਨ ਦੇ ਸਵਰ ਤਿੰਨ - ਪ੍ਰਕਰੁ, ਦਿਤੇ, ਤ੍ਰਿਤੇ | = ਸ - ਗ - ਰੇ |
| ਆਗਰਕ ਸਵਰ ਤਿੰਨ | = ਪ - ਸ - ਗ |
| ਸਾਮਵੈਦਿਕ ਸਵਰ ਸੱਤ | = ਮ, ਗ, ਰੇ, ਸ, ਨਿ, ਧ, ਪ |
| ਤਾੜਯਾਦ ਬ੍ਰਹਮਣਾਂ ਦੇ ਸਵਰ ਦੋ | = ਮ - ਗ - ਇਸ |

ਤਰ੍ਹਾਂ ਹੁੰਦੇ ਹਨ ।

---

1. ਚੰਦਰਕਾਂਤ ਖੋਸਲਾ : ਸੰਗੀਤ ਗ੍ਰੰਥ ਅਤੇ ਭਾਰਤੀਯ ਸੰਗੀਤ ਕਾ ਇਤਿਹਾਸ, ਪੰਨਾ 53.

ਇਸ ਤੋਂ ਇਲਾਵਾ ਵੈਦਿਕ ਸਵਰਾਂ ਦਾ ਬਹੁਤ ਘੱਟ ਪ੍ਰਯੋਗ ਯਾਗਿਆਵਲਕ ਅਤੇ ਮਾਹੂਜੀ ਆਦਿ ਹੋਰ ਗ੍ਰੰਥਾਂ ਵਿੱਚ ਕੀਤਾ ਗਿਆ । ਨਾਰਦ ਨੇ ਸਵਰਾਂ ਦੀ ਉੱਚ ਨੀਚਤਾ ਦੇ ਸੰਬੰਧ ਵਿੱਚ ਕੁਝ ਸਪਸ਼ਟ ਕਿਹਾ ਹੈ :-

"

ਵੈਦਿਕ ਸਵਰਾਂ ਦਾ ਕੁਝ ਪ੍ਰਯੋਗ ਨਾਰਦੀ ਸਿਖਸ਼ਾ ਵਿੱਚ ਆਇਆ ਹੈ ਜੋ ਕੁਝ ਸਪਸ਼ਟ ਅਤੇ ਵਿਸਥਾਰ ਵਿੱਚ ਹੈ - ਜਿਸ ਦਾ ਸਾਰਅੰਸ਼ ਨਤੀਜਾ ਇਸ ਪ੍ਰਕਾਰ ਹੈ - ਉਦਾਤ, ਸਵਰਿਤ ਅਤੇ ਅਨੁਦਾਤ । ਇਹ ਆਰਚਿਕਾ ਅਰਥਾਤ ਰਿਗਵੇਦ ਦੇ ਤਿੰਨ ਸਵਰ ਹਨ । ਉਦਾਤ ਸਵਰ ਸਵਰਿਤ ਤੋਂ ਉੱਚਾ ਹੈ । ਸਵਰਿਤ ਦੇ ਦੋ ਪ੍ਰਕਾਰ ਵਰਣ ਸਵਰ ਅਤੇ ਅਤੀਸਵਰ ਹਨ । ਉੱਚਾ ਅਤੇ ਨੀਵਾਂ ਸਵਰਾਂ ਦੇ ਵਿਚਕਾਰ ਵਿੱਚ ਜੋ ਸਾਧਾਰਣ ਸਵਰ ਹੁੰਦਾ ਹੈ ਉਸ ਨੂੰ ਸਵਾਰ ਕਹਿੰਦੇ ਹਨ । ਸੰਗੀਤ ਦੇ ਸਵਰਾਂ ਵਿੱਚ ਗੰਧਾਰ ਨਿਸ਼ਾਦ ਦੋ ਸਵਰ ਉਦਾਤ ਹਨ ।[2] ਮੰਤੰਗ ਕ੍ਰਿਤ 'ਬ੍ਰਹਦਦੇਸੀ' ਅਤੇ 'ਨਾਰਦੀਆ ਸਿਕਸ਼ਾ' ਦੇ ਅਧਿਐਨ ਤੋਂ ਇਹ ਸਿੱਧ ਹੁੰਦਾ ਹੇ ਕਿ ਵੈਦਿਕ ਕਾਲ ਵਿੱਚ ਚਾਰ ਪ੍ਰਕਾਰ ਦੀਆਂ ਗਾਇਨ ਸ਼ੈਲੀਆਂ ਰਿਕ, ਗਾਥਾ, ਸਾਮਗਾਨ ਅਤੇ ਸਵਰਾਂਤਰ ਪ੍ਰਚਾਰ ਵਿੱਚ ਸਨ ।

<u>ਰਿਕ</u> :- ਇਕੋ ਹੀ ਸੁਰ ਵਿੱਚ ਵੇਦ ਮੰਤਰ ਉਚਾਰਣ ਦੀ ਸ਼ੈਲੀ ਨੂੰ ਰਿਕ ਕਿਹਾ ਜਾਂਦਾ ਸੀ।

<u>ਗਾਥਾ</u> :- ਦੋ ਸੁਰਾਂ ਵਿੱਚ ਗਾਏ ਜਾਣ ਵਾਲੇ ਸ਼ਲੋਕਾਂ ਦੇ ਢੰਗ ਨੂੰ ਗਾਥਾ ਦਾ ਨਾਮ ਦਿੱਤਾ

---

1. ਸੁਨੰਦਾ ਪਾਠਕ : ਹਿੰਦੋਸਤਾਨੀ ਸੰਗੀਤ ਮੇਂ ਰਾਗ ਕੀ ਉਤਪਤੀ ਏਵੰ ਵਿਕਾਸ, ਪੰਨਾ 168.
2. -ਉਹੀ- ਪੰਨਾ 169.

ਜਾਂਦਾ ਸੀ ।

ਸਾਮਗਾਨ :- ਜਿਨ ਸੁਰ ਸਮੂਹ ਵਿੱਚ ਜੋ ਸਲੋਕ ਅਤੇ ਮੰਤਰ ਪੜ੍ਹੇ ਜਾਂਦੇ ਸਨ, ਉਸ ਢੰਗ ਨੂੰ ਸਾਮਗਾਨ ਕਿਹਾ ਜਾਂਦਾ ਸੀ ।

ਉਪਰੋਕਤ ਵੱਖ-ਵੱਖ ਗਾਇਨ ਸ਼ੈਲੀਆਂ ਤੋਂ ਗਾਇਕਾਂ ਦੇ ਘਰਾਣਿਆਂ ਦਾ ਜਨਮ ਹੋਇਆ ਜੋ ਮੰਤਰਾਂ ਦੀ ਆਪਣੀ ਆਪਣੀ ਸ਼ੈਲੀ ਵਿੱਚ ਗਾਇਨ ਕਰਦੇ ਸਨ । ਕਨੁੱਵ ਵੰਸ਼ ਦੇ ਰਿਸ਼ੀ ਸਾਮ ਦੇ ਪਹਿਲੇ 50 ਸੂਕਤ ਅਤੇ ਅਠਵੇਂ ਮੰਡਲ ਦਾ ਗਾਇਨ ਕਰਦੇ ਸਨ । ਦੂਸਰੇ ਮੰਡਲ ਦੇ ਗਾਇਨ ਕਰਨ ਵਾਲੇ ਗ੍ਰਤਸਮਦ ਵੰਸ਼ ਦੇ ਰਿਸ਼ੀ ਸਨ । ਤੀਸਰਾ ਮੰਡਲ ਵਿਸ਼ਵਾ ਮਿੱਤਰ, ਚੌਥਾ ਵਾਸਦੇਵਾ, ਪੰਜਵਾਂ ਅਤ੍ਰਿਯਾ, ਛੇਵਾਂ ਬ੍ਰਾਹਿਸਪਤ ਅਤੇ ਸਤਵਾਂ ਵਿਸ਼ਿਸ਼ਟ ਵੰਸ ਦੇ (ਘਰਾਣੇ ਦੇ) ਗਾਇਕਾਂ ਦੁਆਰਾ ਗਾਇਆ ਜਾਂਦਾ ਸੀ । ਨੌਵੇਂ ਮੰਡਲ ਨੂੰ ਸਾਰੇ ਹੀ ਘਰਾਣੇ ਗਾਉਂਦੇ ਸਨ ।[1] ਗਾਇਨ ਦੀ ਆਸਾਨੀ ਲਈ ਸਾਮ ਦੇ ਮੁੱਖ ਗਾਇਕ ਅਤੇ ਉਪ ਗਾਇਕ ਦੋ ਵਰਗ ਸਨ । ਮੁਖ ਗਾਇਕ ਨੂੰ 'ਉਦਗਾਤਾ' ਕਹਿੰਦੇ ਸਨ । ਉਪ ਗਾਇਕਾਂ ਦਾ ਕੰਮ ਉਦਗਾਤਾ ਦੀ ਸਹਾਇਤਾ ਕਰਨਾ ਸੀ । ਉਹ ਵੀਣਾ ਦੇ ਸਹਾਰੇ ਸਥਾਈ ਸੁਰ ਦਾ ਨਿਰੰਤਰ ਗਾਇਨ ਕਰਦੇ ਸਨ ਤਾਂ ਕਿ ਉਦਗਾਤਾ ਨੂੰ ਉਚੇ ਸੁਰ ਵਿੱਚ ਗਾਇਨ ਕਰਨ ਤੇ ਵੀ ਆਪਣੇ ਮੂਲ ਭੂਤ ਸੁਰ ਦਾ ਗਿਆਨ ਰਹੇ ।[2] ਵੈਦਿਕ ਕਾਲ ਵਿੱਚ ਸੰਗੀਤ ਨੇ ਬਹੁਤ ਉਨਤੀ ਕੀਤੀ ।

---

1. ਬਾਲੀ ਐਚ.ਐਸ. : ਸੰਗੀਤ ਪ੍ਰਕਾਸ਼ ; ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1986, ਪੰਨਾ 44-45.

2. ਪਰਾਂਜਪੇ ਸ੍ਰੀਧਰ : ਸੰਗੀਤ ਬੋਧ ; ਪ੍ਰਕਾਸ਼ਕ ਮਧਯ ਪ੍ਰਦੇਸ਼, ਹਿੰਦੀ ਗ੍ਰੰਥ ਅਕਾਦਮੀ 1980, ਪੰਨਾ 14.

ਜਿੱਥੇ ਗਾਇਨ ਦੀ ਮਹੱਤਤਾ ਏਨੀ ਵੱਧ ਚੁੱਕੀ ਸੀ ਉਥੇ ਸੰਗੀਤ ਦੇ ਦੂਜਾ ਪੱਖ ਵਾਦਨ ਵੀ ਉਨਤੀ ਤੋਂ ਘੱਟ ਨਹੀਂ ਰਿਹਾ । ਇਸ ਕਾਲ ਵਿੱਚ ਵਾਦਿਯ ਦੀਆਂ ਤਿੰਨ ਵੰਨਗੀਆਂ ਸਥਾਪਿਤ ਹੋ ਚੁੱਕੀਆਂ ਸਨ ਜਿਨ੍ਹਾਂ ਦਾ ਵੇਰਵਾ ਵਾਦਿਆਂ ਦੇ ਨਾਵਾਂ ਸਮੇਤ ਇਸ ਤਰ੍ਹਾਂ ਹੈ :- ਅਵਨਧ ਵਾਦਯ, ਤੱਤ ਵਾਦਯ, ਸੁਸਿਰ ਵਾਦਯ ।

1. (ੳ) ਦੁੰਦਭੀ : ਸਾਧਾਰਣ ਢੋਲ

(ਅ) ਆਡੰਬਰ : ਢੋਲ ਦਾ ਹੀ ਇਕ ਰੂਪ

(ੲ) ਭੂਮੀ ਦੁੰਦਭੀ : ਪ੍ਰਿਥਵੀ ਦੇ ਅੰਦਰ ਗੱਢਾ ਕਰਕੇ ਉਸਦੇ ਉੱਪਰ ਖੱਲ ਮੜ੍ਹ ਕੇ ਅਤੇ ਪੀਟ ਕਰ ਵਜਾਉਣ ਵਾਲਾ ਢੋਲ ।

(ਸ) ਵਾਨਸਪਤੀ : ਲੱਕੜੀ ਦਾ ਢੋਲ

(ਹ) ਅਘਾਟੀ : ਝਾਂਝ ਮਜੀਰਾ ਜੋ ਕਿ ਡੰਡਾ ਨਾਲ ਵਜਾਇਆ ਜਾਂਦਾ ਹੈ ।

2. (ੳ) ਕਰਕਰੀ : ਇਕ ਪ੍ਰਕਾਰ ਦੀ ਬਾਂਸਰੀ

(ਅ) ਗੋਧਾ ਬੀਣਾ : ਇਕ ਪ੍ਰਕਾਰ ਦੀ ਬਾਂਸਰੀ

(ੲ) ਵਾਣਾ : ਸੌ ਤਾਰਾਂ ਵਾਲੀ ਵੀਣਾ

3. (ੳ) ਤੂਣਵ : ਲੱਕੜੀ ਦੀ ਬਾਂਸਰੀ

(ਅ) ਨਾਦੀ : ਬਾਂਸਰੀ ਨਰਕਟ ਦੀ ਬਣੀ[1]

ਵੈਦਿਕ ਕਾਲ ਦੇ ਸੁਰ ਸਪਤਕ, ਗਾਇਨ, ਵਾਦਨ, ਵਾਦਯ ਦੀਆਂ ਵੰਨਗੀਆਂ ਸੰਬੰਧੀ ਜਾਣਕਾਰੀ

---

1. ਰਾਮ ਅਵਤਾਰ ਵੀਰ : ਭਾਰਤੀਯ ਸੰਗੀਤ ; (ਪ੍ਰਥਮ ਭਾਗ), ਪੰਨਾ 44.

ਇਸ ਕਾਲ ਵਿੱਚ ਹੇਠ ਲਿਖੇ ਸੰਗੀਤ ਗ੍ਰੰਥਾਂ ਤੋਂ ਹੁੰਦੀ ਹੈ । ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

(1) ਨਾਰਦੀਆ ਸ਼ਿਕਸ਼ਾ

(2) ਮਤੰਗ ਕ੍ਰਿਤ ਬ੍ਰਹਦਦੇਸੀ

(3) ਪ੍ਰਾਣਨੀ ਅਸ਼ਟਧਿਆਇ

(4) ਵੈਦ ਪ੍ਰਤੀ ਸੈਖਿਆ

(5) ਤ੍ਰੈਤਯ ਪ੍ਰਤੀ ਸੈਖਿਆ

(6) ਸੰਗੀਤਮਈ ਵੇਦ ਪਾਠ

(7) ਰਿਕ ਪ੍ਰਤੀ ਸੈਖਿਆ

(8) ਸਾਮਵੇਦ ਸਹਿਤਾ ਆਦਿ[1]

ਭਾਰਤੀ ਸੰਗੀਤ ਵਿੱਚ ਵੈਦਿਕ ਸੰਗੀਤ ਤੋਂ ਬਾਅਦ ਜਾਤੀ ਗਾਇਨ ਪ੍ਰਚਾਰ ਵਿੱਚ ਆਇਆ । ਜਾਤੀਆਂ ਨੂੰ ਵੇਦਾਂ ਦੀ ਤਰ੍ਹਾਂ ਹੀ ਪਵਿੱਤਰ ਮੰਨਿਆ ਜਾਂਦਾ ਸੀ । ਕੁਝ ਤਾਲਬੱਧ ਰਚਨਾਵਾਂ, ਜਿਨ੍ਹਾਂ ਦਾ ਗਾਇਨ ਸਮਾਜਿਕ ਉਤਸਵਾਂ, ਮੰਦਰ ਅਤੇ ਧਾਰਮਿਕ ਸਮਾਗਮਾਂ ਸਮੇਂ ਕੀਤਾ ਜਾਂਦਾ ਸੀ, ਭਰਤ ਨੇ ਉਨ੍ਹਾਂ ਗੀਤਾਂ ਨੂੰ ਜਾਤੀਆਂ ਦਾ ਨਾਮ ਦਿੱਤਾ । ਆਚਾਰੀਆ ਅਭਿਨਵ ਗੁਪਤ ਦੀ ਨਾਟਯ ਸ਼ਾਸਤਰ ਦੀ ਟੀਕਾ ਅਨੁਸਾਰ "ਸ਼ੁਧ ਰਾਗ, ਭਿੰਨ ਰਾਗ, ਗੌੜ ਰਾਗ, ਕੌਸ਼ਿਕ ਰਾਗ, ਸਾਧਾਰਣ ਰਾਗ, ਭਾਸਾ ਰਾਗ, ਵਿਭਾਸ ਰਾਗ,

---

1. ਯੋਗੇਂਦਰ ਪਾਲ ਸ਼ਰਮਾ : <u>ਭਾਰਤੀਯ ਸੰਗੀਤ ਕਾ ਇਤਿਹਾਸ</u>, ਪੰਨਾ 5.

ਇਹ ਸੱਤ ਗੀਤੀਆਂ ਦੇ ਰਾਗ ਦ੍ਰਿਸ਼ਟਫਲ ਦੀ ਸਿਧੀ ਅਤੇ ਭਾਵ ਰਸ ਦਾ ਉਪਰਜਨ ਜਿਨ੍ਹਾਂ ਤੋਂ ਹੁੰਦਾ ਹੈ, 'ਜਾਤੀਆਂ' ਕਹਿਲਾਉਂਦੀਆਂ ਹਨ ।"[1] ਸਰੁਤੀ, ਗ੍ਰਹਿ ਸੁਰ ਆਦਿ ਦੇ ਸਮੂਹ ਤੋਂ ਜਾਤੀ ਦੀ ਰਚਨਾ ਹੁੰਦੀ ਹੈ ।[2] ਜਾਤੀਆਂ ਦੇ 18 ਪ੍ਰਕਾਰ ਹਨ । ਇਨ੍ਹਾਂ ਵਿੱਚ ਸੱਤ ਸ਼ੁਧ ਅਤੇ ਗਿਆਰਾਂ ਵਿਕ੍ਰਤ ਜਾਤੀਆਂ ਹਨ । ਸੱਤ ਸ਼ੁਧ ਜਾਤੀਆਂ ਦੇ ਨਾਮ ਖਾੜਜੀ, ਰਿਸ਼ਭੀ, ਗੰਧਾਰੀ, ਮਧਿਅਮਾ, ਪੰਚਮੀ, ਧੈਵਤੀ ਤੇ ਨਿਸ਼ਾਦੀ ਹਨ ਅਤੇ ਖੜਜ ਮਧਿਅਮ ਖੜਜ ਕੈਸ਼ਿਕੀ, ਖੜਜੋਦੀਚਯਵਾ, ਕੈਸ਼ਿਕੀ ਮਧਿਅਮਾ, ਕਰਮਾਰਵੀ, ਆਂਧਰੀ, ਰਕਤ ਗੰਧਾਰੀ, ਮਧਿਅਮੋ ਦੀਚਯਵਾ, ਗੰਧਾਰ ਪੰਚਮੀ, ਗਾਂਧਾਰੋ ਦੀ ਚਯਵਾ ਅਤੇ ਨੰਦਯੰਤੀ ਵਿਕ੍ਰਤ ਹਨ ।[3] ਸੱਤ ਸ਼ੁਧ ਜਾਤੀਆਂ ਦੇ ਨਾਮ ਸ਼ੁਧ ਸੁਰਾਂ ਦੇ ਨਾਮ ਹੀ ਹਨ । ਇਹ ਸੱਤ ਜਾਤੀਆਂ ਸੰਪੂਰਣ ਸਨ ਅਤੇ ਜਾਤੀ ਦੇ ਨਾਮ ਵਾਲਾ ਸੁਰ ਜਾਤੀ ਵਿੱਚ ਗ੍ਰਹਿ ਅੰਸ਼ ਅਤੇ ਨਿਆਸ ਹੁੰਦਾ ਸੀ । ਇਨ੍ਹਾਂ ਸ਼ੁਧ ਜਾਤੀਆਂ ਦੇ ਆਪਸੀ ਮੇਲ ਜਾਂ ਕਿਸੀ ਲੱਛਣ ਵਿੱਚ ਪ੍ਰੀਵਰਤਨ ਹੋਣ ਤੇ ਵਿਕ੍ਰਤ ਜਾਤੀਆਂ ਦੀ ਰਚਨਾ ਹੁੰਦੀ ਹੈ ।

ਦੋ ਜਾਤੀਆਂ ਦੇ ਮਿਸ਼ਰਣ ਤੋਂ ਉਤਪੰਨ ਜਾਤੀਆਂ ਨੂੰ 'ਮਿਸ਼ਰਤ ਜਾਤੀਆਂ' ਕਿਹਾ ਜਾਂਦਾ ਹੈ ਅਤੇ ਦੋ ਤੋਂ ਜ਼ਿਆਦਾ ਜਾਤੀਆਂ ਦੇ ਮੇਲ ਤੋਂ 'ਸੰਕੀਰਣ ਜਾਤੀਆਂ' ਦੀ ਉਤਪਤੀ ਮੰਨੀ ਜਾਂਦੀ ਹੈ । ਜਾਤੀਆਂ ਦੀ ਵੰਡ ਖੜਜ ਅਤੇ ਮਧਿਅਮ ਗਰਾਮ ਵਿੱਚ ਕੀਤੀ

---

1. ਅਚਾਰੀਆ ਬ੍ਰਹਸਪਤਿ : ਨਾਟਯ ਸ਼ਾਸਤਰ ; 27ਵਾਂ ਅਧਿਆਇ, ਪੰਨਾ 86.
2. ਮਤੰਗ ਮੁਨੀ : ਬ੍ਰਹਦਦੇਸ਼ੀ (ਸੰਪਾ. ਬਾਲਕਿਸ਼ਨ ਗਰਗ), ਪੰਨਾ 17.
3. ਭਰਤ ਮੁਨੀ : ਨਾਟਯ ਸ਼ਾਸਤਰ ; 28ਵਾਂ ਅਧਿਆਇ, ਪੰਨਾ 68.

ਗਈ ਹੈ । ਸ਼ੁੱਧ ਜਾਤੀਆਂ ਵਿਕ੍ਰਿਤ ਹੋਣ ਤੇ ਵੀ ਕਿਸੇ ਗ੍ਰਾਮ ਨਾਲ ਸਬੰਧ ਰੱਖਦੀਆਂ ਸਨ । ਕਿਸੇ ਵੀ ਇਕ ਜਾਤੀ ਵਿੱਚ ਸੁਰ ਦੇ ਦੋਨੋਂ ਰੂਪ ਇਕੋ ਸਮੇਂ ਇਕੱਠੇ ਨਹੀਂ ਆ ਸਕਦੇ ਅਤੇ ਕੋਈ ਵੀ ਜਾਤੀ ਇਕੋ ਸਮੇਂ ਦੋ ਗਰਾਮਾਂ ਨਾਲ ਸੰਬੰਧਿਤ ਨਹੀਂ ਹੁੰਦੀ ਸੀ । ਜਾਤੀ ਦੇ ਦਸ ਲੱਛਣ ਗ੍ਰਹਿ, ਅੰਸ਼, ਨਿਆਸ, ਅਪਨਿਆਸ, ਮੰਦਰ, ਤਾਰ, ਅਲਪੱਤਵ, ਬਹੁਤਵ, ਔੜਵਤਵ ਅਤੇ ਸ਼ਾੜਵਤਵ ਹਨ । ਪੰਡਿਤ ਸਾਰੰਗਦੇਵ ਨੇ ਇਨ੍ਹਾਂ ਦਸ ਲੱਛਣਾਂ ਤੋਂ ਇਲਾਵਾ ਸੰਨਿਆਸ, ਵਿਨਿਆਸ, ਅੰਤਰਮਾਰਗ ਇਹ ਤਿੰਨ ਲੱਛਣ ਮਿਲਾ ਕੇ ਕੁਲ 13 ਮੰਨੇ ਹਨ । ਜਾਤੀ ਗਾਇਨ ਦੀ ਪਰਿਭਾਸ਼ਾ, ਭੇਦ, ਸਿਧਾਂਤ ਅਤੇ ਸਰੂਪ ਦਾ ਗਿਆਨ ਸਾਨੂੰ ਭਰਤ ਦੇ 'ਨਾਟਯ ਸ਼ਾਸਤਰ' ਗ੍ਰੰਥ ਤੋਂ ਇਲਾਵਾ ਦੱਤਿਲ ਦਾ ਦੱਤਿਲਮ ਅਤੇ ਕੋਹਲ ਦੇ ਲਿਖਤ 'ਸੰਗੀਤ ਮੇਰੂ', 'ਅਭਿਨਵ ਸ਼ਾਸਤਰ', 'ਕੋਹਲ ਰਹੱਸਮਯ' ਆਦਿ ਗ੍ਰੰਥਾਂ ਤੋਂ ਹੁੰਦਾ ਹੈ, ਜਿਨ੍ਹਾਂ ਬਾਰੇ ਜਾਣਕਾਰੀ ਅਸੀਂ ਇਸ ਅਧਿਆਏ ਵਿੱਚ ਹੀ ਦੇ ਰਹੇ ਹਾਂ ।

<u>ਅੱਠਵੀਂ ਸਦੀ ਈਸਾ ਪੂਰਵ ਤੋਂ ਚੌਥੀ ਸਦੀ ਈਸਾ ਪੂਰਵ ਦੇ ਸਮੇਂ ਦਾ ਸੰਗੀਤ</u>

ਇਸ ਕਾਲ ਦੇ ਸੰਗੀਤ ਉਪਰ ਪ੍ਰਕਾਸ਼ ਪਾਉਣ ਵਾਲੀ ਪ੍ਰਮੁੱਖ ਸਮੱਗਰੀ ਸੂਤਰ ਗ੍ਰੰਥ ਅਤੇ ਜਾਤਕ ਸਾਹਿਤ ਹੈ । ਹਾਲਾਂ ਕਿ ਇਹ ਦੋਵੇਂ ਇਕ ਦੂਸਰੇ ਦੇ ਵਿਪਰੀਤ ਵਿਚਾਰਧਾਰਾ ਨੂੰ ਅਤੇ ਜਾਤਕ ਸਾਹਿਤ ਬੁੱਧ ਪ੍ਰੰਪਰਾ ਦੀ ਪ੍ਰਤੀਨਿਧਤਾ ਕਰਦਾ ਹੈ । ਬ੍ਰਾਹਮਣ ਸਾਹਿਤ ਧਾਰਮਿਕ ਸਾਹਿਤ ਹੈ ਅਤੇ ਸੰਗੀਤ ਸੰਬੰਧੀ ਉਸ ਦਾ ਵਰਨਣ ਧਰਮ ਤੋਂ ਪ੍ਰਭਾਵਤ ਹੈ । ਬੁੱਧ ਸਾਹਿਤ ਜਾਤਕਾਂ ਵਿੱਚ ਉਸ ਕਾਲ ਦੇ ਸਮਾਜ ਦਾ ਚਿਤਰਣ ਕਰਦਾ ਹੈ ਅਤੇ ਸਮਾਜ ਦੇ ਸਭ ਵਰਗਾਂ ਤੇ ਪ੍ਰਕਾਸ਼ ਪਾਉਂਦਾ ਹੈ । ਸੂਤਰ ਸਾਹਿਤ ਵਿੱਚ ਸੰਗੀਤ ਦਾ ਧਾਰਮਿਕ ਕਿਰਿਆ

ਕਲਾਪ ਨਾਲ ਹੀ ਸੰਬੰਧ ਉਜਾਗਰ ਹੁੰਦਾ ਹੈ । ਜਦੋਂ ਕਿ ਜਾਤਕ ਸਾਹਿਤ ਸੰਗੀਤ ਦਾ ਵਰਨਣ ਸਮਾਜ ਦੇ ਸਾਰੇ ਅੰਗਾਂ ਨਾਲ ਸੰਬੰਧਿਤ ਰੂਪ ਵਿੱਚ ਕਰਦਾ ਹੈ । ਉਪਰੋਕਤ ਤੱਥਾਂ ਨੂੰ ਦ੍ਰਿਸ਼ਟੀਗਤ ਕਰਦੇ ਹੋਏ ਉਸ ਕਾਲ ਦੇ ਸੰਗੀਤ ਦਾ ਸਰੂਪ ਨਿਰਧਾਰਤ ਕੀਤਾ ਜਾ ਸਕਦਾ ਹੈ । ਉਸ ਕਾਲ ਦੇ ਸੰਗੀਤ ਨੂੰ ਜਾਨਣ ਲਈ ਸਾਡੇ ਪਾਸ ਪ੍ਰਮੁੱਖ ਸਾਧਨ ਜਾਤਕ ਅਤੇ ਸੂਤਰ ਗ੍ਰੰਥ ਹਨ ਅਤੇ ਇਸ ਤੋਂ ਇਲਾਵਾ ਪਾਣਨੀ ਦਾ ਅਸ਼ਟ ਅਧਿਆਏ ਵਿਆਕਰਣ ਦਾ ਗ੍ਰੰਥ ਹੈ ਜਿਸ ਵਿਚੋਂ ਸੰਗੀਤ ਸੰਬੰਧੀ ਅਤੇ ਸਿਖਿਆ ਸੰਬੰਧੀ ਵਰਨਣ ਮਿਲਦਾ ਹੈ ।[1]

ਸੰਗੀਤ ਨੂੰ ਸਮਾਜਿਕ ਅਤੇ ਵਿਅਕਤਿਤਵ ਮਨੋਰੰਜਨ ਮੰਨਣ ਦੇ ਇਕ ਪ੍ਰਮੁੱਖ ਸਾਧਨ ਦੇ ਰੂਪ ਵਿੱਚ ਅਤੇ ਧਾਰਮਿਕ ਅਨੁਸ਼ਠਾਨਾਂ ਦੇ ਜ਼ਰੂਰੀ ਅੰਗ ਦੇ ਰੂਪ ਵਿੱਚ ਇਸ ਕਾਲ ਵਿੱਚ ਦੇਖਿਆ ਜਾ ਸਕਦਾ ਹੈ । ਬ੍ਰਾਹਮਣ ਖੱਤਰੀ ਆਦਿ ਉੱਚ ਵਰਣਾਂ ਵਿੱਚ ਵੀ ਸੰਗੀਤ ਦਾ ਪ੍ਰਚਾਰ ਸੀ । ਵੈਦਿਕ ਕਾਲ ਦੀ ਤਰ੍ਹਾਂ ਇਸ ਕਾਲ ਦੇ ਵਿੱਚ ਸੰਗੀਤ ਸ਼ਬਦ ਦੇ ਲਈ "ਸਿਲਫ" ਨਾਮ ਪ੍ਰਾਪਤ ਹੁੰਦਾ ਹੈ ।[2] ਸੰਗੀਤ ਦੀ ਜਿਹੜੀ ਪਰਿਭਾਸ਼ਾ ਦੇਖੀ ਜਾ ਚੁੱਕੀ ਹੈ ਉਸ ਰੂਪ ਵਿੱਚ ਉਹ ਇਸ ਕਾਲ ਵਿੱਚ ਵੀ ਪ੍ਰਾਪਤ ਹੁੰਦੀ ਹੈ । ਗਾਇਨ, ਵਾਦਨ ਅਤੇ ਨ੍ਰਿਤ ਦੇ ਨਾਲ-ਨਾਲ ਨਾਟਯ (ਨਾਟਕ) ਦਾ ਵੀ ਵਰਨਣ ਮਿਲਦਾ ਹੈ ਪ੍ਰੰਤੂ ਜਿਵੇਂ ਕਿ ਪੂਰਵ ਵਰਤੀ ਸਾਹਿਤ ਤੋਂ ਸਪਸ਼ਟ ਹੈ ਕਿ ਨਾਟਕ ਦਾ ਖੇਤਰ ਬੜਾ ਵਿਸਤਰਿਤ ਸੀ ਅਤੇ ਸੰਗੀਤ ਨੂੰ ਉਸ

---

1. ਧਰਮਾਵਤੀ ਸ੍ਰੀਵਾਸਤਵ (ਡਾ.) : <u>ਪ੍ਰਾਚੀਨ ਭਾਰਤ ਮੇਂ ਸੰਗੀਤ</u> ; ਪੰਨਾ 21.

2. -ਉਹੀ- ਪੰਨਾ 21.

ਦਾ ਇਕ ਅੰਗ ਮੰਨਿਆ ਜਾਂਦਾ ਸੀ । ਇਸ ਦਾ ਪ੍ਰਮਾਣ ਭਾਰਤ ਕ੍ਰਿਤ ਨਾਟਯ ਸ਼ਾਸਤਰ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ[1] ਜਿਸ ਦਾ ਵਰਨਣ ਅਸੀਂ ਇਸ ਅਧਿਆਏ ਵਿੱਚ ਕਰਾਂਗੇ । ਕੁਝ ਮੌਕਿਆਂ ਤੇ ਸੰਗੀਤ ਨੂੰ ਵਰਜਿਤ ਵੀ ਮੰਨਿਆ ਜਾਂਦਾ ਸੀ । ਜਿਵੇਂ ਅਧਿਐਨ ਕਾਲ ਅਤੇ ਵਰਤ ਆਦਿ ਕਾਲ ਵਿੱਚ । ਵਿਦਿਆਰਥੀ ਜਾਂ ਸਨਾਤਕ ਨੂੰ ਸੰਗੀਤ ਸੁਣਨਾ ਅਤੇ ਉਸ ਵਿੱਚ ਭਾਗ ਲੈਣਾ ਵਰਜਿਤ ਸੀ ਪਰੰਤੂ ਇਸ ਦੇ ਉਲਟ ਕੁਝ ਮੌਕਿਆਂ ਤੇ ਦੇਵ ਪੂਜਾ, ਆਵਰਤ ਜਾਂ ਦੇਵ ਉਤਸਵ ਦੇ ਸਮੇਂ ਇਹ ਪ੍ਰਤੀਬੰਧ ਨਹੀਂ ਸੀ । ਸਮਾਜ ਵਿੱਚ ਸੰਗੀਤ ਦੇ ਗਿਆਤਾ ਅਚਾਰੀਆ ਹੁੰਦੇ ਸਨ ਜਿਹੜੇ ਕਿ ਸੰਗੀਤ ਦੀ ਸਿਖਿਆ ਦਿੰਦੇ ਸਨ । ਉਸ ਕਾਲ ਵਿੱਚ ਸੰਗੀਤ ਦੀ ਗੁਰੂ ਸ਼ਿਸ਼ ਪਰੰਪਰਾ ਦਾ ਸੰਕੇਤ ਬੋਧਾਇਨ ਧਰਮ ਸੂਤਰ ਗ੍ਰੰਥ ਵਿਚੋਂ ਮਿਲਦਾ ਹੈ ।[2]

ਸੰਗੀਤ ਦਾ ਰਾਜਿਆਂ ਨਾਲ ਬੜਾ ਡੂੰਘਾ ਸੰਬੰਧ ਸੀ । ਰਾਜ ਕੁਮਾਰ ਸਿਧਾਰਥ ਨੇ ਗ੍ਰਿਹ ਤਿਆਗ ਤੋਂ ਪੂਰਵ ਰਾਤਰੀ ਨੂੰ ਸਮੁਪਨ ਗਾਇਨ ਵਾਦਨ ਦਾ ਸਰਵਣ ਕਰਕੇ ਹੀ ਆਪਣੇ ਗ੍ਰਿਹ ਨੂੰ ਤਿਆਗਿਆ । ਬੋਧੀ ਦੇ ਰਾਜਕੁਮਾਰ ਜੀਵਨ ਦੇ 16 ਵਰਸ਼ ਸੰਗੀਤ ਅਤੇ ਨਾਟਕ ਦਾ ਆਨੰਦ ਲੈਂਦੇ ਹੋਏ ਦੱਸੇ ਗਏ ਹਨ । ਰਾਜਿਆਂ ਦੀਆਂ ਪੁੱਤਰੀਆਂ ਕੁਮਾਰੀ ਸੰਗੀਤ ਦੀ ਸਾਧਨਾ ਕਰਦੀਆਂ ਸਨ ।[3]

ਵੈਦਿਕ ਕਾਲ ਤੋਂ ਜਦੋਂ ਅਸੀਂ ਅੱਗੇ ਵੱਧਦੇ ਹਾਂ ਤਾਂ ਸੰਗੀਤ ਦੀ ਤੀਜੀ ਧਾਰਾ

---

1. ਧਰਮਾਵਤੀ ਸ੍ਰੀਵਾਸਤਵ (ਡਾ.) : ਪ੍ਰਾਚੀਨ ਭਾਰਤ ਮੇਂ ਸੰਗੀਤ ; ਪੰਨਾ 21.
2. -ਉਹੀ- ਪੰਨਾ 35.
3. -ਉਹੀ- ਪੰਨਾ 44.

ਵੀ ਦ੍ਰਿਸ਼ਟੀਗੋਚਰ ਹੁੰਦੀ ਹੈ । ਇਸ ਧਾਰਾ ਨੂੰ ਅਸੀਂ ਲੋਕਿਕ ਧਾਰਾ ਦੇ ਰੂਪ ਵਿੱਚ ਸਪਸ਼ਟ ਕਰ ਸਕਦੇ ਹਾਂ । ਸੰਭਵ ਹੈ ਕਿ ਗੰਧਰਵ ਸੰਗੀਤ ਵੀ ਇਹ ਹੀ ਸੀ । ਕਿਉਂਕਿ ਇਸ ਪ੍ਰਸੰਗ ਵਿੱਚ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਗੰਧਰਵ ਨੂੰ ਹੀ ਬਾਅਦ ਵਿੱਚ ਮਾਰਗੀ ਸੰਗੀਤ ਪਰਾਏਵਾਚਿਕ ਮੰਨਿਆ ਗਿਆ ਸੀ । ਜੋ ਕਿ ਦੇਸੀ ਸੰਗੀਤ ਨਾਲੋਂ ਵੱਧ ਸੀ । ਸੰਗੀਤ ਦੀ ਲੋਕਿਕ ਧਾਰਾ ਨੂੰ ਜਾਤਕਾਂ ਦੇ ਸੰਗੀਤ ਵਿੱਚ ਭਲੀ ਭਾਂਤ ਦੇਖਿਆ ਜਾ ਸਕਦਾ ਹੈ । ਸੂਤਰ ਸਾਹਿਤ ਵਿੱਚ ਵੈਦਿਕ ਦੀਆਂ ਦੋ ਧਰਾਵਾਂ ਦਾ ਅਤੇ ਜਾਤਕ ਸਾਹਿਤ ਵਿੱਚ ਤਿੰਨ ਧਰਾਵਾਂ ਦਾ ਵਰਨਣ ਮਿਲਦਾ ਹੈ । ਪਾਣਨੀ ਦੇ ਅਸ਼ਟ ਅਧਿਆਏ ਵਿਆਕਰਣ ਗ੍ਰੰਥ ਵਿੱਚ ਵੀ ਕੁੱਝ ਸੰਕੇਤ ਉਪਰੋਕਤ ਸਬੰਧੀ ਉਪਲਬਧ ਹੁੰਦੇ ਹਨ ।

ਸੂਤਰ ਸਾਹਿਤ ਤੋਂ ਬਾਅਦ ਜਦੋਂ ਅਸੀਂ ਅੱਗੇ ਵੱਧਦੇ ਹਾਂ ਤਾਂ ਦੇਖਦੇ ਹਾਂ ਕਿ ਸਾਮਗਾਨ ਹੌਲੀ-ਹੌਲੀ ਘੱਟ ਰਿਹਾ ਸੀ ਅਤੇ ਸੰਗੀਤ ਦਾ ਪ੍ਰਯੋਗ ਕੇਵਲ ਕੁੱਝ ਹਵਨ ਯੱਗ ਸੰਸਕਾਰਾਂ ਤੱਕ ਸੀਮਤ ਹੋ ਚੁੱਕਿਆ ਸੀ । ਪ੍ਰੰਤੂ ਇਸ ਦੇ ਨਾਲ ਹੀ ਸੰਗੀਤ ਦਾ ਉਲੇਖ ਰਮਾਇਣ ਅਤੇ ਮਹਾਂਭਾਰਤ ਵਿੱਚ ਉਪਲਬਧ ਹੁੰਦਾ ਹੈ । ਜਿਸ ਤੋਂ ਇਹ ਪਤਾ ਚਲਦਾ ਹੈ ਕਿ ਸੰਗੀਤ ਦੀ ਲੋਕਿਕ ਧਾਰਾ ਇੰਨੀ ਪ੍ਰਬਲ ਹੋ ਰਹੀ ਸੀ ਕਿ ਲੱਗਭਗ ਸਾਰੀਆਂ ਹੀ ਉਪਲਬਧ ਸਾਮੱਗਰੀਆਂ ਵਿਚੋਂ ਇਸ ਧਾਰਾ ਦੇ ਸਬੂਤ ਪ੍ਰਾਪਤ ਕੀਤੇ ਜਾ ਸਕਦੇ ਹਨ । ਇਸ ਤੋਂ ਸਿੱਧ ਹੁੰਦਾ ਹੈ ਕਿ ਲੋਕਿਕ ਧਾਰਾ ਦਾ ਇਤਿਹਾਸਿਕ ਵਿਕਾਸ ਤੇਜੀ ਨਾਲ ਅੱਗੇ ਵੱਧ ਰਿਹਾ ਸੀ ਕਿਉਂਕਿ ਉਸ ਕਾਲ ਦੇ ਸਮਾਜਿਕ ਢਾਂਚੇ ਵਿੱਚ ਲੱਗਭਗ ਸਾਰੇ ਹੀ ਵਰਗਾਂ ਦਾ ਪ੍ਰਚਾਰ ਅਤੇ ਉਪਯੋਗ ਦੇਖਿਆ ਜਾ ਸਕਦਾ ਹੈ । ਕੋਟੱਲੇ ਨੇ ਆਪਣੇ ਅਰਥ ਸ਼ਾਸਤਰ ਵਿੱਚ ਸੰਗੀਤਕਾਰਾਂ ਦੇ ਰਾਜਨੀਤਕ ਉਪਯੋਗ ਦੀ ਚਰਚਾ ਵੀ ਕੀਤੀ ਹੈ । ਇਸ ਕਾਲ ਵਿੱਚ ਬੁਧ ਅਤੇ ਜੈਨ ਗ੍ਰੰਥ ਵਿੱਚ ਵੀ ਸੰਗੀਤ

ਸੰਬੰਧੀ ਜਾਣਕਾਰੀ ਮਿਲਦੀ ਹੈ । ਜਿਸ ਤੋਂ ਸੰਗੀਤ ਦੇ ਵਿਕਸਤ ਹੋਣ ਦੀ ਵੀ ਜਾਣਕਾਰੀ ਮਿਲਦੀ ਹੈ । ਉਸ ਕਾਲ ਵਿੱਚ ਸੰਗੀਤ ਦੇ ਪ੍ਰੀਭਾਸ਼ਕ ਸ਼ਬਦ ਵੀ ਮਿਲਦੇ ਹਨ ਜਿਨ੍ਹਾਂ ਦੀ ਸੰਖੇਪ ਵਿਆਖਿਆ ਨਾਟਯ ਸ਼ਾਸਤਰ ਵਿੱਚ ਵੀ ਉਪਲਬਧ ਹੈ । ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਸੰਗੀਤ ਦੀ ਲੌਕਿਕ ਧਾਰਾ ਦਾ ਦੇਸੀ ਸੰਗੀਤ ਕਿਸ ਪ੍ਰਕਾਰ ਹੌਲੀ-ਹੌਲੀ ਵਿਕਸਤ ਹੋ ਰਿਹਾ ਸੀ । ਭਰਤ ਨੇ ਜਾਤੀ ਗਾਇਨ ਦਾ ਹੀ ਵਿਕਸਤ ਰੂਪ ਗ੍ਰਾਮ ਰਾਗਾਂ ਅਤੇ ਦੇਸੀ ਰਾਗਾਂ ਦੇ ਵਿੱਚ ਮੰਨਿਆ ਹੈ ਜਿਸ ਦਾ ਉਲੇਖ ਇਸ ਅਧਿਆਏ ਵਿੱਚ ਅੱਗੇ ਕਰਾਂਗੇ । ਸੰਗੀਤ ਦੇ ਪ੍ਰਤੀ ਬੁੱਧ ਅਤੇ ਜੈਨ ਮੱਤ ਦਾ ਦ੍ਰਿਸ਼ਟੀਕੋਣ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ । ਉਹਨਾਂ ਨੇ ਸੰਗੀਤ ਨੂੰ ਮਨੋਰੰਜਨ ਦਾ ਸਾਧਨ ਨਾ ਮੰਨ ਕੇ ਇਸ ਨੂੰ ਮੁਕਤੀ ਸਾਧਨ ਸਵੀਕਾਰ ਕੀਤਾ ਹੈ ।

ਇਸ ਪ੍ਰਕਾਰ ਉਪਰੋਕਤ ਸੰਬੰਧ ਵਿੱਚ ਅਸੀਂ ਦੇਖਿਆ ਕਿ ਸੰਗੀਤ ਨੂੰ ਧਾਰਮਿਕ, ਸਮਾਜਿਕ, ਸਾਂਸਕ੍ਰਿਤਕ ਸ਼ਾਸਤਰਾਂ ਅਤੇ ਇਤਿਹਾਸਿਕ ਵਿਭਿੰਨ ਪਹਿਲੂਆਂ ਤੋਂ ਵੇਖਿਆ ਹੈ ਕਿ ਹੋਰ ਵਿਦਿਆਵਾਂ ਜਾਂ ਕਲਾਵਾਂ ਦੀ ਤਰ੍ਹਾਂ ਸੰਗੀਤ ਦਾ ਵੀ ਇਤਿਹਾਸਿਕ ਵਿਕਾਸ ਹੋਇਆ । ਵੱਖ-ਵੱਖ ਸਮਿਆਂ ਵਿੱਚ ਪ੍ਰੀਵਰਤਨ ਵੀ ਹੁੰਦੇ ਰਹੇ । ਮਹੱਤਵ-ਪੂਰਨ ਗੱਲ ਇਹ ਹੈ ਕਿ ਦੇਸੀ ਸੰਗੀਤ ਦਾ ਪ੍ਰਚਾਰ ਪੂਰੇ ਭਾਰਤ ਵਿੱਚ ਪ੍ਰਬਲ ਹੁੰਦਾ ਗਿਆ ਅਤੇ ਪ੍ਰਾਚੀਨ ਸੰਗੀਤ ਨੂੰ ਜਾਂ ਭਰਤ ਦੇ ਦੱਸੇ ਹੋਏ ਸੰਗੀਤ ਨੂੰ ਮਾਰਗੀ ਸੰਗੀਤ ਕਹਿ ਕੇ ਹੌਲੀ-ਹੌਲੀ ਛੱਡ ਦਿੱਤਾ ਗਿਆ ਅਤੇ ਉਸ ਦਾ ਦੇਸੀ ਰੂਪ ਵਿਕਸਤ ਰੂਪ ਵਿੱਚ ਪ੍ਰਚੱਲਤ ਹੋ ਗਿਆ । ਗੁਪਤ ਕਾਲ ਵਿੱਚ ਵੀ ਦੇਸੀ ਸੰਗੀਤ ਦੇ ਤੱਤਾਂ ਦਾ ਹਰ ਪੱਖ ਤੋਂ ਬੋਲਬਾਲਾ ਰਿਹਾ । ਇਸ ਲਈ ਸੁਭਾਵਿਕ ਸੀ ਕਿ ਸੰਪੂਰਨ ਭਾਰਤੀ ਸੰਗੀਤ, ਦੇਸੀ ਸੰਗੀਤ ਦੀ ਲੌਕਿਕ ਧਾਰਾ ਤੋਂ ਅਛੂਤਾ ਨਹੀਂ ਰਿਹਾ ।[1]

---

1. ਧਰਮਾਵਤੀ ਸ੍ਰੀਵਾਸਤਵ (ਡਾ.) : ਪ੍ਰਾਚੀਨ ਭਾਰਤ ਮੇਂ ਸੰਗੀਤ ; ਪੰਨਾ 298-300.

## ਨਾਟਯ ਸ਼ਾਸਤਰ : ਇਕ ਪਰਿਚਯ

ਭਰਤ ਦਾ ਲਿਖਤ "ਨਾਟਯ ਸ਼ਾਸਤਰ" ਗ੍ਰੰਥ ਨਾਟਯ ਅਤੇ ਸੰਗੀਤ ਦਾ ਆਧਾਰ ਗ੍ਰੰਥ ਹੈ । ਪ੍ਰਾਚੀਨ ਕਾਲ ਵਿੱਚ ਸੰਗੀਤ ਨਾਟਕ ਦਾ ਇੱਕ ਅੰਗ ਸੀ । ਇਸ ਲਈ ਨਾਟਕ ਸੰਬੰਧੀ ਚਰਚਾ ਕਰਦਿਆਂ ਸੰਗੀਤ ਦੇ ਬੁਨਿਆਦੀ ਸਿਧਾਂਤਾਂ ਦਾ ਵੀ ਵਰਨਣ ਕੀਤਾ ਹੈ । ਇਸ ਗ੍ਰੰਥ ਦੇ ਕੁਲ 28 ਤੋਂ 33ਵੇਂ ਅਧਿਆਇ ਤੱਕ ਸੰਗੀਤ ਦੇ ਸਿਧਾਂਤਾਂ ਸੰਬੰਧੀ ਚਰਚਾ ਕੀਤੀ ਗਈ ਹੈ । 28ਵੇਂ ਅਧਿਆਏ ਵਿੱਚ ਸੁਰ, ਸਰੁਤੀ, ਗਰਾਮ, ਮੂਰਛਨਾ, ਜਾਤੀ ਅਤੇ ਲਕਸ਼ਣ ਆਦਿ ਦਾ ਵਰਨਣ ਹੈ । 29ਵੇਂ ਅਧਿਆਏ ਵਿੱਚ ਜਾਤੀਆਂ ਦਾ ਰਸ ਪ੍ਰਯੋਗ, ਵਾਦਯ ਪ੍ਰਯੋਗ, ਸੁਰ ਵਰਣ, ਅਲੰਕਾਰ, ਗੀਤ ਅਲੰਕਾਰ, ਵਰਣ ਰਹਿਤ ਅਲੰਕਾਰ ਵੱਖ-ਵੱਖ ਵੀਣਾਵਾਂ ਅਤੇ ਉਨ੍ਹਾਂ ਦੀ ਵਾਦਨ ਵਿਧੀ ਆਦਿ ਵਿਸ਼ਿਆਂ ਤੇ ਚਰਚਾ ਮਿਲਦੀ ਹੈ । ਨਾਟਯ ਸ਼ਾਸਤਰ ਦੇ 28ਵੇਂ ਅਧਿਆਏ ਵਿੱਚ ਭਰਤ ਨੇ 7 ਸ਼ੁਧ ਅਤੇ 2 ਵਿਕਰਤ ਸੁਰ ਮੰਨੇ ਹਨ । ਅਰਥਾਤ ਨਾਟਯ ਸ਼ਾਸਤਰ ਕਾਲੀਨ ਸੱਤਾਂ ਸਵਰਾਂ ਦੇ ਨਾਮ ਸ਼ੜਜ, ਰਿਸ਼ਭ, ਗੰਧਾਰ, ਮੱਧਮ, ਪੰਚਮ, ਧੈਵਤ, ਨਿਸ਼ਾਦ ਅਤੇ ਵਿਕਰਤ ਸੁਰ ਅੰਤਰ, ਗੰਧਾਰ ਤੇ ਕਾਕਲੀ ਨਿਸ਼ਾਦ ਹਨ । ਇਨ੍ਹਾਂ ਸੁਰਾਂ ਨੂੰ 22 ਸਰੁਤੀਆਂ ਤੇ 'ਚਤੁਸ਼ਚਤੁਸ਼ ਚੈਵ' ਦੇ ਸਿਧਾਂਤ ਤੇ ਸਥਾਪਤ ਕੀਤਾ । ਭਰਤ ਨੂੰ ਵਾਦੀ, ਸਵਾਦੀ, ਅਨੁਵਾਦੀ ਸੁਰਾਂ ਦਾ ਪ੍ਰਯੋਗ ਵੀ ਕੀਤਾ ਹੈ । ਵਾਦੀ ਤੇ ਸਵਾਦੀ ਸੁਰ ਵਿੱਚ 9 ਜਾਂ 13 ਸਰੁਤੀ ਦਾ ਅੰਤਰ ਮੰਨਿਆ ਜਾਂਦਾ ਹੈ ਅਤੇ 2 ਸਰੁਤੀਆਂ ਤੇ ਵਿਵਾਦੀ ਸੁਰ ਮੰਨੇ ਜਾਂਦੇ ਹਨ ਤੇ ਬਾਕੀ ਸੁਰ ਅਨੁਵਾਦੀ ਸੁਰ ਹਨ । ਇਥੇ 9 ਸਰੁਤੀਆਂ ਦਾ ਅੰਤਰ ਸ਼ੜਜ ਮਧਿਅਮ ਅਤੇ 13 ਸਰੁਤੀਆਂ ਦਾ ਅੰਤਰ ਸ਼ੜਜ ਪੰਚਮ ਸੰਬੰਧ ਸਥਾਪਿਤ ਕਰਦਾ ਹੈ ।[1]

---

1. ਸਰਚੰਦ੍ਰ (ਡਾ.), ਸ੍ਰੀਧਰ ਪਰਾਂਜਪੇ : <u>ਭਾਰਤੀਯ ਸੰਗੀਤ ਕਾ ਇਤਿਹਾਸ</u>, ਪੰਨਾ 223.

ਭਰਤ ਨੇ 22 ਸਰੁਤੀਆਂ ਨੂੰ ਸਮਾਨ ਨਿਰਧਾਰਣ ਕਰਨ ਲਈ ਚਲ ਅਤੇ ਅਚਲ ਦੋ ਵੀਣਾਵਾਂ ਤੇ ਸਾਰਣਾ ਚਤੁਸ਼ਟਈ ਦਾ ਪ੍ਰਯੋਗ ਕੀਤਾ । ਇਸ ਚਲ ਵੀਣਾ ਦੇ ਪਰਦੇ ਆਪਣੀ ਥਾਂ ਤੋਂ ਉਚੇ ਨੀਵੇਂ ਕੀਤੇ ਜਾ ਸਕਦੇ ਹਨ ਪ੍ਰੰਤੂ ਅਚਲ ਵੀਣਾ ਦੇ ਪਰਦੇ ਸਥਿਰ ਸਨ । ਭਰਤ ਨੇ ਦੋਵੇਂ ਵੀਣਾਵਾਂ ਨੂੰ ਸ਼ੜਜ ਗ੍ਰਾਮਿਕ ਸੁਰ ਉਤੇ ਮਿਲਾਣ ਪਿਛੋਂ ਅਚਲ ਵੀਣਾ ਉਤੇ ਸੌ ਪੂਰਣ ਸਾਰਣਾ ਪ੍ਰਕ੍ਰਿਆ ਕੀਤੀ । ਇਸ ਵਿੱਚ ਭਰਤ ਨੇ ਮਧਿਅਮ ਗ੍ਰਾਮ ਨੂੰ 4 ਵਾਰ ਸ਼ੜਜ ਗਰਾਮ ਵਿੱਚ ਪ੍ਰੀਵਰਤਿਤ ਕੀਤਾ । ਉਸ ਦੇ ਇਸ ਪ੍ਰਯੋਗ ਦੁਆਰਾ ਪੰਚਮ ਸੁਰ ਨੂੰ ਇਕ ਸੁਰ ਹੇਠਾਂ ਕਰਨ ਤੇ ਮਧਿਅਮ ਗ੍ਰਾਮ ਬਣਿਆ । ਇਸ ਤਰ੍ਹਾਂ 22 ਸਰੁਤੀਆਂ ਦੀ ਸਥਾਪਨਾ ਕੀਤੀ ।

ਭਰਤ ਦੇ ਸਿਧਾਂਤ ਅਨੁਸਾਰ ਸੁਰਾਂ ਦਾ ਆਪਸੀ ਸੰਬੰਧ ਚਾਰ ਤਰ੍ਹਾਂ ਦਾ ਹੈ ; ਵਾਦੀ, ਸੰਵਾਦੀ, ਅਨੁਵਾਦੀ ਅਤੇ ਵਿਵਾਦੀ । ਵਾਦੀ ਸੁਰਾਂ 9 ਜਾਂ 13 ਸਰੁਤੀਆਂ ਦੇ ਅੰਤਰ ਉਤੇ ਸੰਵਾਦੀ ਸੁਰ ਹੁੰਦੇ ਹਨ । ਉਦਾਹਰਣ ਦੇ ਤੌਰ ਤੇ ਭਰਤ ਦੀ ਚੌਥੀ ਸਾਰਨਾ ਵਿੱਚ 'ਸ' ਅਤੇ ਤੇਰ੍ਹਵੀਂ ਸਰੁਤੀ ਤੇ 'ਮ' ਵਿੱਚ 9 ਸਰੁਤੀਆਂ ਦਾ ਅੰਤਰ ਹੈ ਅਤੇ ਸ਼ੜਜ ਪੰਚਮ ਵਿੱਚ 13 ਸਰੁਤੀਆਂ ਦਾ ਅੰਤਰਿਕ ਸੰਵਾਦ ਹੈ । ਭਰਤ ਨੇ 2 ਸਰੁਤੀਆਂ ਦੇ ਅੰਤਰ ਉਤੇ ਵਿਵਾਦੀ ਸੁਰ ਮੰਨੇ ਹਨ ਅਤੇ ਬਾਕੀ ਅਨੁਵਾਦੀ ਸੁਰ ਹਨ । ਇਸ ਤਰ੍ਹਾਂ ਭਰਤ ਨੇ 22 ਸਰੁਤੀਆਂ ਦੀ ਸਥਾਪਨਾ ਕੀਤੀ ।[1]

ਸੁਰਾਂ ਦੇ ਮੇਲ ਨੂੰ ਗ੍ਰਾਮ ਕਹਿੰਦੇ ਹਨ । ਭਰਤ ਨੇ ਦੋ ਗ੍ਰਾਮ ਸ਼ੜਜ ਅਤੇ ਮਧਿਅਮ ਗ੍ਰਾਮ ਦਾ ਉਲੇਖ ਕੀਤਾ ਹੈ । ਇਨ੍ਹਾਂ ਗ੍ਰਾਮਾਂ ਦੀ ਰਚਨਾ ਪੰਚਮ ਸੁਰਾਂ ਦੇ ਇਕ ਸ਼ਰੁਤੀ

---

1. ਯੋਗੇਂਦਰਪਾਲ ਸ਼ਰਮਾ : <u>ਭਾਰਤੀ ਸੰਗੀਤ ਦਾ ਇਤਿਹਾਸ</u> ; ਪੰਨਾ 25-26.

ਘੱਟ ਹੋ ਜਾਣ ਨਾਲ ਹੁੰਦੀ ਹੈ । ਮਧਿਅਮ ਗ੍ਰਾਮ ਵਿੱਚ ਪੰਚਮ ਇਕ ਸ਼ਰੁਤੀ ਘੱਟ ਹੈ ਅਰਥਾਤ ਮਧਿਅਮ ਗ੍ਰਾਮ ਵਿੱਚ ਪੰਚਮ ਦੀਆਂ ਤਿੰਨ ਸ਼ਰੁਤੀਆਂ ਅਤੇ ਸ਼ੜਜ ਗ੍ਰਾਮ ਵਿੱਚ ਪੰਚਮ ਦੀਆਂ ਚਾਰ ਸ਼ਰੁਤੀਆਂ ਪ੍ਰਯੋਗ ਹੁੰਦੀਆਂ ਹਨ । ਸ਼ੜਜ ਗ੍ਰਾਮਿਕ ਸਵਰ ਵਿਵਸਥਾ ਵਿੱਚ ਗੰਧਾਰ, ਨਿਸ਼ਾਦ ਕੋਮਲ ਅਤੇ ਬਾਕੀ ਸੁਰ ਸ਼ੁੱਧ ਹਨ ਜੋ ਆਧੁਨਿਕ ਕਾਫੀ ਥਾਟ ਸਮਾਨ ਹੈ । ਗੰਧਾਰ ਗ੍ਰਾਮ ਦਾ ਭਰਤ ਨੇ ਉਲੇਖ ਨਹੀਂ ਕੀਤਾ ।[1]

ਭਰਤ ਨੇ ਸੁਰਾਂ ਦੇ ਕ੍ਰਮਵਾਰ ਸਮੂਹ ਨੂੰ ਮੂਰਛਨਾ ਕਿਹਾ ਹੈ । ਇਹ ਮੂਰਛਨਾ ਵੈਦਿਕ ਪੱਧਤੀ ਦੇ ਅਨੁਸਾਰ ਅਵਰੋਹੀ ਕਰਮ ਦੀਆਂ ਹਨ । ਉਕਤ ਵਰਣਿਤ ਦੋ ਗ੍ਰਾਮਾਂ ਤੋਂ ਸੱਤ-ਸੱਤ ਮੂਰਛਨਾਵਾਂ ਦੀ ਰਚਨਾ ਕਰਕੇ ਕੁਲ 14 ਮੂਰਛਨਾਵਾਂ ਮੰਨੀਆਂ । ਇਨ੍ਹਾਂ ਮੂਰਛਨਾਵਾਂ ਦੇ ਚਾਰ ਭੇਦਾਂ ਅਨੁਸਾਰ ਕੁਲ ਗਿਣਤੀ 56 ਹੋ ਜਾਂਦੀ ਹੈ । ਇਨ੍ਹਾਂ ਮੂਰਛਨਾਵਾਂ ਦਾ ਆਰੰਭ ਮਧਿਅਮ ਤੋਂ ਸ਼ੁਰੂ ਕੀਤਾ ਜਿਸ ਤੋਂ ਤਿੰਨਾਂ ਸਪਤਕਾਂ ਦੀ ਸਿੱਧੀ ਹੁੰਦੀ ਹੈ । ਸ਼ੜਜ ਗ੍ਰਾਮ ਵਿੱਚ ਸ਼ੜਜ ਨੂੰ ਮਧਿਅਮ ਦਾ ਸਥਾਨ ਪ੍ਰਾਪਤ ਹੈ ਜਦੋਂ ਕਿ ਮਧਿਅਮ ਗ੍ਰਾਮ ਵਿੱਚ ਨਹੀਂ ਪ੍ਰੰਤੂ ਆਧੁਨਿਕ ਸ਼ੁਧ ਸਵਰ ਸਪਤਕ ਦਾ ਸ਼ੜਜ ਭਰਤ ਦਾ ਮਧਿਅਮ ਸੁਰ ਹੈ ।

ਭਰਤ ਨੇ ਜਾਤੀ ਦੀ ਸੰਖਿਆ ਤੇਸ ਨੂੰ ਦਿੱਤੀ ਜਿਸ ਵਸ਼ਿਸ਼ਟ ਸੁਰ ਸਮੂਹ ਵਿੱਚ ਰੰਜਕਤਾ ਪ੍ਰਦਾਨ ਕਰਨ ਹਿੱਤ ਗ੍ਰਹਿ, ਅੰਸ਼, ਤਾਰ, ਮੰਦਰ, ਔੜਵਤ, ਸ਼ਾੜਵਤ, ਅਲਪਤਵ, ਬਹੁਤਵ, ਨਿਆਸ, ਅਪਨਿਆਸ ਇਹ ਦੱਸ ਲੱਛਣ ਮੌਜੂਦ ਹੋਣ । ਭਰਤ ਨੇ 18 ਜਾਤੀਆਂ

---

1. ਜੋਗੇਂਦਰਪਾਲ ਸ਼ਰਮਾ: ਭਾਰਤੀਯ ਸੰਗੀਤ ਦਾ ਇਤਿਹਾਸ ; ਪੰਨਾ 26.

ਮੰਨੀਆਂ ਹਨ ਜਿਨ੍ਹਾਂ ਵਿੱਚ 7 ਸ਼ੁਧ ਅਤੇ 11 ਵਿਕ੍ਰਤ ਜਾਤੀਆਂ ਹਨ । ਇਨ੍ਹਾਂ ਜਾਤੀਆਂ ਤੋਂ ਇਲਾਵਾ ਭਰਤ ਨੇ ਆਪਣੇ ਸਮੇਂ ਪ੍ਰਚਲਿਤ ਵੀਣਾ ਦੇ ਕਈ ਪ੍ਰਕਾਰਾਂ ਦਾ ਵਰਣਨ ਕੀਤਾ ਜਿਵੇਂ ਚਿਤਰਾ, ਵਿਪੰਚੀ, ਕਛਪੀ, ਘੋਸ਼ਵ, ਕੋਕਿਲਾ ਆਦਿ ।

ਦੱਤਿਲਮ ਗ੍ਰੰਥ : ਇਕ ਪਰਿਚਯ

ਇਸ ਗ੍ਰੰਥ ਦੀ ਰਚਨਾ ਭਰਤ ਦੇ ਪੁੱਤਰ ਦੱਤਿਲ ਦੁਆਰਾ ਮੰਨੀ ਜਾਂਦੀ ਹੈ । ਇਹ ਗ੍ਰੰਥ ਅਕਾਰ ਵਿੱਚ ਬਹੁਤ ਛੋਟਾ ਹੈ ਪਰ ਇਸ ਵਿੱਚ ਉਸ ਸਮੇਂ ਪ੍ਰਚਲਿਤ ਸੰਗੀਤ ਦੇ ਸਮੂਹ ਤਕਨੀਕੀ ਸ਼ਬਦਾਂ ਬਾਰੇ ਜਾਣਕਾਰੀ ਮਿਲਦੀ ਹੈ । ਇਹ ਗ੍ਰੰਥ ਪੂਰਨ ਸ਼ਲੋਕਬੱਧ ਹੈ । ਇਸ ਵਿੱਚ 7 ਸੁਰ, ਦੋ ਗ੍ਰਾਮ, 22 ਸ਼ਰੁਤੀਆਂ, 18 ਜਾਤੀਆਂ ਅਤੇ ਉਨ੍ਹਾਂ ਦੇ ਨਾਮ, ਅਲੰਕਾਰ, ਵਰਣ, ਗਮਕ, ਤਾਲ ਅਤੇ ਲੈਅ ਆਦਿ ਵਿਸ਼ਿਆਂ ਤੇ ਚਰਚਾ ਕੀਤੀ ਗਈ ਹੈ । ਦੱਤਿਲ ਨੇ ਆਪਣੇ ਗ੍ਰੰਥ ਵਿੱਚ ਨਾਰ ਕੋਹਲ, ਵਿਸਾਪਲ ਵਰਗੇ ਵਿਦਵਾਨਾਂ ਦਾ ਜ਼ਿਕਰ ਵੀ ਕੀਤਾ ਹੈ । ਨਾਟਯ ਸ਼ਾਸਤਰ ਤੇ ਦੱਤਿਲਮ ਤੋਂ ਇਲਾਵਾ ਕੋਹਲਮ ਨੇ ਆਪਣੇ ਗ੍ਰੰਥ ਦੀ ਰਚਨਾ ਕੀਤੀ । ਇਸ ਵਿੱਚ ਕੋਹਲ ਨੇ ਨਾਟਯ ਸ਼ਾਸਤਰ ਨੂੰ ਆਪਣੇ ਗੰਭੀਰ ਅਧਿਐਨ ਅਤੇ ਚਿੰਤਨ ਉਪਰੰਤ ਭਰਤ ਦੇ ਸਿਧਾਂਤਾਂ ਨੂੰ ਵਿਸਤਰਿਤ ਵਿਆਖਿਆ ਸਹਿਤ ਪ੍ਰਸਤੁਤ ਕੀਤਾ ਹੈ । ਜੋਹਲ ਦੇ ਹੋਰ ਗ੍ਰੰਥ 'ਕੋਹਲ ਮੰਤਮ', 'ਕੋਹਲ ਰਹਸਿਅਮ', 'ਕੋਹਲਾਨੁਯਾਈ' ਵੀ ਉਪਲਬਧ ਹੁੰਦੇ ਹਨ ਪਰ ਇਨ੍ਹਾਂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਪਾਇਆ ਜਾਂਦਾ ਹੈ ।

ਜਾਤੀ ਗਾਇਨ ਤੋਂ ਬਾਅਦ ਰਾਗ ਗਾਇਨ ਪ੍ਰਚਾਰ ਵਿੱਚ ਆਇਆ । ਰਾਗ ਸ਼ਬਦ ਦਾ ਰਜਨਤਾ ਲਈ ਪ੍ਰਯੋਗ ਅਤੇ ਇਸ ਦੀ ਪਰਿਭਾਸ਼ਾ ਸਭ ਤੋਂ ਪਹਿਲਾਂ ਮਤੰਗ

ਮੁਨੀ ਦੇ ਗ੍ਰੰਥ 'ਬ੍ਰਹਦਦੇਸੀ' ਵਿੱਚ ਮਿਲਦੀ ਹੈ ।

## ਬ੍ਰਹਦਦੇਸੀ ਗ੍ਰੰਥ : ਇਕ ਪਰਿਚਯ

ਕਵੀ ਮਤੰਗ ਦੀ ਰਚਨਾ 'ਬ੍ਰਹਦਦੇਸੀ' ਇਕ ਤਰ੍ਹਾਂ ਭਾਰਤੀ ਸੰਗੀਤ ਦੀ ਪਹਿਲੀ ਸ਼ਾਸਤਰੀ ਰਚਨਾ ਆਖੀ ਜਾ ਸਕਦੀ ਹੈ ਜਿਸ ਵਿੱਚ ਮਤੰਗ ਨੇ ਕਸ਼੍ਵ, ਨੰਦੀ, ਕੋਹਲ, ਦੁਰਗਾ, ਸ਼ਕਤੀ, ਦਤਿੱਲ, ਸਾਰਦੂਲ, ਵਿਸ਼ਵਾਸੂ ਆਦਿ ਆਚਾਰੀਆਂ ਦਾ ਪਰਿਚਯ ਦਿੱਤਾ ਹੈ ਮਤੰਗ ਨੇ ਭਰਤ ਦੇ ਗ੍ਰੰਥ ਤੋਂ ਕਈ ਗੱਲਾਂ ਅੱਲਗ ਹੋ ਕੇ ਆਪਣੇ ਗ੍ਰੰਥ ਵਿੱਚ ਲਿਖੀਆਂ ਹਨ ਜਿਵੇਂ ; ਗੰਧਾਰ ਗ੍ਰਾਮ ਦਾ ਉਲੇਖ, ਸੱਤ-ਸੁਰੀਆਂ ਮੂਰਛਨਾਵਾਂ ਦੇ ਨਾਲ ਬਾਰ੍ਹਾਂ-ਸੁਰੀਆਂ ਮੂਰਛਨਾਵਾਂ, ਚੁਰਾਸੀ ਮੂਰਛਨਾ ਤਾਨਾਂ ਦੇ ਸੰਬੰਧ ਯੱਗਾਂ ਦੇ ਨਾਵਾਂ ਨਾਲ ਜੋੜਨਾ, ਜਾਤੀਆਂ ਦੀਆਂ ਮੂਰਛਨਾਵਾਂ ਦਾ ਵਰਨਣ, ਰਾਗ ਅਧਿਆਏ ਅਤੇ ਉਸ ਵਿੱਚ ਦੇਸੀ ਰਾਗਾਂ ਦਾ ਜ਼ਿਕਰ ਪ੍ਰਬੰਧ ਅਧਿਆਏ ਵਿੱਚ ਨਾਟਕ ਦੀਆਂ 27 ਧ੍ਰੁਵਾਵਾਂ ਦੀ ਜਾਂ ਸੰਗੀਤ ਦੀਆਂ ਸੁਤੰਤਰ ਬੰਦਿਸ਼ਾਂ (ਪ੍ਰਬੰਧਾਂ) ਦੀ ਵਰਤੋਂ ਆਦਿ ।

ਸੁਰ ਬਾਰੇ ਵਿਆਖਿਆ ਕਰਦੇ ਸਮੇਂ ਵਾਦੀ, ਸੰਵਾਦੀ, ਅਨੁਵਾਦੀ, ਵਿਵਾਦੀ, ਸੁਰਕੁਲ ਅਤੇ ਦੇਵਤਾ, ਸਪਤ ਸਵਰਾਂ ਦੀ 12 ਮੂਰਛਨਾ ਵਿਧੀ, ਮੂਰਛਨਾ ਅਤੇ ਤਾਨ ਵਿੱਚ ਅੰਤਰ ਤੋਂ ਇਲਾਵਾ ਜਾਤੀ ਗਾਇਨ ਵਿਧੀ, ਲੱਛਣਾਂ ਬਾਰੇ ਵਿਵਰਣ ਹੈ । ਗਾਇਨ ਬਾਰੇ ਚਰਚਾ ਦੇ ਨਾਲ-ਨਾਲ 'ਰਾਗ' ਦੀ ਪਰਿਭਾਸ਼ਾ ਦੇਂਦਿਆਂ ਮਤੰਗ ਨੇ ਲਿਖਿਆ ਹੈ ਕਿ ਰਾਗ ਜਾਤੀ ਦਾ ਹੀ ਵਿਕਸਤ ਰੂਪ ਹੈ । ਜਾਤੀ ਦੇ ਲੱਛਣ ਹੀ ਵਿਕਸਤ ਹੋ ਕੇ ਰਾਗ ਦੇ ਲੱਛਣ ਬਣੇ । ਮਤੰਗ ਨੇ ਇਨ੍ਹਾਂ ਰਾਗਾਂ ਦਾ ਵਰਗੀਕਰਨ ਗਰਾਮ ਰਾਗ, ਦੇਸੀ ਰਾਗ ਵਿੱਚ ਕੀਤਾ

ਅਤੇ ਇਨ੍ਹਾਂ ਸਾਰੇ ਰਾਗਾਂ ਦਾ ਵਿਭਾਜਨ ਪੰਜ ਰੀਤੀਆਂ ਸ਼ੁੱਧਾ, ਭਿੰਨਾ, ਗੌੜੀ, ਬੇਸਰਾ, ਸਾਧਾਰਣੀ, ਦੇ ਅੰਤਰਗਤ ਕੀਤਾ । ਪਹਿਲੀਆਂ ਤਿੰਨ ਰੀਤੀਆਂ ਨੂੰ ਪੁਰਸ਼ਵਾਚੀ ਅਤੇ ਪਿਛਲੀਆਂ ਦੋ ਨੂੰ ਇਸਤਰੀਵਾਚੀ ਕਿਹਾ ਹੈ ।[1]

ਮਤੰਗ ਨੇ ਸ਼ਰੁਤੀ ਦੇ ਬਾਰੇ ਬ੍ਰਿਹਦਦੇਸੀ ਵਿੱਚ ਲਿਖਿਆ ਹੈ ਕਿ 'ਸ਼੍ਰੂ' ਧਾਤੂ ਸਰਵਣ ਅਰਥਕ ਹੁੰਦਾ ਹੈ । ਇਸ ਵਿੱਚ ਤਿੰਨ ਪ੍ਰਤਿਆਵਾਂ ਲਗਾਉਣ ਨਾਲ ਸਰੁਤੀ ਸਵਰ ਬਣਦਾ ਹੈ । ਸਰੁਤੀ ਦੇ ਤਿੰਨ ਭੇਦ ਹੁੰਦੇ ਹਨ :-

ਮੰਦਰ-ਸਥਾਨ ਗਤ ਸਰੁਤੀ;

ਤਾਰ ਸਥਾਨ ਗਤ ਸਰੁਤੀ ਅਤੇ

ਮੱਧਯ ਸਥਾਨ ਗਤ ਸਰੁਤੀ

ਸਰੁਤੀ ਦੀ ਸੰਖਿਆ ਬਾਰੇ ਮਤੰਗ ਮੁਨੀ ਨੇ ਕੋਹਲ ਦੁਆਰਾ ਪ੍ਰਸਤੁਤ 66 ਸਰੁਤੀਆਂ ਦਾ ਉਲੇਖ ਕੀਤਾ ਹੈ । ਸ਼ਰੁਤੀ ਬਾਰੇ ਗ੍ਰੰਥਕਾਰਾਂ ਦੇ ਅੱਲਗ-ਅੱਲਗ ਵਿਚਾਰ ਹਨ । ਕੁਝ ਅਨੰਤ ਸਰੁਤੀਆਂ ਮੰਨਦੇ ਹਨ, ਕੁਝ 66 ਅਤੇ ਕੁਝ ਵਿਦਵਾਨ 22 ਹੀ ਮੰਨਦੇ ਹਨ । ਮਤੰਗ ਨੇ ਵੀ ਸੰਗੀਤ ਉਪਯੋਗੀ 22 ਸਰੁਤੀਆਂ ਹੀ ਮੰਨੀਆਂ ਹਨ । ਮਤੰਗ ਨੇ ਸ਼ਰੁਤੀ ਦੀਆਂ ਜਾਤੀਆਂ ਦਾ ਆਪਣੇ ਗ੍ਰੰਥ ਵਿੱਚ ਕੋਈ ਉਲੇਖ ਨਹੀਂ ਕੀਤਾ ।

ਮੂਰਛਨਾ :

ਮਤੰਗ ਮੁਨੀ ਨੇ ਮੂਰਛਨਾ ਦਾ ਰੂਪ ਵੀ ਮੱਧਯ ਸਪਤਕ ਤੋਂ ਸ਼ੁਰੂ ਕਰਨ ਦੇ ਲਈ

---

1. ਮਤੰਗ ਮੁਨੀ : ਬ੍ਰਿਹਦਦੇਸੀ ; ਪੰਨਾ 22.

ਕਿਹਾ ਹੈ । ਭਰਤ ਦੇ ਮਧਿਆਮ ਸਵਰ ਅਤੇ ਮਤੰਗ ਦਾ ਮੱਧ ਸਪਤਕ ਇਨ੍ਹਾਂ ਦੋਨਾਂ ਦਾ ਸੂਖਮ ਭੇਦ ਜ਼ਰੂਰੀ ਹੈ ਪਰ ਦੋਵਾਂ ਦਾ ਮਤਲਬ ਇੱਕ ਹੀ ਹੈ । ਤੀਨਾਂ ਦਾ ਮਧਿਅਮ ਦਾ ਪਰਦਾ ਇੱਥੇ ਇਕ ਹੀ ਤਾਰ ਤੋਂ ਮੰਦਰ, ਮੱਧਮ ਅਤੇ ਤਾਰ ਇਨ੍ਹਾਂ ਤਿੰਨਾਂ ਸਥਾਨਾਂ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਮੂਰਛਨਾ ਦਾ ਪ੍ਰਯੋਗ ਆਸਾਨੀ ਤੋਂ ਹੁੰਦਾ ਹੈ । ਮੂਰਛਨਾ 21 ਹੁੰਦੀਆਂ ਹਨ; 7 ਮੰਦਰ, 7 ਮੱਧਮ ਅਤੇ 7 ਤਾਰ ।[1] 'ਬ੍ਰਹਦਦੇਸੀ' ਵਿੱਚ ਸੰਗੀਤ ਸੰਬੰਧੀ ਉਪਰੋਕਤ ਸਮੱਗਰੀ ਦੀ ਵਿਸ਼ੇਸ਼ ਜਾਣਕਾਰੀ ਖਾਸ ਕਰਕੇ ਰਾਗਾਂ ਬਾਰੇ ਉਲੇਖ, ਰਾਗਾਂ ਦਾ ਵਰਗੀਕਰਣ ਵਿਸਥਾਰ ਪੂਰਵਕ ਮਿਲਦਾ ਹੈ । ਇਸ ਲਈ ਸੰਗੀਤ ਸ਼ਾਸਤਰ ਦੇ ਖੇਤਰ ਵਿੱਚ 'ਬ੍ਰਹਦਦੇਸੀ' ਆਪਣਾ ਇਕ ਮਹੱਤਵਪੂਰਨ ਸਥਾਨ ਰੱਖਦਾ ਹੈ ।

## ਸੰਗੀਤ ਰਤਨਾਕਰ : ਇਕ ਪਰਿਚਯ

ਸਾਰੰਗਦੇਵ ਨੇ ਸੰਗੀਤ ਸੰਬੰਧੀ ਇਕ ਗ੍ਰੰਥ ਦੀ ਰਚਨਾ ਕੀਤੀ ਜਿਸ ਨੂੰ "ਸੰਗੀਤ ਰਤਨਾਕਰ" ਕਿਹਾ ਜਾਂਦਾ ਹੈ । ਇਹ ਗ੍ਰੰਥ ਸੰਗੀਤ ਦੇ ਲੱਗਭਗ ਸਾਰੇ ਅੰਗਾਂ ਸੰਬੰਧੀ ਚਰਚਾ ਕਰਦਾ ਹੈ । ਉੱਤਰੀ ਅਤੇ ਦੱਖਣੀ ਭਾਰਤੀ ਸੰਗੀਤ ਦੇ ਵਿਦਵਾਨ ਇਸ ਗ੍ਰੰਥ ਨੂੰ ਸੰਗੀਤ ਦਾ ਆਧਾਰ ਮੰਨਦੇ ਹਨ । ਇਸ ਗ੍ਰੰਥ ਨੂੰ ਸੂਤਰ ਸ਼ੈਲੀ ਵਿੱਚ ਲਿਖਿਆ ਗਿਆ ਹੈ । ਇਸ ਦੇ ਕੁਲ ਸੱਤ ਅਧਿਆਏ ਹਨ ਜਿਨ੍ਹਾਂ ਵਿੱਚ ਸੰਗੀਤ ਕਲਾ ਦੇ ਸੱਤਾਂ ਪੱਖਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ ਗਿਆ ਹੈ । ਸਭ ਤੋਂ ਪਹਿਲਾਂ ਸਵਰ ਅਧਿਆਏ ਵਿੱਚ ਨਾਦ, ਸਥਾਨ ਸ਼ਰੁਤੀ,

---

1. ਗੁਰਨਾਮ ਸਿੰਘ (ਡਾ.) : ਸੰਗੀਤ ਨਿਬੰਧਾਵਲੀ ; ਪੰਜਾਬੀ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਪੰਨਾ 126.

ਸਪਤਕ, ਜਾਤੀ, ਕੁਲ ਦੇਵਤਾ ਰਿਸ਼ੀ, ਛੰਦ, ਰਸ ਗ੍ਰਾਮ, ਮੂਰਛਨਾ, ਤਾਨ ਸ੍ਵਰ ਸਾਧਨਾ ਅਤੇ ਜਾਤੀ ਸਾਧਾਰਣ, ਵਰਣ, ਅਲੰਕਾਰ, ਗੀਤੀਆਂ ਦੀ ਪੂਰੀ ਵਿਆਖਿਆ ਕੀਤੀ ਹੋਈ ਹੈ। ਸਾਰੰਗਦੇਵ ਨੇ ਸੱਤ ਸ਼ੁੱਧ ਅਤੇ ਪੰਜ ਵਿਕਰਤ ਸ਼ੁੱਧਾ, ਭਿੰਨਾ, ਗੌੜੀ, ਬੇਸਰਾ, ਸਾਧਾਰਣੀ ਨਾਮ ਸ਼ੈਲੀਆਂ ਦੇ ਲੱਛਣ ਦੱਸੇ ਹਨ।[1]

ਇਸ ਵਿੱਚ ਗ੍ਰਾਮ ਰਾਗ ਤੇ ਉਹਨਾਂ ਦੇ ਵਿਭਾਗ, ਉਪ ਰਾਗ, ਰਾਗ ਦੀ ਭਾਸ਼ਾ ਵਿਭਾਸ਼ਾ, ਅੰਤਰ ਭਾਸ਼ਾ, ਅੰਗ ਜਨ ਰਾਗਾਂ ਦੇ ਲੱਛਣਾਂ ਤੇ ਚਾਨਣਾ ਪਾਇਆ ਗਿਆ ਹੈ। ਇਹਨਾਂ ਦੇ ਨਾਲ ਹੀ ਰਾਗਾਂਗ, ਭਾਸ਼ਾਂਗ ਦੇਸੀ ਅਤੇ ਪ੍ਰਸਿੱਧ ਰਾਗਾਂ ਦੇ ਨਾਵਾਂ ਦੀ ਜਾਣਕਾਰੀ ਦਿੱਤੀ ਹੈ।

ਤੀਜੇ ਅਧਿਆਏ ਵਿੱਚ ਵਾਗਿਆਕਾਰ ਦੇ ਲੱਛਣ, ਗੀਤ ਦੇ ਗੁਣ ਔਗੁਣ, ਗਾਇਕ ਦੇ ਲੱਛਣ, ਗਾਇਕ ਦੇ ਗੁਣ ਦੋਸ਼, ਗਮਕ, ਸਥਾਈ, ਅਲਾਪਤੀ, ਰਾਗ-ਰਾਗਲਿਪੀ ਦਾ ਪੂਰਾ ਅਧਿਐਨ ਕੀਤਾ ਗਿਆ ਹੈ।

ਚੌਥੇ ਅਧਿਆਏ ਵਿੱਚ ਗੰਧਾਰ ਗਾਨ ਅਤੇ ਉਸ ਦੇ ਨਿਬੰਧ, ਅਨਿਬੱਧ ਆਦਿ ਦੇ ਭੇਦ, ਧਾਤੂ ਪ੍ਰਬੰਧ ਦੀਆਂ 75 ਭਾਂਤਾਂ, ਜਾਤੀ ਦੇ ਪੰਚ-ਵਿਧੀ ਰੂਪ ਦੇ ਦਰਸ਼ਨ ਕਰਵਾਏ ਗਏ ਹਨ।

ਛੇਵੇਂ ਅਧਿਆਏ ਵਿੱਚ 121 ਤਾਲਾਂ ਦਾ ਵੇਰਵਾ ਹੈ ਜਿਸ ਵਿੱਚ ਤੱਤ, ਵਿਤੱਤ,

---

1. ਆਚਾਰੀਆ ਬ੍ਰਿਹਸਪਤਿ : ਸੰਗੀਤ ਰਤਨਾਕਰ (ਸੁਰ ਅਧਿਆਏ) ; ਪੰਨਾ 3.

ਸੁਸ਼ਿਰ, ਅਵਨੱਧ ਅਤੇ ਘਣ ਵਾਦਿਆਂ ਦਾ ਪਰਿਚਯ ਅਤੇ ਉਹਨਾਂ ਦੀ ਵਜਾਉਣ ਵਿਧੀ ਦੱਸੀ ਗਈ ਹੈ। ਉਹਨਾਂ ਵਾਜਿਆਂ ਦੇ ਗੁਣ-ਦੋਸ਼ਾਂ ਵੱਲ ਵੀ ਸੰਕੇਤ ਕੀਤੇ ਗਏ ਹਨ।

ਸੱਤਵੇਂ ਅਧਿਆਏ ਵਿੱਚ ਨਾਚ ਅਤੇ ਨ੍ਰਿਤ ਦੀ ਪੂਰਨ ਵਿਆਖਿਆ ਕੀਤੀ ਗਈ ਹੈ। ਸ਼ਰੀਰ ਦੇ ਵੱਖ-ਵੱਖ ਅੰਗਾਂ ਦੀਆਂ ਅਦਾਵਾਂ ਤੇ ਪੂਰੀ ਰੌਸ਼ਨੀ ਪਾਈ ਗਈ ਹੈ। ਇਉਂ ਇਹ ਗ੍ਰੰਥ ਗੀਤ, ਨਿਰਤ, ਵਾਦਨ ਦਾ ਤ੍ਰਿਬੇਣੀ-ਸੰਗਮ ਹੈ। ਸੰਗੀਤ ਦੇ ਵਿਸ਼ੇ ਉਤੇ ਲਿਖਿਆ ਹੋਇਆ ਇਹ ਬਹੁਮੁੱਲਾ ਗ੍ਰੰਥ ਹੈ। ਆਚਾਰੀਆ ਬ੍ਰਹਸਪਤੀ ਅਤੇ ਪੀ. ਸੰਬਾਮੂਰਤੀ ਵਿਦਵਾਨ ਪੰ: ਸਾਰੰਗਦੇਵ ਦਾ ਸਮਾਂ 13ਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਮੰਨਦੇ ਹਨ ਕਿਉਂਕਿ ਸਾਰੰਗਦੇਵ ਉਸ ਯੁੱਗ ਦੇ ਆਚਾਰੀਆ ਸਨ।[1]

<u>ਮੱਧਕਾਲ ਪੂਰਵ ਸੰਗੀਤ ਕਲਾ ਦੀ ਸਥਿਤੀ</u> :

ਹੋਰ ਕਲਾਵਾਂ ਦੇ ਸਮਾਨ ਸੰਗੀਤ ਕਲਾ ਦਾ ਆਰੰਭ ਵੀ ਭਾਰਤ ਦੇ ਅਤਿ ਪ੍ਰਾਚੀਨ ਕਾਲ ਵਿੱਚ ਹੋਇਆ। ਪ੍ਰਾਚੀਨ ਵੈਦ ਕਥਾਵਾਂ ਦੇ ਅਨੁਸਾਰ ਤਾਂ ਇਸ ਦਾ ਵਿਕਾਸ ਗੰਧਰਵ ਦੁਆਰਾ ਹੋਇਆ। ਇਸੇ ਕਾਰਨ ਹੀ ਇਸ ਨੂੰ ਗੰਧਰਵ ਵਿਦਿਆ ਜਾਂ ਗੰਧਰਵ ਵੇਦ ਵੀ ਕਿਹਾ ਜਾਂਦਾ ਹੈ।[2] ਮੱਧ ਯੁੱਗ ਤੋਂ ਪਹਿਲਾਂ ਸੰਗੀਤ ਆਪਣੀ ਚਰਮ ਸੀਮਾ ਤੇ ਸੀ। ਮੱਧ ਯੁੱਗ ਦੇ ਰਾਜਾ ਕਲਾ ਪ੍ਰੇਮੀ ਸਨ। ਉਹਨਾਂ ਨੇ ਲਲਿਤ ਕਲਾ ਦੇ ਵਿਕਾਸ ਵਿੱਚ ਪੂਰਾ ਪੂਰਾ ਧਿਆਨ ਦਿੱਤਾ। ਖੁਦ ਵੀ ਰਾਜਾ ਲੋਕ ਕਲਾਵਾਂ ਦਾ ਅਭਿਆਸ ਕਰਦੇ ਸਨ। ਇਹ ਹੀ

---

1. P-SubaMurti : <u>History of Indian Music Madrar 1960</u> ; p.3.

2. Radha Krishan (Dr.) : <u>The Culture Heritage of India</u> (Part III) page 566-68.

ਨਹੀਂ ਇਸ ਤੋਂ ਵੀ ਪਹਿਲਾਂ ਪੂਰਵ ਪ੍ਰਾਚੀਨ ਕਾਲ ਦੇ ਗੁਪਤ ਵੰਸ਼ੀ ਰਾਜਾ ਸਮੁੰਦਰ ਗੁਪਤ ਦੇ ਇਲਾਹਾਬਾਦ ਵਾਲੇ ਸ਼ਿਲਾ ਲੇਖਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਉਹ ਖੁਦ ਇਕ ਪ੍ਰਵੀਨ ਗਾਇਕ ਸੀ ਜਿਸ ਨੇ ਨਾਰਦ ਅਤੇ ਤੂੰਬਰ ਨੂੰ ਵੀ ਨੀਵਾਂ ਦਿਖਾ ਦਿੱਤਾ ਸੀ ।[1] ਸਮੁੰਦਰ ਗੁਪਤ ਦੇ ਕੁਝ ਇਸ ਤਰ੍ਹਾਂ ਦੇ ਸਿੱਕੇ ਵੀ ਮਿਲੇ ਹਨ ਜਿਨ੍ਹਾਂ ਵਿੱਚ ਉਸ ਨੂੰ ਵਜਾਉਂਦਾ ਹੋਇਆ ਅੰਕਿਤ ਕੀਤਾ ਗਿਆ ਹੈ ।[2]

ਪ੍ਰਾਚੀਨ ਸੰਸਕ੍ਰਿਤ ਸਾਹਿਤ ਵਿੱਚ ਕਿੰਨੇ ਹੀ ਐਸੇ ਪ੍ਰਮਾਣ ਮਿਲਦੇ ਹਨ ਜਿਨ੍ਹਾਂ ਤੋਂ ਇਹ ਪਤਾ ਲੱਗਦਾ ਹੈ ਕਿ ਰਾਜਿਆਂ ਦੀ ਛੱਤਰ ਛਾਇਆ ਵਿੱਚ ਸੰਗੀਤ ਦਾ ਵਿਕਾਸ ਹੋਇਆ ।[3]

ਈਸਾ ਦੀ ਛੇਵੀਂ ਅਤੇ ਸੱਤਵੀਂ ਸਦੀ ਤੋਂ ਲੈ ਕੇ 12ਵੀਂ ਸਦੀ ਤੱਕ ਸੰਗੀਤ ਦੀ ਉੱਨਤੀ ਵਿਸ਼ੇਸ਼ ਰੂਪ ਵਿੱਚ ਹੋਈ । ਨਿਰਤ ਦਾ ਤਾਂ ਸਮਾਜਿਕ ਜੀਵਨ ਵਿੱਚ ਬੜਾ ਮਹੱਤਵਪੂਰਨ ਸਥਾਨ ਸੀ । ਇਸਤਰੀਆਂ ਨੂੰ ਵਿਸ਼ੇਸ਼ ਰੂਪ ਵਿੱਚ ਨਿਰਤ ਦੀ ਸਿੱਖਿਆ ਦਿੱਤੀ ਜਾਂਦੀ ਸੀ । 'ਹਰਸ਼ ਚਰਿਤ' ਗ੍ਰੰਥ ਤੋਂ ਪਤਾ ਲੱਗਦਾ ਹੈ ਕਿ ਰਾਜਸ਼੍ਰੀ ਨੂੰ ਨਿਰਤ ਸਿੱਖਿਆ ਦੇਣ ਲਈ ਨਿਯੁਕਤ ਕੀਤਾ ਗਿਆ ਸੀ । ਖੁਦ ਹਰਸ਼ ਦੀ ਰਤਨਾਵਲੀ ਵਿੱਚ ਰਾਣੀ ਦੇ ਦੁਆਰਾ ਪ੍ਰਿਯ ਦਰਸ਼ਕਾਂ ਨੂੰ ਸੰਗੀਤ ਦੇ ਭਿੰਨਾਂ ਅੰਗਾਂ ਸਿਖਾਉਣ ਦੇ ਪ੍ਰਬੰਧ ਦਾ ਵਰਨਣ ਮਿਲਦਾ ਹੈ । ਹਰਸ਼

---

1. V. Smith : Early History of India (IV edition) ; page 305.
2. Ibid.
3. ਦਨੇਸ਼ ਚੰਦਰ ਗੁਪਤਾ (ਡਾ.) : ਭਕਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ, ਪੰਨਾ ੯.

ਦੇ ਸਮੇਂ ਵਿੱਚ "ਨਾਦ ਸ਼ਾਲਾ" ਅਤੇ 'ਰੰਗ ਮੰਚ' ਹੋਣ ਦਾ ਵੀ ਵਰਨਣ ਉਪਲਬਧ ਹੁੰਦਾ ਹੈ ।[1]

ਲਗਭਗ 12ਵੀਂ ਸਦੀ ਤੱਕ ਮੁਸਲਮਾਨਾਂ ਵਲੋਂ ਭਾਰਤ ਤੇ ਹਮਲੇ ਹੁੰਦੇ ਰਹੇ । ਮੁਸਲਿਮ ਹਮਲਿਆਂ ਨੇ ਭਾਰਤੀ ਸੰਸਕ੍ਰਿਤੀ ਨੂੰ ਇਕ ਨਵੀਨ ਰੁੱਖ ਪ੍ਰਦਾਨ ਕੀਤਾ ਜਿਸ ਦੇ ਸਿੱਟੇ ਵਜੋਂ ਭਾਰਤੀ ਸੰਗੀਤ ਨੂੰ ਜਿੱਥੇ ਵਿਸ਼ੇਸ਼ ਕਿਸਮ ਦੀ ਖਰੋੜ ਦਾ ਸਾਹਮਣਾ ਕਰਨਾ ਪਿਆ ਉਥੇ ਮੁਸਲਿਮ ਸੰਸਕ੍ਰਿਤੀ ਦੇ ਪ੍ਰਭਾਵ ਨੇ ਭਾਰਤੀ ਸੰਗੀਤ ਵਿੱਚ ਵਡੇਰੇ ਪਰਿਵਰਤਨ ਲਿਆਂਦੇ । ਮੱਧ ਕਾਲ ਦਾ ਇਹ ਸਮਾਂ ਇਤਿਹਾਸਕਾਰਾਂ ਨੇ ਖਿਲਜੀ ਕਾਲ ਤੋਂ ਔਰੰਗਜ਼ੇਬ ਦੇ ਰਾਜ ਕਾਲ ਤੱਕ ਸਵੀਕਾਰ ਕੀਤਾ ਹੈ । ਇਸ ਸਮੇਂ ਦੇ ਸੰਗੀਤਕ ਵਿਕਾਸ ਨੂੰ ਅਸੀਂ ਵੱਖ ਵੱਖ ਕਾਲਾਂ ਵਿੱਚ ਵੰਡਦੇ ਹਾਂ ਜੀ ।

<u>ਖਿਲਜੀ ਕਾਲ ਵਿੱਚ ਸੰਗੀਤ (1290-1320) ਈ.</u>

ਖਿਲਜੀ ਕਾਲ 1290-1320 ਤੱਕ ਦੇ ਸਮੇਂ ਨੂੰ ਮੰਨਿਆ ਜਾਂਦਾ ਹੈ । ਇਨ੍ਹਾਂ ਦੇ ਰਾਜ ਵਿੱਚ ਹੋਏ ਸੰਗੀਤ ਦੇ ਪ੍ਰਚਾਰ ਸੰਬੰਧੀ ਕਿਹਾ ਜਾਂਦਾ ਹੈ ਕਿ ਅਲਾਉਦੀਨ ਖਿਲਜੀ ਸੰਗੀਤ ਦਾ ਪ੍ਰੇਮੀ ਸੀ । ਉਸ ਨੇ ਭਾਰਤੀ ਸੰਗੀਤ ਦੇ ਪ੍ਰਚਾਰ ਲਈ ਬੜਾ ਵੱਡਾ ਯੋਗਦਾਨ ਪਾਇਆ । ਉਸ ਦੇ ਦਰਬਾਰ ਵਿੱਚ ਫਾਰਸੀ ਕਵੀ ਅਤੇ ਉਘੇ ਸੰਗੀਤਕਾਰ ਅਮੀਰ ਖੁਸਰੋ ਵਰਗੇ ਕਲਾਕਾਰ ਵੀ ਸਨ । ਅਲਾਉਦੀਨ ਖਿਲਜੀ ਨੇ ਭਾਰਤੀ ਸੰਗੀਤ ਨੂੰ ਫਾਰਸੀ ਸੰਗੀਤ ਨਾਲ

---

1. રમેશ ચંદ્ર ગુપ્તા (ડા.) <u>ભારતી શાસ્ત્રીય સંગીત મેં રાગ [illegible]</u>, પૃષ્ઠ ૯૧.

ਮੇਲ ਤੋਂ ਨਵੀਨ ਰੂਪ ਦੀ ਸਿਰਜਣਾ ਵੱਲ ਕਦਮ ਪੁੱਟੇ । ਅਮੀਰ ਖੁਸਰੋ ਨੇ ਕੱਵਾਲੀ ਨੂੰ ਪ੍ਰਚਾਰ ਵਿਚ ਲਿਆਂਦਾ ਅਤੇ ਕਈ ਆਧੁਨਿਕ ਰਾਗਾਂ ਦਾ ਪ੍ਰਚਲਨ ਕੀਤਾ, ਜਿਨ੍ਹਾਂ ਵਿੱਚ ਜ਼ਿਲਫ, ਸਾਜਗਿਰੀ, ਸਰਪਰਦਾ ਮੁੱਖ ਹਨ ।[1] 13ਵੀਂ ਸਦੀ ਦੇ ਮੁਸਲਮਾਨ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸੰਨ 1294 ਵਿੱਚ ਦਾਰਕਾ ਤੇ ਅਲਾਉਦੀਨ ਨੇ ਹਮਲਾ ਕੀਤਾ ਅਤੇ 1310 ਈ. ਵਿੱਚ ਮੁਗਲ ਸੈਨਾਪਤੀ ਮਲਿਕ ਕਾਫੂਰ ਦੁਆਰਾ ਦੱਖਣ ਤੇ ਜਿੱਤ ਪ੍ਰਾਪਤ ਕੀਤੀ । ਉਸ ਸਮੇਂ ਭਾਰਤੀ ਸੰਗੀਤ ਦੀ ਇੰਨੀ ਉਨਤ ਅਵਸਥਾ ਸੀ ਕਿ ਸਭ ਸੰਗੀਤਕਾਰਾਂ ਅਤੇ ਉਨ੍ਹਾਂ ਦੇ ਹਿੰਦੂ ਗੁਰੂਆਂ ਨੂੰ ਸ਼ਾਹੀ ਸੈਨਾ ਨਾਲ ਉੱਤਰ ਵਿੱਚ ਲਿਆ ਕੇ ਵਸਾਇਆ ਗਿਆ ।[2] ਇਨਾਂ ਵਿੱਚ ਗੋਪਾਲ ਨਾਇਕ ਵੀ ਸੀ । ਸੰਗੀਤਕਾਰ ਇਸ ਨੂੰ ਪੀਲੂ, ਸਾਰੰਗ, ਵਡਹੰਸ, ਬਿਰਮ ਆਦਿ ਰਾਗਾਂ ਦਾ ਅਵਿਸ਼ਕਾਰਕ ਮੰਨਦੇ ਹਨ ।[3] ਗੋਪਾਲ ਨਾਇਕ ਨੇ ਦਿੱਲੀ ਵਿੱਚ ਰਹਿ ਕੇ 'ਚਤੁਰਦੰਡੀ' ਸੰਪ੍ਰਦਾਇ ਦਾ ਪ੍ਰਚਲਨ ਕੀਤਾ । ਇਸ ਵਿੱਚ ਅਲਾਪ ਸਥਾਈ ਗੀਤ ਅਤੇ ਪ੍ਰਬੰਧ ਚਾਰ ਆਧਾਰ ਸਨ । ਨਾਇਕ ਬੈਜੂ ਨੇ ਵੀ ਆਪਣੇ ਇਕ ਪ੍ਰਸਿੱਧ ਧਰੁਪਦ ਵਿੱਚ ਗੋਪਾਲ ਨਾਇਕ 'ਚਤੁਰਦੰਡੀ ਸੰਪ੍ਰਦਾਇ' ਦਾ ਪ੍ਰਵਰਤਕ ਮੰਨਿਆ ਹੈ :

ਵਿਦਿਆ ਸੋਈ ਭਲੀ ਜੋਨ ਸਾਚੀ ਹੋ ਰੇ ਲਾਲ
ਰੰਗਮਹਲ ਮਧ ਕੋਊ ਜੁਰਿ ਬੈਠੇ ਰੀਝ ਮ੍ਰਿਰਨ ਦਈਮਾਲ ।
ਸਾਤ ਗੁਪਿਤ, ਸਾਤ ਪ੍ਰਗਟ, ਚਾਰੋ ਡਾਂਡੀ ਠਾਂਗ ਆਏ ਨਾਇਕ ਗੋਪਾਲ ।
'ਬੈਜੂ' ਕਹੇ ਗਏ ਤੇ ਭੂਲਿ ਗਏ, ਸਪਤ ਸੁਰ ਪਿਘਲੇ ਪਾਹਨ ਬੂਝੇ ਤਾਲ ।[4]

---

1. ਉਮੇਸ਼ ਜੋਸ਼ੀ : ਭਾਰਤੀਯ ਸੰਗੀਤ ਕਾ ਇਤਿਹਾਸ ; ਪੰਨਾ 170.
2. Tagore S.M.: Universal History of Music ; page 56-57.
3. ਨਿਗਮ, ਵਿਕ੍ਰਮਾਦਿਤਯ ਸਿੰਘ, ਸੰਗੀਤ ਕੌਮੁਦੀ (ਭਾਗ ਪਹਿਲਾ), ਪੰਨਾ 17.
4. ਸ਼ਰਮਾ, ਯੋਗੇਂਦਰ ਪਾਲ, ਬਚਿੱਤਰ ਸਿੰਘ; ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 35.

ਇਸ ਕਾਲ ਵਿੱਚ ਅਲਾਉਦੀਨ ਖਿਲਜੀ ਦੇ ਦਰਬਾਰ ਵਿੱਚ ਗੋਪਾਲ ਨਾਇਕ ਸੰਗੀਤ ਦਾ ਚੰਗਾ ਆਚਾਰੀਆ ਹੋਇਆ ਹੈ । ਕਲਾ ਪ੍ਰੇਮੀ ਅਲਾਉਦੀਨ ਖਿਲਜੀ ਦੇ ਦਰਬਾਰ ਵਿੱਚ ਗੋਪਾਲ ਨਾਇਕ ਨੂੰ ਦੱਖਣ ਭਾਰਤ ਦੀ ਦਾਸ ਪ੍ਰਥਾ ਦੇ ਅਨੁਸਾਰ ਖ਼ਰੀਦ ਕੇ ਲਿਆਇਆ ਸੀ । ਡਾ. ਸ਼ਾਮ ਸੁੰਦਰ ਨੇ ਗੋਪਾਲ ਨਾਇਕ ਨੂੰ ਕਵੀ ਦੇ ਰੂਪ ਵਿੱਚ ਸਵੀਕਾਰ ਕੀਤਾ ।[1]

ਖਿਲਜੀ ਦੇ ਦਰਬਾਰ ਵਿੱਚ ਸੰਗੀਤ ਸੰਬੰਧੀ ਸਮਾਰੋਹ ਵੀ ਕਰਵਾਏ ਜਾਂਦੇ ਸਨ ਜਿਸ ਵਿੱਚ ਨਾਇਕਾਵਾਂ ਤੇ ਨ੍ਰਿਤਕੀਆਂ ਵੀ ਆਪਣੇ ਗਾਇਨ ਅਤੇ ਨ੍ਰਿਤ ਦੁਆਰਾ ਸਰੋਤਿਆਂ ਨੂੰ ਪ੍ਰਸੰਨ ਕਰਦੀਆਂ ਸਨ ਰਾਜ ਦਰਬਾਰ ਵਿੱਚ ਸੰਗੀਤ ਮੁਕਾਬਲੇ ਵੀ ਹੁੰਦੇ ਸਨ ਜਿਨ੍ਹਾਂ ਵਿੱਚ ਗੋਪਾਲ ਨਾਇਕ ਅਤੇ ਅਮੀਰ ਖੁਸਰੋ ਦਾ ਮੁਕਾਬਲਾ ਕਾਫ਼ੀ ਚਰਚਿਤ ਹੈ । ਇਸੇ ਕਾਲ ਵਿੱਚ ਕੱਵਾਲੀ, ਗਜ਼ਲ, ਕੌਲ, ਧਰੁਪਦ ਦਾ ਵੀ ਬਹੁਤ ਪ੍ਰਚਾਰ ਹੋਇਆ । ਮੁਸਲਮਾਨ ਫ਼ਕੀਰ ਨਿਜ਼ਾਮੁਦੀਨ ਔਲੀਆ ਵੀ ਇਸੇ ਕਾਲ ਵਿੱਚ ਹੋਏ ਜਿਹੜੇ ਕੱਵਾਲੀ ਗਾਇਨ ਦੇ ਬੇਹੱਦ ਸ਼ੌਕੀਨ ਸਨ ।[2]

ਤੁਗਲਕ ਕਾਲ (1316-1388)

ਤੁਗਲਕ ਕਾਲ ਗਿਆਸੁਦੀਨ ਤੁਗਲਕ ਦੇ ਕਾਲ ਨਾਲ ਆਰੰਭ ਹੁੰਦਾ ਹੈ ਜੋ 1316 ਤੋਂ ਲੈ ਕੇ 1388 ਤੱਕ ਸੀ । ਇਸ ਸਦੀ ਵਿੱਚ ਤਿੰਨ ਸੁਲਤਾਨ ਗਿਆਸੁਦੀਨ ਤੁਗਲਕ

---

1. ਦਨੇਸ਼ ਚੰਦਰ ਗੁਪਤਾ (ਡਾ.) : ਭਗਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ ; ਪੰਨਾ 18.

2. ਸੁਰਮਾ, ਯੋਗੇਂਦਰ ਪਾਲ, ਬਰਿੰਦਰ ਸਿੰਘ : ਭਾਰਤੀਯ ਸੰਗੀਤ ਕਾ ਇਤਿਹਾਸ ; ਪੰਨਾ 38.

(1320-25), ਮੁਹੰਮਦ ਤੁਗਲਕ (1325-51), ਫਿਰੋਜ਼ ਤੁਗਲਕ (1351-1388) ਹੋਏ । ਇਸ ਕਾਲ ਵਿੱਚ ਸੰਗੀਤ ਦਾ ਪ੍ਰਚਾਰ ਸ਼੍ਰਿੰਗਾਰਿਕ ਰੂਪ ਵਿੱਚ ਕੇਵਲ ਮਨੋਰੰਜਨ ਲਈ ਕੀਤਾ ਜਾਂਦਾ ਸੀ । ਮੁਹੰਮਦ ਤੁਗਲਕ ਦੇ ਦਰਬਾਰ ਵਿੱਚ 1200 ਗਾਇਕ ਸਨ ਜੋ ਸੰਗੀਤ ਨੂੰ ਗਾਉਂਦੇ ਅਤੇ ਸਿਖਾਉਂਦੇ ਸਨ ।[1] ਉਮੇਸ ਜੋਸ਼ੀ ਅਨੁਸਾਰ, "ਇਸ ਕਾਲ ਦੇ ਸੰਗੀਤ ਨੂੰ ਰਾਜ ਵਿੱਚ ਸਥਾਨ ਨਹੀਂ ਮਿਲ ਸਕਿਆ, ਪਰ ਫਿਰ ਵੀ ਦਰਬਾਰੀ ਸਮਾਗਮਾਂ ਵਿੱਚ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਸੀ ।[2]

ਫਿਰੋਜ਼ਸ਼ਾਹ ਤੁਗਲਕ ਸੰਗੀਤ ਦੇ ਵਿਕਾਸ ਵਿੱਚ ਬਹੁਤ ਦਿਲਚਸਪੀ ਰੱਖਦਾ ਸੀ । ਸੁਰੀਲੀ ਅਵਾਜ਼ ਵਿੱਚ ਗਾਉਣ ਵਾਲੇ ਗਵੱਈਆਂ ਦੀਆਂ ਟੋਲੀਆਂ ਹਰ ਸ਼ੁਕਰਵਾਰ ਨੂੰ ਉਸ ਦੇ ਦਰਬਾਰ ਵਿੱਚ ਹਾਜ਼ਰ ਹੁੰਦੀਆਂ ਸਨ ਅਤੇ ਬਹੁਤ ਉੱਚੇ ਸੰਗੀਤ ਦੁਆਰਾ ਸਰੋਤਿਆਂ ਨੂੰ ਖੁਸ਼ ਕਰਕੇ ਭਾਰੀ ਇਨਾਮ ਪ੍ਰਾਪਤ ਕਰਦੀਆਂ ਸਨ[3] ਸਾਰੇ ਮੱਧਕਾਲੀਨ ਯੁੱਗ ਵਿੱਚ ਸੰਗੀਤ ਸੁਲਤਾਨ, ਸੰਤਾਂ ਅਤੇ ਆਮ ਲੋਕਾਂ ਦੇ ਸ਼ੁਗਲ ਅਤੇ ਮਨ ਪਰਚਾਵੇ ਦਾ ਸਾਧਨ ਬਣਿਆ ਰਿਹਾ । ਇਸ ਕਾਲ ਵਿੱਚ ਮੁਸਲਿਮ ਪ੍ਰਭਾਵਾਂ ਦੇ ਫਲਸਰੂਪ ਸਰਲ ਲਘੂ ਤਾਲਾਂ ਵਿੱਚ ਗਜ਼ਲ, ਕੱਵਾਲੀ, ਦਾਦਰਾ ਆਦਿ ਗੀਤਾਂ ਦੀਆਂ ਲੋਕ ਪ੍ਰਿਯ ਰਚਨਾਵਾਂ ਹੋਈਆਂ ।[4]

---

1. ਆਚਾਰੀਆ ਬ੍ਰਹਸਪਤਿ : ਮੁਸਲਮਾਨ ਔਰ ਭਾਰਤੀਯ ਸੰਗੀਤ ; ਪੰਨਾ 60.
2. ਉਮੇਸ ਜੋਸ਼ੀ, : ਭਾਰਤੀਯ ਸੰਗੀਤ ਕਾ ਇਤਿਹਾਸ ; ਪੰਨਾ 214.
3. ਭਗਤ ਸਿੰਘ : ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ ; ਪੰਨਾ 281.
4. ਅਰੁਨ ਕੁਮਾਰ ਸੇਨ (ਡਾ.) : ਭਾਰਤੀਯ ਤਾਲੋਂ ਕਾ ਸ਼ਾਸਤਰੀਯ ਵਿਵੇਚਨ ; ਪੰਨਾ 125.

## ਲੋਧੀ ਕਾਲ ਦਾ ਸੰਗੀਤ (1488-1517)

ਮੱਧ ਕਾਲ ਦੇ ਵਿੱਚ ਸਿਕੰਦਰ ਲੋਧੀ ਦੇ ਰਾਜ ਕਾਲ ਦਾ ਸਮਾਂ 1488-1517 ਈ. ਪੂਰਵ ਮੰਨਿਆ ਜਾਂਦਾ ਹੈ। ਸਿਕੰਦਰ ਲੋਧੀ ਦੇ ਦਰਬਾਰ ਵਿੱਚ ਕਲਾਕਾਰਾਂ ਦੀ ਚੋਣ ਵੀ ਪਰਖ ਕਰਕੇ ਹੀ ਉਹਨਾਂ ਨੂੰ ਦਰਬਾਰ ਵਿੱਚ ਸਥਾਨ ਦਿਤਾ ਜਾਂਦਾ ਸੀ ਕਿਉਂਕਿ ਬਾਦਸ਼ਾਹ ਨੂੰ ਸੰਗੀਤ ਕਲਾ ਦਾ ਡੂੰਘਾ ਗਿਆਨ ਸੀ। ਮੀਰਾਂ ਸਈਅਦ ਨੂਰ ਉਲਾਹ, ਸਈਅਦ ਇਬ੍ਰਨ ਰਸੂਲ ਅਤੇ ਮੀਆਂ ਤੁਹਾਨ ਕਰਕੇ ਮਹਾਨ ਸੰਗੀਤਕਾਰ ਸਨ ਜਿਨ੍ਹਾਂ ਕੋਲੋਂ ਵੱਡੇ - ਵੱਡੇ ਬ੍ਰਾਹਮਣ ਸੰਗੀਤ ਸਿਖਿਆ ਲੈਂਦੇ ਸਨ[1] ਬਾਦਸ਼ਾਹ ਲੋਧੀ ਸਮੇਂ ਅਨੁਸਾਰ ਵੱਖ ਵੱਖ ਰਾਗਾਂ ਨੂੰ ਸੁਣਿਆ ਕਰਦਾ ਸੀ ਅਤੇ ਉਸ ਦੇ ਰਾਜ ਦਰਬਾਰ ਵਿੱਚ ਵੱਖ - ਵੱਖ ਸਾਜ਼ ਵਜਾਉਣ ਵਾਲੇ ਕਈ ਸੰਗੀਤਕਾਰ ਸਨ। ਰਾਤ ਦਾ ਇਕ ਪਹਿਰ ਬੀਤ ਜਾਣ ਤੋਂ ਬਾਅਦ ਸ਼ਹਨਾਈ ਵਜਾਉਣ ਵਾਲੇ ਦਿਅਕਤੀ ਆ ਜਾਂਦੇ ਸਨ ਅਤੇ ਵਾਰੀ ਵਾਰੀ ਕਲਿਆਣ, ਕਾਨੜਾ, ਹੁਸੈਨੀ ਰਾਗ ਵਜਾਉਂਦੇ ਸਨ[2] ਤਾਰੀਖੇ ਦਾਉਦੀ ਦੇ ਅਨੁਸਾਰ ਸਿਕੰਦਰ ਲੋਧੀ ਦਾ ਮਨ ਪਸੰਦ ਰਾਗ ਕੇਦਾਰ, ਅੜਾਨਾ, ਰਾਮਕਲੀ, ਹੁਸੈਨੀ ਸਨ। ਸਿਕੰਦਰ ਲੋਧੀ ਦੇ ਪ੍ਰੇਮ ਕਰਕੇ ਹੀ ਉਸ ਦੇ ਰਾਜ ਵਿੱਚ ਬਹੁਤ ਸਾਰੇ ਸੰਗੀਤਕਾਰ ਇਕੱਠੇ ਹੋ ਗਏ। ਸਿਕੰਦਰ ਲੋਧੀ ਜਿਥੇ ਸੰਗੀਤ ਸੁਣਨ ਦਾ ਸ਼ੌਕੀਨ ਸੀ ਉਥੇ ਰਾਗਾਂ ਦਾ ਗਿਆਤਾ ਵੀ ਸੀ। ਉਸ ਦੇ ਰਾਜ ਦਰਬਾਰ ਵਿੱਚ ਸੰਗੀਤਕਾਰਾਂ ਦਾ ਮਾਲ, ਧਨ ਤੋਂ ਇਨਾਂ

---

1. ਆਚਾਰੀਆ ਬ੍ਰਹਸਪਤੀ : ਮੁਸਲਮਾਨ ਔਰ ਭਾਰਤੀਯ ਸੰਗੀਤ ; ਪੰਨਾ 62.

2. -ਉਹੀ- ਪੰਨਾ 62.

ਭਰਪੂਰ ਆਦਰ ਵੀ ਕੀਤਾ ਜਾਂਦਾ ਸੀ । ਇਸ ਕਾਲ ਵਿੱਚ ਕੱਵਾਲੀ ਗ਼ਜ਼ਲ, ਖਿਆਲ ਅਤੇ ਠੁਮਰੀ ਗਾਇਨ ਸ਼ੈਲੀਆਂ ਪ੍ਰਚਲਿਤ ਹੋਈਆਂ ਅਤੇ ਸਮੂਹ ਗਾਇਨ ਨੂੰ ਸਮਾਜ ਵਿੱਚ ਆਦਰ ਪੂਰਨ ਸਥਾਨ ਦਿੱਤਾ । ਸਮੂਹਿਕ ਲੈਅ ਨਿਰਵਾਹ ਕਾਰਨ ਵੱਡੇ ਆਕਾਰ ਦੇ ਢੋਲ, ਮਾਦਲ ਆਦਿ ਵਾਦਯ ਦਾ ਨਿਰਮਾਣ ਹੋਇਆ[1] ।

<u>ਮੁਗਲ ਕਾਲ</u> (1526-1530)

ਇਸ ਕਾਲ ਦਾ ਆਰੰਭ ਬਾਬਰ ਬਾਦਸ਼ਾਹ ਦੇ ਨਾਂ ਨਾਲ ਹੁੰਦਾ ਹੈ । ਬਾਬਰ 30 ਅਪ੍ਰੈਲ,1526 ਈ. ਨੂੰ ਦਿੱਲੀ ਦੇ ਤਖਤ ਤੇ ਬੈਠਾ । ਉਹ ਸੰਗੀਤਕਲਾ ਦਾ ਉਘਾ ਜਾਣੂੰ ਸੀ । ਉਸ ਦੇ ਦਰਬਾਰ ਵਿੱਚ ਹਮੇਸ਼ਾ ਹੀ ਸੰਗੀਤ ਗੋਸ਼ਟੀਆਂ ਹੋਇਆ ਕਰਦੀਆਂ ਸਨ । ਜਿਸ ਵਿੱਚ ਸੰਗੀਤ ਕਲਾ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਸੀ । ਬਾਬਰ ਸੰਗੀਤ ਪ੍ਰੇਮੀ ਬਾਦਸ਼ਾਹ ਸੀ, ਉਹ ਸੰਗੀਤ ਕਲਾ ਵਿੱਚ ਨਿਪੁੰਨ ਸੀ ਅਤੇ ਸੰਗੀਤਕਾਰਾਂ ਦਾ ਸਤਿਕਾਰ ਵੀ ਕਰਦਾ ਸੀ । ਜਦੋਂ ਬਾਬਰ ਨੇ ਭਾਰਤ ਤੇ ਹਮਲਾ ਕੀਤਾ ਤਾਂ ਉਹ ਆਪਣੇ ਨਾਲ ਸੰਗੀਤਕਾਰਾਂ ਨੂੰ ਵੀ ਲਿਆਇਆ ਸੀ । ਪਾਣੀਪਤ ਦੀ ਲੜਾਈ ਵਿੱਚ ਉਸ ਦਾ ਯੁੱਧ ਸੰਗੀਤ ਬੜਾ ਪ੍ਰਭਾਵ-ਸ਼ਾਲੀ ਸੀ । ਉਹ ਭਾਰਤੀ ਸੰਗੀਤ ਤੋਂ ਅਲੱਗ ਸੀ । ਬਾਬਰ ਜਿਥੇ ਇਕ ਮਹਾਨ ਯੋਧਾ ਸੀ, ਉਥੇ ਉਚ ਕੋਟੀ ਦਾ ਸੰਗੀਤਕਾਰ ਵੀ ਸੀ । ਉਸ ਦੇ ਦਰਬਾਰ ਵਿੱਚ ਉੱਚ ਕੋਟੀ ਦੇ ਕਲਾਕਾਰ ਅਤੇ ਮਹਾਨ ਸੰਗੀਤਕਾਰ ਰਹਿੰਦੇ ਸਨ, ਜਿਨ੍ਹਾਂ ਵਿੱਚੋਂ ਖਵਾਜ਼ਾ ਅਬਦੁੱਲਾ ਮਰਵਾਰੀਦ (ਗਾਇਨ

---

1. ਅਰੁਣ ਕੁਮਾਰ ਸੇਨ (ਡਾ.) : <u>ਭਾਰਤੀਯ ਤਾਲੋਂ ਕਾ ਸ਼ਾਸਤਰੀਯ ਵਿਵੇਚਨ</u> ; ਪੰਨਾ 26.

ਅਤੇ ਤਾਨੂਰਾ ਵਾਦਕ), ਕੂਲੇ ਮੁਹੰਮਦ ਤੂਰੀ (ਬਰਬਟ ਵਾਦਕ ਅਤੇ ਸਿਤਾਰ ਵਾਦਕ), ਸੈਖੀ (ਨਾਈ ਵਜਾਉਣ ਵਾਲਾ), ਸ਼ਾਹ ਕੂਲੀ (ਸਿਤਾਰ ਵਾਦਕ), ਹੁਸੈਨ ਤੂਰੀ (ਬਰਬਟ ਵਾਦਕ), ਗੁਲਾਮ ਸ਼ਾਦੀ (ਗਾਇਕ), ਮੀਰ ਅਜ਼ੂ (ਗਾਇਕ), ਬਨਾਈ (ਗਾਇਕ) ਮੁੱਖ ਸਨ[1]
ਕੂਲੇ ਮੁਹੰਮਦ ਤੂਰੀ ਨੇ ਬਰਬਟ ਵਿੱਚ ਤਿੰਨ ਤਾਰਾਂ ਦਾ ਵਾਧਾ ਕੀਤਾ ਸੀ । ਉਹ ਆਰੰਭਿਕ ਰਾਗ ਚੰਗੇ ਢੰਗ ਨਾਲ ਵਜਾ ਲੈਂਦਾ ਸੀ । ਕੂਲੇ ਮੁਹੰਮਦ ਨਾਲੋਂ ਸ਼ੈਖੀ ਨਾਈ ਵੱਡਾ ਸੰਗੀਤਕਾਰ ਸੀ ਅਤੇ ਉਸ ਨੇ ਸੰਗੀਤ ਰਚਨਾਵਾਂ ਵੀ ਕੀਤੀਆਂ । ਸ਼ਾਹ ਕੂਲੇ ਨੇ ਅਨੇਕਾਂ ਧੁਨੀਆਂ ਅਤੇ ਰਾਗਾਂ ਦਾ ਆਵਿਸ਼ਕਾਰ ਕੀਤਾ । ਗੁਲਾਮ ਸ਼ਾਦੀ ਅਤੇ ਬਨਾਈ ਨੇ ਲੋਕਪ੍ਰਿਯ ਰਾਗਾਂ ਅਤੇ ਧੁਨੀਆਂ ਦਾ ਆਵਿਸ਼ਕਾਰ ਕੀਤਾ ।[2]

ਮੁਗਲ ਕਾਲ ਤੋਂ ਪਹਿਲਾਂ ਭਾਰਤੀ ਸੰਗੀਤ ਦਾ ਵਿਕਾਸ ਜਾਰੀ ਸੀ ਪਰੰਤੂ ਇਸ ਕਾਲ ਵਿੱਚ ਸਾਨੂੰ ਭਾਰਤੀ ਸੰਗੀਤ ਦੇ ਦੋਨੋਂ ਰੂਪ ਨਾਲ - ਨਾਲ ਵਿਕਸਤ ਹੁੰਦੇ ਮਿਲਦੇ ਹਨ । ਭਗਤੀ ਲਹਿਰ ਵਿੱਚ ਵੱਖ ਵੱਖ ਸੰਤਾਂ, ਭਗਤਾਂ ਨੇ ਆਪਣੀ ਰਚੀ ਬਾਣੀ ਨੂੰ ਸੰਗੀਤ - ਬੱਧ ਕਰਕੇ ਗਾਇਆ ਅਤੇ ਆਪਣੀ ਵਿਚਾਰਧਾਰਾ ਦਾ ਆਮ ਲੋਕਾਂ ਵਿੱਚ ਪ੍ਰਚਾਰ ਕੀਤਾ । ਦੱਖਣੀ ਭਾਰਤ ਵਿੱਚ ਆਲਾਵਰ ਸੰਤਾਂ ਨੇ ਸੰਕੀਰਤਨ ਧਾਰਾ ਦਾ ਪ੍ਰਵਾਹ ਚਲਾਇਆ । ਰਾਮਾਨੁਜ ਦੁਆਰਾ ਸਥਾਪਿਤ ਕੀਰਤਨ ਪਰੰਪਰਾ ਨੂੰ ਉੱਤਰੀ ਭਾਰਤ ਵਿਚ ਰਾਮਾਨੰਦ ਨੇ ਪੂਰਨ ਤੌਰ ਤੇ ਵਿਕਸਤ ਕੀਤਾ ਇਸ ਪਰੰਪਰਾ ਵਿੱਚ ਕਰਮ ਕਾਂਡਾਂ ਦਾ ਖੰਡਨ ਕੀਤਾ ਜਾਂਦਾ

---

1. ਆਚਾਰੀਆ ਬ੍ਰਹਸਪਤੀ : <u>ਮੁਸਲਮਾਨ ਔਰ ਭਾਰਤੀਯ ਸੰਗੀਤ</u> ; ਪੰਨਾ 70.
2. -ਉਹੀ- ਪੰਨਾ 70.

ਸੀ ਅਤੇ ਸੰਗੀਤ ਦੁਆਰਾ ਪ੍ਰਭੂ ਭਗਤੀ ਅਤੇ ਮੋਕਸ਼ ਪ੍ਰਾਪਤੀ ਦੀ ਗੱਲ ਕੀਤੀ ਜਾਂਦੀ ਸੀ । ਇਕ ਪਾਸੇ ਧਾਰਮਿਕ ਕੀਰਤਨ ਦੁਆਰਾ ਜਨਤਾ ਨੂੰ ਸੰਗੀਤ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਸੀ, ਦੂਸਰੇ ਪਾਸੇ ਖਿਆਲ ਅਤੇ ਕੱਵਾਲੀਆਂ ਦੁਆਰਾ ਇਕ ਨਵੀਨ ਪ੍ਰਕਾਰ ਦਾ ਸੰਗੀਤ ਵਿਕਸਿਤ ਹੋ ਰਿਹਾ ਸੀ । ਵਾਸਤਵ ਵਿਚ ਮੁਗਲ ਕਾਲ ਦਾ ਪਹਿਲਾ ਪੜਾਅ ਸੰਗੀਤ ਲਈ ਮਹੱਤਵਪੂਰਨ ਸੀ । ਇਸ ਕਾਲ ਵਿਚ ਅਨੇਕਾਂ ਹੀ ਸੰਗੀਤ ਰਤਨ ਚਮਤਕਾਰ ਪੈਦਾ ਹੋਏ ਜਿਨ੍ਹਾਂ ਨੇ ਭਾਰਤੀ ਸੰਗੀਤ ਦੇ ਵਿਕਾਸ ਵਿਚ ਆਪਣਾ ਆਪਣਾ ਯੋਗਦਾਨ ਪਾਇਆ ।

ਮੁਗਲ ਕਾਲ ਵਿੱਚ ਹੀ ਬਾਬਰ ਵੇਲੇ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਸਥਾਪਨਾ ਹੋਈ । ਪੰਜਾਬ ਵਿਚ ਇਹ ਧਰਮ ਉਤਪੰਨ ਹੋਇਆ । ਬਾਣੀ ਅਤੇ ਸੰਗੀਤ ਇਸ ਦੇ ਪ੍ਰਚਾਰ ਮਾਧਿਅਮ ਸਨ । ਗੁਰੂ ਸਾਹਿਬ ਦੇ ਆਉਣ ਤੱਕ ਭਾਰਤੀ ਸੰਗੀਤ ਦਾ ਵਿਕਾਸ ਕਾਫੀ ਹੋ ਚੁੱਕਾ ਸੀ । ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ, ਸਭਿਆਚਾਰਕ ਤੇ ਸੰਗੀਤ ਪਰਿਵਰਤਨ ਦਾ ਘੋਸ਼ਣਾ ਅਧਿਐਨ ਕੀਤਾ । ਭਾਰਤੀ ਸੰਗੀਤ ਦਾ ਪ੍ਰਚਾਰ ਦਿਨੋ ਦਿਨ ਵੱਧ ਰਿਹਾ ਸੀ । ਭਾਰਤੀ ਸੰਗੀਤ ਪਰੰਪਰਾ ਦੇ ਸੰਤਾਂ, ਭਗਤਾਂ ਅਤੇ ਸੂਫੀ ਫਕੀਰਾਂ ਦੀ ਬਾਣੀ ਸੰਗੀਤ ਨਾਲ ਸੰਜੋਈ ਹੋਈ ਸੀ ਅਤੇ ਆਮ ਲੋਕਾਂ ਵਿਚ ਇਸ ਦਾ ਪ੍ਰਚਾਰ ਵਧ ਰਿਹਾ ਸੀ । ਗੁਰੂ ਸਾਹਿਬਾਂ ਨੇ ਇਸੇ ਭਾਰਤੀ ਸੰਗੀਤ ਦੀ ਧਾਰਾ ਨੂੰ ਵਿਕਸਤ ਕਰਨ ਲਈ ਇਕ ਨਵੀਨ ਦਿਸ਼ਾ ਪ੍ਰਦਾਨ ਕੀਤੀ ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਤਾਰਨ ਲਈ ਬਾਣੀ ਅਤੇ ਸੰਗੀਤ ਨੂੰ ਮਾਧਿਅਮ ਬਣਾਇਆ ਉਨ੍ਹਾਂ ਨੇ ਭਾਰਤੀ ਅਤੇ ਦੇਸੀ ਸੰਗੀਤ ਦੇ ਸੁਮੇਲ

ਨਾਲ ਇਕ ਨਵੀਨ ਸੰਗੀਤ ਪਰੰਪਰਾ ਦੀ ਸਥਾਪਨਾ ਕੀਤੀ । ਇਸ ਵਿਸ਼ੇਸ਼ ਪੱਧਤੀ ਦੀ ਸਰੂਪ, ਸੰਗੀਤ ਪ੍ਰਬੰਧ, ਪ੍ਰਚੱਲਿਤ ਗਾਇਨ ਸ਼ੈਲੀਆਂ ਅਤੇ ਕੁਝ ਨਵੀਨ ਰਾਗਾਂ ਉਪਰ ਆਧਾਰਿਤ ਸੀ । ਭਾਰਤੀ ਸੰਗੀਤ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਅਤੇ ਮੌਲਿਕ ਸੰਗੀਤ ਵਿਧਾਨ ਦੀ ਧਾਰਨਾ ਗੁਰੂ ਨਾਨਕ ਦੁਆਰਾ ਚਲਾਈ ਗਈ, ਇਹ ਸੰਗੀਤ ਪਰੰਪਰਾ ਗੁਰਮਤਿ ਸੰਗੀਤ ਦੇ ਰੂਪ ਵਿੱਚ ਵਿਕਸਤ ਹੋਈ । ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦੇ ਅਸਲੀ ਅਧਿਆਤਮਕ ਅਤੇ ਪੁਰਾਣੇ ਵੈਦਿਕ ਰੂਪ ਨੂੰ ਸੋਧ ਕੇ ਫਿਰ ਤੋਂ ਉਜਾਗਰ ਕੀਤਾ[1] ਆਪਣੀ ਸਾਰੀ ਰਚਨਾ ਨੂੰ ਰਾਗਾਂ ਵਿੱਚ ਉਚਾਰਨ ਕਰਕੇ, ਗਾ ਕੇ ਸੰਗੀਤਮਈ ਬਾਣੀ ਰਾਹੀਂ ਸੰਸਾਰ ਨੂੰ ਸੱਚ ਦਾ ਮਾਰਗ ਦਿਖਾਇਆ[2] ਗੁਰੂ ਨਾਨਕ ਦੇਵ ਜੀ ਨੂੰ ਸੰਗੀਤ ਦਾ ਗਿਆਨ ਦੈਵੀ ਸੰਪਰਦਾ ਦੇ ਰੂਪ ਵਿੱਚ ਪ੍ਰਾਪਤ ਹੋਇਆ[3] ਕਿਉਂਕਿ ਜਿਉਂ ਹੀ ਉਹ 'ਧੁਰਕੀ ਬਾਣੀ' ਇਲਾਹੀ ਬਾਣੀ ਆਉਂਦੀ ਤਾਂ ਗੁਰੂ ਜੀ ਉਸ ਦਾ ਆਨੰਦ ਆਲਾਪ ਰਾਹੀਂ ਕਰਦੇ । ਇਸ ਲਈ ਉਨ੍ਹਾਂ ਨੇ ਜਿੰਨੀ ਵੀ ਬਾਣੀ ਰਚੀ ਸਾਰੀ ਨੂੰ ਨਿਰਧਾਰਿਤ ਰਾਗਾਂ ਵਿੱਚ ਰਾਗਾਂ ਦੇ ਸਮੇਂ ਅਨੁਸਾਰ ਗਾਇਆ । ਗੁਰੂ ਸਾਹਿਬ ਨਾਲ ਰਬਾਬ ਵਾਦਨ ਦੀ ਸੰਗਤ ਭਾਈ ਮਰਦਾਨਾ ਜੀ ਕਰਦੇ ਸਨ ।[4] ਗੁਰੂ ਨਾਨਕ ਦੇਵ ਜੀ ਨੇ ਵਿਅਕਤੀਗਤ ਗਾਇਨ ਦੇ ਨਾਲ ਨਾਲ ਸਮੂਹਿਕ ਗਾਇਨ ਨੂੰ ਵੀ ਪ੍ਰਾਥਮਿਕਤਾ ਦਿੱਤੀ । ਸਾਰੀ ਸੰਗਤ ਦਾ ਮਿਲ ਕੇ ਗਾਇਨ ਕਰਨਾ ਇਸ ਪ੍ਰੰਪਰਾ ਨੂੰ ਕਾਇਮ ਰੱਖਣ ਦਾ ਉੱਦਮ

---

1. ਗੁਰਮਤਿ ਪ੍ਰਕਾਸ਼, ਅਕਤੂਬਰ, 1991, ਪੰਨਾ 7.
2. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ; ਪੰਨਾ 270.
3. ਗੀਤਾ ਪੈਂਤਲ,: ਪੰਜਾਬ ਦੀ ਸੰਗੀਤ ਪਰੰਪਰਾ ; ਪੰਨਾ 11.
4. ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ॥
(ਵਾਰਾਂ ਭਾਈ ਗੁਰਦਾਸ, ਪੰਨਾ 23)

ਸਾਧਨ ਹੈ । ਗੁਰੂ ਨਾਨਕ ਦੇਵ ਜੀ ਨੇ 975 ਸ਼ਬਦਾਂ ਦੀ ਰਚਨਾ 26 ਰਾਗਾਂ ਵਿੱਚ ਕੀਤੀ ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ । ਉਹਨਾਂ ਨੇ ਮਾਰਗੀ ਅਤੇ ਦੇਸੀ ਸੰਗੀਤ ਦਾ ਸੁਮਿਸ਼ਰਣ ਕਰਕੇ ਨਵੀਂ ਸੰਗੀਤ ਪਧਤੀ ਨੂੰ ਪ੍ਰਭੂ ਭਗਤੀ ਦਾ ਮੁੱਖ ਸਾਧਨ ਬਣਾਇਆ[1] ਗੁਰੂ ਸਾਹਿਬ ਨੇ ਕ੍ਰਿਆਤਮਿਕ ਰੂਪ ਵਿੱਚ ਉੱਤਰੀ ਅਤੇ ਦੱਖਣੀ ਪਧਤੀ ਦੇ ਰਾਗਵ ਰੂਪਾਂ ਦੀ ਵਰਤੋਂ ਵੀ ਕੀਤੀ । ਆਪਣੇ ਅਨੇਕ ਗਾਇਨ ਸ਼ੈਲੀਆਂ ਅਤੇ ਕਾਵਿ ਰੂਪਾਂ ਦਾ ਸਦਉਪਯੋਗ ਕੀਤਾ ਜੋ ਪੰਜਾਬੀ ਸਾਹਿਤ ਅਤੇ ਭਾਰਤੀ ਸੰਗੀਤ ਦਾ ਉੱਤਮ ਨਮੂਨਾ ਹਨ । ਗੁਰੂ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਰਾਗ ਉਚਾਰਿਆ ਪਰ ਉਹਨਾਂ ਦਾ ਅੰਤ ਪ੍ਰਿਯ ਰਾਗ 'ਰਾਗ ਆਸਾ' ਸੀ । ਇਸ ਲਈ ਆਸਾ ਰਾਗ ਵਿੱਚ ਉਨ੍ਹਾਂ ਨੇ 'ਆਸਾ ਦੀ ਵਾਰ' ਨਾਮਕ ਲੰਬੀ ਕਵਿਤਾ ਗਾਈ । ਜਿਸ ਦੀ ਮਰਿਯਾਦਾ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਲੋਕਾਈ ਤੱਕ ਪਹੁੰਚਾਇਆ[2] ਅਰਥਾਤ ਗੁਰਬਾਣੀ ਦਾ ਸੰਗੀਤਕ ਮਹੱਤਵ ਸਮੇਤ ਪ੍ਰਚਾਰ ਕੀਤਾ । ਗੁਰੂ ਸਾਹਿਬ ਨੇ ਧਾਰਮਿਕ ਅਤੇ ਕਲਾਤਮਕ ਤੌਰ ਤੇ ਭਾਰਤੀ ਸੰਗੀਤ ਦੀ ਸੁਰੱਖਿਆ ਤੇ ਸੰਭਾਲ ਕੀਤੀ ।[3]

ਅਸੀਂ ਪਹਿਲਾਂ ਵੀ ਉੱਪਰ ਦੱਸ ਚੁੱਕੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੱਕ ਮਾਰਗੀ ਸੰਗੀਤ ਅਤੇ ਦੇਸੀ ਸੰਗੀਤ ਵੱਖੋ ਵੱਖਰੀ ਧਾਰਾ ਵਜੋਂ ਪ੍ਰਚਲਿਤ ਸਨ ਅਤੇ ਇਨ੍ਹਾਂ ਵਿਚਲਾ ਪਾੜਾ ਦਿਨੋ ਦਿਨ ਵਧ ਰਿਹਾ ਸੀ । ਇਹਨਾਂ ਦੋਨਾਂ ਧਾਰਾਵਾਂ ਵਿੱਚ ਏਕਤਾ

---

1. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ ; ਪੰਨਾ 272.
2. ਗੀਤਾ ਪੈਂਤਲ : ਪੰਜਾਬ ਦੀ ਸੰਗੀਤ ਪਰੰਪਰਾ ; ਪੰਨਾ 114.
3. — -ਉਹੀ- —— ਪੰਨਾ 117.

ਲਿਆਉਣ ਲਈ ਗੁਰੂ ਸਾਹਿਬ ਨੇ ਇਨ੍ਹਾਂ ਦੋਵੇਂ ਸੰਗੀਤ ਰੂਪ ਦੀਆਂ ਵੱਖ ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ । ਗੁਰਮਤਿ ਸੰਗੀਤ ਪੱਧਤੀ ਦੇ ਸਮੁੱਚੇ ਵਿਧਾਨ ਦਾ ਆਪਣਾ ਸ਼ਾਸਤਰ ਹੈ, ਜਿਸ ਵਿੱਚ ਭਾਰਤੀ ਸੰਗੀਤ ਦੀਆਂ ਕੁਝ ਪ੍ਰਚੱਲਿਤ ਸੰਗੀਤ ਸ਼ੈਲੀਆਂ ਦੀ ਯੋਗ ਵਰਤੋਂ ਕੀਤੀ ਗਈ । ਭਾਵੇਂ ਇਨ੍ਹਾਂ ਗਾਇਨ ਸ਼ੈਲੀਆਂ ਅਤੇ ਲੋਕ ਗਾਇਨ ਸ਼ੈਲੀਆਂ ਬਾਰੂੰ ਨਾਮ ਅੰਕਿਤ ਨਹੀਂ ਕੀਤੇ ਗਏ ਪਰ ਸਮੁੱਚੀ ਬਾਣੀ ਦਾ ਭਾਰਤੀ ਸੰਗੀਤ ਦੇ ਸੰਦਰਭ ਵਿੱਚ ਅਧਿਐਨ ਕੀਤਿਆਂ ਸ਼ਾਸਤਰੀ ਸੰਗੀਤ ਦੀਆਂ ਸ਼ੈਲੀਆਂ ਦੇ ਕਾਵਿ ਰੂਪ ਮੌਜੂਦ ਮਿਲਦੇ ਹਨ । ਸਮੂਹ ਪਦੇ ਧਰੁਪਦ ਗਾਇਨ ਸ਼ੈਲੀ ਉਤੇ ਆਧਾਰਿਤ ਹਨ । ਗੁਰੂ ਸਾਹਿਬ ਦਾ ਮੁੱਖ ਉਦੇਸ਼ ਜਨ ਸਾਧਾਰਣ ਤਕ ਅਧਿਆਤਮਿਕ ਮੰਡਲਾਂ ਦੇ ਰਹੱਸਾਂ ਨੂੰ ਪਹੁੰਚਾਉਣਾ ਅਤੇ ਜੀਵਨ ਜਾਂਚ ਸਿਖਾਉਣਾ ਸੀ । ਗੁਰੂ ਸਾਹਿਬ ਨੇ ਆਪਣੇ ਉਪਦੇਸ਼ ਨੂੰ ਲੋਕਾਈ ਤਕ ਸੰਚਾਰਿਤ ਕਰਨ ਲਈ ਉਹਨਾਂ ਦੇ ਮਨ ਭਾਉਂਦੇ ਕਾਵਿ-ਰੂਪਾਂ ਅਤੇ ਗਾਇਨ ਸ਼ੈਲੀਆਂ ਨੂੰ ਵਿਸ਼ੇਸ਼ ਨਿਯਮਾਂ ਅਨੁਸਾਰ ਪ੍ਰਯੋਗ ਕੀਤਾ । ਲੋਕ-ਕਾਵਿ ਰੂਪਾਂ ਦੀਆਂ ਅਨੇਕ ਗਾਇਨ ਸ਼ੈਲੀਆਂ ਨੂੰ ਉਨਾਂ ਦੇ ਸੰਬੰਧਿਤ ਰਾਗਾਂ ਦੇ ਸਿਰਲੇਖ ਅਧੀਨ ਅੰਕਿਤ ਕੀਤਾ । ਲੋਕ ਧੁਨਾਂ ਤੋਂ ਵਿਕਸਤ ਹੋਏ ਆਸਾ, ਵਡਹੰਸ, ਤੁਖਾਰੀ, ਮਾਝ ਵਰਗੇ ਰਾਗਾਂ ਨੂੰ ਉਹਨਾਂ ਘੋੜੀਆਂ ਅਤੇ ਬਾਰਾਮਾਹ ਵਰਗੇ ਲੋਕ ਕਾਵਿ-ਰੂਪਾਂ ਹਿੱਤ ਵਰਤਿਆ ਇਨ੍ਹਾਂ ਲੋਕ ਕਾਵਿ ਰੂਪਾਂ ਵਿਚ ਵਿਸ਼ੇਸ਼ ਧੁਨ ਅਤੇ ਨਿਵੇਕਲਾ ਸੰਗੀਤ ਵਿਧਾਨ ਹੈ । ਇਸ ਪਰੰਪਰਾ ਦਾ ਵਿਕਾਸ ਉਹਨਾਂ ਦੇ ਸੇਵਕਾਂ ਦੁਆਰਾ ਹੋਇਆ ਉਨਾਂ ਦੇ ਸੇਵਕਾਂ ਵਿੱਚ ਹੀ ਉਨ੍ਹਾਂ ਦੇ ਉਤਰਾਧਿਕਾਰੀ ਬਣੇ। ਇਸ ਲਈ ਉਪਰੋਕਤ ਵਿਚਾਰਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਇਹ ਤਸੱਲੀ ਨਾਲ ਕਹਿ ਸਕਦੇ ਹਾਂ ਕਿ ਮੁਗਲ ਕਾਲ ਵਿੱਚ ਭਾਰਤੀ ਸੰਗੀਤ ਦੇ ਵਿਕਾਸ ਵਿੱਚ ਗੁਰਮਤਿ ਸੰਗੀਤ ਦਾ ਇਕ ਵਿਸ਼ੇਸ਼ ਸਥਾਨ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਵਿਕਸਤ ਕੀਤਾ ।

## ਹਮਾਯੂੰ ਦੇ ਕਾਲ ਵਿੱਚ ਸੰਗੀਤ

ਬਾਬਰ ਦੀ ਮੌਤ ਤੋਂ ਬਾਅਦ ਦਿੱਲੀ ਦੇ ਤਖ਼ਤ ਦਾ ਮਾਲਕ ਹਮਾਯੂੰ ਬਣਿਆ । ਹਮਾਯੂੰ ਨੂੰ ਸੰਗੀਤ ਪ੍ਰੇਮ ਆਪਣੇ ਪਿਤਾ ਤੋਂ ਵਿਰਸੇ ਵਿੱਚ ਹੀ ਪ੍ਰਾਪਤ ਹੋਇਆ ਸੀ । ਗਾਇਨ ਵਾਦਨ ਨਾਲ ਹਮਾਯੂੰ ਨੂੰ ਬੇਹੱਦ ਪਿਆਰ ਸੀ । ਉਹ ਇਕ ਮਹਾਨ ਸੰਗੀਤਕਾਰ ਸੀ ਅਤੇ ਸੰਗੀਤ ਨੂੰ ਇੰਨੇ ਧਿਆਨ ਨਾਲ ਸੁਣਦਾ ਸੀ ਕਿ ਉਨ੍ਹਾਂ ਦੀਆਂ ਗਹਿਰਾਈਆਂ ਵਿੱਚ ਡੁੱਬ ਜਾਂਦਾ ਸੀ ।[1] ਉਸ ਨੇ ਆਪਣੇ ਦਰਬਾਰ ਵਿੱਚ ਉੱਚ-ਕੋਟੀ ਦੇ ਗਾਇਕ ਅਤੇ ਵਾਦਕ ਰੱਖੇ ਹੋਏ ਸਨ ਜਿੰਨਾਂ ਕੋਲੋਂ ਉਹ ਬੁਧਵਾਰ ਨੂੰ ਗਾਇਨ ਸੁਣਦਾ ਸੀ ਅਤੇ ਉਨ੍ਹਾਂ ਦੇ ਮਨੋਰਥ ਪੂਰੇ ਕਰਦੇ ਸੀ । ਹੁਮਾਯੂੰ ਦੇ ਦਰਬਾਰ ਵਿੱਚ 29 ਗਾਇਕ ਅਤੇ ਵਾਦਕ ਸਨ ਜਿਨ੍ਹਾਂ ਨੇ ਭਾਰਤੀ ਸੰਗੀਤ ਦੇ ਇਤਿਹਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ।[2] ਹੁਮਾਯੂ ਨੇ ਆਪਣੇ ਰਾਜ ਦਰਬਾਰ ਸਮੇਂ ਬੜਾ ਕਤਲੇਆਮ ਕੀਤਾ । 1535 ਈ. ਵਿੱਚ ਮਾਂਡੋ ਤੇ ਅਧਿਕਾਰ ਕੀਤਾ ਉਸ ਸਮੇਂ ਗਾਇਕ ਬੈਜੂ ਇਕ ਮੁਸਲਮਾਨ ਦੇ ਹੱਥੋਂ ਬੰਦੀ ਹੋ ਗਏ । ਹੁਮਾਯੂ ਦੇ ਇਕ ਸਿਪਾਹੀ ਨੇ ਉਸ ਨੂੰ ਪਛਾਣ ਕੇ ਉਸ ਦੀ ਰੱਖਿਆ ਕੀਤੀ । ਬੈਜੂ ਹੁਮਾਯੂ ਦੀ ਸ਼ਰਨ ਵਿੱਚ ਆਇਆ ਤੇ ਹੁਮਾਯੂ ਨੇ ਉਸ ਦਾ ਗਾਇਨ ਸੁਣ ਕੇ ਪਰਜਾ ਉਪਰ ਕਤਲੇਆਮ ਕਰਨਾ ਬੰਦ ਕਰ ਦਿੱਤਾ ਅਤੇ ਕਿਹਾ ਕਿ ਬੈਜ਼ੂ ਜਿਨ੍ਹਾਂ ਬੰਦੀਆਂ ਨੂੰ ਛੁਡਾਉਣਾ ਚਾਹੇ ਛੁਡਵਾ ਲਏ । ੪ ਇਸ ਤਰ੍ਹਾਂ ਬੈਜ਼ੂ ਕੁਝ ਦਿਨ ਹੁਮਾਯੂ ਦੀ ਸ਼ਰਨ ਵਿਚ ਰਿਹਾ । ਮੌਕਾ ਮਿਲਣ ਤੇ ਵਾਪਿਸ ਚਲਾ ਗਿਆ । ਹੁਮਾਯੂ ਬਹੁਤ

---

1. ਉਮੇਸ਼ ਜੋਸ਼ੀ : ਭਾਰਤੀਯ ਸੰਗੀਤ ਕਾ ਇਤਿਹਾਸ ; ਪੰਨਾ 223.

2. ਆਚਾਰੀਆ ਬ੍ਰਹਸਪਤੀ : ਮੁਸਲਮਾਨ ਔਰ ਭਾਰਤੀਯ ਸੰਗੀਤ ; ਪੰਨਾ 71.

ਦੁਖੀ ਹੋਇਆ ਤੇ ਕਿਹਾ ਕਿ ਜੇ ਸਾਡੀ ਸੇਵਾ ਵਿਚ ਰਹਿੰਦਾ ਤਾਂ ਉਹ ਸੁਲਤਾਨ ਬਹਾਦਰ ਨੂੰ ਭੁੱਲ ਜਾਂਦਾ[1] । ਹੁਮਾਯੂੰ ਨੇ ਆਪਣੇ ਲੋਕਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ ਜਿਸ ਵਿਚੋਂ ਵਿਦਵਾਨ ਅਤੇ ਪਵਿੱਤਰ ਲੋਕਾਂ ਨੂੰ ਅਹਿਲ-ਏ-ਸਾਦਾਤ' ਕਹਿੰਦੇ ਸਨ । ਦੂਜੀ ਸ਼੍ਰੇਣੀ ਵਿੱਚ ਸ਼ਾਹੀ ਘਰਾਣੇ ਦੇ ਲੋਕ ਅਤੇ ਰਾਜ ਦੇ ਉਚੇ ਮੁਲਾਜ਼ਿਮ ਆਉਂਦੇ ਸਨ ਜਿਨ੍ਹਾਂ ਨੂੰ 'ਅਹਿਲ-ਏ-ਦੌਲਤ' ਕਹਿੰਦੇ ਸਨ । ਤੀਜੀ ਸ਼੍ਰੇਣੀ ਵਿੱਚ ਸੰਗੀਤਕਾਰ ਅਤੇ ਗਵੱਈਏ ਆਉਂਦੇ ਸਨ ਜੋ ਨਿਰੋਲ ਬਾਦਸ਼ਾਹ ਦੀ ਸਰਪ੍ਰਸਤੀ ਉਤੇ ਨਿਰਭਰ ਕਰਦੇ ਸਨ । ਉਨ੍ਹਾਂ ਨੂੰ 'ਅਹਿਲ-ਏ-ਮੁਰਾਦ' ਕਹਿੰਦੇ ਸਨ, ਪਰ ਉਨ੍ਹਾਂ ਨੂੰ 'ਅਹਿਲ-ਏ-ਤਰਬ' ਅਰਥਾਤ ਸੰਗੀਤਕਾਰ ਕਹਿਣਾ ਚਾਹੀਦਾ ਸੀ ।[2] ਇਸ ਤੋਂ ਸਪਸ਼ਟ ਹੁੰਦਾ ਹੈ ਕਿ ਮੁਗਲ ਕਾਲ ਵੇਲੇ ਭਾਰਤੀ ਸੰਗੀਤ ਦਾ ਵਿਕਾਸ ਵਧਦਾ ਗਿਆ । ਹੁਮਾਯੂੰ ਨੇ ਇਸ ਵਿਚ ਬੜਾ ਯੋਗਦਾਨ ਪਾਇਆ ।

ਮੁਗਲ ਕਾਲ ਵਿਚ ਸੰਗੀਤ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ । ਦਰਬਾਰੀ ਸੰਗੀਤ ਵਿੱਚ ਗਾਇਨ ਸ਼ੈਲੀਆਂ ਦਾ ਪ੍ਰਚਾਰ ਹੋਇਆ । ਦਰਬਾਰੀ ਸੰਗੀਤ ਵਿੱਚ ਸੰਗੀਤਕਾਰ ਨੂੰ ਵੇਤਨ ਤੋਂ ਇਲਾਵਾ ਇਨਾਮ ਅਤੇ ਉਪਾਧੀਆਂ ਦੇ ਕੇ ਰੱਖਿਆ ਜਾਂਦਾ ਸੀ । ਮੁਗਲ ਰਾਜ ਵਿਚ ਦਰਬਾਰੀ ਸੰਗੀਤ ਨੇ ਸ਼ਾਸ਼ਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿੱਚ ਉਨਤੀ ਤਾਂ ਲਿਆਂਦੀ, ਪਰੰਤੂ ਉਹਨਾਂ ਦਾ ਵਿਸ਼ਾ ਨਿਰੋਲ ਸ਼ਿੰਗਾਰ ਰਸੀ ਅਤੇ ਵਿਨੋਦੀ ਭਾਵਨਾਵਾਂ ਨਾਲ ਸੰਬੰਧਿਤ ਹੋ ਗਿਆ ਜਿਸ ਦੇ ਸਿੱਟੇ ਵਜੋਂ ਦਰਬਾਰੀ ਸੰਗੀਤ ਸਾਧਾਰਣ ਲੋਕਾਂ ਦੀਆਂ ਨਜ਼ਰਾਂ

---

1. ਆਚਾਰੀਆ ਬ੍ਰਹਸਪਤੀ : ਮੁਸਲਮਾਨ ਔਰ ਭਾਰਤੀਯ ਸੰਗੀਤ ; ਪੰਨਾ 71.

2. ਭਗਤ ਸਿੰਘ : ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ ; ਪੰਨਾ 282.

ਵਿੱਚ ਢਿੱਲ ਗਿਆ ।

ਮੁਗਲ ਕਾਲ ਵਿੱਚ ਦੂਸਰੀ ਵੱਡੀ ਧਾਰਾ ਲੋਕ ਸੰਗੀਤ ਸੀ ਇਸ ਦੇ ਪ੍ਰਚਲਨ ਦੀਆਂ ਦੋ ਵਿਧੀਆਂ ਸਨ । ਸਾਧਾਰਣ ਜਨਤਾ ਆਪਣੇ ਜੀਵਨ ਦੇ ਵੱਖ ਵੱਖ ਅਵਸਰਾਂ ਤੇ ਸੰਗੀਤ ਦਾ ਪ੍ਰਯੋਗ ਕਰਦੇ ਸਨ । ਇਹ ਲੋਕ ਧਾਰਮਿਕ ਵੱਖ ਵੱਖ ਮੇਲਿਆਂ, ਤਿਉਹਾਰਾਂ ਅਤੇ ਲੋਕ ਸਮਾਗਮਾਂ ਉਤੇ ਲੋਕ ਸੰਗੀਤ ਪ੍ਰਸਤੁਤ ਕਰਿਆ ਕਰਦੇ ਸਨ । ਸਾਧਾਰਣ ਲੋਕ ਜਨਮ ਤੋਂ ਲੈ ਕੇ ਮੌਤ ਤੱਕ ਦੇ ਗੀਤਾਂ ਦਾ ਪ੍ਰਯੋਗ ਕਰਦੇ ਸਨ । ਪੁਰਸ਼ ਅਤੇ ਇਸਤਰੀਆਂ ਵੀ ਲੋਕ ਗੀਤਾਂ ਵਿੱਚ ਭਾਗ ਲੈਂਦੀਆਂ ਸਨ । ਇਸ ਤਰ੍ਹਾਂ ਇਸ ਵੇਲੇ ਲੋਕ ਸੰਗੀਤ ਦਾ ਕਾਫੀ ਪ੍ਰਚਾਰ ਸੀ । ਸਮੁੱਚੇ ਰੂਪ ਵਿੱਚ ਅਸੀਂ ਇਹ ਹੀ ਕਹਿ ਸਕਦੇ ਹਾਂ ਕਿ ਲੋਕ ਸੰਗੀਤ ਭਾਰਤੀ ਸੰਗੀਤ ਦੀ ਇਕ ਮੁੱਖ ਧਾਰਾ ਵਜੋਂ ਨਿਰੰਤਰ ਪ੍ਰਵਾਹ ਅਧੀਨ ਮੁਗਲ ਕਾਲ ਵੇਲੇ ਵਿਕਸਤ ਹੋ ਰਹੀ ਸੀ । ਇਸ ਦਾ ਰੂਪ ਸ਼ਾਸਤਰੀ ਸੰਗੀਤ ਨਾਲੋਂ ਵਧੇਰੇ ਸਾਰਥਿਕ ਸੀ ।

ਗੁਰੂ ਅੰਗਦ ਦੇਵ

ਗੁਰੂ ਅੰਗਦ ਦੇਵ ਜੀ ਮੁਗਲ ਕਾਲ ਵੇਲੇ ਹੁਮਾਯੂੰ ਬਾਦਸ਼ਾਹ ਦੇ ਸਮਕਾਲੀ ਹੋਏ ਹਨ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਹੋਈ ਕੀਰਤਨ ਪਰੰਪਰਾ ਨੂੰ ਮੁਗਲ ਰਾਜ ਦਰਬਾਰ ਦੇ ਵਕਤ ਪੂਰਨ ਰੂਪ ਵਿਚ ਵਿਕਸਤ ਕੀਤਾ । ਗੁਰੂ ਸਾਹਿਬ ਨੇ ਸਿੱਖ ਧਰਮ ਦੀ ਪਰੰਪਰਾ ਅਨੁਸਾਰ ਸੰਗੀਤ ਨੂੰ ਪਰਜਵਲਿਤ ਰੱਖਿਆ । ਉਹਨਾਂ ਨੇ ਗੁਰੂ ਸਾਹਿਬ ਦੁਆਰਾ ਚਲਾਈ ਹੋਈ ਗੁਰਮਤਿ ਸੰਗੀਤ ਦੀ ਪਰੰਪਰਾ ਦਾ ਅਨੁਕਰਨ ਨਹੀਂ ਕੀਤਾ ਸਗੋਂ ਆਪ ਰਾਗਾਂ ਵਿੱਚ ਬਾਣੀ ਰਚ ਕੇ ਭਾਰਤੀ ਸੰਗੀਤ ਵਿੱਚ ਗੁਰਮਤਿ ਸੰਗੀਤ ਦਾ ਸਤਿਕਾਰਯੋਗ ਸਥਾਨ ਨਿਸ਼ਚਿਤ

ਕੀਤਾ । ਗੁਰੂ ਸਾਹਿਬ ਵਲੋਂ ਰਚਿਤ ਬਾਣੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਸਲੋਕਾਂ ਦੇ ਰੂਪ ਵਿੱਚ ਦਰਜ ਹੈ, ਜੋ ਕਿ ਗਿਣਤੀ ਵਿੱਚ 62 ਹਨ । ਗੁਰੂ ਸਾਹਿਬ ਨੇ ਪੰਜਾਬੀ ਤੇ ਗੁਰਮੁਖੀ ਲਿਪੀ ਨੂੰ ਪ੍ਰਚਾਰ ਵਿੱਚ ਲਿਆਂਦਾ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਭਾਈ ਬਾਲਾ ਤੋਂ ਸੁਣ ਕੇ ਸਾਖੀਆਂ ਦੀ ਸੰਪਾਦਨਾ ਕੀਤੀ ।[1] ਆਪ ਦੇ ਦਰਬਾਰ ਵਿੱਚ ਭਾਈ ਸੱਤਾ ਤੇ ਬਲਵੰਡ ਦੇ ਪੁੱਤਰ ਭਾਈ ਸਾਹਿਜਾਦ, ਭਾਈ ਸਦੂ, ਭਾਈ ਮਦੂ ਨਾਮਕ ਰਬਾਬੀ ਕੀਰਤਨ ਕਰਦੇ ਸਨ ।[2] ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੀ ਚਲਾਈ ਹੋਈ ਇਸ ਕੀਰਤਨ ਪਰੰਪਰਾ ਨੂੰ ਗੁਰੂ ਅਮਰਦਾਸ ਜੀ ਨੇ ਵੀ ਪੂਰਨ ਤੌਰ ਤੇ ਅਪਣਾਇਆ ।

## ਅਕਬਰ ਕਾਲ

ਮੁਗਲ ਕਾਲ ਦੇ ਵਿਚ ਅਕਬਰ ਦਾ ਕਾਲ 1556 ਈ. ਦੇ ਲਗਭਗ ਮੰਨਿਆ ਜਾਂਦਾ ਹੈ ਅਕਬਰ ਦੇ ਸਮੇਂ ਸ਼ਾਸਤਰੀ ਸੰਗੀਤ ਨੇ ਬਹੁਤ ਤਰੱਕੀ ਕੀਤੀ । ਭਾਰਤ ਵਿੱਚ ਚਿਰਾਂ ਤੋਂ ਪ੍ਰਚਲਿਤ ਹਿੰਦੂ ਕਲਾਸੀਕਲ ਸੰਗੀਤ ਉਚੇ ਪੱਧਰ ਤੱਕ ਪੁੱਜਾ ਹੋਇਆ ਸੀ ਅਤੇ ਅਰਬੀ ਜਾਂ ਇਰਾਨੀ ਸੰਗੀਤ ਨਾਲੋਂ ਕਿਤੇ ਵੱਧ ਸਰੇਸ਼ਠ ਸੀ । ਅਕਬਰ ਨੇ ਇਹਨਾਂ ਦੋਹਾਂ ਵਿੱਚ ਤਾਲਮੇਲ ਬਨਾਉਣ ਦਾ ਯਤਨ ਕੀਤਾ । ਅਕਬਰ ਦਾ ਸੰਗੀਤ ਪ੍ਰਤੀ ਧਿਆਨ ਬਹੁਤ ਸਾਰੇ ਮੰਨੇ-ਪ੍ਰਮੰਨੇ ਸੰਗੀਤਕਾਰਾਂ ਨਾਲੋਂ ਵਧੇਰੇ ਡੂੰਘਾ ਸੀ । ਉਸ ਨੇ ਧੁਨੀਮਈ ਹਿੰਦੂ ਸੰਗੀਤ ਨਾਲ ਕਲਾਵੰਤ ਤੋਂ

---

1. ਗੋਕਲ ਚੰਦ ਨਾਰੰਗ : ਸਿੱਖ ਮੱਤ ਦਾ ਪਰਿਵਰਤਨ ; ਪੰਨਾ 17.
2. ਗੀਤਾ ਪੈਂਤਲ : ਪੰਜਾਬ ਦੀ ਸੰਗੀਤ ਪਰੰਪਰਾ ; ਪੰਨਾ 118.

ਸਿਖਿਆ ਸੀ ਜਿਸ ਨੇ ਹਿੰਦੂ ਭਾਸ਼ਾ ਦੀਆਂ ਸਭ ਆਵਾਜ਼ਾਂ ਅਤੇ ਸਵਰਾਂ ਦਾ ਉਸ ਨੂੰ ਗਿਆਨ ਦਿੱਤਾ ਸੀ ।[1] ਬਾਦਸ਼ਾਹ ਅਕਬਰ ਆਪ ਸੰਗੀਤ ਦਾ ਸੂਝਵਾਨ ਸੀ ਉਸ ਦੇ ਦਰਬਾਰ ਵਿੱਚ 36 ਮਹਾਨ ਸੰਗੀਤਕਾਰ ਨਿਯੁਕਤ ਸਨ ਜਿਨ੍ਹਾਂ ਵਿੱਚ ਮੀਆਂ ਤਾਨਸੈਨ, ਬਾਜ਼ ਬਹਾਦਰ, ਸੁਲਤਾਨ ਹੁਸੈਨ ਖਾਂ 'ਸ਼ਰਕੀ', ਬੈਜੂਬਾਵਰਾ ਆਦਿ ਮੁੱਖ ਸਨ ।

ਅਕਬਰ ਦੇ ਸਮੇਂ ਸੁਆਮੀ ਹਰਿਦਾਸ, ਸੂਰਦਾਸ, ਤੁਲਸੀ ਦਾਸ, ਮੀਰਾਂ ਬਾਈ ਜਹੇ ਭਗਤੀ ਖੇਤਰ ਦੇ ਉੱਚੇ ਨਾਇਕ ਵੀ ਹੋਏ ਗੁਰੂ ਅਮਰਦਾਸ ਜੀ ਅਕਬਰ ਦੇ ਸਮਕਾਲੀ ਸਨ ।[2] ਅਕਬਰ ਨੇ ਆਪਣੇ ਰਾਜ ਕਾਲ ਦੇ ਆਰੰਭ ਵਿੱਚ ਹੀ ਤਾਨਸੈਨ ਨੂੰ ਰੀਵਾ ਤੋਂ ਆਪਣੇ ਪਾਸ ਬੁਲਾ ਲਿਆ ਸੀ ਅਤੇ ਆਪਣੇ ਦਰਬਾਰ ਵਿੱਚ ਉਸ ਨੂੰ ਮਹੱਤਵਪੂਰਨ ਸਥਾਨ ਦਿੱਤਾ । ਅਕਬਰ ਦੇ ਦਰਬਾਰ ਵਿੱਚ ਇਕ ਹੋਰ ਪ੍ਰਸਿੱਧ ਸੰਗੀਤਕਾਰ ਬਾਬਾ ਹਰੀਦਾਸ ਸੀ ਜੋ ਤਾਨਸੈਨ ਤੋਂ ਦੂਸਰੇ ਦਰਜੇ ਤੇ ਆਉਂਦਾ ਸੀ । ਅਕਬਰ ਦੇ ਦਰਬਾਰ ਵਿੱਚ ਹੋਰ ਵੀ ਕਈ ਸਾਰੇ ਪ੍ਰਸਿੱਧ ਸੰਗੀਤਕਾਰ ਸਨ । ਆਈਨੇ-ਏ-ਅਕਬਰੀ ਵਿੱਚ 35 ਅਜਿਹੇ ਗਵੱਈਆਂ ਦੇ ਨਾਂ ਲਿਖੇ ਹਨ ਜਿਨ੍ਹਾਂ ਨੂੰ ਉਹ ਪਹਿਲੇ ਦਰਜੇ ਦੇ ਗਵੱਈਏ ਸਮਝਦਾ ਸੀ ।[3]

ਅਕਬਰ ਦੇ ਦਰਬਾਰ ਵਿੱਚ ਤਿੰਨ ਪਰੰਪਰਾਵਾਂ ਨਾਲ ਸੰਬੰਧਿਤ ਕਲਾਕਾਰ ਸਨ । ਪਹਿਲੀ ਪਰੰਪਰਾ ਰਾਗ ਰਾਗਨੀ ਵਰਗੀਕਰਣ ਨੂੰ ਮੰਨਦੀ ਸੀ । ਦੂਸਰੇ ਵਰਗ ਦੇ ਕਲਾਕਾਰ

---

1. ਭਗਤ ਸਿੰਘ : ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ ; ਪੰਨਾ 282.
2. ਗੁਰੂ ਅਮਰਦਾਸ ਦੇ ਸੰਗੀਤ ਬਾਰੇ : ਖੋਜ ਪਤ੍ਰਿਕਾ ; 1976, ਪੰਨਾ 187,(ਅੰਕ 14)
3. ਭਗਤ ਸਿੰਘ : ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ ; ਪੰਨਾ 282.

ਈਰਾਨੀ ਮੁਕਾਮ ਪੱਧਤੀ ਨਾਲ ਸੰਬੰਧਿਤ ਸਨ ਅਤੇ ਤੀਸਰੇ ਵਰਗ ਦੇ ਕਲਾਕਾਰਾਂ ਦਾ ਗਾਇਨ ਸੰਗੀਤ ਰਤਨਾਕਰ ਉਪਰ ਆਧਾਰਿਤ ਸੀ । ਤਾਨਸੈਨ ਆਪਣੇ ਸਮੇਂ ਦਾ ਪ੍ਰਸਿੱਧ ਸੰਗੀਤਕਾਰ ਸੀ ਜਿਸ ਨੇ ਨਵੇਂ ਰਾਗਾਂ ਦੀ ਖੋਜ ਕੀਤੀ ।[1] ਅਕਬਰ ਦੇ ਦਰਬਾਰ ਵਿੱਚ ਕਈ ਨਵੇਂ ਰਾਗਾਂ ਦੀ ਰਚਨਾ ਹੋਈ । ਤਾਨਸੈਨ ਨੇ ਮੀਆਂ ਕੀ ਮਲ੍ਹਾਰ, ਰਾਮਦਾਸ ਨੇ ਰਾਮਦਾਸੀ ਮਲ੍ਹਾਰ , ਸੂਰਦਾਸ ਨੇ ਸੂਰਦਾਸ ਮਲ੍ਹਾਰ, ਬੈਜੂ ਨੇ ਬੈਜੂ ਕੀ ਮਲ੍ਹਾਰ ਆਦਿ ਨਵੇਂ ਰਾਗਾਂ ਨੂੰ ਭਾਰਤੀ ਸੰਗੀਤ ਵਿੱਚ ਜਨਮ ਦਿੱਤਾ ।[2] ਇਸ ਕਾਲ ਵਿੱਚ ਇਕ ਪਾਸੇ ਖਿਆਲ ਗਾਇਨ ਸ਼ੈਲੀ ਦਾ ਪ੍ਰਚਾਰ ਸੀ ਤੇ ਦੂਸਰੇ ਪਾਸੇ ਧਰੁਪਦ ਗਾਇਕੀ ਦਾ ਪ੍ਰਚਾਰ ਸਿਖਰਾਂ ਤੇ ਸੀ । ਅਕਬਰ ਦੀ ਇਸ ਕਲਾ ਵਿਚ ਦਿਲਚਸਪੀ ਅਤੇ ਸਰਪ੍ਰਸਤੀ ਸਦਕੇ ਸਾਜ਼ਾਂ ਅਤੇ ਸਵਰਾਂ ਨੇ ਸੰਗੀਤ ਵਿੱਚ ਬਹੁਤ ਉੱਨਤੀ ਕੀਤੀ । ਅਕਬਰ ਦੇ ਸਮੇਂ ਸ਼ਾਸਤਰੀ ਗਾਇਨ ਦੇ ਪ੍ਰਚਾਰ ਲਈ ਸ਼ਾਸਤਰੀ ਵਾਦਨ ਦਾ ਪ੍ਰਚਾਰ ਵੀ ਸੀ । ਬੀਨ ਮੰਡਲ ਖਾਂ, ਮਹਾਨ ਸੁਰ ਮੰਡਲ ਵਾਦਕ ਅਤੇ ਕਾਸਿਮ ਜਿਸ ਨੇ ਰਬਾਬ ਅਤੇ ਤੂੰਬਾ ਨਾਲ ਮੇਲ ਖਾਂਦੇ ਇਕ ਸਾਜ਼ ਦੀ ਖੋਜ ਕੀਤੀ । ਬਾਦਸ਼ਾਹ ਦੇ ਦਰਬਾਰ ਵਿੱਚ ਕਈ ਸਾਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਜਿਵੇਂ ਤੁਵਰਕਾ, ਸੁਰਨ, ਨਾਕਿਰ, ਬੀਨ, ਕਿੰਨ, ਸੁਰਬੀਨ, ਰਬਾਬ, ਸੁਰ ਮੰਡਲ, ਸਾਰੰਗੀ, ਪਖਾਵਜ ਆਦਿ[3] ਇਸ ਪ੍ਰਕਾਰ ਅਕਬਰ ਬਾਦਸ਼ਾਹ ਦੇ ਕਾਲ ਵਿੱਚ ਭਾਰਤੀ ਸੰਗੀਤ ਦਾ ਵਿਕਾਸ ਵਿਸ਼ਾਲ ਰੂਪ ਵਿੱਚ ਹੋਇਆ ਅਕਬਰ ਦੇ ਕਾਲ ਨੂੰ ਸੰਗੀਤ ਦਾ ਸਵਰਨ ਯੁੱਗ ਕਹਿਣਾ ਉਚਿਤ ਹੋਵੇਗਾ ਕਿਉਂਕਿ ਇਸ ਕਾਲ ਵਿੱਚ ਗੁਰਮਤਿ ਸੰਗੀਤ

---

1. ਵਿਕ੍ਰਮਾਦਿਤਯਾ ਸਿੰਘ : ਸੰਗੀਤ ਕਮੌਦੀ (ਭਾਗ ਪਹਿਲਾ) ; ਪੰਨਾ 34.
2. ਵਿਕ੍ਰਮਾਦਿਤਯਾ ਸਿੰਘ : ਸੰਗੀਤ ਕਮੌਦੀ (ਭਾਗ ਪਹਿਲਾ) ; ਪੰਨਾ 34-35.
3. S.M.Tagore : Universal History of Music ; page 56-57.

ਨੇ ਵੀ ਵਿਕਸਤ ਰੂਪ ਵਿੱਚ ਤਰੱਕੀ ਕੀਤੀ । ਗੁਰੂ ਅਮਰਦਾਸ ਜੀ ਵਰਗੇ ਗੁਰੂ ਜਨਾਂ ਨੇ ਗੁਰਮਤਿ ਸੰਗੀਤ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ । ਕਈ ਨਵੇਂ ਸਾਜ਼ ਅਤੇ ਰਾਗ ਰਚੇ ਗਏ । ਉਪਰੋਕਤ ਤੋਂ ਅਸੀਂ ਇਹ ਹੀ ਕਹਿ ਸਕਦੇ ਹਾਂ ਕਿ ਇਸ ਬਾਦਸ਼ਾਹ ਦੇ ਕਾਲ ਵਿੱਚ ਗੁਰਮਤਿ ਸੰਗੀਤ ਨੂੰ ਵਿਸ਼ੇਸ਼ ਸਥਾਨ ਹਾਸਿਲ ਹੋਇਆ ਜਿਸ ਨੇ ਭਾਰਤੀ ਸੰਗੀਤ ਦੇ ਵਿਕਾਸ ਵਿੱਚ ਵੱਡਮੁੱਲਾ ਯੋਗਦਾਨ ਪਾ ਕੇ ਆਪਣੀ ਪਰੰਪਰਾ ਨੂੰ ਵਿਕਸਤ ਕੀਤਾ ।

## ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਅਕਬਰ ਦੇ ਸਮਕਾਲੀ ਸਨ । ਗੁਰੂ ਅਮਰਦਾਸ ਜੀ ਨੇ ਪਹਿਲੇ ਗੁਰੂਆਂ ਵਲੋਂ ਚਲਾਈ ਹੋਈ ਕੀਰਤਨ ਪਰੰਪਰਾ ਨੂੰ ਮੁਗਲ ਕਾਲ ਦੇ ਰਾਜ ਦਰਬਾਰ ਦੇ ਵੇਲੇ ਦੂਰ ਦੂਰ ਤੱਕ ਫੈਲਾਇਆ ਅਤੇ ਕੀਰਤਨ ਦੀ ਪਰੰਪਰਾ ਨੂੰ ਜਾਰੀ ਰਖਿਆ । ਗੁਰੂ ਸਾਹਿਬ ਵਲੋਂ ਰਚੀ ਬਾਣੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਉਸ ਦਾ ਰਚਨਾ ਕਾਲ 72 ਸਾਲ ਦੀ ਉਮਰ ਤੋਂ ਲੈ ਕੇ 90 ਸਾਲ ਤੱਕ ਦਾ ਹੈ । ਇਸ ਦੀ ਸਰੰਚਨਾ ਅਤੇ ਰਾਗਾਂ ਸੰਬੰਧੀ ਵਿਵਰਣ ਤੋਂ ਪਤਾ ਚਲਦਾ ਹੈ ਕਿ ਆਪ ਜੀ ਪਹਿਲਾਂ ਵੀ ਸੰਗੀਤਬੱਧ ਕਾਵਿ ਰਚਨਾ ਕਰਦੇ ਸੀ ।[1] ਆਪ ਜੀ ਦੀ ਰਾਮਕਲੀ ਵਿੱਚ ਉਚਾਰਣ ਕੀਤੀ ਬਾਣੀ 'ਆਨੰਦ ਸਾਹਿਬ' ਬਹੁਤ ਪ੍ਰਸਿੱਧ ਹੈ ।

ਗੁਰੂ ਅਮਰਦਾਸ ਜੀ ਨੇ ਵਿਆਹ ਅਤੇ ਮੌਤ ਦੇ ਅਵਸਰਾਂ ਤੇ ਕੀਰਤਨ ਕਰਨ ਦਾ

---

1. ਜਾਗੀਰ ਸਿੰਘ (ਡਾ.) : ਸਿੱਖ ਗੁਰੂ ਸਾਹਿਬਾਨ ਦੀ ਬਾਣੀ ਤੇ ਸੰਗੀਤ ਦਾ ਸਬੰਧ ; ਪੰਨਾ 41.

2. ਸਰਮੁਖ ਸਿੰਘ ਅਮੋਲ,: ਸਿੱਖ ਧਰਮ ਦੀ ਜਾਣ ਪਛਾਣ; ਪੰਨਾ 15.

ਆਦੇਸ਼ ਦਿੱਤਾ । ਆਪਣੇ ਪੂਰਵਵਰਤੀ ਗੁਰੂ ਸਾਹਿਬਾਨ ਦੀ ਬਾਣੀ ਅਤੇ ਆਪਣੀ ਬਾਣੀ ਨੂੰ ਸੰਕਲਿਤ ਕਰਕੇ ਆਪਣੇ ਪੋਤਰੇ ਸੈਹਸ ਰਾਮ ਤੋਂ ਦੋ ਭਾਗਾਂ ਵਿੱਚ ਲਿਪੀਬੱਧ ਕਰਵਾਇਆ[1] ਆਪ ਨੇ 17 ਰਾਗਾਂ ਵਿੱਚ 907 ਸ਼ਬਦਾਂ ਦੀ ਰਚਨਾ ਕੀਤੀ । ਸ਼ਿੰਗਾਰ ਰਸੀ ਭਾਵਾਂ ਦੀ ਬਾਣੀ ਲਈ ਉਨ੍ਹਾਂ ਨੇ ਸੂਹੀ ਰਾਗ ਦਾ ਪ੍ਰਯੋਗ ਕੀਤਾ । ਮੌਸਮਾਂ ਦੇ ਚਿਤਰਣ ਲਈ ਗੁਰੂ ਸਾਹਿਬ ਨੇ ਮਲ੍ਹਾਰ ਅਤੇ ਬਸੰਤ ਰਾਗਾਂ ਦੀ ਵਰਤੋਂ ਕੀਤੀ । ਉਹਨਾਂ ਦੀ ਬਾਣੀ ਰਚਨਾ ਤੋਂ ਸਾਨੂੰ ਇਹ ਭਲੀ ਭਾਂਤ ਜਾਣਕਾਰੀ ਮਿਲਦੀ ਹੈ ਕਿ ਉਹ ਗੁਰਬਾਣੀ ਦੀ ਰਚਨਾ ਸਮੇਂ ਉਸ ਦੇ ਸੰਗੀਤ ਨਾਲ ਸਹੀ ਸੁਮੇਲ ਤੋਂ ਪੂਰਨ ਰੂਪ ਵਿੱਚ ਸੁਚੇਤ ਸਨ । ਆਪ ਜੀ ਦੀਆਂ ਰਾਗ ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗ ਵਿਚੋਂ ਰਾਗ ਗੂਜਰੀ ਤੇ ਰਾਮਕਲੀ ਦੀਆਂ ਵਾਰਾਂ ਵਿਸ਼ੇਸ਼ ਹਨ[2] ਗੁਰੂ ਸਾਹਿਬ ਜੀ ਨੇ ਸਰਿਦਾਂ ਨਾਮਕ ਸਾਜ ਦੀ ਕਾਢ ਕੱਢੀ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਕੀਰਤਨ ਪਰੰਪਰਾ ਨੂੰ ਗੁਰੂ ਅਮਰਦਾਸ ਜੀ ਨੇ ਪ੍ਰਯੋਗ x ਵਿਚ ਰਖਿਆ ਅਤੇ ਉਸ ਵਿੱਚ ਨਵੀਨਤਾ ਵੀ ਲਿਆਂਦੀ ।

## ਗੁਰੂ ਰਾਮਦਾਸ ਜੀ

ਗੁਰੂ ਰਾਮਦਾਸ ਵੀ ਮੁਗਲ ਬਾਦਸ਼ਾਹ ਅਕਬਰ ਦੇ ਸਮਕਾਲੀ ਸਨ ਇਹਨਾਂ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਗੁਰਬਾਣੀ ਕੀਰਤਨ ਪ੍ਰਣਾਲੀ ਨੂੰ ਕਾਇਮ ਹੀ

---

1. ਗੀਤਾ ਪੈਂਤਲ: ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 119.
2. ਗੁਰੂ ਸਾਹਿਬਾਨ ਦੀ ਬਾਣੀ ਤੇ ਸੰਗੀਤ ਦਾ ਸੰਬੰਧ ; ਪੰਨਾ 9.

ਨਹੀਂ ਰੱਖਿਆ ਸਗੋਂ ਨਵੀਂ ਨਵੀਨ ਸੰਭਾਵਨਾਵਾਂ ਨੂੰ ਉਜਾਗਰ ਵੀ ਕੀਤਾ । ਗੁਰੂ ਰਾਮਦਾਸ ਜੀ ਸੰਗੀਤ ਅਤੇ ਕਾਵਿ ਕਲਾ ਵਿੱਚ ਅਸਾਧਾਰਨ ਪ੍ਰਤਿਭਾ ਦੇ ਮਾਲਕ ਸਨ । ਆਪਣੇ ਆਪ ਨੂੰ 'ਢਾਢੀ'[1] ਕਹਿ ਕੇ ਇਸ ਗਲ ਦਾ ਪ੍ਰਮਾਣ ਦਿੰਦੇ ਹਨ ਕਿ ਉਹ ਸੰਗੀਤ ਦੇ ਮਹੱਤਵ ਤੋਂ ਚੇਤੰਨ ਸਨ । ਗੁਰੂ ਸਾਹਿਬ ਨੇ 30 ਰਾਗਾਂ ਵਿੱਚ 579 ਸ਼ਬਦ ਉਚਾਰੇ[2] ਗੁਰੂ ਰਾਮਦਾਸ ਜੀ ਨੇ ਕਾਵਿ ਰਚਨਾ ਵਿੱਚ ਲੋਕ ਕਾਵਿ ਨੂੰ ਪ੍ਰਯੋਗ ਵਿੱਚ ਲਿਆਂਦਾ ਜਿਵੇਂ ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ ਦਾ ਪ੍ਰਯੋਗ ਕੀਤਾ । ਗੁਰੂ ਸਾਹਿਬ ਜੀ ਦੇ ਦਰਬਾਰ ਵਿੱਚ ਸਵੇਰ ਸ਼ਾਮ ਕੀਰਤਨ ਦਾ ਪ੍ਰਵਾਹ ਚਲਦਾ ਸੀ । ਇਹਨਾਂ ਦੀਵਾਨਾਂ ਵਿੱਚ ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਕੀਰਤਨ ਹੁੰਦਾ ਸੀ । ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ । ਲੋਕ ਸੰਗੀਤ ਦੇ ਅੰਤਰਗਤ ਵਾਰ ਅਤੇ ਛੰਤ ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ । ਆਸਾ ਦੀ ਵਾਰ ਵਿਚ ਗਾਏ ਜਾਣ ਵਾਲੇ ਛੰਤ ਗੁਰੂ ਰਾਮਦਾਸ ਜੀ ਨੇ ਰਚੇ । ਗੁਰੂ ਰਾਮਦਾਸ ਜੀ ਨੇ ਪਹਿਲੀ ਵੇਰ ਪੜਤਾਲ ਨਾਮਕ ਸ਼ਾਸਤਰੀ ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ । ਗੁਰੂ ਸਾਹਿਬ ਨੇ 7 ਰਾਗਾਂ ਵਿੱਚ 19 ਪੜਤਾਲਾਂ ਦੀ ਰਚਨਾ ਕਰਕੇ ਭਾਰਤੀ ਸੰਗੀਤ ਦੇ ਵਿਕਾਸ ਵਿੱਚ ਗੁਰਮਤਿ ਸੰਗੀਤ ਦਾ ਵਿਸ਼ੇਸ਼ ਸਥਾਨ ਸਥਾਪਿਤ ਕੀਤਾ ।

---

1. ਹਉ ਢਾਢੀ ਹਰਿ ਖਸਮ ਕਾ, ਹਰਿ ਕੈ ਦਰਿ ਆਇਆ ।
(ਆਦਿ ਗ੍ਰੰਥ ਪੰਨਾ 91)

2. ਸਿੱਖ ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ; ਪੰਨਾ 42.

## ਜਹਾਂਗੀਰ ਕਾਲ (1605-1627):

ਜਹਾਂਗੀਰ ਕਾਲ ਦਾ ਸਮਾਂ 1605 ਤੋਂ 1627 ਈ. ਮੰਨਿਆ ਜਾਂਦਾ ਹੈ । ਜਹਾਂਗੀਰ ਸੰਗੀਤ ਵਿੱਚ ਡੂੰਘੀ ਜਾਣਕਾਰੀ ਲੈਂਦਾ ਸੀ ਉਸ ਦੇ ਰਾਜ ਗੱਦੀ ਉਤੇ ਬੈਠਦੇ ਸਮੇਂ ਤੱਕ ਗੁਰਗੱਦੀ ਦੀ ਮਾਲਕੀ ਗੁਰੂ ਅਰਜਨ ਦੇਵ ਜੀ ਦੇ ਹੱਥ ਵਿਚ ਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਝ ਚੁੱਕੀ ਸੀ, ਸਾਰੀ ਬਾਣੀ ਦੀ ਤਰਤੀਬ ਰਾਗਾਂ ਅਧੀਨ ਨਿਸ਼ਚਿਤ ਰੂਪ ਲੈ ਚੁੱਕੀ ਸੀ ਅਤੇ ਅੰਮ੍ਰਿਤਸਰ ਸਿੱਖਾਂ ਦਾ ਪੂਜਾ ਅਤੇ ਸੰਗਠਨ ਦਾ ਕੇਂਦਰ ਬਣ ਚੁੱਕਾ ਸੀ ।

ਜਹਾਂਗੀਰ ਦੇ ਦਰਬਾਰ ਵਿੱਚ ਵਿਲਾਸ ਖਾਂ, ਛੱਤਰ ਖਾਂ, ਖੁਰਮਦਾਦ, ਪਰਵੇਜ਼ਦਾਦ, ਹਮਜ਼ਨ, ਮਾਖੂ ਅਤੇ ਚਤਰ ਖਾਂ ਸੰਗੀਤਕਾਰ ਸ਼ਾਮਿਲ ਸਨ । ਬਾਦਸ਼ਾਹ ਜਹਾਂਗੀਰ ਨੇ ਸੰਗੀਤਕਾਰਾਂ ਦਾ ਗਾਇਨ ਸੁਣਨ ਲਈ ਕੁਝ ਸਮਾਂ ਨਿਸ਼ਚਿਤ ਕੀਤਾ ਹੁੰਦਾ ਸੀ । ਇਕ ਅੰਗਰੇਜ਼ੀ ਪਾਦਰੀ ਵਿਲੀਅਮ ਫਿੰਚ, ਜੋ ਜਹਾਂਗੀਰ ਦੇ ਸਮੇਂ ਆਗਰੇ ਆਇਆ ਸੀ, ਲਿਖਦਾ ਹੈ ਕਿ ਬਾਦਸ਼ਾਹ ਨੇ ਆਪਣੇ ਕੁਸ਼ਲ ਸੰਗੀਤਕਾਰਾਂ ਨੂੰ ਸੱਤ ਟੋਲੀਆਂ ਵਿੱਚ ਵੰਡਿਆ ਹੋਇਆ ਸੀ ਜਿਨ੍ਹਾਂ ਵਿਚੋਂ ਹਰ ਇਕ ਟੋਲੀ ਹਫਤੇ ਦੇ ਇਕ ਦਿਨ ਲਈ ਮਨੋਰੰਜਨ ਦਾ ਪ੍ਰੋਗਰਾਮ ਦੇਂਦੀ ਸੀ ।[1]

## ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਹੋਏ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਪਰੰਪਰਾ ਦਾ ਘੋਖਵਾਂ ਅਧਿਐਨ ਕੀਤਾ । ਉਹਨਾਂ ਨੇ ਜਿਥੇ ਕੀਰਤਨ ਦਾ ਪ੍ਰਚਾਰ ਕੀਤਾ

---

1. ਭਗਤ ਸਿੰਘ : ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ ; ਪੰਨਾ 284.

ਉਨ੍ਹੇ ਗੁਰਮਤਿ ਕੀਰਤਨ ਨੂੰ ਇਸ ਕਾਲ ਵਿੱਚ ਉੱਤਮ ਸਥਾਨ ਦਿੱਤਾ ਅਤੇ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ । ਜਦੋਂ ਆਪ ਜੀ ਦੇ ਦਰਬਾਰ ਵਿੱਚ ਭਾਈ ਸੱਤਾ ਅਤੇ ਬਲਵੰਡ ਨੇ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਅਰਜਨ ਦੇਵ ਜੀ ਨੇ ਆਪ ਸਿਰੰਦਾ ਹੱਥ ਵਿੱਚ ਫੜ ਕੇ ਕੀਰਤਨ ਕੀਤਾ ਅਤੇ ਸੰਗਤ ਨੂੰ ਕੀਰਤਨ ਕਰਨ ਵਾਸਤੇ ਪਰੇਰਿਤ ਕੀਤਾ ।[1] ਇਹੀ ਸਮਾਂ ਸੀ ਜਦੋਂ ਕੀਰਤਨ ਸਿੱਖ ਰਬਾਬੀਆਂ ਤੋਂ ਸਾਧਾਰਣ ਸਿੱਖ ਸੰਗਤਾਂ ਵਿੱਚ ਆਇਆ । 'ਆਸਾ ਦੀ ਵਾਰ' ਦਾ ਸੰਪੂਰਣ ਗਾਇਨ ਵੀ ਇਸੇ ਕਾਲ ਵਿੱਚ ਹੋਇਆ । ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਪੌੜੀਆਂ, ਗੁਰੂ ਅੰਗਦ ਦੇਵ ਜੀ ਦੇ ਸਲੋਕ, ਗੁਰੂ ਰਾਮਦਾਸ ਜੀ ਦੇ ਛੰਤ, ਗਾਇਨ ਦਾ ਸੰਪੂਰਣ ਰੂਪ ਧਾਰਨ ਕਰਦੇ ਹਨ । ਇਹ ਬਾਣੀ ਦਾ ਗਾਇਨ ਸਿੱਖ ਸੰਗਤਾਂ ਵਿੱਚ ਸਵੇਰ ਵੇਲੇ ਹੁੰਦਾ ਹੈ ।[2] ਗੁਰੂ ਗ੍ਰੰਥ ਸਾਹਿਬ ਵਿੱਚ 30 ਰਾਗਾਂ ਵਿੱਚ 2218 ਸ਼ਬਦ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਹਨ । ਗੁਰੂ ਸਾਹਿਬ ਜੀ ਦੇ ਦਰਬਾਰ ਵਿੱਚ ਝਾਂਝੂ, ਮੁਕੰਦ, ਕੇਦਾਰਾ, ਗੁਰਬਾਣੀ ਦਾ ਕੀਰਤਨ ਕਰਦੇ ਸਨ । ਤਾਲ ਲਈ ਮ੍ਰਿਦੰਗ ਦਾ ਪ੍ਰਯੋਗ ਹੁੰਦਾ ਸੀ ।[3] ਪੂਰਵ ਕਾਲ ਦੇ ਇਸ ਕਾਲ ਵਿੱਚ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੀ ਗਈ ਗੁਰਮਤਿ ਸੰਗੀਤ ਪਧਤੀ ਨੇ ਆਪਣੀ ਇਕ ਵਿਸ਼ੇਸ਼ ਥਾਂ ਬਣਾਈ ਅਤੇ ਇਸ ਕੀਰਤਨ ਪ੍ਰਣਾਲੀ ਨੂੰ ਹੋਰ ਵੀ ਵਿਕਸਤ ਕੀਤਾ । ਗੁਰੂ ਸਾਹਿਬ ਦੀ ਇਸ ਕਾਲ ਵਿੱਚ ਸਭ ਤੋਂ ਮਹੱਤਵਪੂਰਨ ਦੇਣ 'ਗੁਰੂ

---

1. ਯੋਗੇਂਦਰ ਪਾਲ ਸ਼ਰਮਾ, ਬਚਿੱਤਰ ਸਿੰਘ : ਭਾਰਤੀ ਸੰਗੀਤ ਦਾ ਇਤਿਹਾਸ ; ਪੰਨਾ 198-99.
2. ——— -ਉਹੀ- ——— ਪੰਨਾ 198.
3. ਲਿਖਿ ਪੌੜੀਆ ਤਾਲ ਮ੍ਰਿਦੰਗ ਰਬਾਬ ਵਜਾਵੈ ।
   (ਵਾਰ 5, ਭਾਈ ਗੁਰਦਾਸ ਜੀ ਪੰਨਾ 12)

ਗ੍ਰੰਥ ਸਾਹਿਬ' ਸੀ । ਗੁਰੂ ਸਾਹਿਬ ਨੇ 'ਆਦਿ ਬੀੜ' ਦੀ ਸੰਪਾਦਨਾ ਕਰਕੇ ਅਧਿਆਤਮਿਕ ਜਗਤ ਨੂੰ ਹੀ ਨਹੀਂ ਸਗੋਂ ਭਾਰਤੀ ਸੰਗੀਤ ਜਗਤ ਨੂੰ ਵੀ ਮਹਾਨ ਦੇਣ ਦਿਤੀ ।

## ਗੁਰੂ ਹਰਗੋਬਿੰਦ ਸਿੰਘ

ਗੁਰੂ ਹਰਗੋਬਿੰਦ ਸਿੰਘ ਜੀ ਵੀ ਜਹਾਂਗੀਰ ਬਾਦਸ਼ਾਹ ਦੇ ਸਮਕਾਲੀ ਸਨ । ਆਪ ਨੇ ਸਿੱਖ ਧਰਮ ਵਿੱਚ ਬੀਰਤਾ ਦਾ ਪ੍ਰਵੇਸ਼ ਕਰਵਾਇਆ । ਗੁਰੂ ਹਰਗੋਬਿੰਦ ਸਾਹਿਬ ਜੀ ਨੇ ਰਾਜਨੀਤਿਕ ਰੁਝੇਵਿਆਂ ਦੇ ਬਾਵਜੂਦ ਵੀ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਦਾ ਗਾਇਨ ਕਰਨ ਦੀ ਪਰੰਪਰਾ ਨੂੰ ਉਸ ਤਰ੍ਹਾਂ ਹੀ ਉਜਾਗਰ ਕੀਤਾ ਕਿਉਂਕਿ ਉਹ ਇਕ ਮਹਾਨ ਸੰਗੀਤ ਗਿਆਤਾ ਸਨ ਉਹਨਾਂ ਨੇ ਬੇਸ਼ਕ ਬਾਣੀ ਨਹੀਂ ਉਚਾਰੀ ਪਰੰਤੂ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 9 ਵਾਰਾਂ ਸੰਬੰਧੀ ਲੋਕ ਧੁਨਾਂ ਬਾਰੇ ਸੂਚਨਾਵਾਂ ਲਿਖੀਆਂ ।[1] ਗੁਰੂ ਸਾਹਿਬ ਦੇ ਦਰਬਾਰ ਵਿੱਚ ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁਲਾ, ਭਾਈ ਬਨਵਾਲੀ ਤੇ ਪਰਸੂਰਾਮ ਜੀ ਅਧਿਆਤਮਕ ਪੱਧਰ ਦੇ ਮਹਾਨ ਸੰਗੀਤਕਾਰ ਸਨ ।[2]

## ਸ਼ਾਹਜਹਾਂ ਕਾਲ (1628-1658) :

ਸ਼ਾਹਜਹਾਂ ਦਾ ਸਮਾਂ 1627 ਤੋਂ 1658 ਈ. ਦੌਰਾਨ ਮੰਨਿਆ ਜਾਂਦਾ ਹੈ ।

---

1. ਸੁਰੇਣ ਸਿੰਘ ਵਿਲਖੂ : ਆਦਿ ਗ੍ਰੰਥ ਦੇ ਪ੍ਰੰਪਰਾਗਤ ਤੱਤਾਂ ਦਾ ਅਧਿਐਨ ; ਪੰਨਾ 22.
2. ਤਾਰਾ ਸਿੰਘ (ਪ੍ਰੋ.) : ਰਾਗਨ ਕਲਾ ; ਪੰਨਾ 283.

ਇਸ ਕਾਲ ਵਿੱਚ ਸੰਗੀਤ ਆਪਣੀ ਉਚਤਾ ਤੇ ਕਾਇਮ ਸੀ । ਸਾਹਜਹਾਂ ਸੰਗੀਤਕਾਰਾਂ ਦਾ ਬੜਾ ਆਦਰ ਕਰਦਾ ਸੀ ਉਹ ਖੁਦ ਵੀ ਇਕ ਪ੍ਰਬੀਨ ਸੰਗੀਤਕਾਰ ਸੀ ਅਤੇ ਕਈ ਵਾਰ ਪ੍ਰਸਿੱਧ ਸੰਗੀਤਕਾਰ ਦੇ ਨਾਲ ਮਿਲ ਕੇ ਸੰਗੀਤ ਵਿੱਚ ਹਿੱਸਾ ਲੈਂਦਾ ਸੀ । ਉਸ ਦੇ ਦਰਬਾਰ ਵਿੱਚ ਬੜੇ ਮਸ਼ਹੂਰ ਗਾਇਕ ਰਹਿੰਦੇ ਸਨ । ਜਿਨ੍ਹਾਂ ਵਿੱਚ ਜਗਨ ਨਾਥ, ਰਾਮਦਾਸ, ਸੁਖ ਸੈਨ, ਸੁਰਸੈਨ, ਸ਼ਾਮਿਲ ਸਨ । ਸ਼ਾਹਜਹਾਂ ਦੇ ਦਰਬਾਰੀ ਸੰਗੀਤ ਵਿੱਚ ਕਈ ਤਰ੍ਹਾਂ ਦੇ ਸਾਜ਼ ਕੁਝ ਗਜ ਨਾਲ ਵਜਣ ਵਾਲੇ ਕਈ ਉਂਗਲੀਆਂ ਨਾਲ ਤੇ ਕਈ ਮੂੰਹ ਨਾਲ ਵਜਾਉਣ ਵਾਲੇ ਸਾਜ਼ ਪ੍ਰਚਲਿਤ ਸਨ ਜਿਵੇਂ ਵੀਣਾ, ਸਰੋਦ, ਰਬਾਬ, ਸਾਰੰਗੀ, ਦਿਲਰੁਬਾ, ਪਖਾਵਜ਼, ਤਬਲਾ, ਬੀਨ, ਬੰਸਰੀ ਆਦਿ । ਜਿਵੇਂ ਜਿਵੇਂ ਸੰਗੀਤ ਕਲਾ ਨੇ ਤਰੱਕੀ ਕੀਤੀ ਉਸ ਤਰ੍ਹਾਂ ਇਹ ਸਾਜ਼ ਵੀ ਉਨਤ ਹੁੰਦੇ ਗਏ ਤੇ ਇਹਨਾਂ ਦੀ ਗਿਣਤੀ ਵਧਦੀ ਗਈ ।[1] 1630 ਈ. ਵਿੱਚ ਲਾਲ ਖਾਂ ਨੂੰ ਸਾਹਜਹਾਂ ਨੇ 'ਗੁਨ ਸਮੁੰਦਰ ਖਾਂ' ਦੀ ਉਪਾਧੀ ਦਿੱਤੀ ਸੀ ।[2] ਜਗਨ ਨਾਥ, ਲਾਲ ਖਾਂ, ਰਾਮਦਾਸ ਚਾਂਦੀ ਨਾਲ ਤੋਲੇ ਗਏ[3] ਖੁਸ਼ਹਾਲ ਖਾਂ ਅਤੇ ਬਿਸਰਾਮ ਖਾਂ ਤੋੜੀ ਦਾ ਗਾਇਨ ਕਰਨ ਵਿੱਚ ਮਾਹਿਰ ਸਨ । ਸ਼ਾਹਜਹਾਂ ਨੇ ਆਪਣੇ ਸਮੇਂ ਪ੍ਰਚਲਿਤ ਧਰੁਪਦ ਦਾ ਸੰਗ੍ਰਹਿ ਕਰਵਾਇਆ । ਕਈ ਧਰੁਪਦਾਂ ਵਿੱਚ ਸਾਹਜਹਾਂ ਦਾ ਨਾਮ ਵੀ ਮਿਲਦਾ ਹੈ ।

## ਗੁਰੂ ਹਰਿ ਰਾਇ ਤੇ ਹਰਿ ਕ੍ਰਿਸ਼ਨ ਜੀ

ਗੁਰੂ ਹਰਿ ਰਾਏ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਬਾਦਸ਼ਾਹ ਸ਼ਾਹਜਹਾਂ ਦੇ

---

1. ਭਗਤ ਸਿੰਘ : ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ ; ਪੰਨਾ 284.
2. ਆਚਾਰੀਆ ਬ੍ਰਿਹਸਪਤੀ : ਸੰਗੀਤ ਚਿੰਤਾਮਣੀ ; ਪੰਨਾ 288.
3. ਸ਼ਾਂਤੀ ਗੋਵਰਧਨ : ਸੰਗੀਤ ਸ਼ਾਸਤਰ ਦਰਪਣ (ਭਾਗ ਪਹਿਲਾ) ; ਪੰਨਾ 138.

ਸਮਕਾਲੀ ਸਨ । ਆਪ ਨੇ ਬਾਣੀ ਤਾਂ ਨਹੀਂ ਉਚਾਰੀ ਪਰੰਤੂ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਗੁਰਮਤਿ ਕੀਰਤਨ ਪ੍ਰਣਾਲੀ ਨੂੰ ਵਿਕਸਤ ਕਰਨ ਲਈ ਉਚੇ ਆਚਰਣ ਵਾਲੇ ਸਿੱਖਾਂ ਨੂੰ ਸੰਗੀਤਮਈ ਸਿਖਿਆ ਦੇ ਕੇ ਕਈ ਥਾਵਾਂ ਤੇ ਭੇਜਿਆ ਜਿਨ੍ਹਾਂ ਵਿੱਚ ਭਗਵਾਨ ਫੇਰੂ ਗੋਂਦਾ ਦੇ ਨਾਮ ਵਰਨਣ ਯੋਗ ਹਨ[1] । ਇਹਨਾਂ ਨੇ ਗੁਰੂ ਸਾਹਿਬ ਦੀ ਕੀਰਤਨ ਪਰੰਪਰਾ ਨੂੰ ਦੇਸ਼ ਵਿਦੇਸ਼ ਵਿੱਚ ਵਿਕਸਤ ਕੀਤਾ । ਗੁਰੂ ਸਾਹਿਬ ਆਪ ਵੀ ਰਾਗਬੱਧ ਕੀਰਤਨ ਸੁਣਨ ਦੇ ਪ੍ਰੇਮੀ ਸਨ । ਗੁਰੂ ਹਰਿ ਗੋਬਿੰਦ ਸਾਹਿਬ ਦੀ ਰਾਗ ਵਿੱਚ ਉਚਾਰੀ ਬਾਣੀ ਦਾ ਕੀਰਤਨ ਸਰਵਣ ਕਰਦੇ ਸਨ[2] ।

ਔਰੰਗਜ਼ੇਬ ਕਾਲ (1658-1707) :

ਸ਼ਾਹਜਹਾਂ ਦੇ ਪਿਛੋਂ ਔਰੰਗਜ਼ੇਬ ਮੁਗਲ ਰਾਜ ਦੀ ਗੱਦੀ ਤੇ ਬੈਠਾ । ਮੁਗਲ ਬਾਦਸ਼ਾਹ ਔਰੰਗਜ਼ੇਬ ਦੁਆਰਾ ਸੰਗੀਤ ਉਤੇ ਪਾਬੰਦੀ ਭਾਵੇਂ ਮੰਦਭਾਗੀ ਹੋਵੇ ਉਸ ਦਾ ਨਿੱਜੀ ਮਨੋਰਥ ਮੁਗਲ ਸਾਮਰਾਜ ਦੀ ਜੜੀ ਰਾਗ ਰੰਗ ਦੀਆਂ ਵਿਲਾਸ ਰੁਚੀਆਂ ਦੇ ਰੂਪ ਵਿੱਚ ਪੈ ਰਹੇ ਤੇਲ ਤੋਂ ਛੁਟਕਾਰਾ ਪਾਉਣਾ ਸੀ । ਔਰੰਗਜ਼ੇਬ ਮੁਗਲ ਸਾਮਰਾਜ ਦੇ ਗਰਕ ਹੋਣ ਦਾ ਕਾਰਣ ਰਾਗ-ਰੰਗ ਤੇ ਵਿਲਾਸੀ ਰੁਚੀਆਂ ਨੂੰ ਮੰਨਦਾ ਸੀ । ਅਜੀਬ ਇਤਫ਼ਾਕ ਹੈ ਕਿ ਤਲਵਾਰ ਦੇ ਜ਼ੋਰ ਨਾਲ ਸਥਾਪਿਤ ਮੁਗਲ ਸਾਮਰਾਜ ਦਾ ਪਤਨ ਰਾਗ-ਰੰਗ ਦੀ ਵਿਲਾਸਤਾ ਸੰਗ ਭਸਮ ਹੋ

---

1. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ ; ਪੰਨਾ 284.

2. ਗੀਤਾ ਪੈਂਤਲ : ਪੰਜਾਬ ਦੀ ਸੰਗੀਤ ਪਰੰਪਰਾ ; ਪੰਨਾ 127.

ਹੋ ਰਹਿ ਗਿਆ । ਪਰ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਬਾਣੀ ਅਤੇ ਰਬਾਬ ਦੀ ਮਧੁਰ ਝਣਕਾਰ (ਸੰਗੀਤ/ਗੁਰਮਤਿ ਸੰਗੀਤ) ਵਿਚੋਂ ਉਪਜੇ ਸਿੱਖ ਧਰਮ ਨੇ ਜ਼ਾਲਮ ਪਾਤਸ਼ਾਹ ਦੀ ਤਲਵਾਰ ਟਕ ਦਾ ਸਫਰ ਕੀਤਾ ਅਤੇ ਇਸ ਤਲਵਾਰ ਨੇ ਖਾਲਸੇ ਦੇ ਜਨਮ ਦੁਆਰਾ ਸਮੇਂ ਦੀ ਹਿਕ ਉਤੇ ਜ਼ੋਰ ਜ਼ੁਲਮ ਦੇ ਨਾਸ਼, ਸਚਿ ਦੇ ਪ੍ਰਕਾਸ਼ ਦਾ ਸਜੀਵੀ ਤੇ ਅਮਰ ਸੁਨੇਹਾ ਸਦਾ ਸਦਾ ਲਈ ਲਿਖ ਦਿੱਤਾ ।

ਗੁਰਮਤਿ ਸੰਗੀਤ ਦਾ ਇਤਿਹਾਸ ਮੁਗਲ ਦਰਬਾਰ ਦੇ ਦਰਬਾਰੀ ਸੰਗੀਤ ਦੇ ਸਮਾਂਤਰ ਤੇ ਸਮਕਾਲੀਨ ਰੂਪ ਵਿੱਚ ਉਜਾਗਰ ਹੁੰਦਾ ਹੈ । ਸੰਗੀਤ ਜਗਤ ਵਿੱਚ 'ਬਾਬਰ ਕੇ' ਤੇ 'ਬਾਬੇ ਕੇ' ਦੋ ਪ੍ਰਮੁੱਖ ਸੰਗੀਤ ਘਰਾਣਿਆਂ ਦੀਆਂ ਗਾਥਾਵਾਂ ਪ੍ਰਚਲਿਤ ਰਹੀਆਂ ਹਨ । ਗੁਰੂ ਬਾਬੇ ਨਾਨਕ ਦੇ ਦਰਬਾਰੀ ਰਬਾਬੀ ਰਾਗੀ ਮੁਗਲ ਬਾਦਸ਼ਾਹ ਦੇ ਦਰਬਾਰੀ ਸੰਗੀਤਕਾਰਾਂ ਨਾਲੋਂ ਹਮੇਸ਼ਾਂ ਹੀ ਆਪਣੇ ਆਪ ਨੂੰ ਉਚੀ ਥਾਂ ਗਿਣਦੇ ਰਹੇ ਹਨ ।[1]

ਇਸੇ ਤਰ੍ਹਾਂ ਹੀ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਅੱਠ ਨੌ ਸਾਲ ਪਹਿਲਾਂ ਸੰਗੀਤ ਦਾ ਖੂਬ ਆਨੰਦ ਮਾਣਿਆ ਉਸ ਦੇ ਦਰਬਾਰ ਵਿਚ ਵਿਸਰਾਮ ਖਾਂ, ਰਸਬੈਨ ਖਾਂ, ਖੁਸ਼ਹਾਲ ਖਾਂ, ਸੰਗੀਤਕਾਰ ਸਨ । ਬਾਦਸ਼ਾਹ ਨੇ ਖੁਸ਼ਹਾਲ ਖਾਂ ਨੂੰ 'ਗੁਨ ਸਮੁੰਦਰ ਖਾਂ' ਅਤੇ ਕ੍ਰਿਪਾ ਨੂੰ ਮ੍ਰਿਦਰਾ ਰਾਏ ਦੀ ਉਪਾਧੀ ਨਾਲ ਸਨਮਾਨਤ ਕੀਤਾ ।[2]

---

1. ਵਿਸਮਾਦ ਨਾਦ : [illegible] 1993 [illegible]
2. ਆਚਾਰੀਆ ਬ੍ਰਹਿਸਪਤੀ : ਸੰਗੀਤ ਚਿੰਤਾਮਣੀ ; ਪੰਨਾ 288.

## ਗੁਰੂ ਤੇਗ ਬਹਾਦਰ ਜੀ

ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਦਸ਼ਾਹ ਔਰੰਗਜ਼ੇਬ ਦੇ ਸਮਕਾਲੀ ਸਨ । ਗੁਰੂ ਤੇਗ ਬਹਾਦਰ ਜੀ ਦਾ ਭਾਰਤੀ ਸੰਗੀਤ ਵਿੱਚ ਮਹੱਤਵਪੂਰਨ ਸਥਾਨ ਹੈ । ਗੁਰੂ ਅਰਜਨ ਦੇਵ ਜੀ ਉਪਰੰਤ ਆਪ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ । ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਵਿੱਚ ਵਿਲੱਖਣਤਾ ਅਤੇ ਮੌਲਿਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ । ਗੁਰੂ ਸਾਹਿਬ ਨੇ 16 ਰਾਗਾਂ ਵਿੱਚ 118 ਸ਼ਬਦਾਂ ਦੀ ਰਚਨਾ ਕੀਤੀ । ਜਿਸ ਵਿੱਚ ਗੁਰੂ ਜੀ ਦੀ ਸੰਗੀਤਕ ਸੂਝ ਅਤੇ ਅਧਿਆਤਮਿਕ ਪਵਿੱਤਰਤਾ ਦਾ ਪ੍ਰਮਾਣ ਹੈ । ਗੁਰੂ ਸਾਹਿਬ ਦੀ ਬਾਣੀ ਵਿੱਚ ਅਕਾਲ ਪੁਰਖ ਨਾਲ ਇਕ ਮਿਕ ਹੋ ਜਾਣ ਦਾ ਉਪਦੇਸ਼ ਹੈ, ਸੰਗੀਤ ਸਾਹਿਤ ਨੂੰ ਵਾਤਾਵਰਣ ਪ੍ਰਦਾਨ ਕਰਨ ਲਈ ਇਕ ਮਹੱਤਵਪੂਰਨ ਦੇਣ ਹੈ । ਗੁਰੂ ਜੀ ਦੇ 59 ਸ਼ਬਦ 57 ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਜੈਜਾਵੰਤੀ ਰਾਗ ਸਿਰਫ ਗੁਰੂ ਤੇਗ ਬਹਾਦਰ ਜੀ ਨੇ ਹੀ ਉਚਾਰਿਆ ਹੈ ਕਿਸੇ ਭਗਤ ਨੇ ਵੀ ਇਸ ਰਾਗ ਦਾ ਜ਼ਿਕਰ ਨਹੀਂ ਕੀਤਾ ।[1] ਗੁਰੂ ਸਾਹਿਬ ਦੇ ਸੰਗੀਤ ਉਸਤਾਦਾਂ ਵਿੱਚ ਬਾਬਕ, ਰਬਾਬੀ, ਨੱਥਾ ਅਤੇ ਅਬਦੁਲਾ ਢਾਢੀ ਨੂੰ ਮੰਨਿਆ ਜਾਂਦਾ ਹੈ ।[2] ਗੁਰੂ ਜੀ ਨੂੰ ਮਿਰਦੰਗ ਵਜਾਉਣ ਦਾ ਇਤਨਾ ਸ਼ੌਕ ਸੀ ਕਿ ਯਾਤਰਾ ਸਮੇਂ ਵੀ ਉਸ ਨੂੰ ਨਾਲ ਰਖਦੇ ਸਨ ।[3] ਇਸ ਤਰ੍ਹਾਂ ਮੁਗਲ ਕਾਲ ਦੇ ਭਾਰਤੀ ਸੰਗੀਤ ਦੇ ਇਤਿਹਾਸ ਵਿੱਚ

---

1. ਸਿੱਖ ਗੁਰੂ ਸਾਹਿਬਾਨ ਦੀ ਬਾਣੀ ਤੇ ਸੰਗੀਤ ਦਾ ਸੰਬੰਧ,; ਪੰਨਾ 45.
2. ਗੁਰਮਤਿ ਪ੍ਰਕਾਸ਼ ਦਸੰਬਰ 1975 ; ਪੰਨਾ 145.
3. ਸਿੱਖ ਗੁਰੂ ਸਾਹਿਬਾਨ ਦੀ ਬਾਣੀ ਤੇ ਸੰਗੀਤ ਦਾ ਸੰਬੰਧ ; ਪੰਨਾ 45.

ਗੁਰੂ ਤੇਗ ਬਹਾਦਰ ਜੀ ਨੇ ਪਹਿਲੇ ਗੁਰੂ ਸਾਹਿਬਾਨ ਦੀ ਚਲਾਈ ਹੋਈ ਗੁਰਮਤਿ ਸੰਗੀਤ ਪਧਤੀ ਨੂੰ ਵਿਸ਼ੇਸ਼ ਪ੍ਰਧਾਨਤਾ ਦੇ ਕੇ ਭਾਰਤੀ ਸੰਗੀਤ ਦੇ ਵਿਕਾਸ ਵਿੱਚ ਇਕ ਵੱਡਾ ਯੋਗਦਾਨ ਪਾਇਆ । ਇਸ ਕੀਰਤਨ ਪਰੰਪਰਾ ਨੂੰ ਕ੍ਰਿਆਤਮਿਕ ਤੌਰ ਤੇ ਸੁਰੱਖਿਅਤ ਹੀ ਨਹੀਂ ਰੱਖਿਆ ਸਗੋਂ ਨਿਜੀ ਯੋਗਦਾਨ ਦੁਆਰਾ ਪ੍ਰਫੁੱਲਤ ਵੀ ਕੀਤਾ ।

## ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਵੀ ਬਾਦਸ਼ਾਹ ਔਰੰਗਜ਼ੇਬ ਦੇ ਸਮਕਾਲੀ ਸਨ । ਗੁਰੂ ਸਾਹਿਬ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਵੀ ਬਹੁਤ ਉੱਚਾ ਸਥਾਨ ਪ੍ਰਾਪਤ ਸੀ । 42 ਵਰ੍ਹਿਆਂ ਦੀ ਉਮਰ ਵਿਚ ਆਪ ਨੇ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਭਾਰਤੀ ਸੰਗੀਤ ਅਤੇ ਸਾਹਿਤ ਨੂੰ ਨਵੀਂ ਸੇਧ ਪ੍ਰਦਾਨ ਕੀਤੀ । ਗੁਰੂ ਗੋਬਿੰਦ ਸਿੰਘ ਜੀ ਸੰਗੀਤ ਦਾ ਗਹਿਰਾ ਅਧਿਐਨ ਸੀ । ਉਹ ਨਾ ਕੇਵਲ ਬ੍ਰਿਜ ਭਾਸ਼ਾ ਫਾਰਸੀ, ਹਿੰਦੀ ਦੇ ਮਹਾਨ ਕਵੀ ਸਨ ਬਲਕਿ ਸੰਗੀਤ ਦੇ ਵੀ ਉੱਚੇ ਗਿਆਤਾ ਸਨ । ਭਾਰਤੀ ਸੰਗੀਤ ਦੇ ਖੇਤਰ ਵਿੱਚ ਗੁਰੂ ਜੀ ਨੂੰ ਬੜਾ ਮਹੱਤਵਪੂਰਨ ਸਥਾਨ ਪ੍ਰਾਪਤ ਹੈ ।[1] ਗੁਰੂ ਸਾਹਿਬ ਨੇ ਦਸਮ ਗ੍ਰੰਥ ਦੀ ਰਚਨਾ ਕੀਤੀ ਜਿਸ ਵਿੱਚ ਸ਼ਬਦ ਹਜ਼ਾਰੇ ਪਾਰਸਨਾਥ ਅਵਤਾਰ ਦੇ ਪਦ ਵੀ ਗਾਇਨ ਦੀ ਦ੍ਰਿਸ਼ਟੀ ਨਾਲ ਉਪਯੁਕਤ ਹਨ ਅਤੇ ਇਹਨਾਂ ਦੇ ਕੇਵਲ ਨਾਮ ਅੰਕਿਤ ਹਨ । ਇਹ ਪਦ ਰਾਗਾਂ ਵਿੱਚ ਰਚਿਤ ਹਨ - ਪਰਜ, ਸੋਰਠਿ, ਸੂਹੀ, ਰਾਮਕਲੀ, ਧਨਾਸਰੀ, ਸਾਰੰਗ, ਤਿਲੰਗ, ਕੇਦਾਰਾ, ਦੇਵਗੰਧਾਰੀ,

---

1. ਤਾਰਾ ਸਿੰਘ (ਪ੍ਰੋ.) : <u>ਵਾਦਨ ਕਲਾ</u> ; ਪੰਨਾ 285.

ਕਲਿਆਣ, ਮਾਰੂ, ਭੈਰਵ, ਟੋਡੀ, ਕਾਫੀ ਅਡਾਨਾ, ਬਸੰਤ ਆਦਿ[1] ਗੁਰੂ ਜੀ ਦੀ ਬਾਣੀ ਵਿੱਚ ਪ੍ਰਯੋਗ ਸੰਗੀਤਕ ਸ਼ਬਦ ਇਸ ਗਲ ਦਾ ਪ੍ਰੱਤਖ ਪ੍ਰਮਾਣ ਹਨ ਕਿ ਆਪ ਜੀ ਨੂੰ ਕੇਵਲ ਸੰਗੀਤ ਦੀ ਵਾਕਫੀਅਤ ਹੀ ਨਹੀਂ ਸੀ ਬਲਕਿ ਸੰਗੀਤ ਦਾ ਬਹੁਤ ਹੀ ਗਹਿਰਾ ਅਭਿਐਨ ਸੀ । ਢੋਲ, ਮ੍ਰਿਦੰਗ, ਨਗਾਰੇ, ਸੰਖ, ਸਿੰਙੀ, ਤੰਤੀ, ਰਾਗ, ਗਾਨ ਤਰੰਗ, ਤਾਲ, ਗੀਤ ਆਦਿ ਬਹੁਤ ਹੀ ਡੂੰਘੀ ਸੰਗੀਤਕ ਸੂਝ ਦੇ ਲਖਾਇਕ ਹਨ ।[2] ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ ਵੱਡਾ ਸੰਗੀਤਕਾਰ ਮੰਨਿਆ ਹੈ ਅਤੇ ਜਾਪੁ ਸਾਹਿਬ ਵਿੱਚ 'ਨਮੋ ਗਾਨ ਗਾਨੇ' ਉਚਾਰਿਆ ਭਾਵ ਕਿ ਗਾਨਾ ਦੇ ਵਿਸਥਾਰ ਕਰਨ ਵਾਲੇ ਨੂੰ ਨਮਸਕਾਰ ।

ਗੁਰੂ ਸਾਹਿਬ ਦੀ ਭਾਰਤੀ ਸੰਗੀਤ ਨੂੰ ਅਦੁੱਤੀ ਦੇਣ ਇਹ ਹੈ ਕਿ ਇਹਨਾਂ ਨੇ ਖਿਆਲ ਸ਼ੈਲੀ ਦਾ ਅਵਿਸ਼ਕਾਰ ਕੀਤਾ । ਭਾਰਤੀ ਸੰਗੀਤ ਵਿੱਚ ਇਸ ਨੂੰ ਖਿਆਲ ਗਾਇਨ ਕਹਿੰਦੇ ਹਨ । ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਵੀ ਸ਼ਬਦ ਖਿਆਲ ਗਾਇਕ ਸ਼ੈਲੀ ਵਿੱਚ ਨਹੀਂ ਮਿਲਦਾ ਇਸ ਲਈ ਭਾਰਤੀ ਸੰਗੀਤ ਵਿੱਚ ਖਿਆਲ ਸ਼ੈਲੀ ਦਾ ਪ੍ਰਯੋਗ ਗੁਰੂ ਗੋਬਿੰਦ ਸਿੰਘ ਨੇ ਕੀਤਾ । ਭਾਰਤੀ ਸੰਗੀਤ ਵਿੱਚ ਗੁਰੂ ਸਾਹਿਬ ਦਾ ਪਹਿਲਾ ਖਿਆਲ ਨਿਮਨਲਿਖਤ ਹੈ ।[3] ਜਿਸ ਦੇ ਆਧਾਰ ਤੇ ਮੁਹੰਮਦ ਸ਼ਾਹ ਦੇ ਦਰਬਾਰੀ ਗਾਇਕ ਸਦਾਰੰਗ (1719-1748) ਈ. ਨੇ ਖਿਆਲ ਗੀਤਾਂ ਦੀ ਰਚਨਾ ਕੀਤੀ । ਗੁਰੂ ਸਾਹਿਬ ਦੇ ਦਰਬਾਰ ਵਿੱਚ ਬਹੁਤ ਸਾਰੇ

---

1. ਗੀਤਾ ਪੈਂਤਲ : ਪੰਜਾਬ ਦੀ ਸੰਗੀਤ ਪਰੰਪਰਾ ; ਪੰਨਾ 130.
2. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ ; ਪੰਨਾ 287.
3. ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ
   (ਖਿਆਲ ਪਾਤਸ਼ਾਹੀ 10 ਪੰਨਾ)

ਸੰਗੀਤਕਾਰ ਅਤੇ ਵਾਦਕ ਵੀ ਸਨ । ਜੋ ਰਬਾਬ ਅਤੇ ਤਾਊਸ ਨਾਲ ਕੀਰਤਨ ਕਰਦੇ ਸਨ ।[1] ਇਸ ਕਾਲ ਵਿਚ ਤਬਲਾ ਮਾਮ ਵੀਣਾ, ਤਾਊਸ ਪਖਾਵਜ ਸਰਿੰਦਾ ਆਦਿ ਸਾਜ ਪ੍ਰਯੋਗ ਹੁੰਦੇ ਸਨ । ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਸਮਕਾਲੀ ਸੰਗੀਤ ਪਰੰਪਰਾ ਨੂੰ ਗ੍ਰਹਿਣ ਵੀ ਕੀਤਾ ਤੇ ਉਨ੍ਹਾਂ ਨੂੰ ਵਿਕਸਤ ਰੂਪ ਵਿੱਚ ਨਵੀਨਤਾ ਪ੍ਰਦਾਨ ਕੀਤੀ ।[2]

ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਰਾਗ ਵਿਦਿਆ ਦੇ ਮਾਧਿਅਮ ਨਾਲ ਸੰਗੀਤ ਦੀ ਸਾਧਨਾ ਨਾਲ ਸਿੱਖ ਧਰਮ ਦੀ ਈਸ਼ਵਰ ਉਪਾਸਨਾ ਪੂਰਣ ਹੁੰਦੀ ਹੈ । ਸਿੱਖ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਦਰਬਾਰੀ ਵਾਸ਼ਨਾਵਾਂ ਵਿਚੋਂ ਕੱਢ ਕੇ ਭਗਤੀ ਭਾਵਨਾ ਵੱਲ ਲਿਜਾ ਕੇ ਸਾਜ ਪ੍ਰਤੀ ਜੋ ਉਪਕਾਰ ਕੀਤਾ ਉਸ ਨਾਲ ਭਾਰਤੀ ਸੰਗੀਤ ਦਾ ਨਿੱਖਰਿਆ ਹੋਇਆ ਰੂਪ ਸਾਡੇ ਸਾਹਮਣੇ ਆਇਆ । ਗਾਇਨ ਅਤੇ ਵਾਦਨ ਕਲਾ ਕੀਰਤਨ ਦੇ ਜ਼ਰੂਰੀ ਤੱਤਾਂ ਦੇ ਰੂਪ ਵਿੱਚ ਅੱਜ ਵੀ ਗੁਰਦਵਾਰਿਆਂ ਵਿੱਚ ਪ੍ਰਤਿਸ਼ਠਿਤ ਹਨ ।[3]

ਭਾਰਤੀ ਸੰਗੀਤ ਦੇ ਇਤਿਹਾਸਿਕ ਵਿਕਾਸ ਤੋਂ ਸਪਸ਼ਟ ਹੈ ਕਿ ਇਸ ਸਮੁੱਚੀ ਸੰਗੀਤ ਪਰੰਪਰਾ ਵਿੱਚ ਗੁਰਮਤਿ ਸੰਗੀਤ ਦਾ ਸੁਤੰਤਰ ਸਥਾਨ ਸਪਸ਼ਟ ਰੂਪ ਵਿਚ ਉਜਾਗਰ ਹੁੰਦਾ ਰਿਹਾ ਹੈ । ਭਾਵੇਂ ਕਈ ਵੇਰ ਗੁਰਮਤਿ ਸੰਗੀਤ ਨੂੰ ਮਧ-ਕਾਲੀਨ ਧਾਰਮਿਕ ਸੰਗੀਤ ਦੀਆਂ ਵਿਭਿੰਨ ਪ੍ਰੰਪਰਾਵਾਂ ਨਾਲ ਰਲ ਗੱਡ ਕਰ ਲਿਆ ਜਾਂਦਾ ਰਿਹਾ ਹੈ ਪਰ ਮਧਕਾਲੀਨ ਧਾਰਮਿਕ

---

1. ਗੀਤਾ ਪੈਂਤਲ : ਪੰਜਾਬ ਦੀ ਸੰਗੀਤ ਪਰੰਪਰਾ ; ਪੰਨਾ 132.
2. ਦਰਸ਼ਨ ਸਿੰਘ ਨਰੂਲਾ : ਗੁਰ ਸਾਹਿਬਾਨ ਦੀ ਸਮਕਾਲੀਨ ਭਾਰਤੀ ਸੰਗੀਤ ਪਰੰਪਰਾ (ਲੇਖ) ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 ; ਪੰਨਾ 5.
3. ਗੀਤਾ ਪੈਂਤਲ : ਪੰਜਾਬ ਦੀ ਸੰਗੀਤ ਪਰੰਪਰਾ ; ਪੰਨਾ 132.

ਪਰੰਪਰਾਵਾਂ ਸੰਬੰਧੀ ਅਧਿਆਏ ਦੂਜੇ ਵਿੱਚ ਕੀਤੀ ਗਈ ਵਿਚਾਰ ਤੋਂ ਇਸ ਦੇ ਸੁਤੰਤਰ ਤੇ ਵਿੱਲਖਣ ਪਹਿਚਾਣ ਸਪਸ਼ਟ ਹੋ ਜਾਂਦੀ ਹੈ । ਭਾਰਤੀ ਸੰਗੀਤ ਦੇ ਇਤਿਹਾਸਿਕ ਵਿਕਾਸ ਵਿੱਚ ਵੀ ਜਿਸ ਤਰ੍ਹਾਂ ਗੁਰਮਤਿ ਸੰਗੀਤ ਨੇ ਸਮੁੱਚੇ ਭਾਰਤੀ ਸੰਗੀਤ ਨੂੰ ਇਕ ਵਿਸ਼ਾਲ ਗੌਰਵ ਪ੍ਰਦਾਨ ਕੀਤਾ ਹੈ ਉਹ ਵਰਨਣਯੋਗ ਹੈ । ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਦਾ ਸਮਾਂ ਭਾਰਤੀ ਸ਼ਾਸਤਰੀ ਸੰਗੀਤ ਲਈ ਵਿਸ਼ੇਸ਼ ਅਹਿਮੀਅਤ ਰਖਦਾ ਹੈ ਜਿਸ ਵਿੱਚ ਭਾਰਤੀ ਸੰਗੀਤ ਵਿੱਚ ਅਨੇਕ ਪਰਿਵਰਤਨ ਆਏ ਹਨ । ਇਹਨਾਂ ਪਰਿਵਰਤਨਾਂ ਦੀ ਭਾਰਤੀ ਸੰਗੀਤ ਨੇ ਕਈ ਉਤਰਾਅ ਚੜ੍ਹਾਅ ਦੇਖੇ ਜਿਵੇਂ - ਅਕਬਰ ਦਾ ਸੁਨਹਿਰੀ ਸੰਗੀਤਕ ਕਾਲ ਅਤੇ ਔਰੰਗਜ਼ੇਬ ਦੀ ਸੰਗੀਤ ਪ੍ਰਤੀ ਸਖਤ ਪਾਬੰਦੀ ਵਾਲਾ ਵਤੀਰਾ ਵੀ ਸ਼ਾਮਲ ਹੈ ਪਰ ਮਾਣ ਦੇ ਕਾਬਲ ਵਾਲੀ ਗੱਲ ਇਹ ਹੈ ਕਿ ਇਸੇ ਸਮੇਂ ਦੌਰਾਨ ਗੁਰਮਤਿ ਸੰਗੀਤ ਨੇ ਆਪਣਾ ਨਿਵੇਕਲਾ ਅਤੇ ਵਿਲੱਖਣ ਇਤਿਹਾਸ ਸਿਰਜ ਕੇ ਆਪਣੇ ਆਪ ਦਾ ਸਿਧਾਂਤਕ ਤੇ ਵਿਵਹਾਰਿਕ ਤੌਰ ਤੇ ਸੁਥਿਰ ਤੇ ਸਥਾਪਤ ਕੀਤਾ ਹੈ ਜੋ ਗੁਰਮਤਿ ਸੰਗੀਤ ਨੂੰ ਭਾਰਤੀ ਸੰਗੀਤ ਦੇ ਇਤਿਹਾਸਿਕ ਵਿਕਾਸ ਵਿੱਚ ਸੁਤੰਤਰ ਤੌਰ ਤੇ ਸਥਾਨ ਦਵਾਉਣ ਵਿੱਚ ਸਹਾਈ ਹੁੰਦਾ ਹੈ ।

# ਅਧਿਆਇ ਚੌਥਾ

***************

*************

***********

*********

*******

*****

***

*

## ਸਿੱਖ ਇਤਿਹਾਸ ਵਿੱਚ ਗੁਰਮਤਿ ਸੰਗੀਤ ਦਾ ਸਥਾਨ

ਸਿੱਖ ਇਤਿਹਾਸ ਦਾ ਆਰੰਭ ਮੂਲ ਰੂਪ ਵਿੱਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਤੋਂ ਹੀ ਸਵੀਕਾਰਿਆ ਜਾਂਦਾ ਹੈ। ਵੱਖ ਵੱਖ ਪੜਾਵਾਂ ਤੇ ਗੁਰੂ ਸਾਹਿਬਾਨ ਤੇ ਹੋਰ ਸਿੱਖ ਸਖਸ਼ੀਅਤਾਂ ਨੇ ਇਸ ਦੇ ਇਤਿਹਾਸਿਕ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ ਪਰ ਅਸੀਂ ਕਿਉਂਕਿ ਆਪਣੇ ਖੋਜ ਕਾਰਜ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੱਕ ਹੀ ਸੀਮਤ ਕੀਤਾ ਹੈ ਇਸ ਲਈ ਅਸੀਂ ਸਿੱਖ ਇਤਿਹਾਸ ਨੂੰ ਇਸ ਸੰਦਰਭ ਵਿੱਚ ਵਿਸ਼ਲੇਸ਼ਣ ਕਰਨ ਦਾ ਯਤਨ ਕਰਾਂਗੇ ਸਿੱਖ ਇਤਿਹਾਸ ਵਿੱਚ ਗੁਰੂ ਸਾਹਿਬਾਨ ਦੇ ਸਮਕਾਲੀ ਬਾਦਸ਼ਾਹਾਂ ਦਾ ਜ਼ਿਕਰ ਵੀ ਅਸੀਂ ਵਿਸ਼ੇਸ਼ ਰੂਪ ਵਿੱਚ ਕਰਾਂਗੇ ਤਾਂ ਜੋ ਅਸੀਂ ਸਿੱਖ ਇਤਿਹਾਸ ਵਿੱਚ ਗੁਰਮਤਿ ਸੰਗੀਤ ਦਾ ਸਥਾਨ ਵਰਣਨ ਕਰ ਸਕੀਏ ।

| | | | |
|---|---|---|---|
| - | ਗੁਰੂ ਨਾਨਕ ਦੇਵ | (1469-1539) | ਬਾਬਰ |
| - | ਗੁਰੂ ਅੰਗਦ ਦੇਵ | (1538-1552) | ਹੁਮਾਯੂੰ |
| - | ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ | (1552-1574)(1514-1581) | ਅਕਬਰ |
| - | ਗੁਰੂ ਅਰਜਨ ਅਤੇ ਗੁਰੂ ਹਰਿ ਗੋਬਿੰਦ | (1563-1506)(1606-1644) | ਜਹਾਂਗੀਰ |
| - | ਗੁਰੂ ਹਰਿਰਾਏ ਅਤੇ ਗੁਰੂ ਹਰਿ ਕ੍ਰਿਸ਼ਨ | (1644-1661)(1661-1664) | ਸ਼ਾਹਜਹਾਂ |
| - | ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ | (1664-1675)(1675-1708) | ਔਰੰਗਜ਼ੇਬ |

ਗੁਰੂ ਨਾਨਕ ਦੇਵ ਕਾਲ

ਗੁਰੂ ਨਾਨਕ ਬਾਣੀ ਦੇ ਰਚਨਹਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਕਲਾਤਮਕ ਪੱਖ ਤੋਂ ਵਿਚਿਤ੍ਰ ਵਿਸ਼ੇਸ਼ਤਾਵਾਂ ਦੀ ਧਾਰਣੀ ਸੀ । ਆਪ ਨੂੰ ਆਪਣੀਆਂ ਸਮਕਾਲੀਨ ਮਾਰਗੀ, ਦੇਸੀ ਤੇ ਭਗਤੀ ਸੰਗੀਤ ਪਰੰਪਰਾਵਾਂ ਦਾ ਗਹਿਰਾ ਅਧਿਐਨ ਤੇ ਪੂਰਨ ਗਿਆਨ ਸੀ, ਅਜਿਹਾ ਉਨਾਂ ਦੀ ਬਾਣੀ ਵਿੱਚ ਸੰਗੀਤ ਦੇ ਪ੍ਰਯੋਗ ਤੋਂ ਭਲੀਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ ਅਜਿਹੀ ਵਿਲੱਖਣ ਸ਼ਖਸ਼ੀਅਤ ਦੇ ਮਾਲਕ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਕਾਲ 1469 ਤੋਂ 1539 ਤੱਕ ਦਾ ਮਹੱਤਵਪੂਰਣ ਸਮਾਂ ਹੈ ਆਪ ਦਾ ਜਨਮ ਖੱਤਰੀ ਘਰਾਣੇ ਵਿੱਚ ਹੋਇਆ । ਗੁਰੂ ਸਾਹਿਬ ਬਚਪਨ ਤੋਂ ਹੀ ਬੜੇ ਗੰਭੀਰ ਚਿਤ ਤੇ ਚਿੰਤਨ ਮਨ ਦੀ ਰੁੱਚੀ ਵਾਲੇ ਸਨ । ਆਪ ਦੇ ਪਿਤਾ ਮਹਿਤਾ ਕਾਲੂ ਨੇ ਆਪਣੇ ਨੂੰ ਦੁਨਿਆਵੀ ਕੰਮਾਂ ਕਾਰਾਂ ਵਿੱਚ ਪ੍ਰਬੀਨ ਬਣਾਉਣ ਵਾਸਤੇ ਉਸ ਸਮੇਂ ਦੀ ਪ੍ਰੱਚਲਿਤ ਸਿਖਿਆ ਪ੍ਰਣਾਲੀ ਅਨੁਸਾਰ ਪੜ੍ਹਨ ਭੇਜਿਆ ਪਰ ਆਪ ਦਾ ਚਿਤ ਦੁਨਿਆਵੀ ਸਿਖਿਆ ਵਿੱਚ ਬਹੁਤਾ ਨਾ ਲਗਿਆ । ਬਚਪਨ ਤੋਂ ਹੀ ਸੰਤਾਂ ਸਾਧੂਆਂ ਨਾਲ ਅਧਿਆਤਮਕ ਵਿਚਾਰ ਗੋਸ਼ਟੀ ਅਤੇ ਭਜਨ-ਕੀਰਤਨ ਦੀਆਂ ਰੁਚੀਆਂ ਆਪ ਦੇ ਸੁਭਾਅ ਦਾ ਅੰਗ ਸਨ । ਭਾਈ ਮਰਦਾਨਾ ਆਪ ਦਾ ਬਚਪਨ ਦਾ ਸਾਥੀ ਸੀ ਮਰਦਾਨੇ ਨਾਲ ਮਿੱਤਰਤਾ ਆਪ ਦੀ ਸੰਗੀਤਕ ਰੁਚੀ ਦਾ ਸਪਸ਼ਟ ਪ੍ਰਮਾਣ ਹੈ । ਬਾਣੀ ਸਿਰਜਣ ਪ੍ਰਕ੍ਰਿਆ ਸਮੇਂ ਗਾਇਨ ਦਾ ਪ੍ਰਯੋਗ, ਉਚਕੋਟੀ ਦੇ ਸੰਗੀਤਕਾਰ ਸਾਥੀ ਦੀ ਚੋਣ ਅਤੇ ਰਬਾਬ ਵਰਗੇ ਗੰਭੀਰ ਸਾਜ਼ ਦੀ ਰਚਨਾ ਆਦਿ ਕੋਈ ਇਤਫ਼ਾਕ ਨਹੀਂ ਸਗੋਂ ਬਾਣੀ ਤੇ ਸੰਗੀਤ ਦਾ ਸੁਮੇਲ ਲਈ ਇਕ ਸੁਚੇਤ ਜਤਨ ਸੀ । ਜਿਸ ਨੂੰ ਆਪ ਨੇ ਵਰ੍ਹਿਆਂ ਦੀ ਕਿਰਿਆਤਮਿਕਤਾ ਦੁਆਰਾ ਸਾਕਾਰ ਰੂਪ ਦਿੱਤਾ । ਇਨ੍ਹਾਂ ਜਤਨਾਂ

ਨੇ ਹੀ ਗੁਰਬਾਣੀ ਸੰਗੀਤ ਨੂੰ ਸਿਸਥਾਗਤ ਸਰੂਪ ਪ੍ਰਦਾਨ ਕੀਤਾ ।

ਭਾਈ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਸਾਥੀ ਅਨਿਨ ਸੇਵਕ, ਰਾਗੀ, ਰਬਾਬੀ ਤੇ ਪ੍ਰਥਮ ਸਿੱਖ ਸੀ ਮਰਦਾਨਾ ਸੰਗੀਤ ਦਾ ਗਿਆਤਾ ਸੀ । ਇਸ ਤਰ੍ਹਾਂ ਗੁਰਮਤਿ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਗੁਰੂ ਸਾਹਿਬ ਨੇ ਭਾਈ ਮਰਦਾਨਾ ਨੂੰ ਰਾਗ ਸਿਖਾ ਕੇ ਅਤੇ ਰੱਬੀ ਪਿਆਰ ਦੀ ਚੇਟਕ ਲਾ ਕੇ ਸੰਗੀ ਕੀਰਤਨੀਆ ਬਣਾਇਆ ਜਦ ਵੀ ਆਪ ਨੂੰ 'ਧੁਰ ਕੀ ਬਾਣੀ' ਉਤਰਦੀ ਤਾਂ ਕਹਿੰਦੇ "ਮਰਦਾਨਿਆਂ ਰਬਾਬ ਵਜਾ, ਬਾਣੀ ਆਈ, ਕੀਰਤਨ ਕਰੀਏ" ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਈ ਮਰਦਾਨੇ ਨੂੰ ਇਕ ਸਾਥੀ ਵਜੋਂ ਚੁਣਨਾ ਅਤੇ ਪ੍ਰਥਮ ਉਦਾਸੀ ਸਮੇਂ ਮਰਦਾਨੇ ਲਈ ਇੱਕ ਵਿਸ਼ੇਸ਼ ਰਬਾਬ ਤਿਆਰ ਕਰਵਾਉਣਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਗੁਰੂ ਸਾਹਿਬ ਨੇ ਸ਼ਬਦ ਅਤੇ ਸੰਗੀਤ ਦੁਆਰਾ ਇਸ 'ਲੋਕਾਈ ਨੂੰ ਸੋਧਣ' ਪ੍ਰਕ੍ਰਿਆ ਆਰੰਭ ਕੀਤੀ ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਰਜਣ ਕਿਰਿਆ ਅਤੇ ਸੰਗੀਤ ਦੇ ਆਪਸੀ ਡੂੰਘੇ ਸੰਬੰਧ ਜਨਮ ਸਾਖੀਆਂ ਵਿੱਚ ਵੀ ਦ੍ਰਿਸ਼ਟਮਾਨ ਹੁੰਦੇ ਹਨ* ।

---

* ਬਾਬੇ ਕਹਿਆ ਮਰਦਾਨਿਆ ਰਬਾਬੁ ਵਜਾਇ
ਮਰਦਾਨੇ ਰਬਾਬ ਵਜਾਇਆ ।। ਰਾਗ ਆਸਾ ਕੀਤਾ (।।)
ਬਾਬੇ ਸਬਦ ਬੋਲਿਆ ।।
।। ਰਾਗ ਆਸਾ ।।

"ਜਿਹ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰੁ ।।

--- --- ---- --- --- --- ---

ਜੋ ਤਿਸ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ।।

(ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ) (ਸੰਪਾਦਕ ਪਿਆਰਾ ਸਿੰਘ)
ਪੰਨਾ 21.

- ਤਬਿ ਗੁਰੂ ਕਹਿਆ, "ਮਰਦਾਨਿਆਂ, ਮੂਹ ਉਘਾੜ,
ਉਠ ਬੈਠ ਰਬਾਬ ਵਜਾਇ ; ਤਬਿ ਮਰਦਾਨਾ
ਉਠ ਬੈਠਾ, ਰਬਾਬ ਵਜਾਇਉਸ । ਰਾਗ ਮਾਰੂ ਕੀਤਾ
ਬਾਬੇ ਸ਼ਬਦ ਉਠਾਇਆ :

ਮਾਰੂ ਮਹਲਾ 5 ਘਰੁ 2
ੴ ਸਤਿਗੁਰ ਪ੍ਰਸਾਦਿ ।।

ਡਰਪੈ ਧਰਤਿ ਅਕਾਸ ਨਿ ਖੜਾ ਸਿਰ ਊਪਰਿ
ਅਮਰੁ ਕਰਾਰ ।।

--- --- --- --- --- ---

ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਿ ਦਰਬਾਰਾ ।
(ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ ਪੂਰਬਾਰਧ ੰ
ਪੰਨਾ 248)

- ਤਬਿ ਬਾਰੇ ਆਖਿਆ 'ਮਰਦਾਨਿਆ"
ਸ਼ਬਦ ਚਿਤਿ ਕਰਿ, ਤਉ ਬਾਝ ਬਾਣੀ ਸਿਰ ਨਹੀਂ ਆਵਦੀ ।
ਤਬਿ ਗੁਰੂ ਬਾਬੇ ਆਖਿਆ 'ਮਰਦਾਨਿਆ ਰਬਾਬ ਵਜਾਇ
(ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ ਪੂਰਾਬਾਰਧ
(ਪੰਨਾ 306)

ਮਰਦਾਨਾ ਤਾਰ ਵਜਾਇ ।

ਸ਼ਬਦ ਭਨਿਓ ਕਿਛ ਵਿਸਮੇ ਆਇ ।

(ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹ ਕੀ, ਸੰਤ ਦਾਸ ਛਿੱਬਰ,

ਸੰਪਾ. ਡਾ. ਗੁਰਦੇਵ ਸਿੰਘ, ਪੰਨਾ 126)

- ਗੁਰ ਕਹਿਓ ਮਰਦਾਨੇ ਭਾਇ ।

ਹੇ ਪਿਆਰੇ ਤੂੰ ਤਾਰ ਬਜਾਇ ।

ਮਰਦਾਨੇ ਤਬ ਤਾਰ ਬਜਾਈ

ਸਗਲ ਸਭ ਸੁਧ ਰਹੀ ਨ ਕਾਈ ।

ਗੁਰੂ ਨਾਨਕ ਤਬ ਸ਼ਬਦ ਉਚਾਰਾ ।

ਸੁਰ ਤਿਲੰਗ ਮੇ ਲਗੈ ਪਿਆਰਾ ।

(ਜਨਮ ਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਜੀ ਕੀ, ਸੰਤ ਦਾਸ ਛਿੱਬਰ)

(ਸੰਪਾ. ਡਾ. ਗੁਰਦੇਵ ਸਿੰਘ, ਪੰਨਾ 126)

- ਢਾਢੀ ਕੋ ਗੁਰ ਕਹਿਉ ਅਲਾਇ ਹੇ ਮਰਦਾਨਾ ਤਾਰ ਬਜਾਇ ।

ਸਤਿਗੁਰੂ ਤਬ ਸਬਦ ਉਚਾਰਾ, ਰਾਗ ਵਡਹੰਸ ਲਗੈ ਪਿਆਰਾ ।

(ਜਨਮ ਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ, ਸੰਤ ਦਾਸ ਛਿੱਬੜ ;

ਸੰਪਾ. ਡਾ. ਗੁਰਦੇਵ ਸਿੰਘ, ਪੰਨਾ 174)

ਚਾਰ ਉਦਾਸੀਆਂ ਤੋਂ ਉਪਰੰਤ ਗੁਰੂ ਸਾਹਿਬ ਕਰਤਾਰਪੁਰ (ਪੰਜਾਬ) ਵਿਖੇ ਆ ਗਏ ਅਤੇ ਉਦਾਸੀਆਂ ਵਾਲਾ ਬਾਣਾ ਉਤਾਰ ਕੇ ਕਿਰਸਾਣੀ ਜੀਵਨ ਆਰੰਭ ਕੀਤਾ ।[1] ਕਰਤਾਰਪੁਰ ਨੂੰ ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਪ੍ਰਥਮ ਕੇਂਦਰ ਵਜੋਂ ਸਥਾਪਿਤ ਕੀਤਾ । ਜਿਸ ਵਿੱਚ ਸਿੱਖ ਧਰਮ ਨਾਲ ਸੰਬੰਧਤ ਦੂਸਰੀਆਂ ਰੀਤਾਂ ਤੋਂ ਬਿਨਾਂ ਕੀਰਤਨ ਆਰੰਭ ਹੋਇਆ ਇਥੇ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਅਤੇ ਸ਼ਾਮ ਵੇਲੇ ਸੋਦਰ, ਆਰਤੀ ਦੇ ਗਾਇਨ ਦੀ ਪ੍ਰਥਾ ਸੀ।[2]

ਆਪ ਨੇ ਨਾਮ ਜਪਣ, ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਉਹਨਾਂ ਨੇ ਆਪਣੀ ਸਾਰੀ ਬਾਣੀ ਰਾਗਾਂ ਵਿੱਚ ਉਚਾਰ ਕੇ ਗਾ ਕੇ ਸੰਗੀਤਮਈ ਬਾਣੀ ਰਾਹੀਂ ਸੰਸਾਰ ਨੂੰ ਸੱਚ ਦਾ ਮਾਰਗ ਦਿਖਾਇਆ[3] ਗੁਰੂ ਜੀ ਨੂੰ ਸੰਗੀਤ ਦਾ ਗਿਆਨ ਦੈਵੀ ਸੰਪਰਦਾ ਦੇ ਰੂਪ ਵਿੱਚ ਪ੍ਰਾਪਤ ਹੋਇਆ ਜਿਉਂ ਹੀ ਧੁਰ ਕੀ ਬਾਣੀ ਇਲਾਹੀ ਬਾਣੀ ਆਉਂਦੀ ਤਾਂ ਗੁਰੂ ਸਾਹਿਬ ਉਸ ਦਾ ਕੀਰਤਨ ਰਾਹੀਂ ਆਨੰਦ ਅਲਾਪ ਕਰਦੇ । ਗੁਰੂ ਨਾਨਕ ਦੇਵ ਜੀ ਨੇ ਦੇਸੀ ਅਤੇ ਮਾਰਗੀ ਸੰਗੀਤ ਦਾ ਸੁਮੇਲ ਕਰਕੇ ਇਕ ਨਵੀਂ ਪੱਧਤੀ ਹੋਂਦ ਵਿੱਚ ਲਿਆਂਦੀ । ਰਾਗਾਂ ਵਿੱਚ ਬਾਣੀ ਗਾਇਨ ਕਰਨ ਦੀ ਪ੍ਰਥਾ ਚਲਾਈ ਇਸ ਪ੍ਰਥਾ ਵਿੱਚ ਰਾਗਾਂ ਦੇ ਸਮੇਂ ਸਿਧਾਂਤ ਦੀ ਵਰਤੋਂ ਬੜੇ ਸੁੱਚਜੇ ਢੰਗ ਨਾਲ ਕੀਤੀ । ਗੁਰੂ ਸਾਹਿਬ ਨੇ ਜਿਸ ਨਵੀਨ ਪਰੰਪਰਾ ਨੂੰ ਹੋਂਦ ਵਿੱਚ ਲਿਆਂਦਾ, ਇਸ ਪਥ ਪਰੰਪਰਾ ਦਾ ਸਰੂਪ ਮੌਲਿਕ ਪ੍ਰਬੰਧ, ਪ੍ਰਚਲਿਤ ਗਾਇਨ ਸ਼ੈਲੀਆਂ, ਰਾਗਾਂ

---

1. ਫਿਰ ਬਾਬਾ ਆਇਆ ਕਰਤਾਰਪੁਰ, ਭੇਖ ਉਦਾਸੀ ਸਗਲ ਉਤਾਰਾ
(ਭਾਈ ਗੁਰਦਾਸ, ਵਾਰ 1, ਪਉੜੀ 32)
2. ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ
(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 38)
3. ਤਾਰਾ ਸਿੰਘ (ਪ੍ਰੋ.) : <u>ਵਾਦਨ ਕਲਾ</u> ; ਪੰਨਾ 270.

ਅਤੇ ਕੁਝ ਨਵੀਨ ਮੌਲਿਕ ਰਾਗਾਂ ਉਪਰ ਆਧਾਰਿਤ ਸੀ । ਭਾਰਤੀ ਸੰਗੀਤ ਦੀਆਂ ਵਿਸ਼ੇਸ਼ਤਾਵਾਂ ਅਤੇ ਮੌਲਿਕ ਸੰਗੀਤ ਦੀ ਧਾਰਣਾ ਗੁਰੂ ਸਾਹਿਬ ਵਲੋਂ ਚਲਾਈ ਗਈ ਇਹ ਸੰਗੀਤ ਪਰੰਪਰਾ ਸਿੱਖ ਗੁਰੂਆਂ ਦੁਆਰਾ 'ਸਿੱਖ ਸੰਗੀਤ ਦੇ ਰੂਪ ਵਿੱਚ ਵਿਕਸਤ ਹੋਈ । ਉਹਨਾਂ ਨੇ ਹਰ ਸਿੱਖ ਨੂੰ ਘਰ ਘਰ ਵਿੱਚ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ । ਸਿੱਖ ਸੰਗਤ ਰੂਪ ਵਿੱਚ ਬੈਠ ਜੁੜ ਸਵੇਰੇ ਸ਼ਾਮ ਕੀਰਤਨ ਕਰਦੇ ਸਨ ।

ਗੁਰੂ ਸਾਹਿਬ ਨੇ ਇਸ ਸ਼ਬਦ ਕੀਰਤਨ ਪ੍ਰੰਪਰਾ ਨੂੰ ਵਿਸ਼ੇਸ਼ ਵਿਧਾਨ ਪ੍ਰਦਾਨ ਕੀਤਾ ਉਹਨਾਂ ਨੇ ਆਪਣੀ ਸਾਰੀ ਬਾਣੀ ਨੂੰ ਰਾਗ ਅਧੀਨ ਉਚਾਰਿਆ । ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ ।

<u>ਮੁੱਖ ਰਾਗ</u>

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ ।

<u>ਉਪਰਾਗ :</u>

ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ ਗਉੜੀ ਬੈਰਾਗਣ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫੀ, ਵਡਹੰਸ ਦੱਖਣੀ, ਸੂਹੀ ਕਾਫੀ, ਬਿਲਾਵਲ ਦੱਖਣੀ ਰਾਮਕਲੀ ਦੱਖਣੀ, ਮਾਰੂ ਕਾਫੀ, ਮਾਰੂ ਦੱਖਣੀ, ਪ੍ਰਭਾਤੀ, ਬਿਭਾਸ,

ਪ੍ਰਭਾਤੀ ਦੱਖਣੀ ।

## ਰਾਗ :

ਗੁਰੂ ਨਾਨਕ ਬਾਣੀ ਉਪਰ ਸਿਰਲੇਖ ਰੂਪ ਵਿੱਚ ਰਾਗ, ਮਹਲਾ, ਘਰ ਅਤੇ ਕਾਵਿ/ ਗਾਇਨ ਸ਼ੈਲੀ ਆਦਿ ਸੰਕੇਤ ਅੰਕਤ ਹਨ ਜਿਨ੍ਹਾਂ 'ਚੋਂ ਰਾਗੁ ਸਭ ਤੋਂ ਪਹਿਲਾਂ ਆਉਂਦਾ ਹੈ । ਬਾਣੀ ਉਪਰ ਰਾਗ ਸਿਰਲੇਖ ਵਜੋਂ ਦੇਣ ਦੀ ਪਰੰਪਰਾ ਮੱਧ ਕਾਲ ਦੇ ਸੰਤ ਭਗਤ ਕਵੀਆਂ ਵਿੱਚ ਪ੍ਰੱਚਲਿਤ ਰਹੀ ਹੈ ਪਰੰਤੂ ਇਨ੍ਹਾਂ ਦੀ ਬਾਣੀ ਦਾ ਵਿਸ਼ਿਸ਼ਟ ਰਾਗ-ਪ੍ਰਬੰਧ ਦ੍ਰਿਸ਼ਟੀਗੋਚਰ ਨਹੀਂ ਹੁੰਦਾ । 'ਗੁਰੂ ਨਾਨਕ ਬਾਣੀ' ਉਪਰ ਸਿਰਲੇਖ ਰੂਪ ਵਿਚ ਅੰਕਤ ਰਾਗ ਇਕ ਨਿਸ਼ਚਿਤ ਪ੍ਰਬੰਧ ਦੇ ਧਾਰਣੀ ਹਨ । ਆਦਿ ਗ੍ਰੰਥ ਵਿੱਚ ਸਮੁੱਚਾ ਬਾਣੀ ਦਾ ਆਧਾਰ ਵੀ ਰਾਗ ਹੈ । ਇਨ੍ਹਾਂ ਮੁੱਖ ਰਾਗਾਂ ਦੇ ਕੁਝ ਦੱਖਣੀ ਪ੍ਰਕਾਰ ਵੀ ਗੁਰੂ ਸਾਹਿਬ ਦੀ ਬਾਣੀ ਵਿੱਚ ਸਿਰਲੇਖ ਰੂਪ ਵਿੱਚ ਅੰਕਿਤ ਹਨ ਜਿਵੇਂ ਗਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ ਤੇ ਪ੍ਰਭਾਤੀ ਦੱਖਣੀ । ਗੁਰੂ ਸਾਹਿਬ ਦੀ ਬਾਣੀ ਵਿੱਚ ਰਾਗ ਨੂੰ ਰਾਗੁ ਲਿਖਿਆ ਗਿਆ ਹੈ ਅਤੇ ਰਾਗਣੀ ਭੇਦ ਨੂੰ ਸਵੀਕਾਰ ਨਹੀਂ ਕੀਤਾ ਗਿਆ ।

ਗੁਰੂ ਸਾਹਿਬ ਨੇ ਬਹੁਤ ਸਾਰੇ ਮੌਸਮਾਂ, ਸਭਿਆਚਾਰਾਂ, ਸਮਿਆਂ ਤੇ ਦੇਸ਼ਾਂ ਨੂੰ ਅਨੁਕੂਲ ਬੈਠ ਸਕਣ ਵਾਲੇ ਸਰੋਦੀ ਗੀਤ ਲਿਖੇ ਹਨ । ਕਈ ਰਾਗਾਂ ਨੂੰ ਮਿਲਾ ਕੇ ਵਰਤਿਆ ਹੈ । ਜਿਵੇਂ ਬਸੰਤ ਤੇ ਹਿੰਡੋਲ ਨੂੰ ਤੇ ਇਸ ਤਰ੍ਹਾਂ ਉਨ੍ਹਾਂ ~~ਗੁਰੂ ਸਾਹਿਬ~~ ਨੇ ਉਤਪੰਨ ਕੀਤੀ ਹੈ ਕਿ ਹਿਡੋਲ ਦਾ ਬਹੁਤ ਸਾਰਾ ਉਲ੍ਹਾਰ-ਪਨ ਘਟਾ ਲਿਆ । ਗੁਰੂ ਸਾਹਿਬ ਨੇ ਹਿੰਦੂਆਂ ਦੇ ਰਾਗ ਵਰਤੇ ਤੇ ਮੁਸਲਮਾਨਾਂ ਦੇ ਵੀ ਜਿਵੇਂ ਰਾਮਕਲੀ ਯੋਗੀਆਂ ਦਾ ਪ੍ਰਿਅ ਰਾਗ ਸੀ । ਮਾਝ ਖਾਲਸ

ਪੰਜਾਬੀ ਰਾਗ ਸੀ । ਗੂਜਰੀ ਰਾਗ ਗੁਜਰ ਲੋਕਾਂ ਦਾ ਹੈ । ਬਸੰਤ, ਮਲ੍ਹਾਰ, ਸਾਰੰਗ ਤੇ ਸੂਹੀ ਮੌਸਮੀ ਰਾਗ ਹਨ ਤੇ ਇਹ ਰਾਗ ਆਮ ਕਰਕੇ ਕੌਮੀ ਇਕੱਠਾਂ ਵਿੱਚ , ਜਿਥੇ ਹਿੰਦੂ, ਮੁਸਲਮਾਨ ਖੁਸ਼ੀ ਮਨਾਉਣ ਲਈ ਰਲਦੇ ਹਨ, ਗਾਇਆ ਜਾਂਦਾ ਹੈ ।[1]

ਗੁਰੂ ਸਾਹਿਬ ਜੀ ਨੇ ਮਾਰਗੀ ਅਤੇ ਦੇਸੀ ਸੰਗੀਤ ਦਾ ਸੁਮਿਸਰਨ ਕਰਕੇ ਨਵੀਂ ਸੰਗੀਤ ਪਦਤੀ ਨੂੰ ਪ੍ਰਭੂ ਭਗਤੀ ਦਾ ਮੁੱਖ ਸਾਧਨ ਬਣਾਇਆ ।[2] ਗੁਰੂ ਜੀ ਨੇ ਕ੍ਰਿਆਤਮਕ ਰੂਪ ਵਿੱਚ ਉੱਤਰੀ ਅਤੇ ਦੱਖਣੀ ਪੱਦਤੀ ਦੇ ਰਾਗ ਰੂਪਾਂ ਦੀ ਵਰਤੋਂ ਕੀਤੀ । ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਸਥਾਨ ਸਿਰੀ ਰਾਗ ਨੂੰ ਦਿਤਾ । ਅਤੇ ਦੂਜਾ ਸਥਾਨ ਰਾਗ 'ਆਸਾ' ਜਿਸ ਵਿੱਚ ਉਹਨਾਂ ਨੇ 'ਆਸਾ ਦੀ ਵਾਰ' ਦੀ ਰਚਨਾ ਕੀਤਾ ਆਸਾ ਰਾਗ ਗੁਰੂ ਸਾਹਿਬ ਦਾ ਬੜਾ ਪਿਆਰਾ ਰਾਗ ਸੀ । ਗੁਰੂ ਸਾਹਿਬ ਨੇ ਆਪਣੀ ਬਾਣੀ ਅਤੇ ਸੰਗੀਤ ਰਾਹੀਂ ਸਿੱਖ ਇਤਿਹਾਸ ਵਿੱਚ ਇਕ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ।

ਗੁਰੂ ਸਾਹਿਬ ਦੁਆਰਾ ਸਾਰੇ ਪੰਜਾਬ ਵਿੱਚ ਧਾਰਮਿਕ ਸੰਗੀਤ ਦਾ ਪ੍ਰਚਾਰ ਹੋਇਆ । ਦੇਸ਼ ਦੀਆਂ ਸੰਕੀਰਣ ਅਤੇ ਡਗ-ਮਗਾਉਂਦੀਆਂ ਪਰਸਥਿਤੀਆਂ ਨੇ ਪੰਜਾਬ ਦੇ ਸੰਗੀਤ ਉਪਰ ਜਿਹੜਾ ਅਗਿਆਨਤਾ ਦਾ ਪਰਦਾ ਪਾਇਆ ਹੋਇਆ ਸੀ ਉਸ ਨੂੰ ਗੁਰੂ ਨਾਨਕ ਦੇਵ ਜੀ ਨੇ ਬੜੀ ਪ੍ਰਵੀਨਤਾ ਨਾਲ ਹਟਾ ਦਿੱਤਾ ।[3]

---

1. ਤਾਰਨ ਸਿੰਘ (ਡਾ.) : ਗੁਰੂ ਨਾਨਕ ਚਿੰਤਨ ਤੇ ਕਲਾ ; ਪੰਨਾ 218.
2. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ ; ਪੰਨਾ 272.
3. ਉਮੇਸ਼ ਜੋਸ਼ੀ : ਭਾਰਤੀਯ ਸੰਗੀਤ ਕਾ ਇਤਿਹਾਸ ; ਪੰਨਾ 274-75.

ਗੁਰੂ ਨਾਨਕ ਬਾਣੀ ਦੀ ਸੰਗੀਤ ਪੱਧਤੀ ਦੇ ਸਮੁੱਚੇ ਸੰਗੀਤ ਵਿਧਾਨ ਦਾ ਆਪਣਾ ਸ਼ਾਸਤਰ ਹੈ ਜਿਸ ਵਿੱਚ ਸ਼ਾਸਤਰੀ ਸੰਗੀਤ ਦੀਆਂ ਕੁਝ ਪ੍ਰਚੱਲਿਤ ਗਾਇਨ ਸ਼ੈਲੀਆਂ ਦੀ ਯੋਗ ਵਰਤੋਂ ਕੀਤੀ ਗਈ । ਭਾਵੇਂ ਇਨ੍ਹਾਂ ਗਾਇਨ ਸ਼ੈਲੀਆਂ ਅਤੇ ਲੋਕ ਗਾਇਨ ਸ਼ੈਲੀਆਂ ਵਾਂਗੂੰ ਨਾਮ ਅੰਕਿਤ ਨਹੀਂ ਕੀਤੇ ਗਏ ਪਰ ਸਮੁੱਚੀ ਬਾਣੀ ਦਾ ਭਾਰਤੀ ਸੰਗੀਤ ਦੇ ਸੰਦਰਭ ਵਿੱਚ ਅਧਿਐਨ ਕੀਤਿਆਂ ਸ਼ਾਸਤਰੀ ਸੰਗੀਤ ਦੇ ਕਾਵਿ ਰੂਪ ਮੌਜੂਦ ਮਿਲਦੇ ਹਨ । ਗੁਰੂ ਸਾਹਿਬ ਦਾ ਮੁੱਖ ਉਦੇਸ਼ ਜਨ ਸਾਧਾਰਣ ਤੱਕ ਅਧਿਆਤਮਕ ਮੰਡਲਾਂ ਦੇ ਰਹੱਸਾਂ ਨੂੰ ਪਹੁੰਚਾਉਣਾ ਅਤੇ ਜੀਵਨ ਦੀ ਜਾਚ ਦੱਸਣਾ ਸੀ । ਗੁਰੂ ਸਾਹਿਬ ਨੇ ਇਸ ਮੰਤਵ ਲਈ ਲੋਕਾਂ ਦੇ ਮਨ ਭਾਉਂਦੇ ਕਾਵਿ ਰੂਪਾਂ ਦੀਆਂ ਅਨੇਕ ਗਾਇਨ ਸ਼ੈਲੀਆਂ ਨੂੰ ਉਨਾਂ ਦੇ ਸੰਬੰਧਿਤ ਰਾਗਾਂ ਦੇ ਸਿਰਲੇਖਾਂ ਅਧੀਨ ਅੰਕਿਤ ਕੀਤਾ । ਲੋਕ ਧੁਨਾਂ ਤੋਂ ਵਿਕਸਤ ਹੋਏ ਆਸਾ, ਮਾਝ, ਵਡਹੰਸ, ਤੁਖਾਰੀ ਵਰਗੇ ਰਾਗਾਂ ਨੂੰ ਉਨਾਂ ਘੋੜੀਆਂ, ਬਾਰਾਮਾਹ ਵਰਗੇ ਕਾਵਿ ਰੂਪਾਂ ਹਿਤ ਵਰਤਿਆ । ਇਹਨਾਂ ਸਭ ਦਾ ਇਕ ਨਿਵੇਕਲਾ ਸੰਗੀਤ ਵਿਧਾਨ ਸੀ । ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਪੱਧਤੀ ਦੇ ਵਿਕਾਸ ਲਈ ਕੀਰਤਨ ਚੌਕੀਆਂ ਦੀ ਅਤੇ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ । ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਨੇ ਇਕ ਨਿਵੇਕਲੀ ਕੀਰਤਨ ਪਰੰਪਰਾ ਚਲਾਈ ਜਿਸ ਨੂੰ ਸਭ ਗੁਰੂਆਂ ਨੇ ਅਪਣਾਇਆ ਅਤੇ ਅੱਗੋਂ ਜਾਰੀ ਰਖਿਆ ।

ਗੁਰੂ ਨਾਨਕ ਦੇਵ ਜੀ ਨੇ ਵਾਰ ਗਾਇਨ, ਸਲੋਕ, ਅਸ਼ਟਪਦੀ, ਥਿਤੀ, ਪਹਰੇ, ਬਾਰਾਮਾਹ, ਆਰਤੀ, ਪਉੜੀ, ਪਦ ਗਾਇਨ, ਛੰਤ, ਪਦੀ, ਅਲਾਹੁਣੀਆਂ, ਗੋਸ਼ਟਿ ਅਤੇ ਜਪੁਜੀ ਆਦਿ ਸ਼ੈਲੀਆਂ ਦਾ ਪ੍ਰਯੋਗ ਕੀਤਾ । ਜਪੁਜੀ ਸਾਹਿਬ ਤੋਂ ਇਲਾਵਾ ਗੁਰੂ ਸਾਹਿਬ ਦੀ ਬਾਕੀ ਸਾਰੀ ਬਾਣੀ ਰਾਗ-ਬੱਧ ਜਾਂ ਸੰਗੀਤ-ਬੱਧ ਹੈ । ਇਸ ਪ੍ਰਕਾਰ ਗੁਰਮਤਿ ਸੰਗੀਤ ਦਾ ਵਿਕਾਸ

ਹਰੇਕ ਗੁਰੂ ਵਿਅਕਤੀ ਤੱਕ ਪਹੁੰਚਿਆ ।

ਹੁਣ ਤੱਕ ਅਸੀਂ ਗੁਰੂ ਨਾਨਕ ਦੇਵ ਜੀ ਦੇ ਪ੍ਰਯੋਗ ਕੀਤੇ ਗਏ ਸਾਰੇ ਰਾਗਾਂ ਨੂੰ ਸਾਹਮਣੇ ਰੱਖ ਕੇ ਇਹ ਨਿਸ਼ਚੇ ਪੂਰਵਕ ਹੀ ਕਹਿ ਸਕਦੇ ਹਾਂ ਕਿ ਉਪਰੋਕਤ ਰਾਗਾਂ ਵਿੱਚ ਲਿਖੀ ਨਾਨਕ ਬਾਣੀ ਗੁਰੂ ਅਮਰਦਾਸ ਜੀ ਦੇ ਪਾਸ ਵੀ ਸੁਰਖਿਅਤ ਸੀ[1] ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਨਾਦ, ਆਹਤ ਨਾਦ, ਸੁਰ, ਰਾਗ, ਧੁਨ, ਪੰਚ ਸ਼ਬਦ, ਤਾਲ, ਸਤਿ ਸੰਗਤ, ਰਾਗੀ, ਗਾਵਾ, ਰਸ, ਰਬਾਬ, ਵੀਣਾ, ਢੋਲਕ, ਪਖਾਵਜ, ਕੀਰਤਨ ਆਦਿ ਸੰਗੀਤਕ ਸ਼ਬਦ ਵੀ ਵਰਤੇ ਜਿਸ ਤੋਂ ਸਿੱਧ ਹੁੰਦਾ ਹੈ ਕਿ ਉਹਨਾਂ ਨੇ ਪ੍ਰਚਲਿਤ ਭਾਰਤੀ ਸੰਗੀਤ ਦੇ ਪਰੰਪਰਾ ਦੇ ਵਿਚੋਂ ਇਕ ਨਵੀਨ ਗਾਇਨ ਸ਼ੈਲੀ ਨੂੰ ਵਿਕਸਤ ਕਰਕੇ ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਦੀ ਬੁਨਿਆਦ ਰੱਖ ਦਿੱਤੀ ਸੀ ਅਤੇ ਸਿੱਖ ਧਰਮ ਵਿੱਚ ਗੁਰਮਤਿ ਸੰਗੀਤ ਦਾ ਵਿਸ਼ੇਸ਼ ਸਥਾਨ ਨਿਯੁਕਤ ਕੀਤਾ ।

ਸਿੱਖ ਇਤਿਹਾਸ ਵਿਚ ਬਾਬਰ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ ਜਿਸ ਦੇ ਰਾਜ ਦਰਬਾਰ ਵੇਲੇ ਭਾਰਤੀ ਸੰਗੀਤ ਨੇ ਕਾਫੀ ਤਰੱਕੀ ਕੀਤੀ ਬਾਬਰ ਸੰਗੀਤ ਵਿੱਚ ਪ੍ਰਵੀਨ ਸੀ ਅਤੇ ਕਲਾ ਦਾ ਰਿਆਤਾ ਸੀ । ਬਾਬਰ ਸੰਗੀਤ ਦੀ ਇੰਨੀ ਜਾਣਕਾਰੀ ਰੱਖਦਾ ਸੀ ਕਿ ਉਸ ਨੇ ਆਪਣੇ ਦਰਬਾਰ ਵਿਚ ਮਹਾਨ ਸੰਗੀਤਕਾਰ ਰੱਖੇ ਹੋਏ ਸਨ ਜਿਨ੍ਹਾਂ ਪਾਸੋਂ ਉਹ ਸੰਗੀਤ ਦਾ ਆਨੰਦ ਮਾਣਦਾ ਸੀ । ਬਾਬਰ ਦੇ ਦਰਬਾਰ ਵਿੱਚ ਖਿਆਲ,ਕਵਾਲੀ, ਗਜ਼ਲ, ਆਦਿ ਗਾਇਨ -

---

1. ਸਾਹਿਬ ਸਿੰਘ (ਪ੍ਰੋ.) : <u>ਆਦਿ ਬੀੜ ਬਾਰੇ</u> ; ਪੰਨਾ 77.

ਸ਼ੈਲੀਆਂ ਪ੍ਰਚੱਲਤ ਸਨ ਜਿਨ੍ਹਾਂ ਬਾਰੇ ਗੁਰੂ ਨਾਨਕ ਦੇਵ ਜੀ ਨੇ ਵੀ ਲਿਖਿਆ ਹੈ ਔਰ ਆਪਣੀ ਰਚਨਾ ਉੱਤੇ ਗਾਇਨ ਸ਼ੈਲੀਆਂ ਨੂੰ ਗਾਉਣ ਦੇ ਸੰਕੇਤ ਦਰਜ ਕੀਤੇ ਹਨ । ਬਾਬਰ ਦੇ ਕਾਲ ਵਿੱਚ ਸਿੰਗਾਰ-ਰਸ ਪ੍ਰਧਾਨ ਰਚਨਾਵਾਂ ਦਾ ਗਾਇਨ ਕੀਤਾ ਜਾਂਦਾ ਸੀ ਬਾਬਰ ਦੇ ਕਾਲ ਵਿਚ ਅਨੇਕ ਰਾਗਾਂ, ਸਾਜ਼ਾਂ ਅਤੇ ਲੋਕ ਪ੍ਰਿਅ ਧੁਨੀਆਂ ਦਾ ਆਵਿਸ਼ਕਾਰ ਹੋਇਆ । ਬਾਦਸ਼ਾਹ ਦੇ ਦਰਬਾਰ ਵਿੱਚ ਹੀ ਉੱਤਰੀ ਭਾਰਤ ਵਿੱਚ ਭਗਤੀ ਅੰਦੋਲਨ ਨੇ ਭਗਤੀ ਕਾਵਿ ਅਤੇ ਭਗਤੀ ਸੰਗੀਤ ਦੇ ਸੰਯੁਕਤ ਰੂਪ ਦੁਆਰਾ ਪ੍ਰਚਾਰ ਆਰੰਭਿਆ । ਇਸ ਲਹਿਰ ਵਿੱਚ ਵੱਧ ਤੋਂ ਵੱਧ ਸੰਤਾਂ ਨੇ ਆਪਣੀ ਰਚੀ ਬਾਣੀ ਨੂੰ ਸੰਗੀਤਬੱਧ ਕਰਕੇ ਗਾਇਆ ਅਤੇਆਪਣੀ ਪਰੰਪਰਾ ਦਾ ਲੋਕਾਈ ਤੱਕ ਪ੍ਰਚਾਰ ਕੀਤਾ । ਇਸ ਭਗਤੀ ਪਰੰਪਰਾ ਨੂੰ ਲੋਕਾਂ ਵਲੋਂ ਚੰਗਾ ਹੁੰਗਾਰਾ ਮਿਲਿਆ । ਦੱਖਣ ਦੇ ਅਲਾਵਰ ਸੰਤਾਂ ਨੇ ਦੱਖਣ ਭਾਰਤ ਵਿੱਚ ਸੰਕੀਰਤਨ ਧਾਰਾ ਦਾ ਪ੍ਰਚਾਰ ਕੀਤਾ ਰਾਮਾਨੁਜ ਦੁਆਰਾ ਚਲਾਈ ਹੋਈ ਇਹ ਪਰੰਪਰਾ ਨੂੰ ਰਾਮਾਨੰਦ ਨੇ ਉਤਸ਼ਾਹ ਨਾਲ ਅਗਾਂਹ ਤੋਰਿਆ ।

ਮੁਗਲ ਕਾਲ ਦੇ ਪਹਿਲੇ ਪੜਾਅ ਵਿੱਚ ਹੀ ਚੈਤੰਨਯ ਮਹਾਂ ਪ੍ਰਭੂ ਨੇ ਭਾਰਤੀ ਸੰਗੀਤ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾ ਕੇ ਇਸ ਨੂੰ ਪਰਫੁੱਲਤ ਕੀਤਾ ਉਹਨਾਂ ਦਾ ਮਤਲਬ ਸੀ ਕਿ ਭਗਤੀ ਤੋਂ ਸੰਗੀਤ ਨੂੰ ਸ਼ਕਤੀ ਪ੍ਰਾਪਤ ਹੁੰਦੀ ਹੈ ਇਸ ਕਾਲ ਵਿੱਚ ਚੈਤੰਨਯ ਮਹਾਂ ਪ੍ਰਭੂ ਨੇ ਆਪਣੇ ਕੀਰਤਨ ਦੁਆਰਾ ਲੋਕਾਂ ਨੂੰ ਆਕਰਸ਼ਿਤ ਕੀਤਾ ਦੂਸਰੇ ਪਾਸੇ ਕਵਾਲੀ, ਗਜ਼ਲ ਨੇ ਭਾਰਤੀ ਸੰਗੀਤ ਦੇ ਵਿਕਾਸ ਵਿੱਚ ਯੋਗਦਾਨ ਪਾਇਆ । ਇਸ ਕਾਲ ਵਿੱਚ ਅਨੇਕ ਸੰਗੀਤਕਾਰ ਅਤੇ ਸੰਤਾਂ, ਭਗਤ ਹੋਏ । ਇਸੇ ਹੀ ਕਾਲ ਵਿੱਚ ਕਰਨਾਟਕੀ ਸੰਗੀਤ ਦਾ ਵਿਕਾਸ ਜਾਰੀ ਰਿਹਾ । ਬਾਦਸ਼ਾਹ ਅਕਬਰ ਦੇ ਕਾਲ ਵਿੱਚ ਭਜਨ ਸੰਗੀਤ ਦਾ ਕਾਫੀ ਬੋਲਬਾਲਾ ਸੀ ਜਿਹੜੇ ਲੋਕ ਧਾਰਮਿਕ ਰੁਚੀ ਵਾਲੇ ਸਨ ਉਹਨਾਂ ਨੇ ਇਨ੍ਹਾਂ ਭਜਨਾਂ ਦਾ ਆਨੰਦ ਮਾਣਿਆ । ਬੈਜੂ-

ਬਾਵਰਾ, ਸੁਆਮੀ ਹਰਿਦਾਸ ਜੀ ਨੇ ਇਸ ਕਾਲ ਵਿੱਚ ਸੰਗੀਤ ਨੂੰ ਮਹੱਤਵਪੂਰਨ ਯੋਗਦਾਨ ਦਿਤਾ ਬਾਬਰ ਦੇ ਦਰਬਾਰ ਵਿੱਚ ਤਾਨਸੈਨ ਵਰਗੇ ਮਹਾਨ ਸੰਗੀਤਕਾਰ ਨੇ ਆਪਣੀ ਕਲਾ ਰਾਹੀਂ ਲੋਕਾਂ ਨੂੰ ਸੰਗੀਤ ਸਿਖਾਇਆ ਅਤੇ ਸੁਣਾਇਆ। ਬਾਬਰ ਦੇ ਦਰਬਾਰ ਵਿੱਚ ਗੁਰੂ ਸਾਹਿਬ ਦੇ ਵੇਲੇ ਭਾਰਤੀ ਸੰਗੀਤ ਦਾ ਕਾਫੀ ਪ੍ਰਚਾਰ ਹੋਇਆ ਕਿਉਂਕਿ ਜਨਤਾ ਦੀ ਰੁਚੀ ਧਾਰਮਿਕ ਹੋ ਗਈ ਸੀ ਉਹਨਾਂ ਨੇ ਸ਼ਿੰਗਾਰਿਕ ਰਚਨਾਵਾਂ ਨੂੰ ਸੁਣਨਾ ਬੰਦ ਕਰ ਦਿਤਾ ਅਤੇ ਭਜਨ ਅਤੇ ਕੀਰਤਨ ਦੁਆਰਾ ਸੰਗੀਤ ਦੀ ਸਾਧਨਾ ਕਰਕੇ ਸਿੱਖ ਇਤਿਹਾਸ ਵਿੱਚ ਕੀਰਤਨ ਦਾ ਵਿਸ਼ੇਸ਼ ਸਥਾਨ ਬਣਾਇਆ।

ਇਸ ਕਾਲ ਵਿੱਚ ਹੀ ਸੁਆਮੀ ਹਰੀਦਾਸ ਜੀ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਦੇ ਵੱਖ ਵੱਖ ਰਾਗਾਂ ਵਿੱਚ ਉਨ੍ਹਾਂ ਦੁਆਰਾ ਰਚਿਤ ਧਰੁਪਦ ਅੱਜ ਵੀ ਮਿਲਦੇ ਹਨ, ਵਿਸ਼ੇਸ਼ ਯੋਗਦਾਨ ਪਾਇਆ। ਨਟ, ਗੌਜੀ, ਕਾਨੜਾ, ਸਾਰੰਗ, ਕੇਦਾਰ, ਬਸੰਤ, ਕਲਿਆਣ ਆਦਿ ਰਾਗਾਂ ਵਿੱਚ ਆਪਣੇ ਪਦਿਆਂ ਦਾ ਉਚਾਰਣ ਕੀਤਾ ਉਨਾਂ ਨੇ ਸਿੱਖ ਇਤਿਹਾਸ ਵਿੱਚ ਭਾਰਤੀ ਸੰਗੀਤ ਨੂੰ ਵਿਸ਼ੇਸ਼ ਸਿਸ਼ ਪਰੰਪਰਾ ਵੀ ਦਿੱਤੀ, ਤਾਨਸੈਨ, ਰਾਮਦਾਸ, ਬੈਜੂਬਾਵਰਾ, ਸੋਮਨਾਥ ਪੰਡਤ ਵਰਗੇ ਭਾਰਤੀ ਸੰਗੀਤ ਦੇ ਮਹਾਨ ਕਲਾਕਾਰ ਹੋਏ ਹਨ।[1] ਸਿੱਖ ਇਤਿਹਾਸ ਦੇ ਹੋਰ ਭਗਤ ਕਵੀਆਂ ਵਿੱਚੋਂ ਧੰਨਾ, ਰਵਿਦਾਸ, ਸੈਣ, ਤਿਰਲੋਚਨ, ਪੀਪਾ ਵਰਗੇ ਬਹੁਤ ਸਾਰੇ ਸੰਤ ਕਵੀਆਂ ਨੇ ਗੁਰੂ ਜੀ ਦੀ ਚਲਾਈ ਹੋਈ ਪਰੰਪਰਾ ਨੂੰ ਵਿਕਸਤ ਹੀ ਨਹੀਂ ਕੀਤਾ ਸਗੋਂ ਉਜਾਗਰ ਵੀ ਕੀਤਾ। ਇਨ੍ਹਾਂ ਭਗਤਾਂ ਨੇ ਆਪਣੀ ਰਚਨਾ ਰਾਗਾਂ ਵਿੱਚ ਕੀਤੀ ਅਤੇ ਉਸ ਦਾ ਖੁਦ ਗਾਇਨ

---

1. ਯੋਗੇਂਦਰ ਪਾਲ ਸ਼ਰਮਾ, ਬਚਿੱਤਰ ਸਿੰਘ : <u>ਭਾਰਤੀ ਸੰਗੀਤ ਦਾ ਇਤਹਾਸ</u> ; ਪੰਨਾ 51.

ਕੀਤਾ, ਬਾਣੀ ਅਤੇ ਸੰਗੀਤ ਦੁਆਰਾ ਧਰਮ ਦੇ ਪ੍ਰਚਾਰ ਲਈ ਆਪਣਾ ਵੱਡਮੁੱਲਾ ਯੋਗਦਾਨ ਦਿੱਤਾ ਅਤੇ ਆਪਣੀ ਬਾਣੀ ਨੂੰ ਵੱਖ ਵੱਖ ਰਾਗਾਂ ਵਿੱਚ ਦਰਜ ਕੀਤਾ । ਸੋ ਉਪਰੋਕਤ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਬਾਬਰ ਦੇ ਕਾਲ ਵਿੱਚ ਭਾਰਤੀ ਸੰਗੀਤ ਨੇ ਕਾਫੀ ਉੱਨਤੀ ਕੀਤੀ ਅਤੇ ਬਾਬਰ ਦੇ ਰਾਜ ਕਾਲ ਵਿੱਚ ਅਤੇ ਸਿੱਖ ਇਤਿਹਾਸ ਵਿੱਚ ਗੁਰਮਤਿ ਸੰਗੀਤ ਦਾ ਆਦਰਯੋਗ ਸਥਾਨ ਰਿਹਾ ।

<u>ਗੁਰੂ ਅੰਗਦ ਦੇਵ ਕਾਲ :</u>

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਇਆ । ਗੁਰੂ ਸਾਹਿਬ ਦੀਆਂ 63 ਰਚਨਾਵਾਂ 10 ਰਾਗਾਂ ਦੇ ਅੰਤਰ ਆਦਿ ਬੀੜ ਵਿੱਚ ਉਪਲਬਧ ਹਨ । ਜਿਵੇਂ ਰਾਗ ਸਿਰੀ, ਆਸਾ, ਮਾਝ, ਵਡਹੰਸ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ ਅਤੇ ਮਲਹਾਰ ਆਦਿ ਗੁਰੂ ਸਾਹਿਬ ਨੇ ਪੰਜਾਬੀ ਤੇ ਗੁਰਮੁਖੀ ਲਿਪੀ ਨੂੰ ਪ੍ਰਚਾਰ ਵਿੱਚ ਲਿਆਂਦਾ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਭਾਈ ਬਾਲਾ ਤੋਂ ਸਾਖੀਆਂ ਦਾ ਸੰਪਾਦਨ ਕੀਤਾ ।[1]

ਗੁਰੂ ਸਾਹਿਬ ਦਾ ਅਸਲੀ ਨਾਮ ਭਾਈ ਲਹਿਣਾ ਸੀ । ਇਹ ਜ਼ਿਲਾ ਫਰੀਦਕੋਟ ਦੇ ਸਨ ਅਤੇ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਨ । ਗੁਰੂ ਸਾਹਿਬ ਇਹਨਾਂ ਨੂੰ ਆਪਣੇ ਪੁੱਤਰਾਂ ਵਾਂਗ ਸਮਝਦੇ ਸਨ । ਇਹਨਾਂ ਦੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ

---

1. ਗੋਕਲ ਚੰਦ ਨਾਰੰਗ,: <u>ਸਿੱਖ ਮੱਤ ਦਾ ਪਰਿਵਰਤਨ</u> ; ਪੰਨਾ 17.

ਨੇ 1538 ਈ. ਵਿੱਚ ਇਹਨਾਂ ਨੂੰ ਗੁਰਗੱਦੀ ਦਾ ਅਧਿਕਾਰੀ ਨਿਯੁਕਤ ਕੀਤਾ ਅਤੇ ਨਾਲ ਹੀ ਇਹਨਾਂ ਦਾ ਨਾਮ ਗੁਰੂ ਅੰਗਦ ਦੇਵ ਰਖਿਆ । ਇਸ ਪ੍ਰਕਾਰ ਇਹ ਗੁਰੂ ਪਰੰਪਰਾ ਦੇ ਵਾਰਿਸ ਬਣੇ । ਗੁਰੂ ਸਾਹਿਬ ਨੇ ਆਪਣੀਆਂ ਅਤੇ ਹੋਰ ਭਗਤਾਂ ਦੀ ਬਾਣੀ ਦਾ ਸੰਗ੍ਰਹਿ ਗੁਰਗੱਦੀ ਦੇਣ ਵੇਲੇ ਇਹਨਾਂ ਨੂੰ ਸੌਂਪ ਦਿੱਤਾ ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਵਿਕਸਤ ਸੰਗੀਤ ਪਰੰਪਰਾ ਸ਼ੈਲੀ ਅਤੇ ਰਚਨਾ ਦਾ ਵਿਕਾਸ ਕੀਤਾ ਉਹਨਾਂ ਨੇ ਗੁਰਮਤਿ ਸੰਗੀਤ ਵਿੱਚ ਅਨੇਕਾਂ ਰਚਨਾਵਾਂ ਦੀ ਰਚਨਾ ਕੀਤੀ ਅਤੇ ਗਾਇਨ ਦੀ ਪਰੰਪਰਾ ਨੂੰ ਜਾਰੀ ਰਖਿਆ ਇਹਨਾਂ ਦੇ ਦਰਬਾਰ ਵਿੱਚ ਦੋ ਉੱਚ ਪੱਧਰ ਦੇ ਰਬਾਬੀ ਗਾਇਕ ਸੱਤਾ ਤੇ ਬਲਵੰਡ ਰੋਜ਼ਾਨਾ ਦਰਬਾਰ ਵਿੱਚ ਕੀਰਤਨ ਕਰਦੇ ਸਨ । ਭਾਈ ਸਦੂ, ਭਾਈ ਮਦੂ ਨਾਮਕ ਰਬਾਬੀ ਵੀ ਇਹਨਾਂ ਦੇ ਦਰਬਾਰ ਦੇ ਹਜ਼ੂਰੀ ਕੀਰਤਨੀਏ ਸਨ ।[1]

ਗੁਰੂ ਅੰਗਦ ਦੇਵ ਜੀ ਦੇ ਰਚੇ ਹੋਏ ਧਰੁੱਪਦ ਅੱਜ ਵੀ ਗਾਏ ਜਾਂਦੇ ਹਨ ਉਹਨਾਂ ਦੇ ਦੋ ਪ੍ਰਸਿੱਧ ਸ਼ਬਦਾਂ ਦਾ ਮੁੱਖੜਾ ਇਸ ਪ੍ਰਕਾਰ ਹੈ :

ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ"
ਭੁਖਿਆ ਭੁਖਿ ਉਤਰੈ ਹਾਲੀ ਭੁੱਖ ਨ ਜਾਇ" ।[2]

---

1. ਗੋਕਲ ਚੰਦ ਨਾਰੰਗ : ਸਿੱਖ ਮੱਤ ਦਾ ਪਰਿਵਰਤਨ ; ਪੰਨਾ 17.
2. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 118.

ਗੁਰੂ ਸਾਹਿਬ ਨੇ ਵੀ ਆਪਣੀ ਹਰੇਕ ਰਚਨਾ ਦੇ ਅੰਤ ਵਿਚ ਨਾਨਕ ਸ਼ਬਦ ਦਾ ਪ੍ਰਯੋਗ ਕੀਤਾ ਜਿਸ ਨੂੰ ਸਾਰੇ ਹੀ ਗੁਰੂ ਜਨਾਂ ਨੇ ਅਪਣਾਇਆ ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਰੰਭੀ ਪਰੰਪਰਾ ਨੂੰ ਠੋਸ ਲੀਹਾਂ 'ਤੇ ਅੱਗੇ ਵਧਾਇਆ । ਭਾਈ ਕਾਨ੍ਹ ਸਿੰਘ ਅਨੁਸਾਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਗਾਉਣ ਦੀ ਰੀਤ ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਨੇ ਗੁਰੂ ਨਾਨਕ ਸਵਾਮੀ ਦੀ ਆਗਿਆ ਅਨੁਸਾਰ ਕਰਤਾਰ ਪੁਰ ਸਥਾਪਨਾ ਕੀਤੀ ।[1]

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਿੱਖ ਸੰਸਥਾ ਦਾ ਕੇਂਦਰ ਉਹ ਸਥਾਨ ਹੀ ਬਣਿਆ ਜਿੱਥੇ ਗੁਰੂ ਵਿਅਕਤੀਆਂ ਦਾ ਨਿਵਾਸ ਸੀ । ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਆ ਗਏ । ਇਥੇ ਆ ਕੇ ਆਪ ਜੀ ਉਹ ਮਰਿਯਾਦਾ ਕਾਇਮ ਕੀਤੀ ਜਿਹੜੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਕਰਤਾਰਪੁਰ ਵਿਖੇ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਾਈ ਸੱਤਾ ਤੇ ਬਲਵੰਡ ਜੀ ਦੱਸਦੇ ਹਨ :

ਫੇਰਿ ਵਸਾਇਆ ਫੇਰੁ ਆਇ ਸਤਿਗੁਰਿ ਖਾਡੂਰੁ ।।[2]

ਇਸ ਦੀ ਸਾਖ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਭਰੀ ਹੈ :

"ਗੁਰ ਨਾਨਕ ਹੰਦੀ ਮੁਹਰ ਹਥਿ ਗੁਰ ਅੰਗ ਦਦੀਦੋਹੀ ਫਿਰਾਈ ।।
ਦਿਤਾ ਛੋੜਿ ਕਰਤਾਰਪੁਰ ਬੈਠਿ ਖਾਖਡੂਰੇ ਜੋਤਿ ਜਗਾਈ ।।

---

1. ਸਿੰਘ ਸਭਾ ਪਤ੍ਰਿਕਾ : ਸ੍ਰੀ ਅੰਮ੍ਰਿਤਸਰ ; ਫਰਵਰੀ, 1978.
2. ਆਦਿ ਗ੍ਰੰਥ : ਪੰਨਾ 967.

ਗੁਰੂ ਸਾਹਿਬ ਦੀ ਨਿੱਤ ਕਿਰਿਆ ਬਾਰੇ ਗੁਰ ਖਾਲਸਾ ਤਵਾਰੀਖ ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਹਮੇਸ਼ਾ ਦੋ ਪਹਿਰ ਰਾਤ ਰਹਿੰਦੀ ਉੱਠ ਕੇ ਇਸ਼ਨਾਨ ਕਰਕੇ ਇਕਾਂਤ ਵਿੱਚ ਬੈਠ ਕੇ ਅਕਾਲ ਪੁਰਖ ਦਾ ਭਜਨ ਕਰਦੇ ਸਨ । ਫਿਰ ਦਿਨ ਚੜ੍ਹੇ ਉਠ ਕੇ ਦੀਵਾਨ ਸਜਾ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਸਨ ਅਤੇ ਸਿੱਖਾਂ ਨੂੰ ਪਵਿੱਤਰ ਉਪਦੇਸ਼ ਦੇ ਕੇ ਨਿਹਾਲ ਕਰਦੇ ਸਨ ।[1]

ਗੁਰੂ ਸਾਹਿਬ ਦੇ ਦਰਬਾਰ ਦੇ ਮੁੱਖ ਕੀਰਤਨੀਏ ਬਲਵੰਡ ਅਤੇ ਸੱਤਾ[2] ਤੋਂ ਬਿਨਾਂ ਭਾਈ ਸਾਦੂ, ਭਾਈ ਬਾਦੂ[3], ਭਾਈ ਰਾਜ ਰਜ਼ਾਦਾ, ਭਾਈ ਸ਼ਜ਼ਾਦਾ[4] ਭਾਈ ਸਜ਼ਾਦਾ ਜੀ ਜਾਂ ਸਹਿਜ਼ਾਦ ਖਾਂ ਭਾਈ ਮਰਦਾਨਾ ਜੀ ਦੇ ਸਪੁੱਤਰ ਸਨ[5] ਅਤੇ ਉਹਨਾਂ ਕੋਲੋਂ ਹੀ ਰਬਾਬ ਵਾਦਨ ਦੀ ਸਿੱਖਿਆ ਪ੍ਰਾਪਤ ਕੀਤੀ ਸੀ । ਭਾਈ ਸਾਦੂ ਅਤੇ ਭਾਈ ਬਾਦੂ ਮਰਦਾਨਾ ਜੀ ਦੇ ਪੋਤਰੇ ਸਨ ।

ਹੰਮਾਯੂ ਬਾਦਸ਼ਾਹ ਵੀ ਗੁਰੂ ਅੰਗਦ ਦੇਵ ਜੀ ਦਾ ਸਮਕਾਲੀ ਸੀ ਜਿਸ ਨੂੰ ਗਾਇਨ ਤੇ ਵਾਦਨ ਨਾਲ ਬੇਹੱਦ ਪਿਆਰ ਸੀ ਉਹ ਆਪ ਇਕ ਮਹਾਨ ਸੰਗੀਤਕਾਰ ਸੀ ਤੇ ਉਸ ਨੇ ਇਸ ਸੰਗੀਤ ਨੂੰ ਲੋਕਾਂ ਤੱਕ ਪਚਾਉਣ ਲਈ ਜਾਂ ਇਸ ਦਾ ਪ੍ਰਚਾਰ ਕਰਨ ਲਈ ਆਪਣੇ ਦਰਬਾਰ ਵਿੱਚ 29 ਗਾਇਕ ਅਤੇ ਵਾਦਕ ਰੱਖੇ ਹੋਏ ਸਨ[6] ਜਿਨ੍ਹਾਂ ਪਾਸੋਂ ਉਹ ਇਸ ਸੰਗੀਤ ਦਾ

---

1. ਗਿਆਨੀ ਲਾਲ ਸਿੰਘ ਸੰਗਰੂਰ : ਤਵਾਰੀਖ ਗੁਰੂ ਖਾਲਸਾ ; ਪੰਨਾ 187.
2. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 118.
3. ਗਿਆਨੀ ਗਿਆਨ ਸਿੰਘ : ਤਵਾਰੀਖ ਗੁਰੂ ਖਾਲਸਾ ; ਪੰਨਾ 294.
4. ਗਿਆਨ ਹਰਬੰਸ ਸਿੰਘ : ਨਿਰਬਾਣ ਕੀਰਤਨ ; ਪੰਨਾ 38.
5. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 137.
6. ਆਚਾਰੀਆ ਬ੍ਰਹਸਪਤੀ : ਮੁਸਲਮਾਨ ਔਰ ਭਾਰਤੀਯ ਸੰਗੀਤ ; ਪੰਨਾ 72.

ਆਨੰਦ ਮਾਣਦਾ ਹੋਇਆ ਖੋ ਜਾਂਦਾ ਸੀ । 1535 ਵਿੱਚ ਹੁਮਾਯੂੰ ਨੇ ਜਦੋਂ ਮਾਂਡੋ ਤੇ ਆਪਣਾ ਅਧਿਕਾਰ ਕੀਤਾ ਤਾਂ ਬੈਜੂ ਬਾਵਰਾ ਨੂੰ ਬੰਦੀ ਬਣਾ ਲਿਆ । ਹੁਮਾਯੂੰ ਨੇ ਬੈਜੂ ਦਾ ਗਾਣਾ ਸੁਣਿਆ ਤਾਂ ਬੇਹੱਦ ਖੁਸ਼ ਹੋਇਆ ਉਸ ਨੇ ਬੈਜੂ ਦੇ ਸੰਗੀਤ ਨੂੰ ਸੁਣ ਕੇ ਕਤਲੇਆਮ ਕਰਨਾ ਬੰਦ ਕਰ ਦਿੱਤਾ ਅਤੇ ਸਾਰੇ ਬੰਦੀ ਕੀਤੇ ਸਿਪਾਹੀ ਰਿਹਾਅ ਕਰ ਦਿੱਤੇ । ਬੈਜੂ ਕੁਝ ਦਿਨ ਹੁਮਾਯੂੰ ਪਾਸ ਰਿਹਾ ਅਤੇ ਫਿਰ ਬਾਦਸ਼ਾਹ ਸਲਾਮਤ ਪਾਸ ਚਲਾ ਗਿਆ ਜਿਸ ਦਾ ਹੁਮਾਯੂੰ ਨੇ ਬਹੁਤ ਇਤਰਾਜ਼ ਕੀਤਾ ਅਤੇ ਕਿਹਾ ਕਿ ਜੇ ਬੈਜੂ ਸਾਡੇ ਕੋਲ ਰਹਿੰਦਾ ਤਾਂ ਬਾਦਸ਼ਾਹ ਸਲਾਮਤ ਨੂੰ ਭੁਲ ਜਾਂਦਾ ।[1]

ਮੁਗਲ ਦਰਬਾਰ ਵਿੱਚ ਹੀ ਦਰਬਾਰੀ ਸੰਗੀਤ ਅਤੇ ਲੋਕ ਸੰਗੀਤ ਵਿਕਸਤ ਹੋਇਆ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਵਲੋਂ ਚਲਾਈ ਗਈ ਕੀਰਤਨ ਪ੍ਰਣਾਲੀ ਨਾਲ ਦਰਬਾਰੀ ਲੋਕਾਂ ਦੇ ਮਨਾਂ ਵਿੱਚ ਸ਼ਿੰਗਾਰਿਕ ਭਾਵਨਾਵਾਂ ਦੀਆਂ ਰਚਨਾਵਾਂ ਸੁਣਨ ਦੀ ਖਿੱਚ ਖਤਮ ਹੋ ਗਈ ਅਤੇ ਉਹ ਭਗਤੀ ਸੰਗੀਤ ਨਾਲ ਜੁੜ ਗਏ ਇਸ ਤਰ੍ਹਾਂ ਇਸ ਕਾਲ ਵਿੱਚ ਵੀ ਭਾਰਤੀ ਸੰਗੀਤ ਦਾ ਵਿਕਾਸ ਹੋਇਆ ।

## ਗੁਰੂ ਅਮਰਦਾਸ ਕਾਲ

ਗੁਰੂ ਅਮਰਦਾਸ ਜੀ ਦਾ ਜਨਮ 5 ਮਈ, 1479 ਨੂੰ ਪਿੰਡ ਬਾਸਰਕੇ ਤਹਿਸੀਲ,

---

1. ਯੋਗੇਂਦਰ ਪਾਲ ਸ਼ਰਮਾ, ਬਚਿੱਤਰ ਸਿੰਘ : ਭਾਰਤੀ ਸੰਗੀਤ ਦਾ ਇਤਿਹਾਸ ; ਪੰਨਾ 45.

ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ । ਆਪ ਦੇ ਪਿਤਾ ਦਾ ਨਾਮ ਤੇਜ ਭਾਨ ਸੀ ਜੋ ਭਲਾ ਖੱਤਰੀ ਗੋਤ ਦੇ ਵੈਸ਼ਨਵ ਭਗਤ ਸਨ[1] 1540 ਈ. ਵਿਚ ਗੁਰੂ ਜੀ ਆਪਣੇ ਭਤੀਜੇ ਦੀ ਵਹੁਟੀ ਬੀਬੀ ਅਮਰੋ ਜੀ (ਜੋ ਕਿ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ) ਤੋਂ ਗੁਰਬਾਣੀ ਸੁਣੀ ਅਤੇ ਮੋਹਿਤ ਹੋ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਆ ਪਹੁੰਚੇ ਜਿਥੇ ਉਨ੍ਹਾਂ 1540 ਤੋਂ 1552 ਤੱਕ 12 ਵਰ੍ਹੇ ਸੇਵਾ ਵਿੱਚ ਬਿਤਾਏ ਤੇ ਲਗਾਤਾਰ ਉਹ ਹਰ ਰੋਜ਼ ਦਰਿਆ ਬਿਆਸ ਤੋਂ ਖਡੂਰ ਸਾਹਿਬ ਤੱਕ ਗੁਰੂ ਜੀ ਦੇ ਇਸ਼ਨਾਨ ਲਈ ਪਾਣੀ ਲੈ ਕੇ ਆਉਂਦੇ ਸਨ ਤੇ ਲੰਗਰ ਦੀ ਸੇਵਾ ਕਰਦੇ ਸਨ । ਇਸ ਸੇਵਾ ਨੂੰ ਮੁੱਖ ਰੱਖ ਕੇ 1552 ਵਿੱਚ ਆਪ ਜੀ ਨੂੰ ਗੁਰਿਆਈ ਬਖਸ਼ੀ ਗਈ[2] ਆਪ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਹੇਠ ਲਿਖੇ ਰਾਗਾਂ ਵਿੱਚ ਵਿਦਮਾਨ ਹੈ :

ਰਾਗ ਸਿਰੀ, ਮਾਝ, ਗਉੜੀ (ਗਉੜੀ ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ), ਆਸਾ (ਆਸਾ ਕਾਫੀ), ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, (ਬਸੰਤ ਹਿੰਡੋਲ) ਸਾਰੰਗ, ਮਲ੍ਹਾਰ, ਪ੍ਰਭਾਤੀ (ਪ੍ਰਭਾਤੀ ਬਿਭਾਸ) ਰਾਗਾਂ ਅਧੀਨ ਅੰਕਿਤ ਹੈ । ਬਿਹਾਗੜੇ ਦੀ ਵਾਰਾਂ ਵਿੱਚ ਕੇਵਲ ਆਪ ਦੇ ਹੀ ਸਲੋਕ ਦਰਜ ਹਨ ਇਸ ਲਈ ਇਹ ਰਾਗ ਨਹੀਂ ਗਿਣਿਆ ਗਿਆ । ਸ੍ਰੀ ਗੁਰੂ ਅਮਰਦਾਸ ਜੀ ਦਾ ਰਾਗਾਂ ਪ੍ਰਤੀ ਸੂਖਸ਼ਮ ਵਿਚਾਰਧਾਰਾ ਦਾ ਗਿਆਨ ਉਨ੍ਹਾਂ ਵਲੋਂ ਸ੍ਰੀ ਗੁਰੂ ਗ੍ਰੰਥ ਵਿੱਚ ਦਰਜ ਬਾਣੀਆਂ ਤੋਂ ਭਲੀ ਭਾਂਤ ਦ੍ਰਿਸ਼ਟੀਮਾਨ ਹੁੰਦਾ ਹੈ ।

---

1. ਤਾਰਨ ਸਿੰਘ (ਡਾ.) : <u>ਅਨੰਦ ਜੋਤਿ ਤੇ ਜੁਗਤ</u> ; ਪੰਨਾ 29.
2. ਤਾਰਨ ਸਿੰਘ (ਡਾ.) : <u>ਅਨੰਦ ਜੋਤਿ ਤੇ ਜੁਗਤ</u> ; ਪੰਨਾ 29.

ਆਪਣੀ ਸੰਗੀਤ ਸੰਬੰਧੀ ਸੂਝ-ਬੂਝ ਸਦਕਾ ਰਾਗਾਂ ਦੇ ਗੁਣ ਚਿਤਰੇ ਹਨ ।

ਸਿਰੀ :

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥[1]

ਗਉੜੀ :

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥[2]

ਵਡਹੰਸ :

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥[3]

ਬਿਲਾਵਲ :

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥[4]

---

1. ਆਦਿ ਗ੍ਰੰਥ : ਸਲੋਕ ਮਹਲਾ 3 ; ਪੰਨਾ 83.
2. -ਉਹੀ- ਮਹਲਾ 3 ; ਪੰਨਾ 311.
3. -ਉਹੀ- ਮਹਲਾ 3 ; ਪੰਨਾ 585.
4. -ਉਹੀ- ਮਹਲਾ 3 ; ਪੰਨਾ 849.

ਰਾਮਕਲੀ :

ਰਾਮਕਲੀ ਰਾਗ ਮਨਿ ਵਸਿਆ ਤਾ ਬਨਿਆ ਸੀਗਾਰੁ ।।
ਗੁਰ ਕੈ ਸਬਦਿ ਕਮਲੁ ਬਿਗਸਿਆ ਤਾਂ ਸਉਪਿਆ ਭਗਤ ਭੰਡਾਰੁ ।।[1]

ਕੇਦਾਰਾ :

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ।।
ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ।।[2]

ਗੂਜਰੀ :

ਗੂਜਰੀ ਜਾਤਿ ਗਵਾਇ ਜਾ ਸਹੁ ਪਾਏ ਆਪਣਾ ।।
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ।।[3]

ਮਲਾਰ :

ਗੁਰਮੁਖ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ।।
ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ।।[4]

ਗੁਰੂ ਜੀ ਨੇ ਉਪਰੋਕਤ ਰਾਗਾਂ ਵਿੱਚ ਪਦੇ, ਅਸ਼ਟਪਦੀਆਂ, ਛੰਤੁ, ਸੋਲਾਂ, ਵਾਰ ਗਾਇਨ ਸ਼ੈਲੀਆਂ ਅਧੀਨ ਬਾਣੀ ਦਾ ਉਚਾਰਣ ਕੀਤਾ । ਰਾਮਕਲੀ ਰਾਗ ਅਧੀਨ ਰਚੀ ਬਾਣੀ

---

1. ਆਦਿ ਗ੍ਰੰਥ : ਮਹਲਾ 3 ; ਪੰਨਾ 950.
2. ਆਦਿ ਗ੍ਰੰਥ : ਮਾਰੂ ਦੀ ਵਾਰ ਮਹਲਾ 3 ; 1087.
3. ਆਦਿ ਗ੍ਰੰਥ : ਵਾਰ ਗੂਜਰੀ ਮਹਲਾ 3 ; ਪੰਨਾ 516.
4. ਆਦਿ ਗ੍ਰੰਥ : ਮਹਲਾ 3 ; ਪੰਨਾ 1285.

ਆਨੰਦ ਸਾਹਿਬ ਆਪ ਜੀ ਦਾ ਸ਼ਾਹਕਾਰ ਮੰਨਿਆ ਜਾਂਦਾ ਹੈ । ਇਹ ਸਿੱਖਾਂ ਦੇ ਨਿੱਤਨੇਮ ਵਿੱਚ ਸ਼ਾਮਿਲ ਹੈ ਅਤੇ ਹਰ ਸਮਾਗਮ ਦਾ ਅੰਤ ਆਨੰਦ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹ ਕੇ ਕੀਤਾ ਜਾਂਦਾ ਹੈ ।

ਗੁਰੂ ਅਮਰਦਾਸ ਜੀ ਵੇਲੇ ਗੋਇੰਦਵਾਲ ਸਾਹਿਬ ਸਿੱਖੀ ਦਾ ਪ੍ਰਚਾਰ ਕੇਂਦਰ ਬਣਿਆ। ਇਸ ਤਰ੍ਹਾਂ ਕੀਰਤਨ ਦਾ ਤੀਜਾ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਸਥਾਪਿਤ ਹੋ ਗਿਆ ।

ਫੇਰਿ ਵਸਾਇਆ ਗੋਇੰਦਵਾਲੁ
ਅਚਰਜੁ ਖੇਲੁ ਨਾ ਲਖਿਆ ਜਾਈ ।।[1]

ਗੁਰੂ ਜੀ ਨੇ ਸਤਿਗੁਰੂ ਜੀ ਦੇ ਪਿਆਰੇ ਗੁਰਸਿੱਖਾਂ ਨੂੰ ਬਾਣੀ ਨੂੰ ਬਾਣੀ ਗਾਉਣ ਦੀ ਪ੍ਰੇਰਨਾ ਦਿੱਤੀ :-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ ।।[2]

ਇਹ ਸਤਰਾਂ 'ਸੱਚੀ ਬਾਣੀ' 'ਬਾਣੀਆਂ ਸਿਰ ਬਾਣੀ' ਗੁਰਬਾਣ ਗਾਉਣ ਦੀ ਪ੍ਰੇਰਨਾ ਕਰਦੀਆਂ ਹਨ । ਇਸ ਬਾਣੀ ਤੋਂ ਬਿਨਾਂ ਹੋਰ ਕੁਝ ਗਾਇਨ ਕਰਨਾ ਉਚਿਤ ਨਹੀਂ।

"ਸਤਿਗੁਰੂ ਬਿਨ ਹੋਰ ਕਚੀ ਹੈ ਬਾਣੀ ।।[3]

---

1. ਵਾਰਾਂ ਭਾਈ ਗੁਰਦਾਸ : ਵਾਰ 1 ; ਪਉੜੀ 24.
2. ਆਦਿ ਗ੍ਰੰਥ ; ਪੰਨਾ 920.
3. -ਉਹੀ- ਪੰਨਾ 294.

ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਨਿੱਤ ਮਰਿਯਾਦਾ ਦਾ ਵਰਣਨ ਮਹਾਂਕਵੀ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਕੀਤਾ ਹੈ :

ਬਹੁ ਰਬਾਬੀ ਆਇ ਕਰ ਗੁਰ ਸਬਦ ਸੁਨਾਵੈ ।।
ਰਾਗ ਰਾਗਨੀ ਧੁਨ ਸਹਿਤ ਸੁੰਦਰ ਬਿਧਿ ਗਾਵੈ ।।[1]

ਗਿਆਨੀ ਗਿਆਨ ਸਿੰਘ ਜੀ ਨੇ ਗੁਰੂ ਸਾਹਿਬ ਦੀ ਨਿੱਤ ਮਰਿਯਾਦਾ ਵਰਨਣ ਇਸ ਪ੍ਰਕਾਰ ਕੀਤਾ ਹੈ :

"ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ । ਸਾਧ ਸੰਗਤ ਨੂੰ ਭੀ ਉਸ ਵੇਲੇ ਜਾਗ ਕਰਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ -----, ਪਹੁ ਫੁਟਾਲੇ ਸਫੈਦ ਪੁਸ਼ਾਕਾਂ ਪਹਿਨ ਕੇ ਸਿੰਘਾਸ਼ਨ ਉਤੇ ਆ ਬੈਠਦੇ, ਭਾਈ ਸਾਦੂ ਜੀ, ਬਾਦੂ ਜੀ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ ।[2]

ਭਾਈ ਪਾਂਧਾ ਤੇ ਭਾਈ ਬੂਲਾ ਜੀ, ਜੋ ਡੱਲਾ ਪਿੰਡ ਦੇ ਰਹਿਣ ਵਾਲੇ ਸਨ, ਵੀ ਕੀਰਤਨ ਕਰਦੇ ਸਨ । ਭਾਈ ਗੁਰਦਾਸ ਜੀ ਇਹਨਾਂ ਦਾ ਵਰਣਨ ਆਪਣੀਆਂ ਵਾਰਾਂ ਵਿੱਚ ਕਰਦੇ ਹਨ ।

ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ ।।[ੴ]
ਡੱਲੇ ਵਾਸੀ ਸੰਗਤ ਭਾਰੀ ।।[3]

---

1. ਸੰਤੋਖ ਸਿੰਘ : ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ; ਪੋਥੀ 5 ਪੰਨਾ 1441.
2. ਗਿਆਨ ਸਿੰਘ : ਤਵਾਰੀਖ ਗੁਰੂ ਖ਼ਾਲਸਾ ; ਪੰਨਾ 317-18.
3. ਵਾਰਾਂ ਭਾਈ ਗੁਰਦਾਸ : ਵਾਰ 11ਵੀਂ ; ਪਉੜੀ 16ਵੀਂ

ਗੁਰਮਤਿ ਅਤੇ ਸੰਗੀਤ ਨੂੰ ਗੁਰੂ ਸਾਹਿਬ ਨੂੰ ਮਹਾਨ ਦੇਣ "ਮੰਜੀ ਪ੍ਰਥਾ" ਹੈ। ਗੁਰੂ ਜੀ ਨੇ ਗੁਰੂ ਨਾਨਕ ਦੇ ਸੰਗੀਤਮਈ ਉਪਦੇਸ਼ਾਂ ਦੇ ਪ੍ਰਚਾਰ ਹਿਤ ਵੱਖ-ਵੱਖ ਇਲਾਕਿਆਂ ਵਿਚ 22 ਵਿਦਵਾਨਾਂ ਨੂੰ ਨਿਯੁਕਤ ਕੀਤਾ। ਜਿਨ੍ਹਾਂ ਨੂੰ ਬਾਣੀ ਮੰਜੀਆਂ ਕਿਹਾ ਜਾਂਦਾ ਹੈ। ਇਹ ਆਪ ਜੀ ਦੀ ਸਿੱਖ ਸੰਗਤ ਨੂੰ ਮਹਾਨ ਬਖਸ਼ਿਸ਼ ਹੈ।

ਆਪ ਜੀ ਇੱਕ ਮਹਾਨ ਸੰਗੀਤਕ ਪ੍ਰਤਿਭਾ ਦੇ ਮਾਲਕ ਸਨ। 'ਕਾਨੂੰਨੇ ਮੌਸੀਕੀ' ਦੇ ਕਰਤਾ ਨਵਾਬ ਸਾਇਕ ਅਲੀ ਨੇ ਆਪ ਮੰਨਿਆ ਹੈ ਕਿ ਆਪ ਜੀ ਨੇ 'ਸਾਰੰਦਾ' ਸਾਜ ਦਾ ਨਿਰਮਾਣ ਕੀਤਾ।[1]

ਗਜ਼ ਨਾਲ ਵੱਜਣ ਵਾਲੇ ਸਾਜ ਦਾ ਅਵਿਸ਼ਕਾਰ ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਨੇ ਕੀਤਾ ਜਿਹੜੀ ਭਾਰਤੀ ਸੰਗੀਤ ਨੂੰ ਵੱਡਮੁੱਲੀ ਦੇਣ ਹੈ।

ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿੱਚ ਇਕ ਸਾਰੰਦਾ ਪਿਆ ਹੈ ਜੋ ਗੁਰੂ ਅਮਰਦਾਸ ਜੀ ਦੁਆਰਾ ਬਣਾਇਆ ਸਮਝਿਆ ਜਾਂਦਾ ਹੈ।

ਉਪਰੋਕਤ ਸਾਰੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਗੁਰੂ ਅਮਰਦਾਸ ਜੀ ਵੇਲੇ ਪਤਾ ਲਗਦਾ ਹੈ ਕਿ ਗੁਰੂ ਅਮਰਦਾਸ ਜੀ ਵੇਲੇ ਕੀਰਤਨ ਦੀ ਪਰੰਪਰਾ ਦਾ ਕਾਫੀ ਵਿਕਾਸ ਹੋਇਆ ਇਨ੍ਹਾਂ ਨੇ ਸੰਗੀਤ ਨੂੰ ਗੁਰਬਾਣੀ ਵਿੱਚ ਵਿਸ਼ੇਸ਼ ਸਥਾਨ ਦਿੱਤਾ। ਇਸੇ ਸੰਗੀਤ ਅਤੇ ਕੀਰਤਨ ਦੇ ਮਾਹੌਲ ਵਿੱਚ ਗੁਰੂ ਅਰਜਨ ਦੇਵ ਜੀ ਦਾ ਬਚਪਨ ਬੀਤਿਆ।

---

1. ਤਾਰਾ ਸਿੰਘ (ਪ੍ਰੋ.) : ਭੂਮਿਕਾ ; <u>ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ</u>

<u>ਗੁਰੂ ਰਾਮਦਾਸ ਕਾਲ</u> :

ਆਪ ਦਾ ਜਨਮ ਚੂਨਾ ਮੰਡੀ ਲਾਹੌਰ ਵਿਖੇ ਹੋਇਆ । ਗੁਰੂ ਰਾਮਦਾਸ ਜੀ ਗੁਰਗੱਦੀ ਤੇ ਬਿਰਾਜਣ ਤੋਂ ਪਹਿਲਾਂ ਬਹੁਤ ਸਮਾਂ ਗੁਰੂ ਅਮਰਦਾਸ ਜੀ ਦੀ ਸੰਗਤ ਵਿੱਚ ਬਿਤਾਉਣ ਦਾ ਅਵਸਰ ਪ੍ਰਾਪਤ ਹੋਇਆ । ਆਪ ਨਿਤਨੇਮ ਅਨੁਸਾਰ ਗੁਰਬਾਣੀ ਦਾ ਕੀਰਤਨ ਸੁਣਦੇ ਸਨ । ਇਸ ਲਈ ਗੁਰਬਾਣੀ ਵਿੱਚ ਕੀਰਤਨਕਾਰ ਲਈ ਢਾਡੀ ਸ਼ਬਦ ਦਾ ਪ੍ਰਯੋਗ ਕਰਨਾ ਆਪ ਦੀ ਸੰਗੀਤ ਪ੍ਰਤਿ ਚੇਤੰਨਤਾ ਦਾ ਸਜੀਵ ਉਦਾਹਰਣ ਹੈ । ਆਪ ਨੇ ਗੁਰੂ ਗ੍ਰੰਥ ਸਾਹਿਬ ਦੇ ਤਰਕਰੇ ਦੇ ਰਾਗਾਂ ਵਿਚੋਂ 30 ਰਾਗਾਂ ਵਿੱਚ ਅਤੇ 2 ਮਿਸ਼ਰਤ ਰਾਗਾਂ ਵਿਚ 679 ਸ਼ਬਦਾਂ ਦੀ ਰਚਨਾ ਕੀਤੀ । ਇਹ ਆਕਾਰ ਵਿਚ ਤਾਂ ਪਹਿਲੇ ਗੁਰੂ ਸਾਹਿਬਾਨ ਨਾਲੋਂ ਘੱਟ ਹੈ ਪਰ ਆਪ ਦੁਆਰਾ ਪ੍ਰਯੋਗ ਕੀਤੇ ਗਏ ਰਾਗਾਂ ਅਤੇ ਘਰਾਂ ਦੀ ਗਿਣਤੀ ਪਹਿਲਾਂ ਨਾਲੋਂ ਜ਼ਿਆਦਾ ਹੈ । ਆਪ ਨੇ ਬਹੁਤ ਸਾਰੇ ਰਾਗਾਂ ਦਾ ਪਹਿਲੀ ਵਾਰ ਪ੍ਰਯੋਗ ਕੀਤਾ ਹੈ । ਆਪ ਜੀ ਹੇਠ ਦਿਤੇ ਰਾਗਾਂ ਵਿਚ ਬਾਣੀ ਰਚੀ ਜੋ ਇਸ ਪ੍ਰਕਾਰ ਹੈ :

ਸਿਰੀ, ਰਾਗ, ਮਾਝ, ਗਉੜੀ, ਆਸਾ, ਆਸਾਵਰੀ, ਆਸਾ ਕਾਫੀ, ਗੂਜਰੀ, ਬਿਹਾਗੜਾ, ਵਡਹੰਸ, ਸੋਰਠਿ, ਦੇਵਗੰਧਾਰੀ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ ਨਰਾਇਣ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ, ਪ੍ਰਭਾਤੀ, ਕਲਿਆਣ ਭੂਪਾਲੀ ਅਤੇ ਪ੍ਰਭਾਤੀ ਵਿਭਾਸਾ ।

ਆਪ ਜੀ ਨੇ ਦੇਵਗੰਧਾਰ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ ਨਰਾਇਣ, ਨਟ, ਗਲੀ ਗਉੜਾ, ਕੇਦਾਰਾ, ਕਾਨੜਾ, ਕਲਿਆਣ ਅਤੇ ਕਲਿਆਣ ਭੂਪਾਲੀ

ਰਾਗ ਪਹਿਲੀ ਵਾਰੀ ਪ੍ਰਯੋਗ ਕੀਤੇ । ਘਰਾਂ ਵਿਚੋਂ ਘਰ 11, 13 ਅਤੇ 16ਵਾਂ ਪਹਿਲੀ ਵਾਰ ਪ੍ਰਯੋਗ ਕੀਤਾ । ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਰਾਹੀਂ ਰਾਗਾਂ ਦੇ ਮਹੱਤਵ ਨੂੰ ਉਜਾਗਰ ਕੀਤਾ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਰਾਗ ਦੇ ਸੰਬੰਧ ਵਿਚ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ :

ਸੋਰਠਿ :

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ।।
ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੈ ।।[1]

ਬਿਲਾਵਲ :

ਹਰਿ ਉਤਮੁ ਹਰਿ ਪ੍ਰਭ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ।।
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ।।[2]

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਸ਼ਾਸਤਰੀ ਅਤੇ ਲੋਕ ਕਾਵਿ ਰੂਪਾਂ ਦੀ ਧਾਰਣੀ ਹੈ, ਜਿਹੜੇ ਆਪਣਾ-ਆਪਣਾ ਗਾਇਨ ਰੂਪ ਰੱਖਦੇ ਹਨ । ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਦੀ ਰਚਨਾ ਲਈ ਜਿੱਥੇ ਘੋੜੀਆਂ,ਛੰਤ, ਵਾਰ ਲੋਕ ਕਾਵਿ ਰੂਪਾਂ, ਲੋਕ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ । ਸ੍ਰੀ ਗੁਰੂ ਰਾਮਦਾਸ ਜੀ ਨੇ 'ਪੜਤਾਲ' ਨਾਮਕ ਸ਼ਾਸਤਰੀ ਸ਼ੈਲੀ ਜੋ ਤਾਲ 'ਤੇ ਆਧਾਰਿਤ ਹੈ , ਨੂੰ ਜਨਮ ਦਿੱਤਾ । ਭਾਰਤੀ ਸੰਗੀਤ ਵਿੱਚ ਪੜਤਾਲ ਗਾਇਨ

---

1. ਆਦਿ ਗ੍ਰੰਥ : ਮਹਲਾ 4 ; ਪੰਨਾ 642.
2. ਆਦਿ ਗ੍ਰੰਥ : ਸਲੋਕ ਮਹਲਾ 4 ; ਪੰਨਾ 841.

ਸ਼ੈਲੀ ਅਨੁਸਾਰ ਸ਼ਬਦ ਦੀ ਸਥਾਈ ਦੀ ਤੁਕ ਵਿੱਚ ਇੱਕੋ ਤਾਲ ਵਰਤਿਆ ਜਾਂਦਾ ਹੈ ਅਤੇ ਵੱਖ - ਵੱਖ ਅੰਤਰਿਆਂ 'ਤੇ ਵੱਖ - ਵੱਖ ਤਾਲਾਂ ਦੇ ਪ੍ਰਯੋਗ ਹੋਣ ਦੇ ਬਾਵਜੂਦ ਰਾਗ ਇੱਕ ਹੀ ਰਹਿੰਦਾ ਹੈ । ਪੜਤਾਲ ਸ਼ੈਲੀ ਗੁਰਬਾਣੀ ਸੰਗੀਤ ਲਈ ਹੀ ਨਹੀਂ ਸਗੋਂ ਭਾਰਤੀ ਸੰਗੀਤ ਵਿੱਚ ਵੀ ਮਹਾਨਤਾ ਅਤੇ ਵਿਲੱਖਣਤਾ ਦੀ ਧਾਰਨੀ ਹੈ । ਸ੍ਰੀ ਗੁਰੂ ਰਾਮਦਾਸ ਜੀ ਦੀਆਂ 7 ਰਾਗਾਂ ਅਧੀਨ 19 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ । ਲੋਕ ਕਾਵਿ ਰੂਪ ਛੰਤ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਵਿਸ਼ਸ਼ਟ ਉਤਮਤਾ ਦੀ ਧਾਰਨੀ ਹੈ । ਜਿਨ੍ਹਾਂ ਦਾ ਬਾਅਦ ਵਿੱਚ 'ਆਸਾ ਦੀ ਵਾਰ' ਵਿੱਚ ਗਾਇਨ ਕੀਤਾ ਜਾਣ ਲੱਗਾ ।

ਗੁਰੂ ਅਮਰਦਾਸ ਜੀ ਨੇ ਨਿਤਨੇਮ, ਕੀਰਤਨ, ਕਥਾ ਦਾ ਜੋ ਪ੍ਰਵਾਹ ਚਲਾ ਰੱਖਿਆ ਸੀ ਉਹ ਆਪ ਜੀ ਨੇ ਵੀ ਕਾਇਮ ਰੱਖਿਆ । ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਸੰਗੀਤ ਨੂੰ ਵਿਵਹਾਰਕ ਰੂਪ ਵਿੱਚ ਪ੍ਰਚਾਰਨ ਲਈ ਰਾਮਦਾਸ ਪੂਰਾ ਜਾਂ ਚੱਕ ਗੁਰੂ ਦੀ ਨੀਂਹ ਰੱਖੀ, ਜਿਸ ਦਾ ਨਾਮ ਬਾਅਦ ਵਿੱਚ 'ਅੰਮ੍ਰਿਤਸਰ' ਪਿਆ । ਗੁਰੂ ਅਰਜਨ ਦੇਵ ਜੀ ਇਸ ਪ੍ਰਥਾਇ ਲਿਖਦੇ ਹਨ :

ਬੈਠਾ ਸੋਢੀ ਪਾਤਿਸ਼ਾਹੁ ਰਾਮਦਾਸੁ ਸਤਿਗੁਰੂ ਕਹਾਵੈ ।।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ।[1]

ਭਾਈ ਸੱਤਾ ਅਤੇ ਬਲਵੰਡ ਆਪ ਦੇ ਸਮੇਂ ਵੀ ਕੀਰਤਨ ਕਰਦੇ ਸਨ । ਹਰ ਰੋਜ਼ ਸਵੇਰੇ ਆਸਾ ਜੀ ਦੀ ਵਾਰ ਦੇ ਕੀਰਤਨ ਫਿਰ ਪ੍ਰਸ਼ਾਦ, ਸ਼ਾਮ ਨੂੰ ਸੋਦਰੁ ਦਾ ਪਾਠ, ਕੀਰਤਨ

---

1. ਆਦਿ ਗ੍ਰੰਥ : ਸਲੋਕ ਮਹਲਾ 5 ; ਪੰਨਾ 14.

ਅਤੇ ਕਥਾ ਵਿਚਾਰ ਆਦਿ ਹੁੰਦੀ ਸੀ । ਇਸ ਬਾਰੇ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ : "ਪਹੁ ਫੁਟੀ ਤੋਂ ਸਭਾ ਵਿਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਕਰਦੇ ।"[1]

ਆਪ ਜੀ ਕੇਵਲ ਕੀਰਤਨ ਸੁਣਦੇ ਹੀ ਨਹੀਂ ਸਨ ਸਗੋਂ ਗੁਰਬਾਣੀ ਤੋਂ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ ਆਪ ਕੀਰਤਨ ਵੀ ਕਰਦੇ ਸਨ :

ਹਉ ਅਨਦਿਨੁ ਹਰਿਨਾਮੁ ਕੀਰਤਨ ਕਰਉ ।
ਸਤਿਗੁਰ ਮੋਕਉ ਹਰਿਨਾਮ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ
ਰਹਿ ਨ ਸਕਉ ।[2]

ਇੱਥੇ ਹੀ ਬਸ ਨਹੀਂ ਸਗੋਂ ;

ਹਮਰੇ ਸ੍ਰਵਣੁ ਸਿਮਰਨੁ ਹਰਿ ਕੀਰਤਨੁ ।
ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ।[3]

ਆਪ ਜੀ ਕੇਵਲ ਕੀਰਤਨ ਹੀ ਨਹੀਂ ਸਨ ਕਰਦੇ ਸਗੋਂ ਜੋ ਗਾਇਕ ਜਾਂ ਵਾਦਕ ਹਰਿ ਗੁਣ ਨਹੀਂ ਗਾਉਂਦੇ ਉਹਨਾਂ ਪ੍ਰਤੀ ਉਚਾਰਿਆ ਹੈ :

ਹਥਿ ਕਰਿ ਤੰਤ ਵਜਾਵੈ ਜੋਗੀ ਥੋਥਰ ਬਾਜੈ ਬੇਨ ।
ਗੁਰਮਤਿ ਹਰਿਗੁਣ ਬੋਲਹੁ ਜੋਗੀ ਇਹ ਮਨੂਆ ਹਰਿ ਰੰਗ ਭੇਨ ।[4]

---

1. ਗਿਆਨੀ ਗਿਆਨ ਸਿੰਘ : ਤਵਾਰੀਖ਼ ਗੁਰੂ ਖ਼ਾਲਸਾ ; ਪੰਨਾ 340.
2. ਆਦਿ ਗ੍ਰੰਥ : ਰਾਗ ਆਸਾ ; ਪੰਨਾ 369.
3. ਆਦਿ ਗ੍ਰੰਥ : ਰਾਗ ਆਸਾ ; ਪੰਨਾ 369.
4. -ਉਹੀ- ਪੰਨਾ 369.

ਵਾਦਕਾਂ ਪ੍ਰਤਿ ਉਚਾਰਿਆ ਹੈ :

> ਕਬ ਕੋ ਭਾਲੈ ਘੂੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ । [1]
> ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ ।
>
> ਕਬ ਕੋਊ ਮੇਲੈ ਪੰਚ ਸਤ ਗਾਇਣ
>
> ਕਬ ਕੋ ਰਾਗ ਧੁਨਿ ਉਠਾਵੈ ।[2]

ਪੰਜ ਸਤ ਗਾਇਨ ਤੋਂ ਭਾਵ ਪੰਜ ਸ਼ੁਧ ਅਤੇ ਸੱਤ ਵਿਕਰਿਤ ਸਵਰ ਤੋਂ ਹੈ । ਇਸ ਪ੍ਰਕਾਰ ਦੇ ਪ੍ਰਸੰਗਾਂ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਆਪ ਜੀ ਨੂੰ ਸੰਗੀਤ ਦੀ ਕਿੰਨੀ ਸੂਝ ਸੀ ।

ਆਪ ਨੇ ਰਾਗਾਂ ਦਾ ਪ੍ਰਯੋਗ ਕੀਤਾ । ਇਹ ਹੀ ਨਹੀਂ ਆਪ ਨੂੰ ਰਾਗਾਂ ਦੇ ਅੰਗਾਂ ਬਾਰੇ ਵੀ ਜਾਣਕਾਰੀ ਸੀ ਜਿਵੇਂ ਆਸਾਵਰੀ ਦੇ ਦੋ ਪ੍ਰਕਾਰ ਪ੍ਰਚਲਿਤ ਇਕ ਸ਼ੁਧ ਅੰਗ ਦੀ ਆਸਾਵਰੀ ਵਿੱਚ ਧੈਵਤ ਸ਼ੁਧ ਪ੍ਰਯੋਗ ਹੁੰਦਾ ਹੈ । ਦੂਜਾ ਕੋਮਲ ਅੰਗ ਦੀ ਆਸਾਵਰੀ । ਆਪ ਨੇ ਰਾਗ ਆਸਾਵਰੀ ਨਾਲ ਵਿਸ਼ੇਸ਼ ਸਿਰਲੇਖ ਸੁਧੰਗ ਦਿਤਾ ਹੈ ਜਿਸ ਦਾ ਭਾਵ ਹੈ 'ਸ਼ੁਧ ਅੰਗ' ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਿਥੇ ਗੁਰੂ ਰਾਮਦਾਸ ਜੀ ਨੇ ਗੁਰਮਤਿ ਕੀਰਤਨ ਪਰੰਪਰਾ ਨੂੰ ਜਾਰੀ ਰੱਖਿਆ ਉਥੇ ਨਵੇਂ ਰਾਗ, ਪੜਤਾਲ ਗਾਇਨ ਸ਼ੈਲੀ ਆਦਿ ਨਵੀਆਂ ਦੇਣਾ ਵੀ ਦਿੱਤੀਆਂ । ਇਸ ਤਰ੍ਹਾਂ ਗੁਰੂ ਜੀ ਨੇ ਕੀਰਤਨ ਦਾ ਵਿਕਾਸ ਨਿਰੰਤਰ ਜਾਰੀ ਰੱਖਿਆ ।

---

1. <u>ਆਦਿ ਗ੍ਰੰਥ</u> : ਰਾਗ ਆਸਾ ; ਪੰਨਾ 373.
2. <u>ਆਦਿ ਗ੍ਰੰਥ</u> : ਰਾਗ ਆਸਾ ; ਪੰਨਾ 368.

ਅਕਬਰ ਬਾਦਸ਼ਾਹ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦਾ ਸਮਕਾਲੀ ਸੀ । ਉਸ ਦੇ ਰਾਜ ਦਰਬਾਰ ਵਿੱਚ ਸੰਗੀਤ ਨੇ ਬੜੀ ਉਨਤੀ ਕੀਤੀ । ਉਹ ਇਕ ਮਹਾਨ ਸੰਗੀਤਕਾਰ ਹੋਣ ਦੇ ਨਾਲ ਭਾਰਤੀ ਸੰਗੀਤ ਦਾ ਵੀ ਗਿਆਤਾ ਸੀ । ਅਕਬਰ ਦੇ ਦਰਬਾਰ ਵਿਚ ਤਿੰਨ ਤਰਾਂ ਦੇ ਗਾਇਕ ਸਨ ਜਿੰਨ੍ਹਾਂ ਦੀ ਆਪਣੀ ਆਪਣੀ ਪਰੰਪਰਾ ਸੀ । ਉਸ ਦੇ ਦਰਬਾਰ ਵਿੱਚ 35 ਗਾਇਕ ਅਤੇ ਵਾਦਕ ਸਨ ਜਿਨ੍ਹਾਂ ਵਿਚੋਂ ਤਾਨਸੈਨ, ਰਾਮਦਾਸ, ਬਾਜ ਬਹਾਦਰ, ਤਾਨਤਰੰਗ ਖਾਂ ਉੱਤਮ ਸੰਗੀਤਕਾਰ ਸਨ[1] ਬਾਦਸ਼ਾਹ ਦੇ ਦਰਬਾਰ ਵਿੱਚ ਕਈ ਨਵੇਂ ਰਾਗਾਂ ਦੀ ਰਚਨਾ ਹੋਈ । ਇਕ ਪਾਸੇ ਖਿਆਲ ਗਾਇਨ ਸ਼ੈਲੀ ਦਾ ਪ੍ਰਚਾਰ ਸੀ ਅਤੇ ਦੂਜੇ ਪਾਸੇ ਧਰੁਪਦ ਗਾਇਕੀ ਦਾ ਪ੍ਰਚਾਰ ਸੀ । ਭਾਰਤੀ ਸੰਗੀਤ ਦੇ ਵਿਕਾਸ ਵਿੱਚ ਜਿਥੇ ਸਿੱਖ ਇਤਿਹਾਸ ਵਿੱਚ ਰਾਗਾਂ ਸਾਜਾਂ ਦੀ ਖੋਜ ਹੋਈ ਉਸ ਤਰ੍ਹਾਂ ਹੀ ਇਸ ਕਾਲ ਵਿੱਚ ਕਈ ਨਵੇਂ ਸਾਜ਼ ਹੋਂਦ ਵਿੱਚ ਆਏ ਜਿਨ੍ਹਾਂ ਦਾ ਭਾਰਤੀ ਸੰਗੀਤ ਵਿੱਚ ਵਿਕਾਸ ਜਾਰੀ ਹੈ । ਅਕਬਰ ਬਾਦਸ਼ਾਹ ਨੇ ਆਪਣੇ ਦਰਬਾਰ ਵਿਚ ਧਾਰਮਿਕ ਸੰਗੀਤ ਦਾ ਖੂਬ ਪ੍ਰਚਾਰ ਕੀਤਾ ਅਤੇ ਇਸ ਦੇ ਵਿਕਾਸ ਵਿੱਚ ਆਪਣਾ ਪੂਰਨ ਯੋਗਦਾਨ ਵੀ ਪਾਇਆ । ਇਸ ਕਾਲ ਵਿਚ ਸਿੱਖ ਇਤਿਹਾਸ ਦੇ ਵਿਕਾਸ ਵਿੱਚ ਅਕਬਰ ਦੇ ਸਮੇਂ ਦਾ ਮਹੱਤਵਪੂਰਨ ਯੋਗਦਾਨ ਸੀ ।

## ਸ੍ਰੀ ਗੁਰੂ ਅਰਜਨ ਦੇਵ ਕਾਲ :

ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਕੀਰਤਨ ਦੀ ਪਰੰਪਰਾ ਸ਼ੁਰੂ ਕੀਤੀ ਜੋ ਬਾਕੀ ਗੁਰੂ ਸਾਹਿਬਾਨ ਨੇ ਵੀ ਕੇਵਲ ਕਾਇਮ ਹੀ ਨਹੀਂ ਰੱਖੀ ਸਗੋਂ ਵਿਕਸਿਤ ਵੀ ਕੀਤੀ

---

1. ਵਿਕ੍ਰਮਾਦਿਤਯ ਸਿੰਘ : ਸੰਗੀਤ ਕੌਮੁਦੀ (ਭਾਗ ਪਹਿਲਾ) ; ਪੰਨਾ 34.

ਪਰ ਕੀਰਤਨ ਦਾ ਸਭ ਤੋਂ ਵਧੇਰੇ ਪ੍ਰਚਾਰ ਗੁਰੂ ਅਰਜਨ ਦੇਵ ਜੀ ਦੇ ਵੇਲੇ ਹੋਇਆ । ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਕਵੀ ਸਨ ਜਿਨ੍ਹਾਂ ਨੇ ਗੁਰੂ ਪਰਿਵਾਰ ਵਿਚ ਜਨਮ ਲੈਣ ਕਰਕੇ ਬਚਪਨ ਤੋਂ ਹੀ ਗੁਰਮਤਿ ਅਨੁਸਾਰ ਸਿੱਖਿਆ ਪ੍ਰਾਪਤ ਕੀਤੀ ਅਤੇ ਗੁਰੂ ਦਰਬਾਰ ਵਿਚ ਰਹਿਣ ਕਰਕੇ ਕੀਰਤਨ ਸੁਣਨਾ ਅਤੇ ਕਰਨਾ ਸਿੱਖਿਆ । ਫਿਰ ਗੁਰਗੱਦੀ ਕਾਲ ਦੌਰਾਨ ਆਪ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕਰਨ ਦੀ ਐਸੀ ਪੱਕੀ ਪਿਰਤ ਪਾਈ ਜੋ ਅੱਜ ਤੱਕ ਚੱਲੀ ਆ ਰਹੀ ਹੈ । ਭਾਈ ਸੰਤੋਖ ਸਿੰਘ ਜੀ ਇਸ ਬਾਰੇ ਲਿਖਦੇ ਹਨ :

> ਰਾਗੀ ਆਸਾ ਵਾਰ ਸੁ ਗਾਵਹਿ ।।
> ਅਨਿਕ ਰਾਗ ਦੇ ਸ਼ਬਦ ਸੁਨਾਵਹਿ ।।[1]
> ਗਾਵਹਿ ਰਾਗੀ ਆਸਾ ਵਾਰ ।।
> ਰਾਗ ਰਾਗਨੀ ਸ਼ਬਦ ਮਝਾਰ ।।[2]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਰੀ, ਮਾਝ, ਗਉੜੀ ਗੁਆਰੇਰੀ, ਗਉੜੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫ਼ੀ, ਆਸਾਵਰੀ, ਗੂਜਰੀ ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ ਨਰਾਇਣ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ ਬਸੰਤ,

---

1. ਭਾਈ ਸੰਤੋਖ ਸਿੰਘ : ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ; ਪੋਥੀ 6 ; ਪੰਨਾ 2144.
2. -ਉਹੀ- ; ਪੋਥੀ 6 ; ਪੰਨਾ 2244.

ਸਾਰੰਗ, ਮਲ੍ਹਾਰ, ਕਾਨੜ੍ਹ, ਕਲਿਆਣ, ਪ੍ਰਭਾਤੀ, ਪ੍ਰਭਾਤੀ ਬਿਭਾਸੀ, ਬਿਭਾਸ ਪ੍ਰਭਾਤੀ ਰਾਗਾਂ ਵਿੱਚ ਬਾਣੀ ਦਾ ਉਚਾਰਣ ਕੀਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਰਾਹੀਂ ਰਾਗਾਂ ਦੇ ਭਾਵਾਂ ਨੂੰ ਬਿਆਨ ਕੀਤਾ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਦੇ ਸੰਬੰਧ ਵਿੱਚ ਆਪ ਜੀ ਫੁਰਮਾਉਂਦੇ ਹਨ :

<u>ਸੋਰਠਿ :</u>

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ।।
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ।।[1]

<u>ਮਾਰੂ :</u>

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ।।
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ।।[2]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਗੁਰੂ ਸਾਹਿਬਾਨ ਤੋਂ ਜ਼ਿਆਦਾ ਗੁਰਬਾਣੀ ਦੀ ਰਚਨਾ ਕੀਤੀ । ਬਾਣੀ ਦੇ ਗਾਇਨ ਲਈ ਸਭ ਤੋਂ ਜ਼ਿਆਦਾ ਰਾਗ ਅਤੇ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ । ਆਪ ਜੀ ਨੇ ਬਾਣੀ ਲਈ ਛੰਤ, ਵਾਰ, ਸੋਹਲੇ, ਅੰਜੁਲੀਆਂ, ਲੋਕ ਕਾਵਿ ਰੂਪਾਂ ਤੋਂ ਇਲਾਵਾ ਪਦੇ, ਅਸ਼ਟਪਦੀਆਂ ਵਰਗੇ ਪ੍ਰਾਚੀਨ ਰੂਪ ਦੀ ਵਰਤੋਂ ਕੀਤੀ । ਆਪ ਜੀ ਨੇ ਪੜਤਾਲ ਗਾਇਨ ਸ਼ੈਲੀ ਦਾ ਵੀ ਖੂਬ ਪ੍ਰਚਾਰ ਕੀਤਾ ।

---

1. <u>ਆਦਿ ਗ੍ਰੰਥ</u> : ਮਹਲਾ 4 ; ਪੰਨਾ 1425.
2. <u>ਆਦਿ ਗ੍ਰੰਥ</u> : ਮਹਲਾ 4 ; ਪੰਨਾ 1425.

ਵਰਤਮਾਨ ਸਮੇਂ ਦੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਰਾਗਾਂ ਨੂੰ ਆਧਾਰ ਬਣਾਇਆ ਹੈ ।

ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਕੀਰਤਨ ਦਾ ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਹੀ ਰਿਹਾ । ਪਰ ਆਪ ਜੀ ਨੇ 'ਤਰਨਤਾਰਨ ਸਾਹਿਬ' ਦੀ ਸਥਾਪਨਾ ਵੀ ਕੀਤੀ ।

ਗੁਰੂ ਸਾਹਿਬ ਜੀ ਦੇ ਸਮੇਂ ਜਿੱਥੇ ਕੀਰਤਨ ਦੀ ਪਰੰਪਰਾ ਨੂੰ ਜਾਰੀ ਰੱਖਿਆ ਉਥੇ ਕਈ ਨਵੇਂ ਕੀਰਤੀਮਾਨ ਵੀ ਸਥਾਪਿਤ ਕੀਤੇ । ਗੁਰੂ ਸਾਹਿਬ ਦੀ ਸੋਚ ਸੀ :

ਸੋ ਅਸਥਾਨ ਬਣਾਵਹੁ ਮੀਤਾ ।
ਜਾ ਕੈ ਹਰਿ ਹਰਿ ਕੀਰਤਨ ਨੀਤਾ ।[1]

ਅਤੇ ਫਿਰ ਆਪ ਜੀ ਨੇ ਉਸ ਅਸਥਾਨ ਬਾਰੇ ਆਪ ਹੀ ਪ੍ਰਬੰਧ ਕਰ ਦਿੱਤਾ । ਆਪ ਨੇ ਆਦਿ ਬੀੜ ਦਾ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਕਰਕੇ ਅਖੰਡ ਕੀਰਤਨ ਕਰਨ ਦੀ ਪਵਿੱਤਰ ਮਰਯਾਦਾ ਕਾਇਮ ਕੀਤੀ । ਜਿੱਥੇ 24 ਘੰਟੇ ਅਖੰਡ ਕੀਰਤਨ ਦਾ ਪ੍ਰਵਾਹ ਚਲਦਾ ਹੈ । ਹਰਿਮੰਦਰ ਸਾਹਿਬ ਦੇ ਸਭ ਤੋਂ ਪਹਿਲੇ ਕੀਰਤਨੀਏ ਭਾਈ ਸਤਾ ਅਤੇ ਬਲਵੰਡ ਸਨ । ਇਸ ਤੋਂ ਸਪਸ਼ਟ ਹੈ ਕਿ ਆਪ ਨੇ ਕੀਰਤਨ ਨੂੰ ਹੀ ਧਰਮ ਪ੍ਰਚਾਰ ਅਤੇ ਈਸ਼ਵਰੀ ਭਗਤੀ ਦਾ ਸਭ ਤੋਂ ਸ੍ਰੇਸ਼ਠ ਸਮਝਿਆ । ਆਪ ਨੇ ਕੀਰਤਨ ਨੂੰ ਬਹੁਤ ਹੀ ਉਚਾ ਸਥਾਨ ਦਿੱਤਾ :

ਕੀਰਤਨ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ ।[1]

---

1. <u>ਆਦਿ ਗ੍ਰੰਥ</u> : ਆਸਾ ਮਹਲਾ 5 ; ਪੰਨਾ 384.
2. -ਉਹੀ- : ਰਾਮਕਲੀ ਮਹਲਾ 5 ; ਪੰਨਾ 893.

ਆਪ ਜੀ ਨੇ ਪ੍ਰਭੂ ਦੀ ਕੀਰਤ, ਸਿਫ਼ਤ ਸਲਾਹ ਜਾਂ ਉਸਤਤਿ ਕਰਨ ਵਾਲੇ ਕੀਰਤਨੀਏ ਲਈ ਫ਼ੁਰਮਾਇਆ :

ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਣ ਗਾਉ[1]

ਕੀਰਤਨ ਲਈ ਆਪ ਦੇ ਹਿਰਦੇ ਵਿੱਚ ਤੀਬਰ ਲਗਨ ਤੇ ਸ਼ਲਾਘਾ ਦੇ ਭਾਵ ਮੌਜੂਦ ਸਨ :

ਸੁਣਹੁ ਬੇਨੰਤੀ ਸੁਆਮੀ ਅਪੁਨੇ ਨਾਨਕ ਇਹ ਸੁਖ ਮਾਗੈ

ਜਹ ਕੀਰਤਨ ਤੇਰਾ ਸਾਧੂ ਗਾਵੈ ਤਹ ਮੇਰਾ ਮਨ ਲਾਗੈ ।[2]

ਕੀਰਤਨ ਅਸਥਾਨ ਆਪ ਨੂੰ ਬੈਕੁੰਠ ਪ੍ਰਤੀਤ ਹੁੰਦਾ ਹੈ :

ਤਹ ਬੈਕੁੰਠ ਜਹ ਕੀਰਤਨ ਤੇਰਾ ਤੂ ਆਪੇ ਸਰਧਾ ਲਾਇਹਿ[3]

ਆਪ ਦਿਨ ਰਾਤ ਕੀਰਤਨ ਗਾਇਨ ਕਰਨ ਲਈ ਕਹਿੰਦੇ ਹਨ ਕਿਉਂਕਿ ਇਹ ਹੀ ਸਭ ਤੋਂ ਉੱਤਮ ਕਾਰਜ ਹੈ -

ਹਰਿ ਕੀਰਤਨ ਗਾਵਹੁ ਦਿਨ ਰਾਤੀ ਸਫਲ ਏਹਾ ਕਾਰੀ ਜੀਉ ।[4]

ਇਹ ਕੀਰਤਨ ਦੀ ਦਾਤ ਚੰਗੀ ਕਿਸਮਤ ਨਾਲ ਹੀ ਮਿਲਦੀ ਹੈ :

ਸਾਧ ਸੰਗਿ ਹਰਿ ਕੀਰਤਨ ਗਾਈਐ ।
ਕਹੁ ਨਾਨਕ ਵਡਭਾਗੀ ਪਾਈਐ ।[5]

---

1. ਆਦਿ ਗ੍ਰੰਥ : ਸੋਰਠਿ ਮਹਲਾ 5 ; ਪੰਨਾ 610.
2. -ਉਹੀ- : ਰਾਮਕਲੀ ਮਹਲਾ 5 ; ਪੰਨਾ 885.
3. -ਉਹੀ- : ਸੂਹੀ ਮਹਲਾ 5 ; ਪੰਨਾ 749.
4. -ਉਹੀ- : ਰਾਗ ਮਾਝ ; ਪੰਨਾ 108.
5. -ਉਹੀ- : ਗਉੜੀ ਗੁਆਰੇਰੀ ; ਪੰਨਾ 779.

ਹਰੀ ਦੀ ਕੀਰਤ ਗਾਉਣ ਅਤੇ ਸੁਣਨ ਨਾਲ ਸਾਰੇ ਦੁੱਖਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ, ਕੋਈ ਦੁੱਖ ਲਗਦਾ ਹੀ ਨਹੀਂ :

ਹਰਿ ਕੀਰਤਨ ਸੁਣੈ ਹਰਿ ਕੀਰਤਨ ਗਾਵੈ ।
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ।[1]

ਕੀਰਤਨ ਕਰਨ ਜਾਂ ਸੁਣਨ ਲਈ ਕੋਈ ਨਿਸ਼ਚਿਤ ਸਮਾਂ ਨਹੀਂ ਕਿ ਖ਼ਾਸ ਸਮੇਂ ਤੇ ਕੀਰਤਨ ਕਰਨਾ ਹੈ ਸਗੋਂ ਅੱਠੇ ਪਹਿਰ ਹਰੀ ਜਸ ਗਾਉਣ ਲਈ ਪ੍ਰੇਰਦੇ ਸਨ :

ਆਠ ਪਹਿਰ ਹਰਿ ਕੀਰਤਨ ਗਾਈਐ ।
ਸੋ ਜਨ ਜਮ ਕੀ ਵਾਟ ਨ ਪਾਈਐ ।[2]

ਆਪ ਉਸ ਢਾਢੀ ਤੋਂ ਬਲਿਹਾਰ ਜਾਂਦੇ ਹਨ, ਕੁਰਬਾਨ ਜਾਂਦੇ ਹਨ, ਜੋ ਪ੍ਰਭੂ ਦੇ ਗੁਣ ਗਾਉਂਦਾ ਹੈ :

ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਾਦਾਰ
ਹਉ ਤਿਸੁ ਢਾਢੀ ਬਲਿਹਾਰਿ ਜਿ ਗਾਵੈ ਗੁਣ ਅਪਾਰਾ ।[3]

ਉਪਰੋਕਤ ਹਵਾਲਿਆਂ ਤੋਂ ਬਿਨਾਂ ਕੀਰਤਨ ਦੀ ਹੋਰ ਵੀ ਮਹੱਤਤਾ ਗੁਰਬਾਣੀ ਵਿਚ ਦੱਸੀ ਹੈ । ਆਪ ਦੇ ਸਮੇਂ ਵੀ ਕੀਰਤਨ ਨਾਲ ਰਬਾਬ ਵਜਾਈ ਜਾਂਦੀ ਸੀ । ਸੱਤੇ ਅਤੇ ਬਲਵੰਡੇ ਤੋਂ ਬਿਨਾਂ ਭਾਈ ਝਾਂਡੂ, ਭਾਈ ਮੁਕੰਦ ਅਤੇ ਭਾਈ ਕੇਦਾਰਾ ਵੀ ਹਜ਼ੂਰੀ ਕੀਰਤਨੀਏ

---

1. ਆਦਿ ਗ੍ਰੰਥ : ਗਉੜੀ ਮ. 5 ; ਪੰਨਾ 190.
2. -ਉਹੀ- : ਰਾਗ ਆਸਾ ਮ. 5 ; ਪੰਨਾ 384.
3. -ਉਹੀ- : ਰਾਮਕਲੀ ਮ. 5 ; ਪੰਨਾ 962.

ਸਨ ਜਿਨ੍ਹਾਂ ਬਾਰੇ ਭਾਈ ਗੁਰਦਾਸ ਜੀ ਨੇ ਜ਼ਿਕਰ ਕੀਤਾ ਹੈ। ਝਾਂਝੂ ਅਤੇ ਮੁਕੰਦੁ

ਝਾਂਝੂ ਅਤੇ ਮੁਕੰਦੁ ਹੈ ਕੀਰਤਨ ਕਰੇ ਹਜ਼ੂਰ ਕਿਦਾਰਾ ।
ਸਾਧ ਸੰਗਤਿ ਪਰਗਟੁ ਪਹਾਰਾ ।[1]

ਕੀਰਤਨ ਨਾਲ ਰਬਾਬ ਤੋਂ ਬਿਨਾਂ ਤਾਲ ਲਈ ਮ੍ਰਿਦੰਗ ਦਾ ਪ੍ਰਯੋਗ ਹੁੰਦਾ ਸੀ ਇਸ ਬਾਰੇ ਵੀ ਭਾਈ ਗੁਰਦਾਸ ਜੀ ਲਿਖਦੇ ਹਨ :

ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ ।[2]

ਉਸ ਸਮੇਂ ਤਬਲਾ ਅਜੇ ਨਵਾਂ - ਨਵਾਂ ਪ੍ਰਚਾਰ ਵਿਚ ਆਇਆ ਸੀ ਇਸ ਲਈ ਬਹੁਤਾ ਪ੍ਰਚਾਰ ਵਿਚ ਨਾ ਹੋਣ ਕਰਕੇ ਕੀਰਤਨ ਵਿਚ ਤਬਲੇ ਦਾ ਪ੍ਰਯੋਗ ਅਜੇ ਸ਼ੁਰੂ ਨਹੀਂ ਸੀ ਹੋਇਆ ।

ਮੁੱਖ ਤੌਰ 'ਤੇ ਕੀਰਤਨ ਰਬਾਬੀ ਹੀ ਕਰਦੇ ਸਨ । ਉਹ ਹਰ ਰੋਜ਼ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਕਰਦੇ ਆ ਰਹੇ ਸਨ । ਪਰ ਗੁਰੂ ਅਰਜਨ ਦੇਵ ਜੀ ਸਮੇਂ ਦੇ ਰਬਾਬੀ ਸੱਤਾ ਅਤੇ ਬਲਵੰਡਾ ਨੇ ਕਿਸੇ ਗੱਲੋਂ ਨਰਾਜ਼ ਹੋ ਕੇ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਆਪ ਨੇ ਸਿੱਖਾਂ ਨੂੰ ਆਪ ਕੀਰਤਨ ਕਰਨ ਦੀ ਆਗਿਆ ਦਿੱਤੀ । ਇਸ ਤਰ੍ਹਾਂ ਆਪ ਜੀ ਨੇ ਕੀਰਤਨ ਦੀ ਦਾਤ ਸਮੁੱਚੇ ਸਿੱਖਾਂ ਦੀ ਝੋਲੀ ਵਿਚ ਪਾ ਦਿਤੀ । ਭਾਈ ਸੰਤੋਖ ਸਿੰਘ ਜੀ ਇਸ ਬਾਰੇ ਇਸ ਤਰ੍ਹਾਂ ਲਿਖਦੇ ਹਨ :

---

1. ਵਾਰਾਂ ਭਾਈ ਗੁਰਦਾਸ : ਵਾਰ 11 ; ਪਉੜੀ 18
2. -ਉਹੀ- ; ਵਾਰ 6 ; ਪਉੜੀ 12.

ਇਵ ਕਹਿ ਸਤਿਗੁਰ ਆਇ ਕਰ ਥਲ ਥੜ੍ਹੇ ਸੁਹਾਏ ।
ਸਭਿ ਸੰਗਤ ਇਕਠੀ ਭਈ ਦੀਵਾਨ ਲਗਾਏ ।
ਸਿੱਖਨਿ ਕੋ ਆਇਸ਼ ਦਈ ਤੁਮ ਰਾਗ ਸੁਨਾਵਹੁ ।
ਗਾਵਹੁ ਸਬਦ ਸੁ ਤਾਨਜੁਤਿ ਵਿੱਦਿਯਾ ਇਹੁ ਪਾਵਹੁ ।।
ਗਹਯੋ ਦੁਤਾਰਾ ਸਿੱਖ ਕਿਹ, ਕਿ ਰਾਹੀ ਰਬਾਬੀ ।
ਹੁਇ ਨਿਸ਼ੰਕ ਗਾਵਿਨ ਲਗੇ, ਸਭ ਭਏ ਅਜਾਬੈ ।
ਬਦਨਮਾਨਿ ਬੇ ਗੁਰੂ ਤੇ ਬਿੱਦਿਆ ਸਭਿ ਪਾਈ
ਜਾਨਤਿ ਹੁਤੇ ਨ ਰਾਗ ਕੋ ਗਾਵਹਿ ਬਿਸਮਾਈ
ਸੁਨ ਸਿੱਖਨਿ ਕੇ ਰਾਗ ਕੋ ਗੁਰ ਭਏ ਪ੍ਰਸੰਨਾ
ਬਰ ਦੀਨ 'ਤੁਮ ਪ੍ਰੇਮ ਜੁਤ ਹਮਰੋ ਬਚ ਮੰਨਾ
ਅਬ ਤੇ ਬਿੱਦਯਾ ਰਾਗ ਕੀ ਸਿੱਖਨ ਮਹਿ ਆਈ
ਗਾਵਹਿ ਸੁਨਹਿ ਪ੍ਰੀਤ ਧਰ ਲੇ ਸ਼ੁਭ ਗਤਿ ਪਾਈ ।[1]

ਇਸ ਤਰ੍ਹਾਂ ਸਿੱਧੇ ਸਾਦੇ ਪਰ ਗੁਰੂ ਪ੍ਰੇਮ ਵਿੱਚ ਲੀਨ, ਗੁਰ ਜੋਤ ਦੇ ਆਸ਼ਿਕ ਗੁਰਸਿੱਖ, ਬਿਸਮਾਦੀ ਰੰਗ ਵਿਚ ਕੀਰਤਨ ਕਰਨ ਲੱਗੇ ਤਾਂ ਰਾਗ ਦੀ ਵਿੱਦਿਆ ਖਾਨਦਾਨ ਦੀ ਬੁੱਕਲ ਵਿਚੋਂ ਨਿਕਲ ਗੁਰੂ ਪਿਆਰੇ ਗੁਰਸਿੱਖਾਂ ਪਾਸ ਆ ਗਈ । ਇਸ ਤਰ੍ਹਾਂ ਰਬਾਬੀ ਦੀ ਥਾਂ ਗੁਰੂ ਘਰ ਦੇ ਪ੍ਰੇਮੀ ਗੁਰਸਿੱਖ ਨਿਸ਼ਕਾਮ ਕੀਰਤਨ ਕਰਨ ਲੱਗੇ ।

ਭਾਈ ਮਨੀ ਸਿੰਘ ਜੀ ਅਨੁਸਾਰ, "ਆਪ ਅੱਠੇ ਪਹਿਰ ਕਥਾ ਕੀਰਤਨ ਦੇ

---

1. ਭਾਈ ਸੰਤੋਖ ਸਿੰਘ : ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ; ਪੋਥੀ 6 ; ਪੰਨਾ 2101.

ਰੰਗ ਵਿੱਚ ਰੱਤੇ ਰਹਿੰਦੇ ਸਨ ।"[1] ਸਿੱਖ ਭਗਤਮਾਲਾ ਅਨੁਸਾਰ ਆਪਣੇ ਭਾਈ ਝਾਂਡੂ ਅਤੇ ਮੁਕੰਦ ਨੂੰ ਕੀਰਤਨ ਦਾ ਮਹੱਤਵ ਇਸ ਪ੍ਰਕਾਰ ਦੱਸਿਆ :

ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝੁਬਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਤੇ ਮੈਂ ਬਾਣੀ ਦੇ ਪਾਠ ਦਾ ਫਲ ਹੋਤਾ ਹੈ । ਪਰ ਖੂਹ ਦਾ ਪਾਣੀ ਦੂਜੇ ਖੂਹ ਦੀ ਪੈਲੀ ਨਜਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹੈਨਿ ।[2]

ਆਪਨੇ ਕੇਵਲ ਕੀਰਤਨ ਦੀ ਮਹੱਤਤਾ ਹੀ ਨਹੀਂ ਦੱਸੀ ਜਾਂ ਕੇਵਲ ਆਪ ਹੀ ਕੀਰਤਨ ਨਹੀਂ ਗਾਵਿਆ ਸਗੋਂ ਆਪ ਨੇ ਕੀਰਤਨਕਾਰਾਂ ਲਈ ਇੱਕ ਅੱਡਰੀ ਪ੍ਰਕਾਰ ਦੀ ਗਾਇਨ ਪ੍ਰਣਾਲੀ ਦੱਸੀ ਹੈ । ਉਨ੍ਹਾਂ ਨੇ ਕੀਰਤਨੀਆਂ ਬਾਰੇ ਬੜੇ ਉੱਚ ਦਰਜੇ ਦੀ ਕਲਪਨਾ ਕੀਤੀ ਹੈ ਕਿ ਅਮਲ ਧੁਨ ਕੀ ਹੋਵੇ, ਰਾਗ ਕੀ ਹੋਵੇ । ਸਤ ਸੁਰ ਕੀ ਹੋਣ, ਤਾਲ ਕੀ ਹੋਵੇ ਆਦਿ ਇਸ ਬਾਰੇ ਆਪ ਜੀ ਦਾ ਫੁਰਮਾਨ ਹੈ :

ਓਅੰਕਾਰ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ।।
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ।
ਲਏਕੋ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ।
ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨਗਾਏ ।

---

1. ਭਾਈ ਮਨੀ ਸਿੰਘ : ਸਿੱਖਾਂ ਦੀ ਭਗਤਮਾਲਾ ; ਪੰਨਾ 79.
2. -ਉਹੀ- ; ਪੰਨਾ 91-92.

ਛੋਡ ਮਾਇਆ ਕੇ ਧੰਧ ਸੁਆਉ ।
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਲੈ ਚਾਲੈ
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ।
ਫੇਰੀ ਫੇਰੁ ਨ ਹੋਵੈ ਕਬਹੀ ਏਕੁ ਸਬਦੁ ਬੰਧਿ ਪਾਲੈ ।।2।।[1]

ਆਪ ਨੇ ਗੁਰਬਾਣੀ ਵਿਚ ਸੰਗੀਤ ਸੰਬੰਧੀ ਸੰਕੇਤਕ ਪ੍ਰਯੋਗ ਵੀ ਕੀਤੇ ਜਿਵੇਂ :

ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ ।
ਕਰ ਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ
ਨਿਰਤਿ ਕਰੇ ਕਰਿ ਮਨੂਆ ਨਾਚੈ ਆਵੇ ਘੂਘਰ ਸਾਜਾ ।।[2]

ਇਸ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਪਖਾਵਜੁ (ਤਬਲਾ) ਰਬਾਬ ਆਦਿ ਕੀਰਤਨ ਵਿੱਚ ਪ੍ਰਯੋਗ ਹੋਣ ਵਾਲੇ ਸਾਜ ਸਨ ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਸੰਗੀਤ ਵਿਦ ਖ਼ਾਨਦਾਨੀ ਚਾਰ ਦੀਵਾਰੀ ਵਿਚੋਂ ਕੱਢ ਕੇ ਹਰ ਸਿੱਖ ਨੂੰ ਗਾਇਨ ਵਿੱਦਿਆ ਸਿੱਖਣ ਦੀ ਪ੍ਰੇਰਨਾ ਦਿੱਤੀ ਇਹ ਗੁਰੂ ਅਰਜਨ ਦੇਵ ਜੀ ਦੀ ਇੱਕ ਅੱਦੁਤੀ ਦੇਣ ਹੈ, ਮਹਾਨ ਉਪਕਾਰ ਹੈ ਕਿ ਉਨ੍ਹਾਂ ਨੇ ਸਿੱਖਾਂ ਨੂੰ ਕੀਰਤਨ ਦੀ ਇਹ ਅਮੋਲਕ ਦਾਤ ਬਖ਼ਸ਼ੀ । ਹਰਿਮੰਦਰ ਸਾਹਿਬ ਵਿਚ ਅਖੰਡ ਕੀਰਤਨ ਦੇ ਪ੍ਰਵਾਹ ਚਲਾਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮਹਾਨ ਕਾਰਜ ਕੀਤਾ । ਆਪ ਵੱਲੋਂ ਸਿੱਖ ਧਰਮ ਵਿੱਚ ਕੀਰਤਨ ਮਰਿਯਾਦਾ ਦਾ ਸੁਚੇਤ ਰੂਪ ਵਿੱਚ ਪੱਕੇ ਪੈਰੀਂ ਸਥਾਪਿਤ ਕਰਨ

---

1. <u>ਆਦਿ ਗ੍ਰੰਥ</u> : ਰਾਮਕਲੀ ਮ. 5 ; ਪੰਨਾ 885.
2. -ਉਹੀ- ; ਪੰਨਾ 884.

ਦੇ ਫਲਸਰੂਪ ਸਿੱਖ ਜਗਤ ਵਿਚ ਰਾਗੀ, ਕੀਰਤਨੀਏ ਪੈਦਾ ਹੁੰਦੇ ਰਹਿਣਗੇ ਅਤੇ ਕੀਰਤਨ ਦੇ ਪ੍ਰਵਾਹ ਚਲਦੇ ਰਹਿਣਗੇ ।

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ :

ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਹਾਲਤਾਂ ਵਿਚ ਕਾਫ਼ੀ ਤਬਦੀਲੀ ਆਈ ਜਿਸ ਕਾਰਨ ਗੁਰੂ ਹਰਗੋਬਿੰਦ ਪਾਤਸ਼ਾਹ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ । ਸਿੱਖਾਂ ਨੂੰ ਹਥਿਆਰਬੰਦ ਕੀਤਾ । ਅਜਿਹੀ ਹਾਲਤ ਵਿੱਚ ਆਪ ਜੀ ਨੇ ਗੁਰਬਾਣੀ ਦਾ ਉਚਾਰਣ ਨਹੀਂ ਕੀਤਾ ਪਰ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਯੋਗਦਾਨ ਪਾਇਆ । ਕੁਝ ਵਿਦਵਾਨਾਂ ਦਾ ਮੱਤ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਵਾਰਾਂ ਨੂੰ ਪੁਰਾਤਨ ਵਾਰਾਂ ਦੇ ਆਧਾਰ 'ਤੇ ਗਾਉਣ ਦੇ ਸੰਕੇਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਦਿੱਤੇ ।[1]

ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਜੀ ਨੇ ਜਿੱਥੇ ਪੁਰਾਤਨ ਕੀਰਤਨ ਪਰੰਪਰਾ ਨੂੰ ਜਾਰੀ ਰੱਖਿਆ ਉਥੇ ਬੀਰ ਰਸੀ ਵਾਰਾਂ ਗਾਉਣ ਦੀ ਪਰੰਪਰਾ ਵੀ ਸ਼ੁਰੂ ਕੀਤੀ । ਆਪ ਜੀ ਨੇ ਗੁਰਬਾਣੀ ਕੀਰਤਨ ਦਾ ਕੇਂਦਰ 'ਕੀਰਤਪੁਰ ਸਾਹਿਬ' ਸਥਾਪਿਤ ਕੀਤਾ । ਆਪ ਜੀ ਦੇ ਸਮੇਂ ਸਵੇਰੇ ਸ਼ਾਮ ਗੁਰਬਾਣੀ ਦਾ ਕੀਰਤਨ ਹੁੰਦਾ ।

ਭਾਈ ਨੱਥਾ ਅਤੇ ਅਬਦੁੱਲਾ ਆਪ ਦੇ ਦਰਬਾਰ ਦੇ ਪ੍ਰਸਿੱਧ ਢਾਡੀ ਅਤੇ ਰਬਾਬੀ ਸਨ । ਜਿਨ੍ਹਾਂ ਨੇ ਸਿੱਖ ਸੈਨਾ ਵਿਚ ਜੋਸ਼ ਪੈਦਾ ਕਰਨ ਲਈ ਬੀਰ ਰਸ ਪ੍ਰਦਾਨ ਕਰਨ ਹਿੱਤ ਯੋਧਿਆਂ ਦੀਆਂ ਵਾਰਾਂ ਗਾਇਨ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।[1]

---

1. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ ; ਪੰਨਾ 69.

ਇਸ ਵੇਲੇ ਸਿੱਖ ਸੰਗਤ ਵਿੱਚ ਅਜਿਹੇ ਮਹਾਂਪੁਰਸ਼ ਮੌਜੂਦ ਸਨ ਜੋ ਹੋਰ ਕਾਰਜਾਂ ਵਿੱਚ ਪ੍ਰਬੀਨ ਹੋਣ ਦੇ ਨਾਲ - ਨਾਲ ਸੰਗੀਤਕਲਾ ਦੇ ਵੀ ਮਾਹਿਰ ਸਨ । ਭਾਈ ਬਾਬਕ ਇੱਕ ਮਹਾਨ ਯੋਧਾ ਹੋਣ ਦੇ ਨਾਲ - ਨਾਲ ਇੱਕ ਚੰਗਾ ਰਬਾਬੀ ਵੀ ਸੀ । ਭਾਈ ਬਾਬਕ ਨੇ ਅੰਮ੍ਰਿਤਸਰ ਦੀ ਜੰਗ ਵਿਚ ਵੀਰਤਾ ਦਿਖਾਈ ਸੀ । ਗੁਰੂ ਤੇਗ ਬਹਾਦਰ ਜੀ ਨੇ ਸੰਗੀਤ ਕਲਾ ਦਾ ਗਿਆਨ ਭਾਈ ਬਾਬਕ ਤੋਂ ਹੀ ਪ੍ਰਾਪਤ ਕੀਤਾ ।[1]

ਭਾਈ ਸੰਤੋਖ ਸਿੰਘ ਜੀ ਢਾਢੀਆਂ ਦੀ ਵਾਰਾਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ :

ਸੁਨ ਅਬੀਦੁਲ ਢਾਢੀ ਚਲ ਆਇਉ
ਭਏ ਸੁੱਭਟ ਤਿਨ ਕੇ ਜਸਿ ਗਾਇਉ ।
ਜਿਸ ਕੇ ਸੁਨਤ ਬੀਰ ਰਸ ਜਾਗੈ ।
ਕਾਇਰ ਸੋ ਭੀ ਲਰੈ ਨ ਭਾਗੈ ।[2]

ਭਾਈ ਸਾਹਿਬ ਲਿਖਦੇ ਹਨ ਕਿ ਗੁਰੂ ਸਾਹਿਬ ਦੇ ਵਿਆਹ ਵੇਲੇ ਵੀ ਆਸਾ ਦੀ ਵਾਰ ਦਾ ਕੀਰਤਨ ਹੋਇਆ ।

ਗਾਵਹਿ ਆਸਾ ਵਾਰ ਚੁਤ ਗਗਨਿ ਕੇ ਸਮੁਦਾਇ[3]

ਹਰਗੋਬਿੰਦ ਸਾਹਿਬ ਜੀ ਸਮੇਂ ਜੋ ਸਾਜ਼ ਪ੍ਰਯੋਗ ਹੁੰਦੇ ਸਨ ਉਹਨਾਂ ਬਾਰੇ ਮਹਾਂਕਵੀ

---

1. ਡਾ. ਗੁਰਬਚਨ ਸਿੰਘ ਮਹਿਤਾ : ਗੁਰ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬਲੀਦਾਨ ਅਤੇ ਸੰਦੇਸ਼ ; 'ਗੁਰਮਤਿ ਪ੍ਰਕਾਸ਼' ਦਸੰਬਰ,1975 ; ਪੰਨਾ 145.
2. ਭਾਈ ਸੰਤੋਖ ਸਿੰਘ : ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ; ਪੋਥੀ 7 ; ਪੰਨਾ 2413.
3. -ਉਹੀ- ; ਪੋਥੀ 6 ; ਪੰਨਾ 2277.

ਸੰਤੋਖ ਸਿੰਘ ਜੀ ਲਿਖਦੇ ਹਨ :

ਨੌਬਤ ਬਾਜਤਿ ਅਨੰਦ ਉਪਾਵਤ
ਮਗਲ ਸਬਦ ਕਲਾਵਤ ਗਾਵਹਿ
ਬਜਹਿ ਨਾਫੀਰੀ ਨਾਗ ਉਠਾਵਹਿ
ਠਾਢੇ ਤਾਨ ਕਬਿੱਤਿ ਸੁਨਾਵਹਿ ।।[1]

ਗੁਰੂ ਸਾਹਿਬ ਪ੍ਰਸੰਨ ਹੋ ਕੇ ਰਬਾਬੀਆਂ ਢਾਢੀਆਂ ਨੂੰ ਇਨਾਮ ਦਿੰਦੇ ਇਤਆਦਿਕ ਕਿਹ ਖਰਚ ਕੋ ਕੁਛ ਤੋਟਿ ਨ ਆਵੈ , ਗਾਇ ਰਬਾਬੀ ਪੁੰਜ ਸਦ ਸੋ ਧਨ ਗਨ ਪਾਏ ।[2]

ਇਸ ਤਰ੍ਹਾਂ ਗੁਰੂ ਗੋਬਿੰਦ ਪਾਤਸ਼ਾਹ ਜੀ ਨੇ ਕੀਰਤਨ ਪਰੰਪਰਾ ਨੂੰ ਅਗਾਂਹ ਤੋਰਿਆ ਅਤੇ ਬੀਰ ਰਸੀ ਵਾਰਾਂ ਦਾ ਦਰਬਾਰ ਵਿਚ ਪ੍ਰਵੇਸ਼ ਕਰਵਾਇਆ ਜਿਸ ਨਾਲ ਸਾਰੰਗੀ ਸਾਜ਼ ਵੀ ਦਰਬਾਰ ਵਿਚ ਪ੍ਰਵੇਸ਼ ਕਰ ਗਿਆ ।

ਬਾਦਸ਼ਾਹ ਜਹਾਂਗੀਰ ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਸੀ ਜਹਾਂਗੀਰ ਸੰਗੀਤ ਵਿਚ ਡੂੰਘੀ ਦਿਲਚਸਪੀ ਰਖਦਾ ਸੀ ਅਤੇ ਆਪਣੇ ਦਰਬਾਰ ਵਿਚ ਸੰਗੀਤ ਦੀਆਂ ਕਲਾ ਗੋਸ਼ਟੀਆਂ ਕਰਵਾਉਂਦਾ ਰਹਿੰਦਾ ਸੀ । ਉਸ ਨੇ ਆਪਣੇ ਦਰਬਾਰ ਵਿਚ ਸੰਗੀਤ ਸਭਾ ਲਈ ਸਪੈਸ਼ਲ ਸਮਾਂ ਨਿਸ਼ਚਿਤ ਕੀਤਾ ਹੋਇਆ ਸੀ । ਉਸ ਦੇ ਦਰਬਾਰ ਵਿਚ ਵਿਲਾਸ ਖਾਂ, ਛੱਤਰ ਖਾਂ, ਖੁਰਮ ਖਾਂ ਅਤੇ ਹਮਜਾਨ ਵਰਗੇ ਸੰਗੀਤਕਾਰ ਸਨ ਜਿਨ੍ਹਾਂ ਨੇ ਸਿੱਖ ਇਤਿਹਾਸ ਦੇ ਸੰਗੀਤ ਵਿਚ ਆਪਣਾ ਯੋਗਦਾਨ ਪਾਇਆ । ਜਹਾਂਗੀਰ ਨੇ ਆਪਣੇ ਰਾਜ-

---

1. ਭਾਈ ਸੰਤੋਖ ਸਿੰਘ : ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ; ਪੋਥੀ 6 ; ਪੰਨਾ 2244.
2. -ਉਹੀ- ; ਪੋਥੀ 7 ; ਪੰਨਾ 2320.

ਕਾਲ ਵਿਚ ਸੰਗੀਤਕਾਰਾਂ ਨੂੰ ਸੱਤ ਟੋਲੀਆਂ ਵਿਚ ਵੰਡਿਆ ਹੋਇਆ ਸੀ । ਜਹਿਜੀਆ ਹਫਤੇ ਵਿਚ ਇਕ ਦਿਨ ਮਨੋਰੰਜਨ ਦਾ ਪ੍ਰੋਗਰਾਮ ਦਿੰਦੀਆਂ ਸਨ ਜਿਸ ਦੇ ਕਾਰਨ ਸੰਗੀਤ ਪ੍ਰਤੀ ਲੋਕਾਂ ਦੀ ਰੁਚੀ ਵਧਦੀ ਗਈ ਅਤੇ ਕਈ ਨਵੇਂ ਸੰਗੀਤਕਾਰ ਪੈਦਾ ਹੋਏ ।[1]

ਸ੍ਰੀ ਗੁਰੂ ਹਰਿਰਾਇ ਜੀ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ :

ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਨੇ ਭਾਵੇਂ ਬਾਣੀ ਦਾ ਉਚਾਰਣ ਨਹੀਂ ਕੀਤਾ ਪਰ ਗੁਰਸ਼ਬਦ ਦਾ ਕੀਰਤਨ ਪਿਆਰ ਅਤੇ ਸਤਿਕਾਰ ਨਾਲ ਕਰਵਾਉਂਦੇ ਅਤੇ ਸਰਵਣ ਕਰਦੇ ਰਹੇ । ਮਾਲਵੇ ਦੇਸ਼ ਦੀ ਯਾਤਰਾ ਦਾ ਹਾਲ ਲਿਖਦਿਆਂ ਗਿਆਨੀ ਗਿਆਨ ਸਿੰਘ ਦਸਦੇ ਹਨ, "ਜਿੱਥੇ ਗੁਰੂ ਜੀ ਜਾਣ ਦੋ ਵੇਲੇ ਦੀਵਾਨ ਲੱਗੇ, ਭਾਈ ਜਸ ਦਰਿਆ, ਚਤਰਾ, ਨੱਥੂ ਆਦਿਕ ਰਬਾਬੀ ਇੱਕ ਵੇਲੇ ਚੌਕੀ ਕਰਨ ਦੂਜੇ ਵੇਲੇ ਭਾਈ ਸੇਵਾ, ਰੱਤਾ ਪੰਜਾਬ ਆਦਿਕ ਕੀਰਤਨ ਕਰਨ, ਕਥਾ ਕੀਰਤਨ ਸਤਸੰਗ ਦਾ ਪ੍ਰਵਾਹ ਚਲਿਆ ਰਹੇ ।[2] ਇਸ ਤਰ੍ਹਾਂ ਸਿੱਖ ਇਤਿਹਾਸ ਵਿੱਚ ਗੁਰਮਤਿ ਸੰਗੀਤ ਦਾ ਇਕ ਨਿਵੇਕਲਾ ਰੂਪ ਸਥਾਪਿਤ ਹੋਇਆ ।

ਸ਼ਾਹਜਹਾਂ ਦਾ ਸਮਾਂ 1627-58 ਈ. ਦੌਰਾਨ ਦਾ ਮੰਨਿਆ ਜਾਂਦਾ ਹੈ ਬਾਦਸ਼ਾਹ ਸ਼ਾਹਜਹਾਂ ਗੁਰੂ ਹਰਿ ਰਾਏ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਦਾ ਸਮਕਾਲੀ ਸੀ ਇਸ ਕਾਲ ਵਿੱਚ ਭਾਰਤੀ ਸੰਗੀਤ ਦੀ ਉਨਤੀ ਉਚਤਾ ਤੇ ਕਾਇਮ ਸੀ । ਸ਼ਾਹਜਹਾਂ ਸੰਗੀਤਕਾਰਾਂ ਦਾ ਬਹੁਤ ਆਦਰ ਕਰਦਾ ਸੀ । ਉਸ ਦੇ ਦਰਬਾਰ ਵਿੱਚ ਲਾਲ ਖਾਂ, ਖੁਸ਼ਹਾਲ ਖਾਂ, ਬਿਸਰਾਮ ਖਾਂ, ਕਿਸ਼ਨ ਖਾਂ ਕਲਾਵੰਤ ਅਤੇ ਜਗਨ ਨਾਥ ਉੱਚ ਕੋਟੀ ਦੇ ਕਵੀ ਤੇ ਸੰਗੀਤ ਰਹਿੰਦੇ ਸਨ । 1630 ਈ.

---

1. ਭਗਤ ਸਿੰਘ : ਮੱਧਕਾਲੀਨ ਭਾਰਤ ਦੀਆਂ ਸੰਸਥਾਵਾਂ ; ਪੰਨਾ 284.
2. ਗਿਆਨੀ ਗਿਆਨ ਸਿੰਘ : ਤਵਾਰੀਖ ਗੁਰੂ ਖ਼ਾਲਸਾ ; ਪੰਨਾ 603.

ਵਿਚ ਸ਼ਾਹਜਹਾਂ ਨੇ ਲਾਲ ਖਾਂ ਨੂੰ 'ਗੁਨ ਸਮੁੰਦਰ ਖਾਂ' ਦੀ ਉਪਾਧੀ ਦਿਤੀ ।[1] ਅਤੇ ਲਾਲ ਖਾਂ, ਰਾਮ ਦਾਸ ਚਾਂਦੀ ਨਾਲ ਤੋਲੇ ਗਏ । ਬਾਦਸ਼ਾਹ ਦੇ ਦਰਬਾਰ ਵਿਚ ਉਸ ਵਕਤ ਧਰੁਪਦ[2] ਗਾਇਕੀ ਦਾ ਕਾਫੀ ਪ੍ਰਚਾਰ ਹੋਇਆ । ਕਈ ਨਵੇਂ ਧਰੁਪਦ ਲਿਖੇ ਗਏ ਜਿਨ੍ਹਾਂ ਵਿਚ ਸ਼ਾਹਜਹਾਂ ਦਾ ਨਾਮ ਵੀ ਦਰਜ ਹੈ । ਇਹ ਸਮਾਂ ਭਾਰਤੀ ਸੰਗੀਤ ਦੇ ਵਿਕਾਸ ਲਈ ਕਾਫੀ ਲਾਹੇਵੰਦਾ ਸੀ ਜਿਸ ਵਿਚ ਸੰਗੀਤ ਨੇ ਬੜੀ ਤਰੱਕੀ ਕੀਤੀ ।

## ਗੁਰੂ ਤੇਗ ਬਹਾਦਰ ਜੀ

ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਹਿਜ਼ਾਦੇ ਸਨ । ਗੁਰਿਆਈ ਮਿਲਨ ਤੋਂ ਪਹਿਲਾਂ ਆਪ ਬਕਾਲੇ ਵਿਖੇ ਪ੍ਰਭੂ ਚਰਨਾਂ ਵਿਚ ਲੀਨ ਸਨ ਜਦੋਂ ਕਿ ਅੱਠਵੇਂ ਗੁਰੂ ਜੀ ਨੇ 'ਬਾਬਾ ਬਕਾਲੇ' ਕਹਿ ਕੇ ਆਪ ਨੂੰ ਗੁਰਿਆਈ ਬਖਸ਼ੀ । ਮੱਖਣ ਸ਼ਾਹ ਲੁਬਾਣੇ ਦੇ ਯਤਨਾਂ ਸਦਕਾ ਸਿੱਖਾਂ ਨੇ ਆਪ ਜੀ ਦੀ ਸ਼ਰਨ ਲਈ । ਕਸ਼ਮੀਰੀ ਪੰਡਿਤ ਆਪਣੀ ਫਰਿਆਦ ਲੈ ਕੇ ਆਪ ਜੀ ਦੇ ਦਰਬਾਰ ਵਿਚ ਪਹੁੰਚੇ ਕਿ ਮੁਗਲੀਆਂ ਹਕੂਮਤ ਉਨ੍ਹਾਂ ਨੂੰ ਜਬਰਦਸਤੀ ਧਰਮ ਤਬਦੀਲੀ ਲਈ ਮਜਬੂਰ ਕਰ ਰਹੀ ਹੈ । ਆਪ ਜੀ, ਬਾਲ ਗੁਰੂ ਗੋਬਿੰਦ ਰਾਏ ਜੀ ਦੇ ਮਸ਼ਵਰੇ ਸਾਰੇ 'ਹਿੰਦ ਦੀ ਚਾਦਰ' ਬਣਕੇ 'ਤਿਲਕ ਜੰਞੂ' ਦੇ ਰਾਖੇ ਹੋ ਗਏ ਅਤੇ ਚਾਂਦਨੀ ਚੌਕ ਦਿੱਲੀ ਵਿੱਚ ਸ਼ਹੀਦੀ ਪ੍ਰਾਪਤ ਕੀਤੀ ।

ਸਿੱਖ ਇਤਿਹਾਸ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਸ਼ਬਦ-ਕੀਰਤਨ ਦੇ ਖੇਤਰ

1. ਆਚਾਰੀਆ ਬ੍ਰਹਸਪਤਿ : ਸੰਗੀਤ ਚਿੰਤਾਮਣੀ ; ਪੰਨਾ 288.
2. ਸ਼ਾਂਤੀ ਗੋਵਰਧਨ : ਸੰਗੀਤ ਸ਼ਾਸਤਰ ਦਰਪਨ (ਭਾਗ ਦੂਜਾ); ਪੰਨਾ 138.

ਵਿੱਚ ਜੋ ਯੋਗਦਾਨ ਪਾਇਆ ਉਸ ਦਾ ਸਥਾਨ ਗੁਰਮਤਿ ਸੰਗੀਤ ਦੇ ਇਤਿਹਾਸ ਵਿਚ ਵਿਸ਼ੇਸ਼ ਤੇ ਉੱਤਮ ਹੈ । ਪੂਰਬਲੇ ਗੁਰੂ ਸਾਹਿਬਾਨ ਵਲੋਂ ਉਚਾਰੇ ਰਾਗਾਂ ਤੋਂ ਇਲਾਵਾ ਆਪ ਨੇ ਜੈਜਾਵੰਤੀ ਰਾਗ ਵਿੱਚ ਵੀ ਬਾਣੀ ਉਚਾਰੀ ਜੋ ਆਪ ਦੀ ਬਾਣੀ ਦੀ ਵਿਸ਼ੇਸ਼ਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਬਾਣੀ 17 ਰਾਗਾਂ ਵਿੱਚ ਦਰਜ ਹੈ ।

ਰਾਗ ਗਉੜੀ, ਆਸਾ ਦੇਵ ਗੰਧਾਰ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ (ਤਿਲੰਗ ਕਾਫੀ) ਬਿਲਾਵਲ, ਰਾਮਕਲੀ, ਮਾਰੂ, ਬਸੰਤ (ਬਸੰਤ ਹਿੰਡੋਲ) ਸਾਰੰਗ ਜੈਜਾਵੰਤੀ ।

ਆਪ ਜੀ ਨੇ ਬਾਣੀ ਉਚਾਰਣ ਲਈ ਪਦੇ, ਅਸ਼ਟਪਦੀਆਂ ਆਦਿ ਜੈਸੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ । ਆਪ ਜੀ ਨੇ ਸਲੋਕ ਵੀ ਉਚਾਰੇ ਜੋ ਰਾਗ ਮੁਕਤ ਬਾਣੀਆਂ ਵਿਚ ਦਰਜ ਹਨ ਤੇ ਵਿਸ਼ੇਸ਼ ਸਥਾਨ ਰਖਦੇ ਹਨ । ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਤੋਂ ਜ਼ਮੀਨ ਖਰੀਦ ਕੇ ਆਨੰਦਪੁਰ ਨਗਰ ਵਸਾਇਆ ਜੋ ਖਾਲਸੇ ਦਾ ਵਾਸੀ ਹੈ"[1] ਆਪ ਨੇ ਆਨੰਦਪੁਰ ਸਾਹਿਬ ਨੂੰ ਗੁਰਮਤਿ ਵਿਚਾਰ ਤੇ ਗੁਰਮਤਿ ਸੰਗੀਤ ਦੇ ਕੇਂਦਰ ਵਜੋਂ ਥਾਪਿਆ ਅਤੇ ਇਥੇ ਨਿਵਾਸ ਕਰਕੇ ਗੁਰਬਾਣੀ ਦਾ ਸੰਦੇਸ਼ ਦੂਰ ਦੂਰ ਪਹੁੰਚਾਇਆ । ਗੁਰੂ ਸਾਹਿਬ ਮ੍ਰਿਦੰਗ ਵਜਾਉਣ ਦੇ ਬੜੇ ਸ਼ੌਕੀਨ ਸਨ । ਜੋਨਪਰ ਦੇ ਰਾਗੀ ਗੁਰਬਖਸ਼ ਸਿੰਘ ਦੇ ਘਰ ਅੱਜ ਵੀ ਉਹਨਾਂ ਦਾ ਬਖਸ਼ਿਆ ਹੋਇਆ ਸਾਜ ਮ੍ਰਿਦੰਗ ਸਤਿਕਾਰ ਸਾਹਿਤ ਸੁੱਰਖਿਆ ਪਿਆ ਹੈ ।[2] ਉਪਰੋਕਤ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਗਈ ਕੀਰਤਨ ਪ੍ਰਣਾਲੀ ਨੂੰ ਗੁਰੂ ਤੇਗ ਬਹਾਦਰ ਜੀ

---

1. ਭਾਈ ਕਾਨ੍ਹ ਸਿੰਘ ਨਾਭਾ : ਗੁਰਸ਼ਬਦ ਰਤਨਾਕਰ ਮਹਾਨਕੋਸ਼ ; ਪੰਨਾ 500.
2. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ ; ਪੰਨਾ 286.

ਨੇ ਦੂਰ ਦੁਰਾਡੇ ਲੋਕਾਈ ਤੱਕ ਸੰਚਾਰਿਤ ਕੀਤਾ ।

## ਗੁਰੂ ਗੋਬਿੰਦ ਸਿੰਘ ਜੀ

ਗੁਰੂ ਸਾਹਿਬ ਹਿੰਦੀ ਫ਼ਾਰਸੀ ਬ੍ਰਿਜ ਭਾਸ਼ਾ ਦੇ ਵਿਦਵਾਨ ਕਵੀ ਸੰਗੀਤਕਾਰ ਅਤੇ ਸੰਤ ਸਿਪਾਹੀ ਸਨ ਸੰਗੀਤ ਕਲਾ ਦੀ ਡੂੰਘੀ ਜਾਣਕਾਰੀ ਇਹਨਾਂ ਨੂੰ ਗੁਰਗੱਦੀ ਦੇ ਨਾਲ ਹੀ 1675 ਈ. ਵਿਰਸੇ ਵਿਚ ਪ੍ਰਾਪਤ ਹੋਈ । ਇਹਨਾਂ ਦੀਆਂ ਰਚਨਾਵਾਂ ਵਿਚ ਅਨੇਕਾਂ ਪ੍ਰਭਾਸ਼ਿਕ ਸ਼ਬਦ ਅਤੇ ਸਾਜ ਅਤੇ ਨਿਰਤ ਦੀਆਂ ਸ਼ਬਦਾਵਲੀਆਂ ਉਪਲੱਬਧ ਹਨ । 6 ਰਾਗਾਂ ਵਿੱਚ ਆਪ ਜੀ ਦੇ 18 ਸ਼ਬਦ ਉਪਲੱਬਧ ਹਨ । ਸੰਗੀਤ ਵਿਦਵਾਨ ਇਹਨਾਂ ਦੇ ਪ੍ਰਯੋਗ ਕੀਤੇ ਗਏ ਤਿਲੰਗ ਕਾਫੀ ਰਾਗ ਦੀ ਮਹਾਨਤਾ ਸਿਮਰਤ ਰਾਗ ਤੋਂ ਇਲਾਵਾ ਦੋ ਵੱਖਰੇ ਵੱਖਰੇ ਰਾਗਾਂ ਵਿਚ ਵੀ ਮੰਨਦੇ ਹਨ । ਇਹਨਾਂ ਦੀਆਂ ਇਸ ਤੋਂ ਇਲਾਵਾ ਵੀ ਅਨੇਕਾਂ ਰਚਨਾਵਾਂ ਲੋਕਪ੍ਰਿਅ ਹਨ ਜਿਵੇਂ ਚੰਡੀ ਦੀ ਵਾਰ ਅਤੇ ਜਫਰਨਾਮਾ ਆਦਿ, ਦਸਮ ਗ੍ਰੰਥ ਵਿਚੋਂ ਬਹੁਤ ਸਾਰੀਆਂ ਰਚਨਾਵਾਂ ਵੀ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਆਉਂਦੀਆਂ ਹਨ । ਗੁਰੂ ਸਾਹਿਬ ਦੇ ਦਰਬਾਰ ਵਿਚ 52 ਕਵੀ ਸਨ ਜੋ ਗੁਰਮਤਿ ਸੰਗੀਤ ਦੀ ਸਮਝ ਰਖਦੇ ਸਨ ਇਹਨਾਂ ਕਵੀਆਂ ਦੀਆਂ ਸੰਗੀਤਕ ਰਚਨਾਵਾਂ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਰਤਨ ਕ੍ਰਿਤ ਪ੍ਰੋ. ਪਿਆਰਾ ਸਿੰਘ ਪਦਮ ਦੀ ਪੁਸਤਕ ਵਿਚੋਂ ਉਪਲੱਬਧ ਹਨ ।

ਕੁਝ ਸਾਹਿਤਕਾਰਾਂ ਨੇ ਗੁਰੂ ਜੀ ਦੇ ਖਿਆਲ ਸ਼ਬਦ ਨੂੰ ਰਾਗ ਸਮਝਣ ਨੂੰ ਟਪਲਾ ਖਾਧਾ ਹੈ ਪਰੰਤੂ ਵਾਸਤਵ ਵਿਚ ਇਹ ਰਾਗ ਨਹੀਂ । ਖਿਆਲ ਗਾਇਨ (ਸ਼ਾਸਤਰੀ) ਸ਼ੈਲੀ ਆਧੁਨਿਕ ਸੰਗੀਤ ਦੀ ਲੋਕਪ੍ਰਿਅ ਸ਼ੈਲੀ ਹੈ ਇਸ ਦਾ ਨਿਰਮਾਣ 13ਵੀਂ 14ਵੀਂ ਸਦੀ ਵਿਚ ਹੋ

ਚੁੱਕਾ ਸੀ । ਗੁਰੂ ਜੀ ਦੇ ਕਾਲ ਵਿਚ ਇਹ ਸ਼ੈਲੀ ਇਕ ਨਵੀਨ ਸ਼ੈਲੀ ਦੇ ਰੂਪ ਵਿੱਚ ਲੋਕਪ੍ਰਿਅ ਹੋਈ ਸੀ ਸੋ ਇਹ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਸ਼ਾਸਤਰੀ ਸੰਗੀਤ (ਧਰੁਪਦ ਅਤੇ ਖਿਆਲ) ਅਤੇ ਲੋਕ ਸੰਗੀਤ (ਵਾਰ ਸੋਹਲੇ ਅਤੇ ਚੋਪਈ) ਸਭ ਦਾ ਸਫਲ ਪ੍ਰਯੋਗ ਕੀਤਾ[1] ਰਾਗਾਂ ਜਾਂ ਛੰਦਾਂ ਵਿਚ ਜੋ ਵੀ ਰਚਨਾ ਆਪ ਨੇ ਕੀਤੀ ਹੈ ਰਾਗਆਤਮਿਕਤਾ ਉਸ ਦੀ ਅਨੋਖੀ ਹੈ । ਰਸ ਰਾਗਆਤਮਿਕਤਾ ਕਰਕੇ ਹੈ । ਰਾਗਆਤਮਿਕਤਾ ਆਪ ਦੀ ਕਾਵਿ ਚਾਲ ਵਿਚ ਅਤੇ ਸ਼ਬਦਾਂ ਦੇ ਬੀੜਨ ਜੋੜਨ ਵਿਚ ਹੈ ।[2]

ਉਪਰੋਕਤ ਸ਼ਬਦਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਜੀ ਦੀਆਂ ਰਚਨਾਵਾਂ ਵਿਚ ਲੈਅ ਅਤੇ ਰਾਗ ਦੇ ਸੰਯੋਗ ਕਰਕੇ ਹੀ ਸਫਲ ਭਾਵ ਰਸ ਦੇ ਵਿਚ ਸੁੰਦਰ ਅਭਿਵਿਅਕਤੀ ਹੋਈ । ਸੰਪੂਰਨ ਕਾਵਿ ਵਿਚ ਰਾਗਆਤਮਿਕਤਾ ਛਾਈ ਹੋਈ ਹੈ । ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਸੈਨਾ ਨਾਇਕ, ਸੰਤ ਕਵੀ ਅਤੇ ਇਕ ਮਹਾਨ ਸੰਗੀਤਕਾਰ ਸਨ ।[3]

ਜਿਸ ਕੀਰਤਨ ਸੰਗੀਤ (ਗੁਰਮਤਿ ਸੰਗੀਤ) ਦੀ ਮਹਾਨ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਸਿੱਖ ਇਤਿਹਾਸ ਵਿਚ ਆਰੰਭ ਕੀਤਾ ਸੀ ਉਸ ਪਰੰਪਰਾ ਦਾ ਕ੍ਰਮਬੱਧ ਵਿਕਾਸ ਗੁਰੂ ਗੋਬਿੰਦ ਸਿੰਘ ਤੱਕ ਹੋਇਆ ਕੇਵਲ ਛੇਵੇਂ, ਸੱਤਵੇ, ਅੱਠਵੇਂ ਗੁਰੂ ਸਾਹਿਬਾਨ ਨੂੰ ਬਾਣੀ ਲਿਖਣ ਦਾ ਮੌਕਾ ਸਮੇਂ ਅਤੇ ਸਥਿਤੀ ਨੇ ਨਹੀਂ ਦਿੱਤਾ ਪਰ ਇਤਿਹਾਸਿਕ ਗਵਾਈਆਂ ਸਾਖੀ ਭਰਦੀਆਂ ਹਨ ਕਿ ਇਹਨਾਂ ਨੂੰ ਕੀਰਤਨ ਸੰਗੀਤ ਦੀ ਦਾਤ ਵਿਰਸੇ ਵਿਚ ਪ੍ਰਾਪਤ ਹੋਈ ਸੀ ਅਤੇ ਇਹਨਾਂ

---

1. ਡੀ.ਐਸ.ਨਰੂਲਾ (ਡਾ.): ਅਰਪਿਤਾ (ਕਾਲਜ ਪਤ੍ਰਿਕਾ) 1974 ; ਪੰਨਾ 69.
2. ਤਾਰਨ ਸਿੰਘ (ਡਾ.) : ਦਸਮ ਗ੍ਰੰਥ ਰੂਪ ਅਤੇ ਰਸ ; ਪੰਨਾ 28.
3. ਡੀ.ਐਸ.ਨਰੂਲਾ : ਉਚੇਰ ਸੰਗੀਤ ਨਿਬੰਧ ; ਪੰਨਾ 145.

ਦੇ ਦਰਬਾਰਾਂ ਵਿਚ ਨਿੱਤ ਪ੍ਰਤੀ ਕੀਰਤਨ ਹੁੰਦਾ ਸੀ । ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿਚ ਰਾਗੀਆਂ ਦਾ ਸਨਮਾਨ ਕੀਤੇ ਜਾਣ ਦੇ ਹਵਾਲੇ ਵੀ ਮਿਲਦੇ ਹਨ । ਕਵੀ ਸੰਤੋਖ ਸਿੰਘ ਜੀ ਇਸ ਬਾਰੇ ਲਿਖਦੇ ਹਨ :

ਇਤਆਦਿਕ ਨਿਤ ਖਰਚ ਕੋ
ਕਛੁ ਤੋਟ ਨ ਆਵੈ
ਗਾਇ ਰਬਾਬੀ ਪੁੰਜ ਸਦ
ਸੋ ਧਨ ਗਨ ਪਾਏ [1]

ਇਸੇ ਤਰ੍ਹਾਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਟਾਈਮ ਤੇ ਰਾਗੀ ਪਰੰਪਰਾ ਦੇ ਨਾਲ ਢਾਡੀ ਪਰੰਪਰਾ ਦਾ ਵਰਨਣ ਮਿਲਦਾ ਹੈ ਦਰਬਾਰ ਸਾਹਿਬ ਸ੍ਰੀ ਅਕਾਲ ਤਖਤ ਦੇ ਸਾਹਮਣੇ ਇਕ ਪਾਸੇ ਰਾਗੀ ਕੀਰਤਨ ਕਰਦੇ ਸਨ ਇਕ ਪਾਸੇ ਢਾਡੀ ਵਾਰਾਂ ਗਾਉਂਦੇ ਸਨ :

ਸੁਨ ਅਬੀਦੁਲ ਢਾਡੀ ਚਲ ਆਇਉ
ਭਏ ਸੁਭਟ ਤਿਨ ਕੋ ਜਸਿ ਗਾਇਉ ।
ਜਿਸ ਕੇ ਸੁਨਤ ਬੀਰ ਰਸ ਜਾਗੀ ।
ਕਾਇਰ ਸੋਭੀ ਲਰੈ ਨਾ ਭਾਗੈ । [2]

ਇਸ ਪ੍ਰਕਾਰ ਗੁਰਬਾਣੀ ਸੰਗੀਤ ਦਾ ਸਿੱਖ ਧਰਮ ਵਿਚ ਵਿਕਾਸ ਹੁਣ ਤਕ ਜਾਰੀ ਹੈਅਤੇ ਜਿਵੇਂ ਭਾਰਤੀ ਸੰਗੀਤ ਦੇ ਵਿਕਾਸ ਵਿਚ ਹੋਰ ਸ਼ੈਲੀਆਂ ਦਾ ਮਹੱਤਵਪੂਰਨ ਸਥਾਨ ਹੈ ਉਸ ਤਰ੍ਹਾਂ ਹੀ ਗੁਰਮਤਿ ਸੰਗੀਤ ਦਾ ਵੀ ਸਿੱਖ ਇਤਿਹਾਸ ਵਿਚ ਮਹੱਤਵ ਪੂਰਨ ਸਥਾਨ ਹੈ । ਕਿਉਂ

---

1. ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ : ਕਵੀ ਚੂੜਾ ਮਨੀ ਭਾਈ ਸੰਤੋਖ ਸਿੰਘ ; ਭਾਸ਼ਾ ਵਿਭਾਗ ਪੰਜਾਬ 1990-91, ਪੋਥੀ ਨੰ. 7 ਪੰਨਾ 2320.

2. -ਉਹੀ- ਪੋਥੀ ਨੰ. 7 ; ਪੰਨਾ 2413.

ਕਿ ਸਿੱਖ ਧਰਮ ਨੂੰ ਗੁਰਮਤਿ ਸੰਗੀਤ ਰਾਹੀਂ ਜ਼ਿਆਦਾ ਨੇੜੇ ਹੋ ਕੇ ਅਨੁਭਵ ਹੋ ਕੇ ਦੇਖਿਆ ਜਾ ਸਕਦਾ ਹੈ ।

ਜ਼ਿਆਦਾ ਵਿਸਥਾਰ ਦੇ ਡਰੋਂ ਰਾਗਾਂ ਤਾਲਾਂ ਅਤੇ ਪਰਿਭਾਸ਼ਕ ਸ਼ਬਦਾਂ ਦੀ ਜਾਣਕਾਰੀ ਇਸ ਅਧਿਆਏ ਵਿਚ ਨਹੀਂ ਦਿਤੀ ਗਈ ਪਰੰਤੂ ਸੰਪੂਰਨ ਗੁਰੂ ਕਾਲ ਦੀਆਂ ਵਿਸ਼ੇਸ਼-ਤਾਈਆਂ ਅਤੇ ਸਮਾਨਤਾਵਾਂ ਨੂੰ ਇਸੇ ਪ੍ਰਕਾਰ ਹੀ ਦੇਖਿਆ ਜਾ ਸਕਦਾ ਹੈ ।

ਔਰੰਗਜ਼ੇਬ ਬਾਦਸ਼ਾਹ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ ਜਿਸ ਨੇ ਸੰਗੀਤ ਉਤੇ ਪਾਬੰਦੀ ਲਗਾ ਦਿਤੀ ਅਤੇ ਸੰਗੀਤ ਦਾ ਪੂਰਨ ਰੂਪ ਵਿਚ ਇਸ ਕਾਲ ਦੇ ਅੰਦਰ ਵਿਕਾਸ ਨਾ ਹੋ ਸਕਿਆ । ਪ੍ਰੰਤੂ ਸੰਗੀਤ ਦੇ ਬੀਜ ਭਾਰਤੀ ਸੰਸਕ੍ਰਿਤੀ ਵਿਚ ਏਨੇ ਗਹਿਰੇ ਸਨ ਕਿ ਇਹਨਾਂ ਦੀ ਵਿਕਾਸਤਾ ਵਿਚ ਕੋਈ ਵੀ ਫਰਕ ਨਾ ਪਿਆ । ਔਰੰਗਜ਼ੇਬ ਨੇ ਅਠ ਸਾਲ ਸੰਗੀਤ ਦਾ ਖੂਬ ਆਨੰਦ ਮਾਣਿਆ । ਉਸ ਦੇ ਦਰਬਾਰ ਵਿਚ ਖੁਸ਼ਹਾਲ ਖਾਂ ਨੂੰ 'ਗੁਨ ਸਮੁੰਦਰ ਖਾਂ' ਅਤੇ ਕ੍ਰਿਪਾ ਨੂੰ "ਮ੍ਰਿਦੰਗ ਰਾਏ" ਦੀ ਉਪਾਧੀ ਨਾਲ ਸਨਮਾਨਿਤ ਕੀਤਾ[1] ਬਾਦਸ਼ਾਹ ਦੇ ਕਾਲ ਵਿੱਚ ਸੰਗੀਤ ਪਰੀਜਾਤ, ਅਨੂਪ ਵਿਲਾਸ ਆਦਿ ਗ੍ਰੰਥ ਲਿਖੇ ਗਏ ਜਿਸ ਤੋਂ ਭਾਰਤੀ ਸੰਗੀਤ ਨੂੰ ਕਈ ਨਵੀਆਂ ਸੇਧਾਂ ਪ੍ਰਾਪਤ ਹੋਇਆ ।[2]

ਇਸ ਤਰ੍ਹਾਂ ਸਿੱਖ ਇਤਿਹਾਸ ਵਿਚ ਗੁਰਮਤਿ ਸੰਗੀਤ ਦਾ ਮਹੱਤਵ ਪੂਰਨ ਸਥਾਨ ਬਣਦਾ ਹੈ ਕਿਉਂਕਿ ਗੁਰੂ ਸਾਹਿਬ ਨੇ ਖ਼ਾਲਸਾ ਦੇ ਆਦੇਸ਼ ਨੂੰ ਲੋਕਾਈ ਤੱਕ ਪਹੁੰਚਾਉਣ ਲਈ ਜੋ

---

1. ਆਚਾਰੀਆ ਬ੍ਰਹਸਪਤੀ : <u>ਸੰਗੀਤ ਚਿੰਤਾਮਣੀ</u> ; ਪੰਨਾ 288.
2. ਯੋਗੇਂਦਰ ਪਾਲ ਸ਼ਰਮਾ, ਬਚਿੱਤਰ ਸਿੰਘ : <u>ਭਾਰਤੀ ਸੰਗੀਤ ਕਾ ਇਤਿਹਾਸ</u> ; ਪੰਨਾ 49.

ਪਰੰਪਰਾ ਉਜਾਗਰ ਕੀਤੀ ਉਸ ਦਾ ਪੂਰਨ ਰੂਪ ਵਿਚ ਵਿਧੀਵਤ ਵਿਕਾਸ ਹੋਇਆ ਨਵੇਂ ਨਵੇਂ ਰਾਗ, ਗੁਰਮਤਿ ਦੇ ਸੰਗੀਤਕਾਰ ਦਾ ਵੀ ਵਿਕਸਤ ਰੂਪ ਵਿਚ ਵਿਕਾਸ ਹੋਇਆ ਇਕ ਨਵੀਂ ਪਰੰਪਰਾ ਗੁਰਮਤਿ ਸੰਗੀਤ ਵਜੋਂ ਹੋਂਦ ਵਿਚ ਆਈ ਜਿਸ ਨੂੰ ਸਭ ਨੇ ਅਪਣਾਇਆ ਜਿਸ ਕਾਰਨ ਸਿੱਖ ਇਤਿਹਾਸ ਵਿਚ ਗੁਰਮਤਿ ਸੰਗੀਤ ਦਾ ਇਕ ਸਤਿਕਾਰਯੋਗ ਸਥਾਨ ਬਣਦਾ ਹੈ ।

# ਅਧਿਆਇ ਪੰਜਵਾਂ

## ਗੁਰਮਤਿ ਸੰਗੀਤ ਦਾ ਇਤਿਹਾਸਿਕ ਵਿਕਾਸ

ਪੂਰਵਲੇ ਅਧਿਆਵਾਂ ਵਿੱਚ ਅਸੀਂ ਭਾਰਤੀ ਸੰਗੀਤ ਦੇ ਸੰਦਰਭ ਵਿੱਚ ਗੁਰਮਤਿ ਸੰਗੀਤ ਸਬੰਧੀ ਸੁਤੰਤਰ ਵਿਚਾਰ ਅਤੇ ਵਿਸ਼ਲੇਸ਼ਣ ਦਾ ਜਤਨ ਕੀਤਾ ਹੈ । ਭਾਰਤੀ ਸੰਗੀਤ ਦੇ ਇਤਿਹਾਸਿਕ ਵਿਕਾਸ ਵਿੱਚ ਗੁਰਮਤਿ ਸੰਗੀਤ ਦਾ ਕਾਲ ਇੱਕ ਅਹਿਮ ਤੇ ਵਿਸ਼ਿਸ਼ਟ ਕੜੀ ਹੈ । ਇਸ ਤਰ੍ਹਾਂ ਗੁਰਮਤਿ ਸੰਗੀਤ ਪ੍ਰਬੰਧ ਦੇ ਮੌਲਿਕ ਸਰੂਪ ਦੇ ਇਤਿਹਾਸਿਕ ਵਿਕਾਸ ਨੂੰ ਕ੍ਰਮਵਾਰ ਵਿਸ਼ਲੇਸ਼ਤ ਕਰਨਾ ਅਤੇ ਇਸ ਦੀ ਪਹਿਚਾਣ ਨੂੰ ਸਾਬਤ ਕਰਨ ਦਾ ਜਤਨ ਸਾਡੇ ਇਸ ਖੋਜ ਕਾਰਜ ਦਾ ਮਨੋਰਥ ਹੈ ਜਿਸ ਦੀ ਪੂਰਤੀ ਲਈ ਇਸ ਅਧਿਆਇ ਵਿੱਚ ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਨੂੰ ਵਿਸ਼ਲੇਸ਼ਤ ਕਰਨ ਦਾ ਅਸੀਂ ਜਤਨ ਕਰ ਰਹੇ ਹਾਂ ।

ਗੁਰਮਤਿ ਸੰਗੀਤ ਦੇ ਪਰਿਚਯ ਤੋਂ ਸਪਸ਼ਟ ਹੈ ਕਿ ਇਸ ਪਰੰਪਰਾ ਦਾ ਪ੍ਰਬੰਧ ਜਾਂ ਸਿਧਾਂਤਕ ਅਧਾਰ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੁੰਦਾ ਹੈ ਅਤੇ ਵਰਤਮਾਨ ਪਰਿਪੇਖ ਵਿਚੋਂ ਇਹ ਉਚਿਤ ਤੇ ਲਾਜ਼ਮੀ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਬੰਧ ਨੂੰ ਅਧਾਰ ਬਣਾ ਕੇ ਹੀ ਗੁਰਮਤਿ ਸੰਗੀਤ ਸਬੰਧੀ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਕਰੀਏ । ਇਸ ਸਬੰਧ ਵਿੱਚ ਸਾਡੇ ਕੋਲ ਗੁਰਮਤਿ ਸੰਗੀਤ ਦਾ ਇੱਕ ਸਿਧਾਂਤਕ ਪੱਖ ਉਜਾਗਰ ਹੋ ਰਿਹਾ ਹੈ ਅਤੇ ਦੂਜੇ ਪਾਸੇ ਇਸ ਦਾ ਵਿਸ਼ਾਲ ਵਿਵਹਾਰਿਕ ਪੱਖ ਸਾਡੇ ਸਾਹਮਣੇ ਸਪੱਸ਼ਟ ਹੈ ।

ਸਿਧਾਂਤਕ ਪੱਖ ਜਿਵੇਂ ਕਿ ਅਸੀਂ ਵਰਣਨ ਕਰ ਆਏ ਹਾਂ/ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਪਿਤ ਗੁਰਮਤਿ ਸੰਗੀਤ ਪ੍ਰਬੰਧ 'ਤੇ ਅਧਾਰਿਤ ਹੈ ਜਿਸ ਦਾ ਵਰਣਨ ਅਸੀਂ ਗੁਰਮਤਿ ਸੰਗੀਤ ਪਰਿਚਯ ਨਾਮਕ ਅਧਿਆਇ ਵਿੱਚ ਕੀਤਾ ਹੈ । ਇਸ ਸਿਧਾਤਕ ਪੱਖ ਨੂੰ ਇਤਿਹਾਸਿਕ ਦ੍ਰਿਸ਼ਟੀ ਤੋਂ ਵਾਚੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਅਤੇ ਸੰਪਾਦਨ ਉਪਰੰਤ ਹੀ ਇਹ

ਸੰਗੀਤ ਪ੍ਰਬੰਧ ਸੰਭਵ ਹੋ ਸਕਿਆ । ਇਸ ਲਈ ਇਸ ਦੇ ਸਿਧਾਂਤਕ ਅਤੇ ਵਿਵਹਾਰਿਕ ਪੱਖ ਨੂੰ ਇਤਿਹਾਸਿਕ ਰੂਪ ਵਿੱਚ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਸਮਝਣਾ ਅਨੁਵਾਰੇ ਹੈ । ਇਸ ਮੰਤਵ ਦੀ ਪੂਰਤੀ ਲਈ ਅਸੀਂ ਸਰਬ ਪ੍ਰਥਮ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਬਾਣੀ ਦੇ ਸੰਕਲਨ, ਬਾਣੀਕਾਰਾਂ ਬਾਰੇ ਇਤਿਹਾਸਿਕ ਕ੍ਰਮ ਵਿੱਚ ਵਰਣਨ ਕਰਾਂਗੇ ਉਪਰੰਤ ਇਸ ਬਾਣੀ ਤੋਂ ਪ੍ਰਗਟ ਹੋਣ ਵਾਲੇ ਸਿਧਾਂਤਕ ਅਧਾਰ ਦੇ ਇਤਿਹਾਸਿਕ ਪਰਿਪੇਖ ਨੂੰ ਵਿਚਾਰਿਆ ਜਾਵੇਗਾ । ਬਾਣੀ ਦਾ ਇਕੱਤਰੀ-ਕਰਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਜਿਹਾ ਕਿ ਇਤਿਹਾਸ ਤੋਂ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਰਕੇ 1604 ਈ: ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ ।

ਗੁਰੂ ਅਰਜਨ ਦੇਵ ਜੀ ਤੋਂ ਪੂਰਬ ਚਾਰ ਗੁਰੂ ਸਾਹਿਬਾਨ ਅਤੇ ਹੋਰ ਸੰਤ ਭਗਤ ਕਵੀ ਹੋਏ । ਉਨ੍ਹਾਂ ਆਪਣੇ ਤੋਂ ਪੂਰਬਕਾਲੀਨ ਅਤੇ ਸਮਕਾਲੀਨ ਅਧਿਆਤਮਿਕ ਸਾਧਨਾਂ ਦੀ ਬਾਣੀ ਨੂੰ ਇਕੱਤਰ ਕੀਤਾ । ਇਸ ਬਾਣੀ ਨੂੰ ਗੁਰਮਤਿ ਸੰਗੀਤ ਦੇ ਅਨੁਕੂਲ ਨਿਰਖ, ਪਰਖ, ਵਿਚਾਰ ਅਤੇ ਚਿੰਤਨ ਉਪਰੰਤ ਸੰਕਲਨ ਤੇ ਸੰਪਾਦਨ ਦਾ ਕਾਰਜ ਹੋਇਆ ਜਿਹੜਾ ਕਿ ਮੱਧ-ਕਾਲੀਨ ਅਧਿਆਤਮਿਕ ਚਿੰਤਨ ਵਿੱਚ ਵਿਗਿਆਨਿਕ ਸਰੂਪ ਰੱਖਦਾ ਸੀ । ਇਸ ਬੀੜ ਨੂੰ ਤਿਆਰ ਕਰਨ ਲਈ ਗੁਰੂ ਸਾਹਿਬ ਨੇ ਭਾਈ ਗੁਰਦਾਸ ਜੀ ਦੀਆਂ ਸੇਵਾਵਾਂ ਬਤੌਰ ਲਿਖਾਰੀ ਲਈਆਂ । ਭਾਈ ਗੁਰਦਾਸ ਜੀ ਆਪਣੇ ਸਮੇਂ ਦੇ ਗੁਰਬਾਣੀ ਗਿਆਤਾ ਅਤੇ ਉੱਚ ਕੋਟੀ ਦੇ ਵਿਦਵਾਨ ਕਵੀ ਸਨ । ਆਪ ਦੀ ਬਾਣੀ ਨੂੰ ਗੁਰੂ ਸਾਹਿਬ ਨੇ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਨ ਦਿੱਤਾ ਹੈ । ਇਸ ਤੋਂ ਇਲਾਵਾ ਬਾਬਾ ਬੁੱਢਾ ਜੀ ਵਰਗੇ ਸਿਰਕਰੀ ਗੁਰਸਿੱਖ

ਵੀ ਇਸ ਕਾਰਜ ਵਿੱਚ ਗੁਰੂ ਸਾਹਿਬ ਦੇ ਸੰਗ ਸਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮੁੱਖ ਉਦੇਸ਼ ਗੁਰਬਾਣੀ ਨੂੰ ਨਿਰੋਲ ਅਤੇ ਮੂਲ ਰੂਪ ਵਿੱਚ ਸੁਰੱਖਿਅਤ ਕਰਨਾ ਅਤੇ ਸਿੱਖ ਧਰਮ ਨੂੰ ਚਿਰ-ਸਥਾਈ ਰੱਖਣ ਲਈ ਇੱਕ ਧਾਰਮਿਕ ਅਤੇ ਨਿਵੇਕਲੀ ਸੰਸਥਾ ਦੇ ਰੂਪ ਵਿੱਚ ਸਥਾਪਿਤ ਕਰਨਾ ਸੀ । ਇਸ ਦੇ ਨਾਲ ਗੁਰੂ ਸਾਹਿਬਾਨ ਨੇ ਅਜਿਹੇ ਧਰਮ ਗ੍ਰੰਥ ਦੀ ਸੰਪਾਦਨਾ ਜਿਸ ਨੂੰ ਵਿਸ਼ਵ ਵਿੱਚ ਅਦੁੱਤੀ ਸਥਾਨ ਪ੍ਰਾਪਤ ਹੈ । ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਪਹਿਲਾ ਗ੍ਰੰਥ ਹੈ ਜਿਸ ਨੂੰ ਧਰਮ ਗੁਰੂ ਨੇ ਆਪ ਸੰਕਲਿਤ ਕਰਕੇ ਧਰਮ ਗ੍ਰੰਥ ਸਥਾਪਤ ਕੀਤਾ । ਆਮ ਕਰਕੇ ਧਾਰਮਿਕ ਆਗੂਆਂ ਦੇ ਵਿਚਾਰ ਅਤੇ ਬਾਣੀ ਉਨ੍ਹਾਂ ਦੇ ਅਨੁਯਾਈਆਂ ਦੁਆਰਾ ਸੰਭਾਲੀ ਜਾਂਦੀ ਰਹੀ ਹੈ ਤੇ ਇਸ ਲਈ ਉਸ ਵਿੱਚ ਸਮੇਂ ਦੇ ਅੰਤਰ ਨਾਲ ਤਬਦੀਲੀ ਆਉਂਦੀ ਗਈ । ਕੁਝ ਅਨੁਯਾਈਆਂ ਵਲੋਂ ਵੀ ਆਪਣੀਆਂ ਰਚਨਾਵਾਂ ਮਿਲਾਉਣ ਕਰਕੇ ਉਹ ਲੋਕਾਂ ਤੱਕ ਸ਼ੁੱਧ ਰੂਪ ਵਿੱਚ ਨਹੀਂ ਸਨ ਪਹੁੰਚਦੀਆਂ । ਗੁਰੂ ਅਰਜਨ ਦੇਵ ਜੀ ਨੇ ਆਪਣੀ ਦੂਰ-ਦਰਿਸ਼ਟਤਾ ਦੁਆਰਾ ਅਤੇ ਕੁੱਝ ਉਸ ਵੇਲੇ ਪ੍ਰਿਥੀ ਚੰਦ ਵਲੋਂ ਕੀਤੇ ਜਾ ਰਹੇ ਕੋਝੇ ਯਤਨਾਂ ਕਰਕੇ ਇਸ ਖ਼ਤਰੇ ਨੂੰ ਅਨੁਭਵ ਕਰ ਲਿਆ ਸੀ । ਇਸ ਲਈ ਉਨ੍ਹਾਂ ਨੇ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਵਰਗੇ ਗੁਰਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਲਈ ਸਹਿਯੋਗੀ ਬਣਾਇਆ ।

## ਬਾਣੀ ਇਕੱਠੀ ਕਿਵੇਂ ਕੀਤੀ ਗਈ

ਗੁਰੂ ਬਾਣੀ ਨੂੰ ਇੱਕ ਥਾਂ ਸੰਕਲਿਤ ਕਰਨ ਦਾ ਫੈਸਲਾ ਹੋ ਜਾਣ ਤੇ ਸਭ ਤੋਂ ਵੱਡਾ ਕਾਰਜ ਬਾਣੀ ਨੂੰ ਇਕੱਠਿਆਂ ਕਰਨਾ ਸੀ । ਪਹਿਲੇ ਚਾਰ ਗੁਰੂ ਸਾਹਿਬਾਨ ਦੀ

ਬਾਣੀ ਤਾਂ ਕ੍ਰਮਵਾਰ ਗੁਰੂ ਸਾਹਿਬ ਤੱਕ ਪਹੁੰਚਦੀ ਰਹੀ ਸੀ । ਕਿਉਂ ਕਿ ਪਹਿਲੇ ਗੁਰੂ ਸਾਹਿਬਾਨ ਨੇ ਆਪਣੀਆਂ ਰਚਨਾਵਾਂ ਨੂੰ ਆਪ ਲਿਖ ਕੇ ਪੋਥੀ ਦੇ ਰੂਪ ਵਿੱਚ ਆਪਣੇ ਕੋਲ ਰੱਖਣ ਦੀ ਪਿਰਤ ਪਾਈ[1] । ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਲਿਖਤੀ ਰਚਨਾਵਾਂ ਦੀ ਕਿਤਾਬ ਹਮੇਸ਼ਾਂ ਆਪਣੇ ਕੋਲ ਹੁੰਦੀ ਸੀ ਜਿਸ ਬਾਰੇ ਭਾਈ ਗੁਰਦਾਸ ਲਿਖਦੇ ਹਨ :

'ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾਧਾਰੀ'[2] ।

ਪੁਰਾਤਨ ਜਨਮ ਸਾਖੀ ਅਨੁਸਾਰ ਇਹ ਪੋਥੀ ਅਤੇ ਸਾਰਾ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਸਮੇਂ ਪ੍ਰਾਪਤ ਹੋਈ । ਗੁਰੂ ਅੰਗਦ ਦੇਵ ਜੀ ਨੇ ਆਪਣੀਆਂ ਰਚਨਾਵਾਂ ਸਾਹਿਤ ਇਹ ਪੋਥੀ ਗੁਰੂ ਅਮਰਦਾਸ ਜੀ ਨੂੰ ਬਖਸ਼ੀ । ਇਸ ਪ੍ਰਕਾਰ ਗੁਰੂ ਅਮਰਦਾਸ ਜੀ ਤੋਂ ਉਨ੍ਹਾਂ ਦੀ ਆਪਣੀ ਬਾਣੀ ਸਮੇਤ ਗੁਰੂ ਰਾਮਦਾਸ ਜੀ ਨੂੰ ਪ੍ਰਾਪਤ ਹੋਈ ਅਤੇ ਚੌਹਾਂ ਗੁਰੂ ਸਾਹਿਬਾਨ ਦੀ ਬਾਣੀ ਗੁਰਗੱਦੀ ਦੀਆਂ ਹੋਰ ਜ਼ਰੂਰੀ ਚੀਜ਼ਾਂ ਦੇ ਨਾਲ-ਨਾਲ ਗੁਰੂ ਅਰਜਨ ਦੇਵ ਜੀ ਤੱਕ ਪਹੁੰਚੀ । ਸ੍ਰ. ਰਣਧੀਰ ਸਿੰਘ ਜੀ ਅਨੁਸਾਰ ਹਰ ਜੋਤਿ ਜਾਮੇ ਸਮੇਂ ਜਿੰਦੀ ਸੰਤਾਨ ਨੇ ਦੇਸਾਚਾਰ ਅਨੁਸਾਰ ਵਿਰਸੇ ਵਿੱਚ ਗੁਰਗੱਦੀ ਮੱਲਣ ਦੇ ਹੀਲੇ ਕੀਤੇ ਇਸ ਲਈ ਉਨ੍ਹਾਂ ਨੇ ਹੋਰ ਪੋਥੀਆਂ ਦੇ ਉਤਾਰੇ ਵੀ ਕੀਤੇ ਕਰਾਏ ਸਨ । ਜਿਨ੍ਹਾਂ ਵਿਚੋਂ ਬਾਬਾ ਮੋਹਨ ਜੀ ਵਾਲੀਆਂ ਸੈਂਚੀਆਂ ਅਤੇ ਪ੍ਰਿਥੀ ਚੰਦ ਵਾਲੀ 'ਪੋਥੀ ਸਾਹਿਬ' ਆਮ ਪ੍ਰਸਿੱਧ ਹੈ[3] ।

---

1. ਰਣਧੀਰ ਸਿੰਘ : ਗੁਰੂ ਅਰਜਨ ਜੀਵਨ ਅਤੇ ਰਚਨਾ , ਪੰਨਾ 15-16
2. ਵਾਰਾਂ ਭਾਈ ਗੁਰਦਾਸ , ਵਾਰ ੧, ਪਉੜੀ 32 , ਪੰਨਾ 38
3. ਰਣਧੀਰ ਸਿੰਘ : ਗੁਰੂ ਅਰਜਨ ਜੀਵਨ ਅਤੇ ਰਚਨਾ , ਪੰਨਾ 17

ਭਾਈ ਸੰਤੋਖ ਸਿੰਘ[1] ਅਤੇ ਮੈਕਾਲਿਫ[2] ਅਨੁਸਾਰ ਇਹ ਪੋਥੀਆਂ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਮੋਹਨ ਜੀ ਕੋਲ ਸਨ । ਬਾਬਾ ਮੋਹਨ ਜੀ ਗੋਇੰਦਵਾਲ ਰਹਿੰਦੇ ਸਨ । "ਉਹ ਸਤਿਗੁਰੂ ਜੀ ਦੀਆਂ ਬਾਣੀ ਦੀਆਂ ਪੋਥੀਆਂ ਕਿਸੇ ਨੂੰ ਨਹੀਂ ਸਨ ਦਿੰਦੇ । ਉਹ ਉਨ੍ਹਾਂ ਪੋਥੀਆਂ ਨੂੰ ਪੂਜਦੇ ਅਤੇ ਸਤਿਕਾਰਦੇ ਸਨ । ਬਾਣੀ ਨੂੰ ਪੜ੍ਹਦੇ ਹੋਏ ਪ੍ਰੇਮ ਵਿੱਚ ਦੀਵਾਨੇ ਹੋ ਜਾਇਆ ਕਰਦੇ ਸਨ"[3] । ਗੁਰੂ ਸਾਹਿਬ ਨੇ ਪਹਿਲਾਂ ਉਨ੍ਹਾਂ ਕੋਲ ਭਾਈ ਗੁਰਦਾਸ ਜੀ ਨੂੰ ਭੇਜਿਆ ਫਿਰ ਬਾਬਾ ਬੁੱਢਾ ਜੀ ਨੂੰ ਪਰ ਬਾਬਾ ਮੋਹਨ ਜੀ ਨੇ ਸੈਂਚੀਆਂ ਦੇਣ ਤੋਂ ਇਨਕਾਰ ਕਰ ਦਿੱਤਾ । ਫਿਰ ਗੁਰੂ ਸਾਹਿਬ ਆਪ ਅੰਮ੍ਰਿਤਸਰ ਤੋਂ ਨੰਗੇ ਪੈਰੀਂ ਗੋਇੰਦਵਾਲ ਗਏ ਅਤੇ ਬਾਬਾ ਮੋਹਨ ਜੀ ਦੇ ਚੁਬਾਰੇ ਹੇਠਾਂ ਆ ਕੇ ਪਹਿਲਾਂ ਬੁਲਾਇਆ ਪਰ ਜਵਾਬ ਨਾ ਦੇਣ ਤੇ ਉਥੇ ਥੱਲੇ ਹੀ ਬੈਠ ਕੇ ਸ਼ਬਦ ਉਚਾਰਨ ਕੀਤਾ :-

"ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ॥

ਇਸ ਵਿੱਚ 'ਮੋਹਨ' ਸ਼ਬਦ ਪ੍ਰਮਾਤਮਾ ਲਈ ਹੀ ਵਰਤਿਆ ਗਿਆ ਹੈ ਪਰ ਇਹ ਮੰਨਿਆ ਜਾਂਦਾ ਹੈ ਕਿ ਇਸ ਸ਼ਬਦ ਦਾ ਉਚਾਰਨ ਬਾਬਾ ਮੋਹਨ ਦੇ ਚੁਬਾਰੇ ਹੇਠਾਂ ਬੈਠ ਕੇ ਕੀਤਾ ਗਿਆ । ਗੁਰੂ ਜਸ ਸੁਣ ਕੇ ਆਪ ਜੀ ਦੀ ਮਧੁਰ ਅਵਾਜ਼ ਵਿੱਚ ਗਾਇਨ ਕੀਤੇ ਹੋਏ

---

1. ਭਾਈ ਸੰਤੋਖ ਸਿੰਘ : ਗੁਰਪ੍ਰਤਾਪ ਸੂਰਜ ਗ੍ਰੰਥ , ਪੰਨਾ 1023
2. M.A.Macauliffe : The Sikh Religion, Vol.3 ; page 55.
3. ਗਿਆਨੀ ਗਿਆਨ ਸਿੰਘ : ਤਵਾਰੀਖ ਗੁਰੂ ਖਾਲਸਾ , ਪੰਨਾ 240

ਸੁਪਨ ਦੁਆਰਾ ਬਾਬਾ ਮੋਹਨ ਜੀ ਪ੍ਰਭਾਵਿਤ ਹੋਏ ਤੇ ਖ਼ੁਸ਼ ਹੋ ਕੇ ਸੈਂਚੀਆਂ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤੀਆਂ । ਗੋਇੰਦਵਾਲ ਤੋਂ ਵਾਪਸ ਆਉਂਦੇ ਹੋਏ ਆਪ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਕੋਲ ਠਹਿਰੇ ਤੇ ਉਨ੍ਹਾਂ ਨੂੰ ਬੇਨਤੀ ਕਰਨ ਤੇ ਉਨ੍ਹਾਂ ਵੀ ਕੁੱਝ ਪੱਤਰੇ ਆਪ ਨੂੰ ਦਿੱਤੇ ਜਿਨ੍ਹਾਂ ਵਿੱਚ ਗੁਰੂ ਸਾਹਿਬ (ਗੁਰੂ ਅੰਗਦ ਦੇਵ) ਦੀ ਬਾਣੀ ਹੋਣੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਜਿਸ ਵਿੱਚ ਗੁਰੂ ਅੰਗਦ ਦੇਵ ਜੀ ਦੀ ਕਾਫ਼ੀ ਬਾਣੀ ਹੈ ਪਰ ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਵਿੱਚ ਇਹਨਾਂ ਬਾਣੀ ਬਹੁਤ ਘੱਟ ਹੈ ।

ਇਸ ਤੋਂ ਬਿਨ੍ਹਾਂ ਆਪ ਨੇ ਸਾਰੇ ਸਿੱਖਾਂ, ਮਸੰਦਾਂ ਅਤੇ ਹੋਰ ਸ਼ਰਧਾਲੂਆਂ ਵੱਲ ਸੁਨੇਹੇ ਭੇਜ ਦਿੱਤੇ ਕਿ ਜਿਸ ਕੋਲ ਵੀ ਗੁਰਬਾਣੀ ਦੀ ਲਿਖਤ ਹੋਵੇ ਉਹ ਅੰਮ੍ਰਿਤਸਰ ਭੇਜ ਦੇਵੇ ਜਾਂ ਜੇਕਰ ਕਿਸੇ ਨੂੰ ਜ਼ੁਬਾਨੀ ਯਾਦ ਸੀ ਤਾਂ ਉਹ ਲਿਖਵਾ ਜਾਵੇ । ਇਸ ਤਰ੍ਹਾਂ ਹੋਰ ਸੰਤਾਂ ਅਤੇ ਭਗਤਾਂ ਦੀ ਬਾਣੀ ਵੀ ਇਕੱਠੀ ਕੀਤੀ ਗਈ । ਉਹਨਾਂ ਨੇ ਭਾਈ ਪੈੜੇ ਨੂੰ ਗੁਰੂ ਨਾਨਕ ਜੀ ਦੁਆਰਾ ਪ੍ਰਾਣ ਸੰਗਲੀ ਲੈਣ ਲਈ ਲੰਕਾ ਭੇਜਿਆ[1] । ਸੰਤਾਂ ਅਤੇ ਭਗਤਾਂ ਦੀ ਕੁੱਝ ਬਾਣੀ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨਾਲ ਦਰਜ ਸੀ । ਗੁਰੂ ਨਾਨਕ ਦੇਵ ਜੀ ਨੇ ਤਕਰੀਬਨ ਸਾਰੇ ਭਾਰਤ ਦਾ ਦੌਰਾ ਕੀਤਾ ਸੀ ਅਤੇ ਇਸ ਦੌਰਾਨ ਉਨ੍ਹਾਂ ਨੂੰ ਮਿਲਣ ਵਾਲੀ ਭਗਤਾਂ ਦੀ ਬਾਣੀ ਉਨ੍ਹਾਂ ਦੀ ਪੋਥੀ ਵਿੱਚ ਲਿਖੀ ਜਾਂਦੀ ਰਹੀ । ਕਿਉਂ ਕਿ ਕੁਝ ਭਗਤਾਂ ਦੀ ਬਾਣੀ ਅਤੇ ਗੁਰੂ ਨਾਨਕ ਬਾਣੀ ਵਿੱਚ ਬਹੁਤ ਹੀ ਸਮਾਨਤਾ ਹੈ । ਜਿਵੇਂ :-

---

1. ਗਿਆਨੀ ਗਿਆਨ ਸਿੰਘ : ਤਵਾਰੀਖ਼ ਗੁਰੂ ਖ਼ਾਲਸਾ , ਪੰਨਾ 239

- ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ :- "ਮਨ ਜੀਤੇ ਜਗ ਜੀਤ" [1]
- ਕਬੀਰ ਜੀ ਦੀ ਬਾਣੀ ਵਿੱਚ :- "ਮਨ ਜੀਤੈ ਜਗ ਜੀਤਿਆ" [2] ਹੈ

ਇਸੇ ਪ੍ਰਕਾਰ ਗੁਰਬਾਣੀ ਵਿੱਚ :- "ਜੋ ਬ੍ਰਹਮੰਡੇ ਸੋਈ ਪਿੰਡੇ" [3]

- ਭਗਤ ਪੀਪਾ ਜੀ ਦੀ ਬਾਣੀ ਵਿੱਚ :- "ਜੋ ਬ੍ਰਹਮੰਡੇ ਸੋਈ ਪਿੰਡ" [4]
- ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ :- "ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ" [5] ਅਤੇ ਕਬੀਰ ਜੀ ਦੀ ਬਾਣੀ ਵਿੱਚ :- "ਬੇੜਾ ਬੰਧ ਨਾ ਸਕਿਓ ਬੰਧਨ ਕੀ ਵੇਲਾ" [6] ।

ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਗਤਾਂ ਦੀ ਬਾਣੀ ਗੁਰੂ ਸਾਹਿਬਾਨ ਪਾਸ ਮੌਜੂਦ ਸੀ । ਜੇਕਰ ਨਾ ਹੁੰਦੀ ਤਾਂ ਗੁਰਬਾਣੀ ਵਿੱਚ ਸਮਾਂਨਤਾ ਨਹੀਂ ਸੀ ਆ ਸਕਦੀ ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਅੰਗਦ ਦੇਵ ਜੀ ਪਾਸ ਮੌਜੂਦ ਸੀ ਜਿਸ ਦਾ ਪ੍ਰਮਾਣ ਉਨ੍ਹਾਂ ਦੀ ਬਾਣੀ ਵਿੱਚ ਪਹਿਲੇ ਗੁਰੂ ਸਾਹਿਬ ਦੇ ਖ਼ਿਆਲਾਂ ਦੀ ਝਲਕ ਦਾ ਮਿਲਣਾ

---

1. ਆਦਿ ਗ੍ਰੰਥ : ਜਪੁ , ਪੰਨਾ 6
2. ਆਦਿ ਗ੍ਰੰਥ : ਮਾਰੂ ਕਬੀਰ , ਪੰਨਾ 1033
3. ਆਦਿ ਗ੍ਰੰਥ : ਮਾਰੂ ਮਹਲਾ ੧ , ਪੰਨਾ 1041
4. ਆਦਿ ਗ੍ਰੰਥ : ਧਨਾਸਰੀ ਪੀਪਾ , ਪੰਨਾ 695
5. ਆਦਿ ਗ੍ਰੰਥ : ਸੂਹੀ ਮਹਲਾ ੧ , ਪੰਨਾ 728
6. ਆਦਿ ਗ੍ਰੰਥ : ਸੂਹੀ ਕਬੀਰ , ਪੰਨਾ 794

ਹੈ ਜਿਵੇਂ ਵਾਰ ਮਾਝ 17ਵੀਂ ਪਉੜੀ ਦੇ ਨਾਲ ਆਏ ਦੋਨੋਂ ਸਲੋਕ ਆਪਸ ਵਿੱਚ ਤੁਕਾਂਤ ਅਤੇ ਸ਼ਬਦਾਵਲੀ ਪੱਖੋਂ ਬਹੁਤ ਮਿਲਦੇ ਹਨ । ਜਿਵੇਂ :-

ਸਲੋਕ ਮਹਲਾ ੧

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ
ਸੇਈ ਪੂਰੇ ਸਾਹ ਵਖਤੇ ਉਪਰਿ ਲੜਿ ਮੁਏ ॥[1]

ਸਲੋਕ ਮਹਲਾ ੨

ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ।
ਅਠੀ ਪੂਰਾ ਪਾਇਆ ਰਹੰਨਿ ਇਕਤੈ ਰੰਗਿ ॥[2]

ਇਸ ਪ੍ਰਕਾਰ ਆਸਾ ਦੀ ਵਾਰ ਦੀ 22ਵੀਂ ਪਉੜੀ ਅਤੇ ਇਸ ਨਾਲ ਦੇ ਸਲੋਕਾਂ ਵਿੱਚ ਭਾਵਾਂ ਅਤੇ ਤੁਕਾਂਤ ਪੱਖੋਂ ਬਹੁਤ ਹੀ ਇਕਸਾਰਤਾ ਹੈ ਹਾਲਾਂ ਕਿ ਪਉੜੀ ਗੁਰੂ ਨਾਨਕ ਦੇਵ ਜੀ ਦੀ ਅਤੇ ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ । ਜਿਵੇਂ :-

ਪਉੜੀ

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥[3]

ਸਲੋਕ ਮਹਲਾ ੨

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ।
ਨਾਨਕ ਸੇਵਕੁ ਕਾਢੀਐ ਜੇ ਸੇਤੀ ਖਸਮ ਸਮਾਇ ॥[4]

---

1. ਆਦਿ ਗ੍ਰੰਥ : ਮਾਝ ਮਹਲਾ ੧ , ਪੰਨਾ 145
2. ਆਦਿ ਗ੍ਰੰਥ : ਮਾਝ ਮਹਲਾ 2 , ਪੰਨਾ 146
3. ਆਦਿ ਗ੍ਰੰਥ : ਆਸਾ ਮਹਲਾ ੧ , ਪੰਨਾ 474
4. ਆਦਿ ਗ੍ਰੰਥ : ਆਸਾ ਮਹਲਾ 2 , ਪੰਨਾ 475

ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਅੰਗਦ ਬਾਣੀ ਦੇ ਨਾਲ ਅਮਰਦਾਸ ਜੀ ਕੋਲ ਪਹੁੰਚੀ । ਕਿਉਂ ਕਿ ਗੁਰੂ ਅਮਰਦਾਸ **ਜੀ ਦੀਆਂ** ਰਚਨਾਵਾਂ ਅਤੇ ਪਹਿਲੇ ਗੁਰੂ ਸਾਹਿਬ ਦੀਆਂ ਰਚਨਾਵਾਂ ਆਪਸ ਵਿੱਚ ਮਿਲਦੀਆਂ ਹਨ ਜਿਵੇਂ ਆਸਾ ਰਾਗ ਵਿੱਚ ਦੋਹਾਂ ਗੁਰੂ ਸਾਹਿਬਾਨ ਨੇ 'ਪਟੀ' ਨਾਮ ਹੇਠ ਬਾਣੀ ਲਿਖੀ । ਵਡਹੰਸ ਰਾਗ ਵਿੱਚ ਦੋਹਾਂ ਨੇ ਅਲਾਹੁਣੀਆਂ ਨਾਮ ਹੇਠ ਬਾਣੀ ਉਚਾਰੀ । ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰਬਾਣੀ ਕ੍ਰਮ ਅਨੁਸਾਰ ਇੱਕ ਤੋਂ ਦੂਜੇ ਗੁਰੂ ਪਾਸ ਹੁੰਦੀ ਹੋਈ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ ਸੀ । ਕੁਝ ਸੈਂਚੀਆਂ ਬਾਬਾ ਮੋਹਨ ਜੀ ਪਾਸ ਵੀ ਸਨ ਜੋ ਗੁਰੂ ਸਾਹਿਬ ਨੇ ਆਪ ਜਾਕੇ ਪ੍ਰਾਪਤ ਕੀਤੀਆਂ । ਅਸਲ ਵਿੱਚ ਇਹ ਗੁਰਬਾਣੀ ਦਾ ਉਤਾਰਾ ਸਨ । ਗੁਰਬਾਣੀ ਨੂੰ ਲਿਖ ਕੇ ਸੰਭਾਲਣ ਦਾ ਕੰਮ ਪਹਿਲੇ ਗੁਰੂ ਸਾਹਿਬ ਤੋਂ ਹੀ ਆਰੰਭ ਹੋ ਚੁੱਕਾ ਸੀ ।

ਬਾਬਾ ਮੋਹਨ ਜੀ ਕੋਲੋਂ ਦੋ ਪੋਥੀਆਂ ਮਿਲੀਆਂ ਸਨ ਪਰ ਇਨ੍ਹਾਂ ਵਿੱਚ ਗੁਰੂ ਨਾਨਕ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਕਬੀਰ, ਨਾਮਦੇਵ, ਤਿਰਲੋਚਨ, ਸੈਣ, ਰਵਿਦਾਸ ਅਤੇ ਜੈਦੇਵ ਦੀ ਬਾਣੀ ਦਰਜ ਹੈ । ਪਰ ਆਕਾਰ ਵਿੱਚ ਕਾਫੀ ਘੱਟ ਹੈ । ਬਾਕੀ ਦੀ ਬਾਣੀ ਹੁਕਮਨਾਮਾਂ ਸੁਣ ਕੇ ਸਿੱਖ ਸ਼ਰਧਾਲੂ ਲੈ ਆਏ, ਕੁਝ ਲਿਖਵਾ ਰਹੇ । ਕੁਝ ਬਾਣੀ ਗੁਰੂ ਸਾਹਿਬ ਨੇ ਆਪ ਪ੍ਰਚਾਰ ਹਿਤ ਕੀਤੇ ਗਏ ਦੌਰਿਆਂ ਦੌਰਾਨ ਪ੍ਰਾਪਤ ਕੀਤੀ । ਭਾਈ ਬਖਤਾ ਅਰੋੜਾ ਗੁਰੂ ਘਰ ਦੇ ਸ਼ਰਧਾਲੂ ਸੀ । ਉਸ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਚੌਥੇ ਗੁਰੂ ਤੱਕ ਬਾਣੀ ਇਕੱਤਰ ਕਰਕੇ ਇੱਕ ਪੋਥੀ ਤਿਆਰ ਕੀਤੀ । ਉਹ ਵੀ ਪੋਥੀ ਨੂੰ ਗੁਰੂ ਜੀ ਪਾਸ ਲੈ ਆਇਆ[1] ।

---

1. ਗਿਆਨੀ ਤਿਰਲੋਕ ਸਿੰਘ : ਗੁਰੂ ਅਰਜਨ ਦੇਵ , ਪੰਨਾ 213

ਇਸ ਪ੍ਰਕਾਰ ਜਗ੍ਹਾ ਜਗ੍ਹਾ ਤੋਂ ਬੜੀ ਮਿਹਨਤ ਨਾਲ ਬਾਣੀ ਇਕੱਠੀ ਕਰਕੇ ਆਦਿ ਬੀੜ ਦਾ ਕੰਮ ਆਰੰਭਿਆ ਗਿਆ ।

ਬਾਣੀ ਦੀ ਤਰਤੀਬ

ਗੁਰੂ ਜੀ ਨੇ ਬਾਬਾ ਮੋਹਨ ਜੀ ਕੋਲੋਂ ਆਪ ਜਾ ਕੇ ਬਾਣੀ ਪ੍ਰਾਪਤ ਕੀਤੀ । ਕੁੱਝ ਅਜਿਹੀ ਬਾਣੀ ਸਿੱਖਾਂ ਨੂੰ ਦੂਰ ਦੁਰਾਡਿਉਂ ਭੇਜ ਕੇ ਮੰਗਵਾ ਲਈ ਜਿਸ ਨੂੰ ਸ਼ਰਧਾਲੂ ਸਿੱਖ ਗੁਰੂ ਘਰ ਦੀ ਬਾਣੀ ਸਮਝਦੇ ਸਨ ਅਤੇ ਉਨ੍ਹਾਂ ਪਿਛੋਂ ਨਾਨਕ ਸ਼ਬਦ ਦਾ ਪ੍ਰਯੋਗ ਹੁੰਦਾ ਸੀ । ਕੁਝ ਬਾਣੀ ਸਿੱਖਾਂ ਨੇ ਉੱਥੇ ਆ ਕੇ ਲਿਖਵਾ ਦਿੱਤੀ । ਭਗਤਾਂ ਦੀ ਕੁਝ ਬਾਣੀ ਤਾਂ ਆਪ ਨੂੰ ਕ੍ਰਮਵਾਰ ਗੁਰੂ ਸਾਹਿਬਾਨ ਦੁਆਰਾ ਸੰਭਾਲੀ ਹੋਈ ਮਿਲ ਗਈ ਅਤੇ ਕੁਝ ਆਪ ਨੇ ਉਸ ਸਮੇਂ ਦੇ ਭਗਤ ਸੰਪ੍ਰਦਾਇ ਦੇ ਅਨੁਯਾਈਆਂ ਨੂੰ ਸੁਨੇਹੇ ਭੇਜ ਕੇ ਮੰਗਵਾ ਲਈ । ਇਸ ਪ੍ਰਕਾਰ ਆਪ ਕੋਲ ਬਾਣੀ ਦਾ ਇੱਕ ਵੱਡਾ ਭੰਡਾਰ ਇਕੱਠਾ ਹੋ ਗਿਆ । ਹੁਣ ਆਪ ਕੋਲ ਮਹੱਤਵਪੂਰਨ ਕੰਮ ਗੁਰਬਾਣੀ ਨੂੰ ਵਿਧੀਵਤ-ਬੱਧ ਕਰਨ ਦਾ ਸੀ । ਇਸ ਤੋਂ ਪਹਿਲਾਂ ਆਪ ਨੇ ਆਪਣੀ ਅਨੁਪਮ ਸੂਝ ਬੂਝ ਦੁਆਰਾ ਸਾਰੀ ਬਾਣੀ ਦੀ ਪ੍ਰਮਾਣਿਕਤਾ ਨੂੰ ਜਾਂਚਿਆ, ਪਰਖਿਆ । ਭਗਤਾਂ ਦੀ ਬਾਣੀ ਨਾਲ ਜਿੱਥੇ ਆਪ ਨੂੰ ਮਤ-ਭੇਦ ਨਜ਼ਰੀ ਆਇਆ ਉੱਥੇ ਆਪ ਨੇ ਆਪਣੇ ਵਿਚਾਰ ਲਿਖ ਦਿੱਤੇ ।

ਗੁਰਬਾਣੀ ਨੂੰ ਤਰਤੀਬ ਦੇਣ ਲਈ ਕਈ ਗੱਲਾਂ ਦਾ ਧਿਆਨ ਰੱਖਿਆ ਗਿਆ। ਜਿਵੇਂ ਆਦਿ ਗ੍ਰੰਥ ਦੇ ਬਾਣੀਕਾਰ, ਬਾਣੀ ਦੇ ਪ੍ਰਕਾਰ, ਰਾਗ ਪ੍ਰਬੰਧ, ਸਿਰਲੇਖ ਪ੍ਰਬੰਧ ਆਦਿ । ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਕਿਸੇ ਜਾਤ-ਪਾਤ, ਧਰਮ ਜਾਂ ਸ਼੍ਰੇਣੀ

ਦਾ ਖਿਆਲ ਕੀਤਿਆਂ ਕੇਵਲ ਭਗਤੀ ਭਾਵਨਾ ਨੂੰ ਮੁੱਖ ਰੱਖਕੇ ਸਾਰੀ ਬਾਣੀ ਦਰਜ ਕੀਤੀ ਹੈ । ਆਦਿ ਗ੍ਰੰਥ ਦੇ ਬਾਣੀਕਾਰਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ ।" ਗੁਰੂ ਗ੍ਰੰਥ ਸਾਹਿਬ ਵਿੱਚ ਸੱਤ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ਜਿਵੇਂ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ । ਕਈ ਵਿਦਵਾਨ ਗੁਰੂ ਹਰਗੋਬਿੰਦ ਜੀ ਨੂੰ ਵੀ ਬਾਣੀਕਾਰ ਮੰਨਦੇ ਹਨ । ਉਨ੍ਹਾਂ ਅਨੁਸਾਰ ਛੇਵੇਂ ਗੁਰੂ ਸਾਹਿਬ ਨੇ ਵਾਰਾਂ ਉਪਰ ਧੁਨੀ ਸੰਕੇਤ ਦਿੱਤੇ "[1] । ਪਰ ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਇਹ ਸੰਕੇਤ ਪੰਜਵੇਂ ਪਾਤਸ਼ਾਹ ਦੇ ਹਨ[2] । ਡਾ. ਚਰਨ ਸਿੰਘ ਅਨੁਸਾਰ ਵੀ ਵਾਰਾਂ ਉਪਰ ਸੰਕੇਤ ਗੁਰੂ ਹਰਗੋਬਿੰਦ ਜੀ ਨੇ ਦਿੱਤੇ[3] ।

ਪਰ ਬਹੁ-ਮੱਤ ਅਨੁਸਾਰ ਇਹ ਧੁਨੀ ਸੰਕੇਤ ਗੁਰੂ ਅਰਜਨ ਦੇਵ ਜੀ ਦੁਆਰਾ ਹੀ ਦਿੱਤੇ ਗਏ ਹਨ । ਪਹਿਲੇ ਚਾਰ ਗੁਰੂ ਸਾਹਿਬਾਨ ਦੀ ਅਤੇ ਆਪਣੀ ਬਾਣੀ ਗੁਰੂ ਅਰਜਨ ਦੇਵ ਜੀ ਨੇ ਹੀ ਦਰਜ ਕੀਤੀ ਸੀ । ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਨੇ ਦਰਜ ਕੀਤੀ । ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਦੇ ਪਿੱਛੋਂ ਕੁੱਝ ਪੱਤਰੇ ਖ਼ਾਲੀ ਛੱਡਦੇ ਰਹੇ ਅਤੇ ਕਥਨ ਕਰਦੇ ਰਹੇ ਕਿ ਅਸਾਂ ਦਾ ਪੋਤਰਾ ਬਾਣੀ ਉਚਾਰੇਗਾ ਅਤੇ ਉਹ ਦਰਜ ਹੋਵੇਗੀ[4] ।

---

1. ਗਿੱਲ ਮਹਿੰਦਰ ਕੌਰ (ਡਾ.) : ਗੁਰੂ ਅਰਜਨ ਦੇਵ ਜੀਵਨ ਅਤੇ ਬਾਣੀ , ਪੰਨਾ 60
2. ਭਾਈ ਕਾਨ੍ਹ ਸਿੰਘ ਨਾਭਾ : ਗੁਰਸ਼ਬਦ ਰਤਨਾਕਰ ਮਹਾਨ ਕੋਸ਼ , ਪੰਨਾ 50
3. ਚਰਨ ਸਿੰਘ (ਡਾ.) : ਸ੍ਰੀ ਗੁਰੂ ਗ੍ਰੰਥ ਕੋਸ਼ , ਪੰਨਾ 655
4. ਗਿਆਨੀ ਤਿਰਲੋਕ ਸਿੰਘ : ਜੀਵਨ ਕਥਾ ਗੁਰੂ ਅਰਜਨ ਦੇਵ , ਪੰਨਾ 1067

ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਵਿੱਚ ਇੱਕ ਸਲੋਕ ਗੁਰੂ ਗੋਬਿੰਦ ਸਿੰਘ ਜੀ ਦਾ ਦਰਜ ਹੋਇਆ ਦੱਸਿਆ ਜਾਂਦਾ ਹੈ :-

ਬਲ ਹੋਆ ਬੰਧਨ ਛੁਟੇ ਸਭ ਕਿਛ ਹੋਤ ਉਪਾਇ ।
ਸਭ ਕਿਛੁ ਤੁਮਰੇ ਹਾਥ ਮਹਿ ਤੁਮਰੀ ਹੋਤ ਸਹਾਇ ॥ [1]

ਇਹ ਸ਼ਲੋਕ ਗੁਰੂ ਗੋਬਿੰਦ ਸਿੰਘ ਜੀ ਨੇ ਦਰਜ ਕੀਤਾ ਸੀ ਪਰ ਇਸ ਉੱਪਰ ਵੱਖਰਾ ਹੋਣ ਦਾ ਕੋਈ ਸੰਕੇਤ ਨਹੀਂ ਮਿਲਦਾ ਪਰ ਕੁਝ ਹੱਥ ਲਿੱਖਤ ਬੀੜਾਂ ਵਿੱਚ ਇਸ ਉੱਪਰ 'ਮਹਲਾ ੧੦' ਜਾਂ 'ਪਾਤਸ਼ਾਹੀ ੧੦' ਲਿਖ ਕੇ ਇਸ ਦੀ ਸੂਚਨਾ ਸਪੱਸ਼ਟ ਦਿੱਤੀ ਹੈ [2] ।

ਮਹਾਨ ਕੋਸ਼ ਅਨੁਸਾਰ ਗੁਰੂ ਸਾਹਿਬਾਨ ਦੀ ਬਾਣੀ ਦਾ ਵੇਰਵਾ ਨਿਮਨ ਲਿਖਤ ਹੈ [3] :

| | | | |
|---|---|---|---|
| 1. | ਗੁਰੂ ਨਾਨਕ ਦੇਵ ਜੀ | - | 974 ਸ਼ਬਦ ਅਤੇ ਸਲੋਕ |
| 2. | ਗੁਰੂ ਅੰਗਦ ਦੇਵ ਜੀ | - | 62 ਸਲੋਕ |
| 3. | ਗੁਰੂ ਅਮਰਦਾਸ ਜੀ | - | 907 ਸ਼ਬਦ ਅਤੇ ਸਲੋਕ |
| 4. | ਗੁਰੂ ਰਾਮਦਾਸ ਜੀ | - | 679 ਸ਼ਬਦ ਅਤੇ ਸਲੋਕ |
| 5. | ਗੁਰੂ ਅਰਜਨ ਦੇਵ ਜੀ | - | 2218 ਸ਼ਬਦ ਅਤੇ ਸਲੋਕ |
| 6. | ਗੁਰੂ ਤੇਗ ਬਹਾਦਰ ਜੀ | - | 115 ਸ਼ਬਦ ਅਤੇ ਸਲੋਕ |
| 7. | ਗੁਰੂ ਗੋਬਿੰਦ ਸਿੰਘ ਜੀ | - | 1 ਸਲੋਕ |

---

1. ਆਦਿ ਗ੍ਰੰਥ : ਸਲੋਕ ਮਹਲਾ 9 , ਪੰਨਾ 1429
2. ਪਦਮ ਪਿਆਰਾ ਸਿੰਘ : ਆਦਿ ਗ੍ਰੰਥ ਦਰਸ਼ਨ , ਪੰਨਾ 51
3. ਭਾਈ ਕਾਨ੍ਹ ਸਿੰਘ ਨਾਭਾ , ਮਹਾਨ ਕੋਸ਼ , ਪੰਨਾ 327

ਉਪਰੋਕਤ ਬਾਣੀ ਦਾ ਵੇਰਵਾ ਭਾਵੇਂ ਮਹਾਨ ਕੋਸ਼ ਅਨੁਸਾਰ ਹੈ ਪਰ ਇਸ ਦਾ ਬਹੁਮਤ ਸਮਰਥਨ ਕਰਦਾ ਹੈ । ਪਿਆਰਾ ਸਿੰਘ ਪਦਮ[1] , ਡਾਕਟਰ ਕਰਤਾਰ ਸਿੰਘ ਸੂਰੀ[2] ਅਤੇ ਡਾ. ਮਨਮੋਹਨ ਸਹਿਗਲ[3] ਆਦਿ ਨੇ ਵੀ ਬਾਣੀ ਵਿਉਰਾ ਇਸ ਪ੍ਰਕਾਰ ਹੀ ਮੰਨਿਆ ਹੈ ।

ਗੁਰੂ ਨਾਨਕ ਦੇਵ ਜੀ (1459 - 1539)

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ: ਨੂੰ ਰਾਏ ਭੋਏ ਦੀ ਤਲਵੰਡੀ ਵਿੱਚ ਹੋਇਆ । ਆਪ ਦੇ ਪ੍ਰਕਾਸ਼ ਸਮੇਂ ਭਾਰਤ ਵਰਸ਼ ਵਿੱਚ ਅਧਰਮ, ਅਗਿਆਨ ਅਤੇ ਅਨੈਤਿਕਤਾ ਦਾ ਬੋਲ-ਬਾਲਾ ਸੀ । ਗੁਰੂ ਸਾਹਿਬ ਨੇ ਇਸ ਜਲੰਦੇ ਜਗਤ ਨੂੰ ਤਾਰਨ ਲਈ ਆਪਣੇ ਅਧਿਆਤਮਿਕ ਅਨੁਭਵ ਤੇ ਚਿੰਤਨ ਦੁਆਰਾ ਸਿੱਖ ਧਰਮ ਦੇ ਰੂਪ ਵਿੱਚ ਲੋਕਾਈ ਨੂੰ ਨਵਾਂ ਮਾਰਗ ਵਿਖਾਇਆ । ਚਾਰ ਉਦਾਸੀਆਂ ਦੇ ਰੂਪ ਵਿੱਚ ਆਪ ਨੇ ਸਗਲ ਲੋਕਾਈ ਤੱਕ ਖਾਲਕ ਦੇ ਆਦੇਸ਼ ਨੂੰ ਪਹੁੰਚਾਇਆ । ਆਪ ਨੇ ਬਾਲਸਖਾ ਰਬਾਬੀ ਭਾਈ ਮਰਦਾਨੇ ਨੂੰ ਆਪਣਾ ਸਾਥੀ ਚੁਣਿਆ ਜਿਸ ਨੇ ਉਦਾਸੀਆਂ ਸਮੇਂ ਆਪ ਦਾ ਸਾਥ ਦਿੱਤਾ । ਗੁਰੂ ਸਾਹਿਬ ਨੇ ਸੰਗੀਤ ਦੇ ਮੁੱਢਲੇ, ਵੈਦਿਕ ਅਤੇ ਅਸਲੀ ਅਧਿਆਤਮਿਕ ਪੱਖ ਨੂੰ ਮੁੜ ਸੁਰਜੀਤ ਕੀਤਾ । ਇਨ੍ਹਾਂ ਨੇ ਆਪਣੀਆਂ ਰਚਨਾਵਾਂ ਨੂੰ ਵਿਸ਼ੇਸ਼ ਰਾਗਾਂ ਵਿੱਚ ਰਚਿਆ ਅਤੇ ਗਾਇਆ । ਸੰਗੀਤ ਵਿੱਚ ਸੰਗਤ ਦੇ ਸਥਾਨ ਨੂੰ ਵਿਸ਼ੇਸ਼ ਮਹੱਤਤਾ ਦਿੱਤੀ । ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ

---

1. ਪਦਮ ਪਿਆਰਾ ਸਿੰਘ (ਪ੍ਰੋ:) : ਆਦਿ ਗ੍ਰੰਥ ਦਰਸ਼ਨ , ਪੰਨਾ 51
2. ਕਰਤਾਰ ਸਿੰਘ ਸੂਰੀ : ਸੰਤ ਦਾਦੂ ਦਿਆਲ ਸਿੰਘ ਅਤੇ ਗੁਰੂ ਅਰਜਨ ਦੇਵ , ਪੰਨਾ 88
3. ਮਨਮੋਹਨ ਸਹਿਗਲ (ਡਾ.) : ਗੁਰੂ ਗ੍ਰੰਥ ਸਾਹਿਬ, ਏਕ ਸੰਸਕ੍ਰਿਤਕ ਸਰਵੇਖਣ , ਪੰਨਾ 31

ਦੇਵ ਜੀ ਦੇ 976 ਸ਼ਬਦਾਂ ਦੀ ਰਚਨਾ ਰਾਗਾਂ ਵਿੱਚ ਕੀਤੀ ਹੈ । ਇਹ ਰਾਗ ਇਸ ਪ੍ਰਕਾਰ ਹਨ :-

ਰਾਗ ਸਿਰੀ, ਰਾਗ ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਚੇਤੀ,
ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਦੀਪਕੀ ,

ਗਉੜੀ ਦੇ ਪੰਜ ਪ੍ਰਕਾਰ ਮੁੱਖ ਗਉੜੀ ਤੋਂ ਬਿਲਕੁਲ ਭਿੰਨ ਰਾਗ ਹਨ । ਜੋ ਲੇਖਕ ਸੰਗੀਤ ਤੋਂ ਜਾਣੂ ਨਹੀਂ ਹਨ ਉਨ੍ਹਾਂ ਨੇ ਗੁਰੂ ਨਾਨਕ ਦੀ ਬਾਣੀ ਦੇ ਰਾਗਾਂ ਦੀ ਸੰਖਿਆ ਕੇਵਲ '19' ਮੰਨੀ ਹੈ ,

ਰਾਗ ਆਸਾ, ਆਸਾ ਕਾਫ਼ੀ, ਰਾਗ ਗੂਜਰੀ, ਬਿਹਾਗੜਾ, ਵਡਹੰਸ,
ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਤੁਖਾਰੀ,
ਰਾਗ ਭੈਰਵ, ਬਸੰਤ, ਬਸੰਤ ਹਿੰਡੋਲ, ਸਾਰੰਗ, ਮਲ੍ਹਾਰ, ਪਰਭਾਤੀ ।

ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਲਿਖਿਤ ਮਹਾਨ ਕੋਸ਼ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ 974 ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ[1] ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਹੋਰ ਧਿਆਨ ਯੋਗ ਰਚਨਾਵਾਂ :-

(1) ਜਪੁ
(2) ਪੱਟੀ (ਰਾਗ ਆਸਾ ਵਿੱਚ)
(3) ਓਅੰਕਾਰ (ਰਾਗ ਰਾਮਕਲੀ ਵਿੱਚ)

---

1. ਭਾਈ ਕਾਨ੍ਹ ਸਿੰਘ ਨਾਭਾ : <u>ਮਹਾਨ ਕੋਸ਼</u> , ਪੰਨਾ 327

(4) ਸਿੱਧ ਗੋਸਟਿ (ਰਾਗ ਰਾਮਕਲੀ ਵਿੱਚ)
(5) ਬਾਰਹ ਮਾਹ (ਰਾਗ ਤੁਖਾਰੀ ਵਿੱਚ)
(6) ਤਿੰਨ ਵਾਰਾਂ (ਰਾਗ ਮਾਝ, ਰਾਗ ਆਸਾ, ਰਾਗ ਮਲ੍ਹਾਰ ਵਿੱਚ)[1]

ਗੁਰੂ ਅੰਗਦ ਦੇਵ ਜੀ (1538 - 1552)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀ, ਸਿੱਖਾਂ ਦੇ ਦੂਸਰੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਵਹਾਰਿਕ ਰੂਪ ਵਿੱਚ ਅਗਾਂਹ ਤੋਰਿਆ । ਗੁਰੂ ਅੰਗਦ ਦੇਵ ਜੀ ਦਾ ਨਾਮ ਲਹਿਣਾ ਸੀ । ਇਨ੍ਹਾਂ ਦਾ ਜਨਮ 31 ਮਾਰਚ, 1504 ਈ: ਨੂੰ ਮੱਤੇ ਦੀ ਸਰਾਂ ਪਿੰਡ ਵਿੱਚ ਹੋਇਆ । ਇਨ੍ਹਾਂ ਦੇ ਪਿਤਾ ਦਾ ਨਾਮ ਫੇਰੂ, ਜੋ ਜਾਤ ਦੇ ਖੱਤਰੀ ਸਨ, ਸੀ । ਆਪ 1532 ਈ: ਵਿੱਚ ਗੁਰੂ ਸਾਹਿਬ ਦੀ ਸ਼ਰਨ ਆਏ ਅਤੇ 2 ਸਤੰਬਰ, 1539 ਈ: ਨੂੰ ਆਪ ਨੂੰ ਗੁਰਿਆਈ ਪ੍ਰਾਪਤ ਹੋਈ[2] ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਚਾਰੇ ਹੋਏ 62 ਸਲੋਕ ਵੱਖ-ਵੱਖ 9 ਰਾਗਾਂ ਵਿੱਚ ਵਿਦਮਾਨ ਵਾਰਾਂ ਵਿੱਚ ਦਰਜ ਹਨ ਜਿਨ੍ਹਾਂ ਦਾ ਰਾਗਾਂ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ :

ਰਾਗ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ,
ਮਾਰੂ, ਸਾਰੰਗ, ਮਲ੍ਹਾਰ ।

---

1. ਤਾਰਨ ਸਿੰਘ (ਡਾ.) : ਗੁਰੂ ਗ੍ਰੰਥ ਰਤਨਾਵਲੀ , ਪੰਜਾਬੀ ਯੂਨੀਵਰਸਿਟੀ, ਪਟਿਆਲਾ , ਪੰਨਾ 14
2. ਸਾਹਿਬ ਸਿੰਘ (ਪ੍ਰੋ:) : ਸਟੀਕ ਸਿੱਧ ਗੋਸਟਿ , ਪੰਨਾ 13

ਗੁਰੂ ਸਾਹਿਬ ਨੇ ਬਸੰਤ ਰਾਗ ਸਬੰਧੀ ਜੋ ਸਲੋਕ ਉਚਾਰਿਆ ਹੈ ਉਸ ਤੋਂ ਆਪ ਜੀ ਦੀ ਰਾਗਾਂ ਸਬੰਧੀ ਗੁਰਮਤਿ ਸੂਖਮ ਵਿਚਾਰਧਾਰਾ ਸਪੱਸ਼ਟ ਹੁੰਦੀ ਹੈ । ਆਪ ਨੇ ਫੁਰਮਾਇਆ ਹੈ :

- ਪਹਿਲੈ ਬਸੰਤ ਆਗਮਨਿ ਤਿਸ ਕਾ ਕਰਹੁ ਬੀਚਾਰੁ ॥
  ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥[1]

ਗੁਰੂ ਸਾਹਿਬ ਦੇ ਦਰਬਾਰ ਵਿੱਚ ਭਾਈ ਸੁਜਾਦਾ[2], ਭਾਈ ਸਾਦੂ, ਭਾਈ ਬਾਦੂ[3] ਰਿਬਾਬੀ ਬਾਣੀ ਦਾ ਕੀਰਤਨ ਕਰਦੇ ਸਨ ।

## ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਸਰੇ ਗੁਰੂ ਸਨ । ਆਪ ਦਾ ਜਨਮ 5 ਮਈ, 1479 ਨੂੰ ਪਿੰਡ ਬਾਸਰਕੇ ਤਹਿਸੀਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ । ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਜੀ ਜੋ ਖੱਤਰੀ ਗੋਤ ਦੇ ਵੈਸ਼ਨਵ ਭਗਤ ਸਨ[3] । 1540 ਈ: ਤੋਂ 1552 ਈ: ਤੱਕ 12 ਸਾਲ ਗੁਰੂ **ਅਮਰਦਾਸ** ਜੀ ਨੇ ਗੁਰੂ ਘਰ ਦੀ ਸੇਵਾ ਪੂਰੀ ਲਗਨ ਅਤੇ ਪਿਆਰ ਨਾਲ ਕੀਤੀ । ਇਸੇ ਸੇਵਾ ਨੂੰ ਮੁੱਖ ਰੱਖ ਕੇ 1552 ਈ: ਵਿੱਚ ਆਪ ਨੂੰ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਬਖ਼ਸ਼ੀ[4] । ਆਪ ਦੇ ਵੱਖ-ਵੱਖ ਰਾਗਾਂ ਵਿੱਚ

---

1. ਆਦਿ ਗ੍ਰੰਥ : ਸਲੋਕ ਮਹਲਾ 2, ਪੰਨਾ 791
2. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼, ਪੰਨਾ 144
3. ਗਿਆਨੀ ਗਿਆਨ ਸਿੰਘ : ਤਵਾਰੀਖ ਗੁਰੂ ਖਾਲਸਾ, ਪੰਨਾ 294
4. ਤਾਰਨ ਸਿੰਘ (ਡਾ.) : ਅਨੰਦ ਜੋਤਿ ਤੇ ਜੁਗਤਿ, ਪੰਨਾ 29

907 ਸ਼ਬਦ ਅਤੇ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ[1] ।

ਰਾਗ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਆਸਾ, (ਆਸਾ ਕਾਫੀ), ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, (ਬਸੰਤ ਹਿੰਡੋਲ), ਸਾਰੰਗ, ਮਲਾਰ, ਪਰਭਾਤੀ (ਪਰਭਾਤੀ ਬਿਭਾਸ)ਵਿੱਚ ਆਪ ਦੇ ਰਚੇ ਸ਼ਬਦ ਅੰਕਿਤ ਹਨ । ਬਿਹਾਗੜੇ ਦੀ ਵਾਰ ਵਿੱਚ ਕੇਵਲ ਆਪ ਦੇ ਸਲੋਕ ਹੀ ਦਰਜ ਹਨ ਇਸ ਲਈ ਇਹ ਰਾਗ ਨਹੀਂ ਗਿਣਿਆ ਗਿਆ । ਸ੍ਰੀ ਗੁਰੂ ਅਮਰਦਾਸ ਜੀ ਨੇ ਇਨ੍ਹਾਂ ਹੀ ਰਾਗਾਂ ਅਧੀਨ ਪਦੇ, ਅਸ਼ਟਪਦੀਆਂ, ਛੰਤ, ਸੋਹਲੇ, ਵਾਰ ਗਾਇਨ ਸ਼ੈਲੀਆਂ ਦੇ ਅੰਤਰਗਤ ਬਾਣੀ ਰਚੀ ਹੈ । ਆਪ ਜੀ ਦੀ ਰਚੀ ਬਾਣੀ 'ਅਨੰਦ ਸਾਹਿਬ' ਜੋ ਕਿ ਰਾਮਕਲੀ ਰਾਗ ਵਿੱਚ ਰਚੀ ਗਈ ਹੈ, ਵਿਸ਼ੇਸ਼ ਸਥਾਨ ਰੱਖਦੀ ਹੈ ।

ਗੁਰੂ ਰਾਮਦਾਸ ਜੀ (1534 - 1581)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚੌਥੀ ਜੋਤ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਮਤਿ ਸੰਗੀਤ ਪਰੰਪਰਾ ਨੂੰ ਅਗਾਂਹ ਤੋਰਦਿਆਂ ਇਸ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ । ਆਪ ਜੀ ਦਾ ਜਨਮ 1534 ਈ: ਵਿੱਚ 24 ਸਤੰਬਰ ਨੂੰ ਲਾਹੌਰ ਵਿਖੇ ਚੂਨਾ ਮੰਡੀ ਵਿੱਚ ਹੋਇਆ । ਆਪ ਗੁਰੂ ਦਰਬਾਰ ਵਿੱਚ ਆਈਆਂ ਸੰਗਤਾਂ ਦੀ ਸੇਵਾ ਕਰਦੇ ਸਨ । ਆਪ ਜੀ ਦੇ ਆਚਰਨ ਅਤੇ ਸੇਵਾਮਈ ਜੀਵਨ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਆਪ ਨਾਲ ਕੀਤਾ । ਉਪਰੰਤ ਉਨ੍ਹਾਂ

---

1. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ , ਪੰਨਾ 327

ਨੂੰ ਗੁਰਿਆਈ ਬਖਸ਼ੀ । ਆਪ ਜੀ ਨੇ ਗੁਰੂ ਨਾਨਕ ਜੀ ਵਲੋਂ ਚਲਾਈ ਹੋਈ ਗੁਰਮਤਿ ਕੀਰਤਨ ਪ੍ਰਣਾਲੀ ਨੂੰ ਕਾਇਮ ਹੀ ਨਹੀਂ ਰੱਖਿਆ ਸਗੋਂ ਕਈ ਨਵੀਨ ਸੰਭਾਵਨਾਵਾਂ ਨੂੰ ਉਜਾਗਰ ਕੀਤਾ । ਪ੍ਰੋ: ਤਾਰਾ ਸਿੰਘ ਜੀ ਅਨੁਸਾਰ, "ਗੁਰੂ ਰਾਮਦਾਸ ਜੀ ਦੇ 31 ਰਾਗਾਂ ਵਿੱਚ 679 ਸ਼ਬਦ ਅਤੇ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ"[1] । ਗੁਰੂ ਰਾਮ ਦਾਸ ਜੀ ਦੀ ਬਾਣੀ ਵਿੱਚ ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਦਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ । ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿੱਚ ਛੰਤ ਅਤੇ ਵਾਰ ਆਦਿ ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ । ਆਸਾ ਦੀ ਵਾਰ ਵਿੱਚ ਗਾਏ ਜਾਣ ਵਾਲੇ ਛੰਤ ਗੁਰੂ ਰਾਮ ਦਾਸ ਜੀ ਦੇ ਹੀ ਹਨ । ਗੁਰੂ ਰਾਮਦਾਸ ਜੀ ਨੇ ਪੜਤਾਲ ਨਾਮਕ ਸ਼ਾਸਤਰੀ ਗਾਇਨ ਸ਼ੈਲੀ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੋਗ ਕੀਤਾ । ਗੁਰੂ ਸਾਹਿਬ ਨੇ 7 ਰਾਗਾਂ ਵਿੱਚ 19 ਪੜਤਾਲਾਂ ਦੀ ਰਚਨਾ ਕੀਤੀ ।

ਗੁਰੂ ਅਰਜਨ ਦੇਵ ਜੀ (1563 - 1606)

ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ: ਨੂੰ ਗੋਇੰਦਵਾਲ ਵਿਖੇ ਹੋਇਆ ਅਤੇ 1 ਸਤੰਬਰ,1591 ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ । ਗੁਰੂ ਸਾਹਿਬ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਅਧਿਆਤਮਿਕ ਜਗਤ ਨੂੰ ਹੀ ਨਹੀਂ ਸਗੋਂ ਸੰਗੀਤ ਜਗਤ ਨੂੰ ਵੀ ਮਹਾਨ ਦੇਣ ਦਿੱਤੀ । ਗੁਰੂ ਸਾਹਿਬ ਨੇ ਆਪਣੇ ਤੋਂ ਪਹਿਲਾਂ ਹੋਏ ਗੁਰੂ ਸਾਹਿਬਾਨਾਂ ਦੀ ਬਾਣੀ ਦਾ ਧੋਖਵਾਂ ਅਧਿਐਨ ਕੀਤਾ । ਉਨ੍ਹਾਂ ਨੇ ਜਿੱਥੇ ਕੀਰਤਨ ਦੀ ਪਰੰਪਰਾ ਦਾ ਉਤਸਾਹ ਨਾਲ ਪ੍ਰਚਾਰ ਕੀਤਾ ਉਥੇ ਉਨ੍ਹਾਂ ਕੀਰਤਨ ਨੂੰ ਇੱਕ ਨਵੀਂ ਦਿਸ਼ਾ ਵੀ ਪ੍ਰਦਾਨ ਕੀਤੀ ।

---

1. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ , ਪੰਨਾ 327

ਉਨ੍ਹਾਂ ਨੇ ਭਗਤਾਂ ਅਤੇ ਸੰਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ । ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਅਧਾਰ ਰਾਗਾਤਮਿਕ ਸੀ । ਗੁਰੂ ਸਾਹਿਬ ਦੇ 44 ਰਾਗਾਂ ਵਿੱਚ 2216 ਸ਼ਬਦ ਅਤੇ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ । ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 36 ਪੜਤਾਲਾਂ ਵੀ ਉਪਲੱਬਧ ਹਨ । ਆਪ ਜੀ ਦੀਆਂ ਉਚਾਰੀਆਂ ਬਾਣੀਆਂ ਵਿੱਚ ਸੁਖਮਨੀ ਸਾਹਿਬ ਅਤੇ ਬਾਰਹ ਮਾਹ (ਮਾਝ ਰਾਗ) ਵਿਸ਼ੇਸ਼ ਸਥਾਨ ਰੱਖਦੇ ਹਨ ।

## ਗੁਰੂ ਤੇਗ ਬਹਾਦਰ ਜੀ (1664 - 1675)

ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਸਾਹਿਬਜ਼ਾਦੇ ਸਨ । ਆਪ ਗੁਰਿਆਈ ਮਿਲਣ ਤੋਂ ਪਹਿਲਾਂ ਬਕਾਲੇ ਵਿਖੇ ਪ੍ਰਭੂ ਚਰਨਾਂ ਵਿੱਚ ਲੀਨ ਸਨ ਜਦੋਂ ਕਿ ਅੱਠਵੇਂ ਗੁਰੂ ਜੀ ਨੇ 'ਬਾਬਾ ਬਕਾਲਾ' ਕਹਿ ਕੇ ਆਪ ਨੂੰ ਗੁਰਿਆਈ ਬਖ਼ਸ਼ੀ । ਗੁਰੂ ਸਾਹਿਬ ਨੇ ਸ਼ਬਦ ਕੀਰਤਨ ਦੇ ਖੇਤਰ ਵਿੱਚ ਜੋ ਯੋਗਦਾਨ ਪਾਇਆ ਉਸ ਦਾ ਸਥਾਨ ਗੁਰਮਤਿ ਸੰਗੀਤ ਦੇ ਇਤਿਹਾਸ ਵਿੱਚ ਵਿਸ਼ੇਸ਼ ਤੇ ਉੱਤਮ ਹੈ । ਪੂਰਬਲੇ ਗੁਰੂ ਸਾਹਿਬਾਨ ਵਲੋਂ ਉਚਾਰੇ ਗਏ ਰਾਗਾਂ ਤੋਂ ਇਲਾਵਾ ਆਪ ਨੇ ਜੈਜਾਵੰਤੀ ਰਾਗ ਵਿੱਚ ਵੀ ਬਾਣੀ ਉਚਾਰੀ ਜੋ ਆਪ ਜੀ ਦੀ ਬਾਣੀ ਦੀ ਵਿਸ਼ੇਸ਼ਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ 17 ਰਾਗਾਂ ਵਿੱਚ 118 ਸਲੋਕ ਅਤੇ ਸ਼ਬਦ ਦਰਜ ਹਨ[1] । ਆਪ ਨੇ ਬਾਣੀ ਉਚਾਰਨ ਲਈ ਪਦੇ, ਅਸ਼ਟਪਦੀਆਂ ਆਦਿ ਜੈਸੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ । ਆਪ ਜੀ ਨੇ ਸਲੋਕ ਵੀ

---

1. ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ , ਪੰਨਾ 327

ਉਚਾਰੇ ਜੋ ਰਾਗ ਪ੍ਰਕਰ ਬਾਣੀਆਂ ਵਿੱਚ ਦਰਜ ਹਨ ਤੇ ਵਿਸ਼ੇਸ਼ ਸਥਾਨ ਰੱਖਦੇ ਹਨ ।

<u>ਗੁਰੂ ਗੋਬਿੰਦ ਸਿੰਘ ਜੀ</u> (1675 - 1708)

ਗੁਰੂ ਗੋਬਿੰਦ ਸਿੰਘ ਜੀ ਨੂੰ ਸੰਗੀਤ ਖੇਤਰ ਵਿੱਚ ਵੀ ਬਹੁਤ ਉੱਚਾ ਸਥਾਨ ਪ੍ਰਾਪਤ ਹੈ । ਇਹ ਨਾ ਕੇਵਲ ਬ੍ਰਿਜ ਭਾਸ਼ਾ, ਫਾਰਸੀ ਅਤੇ ਹਿੰਦੀ ਦੇ ਹੀ ਮਹਾਨ ਕਵੀ ਸਨ ਸਗੋਂ ਗੁਰਮਤਿ ਸੰਗੀਤ ਦੇ ਮਹਾਨ ਗਿਆਤਾ ਸਨ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਕੀਤੀ ਬਲਕਿ ਆਪਣੀ ਬਾਣੀ ਦੇ ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਆਦਿ ਗ੍ਰੰਥ ਜਿਹੜੇ ਜੋ ਰਾਗਾਂ ਅਤੇ ਕਾਵਿ ਰੂਪ ਦੇ ਨਿਸ਼ਾਨੇ ਹਨ । ਡਾ. ਅਜੀਤ ਸਿੰਘ ਪੈਂਤਲ ਅਨੁਸਾਰ ਦਸਮ ਗ੍ਰੰਥ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 19 ਰਾਗਾਂ ਦਾ ਪ੍ਰਯੋਗ ਕੀਤਾ[1] ।

ਗੁਰਬਾਣੀ ਕੀਰਤਨ ਦੇ ਪ੍ਰਚਾਰ ਲਈ ਜੋ ਅਨੰਦਪੁਰ ਸਾਹਿਬ ਨੂੰ ਕੇਂਦਰ ਬਣਾਇਆ ਉਸ ਵਿੱਚ ਸਵੇਰੇ ਸ਼ਾਮ ਗੁਰਬਾਣੀ ਦਾ ਹਰ ਰੋਜ਼ ਕੀਰਤਨ ਹੁੰਦਾ ਸੀ । ਗੁਰੂ ਸਾਹਿਬ ਲੱਖਾਂ ਤੁਰਕੀ ਫੌਜਾਂ ਦੇ ਘੇਰੇ ਵਿੱਚ ਘਿਰੇ ਕਿਲ੍ਹੇ ਦੇ ਅੰਦਰ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਦਰਬਾਰ ਸਜਾਉਂਦੇ ਸਨ[2] ।

ਆਪ ਦੇ ਦਰਬਾਰ ਵਿੱਚ 52 ਕਵੀ ਸਨ ਅਤੇ ਗੁਰਬਾਣੀ ਦਾ ਕੀਰਤਨ ਰਬਾਬੀ ਸਿੰਘ ਕਰਦੇ ਸਨ । ਇਤਿਹਾਸਕਾਰਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿੱਚ ਆਪ

---

1. The NiNeen Rags mentioned in the Sri Guru Granth Sahib are: Ramkali, Sorath, Kalyan, Bilwala, Degandhari, Khial, Tilang Kali, Parag Kali, Sufi, Saraya, Gauri, Dansou, Tilang, Kidar, Maru, Bhairo, Adava, Barant(Dr.Ajit Singh Paintal Aduttee Gurmat Sangeet Samelan, 1991 p.50).
2. ਗੋਇਲ ਏ.ਐਸ. : <u>ਸਿੱਖ ਧਰਮ ਅਤੇ ਸੰਗੀਤ</u> , ਪੰਨਾ 76

ਦਾ ਇੱਕ ਸਲੋਕ ਦਰਜ ਹੈ[1] ।

ਦੂਸਰੇ ਹਿੱਸੇ ਵਿੱਚ ਰਾਗੀ, ਰਬਾਬੀ, ਭੱਟ ਅਤੇ ਭਗਤ ਕਵੀ ਆਉਂਦੇ ਹਨ ।

## ਰਬਾਬੀ

ਜਿਨ੍ਹਾਂ ਰਾਗੀਆਂ ਰਬਾਬੀਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਉਹ ਹਨ - ਭਾਈ ਮਰਦਾਨਾ, ਸੱਤਾ ਡੂਮ ਅਤੇ ਰਾਏ ਬਲਵੰਡ । ਭਾਈ ਮਰਦਾਨੇ ਦੇ ਬਿਹਾਗੜੇ ਦੀ ਵਾਰ ਵਿੱਚ ਤਿੰਨ ਸਲੋਕ ਮਿਲਦੇ ਹਨ :

ਕਲਿ ਕਲਵਾਲੀ ਕਾਮ ਮਦ ਮਨੂਆਂ ਪੀਵਣਹਾਰ
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰ ।

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤ
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮ ਕਾਲੁ -

ਕਾਇਆ ਲਾਹਣਿ ਆਪੁ ਮਦ ਅਮ੍ਰਿਤ ਤਿਸਕੀ ਧਾਰ
ਸਤਸੰਗਤ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਰਹਿ ਬਿਕਾਰ[2] ।

ਪਰ ਇਨ੍ਹਾਂ ਸ਼ਲੋਕਾਂ ਵਿੱਚ ਗੁਰੂ ਨਾਨਕ ਸ਼ੈਲੀ ਦੀ ਪ੍ਰਧਾਨਤਾ ਹੋਣ ਕਰਕੇ ਇਨ੍ਹਾਂ ਦੀ ਰਚਨਾ ਗੁਰੂ ਨਾਨਕ ਜੀ ਦੁਆਰਾ ਹੋਈ ਮੰਨੀ ਜਾਂਦੀ ਹੈ । ਸਲੋਕਾਂ ਵਿੱਚ ਵੀ

---

2. ਆਦਿ ਗ੍ਰੰਥ : ਬਿਹਾਗੜੇ ਕੀ ਵਾਰ , ਪੰਨਾ 553

ਨਾਨਕ ਨਾਮ ਆਇਆ ਹੈ ਜਿਵੇਂ ਪਹਿਲੇ ਸਲੋਕ ਦੇ ਅੰਤ ਵਿੱਚ "ਗੁਰਮੁਖਿ ਪਾਇਆ ਨਾਨਕਾ ਖਾਧੈ ਜਾਹਿ ਵਿਕਾਰ"[1] ਅਤੇ ਦੂਸਰੇ ਸਲੋਕ ਵਿੱਚ "ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ"[2]। ਇਸ ਤੋਂ ਇਹ ਵੀ ਲਗਦਾ ਹੈ ਕਿ ਇਹ ਰਚਨਾਵਾਂ ਪਹਿਲੇ ਗੁਰੂ ਸਾਹਿਬ ਦੀਆਂ ਹੀ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵੀ ਇਹ ਸਲੋਕ ਮਰਦਾਨੇ ਦੇ ਨਹੀਂ ਕਿਉਂ ਕਿ ਇਨ੍ਹਾਂ ਦੇ ਅੰਤ ਵਿੱਚ ਨਾਨਕ ਨਾਮ ਹੈ, ਮਰਦਾਨਾ ਨਹੀਂ[3]।

ਭਾਈ ਸੱਤਾ ਅਤੇ ਬਲਵੰਡ ਰਚਿਤ ਰਾਮਕਲੀ ਦੀ ਵਾਰ[4] ਹੈ ਜਿਸ ਦੀਆਂ ਪਹਿਲੀਆਂ ਪੰਜ ਪਉੜੀਆਂ ਬਲਵੰਡ ਦੀਆਂ ਅਤੇ ਬਾਕੀ ਦੀਆਂ ਤਿੰਨ ਪਉੜੀਆਂ ਸੱਤੇ ਦੀਆਂ ਹਨ[5]।

## ਭੱਟ

ਭੱਟਾਂ ਦੀ ਗਿਣਤੀ ਗਿਆਰਾਂ ਮੰਨੀ ਜਾਂਦੀ ਹੈ। ਜਿਨ੍ਹਾਂ ਦੇ ਨਾਮ ਅਤੇ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :-

(1) ਕਲਸਹਾਰ - 54 ਛੰਦ

---

1. <u>ਆਦਿ ਗ੍ਰੰਥ</u> : ਬਿਹਾਗੜੇ ਕੀ ਵਾਰ, ਪੰਨਾ 553
2. <u>ਆਦਿ ਗ੍ਰੰਥ</u> : ਬਿਹਾਗੜੇ ਕੀ ਵਾਰ, ਪੰਨਾ 553
3. ਭਾਈ ਕਾਨ੍ਹ ਸਿੰਘ ਨਾਭਾ : <u>ਗੁਰਸ਼ਬਦ ਰਤਨਾਕਰ ਮਹਾਨ ਕੋਸ਼</u>, ਪੰਨਾ 714
4. <u>ਆਦਿ ਗ੍ਰੰਥ</u> : <u>ਰਾਮਕਲੀ ਕੀ</u> ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ, ਪੰਨਾ 966
5. ਭਾਈ ਵੀਰ ਸਿੰਘ : <u>ਸ੍ਰੀ ਅਸ਼ਟਗੁਰ ਚਮਤਕਾਰ</u>, ਪੰਨਾ 94

| | | | |
|---|---|---|---|
| (2) | ਜਾਲਪ | - | 5 |
| (3) | ਕੀਰਤ | - | 8 |
| (4) | ਸਲ੍ਹ | - | 3 |
| (5) | ਭਲ੍ਹ | - | 1 |
| (6) | ਨਲ੍ਹ | - | 16 |
| (7) | ਭਿਖਾ | - | 2 |
| (8) | ਪਰਮਾਨੰਦ | - | 13 |
| (9) | ਮਥੁਰਾ | - | 14 |
| (10) | ਬਲ੍ਹ | - | 5 |
| (11) | ਹਰਿਬੰਸ | - | 2 |

ਕਈ ਵਿਦਵਾਨ ਪਰਮਾਨੰਦ ਦਾ ਨਾਮ ਗਯੰਦ ਦੱਸਦੇ ਹਨ ਜਿਵੇਂ ਡਾਕਟਰ ਮਨਮੋਹਨ ਸਹਿਗਲ ਨੇ ਬਾਣੀਕਾਰਾਂ ਦੀ ਸੂਚੀ ਵਿੱਚ ਭੱਟ ਗਯੰਦ ਨਾਮ ਦਿੱਤਾ ਹੈ[1] ਪਰ ਪ੍ਰੋ: ਸਾਹਿਬ ਸਿੰਘ ਨੇ ਗੁਰਬਾਣੀ ਦੇ ਠੀਕ ਉਚਾਰਣ ਨਾਲ ਗਯੰਦ ਦੀ ਥਾਂ ਪਰਮਾਨੰਦ ਨਾਮ ਦੱਸਿਆ ਹੈ । ਪ੍ਰੋ: ਪਿਆਰਾ ਸਿੰਘ ਪਦਮ[2] ਅਨੁਸਾਰ "ਜਿਸ ਤੁਕ ਤੋਂ ਗਯੰਦ ਨਾਮ ਕਲਪਿਆ ਹੈ, ਉਥੇ ਪ੍ਰਸੰਗ ਅਨੁਸਾਰ ਕਿਸੇ ਵਿਅਕਤੀ ਦਾ ਨਾਮ ਨਹੀਂ ਬਣਦਾ ਜਿਵੇਂ :

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰ ਮਨ ਗਯੰਦ ।
ਸਤਿਗੁਰੂ ਸਤਿਗੁਰੂ ਸਤਿਗੁਰੂ ਗੋਬਿੰਦ ਜੀਉ ॥[3]

ਇੱਥੇ ਗਯੰਦ ਸ਼ਬਦ ਕਵੀ ਲਈ ਨਹੀਂ ਆਇਆ । ਰਚਨਾਕਾਰ ਕਵੀ ਪਰਮਾਨੰਦ ਹੈ ਜਿਸਦਾ ਦੋ-ਤਿੰਨ ਥਾਂ ਨਾਮ ਵੀ ਆਉਂਦਾ ਹੈ । ਜਿਵੇਂ :

---

1. ਮਨਮੋਹਨ ਸਹਿਗਲ : ਗੁਰੂ ਗ੍ਰੰਥ ਸਾਹਿਬ: ਏਕ ਸੰਸਕ੍ਰਿਤਕ ਸਰਵੇਖਣ , ਪੰਨਾ 39
2. ਪਦਮ ਪਿਆਰਾ ਸਿੰਘ : ਆਦਿ ਗ੍ਰੰਥ ਦਰਸ਼ਨ , ਪੰਨਾ 103
3. ਆਦਿ ਗ੍ਰੰਥ : ਸਵੱਈਏ ਮਹਲੇ ਚੌਥੇ ਕੇ , ਪੰਨਾ 1403

ਬੰਦਹਿ ਜੋ ਚਰਣ ਸਰਣਿ ਸੁਖ ਪਾਵਹਿ ਪਰਮਾਨੰਦ ਗੁਰਮੁਖ ਕਹੀਐ ॥[1]

## ਬਾਬਾ ਸੁੰਦਰ ਜੀ

ਬਾਬਾ ਸੁੰਦਰ ਜੀ ਗੁਰੂ ਅਮਰਦਾਸ ਜੀ ਦੇ ਪੋਤਰੇ ਬਾਬਾ ਮੋਹਰੀ ਦੇ ਪੋਤਰੇ ਸਨ। ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਦੁਆਰਾ ਰਚਿਤ ਛੇ ਪਉੜੀਆਂ ਦੀ ਇੱਕ ਰਚਨਾ 'ਸਦ'[2] ਸਿਰਲੇਖ ਹੇਠਾਂ ਦਰਜ ਹੈ। ਇਸ ਰਚਨਾ ਵਿੱਚ ਇਨ੍ਹਾਂ ਨੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਵਣ ਦੇ ਸਮੇਂ ਦਾ ਵਰਣਨ ਕੀਤਾ ਹੈ[3]।

## ਭਗਤ ਕਵੀ

ਆਦਿ ਗ੍ਰੰਥ ਵਿੱਚ ਗੁਰੂ ਸਾਹਿਬਾਨ, ਰਬਾਬੀਆਂ, ਭੱਟਾਂ ਅਤੇ ਗੁਰੂ ਸੰਬੰਧੀਆਂ ਤੋਂ ਇਨ੍ਹਾਂ 12ਵੀਂ ਸਦੀ ਤੋਂ 17ਵੀਂ ਸਦੀ ਤੱਕ ਦੇ 15 ਭਗਤਾਂ ਦੀਆਂ ਰਚਨਾਵਾਂ ਨੂੰ ਥਾਂ ਮਿਲੀ ਹੈ। ਉਨ੍ਹਾਂ ਦੇ ਨਾਮ ਅਤੇ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ :-

| | | | |
|---|---|---|---|
| (1) | ਕਬੀਰ | - | 541 ਸ਼ਬਦ |
| (2) | ਨਾਮਦੇਵ | - | 60 ਸ਼ਬਦ |
| (3) | ਰਵਿਦਾਸ | - | 41 ਸ਼ਬਦ |
| (4) | ਫ਼ਰੀਦ | - | 139 ਸ਼ਬਦ |

---

1. ਆਦਿ ਗ੍ਰੰਥ : ਸਵੱਈਏ ਮਹਲੇ ਚੌਥੇ ਕੇ , ਪੰਨਾ 1403
2. ਆਦਿ ਗ੍ਰੰਥ : ਰਾਮਕਲੀ ਸਦ , ਪੰਨਾ 923
3. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ ਤੀਜਾ) , ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ , ਪੰਨਾ 923

(5) ਤ੍ਰਿਲੋਚਨ - 4 ਸ਼ਬਦ

(6) ਬੇਣੀ - 3 ਸ਼ਬਦ

(7) ਧੰਨਾ - 4 ਸ਼ਬਦ

(8) ਜੈ ਦੇਵ - 2 ਸ਼ਬਦ

(9) ਭੀਖਣ - 2 ਸ਼ਬਦ

(10) ਸੈਣ - 1 ਸ਼ਬਦ

(11) ਪੀਪਾ - 1 ਸ਼ਬਦ

(12) ਸਧਨਾ - 1 ਸ਼ਬਦ

(13) ਰਾਮਾਨੰਦ - 1 ਸ਼ਬਦ

(14) ਪਰਮਾਨੰਦ - 1 ਸ਼ਬਦ

(15) ਸੂਰਦਾਸ - 1 ਸ਼ਬਦ ਅਤੇ ਇੱਕ ਪੰਕਤੀ

ਗੁਰੂ ਗ੍ਰੰਥ ਸਾਹਿਬ ਵਿੱਚ ਆਪ ਸਭ ਦੀ ਬਾਣੀ ਉਪਰੋਕਤ ਵੇਰਵੇ ਅਨੁਸਾਰ ਦਰਜ ਹੈ। ਸੂਰਦਾਸ ਦੇ ਨਾਮ ਹੇਠ ਸ਼ਬਦ ਸਾਰੰਗ ਰਾਗ ਵਿੱਚ ਮਿਲਦਾ ਹੈ ਜੋ ਗੁਰੂ ਸਾਹਿਬ ਅਰਜਨ ਦੇਵ ਨੇ ਸੋਧ ਕੇ ਲਿਖਿਆ ਹੈ[1] ਕਿਉਂਕਿ ਉਸ ਉਪਰ ਸਿਰਲੇਖ ਹੈ 'ਰਾਗ ਸਾਰੰਗ ਮਹਲਾ 5 ਸੂਰਦਾਸ'। ਇਹ ਸ਼ਬਦ ਇਸ ਪ੍ਰਕਾਰ ਹੈ :-

ਹਰਿ ਕੇ ਸੰਗ ਬਸੇ ਹਰਿ ਲੋਕ
ਤਨੁ ਮਨੁ ਅਰਪਿ ਸਰਬਸ ਸਭੁ ਅਰਪਿਓ
ਅਨਦ ਸਹਜ ਧੁਨਿ ਝੋਕ ॥ ੧ ॥ ਰਹਾਉ ॥
ਦਰਸਨ ਪੇਖਿ ਭਏ ਨਿਰਬਿਖਈ ਪਾਏ ਸਗਲੇ ਥੋਕ ॥

---

1. ਆਦਿ ਗ੍ਰੰਥ : ਸਾਰੰਗ , ਪੰਨਾ 1253

ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥ ੧ ॥
ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥ ॥ ੧ ॥ ॥[1]

ਇਸ ਸ਼ਬਦ ਤੋਂ ਇਲਾਵਾਂ ਸਾਰੰਗ ਰਾਗ ਦੇ ਵਿੱਚ ਇਸ ਕਿਸਮ ਨਿਖੇਤ ਸ਼ਬਦ ਦੀ ਵੀ ਇੱਕ ਪੰਕਤੀ ਮਿਲਦੀ ਹੈ ।

" ਛਾਡਿ ਮਨ ਹਰਿ ਬਿਮੁਖਨ ਕੋ ਸੰਗ " [2]

ਬਾਕੀ ਦਾ ਸ਼ਬਦ ਸੂਰਦਾਸ ਕਾਵਿ ਨਾਲ ਨਹੀਂ ਮਿਲਦਾ । ਹੋ ਸਕਦਾ ਹੈ ਗੁਰੂ ਸਾਹਿਬ ਨੇ ਸੂਰਦਾਸ ਦਾ ਇਹ ਪਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨਾ ਚਾਹਿਆ ਹੋਵੇ ਪਰ ਬਾਕੀ ਸ਼ਬਦ ਗੁਰੂ ਆਸ਼ੇ ਅਨੁਸਾਰ ਨਾ ਹੋਣ ਕਰਕੇ ਛੱਡ ਦਿੱਤਾ ਹੋਵੇ ਅਤੇ ਆਪ ਪੂਰਾ ਕੀਤਾ ਹੋਵੇ । ਪਰ ਗਿਆਨੀ ਗਿਆਨ ਸਿੰਘ [3] ਅਨੁਸਾਰ ਗੁਰੂ ਸਾਹਿਬ ਨੇ ਭਾਈ ਬੰਨੋ ਨੂੰ ਬੀੜ ਦੀ ਜ਼ਿਲਦ ਬਣਵਾਉਣ ਲਈ ਲਾਹੌਰ ਭੇਜਿਆ ਤਾਂ ਰਸਤੇ ਵਿੱਚ ਉਸ ਨੇ ਹੋਰ ਸਿੱਖਾਂ ਨਾਲ ਮਿਲਕੇ ਇਸ ਬੀੜ ਦਾ ਇੱਕ ਹੋਰ ਉਤਾਰਾ ਕਰ ਲਿਆ । ਉਸ ਵਿੱਚ ਉਸ ਨੇ ਕੁਝ ਹੋਰ ਬਾਣੀ ਵੀ ਰਲਾ ਦਿੱਤੀ ਜੋ ਆਦਿ ਬੀੜ ਵਿੱਚ ਨਹੀਂ ਸੀ । ਉਸ ਨੇ ਸੂਰਦਾਸ ਦੇ ਪਦ ਨੂੰ ਪੂਰਾ ਕੀਤਾ ਅਤੇ ਮੀਰਾਂ ਦਾ ਇੱਕ ਪਦ ਵੀ ਉਸ ਨੇ ਵਾਧੂ ਲਿਖ ਦਿਆ ।

ਇਹਨਾਂ ਸਾਰੇ ਬਾਣੀ-ਕਾਰਾਂ ਵਿੱਚੋਂ ਗੁਰੂ ਸਾਹਿਬਾਨ ਦੀ ਬਾਣੀ ਅੰਤ ਵਿੱਚ

---

1. ਆਦਿ ਗ੍ਰੰਥ : ਸਾਰੰਗ , ਪੰਨਾ 1253
2. --- ਉਹੀ ---
3. ਗਿਆਨੀ ਗਿਆਨ ਸਿੰਘ : ਤਵਾਰੀਖ਼ ਗੁਰੂ ਖ਼ਾਲਸਾ , ਪੰਨਾ 245

ਨਾਨਕ ਨਾਮ ਤਾਂ ਪਹਿਲਾਂ ਸੀ ਪਰ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਪਛਾਣਨ ਲਈ 'ਮਹਲਾ' ਸ਼ਬਦ ਦਾ ਪ੍ਰਯੋਗ ਕੀਤਾ ਜਿਵੇਂ ਮਹਲਾ ੧, ਮਹਲਾ ੨, ਮਹਲਾ ੩ ਆਦਿ ।

## ਬਾਣੀਕਾਰਾਂ ਦੀ ਤਰਤੀਬ

### (1) ਗੁਰੂ ਸਾਹਿਬਾਨ ਦੀ ਬਾਣੀ

ਗੁਰੂ ਸਾਹਿਬਾਨ ਕੋਲ ਸਾਰੇ ਬਾਣੀਕਾਰਾਂ ਦੀ ਬਾਣੀ ਵੱਖ-ਵੱਖ ਸੀ ਅਤੇ ਵੱਖ-ਵੱਖ ਰਾਗਾਂ ਵਿੱਚ ਸੀ । ਆਪ ਨੇ ਸਭ ਦੀ ਬਾਣੀ ਨੂੰ ਪਹਿਲਾਂ ਵੱਖ-ਵੱਖ ਰਾਗਾਂ ਅਨੁਸਾਰ ਕਰ ਲਿਆ ਜਿਵੇਂ ਰਾਗ ਸਿਰੀ ਵਿੱਚ ਰਚਿਤ ਸਾਰੇ ਗੁਰੂ ਸਾਹਿਬਾਨ ਅਤੇ ਸਾਰੇ ਭਗਤਾਂ ਦੀ ਬਾਣੀ ਇੱਕ ਜਗ੍ਹਾ ਕਰ ਲਈ । ਫਿਰ ਮਾਝ ਰਾਗ ਵਿੱਚ ਰਚਿਤ ਸਭ ਬਾਣੀ ਨੂੰ ਇੱਕ ਜਗ੍ਹਾ ਇਕੱਠਾ ਕਰ ਲਿਆ । ਇਸ ਪ੍ਰਕਾਰ ਬਾਕੀ ਰਚਨਾਵਾਂ ਨੂੰ ਵੀ ਵੱਖ-ਵੱਖ ਕਰ ਲਿਆ । ਹਰ ਰਾਗ ਵਿੱਚ ਪਹਿਲਾਂ ਮਹਲਾ ੧, ਫਿਰ ਮਹਲਾ ੨, ਫਿਰ ਮਹਲਾ 3, ਫਿਰ ਮਹਲਾ 4, ਫਿਰ ਮਹਲਾ 5, ਫਿਰ ਮਹਲਾ ੯ ਅਤੇ ਫਿਰ ਮਹਲਾ ੧੦ ਦੀ ਬਾਣੀ ਰੱਖੀ ।

### (੨) ਗੁਰੂ ਘਰ ਦੇ ਸੰਬੰਧੀ

ਗੁਰੂ ਸਾਹਿਬਾਨ ਤੋਂ ਬਾਅਦ ਗੁਰੂ ਘਰ ਦੇ ਸੰਬੰਧੀਆਂ ਦੀ ਬਾਣੀ ਰੱਖੀ ਗਈ । ਜਿਵੇਂ ਰਾਗ ਰਾਮਕਲੀ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਬਾਅਦ ਰਾਮਕਲੀ ਸਦ[1] ਆਇਆ ਹੈ ਜੋ ਬਾਬਾ ਸੁੰਦਰ ਦੀ ਬਾਣੀ ਹੈ ।

---

1. ਆਦਿ ਗ੍ਰੰਥ : ਰਾਮਕਲੀ , ਪੰਨਾ 923

### (3) ਰਬਾਬੀ ਅਤੇ ਭੱਟ

ਉਸ ਤੋਂ ਬਾਅਦ ਗੁਰੂ ਘਰ ਦੇ ਸਿੱਖਾਂ, ਰਬਾਬੀਆਂ ਅਤੇ ਭੱਟਾਂ ਦੀ ਬਾਣੀ ਰੱਖੀ ਗਈ ਹੈ ਜੋ ਭਗਤਾਂ ਦੀ ਬਾਣੀ ਤੋਂ ਪਹਿਲਾਂ ਆਈ ਹੈ[1] ।

### (4) ਭਗਤਾਂ ਦੀ ਬਾਣੀ

ਉਨ੍ਹਾਂ ਤੋਂ ਬਾਅਦ ਭਗਤਾਂ ਦੀ ਬਾਣੀ ਆਉਂਦੀ ਹੈ । ਹਰ ਰਾਗ ਵਿੱਚ ਇਹ ਤਰਤੀਬ ਕਾਇਮ ਹੈ । ਕਿਧਰੇ ਵੀ ਇਹ ਨਹੀਂ ਹੋਇਆ ਕਿ ਬਾਣੀਕਾਰ ਅੱਗੇ ਪਿੱਛੇ ਕਰ ਦਿੱਤੇ ਹੋਣ ।

ਗੁਰੂ ਸਾਹਿਬਾਨ ਦੀ ਬਾਣੀ ਤੋਂ ਬਾਅਦ ਜਦੋਂ ਭਗਤਾਂ ਦੀ ਬਾਣੀ ਸ਼ੁਰੂ ਹੁੰਦੀ ਹੈ ਤਾਂ ਉਥੇ ਸਿਰਲੇਖ ਆਉਂਦਾ ਹੈ 'ਬਾਣੀ ਭਗਤਾਂ ਕੀ' । ਭਗਤਾਂ ਦੀ ਬਾਣੀ ਡਾ. ਮਹਿੰਦਰ ਕੌਰ ਗਿੱਲ[2] ਅਨੁਸਾਰ ਇਸ ਕ੍ਰਮ ਨਾਲ ਦਰਜ ਕੀਤੀ ਹੈ :-

1. ਕਬੀਰ
2. ਨਾਮਦੇਵ
3. ਰਵਿਦਾਸ
4. ਰਾਮਾਨੰਦ
5. ਜੈ ਦੇਵ
6. ਤ੍ਰਿਲੋਚਨ
7. ਧੰਨਾ
8. ਸੈਣ
9. ਪੀਪਾ
10. ਭੀਖਨ
11. ਸਧਨਾ
12. ਪਰਮਾਨੰਦ
13. ਸੂਰਦਾਸ
14. ਬੇਣੀ
15. ਸ਼ੇਖ ਫ਼ਰੀਦ

---

1. ਆਦਿ ਗ੍ਰੰਥ : ਪੰਨਾ 966

2. ਗਿੱਲ ਮਹਿੰਦਰ ਕੌਰ (ਡਾ.) : ਗੁਰੂ ਅਰਜਨ ਦੇਵ ਜੀਵਨ ਤੇ ਰਚਨਾ , ਪੰਨਾ 61

ਕਬੀਰ ਜੀ ਦੀ ਬਾਣੀ ਸਾਰੇ ਰਾਗਾਂ ਵਿੱਚ ਪਹਿਲੇ ਸਥਾਨ ਉੱਤੇ ਆਈ ਹੈ ਪਰ ਦੂਜੇ ਸਥਾਨ ਤੇ ਰਾਮਾਨੰਦ ਦਾ ਨਾਮ ਆਇਆ ਹੈ । ਇਨ੍ਹਾਂ ਵਿੱਚ ਹੀ ਸ਼ਬਦ ਹੈ :

- ਕਤ ਜਾਈਐ ਰੇ ਘਰ ਲਾਗੋ ਰੰਗ ॥
  ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥[1]

ਕਬੀਰ ਜੀ ਦਾ ਇਹ ਸ਼ਬਦ -

- ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ [2]

ਇਸ ਤੋਂ ਬਾਅਦ ਨਾਮਦੇਵ ਜੀ ਦੇ ਸ਼ਬਦ -

- ਸਾਹਿਬੁ ਸੰਕਟਵੇ ਸੇਵਕੁ ਭੱਜੇ ।
  ਚਿਰੰਕਾਲ ਨ ਜੀਵੇ ਦੋਊ ਕੁਲ ਲਜੇ ॥[3]

ਤੋਂ ਪਹਿਲਾਂ ਆਇਆ ਹੈ । ਤੀਜੇ ਸਥਾਨ ਤੇ ਨਾਮਦੇਵ ਜੀ ਦੀ ਬਾਣੀ ਆਈ ਹੈ ।

ਚੌਥੇ ਸਥਾਨ ਤੇ ਲਿਖਤੀ ਸੂਚੀ ਅਨੁਸਾਰ ਰਵਿਦਾਸ ਜੀ ਦਾ ਨਾਮ ਆਇਆ ਹੈ ਪਰ ਰਾਗ ਮਾਲੀ ਗਉੜਾ ਅਤੇ ਮਾਰੂ ਵਿੱਚ ਰਵਿਦਾਸ ਤੋਂ ਪਹਿਲਾਂ ਜੈਦੇਵ ਦੀ ਬਾਣੀ ਹੈ । ਜਿਵੇਂ ਜੈਦੇਵ ਦਾ ਪਦਾ :

ਚੰਦਸਤ ਭੇਦਿਆ ਨਾਦਸਤ ਪੂਰਿਆ ਸੂਰਸਤ ਖੋੜਸਾਦਤੁ ਕੀਆ ॥[4]

---

1. ਆਦਿ ਗ੍ਰੰਥ : ਬਸੰਤ ਹਿੰਡੋਲ ਰਾਮਾਨੰਦ , ਪੰਨਾ 1195
2. ਆਦਿ ਗ੍ਰੰਥ : ਕਬੀਰ , ਪੰਨਾ 1195
3. ਆਦਿ ਗ੍ਰੰਥ : ਬਸੰਤ ਨਾਮਦੇਵ , ਪੰਨਾ 1195
4. ਆਦਿ ਗ੍ਰੰਥ : ਮਾਰੂ ਜੈਦੇਵ , ਪੰਨਾ 1106

ਰਵਿਦਾਸ ਜੀ ਦੇ ਪਦੇ :

- ਐਸੀ ਲਾਲ ਤੁਝ ਬਿਨੁ ਕਉਨੁ ਕਰੈ ।
  ਗਰੀਬ ਨਿਵਾਜੁ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ ॥[1]

ਤੋਂ ਪਹਿਲਾਂ ਆਇਆ ਹੈ ।

ਇਸ ਲੜੀ ਚੌਥੇ ਸਥਾਨ ਤੇ ਜੈ ਦੇਵ ਜੀ ਦਾ ਨਾਮ ਆਇਆ ਹੈ । ਪੰਜਵਾਂ ਤ੍ਰਿਲੋਚਨ, ਛੇਵਾਂ ਬੇਣੀ, ਸੱਤਵਾਂ ਰਵਿਦਾਸ, ਅੱਠਵਾਂ ਸੈਣ, ਨੌਵਾਂ ਪੀਪਾ, ਦਸਵਾਂ ਧੰਨਾ, ਗਿਆਰਵਾਂ ਭੀਖਨ, ਬਾਰ੍ਹਵਾਂ ਸਧਨਾ, ਤੇਰ੍ਹਵਾਂ ਪਰਮਾਨੰਦ, ਚੌਧਵਾਂ ਸੂਰਦਾਸ ਅਤੇ ਪੰਦਰਵਾਂ ਸਥਾਨ ਫਰੀਦ ਭਗਤ ਕਵੀਆਂ ਦਾ । ਇਹ ਕ੍ਰਮ ਵੀ ਕਿਧਰੇ-ਕਿਧਰੇ ਟੁੱਟਿਆ ਹੈ । ਜਿਵੇਂ ਭਗਤ ਤ੍ਰਿਲੋਚਨ ਦੀ ਬਾਣੀ ਰਾਗ ਸਿਰੀ ਵਿੱਚ ਰਵਿਦਾਸ ਜੀ ਦੀ ਬਾਣੀ ਤੋਂ ਪਹਿਲਾਂ ਆਈ ਹੈ[2] ਅਤੇ ਧਨਾਸਰੀ ਰਾਗ ਵਿੱਚ ਰਵਿਦਾਸ ਜੀ ਤੋਂ ਬਾਅਦ ਵਿੱਚ ਦਰਜ ਹੈ[3] । ਇਸ ਪ੍ਰਕਾਰ ਭਗਤ ਬੇਣੀ ਜੀ ਦੀ ਬਾਣੀ ਸਿਰੀ ਰਾਗ ਵਿੱਚ ਰਵਿਦਾਸ ਜੀ ਦੀ ਬਾਣੀ ਤੋਂ ਪਹਿਲਾਂ ਦਰਜ ਹੈ[4] ਅਤੇ ਰਾਮਕਲੀ ਰਾਗ ਵਿੱਚ ਰਵਿਦਾਸ ਜੀ ਦੀ ਬਾਣੀ ਤੋਂ ਬਾਅਦ ਆਈ ਹੈ[5] ।

---

1. ਆਦਿ ਗ੍ਰੰਥ : ਮਾਰੂ ਰਵਿਦਾਸ , ਪੰਨਾ 1106
2. ਆਦਿ ਗ੍ਰੰਥ : ਸਿਰੀ ਰਾਗ , ਪੰਨਾ 92
3. ਆਦਿ ਗ੍ਰੰਥ : ਧਨਾਸਰੀ , ਪੰਨਾ 695
4. ਆਦਿ ਗ੍ਰੰਥ : ਰਾਗ ਸਿਰੀ, ਪੰਨਾ 93
5. ਆਦਿ ਗ੍ਰੰਥ : ਰਾਮਕਲੀ , ਪੰਨਾ 974

ਜੈ ਦੇਵ ਜੀ ਦਾ ਪਦ ਗੂਜਰੀ ਰਾਗ ਵਿੱਚ ਭਗਤ ਰਵਿਦਾਸ ਜੀ ਦੀ ਬਾਣੀ ਤੋਂ ਬਾਅਦ ਆਇਆ ਹੈ[1] ਅਤੇ ਮਾਰੂ ਰਾਗ ਵਿੱਚ ਪਹਿਲਾਂ ਆਇਆ ਹੈ[2]।

ਜਿਸ ਪ੍ਰਕਾਰ ਗੁਰੂ ਸਾਹਿਬ ਨੇ ਗੁਰੂ ਸਾਹਿਬਾਨ ਦੀ ਬਾਣੀ ਉਪੱਰ ਬਾਣੀਕਾਰ ਦੀ ਪਛਾਣ ਲਈ ਮਹਲਾ ਸ਼ਬਦ ਲਿਖ ਕੇ ਕ੍ਰਮ ਅਨੁਸਾਰ ਸਥਾਨ ਲਿਖ ਦਿੱਤਾ ਹੈ, ਉਸੀ ਪ੍ਰਕਾਰ ਭਗਤਾਂ ਦੀ ਬਾਣੀ ਉਪਰ ਭਗਤਾਂ ਦੇ ਨਾਮ ਲਿਖ ਦਿੱਤੇ ਹਨ ਤਾਂ ਕਿ ਕਿਸੇ ਸ਼ੱਕ ਦੀ ਗੁੰਜਾਇਸ਼ ਹੀ ਨਾ ਰਹੇ।

## ਬਾਣੀ ਦੀ ਤਰਤੀਬ

ਜਿੱਥੇ ਗੁਰੂ ਸਾਹਿਬ ਨੇ ਬਾਣੀਕਾਰਾਂ ਨੂੰ ਤਰਤੀਬ-ਬੱਧਤਾ ਪ੍ਰਦਾਨ ਕੀਤੀ ਉਥੇ ਰਚਨਾਵਾਂ ਨੂੰ ਵੀ ਹਰ ਜਗ੍ਹਾ ਹਰ ਰਾਗ ਵਿੱਚ ਇਕ ਅਜਿਹੀ ਤਰਤੀਬ ਦਿੱਤਾ ਜੋ ਇਸ ਪ੍ਰਕਾਰ ਹੈ :

(1) **ਪਦੇ** : ਚਉਪਦੇ, ਦੁਪਦੇ, ਪੰਜਪਦੇ, ਤਿਪਦੇ ਆਦਿ ਕਈ ਸ਼ਬਦਾਂ ਦੇ ਉਪਰ ਪਦਿਆਂ ਦਾ ਵਿਸ਼ੇਸ਼ ਸਿਰਲੇਖ ਆਇਆ ਹੈ ਜਿਵੇਂ ਚਉਪਦੇ, ਦੁਪਦੇ ਆਦਿ ਪਰ ਕਈਆਂ ਉਪਰ ਸਿਰਲੇਖ ਨਹੀਂ ਆਇਆ ਪਰ ਤਰਤੀਬ ਅਨੁਸਾਰ ਉਹ ਸ਼ਬਦ ਇਸੇ ਵੰਨਗੀ ਵਿੱਚ ਰੱਖੇ ਗਏ ਹਨ।

(2) ਅਸ਼ਟਪਦੀਆਂ

(3) ਅਜਿਹੀਆਂ ਰਚਨਾਵਾਂ ਜੋ ਵਿਸ਼ੇਸ਼ ਸਿਰਲੇਖ ਹੇਠ ਆਈਆਂ ਹਨ ਪਰ ਆਕਾਰ ਵਜੋਂ ਬਹੁਤ ਲੰਬੀਆਂ ਨਹੀਂ ਜਿਵੇਂ ਪਹਰੈ, ਦਿਨ ਰੈਣਿ ਆਦਿ। ਇਨ੍ਹਾਂ ਨੂੰ ਡਾ. ਮਹਿੰਦਰ ਕੌਰ

---

1. ਆਦਿ ਗ੍ਰੰਥ : ਰਾਗ ਗੁਜਰੀ ; ਪੰਨਾ 526.
2. -ਉਹੀ- ਰਾਗ ਮਾਰੂ ; ਪੰਨਾ 1106.

ਗਿੱਲ[1] ਨੇ ਅਸਲੋਕਟ ਰਚਨਾਵਾਂ ਅਤੇ ਡਾ. ਤਾਰਨ ਸਿੰਘ[2] ਨੇ ਸਮਸਿਆਵੀ ਰਚਨਾਵਾਂ ਦਾ ਨਾਮ ਦਿੱਤਾ ਹੈ।

(4) **ਛੰਤ, ਸ਼ਲੋਕ** : ਪਹਰੈ, ਦਿਨ ਰੈਣਿ ਆਦਿ ਰਚਨਾਵਾਂ ਤੋਂ ਬਾਅਦ ਛੰਤ, ਸ਼ਲੋਕ ਆਏ ਹਨ। ਕਈ ਛੰਤ ਇਕੱਲੇ ਹਨ ਅਤੇ ਕਈਆਂ ਨਾਲ ਸ਼ਲੋਕ ਆਏ ਹਨ।

(5) **ਲੰਮੇਰੀਆਂ ਰਚਨਾਵਾਂ** : ਇਨ੍ਹਾਂ ਤੋਂ ਬਾਅਦ ਉਹ ਰਚਨਾਵਾਂ ਹਨ ਜੋ ਆਕਾਰ ਵਿੱਚ ਲੰਮੇਰੀਆਂ ਹਨ ਜਿਵੇਂ ਸੁਖਮਨੀ ਸਾਹਿਬ, ਥਿਤੀ ਆਦਿ।

(6) **ਵਾਰਾਂ** : ਸਭ ਤੋਂ ਬਾਅਦ ਵਾਰਾਂ ਆਈਆਂ ਹਨ ਜੋ ਸਭ ਤੋਂ ਦੀਰਘਾਕਾਰੀ ਹਨ।

ਗੁਰੂ ਸਾਹਿਬ ਨੇ ਇਨ੍ਹਾਂ ਸਭ ਪ੍ਰਕਾਰ ਦੀਆਂ ਰਚਨਾਵਾਂ ਸਹਿਤ ਪਹਿਲਾਂ ਗੁਰੂ ਸਾਹਿਬ ਦੀ ਬਾਣੀ ਰੱਖੀ ਅਤੇ ਫਿਰ ਬਾਕੀ ਸਿੱਖਾਂ, ਭਗਤਾਂ ਦੀ ਬਾਣੀ ਰੱਖੀ। ਹਰ ਰਾਗ ਵਿੱਚ ਪਹਿਲੇ ਸਾਰੇ ਗੁਰੂ ਸਾਹਿਬਾਨ ਦੀਆਂ ਇੱਕ ਪ੍ਰਕਾਰ ਦੀਆਂ ਰਚਨਾਵਾਂ ਲਿਖ ਕੇ ਫਿਰ ਦੂਸਰੇ ਪ੍ਰਕਾਰ ਸ਼ੁਰੂ ਕੀਤੇ ਜਿਵੇਂ ਸਿਰੀ ਰਾਗ ਹੀ ਲੈ ਲਈਏ। ਇਸ ਵਿੱਚ ਪਹਿਲਾਂ ਸਾਰੇ ਗੁਰੂ ਸਾਹਿਬਾਨ ਦੇ ਸ਼ਬਦ (ਚਉਪਦੇ, ਤਿਪਦੇ, ਦੁਪਦੇ ਆਦਿ), ਅਸ਼ਟਪਦੀਆਂ, ਪਹਰੈ, ਛੰਤ, ਵਣਜਾਰਾ ਅਤੇ ਫਿਰ ਵਾਰ ਦਰਜ ਹੈ। ਭਗਤਾਂ ਦੀ ਬਾਣੀ ਇਨ੍ਹਾਂ ਤੋਂ ਬਾਅਦ ਆਉਂਦੀ ਹੈ। ਇਹ ਕ੍ਰਮ ਬਾਕੀ ਰਾਗਾਂ ਦੇ ਨਿਭਾਅ ਸਮੇਂ ਵੀ ਜਾਰੀ ਰਹਿੰਦਾ ਹੈ।

---

1. ਗਿੱਲ ਮਹਿੰਦਰ ਕੌਰ (ਡਾ.) : ਗੁਰੂ ਅਰਜਨ ਦੇਵ ਜੀਵਨ ਅਤੇ ਰਚਨਾ, ਪੰਨਾ 172
2. ਤਾਰਨ ਸਿੰਘ (ਡਾ.) : ਗੁਰੂ ਨਾਨਕ ਚਿੰਤਨ ਅਤੇ ਕਲਾ, ਪੰਨਾ 85

## ਬਾਣੀ ਲਿਖਵਾਉਣੀ

ਗੁਰੂ ਸਾਹਿਬ ਨੇ ਬਾਣੀ ਤਰਤੀਬਵਾਰ ਕਰਨ ਤੋਂ ਬਾਅਦ ਬਾਣੀ ਲਿਖਵਾਉਣ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ ਕਿਉਂਕਿ ਉਸ ਕਾਲ ਵਿੱਚ ਗੁਰੂ ਸਾਹਿਬ ਤੋਂ ਬਿਨ੍ਹਾਂ ਭਾਈ ਗੁਰਦਾਸ ਜੀ ਹੀ ਸਨ ਜਿਨ੍ਹਾਂ ਦੀ ਗੁਰਮੁਖੀ ਦੀ ਲਿਖਾਈ ਬਹੁਤ ਹੀ ਖੂਬਸੂਰਤ ਸੀ । ਦੋਹਾਂ ਨੇ ਬਚਪਨ ਤੋਂ ਵਿਦਿਆ ਵੀ ਇਕੱਠੀ ਪ੍ਰਾਪਤ ਕੀਤੀ ਸੀ । ਭਾਈ ਗੁਰਦਾਸ ਜੀ ਸਿਆਣੇ ਵੀ ਬਹੁਤ ਸਨ । ਮਹਿਮਾ ਪ੍ਰਕਾਸ਼ ਅਨੁਸਾਰ "ਭਾਈ ਗੁਰਦਾਸ ਜੀ ਗੁਰੂ ਸਾਹਿਬਾਨ ਦੀ ਬਾਣੀ ਨੂੰ ਤਰਤੀਬ ਦੇਣ ਵਿੱਚ ਵੀ ਆਪ ਦੀ ਮਦਦ ਕਰਦੇ ਸਨ । ਬਾਣੀ ਵੱਖ-ਵੱਖ ਕਰਦੇ ਵੇਖ ਕੇ ਗੁਰੂ ਸਾਹਿਬ ਨੇ ਆਪ ਪੁੱਛਿਆ ਕਿ ਕੱਚੀ ਬਾਣੀ ਕਿਵੇਂ ਪਹਿਚਾਣ ਲੈਂਦੇ ਹੋ ਤਾਂ ਭਾਈ ਗੁਰਦਾਸ ਜੀ ਨੇ ਨਿਮਰਤਾ ਸਹਿਤ ਉੱਤਰ ਦਿੱਤਾ[1] :

ਬਹੁਤ ਪੁਰਖ ਮਿਲ ਬਾਤ ਬਖਾਨੇ ।
ਨਿੱਜ ਭਰਤਾ ਬੋਲ ਤਿਰੀਆ ਪਹਿਚਾਨੇ ।
ਅਵਰ ਕੋ ਵਾਕ ਤਿਸ ਮਨ ਨਹੀਂ ਆਵੇ ।
ਸੁਨ ਭਰਤਾ ਬੋਲ ਹੀਏ ਮੋ ਭਾਵੇ ।[2]

ਬਾਣੀ ਲਿਖਣ ਦਾ ਕਾਰਜ ਸ਼ਹਿਰੋਂ ਬਾਹਰ ਇਕਾਂਤ ਸਥਾਨ ਤੇ ਬੈਠ ਕੇ ਕੀਤਾ ਜਾਂਦਾ ਸੀ ਜਿੱਥੇ ਅੱਜ-ਕਲ ਗੁਰਦੁਆਰਾ ਅਤੇ ਸਰੋਵਰ ਰਾਮਸਰ ਹੈ । ਗੁਰੂ ਗ੍ਰੰਥ ਸਾਹਿਬ ਦਾ ਲਿਖਣ ਦਾ ਕੰਮ ਤਕਰੀਬਨ ਡੇਢ ਸਾਲ ਤੱਕ ਚਲਦਾ ਰਿਹਾ ਅਤੇ 1604 ਈ: ਬਿਕਰਮੀ

---

1. ਸਤਿਬੀਰ ਸਿੰਘ (ਪ੍ਰਿੰਸੀਪਲ) : <u>ਪਰਤਖ ਹਰਿ</u> , ਪੰਨਾ 136
2. ਸਰੂਪ ਦਾਸ ਭੱਲਾ : <u>ਮਹਿਮਾ ਪ੍ਰਕਾਸ਼</u> , (ਸਾਖੀ ਗਿਆਰਵੀਂ), ਪੰਨਾ 362

ਸੰਮਤ 1661 ਨੂੰ ਸੰਪੂਰਨ ਹੋਇਆ ।

ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦੀ ਸੰਗੀਤ ਜਗਤ ਨੂੰ ਬਹੁਤ ਵੱਡੀ ਦੇਣ ਹੈ । ਦੁਨੀਆ ਦਾ ਹੋਰ ਕੋਈ ਅਜਿਹਾ ਗ੍ਰੰਥ ਨਹੀਂ ਜੋ ਪੂਰੀ ਤਰ੍ਹਾਂ ਅਧਿਆਤਮਿਕ ਤੇ ਸੰਗੀਤਕ ਹੋਵੇ । ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਮਿਸਾਲ ਆਪ ਹਨ । ਆਦਿ ਗ੍ਰੰਥ ਦਾ ਸੰਪਾਦਨ 1604 ਈ: ਵਿੱਚ ਗੁਰੂ ਅਰਜਨ ਦੇਵ ਜੀ ਨੇ ਕਰਕੇ ਬਾਬਾ ਬੁੱਢਾ ਜੀ ਨੂੰ ਇਸ ਪਵਿੱਤਰ ਬੀੜ ਦੇ ਮੁੱਖ ਗ੍ਰੰਥੀ ਥਾਪਿਆ । ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ, ਉਨ੍ਹਾਂ ਦੇ ਸਮਕਾਲੀ ਭਗਤਾਂ ਦੀ ਬਾਣੀ ਜੋ ਗੁਰਮਤਿ ਆਸ਼ੇ ਅਨੁਕੂਲ ਸੀ, ਉਸ ਦਾ ਘੋਖਣਾਂ ਅਧਿਐਨ ਕਰਨ ਦੇ ਬਾਅਦ ਰਾਗਾਂ ਅਨੁਸਾਰ ਆਪ ਤਰਤੀਬ ਦਿੱਤੀ । ਇਸ ਗ੍ਰੰਥ ਦੀ 'ਜਪੁਜੀ' ਤੋਂ ਬਿਨ੍ਹਾਂ ਸਾਰੀ ਬਾਣੀ ਰਾਗਾਤਮਿਕ ਹੈ । ਗੁਰੂ ਜੀ ਨੇ ਬਾਣੀ ਸੰਕਲਨ ਕਰਕੇ 'ਪੋਥੀ ਪਰਮੇਸਰ' ਕਾ ਥਾਨ' ਦੇ ਰੂਪ ਵਿੱਚ ਸੰਸਾਰ ਨੂੰ ਪ੍ਰਦਾਨ ਕੀਤਾ ।

## ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਦਾ ਕ੍ਰਮਿਕ ਵਿਕਾਸ

ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਮਾਣਿਕ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸੰਚਾਰ ਲਈ ਗੁਰੂ ਸਾਹਿਬਾਨ ਨੇ ਸੰਗੀਤ ਦੀ ਜੁਗਤ ਦਾ ਇਸਤੇਮਾਲ ਇਕ ਵਿਸ਼ੇਸ਼ ਸੰਗੀਤ ਪ੍ਰਬੰਧ ਦੇ ਰੂਪ ਵਿਚ ਕੀਤਾ ਹੈ ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਕੇਵਲ ਸੰਗੀਤਾਤਮਕ/ਰਾਗਾਤਮਕ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਸ੍ਰੀ ਗੁਰੂ ਨਾਨਕ ਜੀ ਦੁਆਰਾ ਰਚਿਤ ਬਾਣੀ ਦੇ ਵਰਗੀਕਰਣ ਅਤੇ ਅੰਕਣ ਦਾ ਮੁੱਖ ਆਧਾਰ 'ਰਾਗ' ਹਨ । ਗੁਰੂ ਸਾਹਿਬ ਦੀ ਬਾਣੀ ਉਪਰ ਰਾਗ ਸਿਰਲੇਖ ਰੂਪ ਵਿਚ ਅੰਕਿਤ ਹਨ । ਰਾਗਾਂ ਦੇ ਇਹ ਅੰਕਣ ਕੀਰਤਨਕਾਰ ਲਈ ਸੰਬੰਧਿਤ ਰਾਗ ਅਧੀਨ ਸ਼ਬਦ ਗਾਇਨ ਦਾ ਨਿਰਦੇਸ਼ ਹੈ । ਗੁਰਮਤਿ ਸੰਗੀਤ ਅਧੀਨ ਗੁਰੂ ਸਾਹਿਬ ਨੇ ਰਾਗਾਂ ਵਿਚ ਸ਼ਬਦ ਗਾਇਨ ਪ੍ਰਥਾ ਨੂੰ ਇਕ ਪਰੰਪਰਾ ਵਜੋਂ ਸਥਾਪਿਤ ਕੀਤਾ ਹੈ । ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦਾ ਇਤਿਹਾਸਿਕ ਵਿਕਾਸ ਦੇਣ ਤੋਂ ਪਹਿਲਾਂ ਭਾਰਤੀ ਸੰਗੀਤ ਦੇ ਸੰਦਰਭ ਵਿਚ 'ਰਾਗ' ਦੇ ਵਿਭਿੰਨ ਪਹਿਲੂਆਂ ਸੰਬੰਧੀ ਬੁਨਿਆਦੀ ਵਿਚਾਰ ਅੱਵਸ਼ਕ ਪ੍ਰਤੀਤ ਹੁੰਦਾ ਹੈ ।

### ਰਾਗ ਦੀ ਉਤਪਤੀ :

'ਰਾਗ' ਸ਼ਬਦ ਨੂੰ ਸੰਗੀਤ ਦੇ ਖੇਤਰ ਵਿੱਚ 'ਜਨ-ਚਿਤ-ਰੰਜਕ ਧੁਨੀ' ਮੰਨਿਆ ਜਾਂਦਾ ਹੈ । ਰਾਗ ਸ਼ਬਦ 'ਰਜੁ' ਧਾਤੂ ਤੋਂ ਉਤਪੰਨ ਹੋਇਆ ਹੈ । ਸੰਗਿਆ-ਸ਼ਬਦ ਵਜੋਂ ਰਾਗ ਦੇ ਅਰਥ ਹਨ 'ਰੰਗ' । 'ਜਨ-ਚਿਤ-ਰੰਜਨਾ' ਜਾਂ ਪ੍ਰਾਣੀ ਮਾਤਰ ਨੂੰ ਵਿਸ਼ੇਸ਼ ਰੰਗ ਵਿੱਚ ਰੰਗਣਾ ਰਾਗ ਦੀ ਕਿਰਿਆ ਹੈ । ਵਿਸ਼ਿਸ਼ਟ ਸੁਰ ਅਤੇ ਵਿਸ਼ਿਸ਼ਟ ਅਨੁਪਾਤ ਤੋਂ ਪ੍ਰਯੋਗ ਕੀਤੇ ਜਾਣ ਵਾਲੇ

ਸੁਰਾਂ ਦਾ ਵਿਸ਼ਿਸ਼ਟ ਸਰੂਪ ਰਾਗ ਹੈ ਜਿਸ ਵਿੱਚ ਖਾਸ-ਖਾਸ ਸੁਰਾਂ ਉਤੇ ਠਹਿਰਾਵ ਹੋਵੇ । ਰਾਗ ਦੀ ਸਥਾਪਨਾ ਕ੍ਰਮਵਾਰ ਹੌਲੀ ਹੌਲੀ ਹੁੰਦੀ ਹੈ ਜਿਸ ਨੂੰ ਬੜ੍ਹਤ ਕਹਿੰਦੇ ਹਨ । ਇਹ ਬੜ੍ਹਤ ਸਰੋਤਿਆਂ ਦੇ ਮਨ ਨੂੰ ਇਕ ਵਿਸ਼ਿਸ਼ਟ ਭਾਵਨਾ ਵਿਚ ਰੰਗਦੀ ਹੈ ਅਤੇ ਇਹ ਰੰਗ ਹੌਲੀ ਹੌਲੀ ਗਾੜ੍ਹਾ ਹੁੰਦਾ ਜਾਂਦਾ ਹੈ ।[1]

ਸੰਗੀਤ ਅਤੇ ਸਾਹਿਤ ਵਿੱਚ ਰਾਗ ਦੇ ਅਰਥ ਅਲਗ ਅਲਗ ਹਨ । ਸਾਹਿਤ ਪੱਖੋਂ ਰਾਗ ਨੂੰ ਪ੍ਰੀਤ ਤੇ ਅਨੁਰਾਗ ਦੇ ਅਰਥ ਦਿਤੇ ਗਏ ਹਨ ਅਤੇ ਦਰਸ਼ਨ ਪੱਖੋਂ 'ਰਾਗ-ਵਿਰਾਗ' ਜਾਂ 'ਰਾਗ-ਦਵੈ' ਦਾ ਦਵੰਦ ਕਿਹਾ ਗਿਆ ਹੈ । ਇਹ ਪੰਜ ਕਲੇਸ਼ਾਂ ਵਿਚੋਂ ਇਕ ਮੰਨਿਆ ਗਿਆ ਹੈ । ਇਸ ਦਾ ਅਰਥ ਕਸ਼ਟ, ਕਲੇਸ਼, ਈਰਖਾ, ਦਵੇਸ਼ ਲਏ ਗਏ ਹਨ ।[2]

ਭਾਰਤੀ ਸੰਗੀਤ ਦੇ ਇਤਿਹਾਸਿਕ ਅਧਿਐਨ ਤੋਂ ਇਸ ਤੱਥ ਦਾ ਬੋਧ ਹੁੰਦਾ ਹੈ ਕਿ ਪ੍ਰਾਚੀਨ ਸਮੇਂ ਸਾਮ ਗਾਨ ਅਤੇ ਜਾਤੀ ਗਾਇਨ ਵਰਗੀਆਂ ਗਾਇਨ ਵਿਧਾਵਾਂ ਪ੍ਰਚਾਰ ਵਿਚ ਸਨ । ਲਗਭਗ ਤੀਜੀ ਸ਼ਤਾਬਦੀ ਤਕ ਜਾਤੀ ਗਾਇਨ ਦਾ ਭਰਪੂਰ ਪ੍ਰਚਾਰ ਰਿਹਾ । ਜਾਤੀਆਂ ਦੇ ਅੰਗਾਂ ਪ੍ਰਤਿਅੰਗਾਂ ਤੋਂ ਸੱਤਵੀਂ ਸਦੀ ਤੱਕ ਰਾਗ ਗਾਇਨ ਹੋਂਦ ਵਿਚ ਆਇਆ । ਰਾਗ ਦੀ ਉਤਪਤੀ ਜਾਤੀਆਂ ਤੋਂ ਹੋਈ ਪਰ ਇਸ ਦੇ ਧੁਨਾਤਮਕ ਆਦਿ ਸਰੂਪ ਦੇ ਦਰਸ਼ਨ ਪ੍ਰਾਚੀਨ ਗਾਇਨ ਵਿਧਾਵਾਂ 'ਚੋਂ ਕੀਤੇ ਜਾ ਸਕਦੇ ਹਨ । ਸਾਮਵੇਦ ਦੀਆਂ ਰਿਚਾਵਾਂ ਦੇ ਪਰੰਪਰਾਗਤ

---

1. ਆਚਾਰੀਆ ਬ੍ਰਿਹਸਪਤੀ : ਸੰਗੀਤ ਚਿੰਤਾਮਣੀ ; ਪੰਨਾ 80.

2. ਬ੍ਰਿਹਤ ਹਿੰਦੀ ਕੋਸ਼, (ਸੰਪਾ: ਕਾਲਿਕਾ ਪ੍ਰਸ਼ਾਦ) ; ਪੰਨਾ 951.

ਅਲਾਪ ਸੁਣਕੇ ਰਾਗਿਣੀ ਦੀਆਂ ਧੁਨਾਂ ਤੋਂ ਨਵੀਂ ਰਾਗਾਂ ਦੀ ਝਲਕ ਪ੍ਰਤੀਤ ਹੁੰਦੀ ਹੈ ।[1]

ਗ੍ਰੰਥਕਾਰ ਪੰਡਤ ਸ਼ਾਰੰਗਦੇਵ ਨੇ ਆਪਣੇ ਗ੍ਰੰਥ 'ਸੰਗੀਤ ਰਤਨਾਕਰ' ਵਿਚ ਰਾਗ ਸੰਬੰਧੀ ਲਿਖਿਆ ਹੈ, "'ਸੁਰ ਅਤੇ ਵਰਣ ਨਾਲ ਸਜੀ ਵਿਸ਼ਿਸ਼ਟ ਧੁਨੀ ਜੋ ਰੰਜਕਤਾ ਪ੍ਰਦਾਨ ਕਰਦੀ ਹੈ', ਉਸ ਨੂੰ ਰਾਗ ਕਹਿੰਦੇ ਹਨ

ਯੋ ਸੋ ਧ੍ਵਨਿ ਵਿਸ਼ੇਸ਼ਸਤੁ ਸ੍ਵਰ-ਵਰਣ-ਵਿਭੂਸ਼ਿਤ :
ਰੰਜਕੋ ਜਨ ਚਿੱਤਾਨਾਂ ਸ ਰਾਗ : ਕਥਿਤੋ : ਬੁਧੈ : ||[2]

ਪੰਡਤ ਅਹੋਬਲ ਅਨੁਸਾਰ ਵੀ ਰੰਜਕ ਸੁਰਾਂ ਦਾ ਸਮੂਹ ਰਾਗ ਕਹਿਲਾਉਂਦਾ ਹੈ :

ਰੰਜਕ : ਸ੍ਵਰ ਸੰਦਰਭੋ ਰਾਗ ਇਤੀ ਅਭੀਧੀਯਤੇ[3]

ਸੰਗੀਤ ਜਗਤ ਵਿੱਚ ਕੁਝ ਰਾਗਾਂ ਤੇ ਰਾਗਣੀਆਂ ਦੀ ਉਤਪਤੀ ਦੇਵੀ ਦੇਵਤਿਆਂ ਤੋਂ ਸਵੀਕਾਰੀ ਜਾਂਦੀ ਹੈ । ਸ੍ਰੀ ਬਸੰਤ, ਭੈਰਵ, ਪੰਚਮ, ਮੇਘ ਦੀ ਉਤੱਪਤੀ ਸ਼ਿਵਜੀ ਤੋਂ ਅਤੇ ਪਾਰਵਤੀ ਦੇ ਮੂੰਹ ਤੇ ਨਟਨਰਾਇਣ ਦੀ ਉਤੱਪਤੀ ਮੰਨੀ ਜਾਂਦੀ ਹੈ ।[4]

ਭਾਰਤੀ ਸੰਗੀਤ ਵਿੱਚ ਰਾਗਾਂ ਦੀ ਉਤੱਪਤੀ ਦੇਵੀ ਦੇਵਤਿਆਂ ਤੋਂ ਮੰਨੀ ਜਾਂਦੀ ਹੈ ਪਰ ਅਜਿਹੇ ਵਿਚਾਰ ਸਿਰਫ਼ ਕਲਪਨਾ ਦੇ ਆਧਾਰ 'ਤੇ ਪ੍ਰਗਟ ਕੀਤੇ ਗਏ ਹਨ ਜਿਨ੍ਹਾਂ ਬਾਰੇ

---

1. ਪੰਨਾ ਲਾਲ ਮਦਾਨ : ਪੰਜਾਬ ਵਿੱਚ ਸੰਗੀਤ ਕਲਾ ਦਾ ਨਿਕਾਸ ਤੇ ਵਿਕਾਸ ; ਪੰਨਾ 20.
2. ਸੰਗੀਤ ਰਤਨਾਕਰ (ਭਾਗ 2) ; ਸਲੋਕ 2.
3. ਅਹੋਬਲ : ਸੰਗੀਤ ਪਰੀਜਾਤ ; ਸਲੋਕ 91.
4. ਸੰਗੀਤ ਰਤਨਾਕਰ (ਭਾਗ 2) ; ਪੰਨਾ 2.

ਕੋਈ ਆਧਾਰ ਨਹੀਂ ਹੈ ।

## ਰਾਗ ਲੱਛਣ :

ਰਾਗ ਜਾਤੀ ਦਾ ਹੀ ਵਿਕਸਤ ਰੂਪ ਹੈ ਅਤੇ ਇਸ ਜਾਤੀ ਦੇ ਮੂਲ ਤੱਤਾਂ ਤੇ ਆਧਾਰਿਤ ਹੈ । ਰਾਗ ਅਤੇ ਜਾਤੀ ਦੋਹਾਂ ਵਿਚ ਸਮਾਨਤਾ ਹੋਣ ਕਾਰਨ ਜਾਤੀ ਦੇ ਨਿਯਮ ਵੀ ਰਾਗ ਉਪਰ ਲਾਗੂ ਕੀਤੇ ਜਾਂਦੇ ਹਨ ਤੇ ਇਸ ਕਾਇਦੇ ਵਿੱਚ ਰਾਗ ਦੇ ਲੱਛਣ ਨਾਮਕ ਪ੍ਰਕਾਰ ਵਿੱਚ ਆਏ। ਰੰਜਕਤਾ ਪ੍ਰਦਾਨ ਕਰਨਾ, ਜੋ ਸੁਣਨ ਵਿੱਚ ਚੰਗੀ ਲਗਦੀ ਹੋਵੇ ਰਾਗ ਕਹਿਲਾਉਂਦੀ ਹੈ 'ਰਾਗ' ਵਿਸ਼ਿਸ਼ਟ, ਵਿਭਿੰਨ ਸੁਰਾਂ ਅਤੇ ਵਰਣਾਂ ਨਾਲ ਸੁਸਜਿਤ ਰਚਨਾ ਹੈ ।ਵਰਣ ਅਧੀਨ ਸਵਰਾਂ ਦੀ ਪੁਨਰਾਵ੍ਰਿਤੀ, ਕਣ, ਖਟਕਾ ਅਤੇ ਗਮਕ ਭੇਦ ਕਰਦੀਆਂ ਵਿਭਿੰਨ ਗਾਇਕ ਕ੍ਰਿਆਵਾਂ ਆ ਜਾਂਦੀਆਂ ਹਨ । ਇਨ੍ਹਾਂ ਤੋਂ ਇਲਾਵਾ ਰਾਗ ਦੇ ਮੁੱਖ ਲੱਛਣ ਜਿਨ੍ਹਾਂ ਦੇ 'ਆਧਾਰ' ਤੇ ਰਾਗ ਵਿਸ਼ਿਸ਼ਟ ਪਹਿਚਾਨ ਦੇਣ ਸਥਾਨ ਗ੍ਰਹਿਣ ਕਰਦਾ ਹੈ : ਥਾਟ, ਸੁਰ ਆਰੋਹ ਅਵਰੋਹ, ਜਾਤੀ ਵਾਦੀ, ਸੰਵਾਦੀ, ਅਨੁਵਾਦੀ, ਵਿਵਾਦੀ, ਮੁੱਖ ਅੰਗ, ਨਿਆਸਸੁਰ, ਪੂਰਵਾਂਗ ਉੱਤਰਾਂਗ, ਸਮਾਂ, ਸਮਪ੍ਰਕ੍ਰਿਤਕ ਰਾਗ ਆਦਿ ।[1]

## ਰਾਗ ਵਰਗੀਕਰਣ :

ਭਾਰਤੀ ਸੰਗੀਤ ਰਾਗ ਦੇ ਵਿਭਿੰਨ ਸਰੂਪਾਂ ਅਨੁਸਾਰ ਉਨ੍ਹਾਂ ਨੂੰ ਵਰਗੀਕ੍ਰਿਤ ਕਰਨ ਦੀ ਪ੍ਰਥਾ ਪੁਰਾਤਨ ਹੈ । ਰਾਗਾਂ ਦੇ ਪ੍ਰਦਰਸ਼ਨ ਵਿੱਚ ਸਥਾਨ ਤੇ ਸ਼ੈਲੀਆਂ ਦਾ ਮਹੱਤਵਪੂਰਨ ਸਥਾਨ

---

1. ਬ੍ਰਿਹੱਦੇਸ਼ੀ (ਸੰਪਾ: ਪ੍ਰਭੂ ਲਾਲ ਗਰਗ); ਪੰਨਾ 282.

ਰਿਹਾ ਹੈ । ਰਾਗ ਸਾਧਾਰਨ ਪੁਰਸ਼ਾਂ ਦੇ ਪ੍ਰਭਾਵਾਂ ਤੋਂ ਅਛੋਹ ਨਹੀਂ ਰਹਿ ਸਕੇ, ਜਿਸ ਕਰਕੇ ਵਿਭਿੰਨ ਪ੍ਰਦੇਸ਼ਾਂ ਦੇ ਭਾਸ਼ਾਈ ਭੇਦਾਂ ਅਨੁਸਾਰ ਰਾਗਾਂ ਦਾ ਪ੍ਰਚਾਰ ਹੋਇਆ ਮਤੰਗ ਮੁਨੀ ਨੇ ਰਾਗਾਂ ਦੀਆਂ ਭਾਸ਼ਾ, ਵਿਭਾਸ਼ਾ ਅਧੀਨ ਵਿਭਿੰਨ ਰਾਗਾਂ ਦਾ ਵਰਨਣ ਕੀਤਾ ਹੈ । ਪੰਡਿਤ ਸਾਰੰਗਦੇਵ ਨੇ ਆਪਣੇ ਸਮੇਂ ਦੇ ਪ੍ਰਚਲਿਤ ਰਾਗਾਂ ਨੂੰ 10 ਰਾਗਾਂ ਅੰਤਰਗਤ ਵਿਭਾਜਿਤ ਕੀਤਾ ਜਿਸ ਤੋਂ ਇਸ ਵਰਗੀਕਰਨ ਦਾ ਨਾਮ[1] 'ਦਸਵਿਧੀ ਰਾਗ ਵਰਗੀਕਰਣ' ਪਿਆ ।

- ਗ੍ਰਾਮ ਰਾਗ : ਜਿਨ੍ਹਾਂ ਦੀ ਉਤਪਤੀ ਗ੍ਰਾਮਾਂ ਨਾਲ ਸੰਬੰਧਿਤ ਗੀਤੀਆਂ ਤੋਂ ਹੋਈ ।
- ਉਪਰਾਗ : ਗ੍ਰਾਮ ਰਾਗਾਂ ਤੋਂ ਭਿੰਨ ਰਾਗ ਦੇ ਦੱਸ ਲੱਛਣਾਂ ਅਨੁਸਾਰ ਪ੍ਰਚਲਿਤ ਰਾਗ ।
- ਰਾਗ : ਪ੍ਰਾਚੀਨ ਗ੍ਰਾਮ ਰਾਗ ਅਤੇ ਗੀਤੀਆਂ ਤੋਂ ਭਿੰਨ ਜਾਤੀਆਂ ਤੋਂ ਉਤਪੰਨ ਰਾਗ ।
- ਭਾਸ਼ਾ : ਪ੍ਰਾਦੇਸ਼ਿਕ ਸ਼ੈਲੀਆਂ ਅਨੁਸਾਰ ਰਾਗ ।
- ਰਾਗਾਂਗ : ਜਿਨ੍ਹਾਂ ਰਾਗਾਂ ਉਤੇ ਗ੍ਰਾਮ ਰਾਗਾਂ ਦੀ ਛਾਇਆ ਹੋਵੇ ।
- ਭਾਸ਼ਾਂਗ : ਭਾਸ਼ਾ ਜਾਂ ਪ੍ਰਾਦੇਸ਼ਿਕ ਸ਼ੈਲੀਆਂ ਦੇ ਪ੍ਰਭਾਵਾਂ ਅਧੀਨ ਰਾਗ
- ਕ੍ਰਿਆਂਗ : ਭਾਵ ਪ੍ਰਧਾਨ ਤੇ ਕ੍ਰਿਆ ਪ੍ਰਧਾਨ ਰਾਗ ।
- ਉਪਾਂਗ : ਰਾਗਾਂਗ, ਭਾਸ਼ਾਂਗ, ਕ੍ਰਿਆਂਗ ਦੇ ਮਿਸ਼ਰਣ ਤੋਂ ਉਤਪੰਨ ਰਾਗ ।
- ਵਿਭਾਸ਼ਾ : ਭਾਸ਼ਾ ਦੇ ਸਾਧਾਰਨ ਭੇਦਾਂ ਅਨੁਸਾਰ ਰਾਗ ।
- ਅੰਤਰ ਭਾਸ਼ਾ : ਪ੍ਰਾਦੇਸ਼ਿਕ ਸ਼ੈਲੀਆਂ ਦੇ ਸਾਧਾਰਨ ਭਾਸ਼ਾਈ ਭੇਦਾਂ ਅਨੁਸਾਰ ਪ੍ਰਚਲਿਤ ਰਾਗ ।

---

1. ਬ੍ਰਹੱਦੇਸੀ : (ਸੰਪਾ: ਪ੍ਰੇਮ ਲਤਾ ਸ਼ਰਮਾ) ; ਸਲੋਕ 364-365.

ਮੱਧ ਕਾਲ ਵਿੱਚ ਰਾਗ ਵਰਗੀਕਰਣ ਦੀ ਇਕ ਹੋਰ ਪ੍ਰਥਾ ਪ੍ਰਚਾਰ ਵਿੱਚ ਰਹੀ ਜਿਸਨੂੰ 'ਰਾਗ ਰਾਗਣੀ ਵਰਗੀਕਰਣ' ਕਿਹਾ ਜਾਂਦਾ ਸੀ, ਇਸ ਅਧੀਨ ਰਾਗਾਂ ਨੂੰ ਪਿਤਾ, ਇਸਤਰੀ, ਪੁੱਤਰ ਤੇ ਧੀਆਂ ਵਰਗੇ ਸਮਾਜਿਕ ਰਿਸ਼ਤਿਆਂ ਦੁਆਰਾ ਵਰਗੀਕ੍ਰਿਤ ਕੀਤਾ ਜਾਂਦਾ ਸੀ ਪੰਡਤ ਦਾਮੋਦਰ ਨੇ ਸ਼ਿਵ ਮਤ, ਹਨੂਮਾਨ ਮਤ, ਰਾਗਾਰਣਵ ਮਤ ਦਾ ਵਰਣਨ ਕਰਦਿਆਂ ਇਨ੍ਹਾਂ ਅਧੀਨ ਰਾਗਾਂ ਦਾ ਵਿਭਾਜਨ ਕੀਤਾ ਹੈ। ਇਨ੍ਹਾਂ ਤੋਂ ਬਿਨਾਂ ਰਾਗ ਵਰਗੀਕਰਣ ਦੇ ਦੋ ਹੋਰ ਮੱਤ ਕ੍ਰਿਸ਼ਨ ਮਤ ਤੇ ਭਰਤ ਮੱਤ ਵੀ ਪ੍ਰਚਾਰ ਵਿੱਚ ਰਹੇ ਹਨ।

<u>ਸ਼ਿਵ ਮੱਤ :</u>

1. ਸ੍ਰੀ ਰਾਗ - ਮਾਲਸ੍ਰੀ, ਤ੍ਰਿਵੇਣੀ, ਗੌਰੀ, ਕੇਦਾਰੀ, ਮਧੁਮਾਧਵੀ ਪਹਾੜਿਕਾ ॥

2. ਬਸੰਤ - ਦੇਸੀ, ਦੇਵਗਿਰੀ, ਵਰਾਟੀ, ਤੋੜਿਕਾ, ਲਲਿਤਾ, ਹਿੰਡੋਲੀ ॥

3. ਭੈਰਵ - ਭੈਰਵੀ, ਗੁਜਰੀ, ਰਾਮਕਰੀ, ਗੁਣਕਿਰੀ, ਬੰਗਾਲੀ, ਸੈਂਧਵੀ ॥

4. ਪੰਚਮ - ਵਿਭਾਸ, ਭੂਪਾਲ, ਕਰਨਾਟੀ, ਬੜਹੰਸਿਕਾ, ਮਾਲਵੀ, ਪਟਮੰਜਰੀ ॥

5. ਬ੍ਰਿਹਨਾਟ - ਕਾਮੋਦ, ਕਲਿਆਣੀ, ਅਭੀਰੀ, ਨਾਟਿਕਾ, ਸਾਰੰਗੀ, ਨਟਹੰਬੀਰੀ ॥

6. ਮੇਘ - ਮਲਾਰੀ, ਸੋਰਠੀ, ਸਾਵੇਰੀ, ਕੌਸਿਕੀ, ਗੰਧਾਰੀ, ਹਰਸ਼ਿੰਗਾਰ ॥

ਹਨੂੰ ਮੱਤ :

1. ਭੈਰਵ - ਮਧਮਾਦ, ਭੈਰਵੀ, ਬੰਗਾਲੀ, ਵਰਾਟੀ ਅਤੇ ਸੈਂਧਵੀ ।

2. ਕੌਸਿਕ - ਤੋੜੀ, ਖੰਭਾਵਤੀ, ਗੌਰੀ, ਗੁਣਕਰੀ ਤੇ ਕੁਕਭਾ ।

3. ਹਿੰਡੋਲ - ਵੇਲਾਵਲੀ ਰਾਮਕਿਰੀ, ਦੇਸਾਖਧ, ਪਟਮੰਜਰੀ ਅਤੇ ਲਲਿਤਾ।

4. ਦੀਪਕ - ਕੇਦਾਰੀ, ਕਾਨੜਾ, ਦੇਸੀ, ਕਮੋਦੀ, ਨਾਟਿਕਾ ।

5. ਸ੍ਰੀ - ਵਾਸੰਤੀ, ਮਾਲਵੀ, ਮਾਲਸ੍ਰੀ, ਧਨਾਸਿਕਾ, ਆਸਾਵਰੀ ।

6. ਮੇਘ - ਮਲ੍ਹਾਰੀ, ਦੇਸ਼ਕਾਰੀ, ਭੂਪਾਲੀ, ਗੁਜਰੀ, ਟੰਕਾ ।

ਰਾਗ ਅਰਣਵ ਮੱਤ :

1. ਭੈਰਵ - ਬੰਗਾਲੀ, ਗੁਣਕਿਰੀ, ਮਧਮਾਦਿ, ਬਸੰਤ, ਧਨਾਸਰੀ

2. ਪੰਚਮ - ਲਲਿਤਾ, ਗੁਰਜਰੀ, ਦੇਸੀ, ਵਰਾੜੀ, ਰਾਮਕਲੀ ।

3. ਨਟ - ਨਾਰਾਇਣ, ਗੰਧਾਰ, ਸਾਲਗ, ਕੇਦਾਰੀ, ਕਰਨਾਟ ।

4. ਮਲਾਰ - ਮੇਘਮਲਾਰਿਕਾ, ਮਾਲਕੌਸਿਕ, ਪਟ ਮੰਜਰੀ, ਆਸਾਵਰੀ, ਮੇਘ ।

5. ਗੌੜਮਾਲਵ - ਹਿੰਡੋਲ, ਤ੍ਰਿਵਣ, ਗੰਧਾਰੀ, ਗੌਰੀ, ਪਟਹੰਸਿਕਾ ।

6. ਦੇਸ਼ - ਭੂਪਾਲੀ, ਕੁਡਾਲੀ, ਕਮੋਦੀ, ਨਾਟਿਕਾ, ਵੇਲਾਵਲੀ ।

ਕ੍ਰਿਸ਼ਨ ਮੱਤ :

1. ਸ੍ਰੀ ਰਾਗ - ਗੌਰੀ, ਕੋਲਾਹਲ, ਧਵਲਾ, ਵਰੀਰਾਜੀ, ਮਾਲਕੌਂਸ,

2. ਬਸੰਤ - ਅੰਧਾਲੀ, ਗੁਣਕਾਲੀ, ਪਟਮੰਜਰੀ, ਗੌਡਗਿਰੀ, ਧਾਕੀ, ਦੇਵਸਾਖ ।

3. ਭੈਰਵ - ਭੈਰਵੀ, ਗੁਰਜਰੀ, ਬਿਲਾਵਲੀ, ਬਿਹਾਗ, ਕਰਨਾਟ, ਕਾਨੜਾ ।

4. ਪੰਚਮ - ਤ੍ਰਿਵੇਣੀ, ਹਸਤਰੇਖਾ, ਅਹੀਰੀ, ਕੋਕਭ, ਬੈਰਾਰੀ, ਆਸਾਵਰੀ ।

5. ਨਟਨਾਰਾਇਣ - ਤ੍ਰਿਬੰਕੀ, ਤਿਲਕੀ, ਪੂਰਵੀ, ਗਾਂਧਾਰੀ, ਰਾਮਾ, ਸਿੰਧਮਲਾਰ

5. ਮੇਘ - ਬੰਗਾਲੀ, ਮਧੁਰਾ, ਕਾਮੋਦ, ਧਨਾਸਰੀ, ਦੇਵਤੀਰਥ, ਦੀਵਾਲੀ ।

<u>ਭਰਤ ਮੱਤ :</u>

1. ਭੈਰਵ - ਮਧਮਾਧਵੀ, ਲਲਿਤਾ, ਬਰਾੜੀ, ਭੈਰਵੀ, ਬਹੁਲੀ ।
2. ਮਾਲਕੌਸ - ਗੌਰੀ, ਵਿਦਿਆਵਤੀ, ਟੋਡੀ, ਖੰਬਾਵਤੀ, ਕੁਕੁਭੀ ।
3. ਹਿੰਡੋਲ - ਰਾਮਕਲੀ, ਮਾਲਵੀ, ਦੇਵਾਰੀ, ਆਸਾਵਾਰੀ, ਕੇਕੀ ।
4. ਦੀਪਕ - ਕੇਦਾਰੀ, ਗੌਰੀ, ਰੁਦਰਵਤੀ, ਕਾਮੋਦ, ਗੁਰਜਰੀ ।
5. ਸ੍ਰੀ - ਸਿੰਧਵੀ, ਕਾਫੀ, ਠੁਮਰੀ, ਵਿਚਿਤ੍ਰਾ, ਸੋਹਣੀ ।
6. ਮੇਘ - ਮਲਾਰੀ, ਸਾਰੰਗ, ਦੇਸੀ, ਰਤਿਵੱਲਭਾ, ਕਾਨੜਾ ।

## ਮੇਲ ਵਰਗੀਕਰਣ

ਰਾਗ ਵਰਗੀਕਰਣ ਦੀ ਇਸ ਪੱਧਤੀ ਅਨੁਸਾਰ ਰਾਗਾਂ ਵਿੱਚ ਪ੍ਰਯੁਕਤ ਸ਼ੁੱਧ ਤੇ ਵਿਕਾਸਤ ਸੁਰਾਂ ਦੇ ਆਧਾਰ 'ਤੇ ਰਾਗ ਵਰਗ ਤਿਆਰ ਕੀਤੇ ਗਏ ਅਤੇ ਇਨ੍ਹਾਂ ਵਰਗਾਂ ਨੂੰ ਮੇਲ ਦਾ ਨਾਮ ਦਿੱਤਾ ਗਿਆ। ਸੰਗੀਤ ਦੇ ਪ੍ਰਸਿੱਧ ਗ੍ਰੰਥ ਤੋਂ ਸੋਮਨਾਥ, ਵਿਠੁਲ, ਰਾਮਾਮਤਯ, ਲੋਚਨ ਪੁੰਡਰੀਕ, ਵਿਅੰਕਟ ਮੁਖੀ ਆਦਿ ਨੇ ਇਸ ਪ੍ਰਥਾ ਦਾ ਪ੍ਰਚਾਰ ਕੀਤਾ। ਪਹਿਲਾਂ ਇਨ੍ਹਾਂ ਦੀ ਗਿਣਤੀ 15 ਮੰਨੀ ਗਈ ਪਰ ਬਾਅਦ ਵਿਚ 12 ਸਵਰ ਸਥਾਨਾਂ ਦੇ ਆਧਾਰ 'ਤੇ ਪੰਡਤ ਵਿਅੰਕਟਮੁਖੀ ਨੇ 72 ਮੇਲਾਂ ਦੀ ਰਚਨਾ ਕੀਤੀ ਜਿਸ ਦਾ ਦੱਖਣੀ ਭਾਰਤੀ ਸੰਗੀਤ ਵਿੱਚ ਪ੍ਰਚਾਰ ਹੈ। ਉੱਤਰੀ ਭਾਰਤ ਸੰਗੀਤ ਦੇ ਪ੍ਰਚਲਿਤ ਥਾਟ ਬਿਲਾਵਲ, ਕਲਿਆਣ, ਖਮਾਜ, ਕਾਫੀ, ਭੈਰਵੀ ਆਸਾਵਰੀ, ਪੂਰਵੀ, ਭੈਰਵੀ, ਮਾਰਵਾ, ਤੋੜੀ ਸਨ ਜਿਨਾਂ ਦਾ ਭਾਰਤੀ ਸੰਗੀਤ ਵਿੱਚ ਪ੍ਰਚਾਰ ਹੋਇਆ।

## ਰਾਗ ਰਾਗਾਂਗ ਵਰਗੀਕਰਣ :

ਇਸ ਵਰਗੀਕਰਣ ਅਧੀਨ ਰਾਗ ਦੇ ਵਿਚਲੇ ਸਮਾਨ ਰਾਗ ਅੰਗਾਂ ਅਨੁਸਾਰ ਰਾਗਾਂ ਨੂੰ ਵਿਭਾਜਿਤ ਕਰਨਾ ਸੀ। ਰਾਗ ਵਿੱਚ ਪ੍ਰਯੁਕਤ ਦੋ ਜਾਂ ਤਿੰਨ ਵਿਸ਼ਿਸ਼ਟ ਸੁਰਾਂ ਨੂੰ 'ਰਾਗ ਅੰਗ' ਕਿਹਾ ਜਾਂਦਾ ਹੈ। ਇਸ ਸਮਾਨ ਰਾਗ ਅੰਗਾਂ ਅਨੁਸਾਰ ਰਾਗ ਵੰਡ ਕਰਨ ਦੀ ਪ੍ਰਥਾ ਹੀ ਰਾਗ ਰਾਗਾਂਗ ਵਰਗੀਕਰਨ ਪੱਧਤੀ ਕਹਿਲਾਈ ਜਿਨ੍ਹਾਂ ਨੂੰ 12 ਪ੍ਰਕਾਰਾਂ ਦੇ ਰਾਗਾਂਗ ਵਿਚ ਵਿਭਾਜਤ ਕੀਤਾ। ਕਲਿਆਣ ਅੰਗ, ਬਿਲਾਵਲ ਅੰਗ, ਖਮਾਜ ਅੰਗ ਭੈਰਵ ਅੰਗ, ਪੂਰਵੀ ਅੰਗ, ਸੀ ਅੰਗ, ਲਲਿਤ ਅੰਗ, ਤੋਡੀ ਅੰਗ, ਧਨਾਸਰੀ ਅੰਗ ਸਾਰੰਗ ਅੰਗ, ਕਾਨੜਾ ਅੰਗ, ਮਲ੍ਹਾਰ ਅੰਗ।

ਸ਼ੁਧ, ਛਾਇਆਲਗ, ਸੰਕੀਰਣ ਰਾਗ ਵਰਗੀਕਰਣ : ਸ਼ੁਧ ਰਾਗ-ਭਾਰਤੀ ਸੰਗੀਤ ਵਿਚ ਜਿਨ੍ਹਾਂ ਰਾਗਾਂ ਦਾ ਸਰੂਪ ਸਾਰੇ ਰਾਗਾਂ ਤੋਂ ਪੂਰਨ ਤੌਰ ਤੇ ਭਿੰਨ ਹੁੰਦਾ ਹੈ ਸ਼ੁਧ ਰਾਗ ਹਨ[1] ਛਾਇਆਲਗ ਰਾਗ -ਭਾਰਤੀ ਸੰਗੀਤ ਵਿੱਚ ਜਿਨ੍ਹਾਂ ਰਾਗਾਂ ਦੀ ਉਤਪਤੀ ਦੋ ਰਾਗਾਂ ਦੇ ਮਿਸ਼ਰਣ ਤੋਂ ਹੁੰਦੀ ਹੈ । ਛਾਇਲਗ ਰਾਗ ਨੂੰ 'ਭਾਸ਼ਾ ਰਾਗ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ[2] ਸੰਕੀਰਣ ਰਾਗ ਵਿੱਚ ਸ਼ੁਧ ਰਾਗ ਤੋਂ ਇਲਾਵਾ ਦੋ ਤੋਂ ਵੱਧ ਰਾਗਾਂ ਦਾ ਮਿਸ਼ਰਣ ਹੁੰਦਾ ਹੈ । ਸੰਕੀਰਣ ਰਾਗ ਸ਼ੁਧ ਅਤੇ ਛਾਇਆਲਗ ਦੇ ਮਿਸਰਣ ਤੋਂ ਬਣਦੇ ਹਨ[3] । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗ ਅਤੇ ਉਸ ਦੇ ਪ੍ਰਕਾਰ ਦਰਜ ਹਨ ਸਿੱਖ ਗੁਰੂ ਸਾਹਿਬਾਨਾਂ ਨੇ ਸ਼ਬਦ ਦੀ ਪ੍ਰਸਤੁਤੀ ਲਈ ਸਭ ਤੋਂ ਮੁੱਖ ਤੌਰ ਰਾਗਾਂ ਨੂੰ ਸਵੀਕਾਰਿਆ ਹੈ । ਰਾਗਾਂ ਸੰਬੰਧੀ ਅਨੇਕਾਂ ਫੁਰਮਾਨ ਗੁਰਬਾਣੀ ਵਿਚ ਵਿਦਮਾਨ ਹਨ :

- ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥[4]
- ਰਾਗ ਨਾਦ ਸਬਦਿ ਸੋਹਣੇ
  ਜਾ ਲਾਗੈ ਸਹਜਿ ਧਿਆਨੁ ॥[5]

---

1. ਸ਼ਾਸਤਰੀ, ਕੇ ਵਾਸੁਦੇਵ : ਸੰਗੀਤ ਸ਼ਾਸਤਰ ; ਪੰਨਾ 74.
2. ਗੁਰਮਤਿ ਪ੍ਰਕਾਸ਼ ਮਲਿਕਾ (ਭਾਗ ਤੀਜਾ); ਪੰਨਾ 21.
3. -ਉਹੀ- ਪੰਨਾ 21.
4. ਆਦਿ ਗ੍ਰੰਥ ; ਵਾਰ ਰਾਮਕਲੀ ਮਹਲਾ 4, ਪੰਨਾ 958.
5. ਆਦਿ ਗ੍ਰੰਥ ; ਮਹਲਾ 3, ਪੰਨਾ 849.

ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ।।
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ।।[1]

ਉਪਰੋਕਤ ਤੁਕਾਂ ਤੋਂ ਰਾਗ ਦੀ ਪ੍ਰਮੁੱਖਤਾ ਦਾ ਗਿਆਨ ਭਲੀ ਪ੍ਰਕਾਰ ਹੋ ਜਾਂਦਾ ਹੈ । ਇਨ੍ਹਾਂ ਵਿੱਚ ਰਾਗ ਦੀ ਬਾਣੀ ਦਾ ਪ੍ਰਗਟਾਵਾ ਹੁੰਦਾ ਹੈ । ਜਿਸ ਦੇ ਉਚਾਰਣ ਅਤੇ ਸਰਵਣ ਕਰਨ ਨਾਲ ਮਨ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ ਤੇ ਵਾਹਿਗੁਰੂ ਦੀ ਮਿੱਠੀ ਯਾਦ ਮਨੁੱਖੀ ਮਨਾਂ ਵਿੱਚ ਵਸ ਜਾਂਦੀ ਹੈ ।

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਿਮਨਲਿਖਤ ਰਾਗ ਪ੍ਰਕਾਰ ਦਰਜ ਹਨ ।

ਮੁੱਖ ਰਾਗ

ਸਿਰੀ, ਮਾਝ, ਗਉੜੀ, ਆਸਾ, ਗੂਜਰੀ ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ ।

ਮਿਸ਼ਰਤ ਰਾਗ

ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਦੀਪਕੀ, ਗਉੜੀ ਪੂਰਬੀ, ਗਉੜੀ ਪੂਰਬੀ ਦੀਪਕੀ, ਆਸਾ, ਆਸਾ ਕਾਫੀ, ਸੂਹੀ ਕਾਫੀ,

---

1. ਆਦਿ ਗ੍ਰੰਥ : ਮਹੱਲਾ 4 ; ਪੰਨਾ 1423.

ਮਾਰੂ ਕਾਫੀ, ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ ।

ਦੱਖਣੀ ਪੱਧਤੀ ਦੇ ਰਾਗ

ਗਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਦਿ ਗ੍ਰੰਥ ਵਿਚ ਦੱਖਣੀ ਭਾਰਤੀ ਸੰਗੀਤ ਵਿੱਚ ਪ੍ਰਚਲਿਤ ਕੁਝ ਰਾਗਾਂ ਦੇ ਪ੍ਰਯੋਗ ਕੀਤੇ ਜਾਣਾ ਸਿੱਖ ਗੁਰੂਆਂ ਦੇ ਵਿਸ਼ਾਲ ਸੰਗੀਤ ਅਧਿਐਨ ਦਾ ਪ੍ਰੱਤਖ ਸਬੂਤ ਹੈ । ਗੁਰੂ ਸਾਹਿਬ ਨੇ ਦੱਖਣੀ ਪੱਧਤੀ ਦੇ ਰਾਗਾਂ ਨੂੰ ਬਾਣੀ ਵਿੱਚ ਗਾਇਨ ਹਿੱਤ ਵਰਤਿਆ ਅਤੇ ਰਾਗਾਂ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਦਿੱਤਾ ।

ਗੁਰਮਤਿ ਸੰਗੀਤ ਪੱਧਤੀ ਦੇ ਕੁਲ 60 ਰਾਗਾਂ ਵਿਚੋਂ ਕੁਝ ਰਾਗ ਅਜਿਹੇ ਵੀ ਹਨ ਜਿਹੜੇ ਕੇਵਲ ਗੁਰਮਤਿ ਸੰਗੀਤ ਪੱਧਤੀ ਦੇ ਆਧਾਰ ਗ੍ਰੰਥ ਵਿੱਚ ਹੀ ਦਰਜ ਹਨ ਇਨ੍ਹਾਂ ਦਾ ਹਵਾਲਾ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਨਹੀਂ ਮਿਲਦਾ ।

ਮਾਝ, ਗਉੜੀ, ਗੁਆਰੇਰੀ, ਗਉੜੀ ਬੈਰਾਗਣ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਸੋਰਠਿ, ਆਸਾ, ਆਸਾ ਕਾਫੀ, ਵਡਹੰਸ, ਤਿਲੰਗ ਕਾਫੀ ਸੂਹੀ ਕਾਫੀ, ਸੂਹੀ ਲਲਿਤ, ਬਿਲਾਵਲ ਗੋਂਡ, ਮਾਰੂ ਕਾਫੀ, ਮਾਰੂ, ਤੁਖਾਰੀ ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ ।

ਗੁਰੂ ਸਾਹਿਬਾਨ ਨੇ ਕੁਝ ਲੋਕ ਧੁਨਾਂ ਨੂੰ ਸ਼ਾਸਤਰੀ ਨਿਯਮਾਂ ਵਿੱਚ ਬੰਨਕੇ ਭਾਰਤੀ

ਸੰਗੀਤ ਨੂੰ ਕਈ ਰੰਗ ਪ੍ਰਦਾਨ ਕੀਤੇ ਹਨ ਅਜਿਹੇ ਰਾਗ ਹਨ : ਮਾਝ, ਆਸਾ, ਵਡਹੰਸ, ਤੁਖਾਰੀ ।[1]

ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਰਾਗਾਂ ਦੇ ਨਾਲ ਨਾਲ ਅਪ੍ਰਚਲਤ ਰਾਗਾਂ ਵਿਚ ਵੀ ਬਾਣੀ ਉਚਾਰੀ । ਇਸ ਤੋਂ ਰਾਗਾਂ ਪ੍ਰਤੀ ਆਪ ਦੀ ਵਿਚਾਰਧਾਰਾ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ । ਆਪ ਨੇ ਸੋਰਠਿ ਰਾਗ ਪ੍ਰਤੀ ਫੁਰਮਾਇਆ :

ਸੋਰਠਿ ਸਦਾ ਸੋਹਾਵਣੀ
ਜੇ ਸਚਾ ਮਨਿ ਹੋਇ ॥
ਦੰਦੀ ਮੈਲੁ ਨ ਕਤੁ
ਮਨਿ ਜੀਭੈ ਸਚਾ ਸੋਇ ॥[2]

ਗੁਰੂ ਸਾਹਿਬ ਨੇ ਉਪਰੋਕਤ ਦਰਜ ਰਾਗਾਂ ਅਧੀਨ ਪਦੇ ਅਸ਼ਟਪਦੀਆਂ, ਛੰਤ ਆਦਿ ਵਾਰ ਸ਼ੈਲੀਆਂ ਦਾ ਪ੍ਰਯੋਗ ਕੀਤਾ ਅਤੇ ਲੋਕ ਸ਼ੈਲੀਆਂ ਅਲਾਹੁਣੀਆਂ ਤੇ ਸੋਹਲੇ, ਪਹਰੇ ਵੀ ਉਚਾਰੇ ਹਨ ।

ਇਸੇ ਹੀ ਕਾਲ ਵਿੱਚ ਭਗਤੀ ਸੰਗੀਤ ਦੁਆਰਾ ਭਾਰਤੀ ਸੰਗੀਤ ਦਾ ਪ੍ਰਚਾਰ ਵੀ ਪੂਰੇ ਜ਼ੋਰਾਂ ਉਤੇ ਸੀ ਭਗਤ ਕਬੀਰ ਨੇ ਰਾਮਾਨੰਦ ਤੋਂ ਭਗਤੀ ਦੀ ਸਿਖਿਆ ਲਈ ਅਤੇ

---

1. ਯੋਗੇਂਦਰ ਪਾਲ ਸ਼ਰਮਾ, ਬਚਿੱਤਰ ਸਿੰਘ : <u>ਭਾਰਤੀ ਸੰਗੀਤ ਦਾ ਇਤਿਹਾਸ</u> ; ਪੰਨਾ 54.
2. <u>ਆਦਿ ਗ੍ਰੰਥ</u> : ਸੋਰਠਿ ਮਹਲਾ 1; ਪੰਨਾ 642.

ਉਸ ਦਾ ਜਨਮ ਕਾਂਸੀ ਵਿਚ ਹੋਇਆ ਕਬੀਰ ਨੇ ਭਗਤੀ ਕਾਵਿ ਦੀ ਰਚਨਾ ਕੀਤੀ । ਜੋ ਵੱਖ ਵੱਖ ਰਾਗਾਂ ਅਧੀਨ ਰਚੀ ਮਿਲਦੀ ਹੈ । ਗੁਰਮਤਿ ਸੰਗੀਤ ਵਿੱਚ ਭਗਤ ਕਬੀਰ ਨੂੰ ਵਿਸ਼ੇਸ਼ ਸਥਾਨ ਹਾਸਿਲ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਦੇ 19 ਰਾਗਾਂ ਵਿਚ 541 ਸ਼ਬਦ, ਸਲੋਕ ਰਾਗਬੱਧ ਦਰਜ ਹਨ ਜੋ ਕਿ ਸਭ ਤੋਂ ਵੱਧ ਪ੍ਰਮਾਣਿਕ ਮੰਨੇ ਜਾਂਦੇ ਹਨ ।[1] ਸਵਰ ਸਾਗਰ ਵਿਚ ਭਗਤ ਸੂਰਦਾਸ ਦੇ ਪਦਾਂ ਦਾ ਇਕ ਵਿਸ਼ਾਲ ਸੰਗ੍ਰਹਿ ਹੈ । ਇਸ ਵਿਚ ਰਾਗ ਰਾਗਨੀ ਦਾ ਉਲੇਖ ਵੀ ਕੀਤਾ ਗਿਆ ਹੈ । ਸਰਸਰਾਵਲੀ ਕਾਫੀ ਰਾਗ ਵਿਚ ਵਰਣਿਤ ਹੈ ਅਤੇ ਸਹਿਤਯ ਲਹਰੀ ਦਸਟਕੂਟ ਪਦਾਂ ਦਾ ਸੰਗ੍ਰਹਿ ਹੈ ਇਸ ਵਿਚ ਰਾਗ ਰਾਗਨੀਆਂ ਦਾ ਉਲੇਖ ਨਹੀਂ ਹੈ । 76 ਰਾਗਾਂ ਵਿਚ 4634 ਪਦ ਭਗਤ ਸੂਰਦਾਸ ਦੇ ਉਪਲਬਧ ਹਨ[2] ਗੁਰਮਤਿ ਸੰਗੀਤ ਵਿਚ ਸੂਰਦਾਸ ਦਾ ਇਕ ਪਦ ਬੜਾ ਲੋਕਪ੍ਰਿਯ ਹੈ "ਛਾਡਿ ਮਨ ਹਰਿ ਬਿਮੁਖਨ ਕੋ ਸੰਗ" ਗੁਰੂ ਅਰਜਨ ਦੇਵ ਜੀ ਨੇ ਸੂਰਦਾਸ ਜੀ ਦੇ ਨਾਂ ਹੇਠ ਜੋ ਸ਼ਬਦ ਸੋਧ ਕੇ ਉਚਾਰਿਆ ਉਹ ਸਾਰੰਗ ਰਾਗ ਵਿਚ ਮਹਲਾ 5 "ਹਰਿ ਕੇ ਸੰਗ ਬਸੇ ਹਰਿ ਲੋਕ" ਮਿਲਦਾ ਹੈ ।[3]

ਭਾਰਤੀ ਸੰਗੀਤ ਦੇ ਵਿਕਾਸ ਵਿਚ ਸੁਆਮੀ ਹਰੀਦਾਸ ਜੀ ਦਾ ਬੜਾ ਮਹੱਤਵ ਪੂਰਨ ਸਥਾਨ ਹੈ ਕਿਉਂਕਿ ਗੁਰਮਤਿ ਸੰਗੀਤ ਦਾ ਇਤਿਹਾਸਿਕ ਵਿਕਾਸ ਭਾਰਤੀ ਸੰਗੀਤ ਦੇ ਨਾਲ ਨਾਲ ਤੁਰਦਾ ਹੈ । ਕਿਉਂਕਿ ਅੱਜ ਵੀ ਸੁਆਮੀ ਹਰਿਦਾਸ ਜੀ ਦੀ ਪਰੰਪਰਾ ਦੇ ਸੰਗੀਤਕਾਰ

---

1. ਤਾਰਨ ਸਿੰਘ ; (ਡਾ.) : ਗੁਰੂ ਗ੍ਰੰਥ ਰਤਨਾਵਲੀ ; ਪੰਨਾ 106.
2. ਦਨੇਸ਼ ਚੰਦਰ ਗੁਪਤਾ (ਡਾ.) : ਭਗਤੀ ਕਾਲੀਨ ਕਾਵਯ ਮੇ ਰਾਗ ਔਰ ਰਸ ; ਪੰਨਾ 28.
3. ਆਦਿ ਗ੍ਰੰਥ ; ਮਹੱਲਾ 5 ; ਪੰਨਾ 927.

ਮਥੁਰਾ ਬ੍ਰਿੰਦਾਬਨ ਅਤੇ ਗੋਕਲ ਵਿੱਚ ਭਗਤੀ ਸੰਗੀਤ ਦੇ ਖੇਤਰ ਵਿੱਚ ਲੋਕਪ੍ਰਿਅ ਹਨ ।

ਤੁਲਸੀ ਦਾਸ ਜੀ ਨੇ ਵੀ ਆਪਣੇ ਗ੍ਰੰਥ ਕ੍ਰਿਸ਼ਨ ਗੀਤਾਵਲੀ ਵਿੱਚ ਰਾਗ ਰਾਗਨੀਆਂ ਦਾ ਪ੍ਰਯੋਗ ਕੀਤਾ ਜਿਨ੍ਹਾਂ ਦੀਆਂ ਰਚਨਾਵਾਂ ਵਿਚ ਰਾਗ ਰਾਗਨੀ ਦੇ ਨਾਮ ਤਾਲਾਂ ਦੇ ਨਾਮ ਅਤੇ ਸਾਜਾਂ ਦੇ ਨਾਮ ਵੀ ਉਪਲਬਧ ਹਨ । ਤੁਲਸੀ ਦਾਸ ਜੀ ਦੇ 24 ਰਾਗਾਂ ਵਿਚ 209 ਰਚਨਾਵਾਂ ਪ੍ਰਮਾਣਿਕ ਰੂਪ ਵਿਚ ਉਪਲਬਧ ਹਨ ।[1] ਜਿਨਾਂ ਤੋਂ ਗੁਰੂ ਸਾਹਿਬਾਨ ਨੇ ਨਵੇਂ ਰਾਗਾਂ ਦੀ ਖੋਜ ਕਰਕੇ ਗੁਰਮਤਿ ਸੰਗੀਤ ਵਿੱਚ ਆਪਣਾ ਯੋਗਦਾਨ ਪਾਇਆ ।

ਗੁਰੂ ਅੰਗਦ ਦੇਵ ਜੀ ਵਲੋਂ ਚਲਾਈ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਵਹਾਰਕ ਰੂਪ ਵਿੱਚ ਅਗਾਂਹ ਤੋਰਿਆ । ਗੁਰੂ ਸਾਹਿਬ ਦੇ ਉਚਾਰੇ ਹੋਏ ਸਲੋਕ 9 ਰਾਗਾਂ ਵਿਚ 63 ਪਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ।

ਰਾਗ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ,
ਸਾਰੰਗ, ਮਲ੍ਹਾਰ ।

ਆਪ ਜੀ ਨੇ ਬਸੰਤ ਰਾਗ ਸੰਬੰਧੀ ਜੋ ਸਲੋਕ ਉਚਾਰਿਆ ਉਸ ਤੋਂ ਆਪ ਜੀ ਦਾ ਰਾਗਾਂ ਸੰਬੰਧੀ ਗੁਰਮਤਿ ਸੂਖਮ ਵਿਚਾਰਧਾਰਾ ਸਪਸ਼ਟ ਹੁੰਦੀ ਹੈ । ਆਪ ਨੇ ਫ਼ਰਮਾਇਆ ਹੈ :

ਪਹਿਲੇ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ।।
ਨਾਨਕ ਸੋ ਸਲਾਹੀਐ ਜਿ ਸਭਸੈ ਦੇ ਆਧਾਰੁ ।।[2]

---

1. ਆਦਿ ਗ੍ਰੰਥ : ਮਹਲਾ 5 ; ਪੰਨਾ 927.
2. ~ ਉਹੀ — 791

ਗੁਰੂ ਅਮਰਦਾਸ ਜੀ ਨੇ ਵੀ ਗੁਰੂ ਸਾਹਿਬ ਜੀ ਦੀ ਰਾਗਾਤਮਿਕ ਪਰੰਪਰਾ ਨੂੰ ਜਾਰੀ ਰਖਿਆ । ਰਾਗ ਸਿਰੀ, ਮਾਝ, ਗਉੜੀ (ਗਉੜੀ ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ), ਆਸਾ (ਆਸਾ ਕਾਫੀ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ (ਬਸੰਤ ਹਿੰਡੋਲ) ਸਾਰੰਗ, ਮਲਾਰ, ਪ੍ਰਭਾਤੀ (ਪ੍ਰਭਾਤੀ ਬਿਭਾਸ) ਰਾਗਾਂ ਅਧੀਨ ਬਾਣੀ ਅੰਕਿਤ ਹੈ । ਬਿਹਾਗੜੇ ਦੀ ਵਾਰ ਵਿਚ ਕੇਵਲ ਆਪ ਦੇ ਸਲੋਕ ਹੀ ਦਰਜ ਹਨ । ਰਾਗਾਂ ਸੰਬੰਧੀ ਫੁਰਮਾਨ :

<u>ਸਿਰੀ</u> :

ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ।।
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ।। [1]

<u>ਗਉੜੀ</u> :

ਗਉੜੀ ਰਾਗ ਸੁਲਖਣੀ ਜੇ ਖਸਮੋ ਚਿਤਿ ਕਰੇਇ ।।
ਭਾਣੇ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ।। [2]

<u>ਵਡਹੰਸ</u> :

ਸਬਦਿ ਰਤੇ ਵਡਹੰਸ ਹੈ ਸਚੁ ਨਾਮ ਉਰਿਧਾਰਿ ।।
ਸਚੁ ਸੰਗ੍ਰਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰ ।। [3]

---

1. <u>ਆਦਿ ਗ੍ਰੰਥ</u>; ਸਲੋਕ ਮਹਲਾ 3 ; ਪੰਨਾ 83.
2. <u>ਆਦਿ ਗ੍ਰੰਥ</u> : ਸਲੋਕ ਮਹਲਾ 3 ; ਪੰਨਾ 311.
3. <u>ਆਦਿ ਗ੍ਰੰਥ</u> : ਸਲੋਕ ਮਹਲਾ 3 ; ਪੰਨਾ 585.

ਬਿਲਾਵਲ

ਬਿਲਾਵਲ ਤਬਿ ਹੀ ਕੀਜੀਐ ਜਬ ਮੁਖਿ ਹੋਵੈ ਨਾਮ ।।
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ।।[1]

ਇਸੇ ਤਰ੍ਹਾਂ ਹੀ ਗੁਰੂ ਅਮਰਦਾਸ ਜੀ ਨੇ ਵੀ ਗੁਰੂ ਸਾਹਿਬਾਨਾਂ ਵਲੋਂ ਚਲਾਈ ਹੋਈ ਰਾਗ ਪਰੰਪਰਾ ਦੇ ਵਿਕਾਸ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ । ਆਪ ਨੇ ਰਾਮਕਲੀ ਰਾਗ ਵਿੱਚ ਆਨੰਦ ਸਾਹਿਬ ਦੀ ਰਚਨਾ ਰਚੀ । ਗੁਰੂ ਸਾਹਿਬ ਨੇ ਸ਼ਿੰਗਾਰ ਰਸੀ, ਭਾਵਾਂ ਦੀ ਬਾਣੀ ਲਈ ਉਨ੍ਹਾਂ ਸੂਹੀ ਰਾਗ ਦਾ ਪ੍ਰਯੋਗ ਕੀਤਾ । ਮੌਸਮਾਂ ਦੇ ਚਿਤਰਣ ਲਈ ਉਨ੍ਹਾਂ ਬਸੰਤ ਅਤੇ ਮਲ੍ਹਾਰ ਵਰਗੇ ਰਾਗਾਂ ਦੀ ਵਰਤੋਂ ਕੀਤੀ ਜਿਸ ਤੋਂ ਸਮੇਂ ਸਮੇਂ ਤੇ ਰਾਗ ਦੇ ਵਿਕਾਸ ਦੀ ਗਲ ਚਲਦੀ ਰਹੀ ।

ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦਾ ਸੁਮੇਲ ਹੁੰਦਾ ਹੈ ਲੋਕ ਸ਼ੈਲੀਆਂ ਵਿੱਚ ਛੰਤ ਅਤੇ ਵਾਰ ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ । ਆਪ ਨੇ 39 ਰਾਗਾਂ ਵਿੱਚ ਬਾਣੀ ਰਚੀ । ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ । ਗੁਰੂ ਸਾਹਿਬ ਨੇ 7 ਰਾਗਾਂ ਵਿਚ 19 ਪੜਤਾਲਾਂ ਦੀ ਰਚਨਾ ਕੀਤੀ - ਕਾ ਨਟ ਨਰਾਇਣ, ਸਾਰਗ, ਮਲ੍ਹਾਰ, ਕਾਨੜਾ ਨਟ ਆਦਿ ਰਾਗਾਂ ਵਿੱਚ ਪੜਤਾਲਾਂ ਦੀ ਰਚਨਾ ਕੀਤੀ । ਰਾਗ ਪ੍ਰਤੀ ਰੁਝਾਨ ਹੈ :

---

1. ਆਦਿ ਗ੍ਰੰਥ : ਸਲੋਕ ਮਹਲਾ 3 ; ਪੰਨਾ 849.

ਸੋਰਠਿ :

ਸੋਰਠਿ ਤਾਮਿ ਸੁਹਾਵਣੀ ਜਾ ਹਰਿਨਾਮੁ ਢੰਢੋਲੇ ॥
ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥[1]

ਬਿਲਾਵਲ :

ਹਰਿ ਉਤਮ ਹਰਿ ਪ੍ਰਭ ਗਾਵਿਆ ਕਰਿ ਨਾਦੁ ਬਿਲਾਵਲ ਰਾਗ ॥
ਉਪਦੇਸ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗ ॥[2]

ਗੁਰੂ ਅਰਜਨ ਦੇਵ ਜੀ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਬਾਣੀ, ਭਗਤਾਂ ਦੀ ਬਾਣੀ ਤੇ ਭੱਟਾਂ ਦੀ ਬਾਣੀ ਨਾਲ ਆਪਣੀ ਬਾਣੀ ਮਿਲਾ ਕੇ ਵੱਖ ਵੱਖ ਰਾਗਾਂ ਦੇ ਸਿਰਲੇਖਾਂ ਹੇਠ ਇਕ ਜਗਾ ਸੰਕਲਨ ਕਰਕੇ ਪੋਥੀ ਸਾਹਿਬ (ਆਦਿ ਗ੍ਰੰਥ) ਦੀ ਸੰਪਾਦਨਾ ਕੀਤੀ । ਆਪਣੀ ਸਮੁੱਚੀ ਬਾਣੀ 30 ਰਾਗਾਂ ਵਿਚ ਦਰਜ ਕੀਤੀ । ਆਪ ਨੇ ਇਸ ਬਾਣੀ ਨੂੰ ਆਦਿ ਗ੍ਰੰਥ ਵਿੱਚ ਰਾਗਾਂ ਦੇ ਸਹੀ ਸਰੂਪਾਂ ਵਿੱਚ ਅੰਕਿਤ ਕੀਤਾ । ਰਾਗ ਪ੍ਰਤੀ ਆਪ ਨੇ ਸਲੋਕ ਵੀ ਉਚਾਰੇ ਜਿਵੇਂ :

ਸੋਰਠਿ :

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥[3]

---

1. ਆਦਿ ਗ੍ਰੰਥ : ਮਹੱਲਾ 4 ; ਪੰਨਾ 642.
2. ਆਦਿ ਗ੍ਰੰਥ : ਸਲੋਕ ਮਹਲਾ 4 ; ਪੰਨਾ 849.
3. ਆਦਿ ਗ੍ਰੰਥ : ਸਲੋਕ ਮਹਲਾ 4 ; ਪੰਨਾ 1425.

<u>ਮਾਰੂ</u> :

ਗੁਰ ਕੈ ਸ਼ਬਦ ਅਰਾਧੀਐ ਨਾਮ ਰੰਗ ਬੈਰਾਗ ।।

ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹ ਰਾਗੁ ।।[1]

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਛੰਤ, ਵਾਰ, ਸੋਲਹੇ, ਅੰਜੁਲੀਆਂ ਲੋਕ ਕਾਵਿ ਰੂਪ ਦੇ ਖਿਣਾਂ ਪਦੇ, ਅਸ਼ਟਪਦੀਆਂ ਜਹੇ ਸਨਾਤਨੀ ਰੂਪ ਵੀ ਵਰਤੇ ਹਨ । 36 ਪੜਤਾਲਾਂ ਵੱਖਰੇ ਵੱਖਰੇ ਰਾਗਾਂ ਵਿਚ ਉਚਾਰੀਆਂ । ਸੁਖਮਨੀ ਸਾਹਿਬ, ਬਾਰਾਮਾਹ ਮਾਝ ਆਪ ਦੀਆਂ ਵਿਸ਼ੇਸ਼ ਬਾਣੀਆਂ ਹਨ ।

ਗੁਰੂ ਤੇਗ ਬਹਾਦਰ ਜੀ ਨੇ ਰਾਗਾਂ ਦੇ ਵਿਕਾਸ ਵਿਚ ਜੋ ਵਡਮੁੱਲਾ ਯੋਗਦਾਨ ਪਾਇਆ ਉਹ ਉੱਤਮ ਹੈ । ਗੁਰੂ ਸਾਹਿਬ ਨੇ ਪਹਿਲੀ ਵਾਰ ਰਾਗ ਜੈਜਾਵੰਤੀ ਵਰਤਿਆ । ਜੋ ਪਹਿਲੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਨਹੀਂ ਵਰਤਿਆ ।

ਗਉੜੀ, ਆਸਾ, ਦੇਵਗੰਧਾਰ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ (ਤਿਲੰਗ ਕਾਫੀ) ਬਿਲਾਵਲ, ਰਾਮਕਲੀ, ਮਾਰੂ, ਬਸੰਤ, (ਬਸੰਤ ਹਿੰਡੋਲ)ਸਾਰਗ, ਜੈਜਾਵੰਤੀ । ਆਪ ਜੀ ਨੇ ਸਲੋਕ ਵੀ ਉਚਾਰੇ ਜੋ ਰਾਗ ਮੁਕਤ ਬਾਣੀਆਂ ਵਿਚ ਦਰਜ ਹਨ ਤੇ ਵਿਸ਼ੇਸ਼ ਸਥਾਨ ਰਖਦੇ ਹਨ ।

ਗੁਰੂ ਗੋਬਿੰਦ ਸਿੰਘ ਜੀ ਮਹਾਨ ਸੰਤ, ਕਵੀ ਅਤੇ ਸੰਗੀਤਾਚਾਰੀਆ ਸਨ ।

---

1. <u>ਆਦਿ ਗ੍ਰੰਥ</u> : ਸਲੋਕ ਮਹਲਾ 4 ; ਪੰਨਾ 1425.

52 ਕਵੀ ਆਪ ਜੀ ਦੇ ਦਰਬਾਰ ਵਿੱਚ ਹਾਜ਼ਰ ਰਹਿੰਦੇ ਸਨ ਆਪ ਜੀ ਦੀ ਲਿਖੀ ਹੋਈ ਬਹੁਤ ਸਾਰੀ ਬਾਣੀ ਯੁੱਧਾਂ ਕਾਰਨ ਨਸ਼ਟ ਹੋ ਗਈ । ਆਪ ਦੀ ਬਾਣੀ ਦਸਮ ਗ੍ਰੰਥ ਸਰਬ-ਲੋਹ ਗ੍ਰੰਥ ਵਿੱਚ ਮਿਲਦੀ ਹੈ ਜੋ ਰਾਗਾਂ ਅਤੇ ਨਾਦਿ-ਰੂਪਾਂ ਦੇ ਖ਼ਜ਼ਾਨੇ ਸਨ । ਡਾ. ਪੇਂਟਲ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 19 ਰਾਗਾਂ ਦਾ ਪ੍ਰਯੋਗ ਕੀਤਾ ਜਿਨ੍ਹਾਂ ਵਿਚ ਰਾਮਕਲੀ, ਸੋਰਠਿ, ਕਲਿਆਣ, ਬਿਲਾਵਲ, ਦੇਵਗੰਧਾਰੀ, ਖਿਆਲ, ਤਿਲੰਗ ਕਾਫੀ, ਪਰਜ ਕਾਫੀ, ਸੂਹੀ, ਸਾਰੰਗ, ਗਉੜੀ, ਧਨਾਸਰੀ, ਤਿਲੰਗ, ਕੇਦਾਰਾ, ਮਾਰੂ, ਭੈਰਉ, ਅਡਾਣਾ, ਬਸੰਤ ਆਦਿ ।[1]

ਗੁਰੂ ਸਾਹਿਬਾਨ ਦੇ ਕਾਲ ਵਿਚ ਭਾਰਤੀ ਸੰਗੀਤ ਵਿੱਚ ਜਿਹੜੇ ਰਾਗ ਪ੍ਰਚਲਿਤ ਜਾਂ ਲੋਕ ਪ੍ਰਿਅ ਸਨ ਉਹਨਾਂ ਵਿਚੋਂ ਗੁਰੂ ਸਾਹਿਬਾਨ ਨੇ ਕੁਝ ਰਾਗਾਂ ਦੀ ਵਰਤੋਂ ਕੀਤੀ । ਕੁਝ ਰਾਗਾਂ ਦੇ ਸਰੂਪ ਸੰਬੰਧੀ ਜੋ ਮੱਤ ਭੇਦ ਵਰਤਮਾਨ ਕਾਲ ਵਿਚ ਪਾਇਆ ਜਾਂਦਾ ਹੈ ਉਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਰਾਗ ਰਾਗਨੀ ਪ੍ਰਣਾਲੀ ਦੀ ਜਗ੍ਹਾ ਤੇ ਆਧੁਨਿਕ ਕਾਲ ਵਿੱਚ ਥਾਟ ਰਾਗ ਪ੍ਰਣਾਲੀ ਪ੍ਰਚਲਿਤ ਹੋਣ ਦੇ ਕਾਰਨ ਅਨੇਕਾਂ ਰਾਗਾਂ ਦੇ ਸਰੂਪ ਬਦਲ ਗਏ ਹਨ । ਇਸ ਲਈ ਸ਼ਾਇਦ ਕਈ ਸਾਹਿਤਕਾਰਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਸਾਹਿਬ ਨੇ ਆਪਣੇ ਵੱਖਰੇ ਅਤੇ ਨਵੇਂ ਰਾਗ ਬਣਾਏ ਹਨ । ਪਰੰਤੂ ਜੇ ਗੁਰਬਾਣੀ ਦਾ ਸੂਖਮ ਅਧਿਐਨ ਕਰੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਜੀਵਨ ਮਨੋਰਥ ਜਾਂ

---

1. Dr. Ajit Singh Paintal : The Traditions of Sikh Devotional Music ; Adutte Gurmat Sangeet Samalan 1991, page 50.

ਆਸਾ ਨਵੇਂ ਰਾਗਾਂ ਦੀ ਸਥਾਪਨਾ ਜਾਂ ਉਹਨਾਂ ਦੀ ਗਿਣਤੀ ਵਧਾਉਣਾ ਨਹੀਂ ਸੀ ਬਲਕਿ ਪ੍ਰਚਲਿਤ ਰਾਗਾਂ ਪਰੰਪਰਾ ਵਿੱਚ ਆਪਣੀ ਵਿਚਾਰ ਪਰੰਪਰਾ ਨੂੰ ਸਮਾਜ ਵਿੱਚ ਪ੍ਰਚਲਿਤ ਕਰਨਾ ਸੀ । ਜਿਹੜੇ ਰਾਗ ਸਾਨੂੰ ਨਵੇਂ ਪ੍ਰਤੀਤ ਹੁੰਦੇ ਹਨ ਹੋ ਸਕਦਾ ਹੈ ਉਹਨਾਂ ਦਾ ਆਧੁਨਿਕ ਸਰੂਪ ਹੀ ਉਸ ਕਾਲ ਵਿੱਚ ਪ੍ਰਚਲਿਤ ਜਾਂ ਲੁਪਤ ਰਾਗਾਂ ਵਿਚ ਗੁਰੂ ਸਾਹਿਬ ਨੇ ਸਿਮਰਨ ਪ੍ਰਕ੍ਰਿਆ ਵਰਤੀ ਹੋਵੇ।

ਪ੍ਰਾਚੀਨ ਕਾਲ ਵਿਚ ਭਾਰਤ ਭਰ ਵਿਚ ਕੇਵਲ ਇੱਕ ਹੀ ਸੰਗੀਤ ਪੱਧਤੀ ਪ੍ਰਚਲਤ ਸੀ । ਨੌਵੀਂ ਸਦੀ ਤੋਂ ਇਹ ਪੱਧਤੀ ਦੋ ਭਾਗਾਂ ਵਿਚ ਵੰਡੀ ਜਾਣ ਲਗੀ । ਵਖਰੇਵਾਂ ਵਧਦਾ ਗਿਆ ਤੇ 12ਵੀਂ ਸਦੀ ਤੱਕ ਦੋਵੇਂ ਪੱਧਤੀਆਂ ਇਕ ਦੂਸਰੇ ਤੋਂ ਬਿਲਕੁਲ ਭਿੰਨ ਹੋ ਗਈਆਂ । ਦੋਹਾਂ ਪੱਧਤੀਆਂ ਵਿੱਚ ਪਰਸਪਰ ਸੰਬੰਧ ਸਥਾਪਤ ਕਰਨ ਵਾਲੇ ਸੰਗੀਤਾਅਚਾਰੀਆ ਗੁਰੂ ਨਾਨਕ ਦੇਵ ਜੀ ਪਹਿਲੇ ਸਨ ਜਿਨਾਂ ਨੇ ਕ੍ਰਿਆਤਮਕ ਰੂਪ ਤੋਂ ਆਪਣੀ ਬਾਣੀ ਵਿੱਚ ਉੱਤਰੀ ਦੱਖਣੀ ਪੱਧਤੀ ਦੇ ਰਾਗਾਂ ਦੀ ਵਰਤੋਂ ਕੀਤੀ ਜਿਵੇਂ :

ਰਾਗ ਰਾਮਕਲੀ - ਰਾਗ ਰਾਮਕਲੀ ਦੱਖਣੀ

ਰਾਗ ਮਾਰੂ - ਰਾਗ ਮਾਰੂ ਦੱਖਣੀ

ਗੁਰੂ ਗ੍ਰੰਥ ਸਾਹਿਬ ਵਿੱਚ ਇਹੋ ਧਾਰਣਾ ਅਪਣਾਈ ਗਈ ਜਿਵੇਂ :

ਰਾਗ ਗਉੜੀ - ਰਾਗ ਗਉੜੀ ਦੱਖਣੀ

ਰਾਗ ਵਡਹੰਸ - ਰਾਗ ਵਡਹੰਸ ਦੱਖਣੀ

ਰਾਗ ਪ੍ਰਭਾਤੀ - ਰਾਗ ਪ੍ਰਭਾਤੀ ਦੱਖਣੀ ਆਦਿ

ਸੋ ਸਿੱਖ ਕਾਲ ਵਿਚ ਦੋਹਾਂ ਪੱਧਤੀਆਂ ਵਿਚ ਏਕੀਕਰਨ ਦਾ ਇਹ ਯਤਨ ਇਕ ਬਹੁਤ ਹੀ

ਮਹੱਤਵਪੂਰਨ ਗੱਲ ਹੈ ।[1]

ਗੁਰੂ ਗ੍ਰੰਥ ਸਾਹਿਬ ਵਿੱਚ ਜਿਸ ਢੰਗ ਨਾਲ ਰਾਗ ਸਿਰਲੇਖ ਆਏ ਹਨ ਉਸ ਢੰਗ ਨਾਲ ਗੁਰੂ ਗੋਬਿੰਦ ਸਿੰਘ ਕ੍ਰਿਤ ਸਰਬਲੋਹ ਗ੍ਰੰਥ ਵਿਚ ਨਹੀਂ ਆਏ ਅਰਥਾਤ ਇਹਨਾਂ ਸਿਰਲੇਖ ਵਿਚ ਸੂਖਮ ਜਿਹਾ ਅੰਤਰ ਹੈ ਜਿਵੇਂ

ਬਿਸਨ ਪਦ ਸਾਰਗ ਛੰਦ ਸਾਨੀ ।

ਬਿਸਨੁ ਪਦ ਸਾਰੰਗ ਛੰਦ ਪਰਾਣਾ ਦੱਖਣੀ ।

ਬਿਸਨੁ ਪਦ ਸਾਰੰਗ ਛੰਦ ਬਿਰਧ ਮੁਖੀ ਜਾਈਲੰਗ ਕੱਟੇ ।

ਬਿਸਨੁ ਪਦ ਇਸ ਲੇਖੀ

ਬਿਸਨੁ ਪਦ ਇਸਲੇਖੀ ਤਰਹ ਦੂਜੀ

ਬਿਸਨੁ ਪਦ ਰਾਗ ਭਾਸਕਰ ਅਭਿਧਾਤ ਰਿਦੈਵੀ

ਇਸ ਤਰ੍ਹਾਂ ਹੀ ਸਰਬਲੋਹ ਗ੍ਰੰਥ ਦੇ ਮਗਲਾਚਰਨ ਅਧਿਆਏ ਵਿਚ 62 ਰਾਗਾਂ ਦੀ ਇਕ ਸੂਚੀ ਵੱਖਰੀ ਅਤੇ 84 ਰਾਗਾਂ ਦੀ ਇਕ ਵੱਖਰੀ ਸੂਚੀ ਦਿਤੀ ਗਈ ਹੈ ਜਿਸ ਵਿਚ ਕਈ ਜਗਾ ਤੇ ਰਾਗਾਂ ਦੇ ਨਾਮ ਤੋਂ ਪਹਿਲਾਂ ਬਿਸਨੁ ਪਦ ਸ਼ਬਦ ਵਰਤਿਆ ਗਿਆ ਹੈ, ਪਰੰਤੂ ਜ਼ਿਆਦਾ ਕਰਕੇ ਸਿਧੇ ਰੂਪ ਵਿਚ ਰਾਗਾਂ ਦਾ ਨਾਮ ਲਿਖਿਆ ਹੈ[2] ਜਿਵੇਂ ਕਾਮੋਦੀ, ਕਾਲੰਗਾ,

---

1. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ ; ਪੰਨਾ 317.

2. ਸ੍ਰੀ ਸਰਬਲੋਹ ਗ੍ਰੰਥ : ਕ੍ਰਿਤ ਬਾਬਾ ਸੰਤਾ ਸਿੰਘ 96 ਕਰੋੜੀ ਗੁਰੂ ਕਾ ਬਾਗ ਸ੍ਰੀ ਅਨੰਦਪੁਰ ਸਾਹਿਬ ਪੰਨਾ 156,372,373,417.

ਹੁੰਡਲ, ਭਾਸਕਰ, ਲਲਿਤ, ਗੰਧਾਰੀ, ਟੋਡਕਰੀ, ਕਮੋਦ, ਮੇਘ, ਕਾਫੀ, ਸਾਰੰਗ, ਬਸੰਤ, ਜੈਜਾਵੰਤੀ ਵਰਗੇ ਪ੍ਰਚਲਿਤ ਰਾਗ ਵੀ ਮਿਲਦੇ ਹਨ । ਇਸ ਸੂਚੀ ਵਿਚ ਬਹੁਤ ਸਾਰੇ ਅਪ੍ਰਚਲਿਤ ਰਾਗ ਵੀ ਹਨ ਜਿਨ੍ਹਾਂ ਦੇ ਸਰੂਪ ਭਾਰਤੀ ਸੰਗੀਤ ਗ੍ਰੰਥਾਂ ਵਿਚ ਉਪਲਬਧ ਨਹੀਂ ਹਨ ਪਰੰਤੂ ਗੁਰਮਤਿ ਸੰਗੀਤ ਦੇ ਕਈ ਪ੍ਰਚੀਨ ਰਾਗੀ ਇਹਨਾਂ ਨੂੰ ਗਾਉਣ ਦੀ ਸਮਰਥਾ ਰਖਦੇ ਹਨ । ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰਮਤਿ ਸੰਗੀਤ ਵਿੱਚ ਰਾਗਾਂ ਦਾ ਵਿਕਾਸ ਭਾਰਤੀ ਸੰਗੀਤ ਦੇ ਵਿਕਾਸ ਦੇ ਨਾਲ ਨਾਲ ਹੀ ਹੋਇਆ ਹੈ ।[1]

ਜੈਤਸਰੀ ਰਾਗ ਦਸਮ ਗ੍ਰੰਥ ਵਿੱਚ ਨਹੀਂ ਪਾਇਆ ਜਾਂਦਾ ਲੇਕਿਨ ਆਦਿ ਗ੍ਰੰਥ ਵਿੱਚ ਹੈ । ਆਪ ਦੀਆਂ ਰਚਨਾਵਾਂ ਵਿੱਚ ਰਾਗ ਦੇ ਨਾਮ ਇਸ ਪ੍ਰਕਾਰ ਸੁਸਜਤ ਰੂਪ ਵਿਚ ਲਿਖੇ ਗਏ ਹਨ ਕਿ ਇਹਨਾਂ ਨੂੰ ਰਾਗ ਸਾਗਰ ਦੇ ਰੂਪ ਵਿੱਚ ਗਾਇਆ ਜਾ ਸਕਦਾ ਹੈ ਜਿਵੇਂ :

ਬਾਜਤ ਬਸੰਤ ਅਰੁ ਭੈਰਵ ਹਿੰਡੋਲ ਰਾਗ
ਬਾਜਤ ਹੈ ਲਲਿਤਾ ਕੇ ਸਾਥ ਧਨਾਸਰੀ
ਮਾਲਵਾ ਕਲਿਆਨ ਅਰੁ ਮਾਲਕੌਸ ਮਾਰੂ ਰਾਗ
ਬਾਨਵੇ ਬਜਾਵੈ ਕਾਨ ਮਹਾਲ ਨਿਵਾਸਰੀ
ਸਰੀ ਅਰੁਸਾਸੂਰੀ ਐ ਪਨਰੀ ਜੇ ਗੁਣੀ ਤਾਰਾ
ਧੁਨ ਕੈ ਸੁਨਤ ਪਹਿਲਾਂ ਰਹੀ ਸੁਧ ਜਾਸੁਰੀ

---

1. ਸ੍ਰੀ ਸਰਬਲੋਹ ਗ੍ਰੰਥ : ਕ੍ਰਿਤ ਬਾਬਾ ਸੰਤਾ ਸਿੰਘ 96 ਕਰੋੜੀ ; ਪੰਨਾ 417.

ਗਾਵੇ ਬੀਨ ਬਾਸੁਰੀ ਸੁ ਐਸੇ ਬਾਜੀ ਬਾਸਰੀ
ਸੁ ਮੇਰੇ ਜਾਨੇ ਮਾਨੋ ਸਾਮ ਰਾਗ ਹੋ ਨਿਵਾਸਰੀ [1]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁਖ ਰਾਗਾਂ ਦੇ ਉਪਰਾਗਾਂ ਦੇ ਅੰਤਰਗਤ ਮੌਸਮਾਂ ਅਤੇ ਵਿਭਿੰਨ ਪਰੰਪਰਾਵਾਂ ਨਾਲ ਸੰਬੰਧਿਤ ਰਾਗ ਵੀ ਮਿਲਦੇ ਹਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :

ਸ਼ੁਧ ਰਾਗ :

ਜੋ ਰਾਗ ਸੁਤੰਤਰ ਤੌਰ ਤੇ ਭਿੰਨ ਹੁੰਦੇ ਹਨ ਜਿਨ੍ਹਾਂ ਵਿੱਚ ਕਿਸੇ ਹੋਰ ਰਾਗ ਦੀ ਛਾਇਆ ਦ੍ਰਿਸ਼ਟੀਗੋਚਰ ਨਹੀਂ, ਸ਼ੁਧ ਰਾਗ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਤਕਰੇ ਅਧੀਨ ਦਰਜ ਇਕੱਤੀ ਰਾਗ ਸ਼ੁੱਧ ਹਨ ਜਿਵੇਂ : ਸਿਰੀ, ਮਾਝ, ਗਉੜੀ, ਗੂਜਰੀ, ਆਸਾ ਆਦਿ ।

ਛਾਇਆਲਗ ਰਾਗ :

ਜਿਨਾਂ ਰਾਗਾਂ ਦੀ ਰਚਨਾ ਦੋ ਰਾਗਾਂ ਦੀਆਂ ਸੁਰਾਂਵਲੀਆ ਦੇ ਮਿਸਰਣ ਤੋਂ ਹੁੰਦੀ ਹੈ, ਛਾਇਆਲਗ ਰਾਗ ਹਨ ਗੁਰਬਾਣੀ ਵਿੱਚ ਗਉੜੀ, ਚੇਤੀ, ਪੂਰਬੀ, ਦੀਪਕੀ ਛਾਇਆਲਗ ਰਾਗ ਹਨ ।

ਜਿਨ੍ਹਾਂ ਦੀ ਉਤਪਤੀ ਦੋ ਤੋਂ ਵੱਧ ਰਾਗਾਂ ਦੇ ਮੇਲ ਤੋਂ ਹੁੰਦੀ ਹੈ ਸੰਕੀਰਣ ਰਾਗ

---

1. <u>ਦਸਮ ਗ੍ਰੰਥ</u> : ਕ੍ਰਿਸ਼ਨ ਅਵਤਾਰ ਕਬਿੱਤ ਨੰ. 332 ; ਪੰਨਾ 295.

ਅਖਵਾਉਂਦੇ ਹਨ । ਗੁਰਬਾਣੀ ਵਿੱਚ ਰਾਗ ਪੂਰਬੀ ਦੀਪਕੀ ਸੰਕੀਰਣ ਰਾਗ ਹੈ ।

ਦੱਖਣੀ ਰਾਗ :

ਗੂੜ, ਛਾਇਆਲਗ, ਸੰਕੀਰਣ ਰਾਗਾਂ ਤੋਂ ਇਲਾਵਾ ਗੁਰਬਾਣੀ ਵਿੱਚ ਕੁਝ ਰਾਗ ਐਸੇ ਵੀ ਹਨ ਜਿਨ੍ਹਾਂ ਨਾਲ ਦੱਖਣੀ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ । ਇਹ ਰਾਗ ਮੁੱਖ ਰਾਗਾਂ ਅਧੀਨ ਅੰਕਿਤ ਹਨ । ਜਿਵੇਂ ਗਉੜੀ ਦੱਖਣੀ[1] ਵਡਹੰਸ ਦੱਖਣੀ[2], ਬਿਲਾਵਲ ਦੱਖਣੀ[3], ਮਾਰੂ ਦੱਖਣੀ[4], ਰਾਮਕਲੀ ਦੱਖਣੀ[5], ਪ੍ਰਭਾਤੀ ਦੱਖਣੀ[6] ।

ਮੱਧ ਕਾਲ ਵਿੱਚ ਭਾਰਤੀ ਸੰਗੀਤ ਵਿਦੇਸ਼ੀ ਹਮਲਿਆਂ ਦੇ ਕਾਰਨ ਦੋ ਪੱਧਤੀਆਂ ਹਿੰਦੁਸਤਾਨੀ ਜਾਂ ਉੱਤਰੀ ਭਾਰਤ ਸੰਗੀਤ ਅਤੇ ਕਰਨਾਟਕੀ ਜਾਂ ਦੱਖਣੀ ਭਾਰਤੀ ਸੰਗੀਤ ਅਧੀਨ ਵਿਭਾਜਿਤ ਹੋ ਚੁੱਕਿਆ ਸੀ । ਗੁਰੂ ਸਾਹਿਬ ਨੇ ਆਪਣੇ ਉਪਦੇਸ਼ ਨੂੰ ਲੋਕਾਈ ਤੱਕ ਪਹੁੰਚਾਉਣ ਲਈ ਚਾਰ ਉਦਾਸੀਆਂ ਤੇ ਗਏ । ਆਪ ਦੱਖਣ ਭਾਰਤ ਵੀ ਗਏ ਉਥੇ ਜਾ ਕੇ ਭਾਸ਼ਾ ਅਤੇ ਸੰਗੀਤ ਦਾ ਅਧਿਐਨ ਕਰਕੇ ਦੱਖਣੀ ਭਾਰਤ ਦੇ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ ਪਰ ਇਸ ਦੱਖਣੀ ਪੱਧਤੀ ਦੇ ਰਾਗਾਂ ਦੇ ਬਾਰੇ ਵਿਚ ਕੁਝ ਵਿਦਵਾਨਾਂ ਦੇ ਮੱਤਭੇਦ ਹਨ । ਫਰੀਦਕੋਟੀ ਟੀਕਾ ਵਿੱਚ ਦੱਖਣੀ ਨੂੰ ਰਾਗ ਨਾ ਮੰਨਦੇ ਹੋਏ ਛੰਦ ਦੀ ਚਾਲ ਦਾ ਨਾਮ

---

1. ਆਦਿ ਗ੍ਰੰਥ ; ਪੰਨਾ 152.
2. -ਉਹੀ- ਪੰਨਾ 580.
3. -ਉਹੀ- ਪੰਨਾ 843.
4. -ਉਹੀ- ਪੰਨਾ 1033.
5. -ਉਹੀ- ਪੰਨਾ 907.
6. -ਉਹੀ- ਪੰਨਾ 907.

ਦਿੱਤਾ ਹੈ[1] ਦਵਿੰਦਰ ਵਿਦਿਆਰਥੀ ਅਨੁਸਾਰ, "ਜੇਕਰ ਦੱਖਣੀ ਸ਼ਬਦ ਮਹਲਾ 1 ਆਇਆ ਹੁੰਦਾ ਪਰੰਤੂ ਇਹ ਆਇਆ ਮਹਲਾ 1 ਦੇ ਸੰਕੇਤ ਪਿਛੋਂ ਇਸ ਲਈ ਇਸ ਨੂੰ ਰਾਗ ਦਾ ਸੂਚਕ ਸਮਝਣਾ ਉਚਿਤ ਨਹੀਂ.[2] ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ 'ਰਾਮਕਲੀ ਦੱਖਣੀ ਮਹਲਾ 1[3] ਇਸ ਗਲ ਦਾ ਸੰਕੇਤ ਹੈ ਕਿ ਇਹ ਦੱਖਣੀ ਪੱਧਤੀ ਦਾ ਰਾਗ ਹੈ। ਡਾ. ਗੁਰਨਾਮ ਸਿੰਘ ਜੀ ਨੇ ਵੀ ਆਪਣੇ ਸ਼ੋਧ ਪ੍ਰਬੰਧ ਵਿੱਚ ਇਨ੍ਹਾਂ ਰਾਗਾਂ ਨੂੰ ਦੱਖਣੀ ਪੱਧਤੀ ਦਾ ਰਾਗ ਸਵੀਕਾਰਿਆ ਹੈ[4] ਕ੍ਰਿਆਤਮਕ ਤੌਰ ਤੇ ਇਨ੍ਹਾਂ ਰਾਗਾਂ ਦੇ ਸਰੂਪ ਕੇਵਲ ਦੱਖਣੀ ਸੰਗੀਤ ਪੱਧਤੀ ਵਿਚ ਹੀ ਪਾਏ ਜਾਂਦੇ ਹਨ, ਉੱਤਰੀ ਭਾਰਤੀ ਸੰਗੀਤ ਵਿਚ ਨਹੀਂ। ਇਸ ਲਈ ਇਨ੍ਹਾਂ ਰਾਗਾਂ ਨੂੰ ਦੱਖਣੀ ਪੱਧਤੀ ਦੇ ਰਾਗ ਮੰਨਣਾ ਹੀ ਵਧੇਰੇ ਉਚਿਤ ਹੈ। ਦੱਖਣੀ ਪੱਧਤੀ ਦੇ ਰਾਗਾਂ ਦਾ ਪ੍ਰਯੋਗ ਕੇਵਲ ਗੁਰੂ ਨਾਨਕ ਦੇਵ ਜੀ ਨੇ ਹੀ ਆਪਣੀ ਬਾਣੀ ਵਿੱਚ ਕੀਤਾ, ਇਸ ਲਈ ਗੁਰਮਤਿ ਸੰਗੀਤ ਪਰੰਪਰਾ ਵਿੱਚ ਉੱਤਰੀ ਅਤੇ ਦੱਖਣੀ ਪੱਧਤੀ ਦੋਹਾਂ ਦੇ ਰਾਗਾਂ ਨੂੰ ਸਮਾਨ ਸਤਿਕਾਰ ਨਾਲ ਗਾਉਣ ਦਾ ਆਦੇਸ਼ ਹੈ। ਗੁਰੂ ਸਾਹਿਬਾਨ ਨੇ ਦੱਖਣੀ ਪੱਧਤੀ ਦੀ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕਰਕੇ ਦੋਵਾਂ ਸੰਗੀਤ ਪੱਧਤੀਆਂ ਦੀ ਵਿਚਲੀ ਦੂਰੀ ਨੂੰ ਖਤਮ ਕਰਨ ਵਿੱਚ ਗੁਰਮਤਿ ਸੰਗੀਤ ਪਰੰਪਰਾ ਦਾ ਮਹਾਨ ਯੋਗਦਾਨ ਹੈ।

ਸਨਾਤਨੀ ਰਾਗ :

ਗੁਰੂ ਸਾਹਿਬ ਨੇ ਬਾਣੀ ਦੀ ਸਫਲ ਪ੍ਰਸਤੁਤੀ ਹਿਤ ਬਾਣੀ ਅਤੇ ਰਾਗ ਨੂੰ

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟ ਵਾਲਾ ਟੀਕਾ) ; ਪੰਨਾ 126.
2. ਦਵਿੰਦਰ ਵਿਦਿਆਰਥੀ (ਡਾ.) : ਗੁਰਬਾਣੀ ਦੇ ਰਾਗ ਸੰਬੋਧ ਸਾਰਥਕਤਾ ; ਪੰਨਾ 43.
3. ਆਦਿ ਗ੍ਰੰਥ ; ਪੰਨਾ 1033.
4. Gurnam Singh (Dr.) : Musicological Study of Guru Nanak Bani; page 39.

ਇਨ੍ਹਾਂ ਦੀ ਪ੍ਰਕ੍ਰਿਤੀ ਦੀ ਅੰਤਰੀਵ/ਸ਼ਾਂਤ, ਰਸਾਤਮਕ, ਭਾਵਾਤਮਕ ਪੱਧਰ ਉਤੇ ਜੋੜਨ ਦੀ ਸਫਲ ਕੋਸ਼ਿਸ਼ ਕੀਤੀ ਹੈ । ਆਪ ਨੇ ਗੁਰਬਾਣੀ ਦੇ ਗਾਇਨ ਲਈ ਪ੍ਰਯੋਗ ਕੀਤੇ ਗਏ ਸਨਾਤਨੀ ਗਾਇਕ ਰੂਪਾਂ ਲਈ ਸ਼ੁਧ ਰੂਪ ਵਿੱਚ ਨਾਰਕੀ ਜਾਂ ਸਥਾਪਿਤ ਰਾਗਾਂ ਦਾ ਪ੍ਰਯੋਗ ਕੀਤਾ ਜਿਵੇਂ ਪ੍ਰਬੰਧ ਗਾਇਨ ਸ਼ੈਲੀ ਦੇ ਗਾਇਕ ਰੂਪ ਅਸ਼ਟਪਦੀ ਦਾ ਪ੍ਰਯੋਗ ਸਿਰੀ, ਮਾਝ, ਗਉੜੀ, ਗੂਜਰੀ ਰਾਗਾਂ ਅਧੀਨ ਕੀਤਾ ।

ਦੇਸੀ ਰਾਗ :

ਗੁਰੂ ਸਾਹਿਬ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਫੈਲਾਉਣ ਲਈ ਵਿਭਿੰਨ ਇਲਾਕਿਆਂ ਦੀ ਲੋਕ ਪਰੰਪਰਾ ਵਿਚੋਂ ਵਿਕਸਤ ਰਾਗਾਂ ਨੂੰ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ ਜਿਵੇਂ ਮਾਝ, ਆਸਾ, ਸੂਹੀ, ਤੁਖਾਰੀ ਦੇਸੀ ਰਾਗ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ।

ਮੌਸਮੀ ਰਾਗ :

ਗੁਰਮਤਿ ਸੰਗੀਤ ਦੇ ਅੰਤਰਗਤ ਕੁਝ ਰਾਗ ਇਸ ਤਰ੍ਹਾਂ ਦੇ ਮਿਲਦੇ ਹਨ ਜੋ ਮੌਸਮਾਂ ਨਾਲ ਸੰਬੰਧਿਤ ਹਨ । ਇਹਨਾਂ ਰਾਗਾਂ ਦਾ ਗਾਇਨ ਵੀ ਸੰਬੰਧਿਤ ਮੌਸਮ ਵਿਚ ਹਰ ਸਾਲ ਕਰਨ ਦੀ ਪ੍ਰਥਾ ਹੈ ਜਿਵੇਂ - ਬਸੰਤ, ਮਲ੍ਹਾਰ ਰਾਗ ਮੌਸਮੀ ਰਾਗਾਂ ਨਾਲ ਸੰਬੰਧਿਤ ਹਨ :

- ਪਹਿਲੇ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ।[1]

---

1. ਆਦਿ ਗ੍ਰੰਥ : ਮਹਲਾ 2 ; ਪੰਨਾ 791.

- ਰੁਤਿ ਆਇਲੇ ਸਰਸ ਬਸੰਤ ਮਾਹਿ ।[1]
- ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ।[2]
- ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥[3]

ਜਿਵੇਂ ਭਾਰਤੀ ਸੰਗੀਤ ਵਿਚ ਸੁਰ ਤੋਂ ਬਾਦ ਦੂਜਾ ਸਥਾਨ ਤਾਲ ਨੂੰ ਪ੍ਰਾਪਤ ਹੈ ਉਸੇ ਤਰ੍ਹਾਂ ਹੀ ਗੁਰਮਤਿ ਵਿੱਚ ਸੁਰ ਅਤੇ ਰਾਗ ਦੇ ਨਾਲ ਨਾਲ ਤਾਲ ਦਾ ਵੀ ਮਹੱਤਵਪੂਰਨ ਸਥਾਨ ਹੈ ਕਿਉਂਕਿ ਸੰਗੀਤ ਦੇ ਨਾਲ ਤਾਲਾਂ ਦਾ ਪ੍ਰਯੋਗ ਭਾਰਤੀ ਸੰਗੀਤ ਦੇ ਵਿੱਚ ਪ੍ਰਾਚੀਨ ਕਾਲ ਤੋਂ ਚਲੀਆਂ ਆ ਰਿਹਾ ਹੈ । ਧਾਰਨਾ ਤਾਂ ਇਹ ਹੈ ਕਿ ਤਾਲ ਤੋਂ ਬਿਨਾਂ ਸੰਗੀਤ ਦਾ ਰਸ ਅਧੂਰਾ ਹੈ ।

ਗੁਰਮਤਿ ਸੰਗੀਤ ਵਿੱਚ ਭਾਰਤੀ ਸ਼ਾਸਤਰੀ ਸੰਗੀਤ ਦੇ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਪਰੰਤੂ ਗੁਰਬਾਣੀ ਸੰਗੀਤ ਦੀਆਂ ਲਿਖਤੀ ਰਚਨਾਵਾਂ ਦੇ ਉਪਰ ਰਾਗ ਸਿਰਲੇਖ ਤਾਂ ਮਿਲਦਾ ਹੈ ਪਰੰਤੂ ਤਾਲ ਦੀ ਜਗ੍ਹਾ ਤੇ ਘਰ ਸ਼ਬਦ ਦਾ ਸਿਰਲੇਖ ਹੈ ਘਰੁ ਇਕ ਤੋਂ ਲੈ ਕੇ 17 ਤੱਕ ਦੀ ਗਿਣਤੀ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਉਪਲਬਧ ਹਨ ਪਰ ਘਰ ਸੰਬੰਧੀ ਅਨੇਕਾਂ ਵਾਦ-ਵਿਵਾਦ ਵੀ ਮਿਲਦੇ ਹਨ ਪਰੰਤੂ ਬਹੁ ਗਿਣਤੀ ਸਾਹਿਤਕਾਰਾਂ, ਸੰਗੀਤਕਾਰਾਂ ਅਤੇ ਰਾਗੀ-

---

1. ਆਦਿ ਗ੍ਰੰਥ : ਮਹਲਾ 2 ; ਪੰਨਾ 1168.
2. -ਉਹੀ- ਮਹਲਾ 3 ; ਪੰਨਾ 1293.
3. -ਉਹੀ- ਮਹਲਾ 3 ; ਪੰਨਾ 1285.

ਰਬਾਬੀ ਇਸ ਗਲ ਨਾਲ ਸਹਿਮਤ ਹਨ ਕਿ ਘਰੁ ਦਾ ਸੰਬੰਧ ਤਾਲ ਨਾਲ ਹੈ ।

ਡਾ. ਗੁਰਨਾਮ ਸਿੰਘ ਜੀ ਨੇ ਵੀ ਆਪਣੇ ਇਕ ਲੇਖ ਵਿਚ ਇਹ ਸਵੀਕਾਰ ਕੀਤਾ ਹੈ ਕਿ ਕੁਝ ਕੁ ਹੋਰ ਬਹੁਤੇ ਵਿਦਵਾਨ ਘਰੁ ਨੂੰ ਹੀ ਤਾਲ ਵਜੋਂ ਸਵੀਕਾਰ ਕਰਦੇ ਹਨ ਪਰ ਸਮੇਂ ਦੇ ਬੀਤਣ ਕਾਰਨ ਵਿਵਹਾਰਕ ਤੌਰ ਤੇ ਘਰ ਦਾ ਪ੍ਰਯੋਗ ਸਮਾਪਤ ਹੋ ਗਿਆ ਹੈ ।"[1]

ਘਰੁ ਦਾ ਪ੍ਰਯੋਗ ਗੁਰੂ ਨਾਨਕ ਬਾਣੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਮਿਲਦਾ ਹੈ ਸਰਬ ਲੋਹ ਗ੍ਰੰਥ ਵਿੱਚ ਵੀ ਕਈ ਜਗ੍ਹਾ ਘਰਾਂ ਦਾ ਉਲੇਖ ਕੀਤਾ ਗਿਆ ਹੈ । ਜਿਵੇਂ :

- ਬਿਸੁਨ ਪਦ ਪ੍ਰਭਆਤੀ ਸਰੂਪਦ ਤਿਤਾਲਾ ਕਿਸ਼ੋਰੀ
- ਬਿਸਨੁ ਪਦ ਪ੍ਰਭਿਆਤੀ ਰਾਜ ਗੁਸਾਈ ਠੇਕ ਤਾਲੀ
- ਚੌਤਾਲਾ ਸਰੂਪਦ
- ਬਿਸਨੁ ਪਦ ਰਾਗ ਮਾਲਕੌਸ ਦਾਦਰ[2]

ਗੁਰੂ ਗੋਬਿੰਦ ਸਿੰਘ ਜੀ ਰਚਿਤ ਇਕ ਰਚਨਾ ਵਿਚ ਮਿਰਦੰਗ ਅਤੇ ਨਗਾਰੇ ਦੀ ਗੂੰਜ ਅਤੇ ਬੋਲਾਂ ਨੂੰ ਬੜੇ ਸੁੰਦਰ ਢੰਗ ਨਾਲ ਲਿਖਿਆ ਹੈ ਜਿਵੇਂ :

---

1. ਗੁਰਨਾਮ ਸਿੰਘ (ਡਾ.) : ਅੰਮ੍ਰਿਤ ਕੀਰਤਨ (ਲੇਖ) 1992-93 ; ਪੰਨਾ 5.
2. ਸ੍ਰੀ ਸਰਬਲੋਹ ਗ੍ਰੰਥ : ਬਾਬਾ ਸੰਤਾ ਸਿੰਘ 96 ਕਰੋੜੀ ; ਪੰਨਾ 689, 663, 664, 302.

ਨਾਗੜਦੰਗ, ਦੀਰ, ਬਾਗੜਦੰਗ ਬਾਣ ।

ਕਾਗੜਦੰਗ ਕਾਤੀ ਕਟਾਰੀ ਕ੍ਰਿਪਾਣਿ ।

ਨਾਗੜਅੰਗ ਨਫਿ ਬਾਗੜਦੰਗ ਬਾਜੇ ।

ਗਾਗੜਦੰਗ ਸੂਰ ਰਾਗੜਦੰਗ ਰਾਜੇ[1]

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਤਾਲਾਂ ਦਾ ਵੀ ਵਿਕਾਸ ਬਾਕਾਇਦਾ ਤੌਰ ਤੇ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੱਕ ਮ੍ਰਿਦੰਗ, ਪਖਾਵਜ ਅਤੇ ਤਬਲੇ ਦਾ ਪ੍ਰਯੋਗ ਕੀਰਤਨ ਦੇ ਨਾਲ ਕੀਤਾ ਜਾਂਦਾ ਸੀ ।

ਗੁਰਮਤਿ ਸੰਗੀਤ ਦੇ ਤਾਲ ਪੰਜਾਬੀ ਬਾਜ ਦੇ ਅਨੁਸਾਰ ਵਜਾਏ ਜਾਂਦੇ ਹਨ । ਇਹ ਬਾਜ ਖੁਲ੍ਹੇ ਹੱਥਾਂ ਨਾਲ ਵਜਾਇਆ ਜਾਂਦਾ ਹੈ । ਇਸ ਦੀ ਰਚਨਾ ਮ੍ਰਿਦੰਗ ਅਤੇ ਪਖਾਵਜ ਦੇ ਬੋਲਾਂ ਦੇ ਆਧਾਰ ਤੇ ਹੋਈ ਸੀ । ਭਾਰਤੀ ਸੰਗੀਤ ਦੇ ਤਬਲਾ ਅਤੇ ਪਖਾਵਜ ਘਰਾਣਿਆਂ ਵਿੱਚ ਮਹੱਤਵਪੂਰਨ ਸਥਾਨ ਹੈ ਅਤੇ ਪੰਜਾਬੀ ਅਤੇ ਪੰਜਾਬ ਦਾ ਵਿਕਾਸ ਅਤੇ ਲੋਕ ਪ੍ਰਿਅਤਾ ਗੁਰਮਤਿ ਸੰਗੀਤ ਦੇ ਨਾਲ ਨਾਲ ਹੀ ਹੋਈ ਹੈ ।

ਗੁਰਮਤਿ ਸੰਗੀਤ ਵਿੱਚ ਪਉੜੀ ਅਤੇ ਪੜਤਾਲ ਦਾ ਸਿੱਧਾ ਸੰਬੰਧ ਤਾਲਾਂ ਨਾਲ ਹੈ ਜੋ ਕਿ ਇਕ ਵੱਖਰੀ ਸ਼ੈਲੀ ਵਜੋਂ ਸਵੀਕਾਰ ਕੀਤੇ ਗਏ ਹਨ । ਪੜਤਾਲ ਗਾਇਕੀ ਵਿੱਚ ਸ਼ਬਦ ਗਾਇਨ ਦੇ ਹਰੇਕ ਅੰਤਰੇ ਨੂੰ ਵੱਖ ਵੱਖ ਤਾਲਾਂ ਵਿਚ ਗਾਇਆ ਜਾਂਦਾ ਹੈ ਜੋ ਕਿ

---

1. <u>ਦਸਮ ਗ੍ਰੰਥ</u> : ਚੰਡੀ ਚਰਿਤ੍ਰ ; ਪੰਨਾ 53.

ਗਾਇਕੀਆਂ ਰਬਾਬੀਆਂ ਦੀ ਤਾਲ ਪ੍ਰਵੀਨਤਾ ਦਾ ਸੂਚਕ ਹੈ । ਇਸ ਤਰ੍ਹਾਂ ਹੀ ਆਸਾ ਕੀ ਵਾਰ ਵਿੱਚ ਜਦੋਂ ਪਉੜੀ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਉਸ ਦੇ ਨਾਲ ਇਕ ਵਿਸ਼ੇਸ਼ ਪ੍ਰਕਾਰ ਦਾ ਤਾਲ ਕਹਿਰਵੇ ਨਾਲੋਂ ਵੱਖਰੀ ਤਾਲ ਦੇ ਰੂਪ ਅਤੇ ਵੱਖਰੀ ਲੈਅ ਦੇ ਰੂਪ ਵਿੱਚ ਵਜਾਇਆ ਜਾਂਦਾ ਹੈ । ਇਸ ਪ੍ਰਕਾਰ ਪ੍ਰਚਲਿਤ ਭਾਰਤੀ ਸੰਗੀਤ ਦੇ ਤਾਲਾਂ ਤੋਂ ਇਲਾਵਾ ਗੁਰਮਤਿ ਸੰਗੀਤ ਨੇ ਆਪਣੀ ਨਵੇਂ ਤਾਲਾਂ ਦੀ ਸਿਰਜਣਾ ਵੀ ਕੀਤੀ ਹੈ ਜੋ ਕਿ ਇਸ ਪ੍ਰਣਾਲੀ ਦੀ ਵਿਸ਼ੇਸ਼ਤਾ ਹੈ ।

## ਪ੍ਰਮੁੱਖ ਕੀਰਤਨ ਚੌਕੀਆਂ :

ਗੁਰਮਤਿ ਸੰਗੀਤ ਵਿੱਚ ਚਾਰ ਕੀਰਤਨੀਆਂ ਦੇ ਜੱਥੇ ਨੂੰ ਚੌਕੀ ਕਿਹਾ ਜਾਂਦਾ ਹੈ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ[1], "ਚੌਕੀ ਤੋਂ ਭਾਵ ਚਾਰ ਪਾਵੇ ਅਰਥਾਤ ਕੀਰਤਨ ਦੇ ਚਾਰ ਅੰਗ ਹਨ । ਚਾਰ ਰਾਗੀਆਂ ਦੀ ਮੰਡਲੀ" ਜਾਵਣ ਚੌਕੀ ਸ਼ਬਦ ਪ੍ਰਕਾਸ਼ ਭਜਨ ਮੰਡਲੀ ਜੋ ਪਰਿਕ੍ਰਮਾਂ ਕਰਦੀ ਹੋਈ ਸ਼ਬਦ ਗਾਵੇ ।।" ਭਾਈ ਵੀਰ ਸਿੰਘ ਜੀ ਅਨੁਸਾਰ ਗੁਰਮਤਿ ਸੰਗੀਤ ਵਿੱਚ ਕੀਰਤਨੀ ਜੱਥੇ ਨੂੰ ਚੌਕੀ ਕਹਿੰਦੇ ਹਨ । ਚੌਕੀ ਘੱਟ ਤੋਂ ਘੱਟ ਚੌਹਾਂ ਦੀ ਵਿਦਮਾਨ ਹੈ ਜੇਹਨੂ ਇਕ ਮਹੰਤ, ਦੋ ਸਾਥੀ ਸੁਰ ਰਲਾਉਣ ਵਾਲੇ, ਇਕ ਜੋੜੀ ਵਾਲਾ (ਪਖਾਵਜੀ) ਇਸ ਤੋਂ ਘੱਟ ਨਹੀਂ, ਵਧੀਕ ਜਾਵੇਂ ਜਿੰਨੇ ਸਰੀਰ ਹੋਣ ਚੌਕੀ ਵਿੱਚ ਆ ਸਕਦੇ ਹਨ । ਜਿਸ ਤਰ੍ਹਾਂ ਕਿ ਸਵੇਰੇ ਵੇਲੇ ਹਰਿਮੰਦਰ ਸਾਹਿਬ ਜੀ ਦੇ ਅੰਦਰ ਵਿਦਮਾਨ ਹੈ[2] ਸਿੱਖ ਧਰਮ ਵਿੱਚ 'ਚੌਕੀ'

---

1. ਭਾਈ ਕਾਨ੍ਹ ਸਿੰਘ ਨਾਭਾ : <u>ਗੁਰਸ਼ਬਦ ਰਤਨਾਕਰ ਮਹਾਨ ਕੋਸ਼</u> ;
2. <u>ਗੁਰੂ ਗ੍ਰੰਥ ਕੋਸ਼</u> ; ਪੰਨਾ 882.

ਸ਼ਬਦ ਨੂੰ ਕੀਰਤਨ ਚੌਕੀ, ਸ਼ਬਦ ਕੀਰਤਨ ਚੌਕੀ, ਸ਼ਬਦ ਚੌਕੀ ਅਤੇ ਫਿਰ ਵੱਖ - ਵੱਖ ਸਮੇਂ ਦੇ ਰਾਗਾਂ ਅਤੇ ਬਾਣੀ ਅਨੁਸਾਰ ਪਰਿਭਾਸ਼ਿਤ ਕੀਤਾ ਗਿਆ ਹੈ । ਉਦਾਹਰਣ ਦੇ ਤੌਰ ਤੇ ਆਸਾ ਦੀ ਵਾਰ ਦੀ ਚੌਕੀ, ਸੋਦਰੁ ਦੀ ਚੌਕੀ ਆਦਿ ।

ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਦੇ ਸੰਦਰਭ ਵਿੱਚ ਵਿਭਿੰਨ ਕੀਰਤਨ ਚੌਕੀਆਂ ਇਸ ਪ੍ਰਕਾਰ ਪ੍ਰਚਲਿਤ ਸਨ : ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ, ਸੋਦਰ ਅਤੇ ਆਰਤੀ ਦੀ ਚੌਕੀ ਦਾ ਪ੍ਰਚਲਨ ਕੀਤਾ । ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰੂ ਅਰਜਨ ਸਾਹਿਬ ਜੀ ਦੁਆਰਾ ਆਸਾ ਦੀ ਵਾਰ ਦੀ ਚੌਕੀ, ਚਰਨ ਕੰਵਲ ਦੀ ਚੌਕੀ, ਸੋਦਰ ਦੀ ਚੌਕੀ, ਕਲਿਆਣ ਦੀ ਚੌਕੀ, ਇਹ ਚਾਰ ਚੌਕੀਆਂ ਦਾ ਪ੍ਰਚਲਨ ਕੀਤਾ ਦਸਿਆ ਹੈ[1] ਪਰੰਤੂ ਸਮੇਂ ਦੇ ਨਾਲ ਨਾਲ ਕੀਰਤਨ ਚੌਕੀਆਂ ਦੀ ਗਿਣਤੀ ਵਧਦੀ ਗਈ । ਭਾਈ ਵੀਰ ਸਿੰਘ ਅਨੁਸਾਰ ਕੀਰਤਨ ਦੀਆਂ ਪੰਜ ਚੌਕੀਆਂ ਗੁਰਮਤਿ ਵਿੱਚ ਨਿਯਮਤ ਹਨ ਪਿਛਲੀ ਰਾਤ ਪਹਿਰ ਰਾਤ ਰਹੀ ਤੇ 'ਆਸਾ ਦੀ ਵਾਰ' ਦੂਜੀ ਚੌਕੀ 'ਆਨੰਦ' ਦੀ ਜੋ 11 ਤੋਂ 12 ਵਜੇ ਦੇ ਵਿਚਕਾਰ ਹੁੰਦੀ ਹੈ । ਤ੍ਰਿਪਹਰੇ ਦੇ ਲਗਭਗ 'ਚਰਨ ਕੰਵਲ ਦੀ ਚੌਕੀ' ਸੰਝ ਨੂੰ 'ਸੋ ਦਰ' ਦੀ ਚੌਕੀ ਪਹਿਰ ਸਵਾ ਪਹਿਰ ਰਾਤ ਗਈ 'ਕੀਰਤਨ ਸੋਹਿਲਾ' ਦੀ ਹੈ[2] ਵਰਤਮਾਨ ਸਮੇਂ ਵਿੱਚ ਚੌਕੀਆਂ ਦੀ ਗਿਣਤੀ ਸੱਤ ਅਤੇ ਪੰਦਰਾਂ ਵੀ ਸਵੀਕਾਰੀ ਜਾਂਦੀ ਹੈ ਜਿਨ੍ਹਾਂ ਵਿਚੋਂ ਸੱਤ ਚੌਕੀਆਂ ਰਾਗੀਆਂ

---

1. <u>ਗੁਰੂ ਗ੍ਰੰਥ ਕੋਸ਼</u> ; ਪੰਨਾ 882.

2. <u>ਸਿਮਰਤੀ ਗ੍ਰੰਥ</u> ; ਅੱਠਵੀਂ ਗੁਰਮਤਿ ਸੰਗੀਤ ਸੰਮੇਲਨ, ਪੰਨਾ 17.

ਦੀਆਂ ਸੱਤ ਰਬਾਬੀਆਂ ਦੀਆਂ ਪ੍ਰਚਲਿਤ ਸਨ ਜੋ ਇਸ ਪ੍ਰਕਾਰ ਹਨ :

ਤਿੰਨ ਪਹਿਰੇ ਦੀ ਚੌਂਕੀ : ਸ੍ਰੀ ਹਰਿਮੰਦਰ ਸਾਹਿਬ ਦੇ ਕਿਵਾੜ ਖੁਲਣ ਤੋਂ ਪਹਿਲਾਂ ਰਾਤ ਦੇ ਤੀਸਰੇ ਪਹਿਰ ਲਗਾਈ ਜਾਂਦੀ ਹੈ, ਜਿਸ ਵਿੱਚ ਪ੍ਰਭੂ ਦਰਸ਼ਨ, ਗੁਰੂ ਦਰਸ਼ਨ ਆਦਿ ਦੇ ਵਿਸ਼ੇ ਨਾਲ ਸੰਬੰਧਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਸੀ ।

ਆਸਾ ਦੀ ਵਾਰ ਦੀ ਚੌਂਕੀ ਰਾਗ ਆਸਾ ਤੇ ਆਧਾਰਿਤ ਸੀ । ਇਸ ਚੌਂਕੀ ਵਿੱਚ 'ਆਸਾ ਦੀ ਵਾਰ' ਦਾ ਹੀ ਗਾਇਨ ਕੀਤਾ ਜਾਂਦਾ ਹੈ । ਰਾਗ ਬਿਲਾਵਲ ਨਾਲ ਸੰਬੰਧਤ 'ਬਿਲਾਵਲ ਦੀ ਚੌਂਕੀ' ਵਿੱਚ ਰਾਗ ਬਿਲਾਵਲ ਵਿੱਚ ਸ਼ਬਦ ਅਤੇ ਪਉੜੀ ਲਗਾਉਣ ਦੀ ਪਰੰਪਰਾ ਹੈ । ਆਨੰਦ ਦੀ ਚੌਂਕੀ ਵਿੱਚ ਪੂਰਵ ਦੁਪਹਿਰ ਤੇ ਦੁਪਹਿਰ ਦੇ ਰਾਗਾਂ ਵਿੱਚ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਆਖਿਰ ਵਿੱਚ ਸੰਬੰਧਤ ਰਾਗ ਵਿੱਚ ਪਉੜੀ ਲਗਾ ਕੇ ਚੌਂਕੀ ਦੀ ਸਮਾਪਤੀ ਕੀਤੀ ਜਾਂਦੀ ਹੈ ਇਸ ਨੂੰ ਸਾਰੰਗ ਦੀ ਚੌਂਕੀ ਵੀ ਕਿਹਾ ਜਾਂਦਾ ਹੈ । ਚਰਨ ਕਵਲ ਦੀ ਚੌਂਕੀ ਨੂੰ ਤਿਲੰਗ ਦੀ ਚੌਂਕੀ ਵੀ ਕਿਹਾ ਜਾਂਦਾ ਹੈ ਇਸ ਵਿੱਚ ਦੁਪਹਿਰ ਤੋਂ ਬਾਅਦ ਵਾਲੇ ਰਾਗਾਂ ਵਿੱਚ ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਹੈ, ਸੋਦਰ ਦੀ ਚੌਂਕੀ ਵਿੱਚ ਸੰਬੰਧਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਉਸ ਤੋਂ ਬਾਅਦ ਰਹਿਰਾਸ ਦਾ ਪਾਠ ਉਪਰੰਤ ਅਰਦਾਸ ਕਰਕੇ ਸਮਾਪਤੀ । ਆਰਤੀ ਦੀ ਚੌਂਕੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤ ਰਵੀਦਾਸ, ਧੰਨਾ ਸੈਣ ਜੀ ਦੇ ਰਾਗ ਧਨਾਸਰੀ ਵਿੱਚ ਭਗਤ ਕਬੀਰ ਜੀ ਦੁਆਰਾ ਰਚਿਤ ਰਾਗ ਪ੍ਰਭਾਤੀ ਵਿੱਚ ਸ਼ਬਦਾਂ ਦੇ ਕੀਤੀ ਜਾਂਦੀ ਹੈ । ਕਾਨੜੇ ਜਾਂ ਕਲਿਆਣ ਦੀ ਚੌਂਕੀ ਵਿੱਚ ਰਾਤ ਦੇ ਦੂਸਰੇ ਪਹਿਰ ਦੇ ਰਾਗਾਂ ਵਿੱਚ ਸ਼ਬਦ ਅਤੇ ਪਉੜੀ ਲਗਾਈ ਜਾਂਦੀ ਹੈ, ਸਵਾ ਪਹਿਰ ਰਾਤ ਗਈ ਤੇ ਕੀਰਤਨ ਸੋਹਿਲੇ ਦੀ ਚੌਂਕੀ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਉਸ ਤੋਂ

ਬਾਅਦ ਸੋਹਿਲੇ ਦਾ ਪਾਠ ਤੇ ਅਰਦਾਸ ਬਾਅਦ ਸਮਾਪਤ ।

ਇਸ ਪ੍ਰਕਾਰ ਗੁਰੂ ਨਾਨਕ ਜੀ ਦੇ ਕਾਲ ਵਿੱਚ ਹੀ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਪ੍ਰਮੁੱਖਤਾ ਰਹੀ । ਕਰਤਾਰਪੁਰ ਵਿਖੇ ਸਵੇਰੇ ਸ਼ਾਮ ਗੁਰਬਾਣੀ ਕੀਰਤਨ ਕੀਤਾ ਜਾਂਦਾ ਸੀ ਜਿਸ ਬਾਰੇ ਭਾਈ ਗੁਰਦਾਸ ਆਪਣੀਆਂ ਵਾਰਾਂ ਵਿੱਚ ਵਰਨਣ ਕੀਤਾ ਹੈ :

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ
ਗੁਰਮੁਖਿ ਭਾਰ ਅਥਰ ਬਣਹਾਰਾ ।[1]

ਇਸੇ ਤਰ੍ਹਾਂ ਹੀ ਗੁਰੂ ਅੰਗਦ ਦੇਵ ਜੀ ਦੀ ਨਿੱਤ ਕਿਰਿਆ ਬਾਰੇ ਤਵਾਰੀਖ ਗੁਰੂ ਖਾਲਸਾ ਵਿੱਚ ਲਿਖਿਆ ਹੈ ਕਿ ਉਹ ਹਮੇਸ਼ਾ ਦੋ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਕੇ ਇਕਾਂਤ ਵਿਚ ਬੈਠ ਕੇ ਅਕਾਲ ਪੁਰਖ ਦੀ ਰੱਬੀ ਬਾਣੀ ਦਾ ਭਜਨ ਕਰਦੇ ਫਿਰ ਦਿਨ ਚੜੇ ਉੱਠ ਕੇ ਦੀਵਾਨ ਸਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਦੇ ਸਨ ਅਤੇ ਸਿੱਖਾਂ ਨੂੰ ਪਵਿੱਤਰ ਉਪਦੇਸ਼ ਦੇ ਕੇ ਨਿਹਾਲ ਕਰਦੇ ਸਨ ।[2]

ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਆਸਾ ਦੀ ਵਾਰ ਦੇ ਕੀਰਤਨ ਦੇ ਪ੍ਰਮਾਣ ਬੜੇ ਸਪਸ਼ਟ ਰੂਪ ਵਿਚ ਮਿਲਦੇ ਹਨ ।

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :

- ਰਾਗੀ ਆਸਾ ਵਾਰ ਸੁ ਗਾਵਹਿ

---

1. ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ ਪਉੜੀ; ਪੰਨਾ 38.
2. ਲਾਲ ਸਿੰਘ ਗਿਆਨੀ (ਸੰਗਰੂਰ) : ਤਵਾਰੀਖ ਗੁਰੂ ਖਾਲਸਾ ; ਪੰਨਾ 187.

ਅਨਿਕ ਰਾਗ ਕੇ ਸਬਦ ਸੁਨਾਵਹਿ[1]

- ਗਾਵਹਿ ਰਾਗੀ ਆਸਾ ਵਾਰ

ਰਾਗ ਰਾਗਨੀ ਸਬਦ ਮਲ੍ਹਾਰ[2]

ਇਸੇ ਤਰ੍ਹਾਂ ਹੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਵੀ ਨਿਤ ਮਰਿਯਾਦਾ ਦਾ ਜ਼ਿਕਰ ਆਉਂਦਾ ਹੈ :

ਬਹੁ ਰਬਾਬੀ ਆਇ ਕਰ ਗੁਰ ਸ਼ਬਦ ਸੁਨਾਵੈ ।।
ਰਾਗ ਰਾਗਨੀ ਗੁਨ ਸਹਿਤ ਸੁੰਦਰ ਬਿਧਿ ਗਾਵੈ[3]

ਗੁਰੂ ਸਾਹਿਬ ਦੇ ਦਰਬਾਰ ਵਿੱਚ ਭਾਈ ਸਾਦੂ ਬਾਦੂ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ ।

ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ ਭਾਈ ਸੱਤਾ ਅਤੇ ਬਲਵੰਡ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ ।[4]

ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ 'ਆਸਾ ਦੀ ਵਾਰ' ਪੂਰੀ ਹੋ ਜਾਣ ਤੇ ਇਸ ਨੂੰ ਸਮੁੱਚੇ ਰੂਪ ਵਿੱਚ ਵਿਕਸਤ ਕੀਤਾ । ਆਸਾ

---

1. ਭਾਈ ਸੰਤੋਖ ਸਿੰਘ : <u>ਗੁਰਪ੍ਰਤਾਪ ਸੂਰਜ ਗ੍ਰੰਥ</u> ; ਪੋਥੀ 6, ਪੰਨਾ 2144.
2. -ਉਹੀ- ਪੋਥੀ 6, ਪੰਨਾ 2144.
3. ਭਾਈ ਸੰਤੋਖ ਸਿੰਘ : <u>ਗੁਰਪ੍ਰਤਾਪ ਸੂਰਜ ਗ੍ਰੰਥ</u> ; ਪੋਥੀ 5, ਪੰਨਾ 1441.
4. ਗਿਆਨੀ ਗਿਆਨ ਸਿੰਘ : <u>ਤਵਾਰੀਖ ਗੁਰੂ ਖਾਲਸਾ</u> ; ਪੰਨਾ 340.

ਦੀ ਵਾਰ ਦਾ ਪੂਰਨ ਵਿਧੀ ਸਹਿਤ ਗਾਇਨ ਗੁਰੂ ਅਰਜਨ ਦੇਵ ਜੀ ਵੇਲੇ ਸ਼ੁਰੂ ਹੋਇਆ । ਗੁਰੂ ਸਾਹਿਬ ਜੀ ਦੇ ਦਰਬਾਰ ਵਿਚ ਭਾਈ ਸੱਤਾ ਭਾਈ ਬਲਵੰਡ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਸਨ[1] ।

ਕਾਨੜੇ ਦੀ ਚੌਕੀ ਲਗਾਉਣ ਦੀ ਪਰੰਪਰਾ ਗੁਰੂ ਸਾਹਿਬ ਦੇ ਸਮੇਂ ਹੀ ਅਲੋਪ ਹੋ ਗਈ ਸੀ[2]

ਇਸੇ ਤਰ੍ਹਾਂ ਹੀ ਗੁਰੂ ਹਰਿ ਗੋਬਿੰਦ ਸਿੰਘ ਜੀ ਦੇ ਵਿਆਹ ਸਮੇਂ 'ਆਸਾ ਜੀ ਦੀ ਵਾਰ' ਦਾ ਕੀਰਤਨ ਹੋਣ ਦੇ ਪ੍ਰਮਾਣ ਮਿਲਦੇ ਹਨ ।

ਗਾਵਹਿ ਆਸਾ ਵਾਰ ਜੁਤ ਗਾਵਨਿ ਕੇ ਸਮੁਦਾਇ ।।[3]

ਗੁਰੂ ਹਰਿ ਗੋਬਿੰਦ ਵੇਲੇ ਕੀਰਤਨ ਚੌਕੀਆਂ ਦਾ ਸੰਬੰਧ ਇਤਿਹਾਸਿਕ ਤੌਰ ਤੇ ਜੁੜਦਾ ਹੈ । 1635 ਈ. ਜਦੋਂ ਸ਼੍ਰੀ ਗੁਰੂ ਹਰਿ ਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ ਵਿੱਚ ਬੰਦ ਸਨ ਤਾਂ ਪਹਿਲੇ ਚੌਕੀ ਦਰਬਾਰ ਸਾਹਿਬ ਸਰੋਵਰ ਦੀ ਪਰਕ੍ਰਮਾ ਦੇ ਦੁਆਲੇ ਬਾਬਾ ਬੁੱਢਾ ਜੀ ਨੇ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਅੰਮ੍ਰਿਤਸਰ ਸ਼ੁਰੂ ਕੀਤੀ ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਭਾਈ ਸਦੂ ਮਦੂ ਕੀਰਤਨ ਚੌਕੀ ਅਨੁਸਾਰ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ ।

---

1. ਏ.ਐਸ.ਗੋਸਲ : ਸਿੱਖ ਧਰਮ ਅਤੇ ਸੰਗੀਤ ; ਪੰਨਾ 78.
2. ਭਾਈ ਸੰਤੋਖ ਸਿੰਘ : ਗੁਰਪ੍ਰਤਾਪ ਸੂਰਜ ਗ੍ਰੰਥ ; ਪੋਥੀ 6, ਪੰਨਾ 2344.
3. -ਉਹੀ- ਪੋਥੀ 7, ਪੰਨਾ 2413.

\- ਸਦੂ ਮਦੂ ਆਸਾ ਵਾਰ
ਕੀਰਤਨ ਕਰਤੇ ਰਾਗ ਸੁਧਾਰ[1]
\- ਟੋਡੀ ਬਿਲਾਵਲ ਗੌਰੀ ਸਾਰ ।।
ਭੋਗ ਪਾਇ ਅਰਦਾਸ ਉਦਾਰ ।।[2]

## ਗੁਰਮਤਿ-ਸੰਗੀਤ ਅਤੇ ਸਮਾਜਿਕ ਜੀਵਨ ਨਾਲ ਸੰਬੰਧਿਤ ਸ਼ਬਦ-ਕੀਰਤਨ ਚੌਕੀਆਂ

ਗੁਰਮਤਿ ਸਾਹਿਤ ਅਤੇ ਸੰਗੀਤ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖ ਨੂੰ ਸਮਾਜਿਕ ਜੀਵਨ ਦੇ ਪਰਿਤਿਆਗ ਲਈ ਪ੍ਰੇਰ ਕੇ ਉਸਨੂੰ ਜੀਵਨ ਦੇ ਅੱਟਲ ਸੰਘਰਸ਼ ਵਿਚ ਇਕੱਲਾ ਨਹੀਂ ਛੱਡਦਾ ਸਗੋਂ ਉਸਦੀ ਜ਼ਿੰਦਗੀ ਦੇ ਹਰ ਗ਼ਮ ਅਤੇ ਖ਼ੁਸ਼ੀ ਵਿਚ ਉਸ ਦੀ ਆਤਮਾ ਦਾ ਸਾਥ ਦਿੰਦਾ ਅਤੇ ਉਸਨੂੰ ਸੰਤੁਲਨ ਬਖਸ਼ਦਾ ਹੈ । ਜਲ ਵਿਚ ਕੰਵਲ ਫੁੱਲ ਦੀ ਤਰ੍ਹਾਂ ਨਿਰਲੇਪ ਰਹਿਣ ਦਾ ਆਦੇਸ਼ ਦਿੰਦਾ ਗੁਰਬਾਣੀ ਮਨੁੱਖ ਨੂੰ ਇਸ ਢੰਗ ਨਾਲ ਪ੍ਰੇਰਦੀ ਹੈ ਕਿ ਉਹ ਮਨੁੱਖੀ ਜਾਮੇ ਦੀ ਅਮੋਲਤਾ ਨੂੰ ਸਮਝਦਾ ਹੋਇਆ ਵੀ ਇਸ ਦੇ ਭੌਤਿਕ ਆਲੇ ਦੁਆਲੇ ਦੇ ਜਕੜ-ਬੰਧਨਾਂ ਤੋਂ ਮੁਕਤ ਅਵਸਥਾ ਵਿਚ ਵਿਚਰ ਸਕੇ । ਗੁਰਮਤਿ-ਸੰਗੀਤ ਮਨੁੱਖ ਨੂੰ ਮੋਹ ਅਤੇ ਨਿਰਮੋਹ ਦੋਹਾਂ ਚਿਤ-ਬਿਰਤੀਆਂ ਤੋਂ ਪਾਰ ਜਾ ਕੇ ਬੈਰਾਗ ਦੀ ਅਵਸਥਾ ਵਿਚ ਪਹੁੰਚਾਉਂਦਾ ਹੋਇਆ ਮਨੁੱਖ ਦੇ ਸਮਾਜਿਕ ਜੀਵਨ ਦੀਆਂ ਵਿਭਿੰਨ ਘਟਨਾਵਾਂ ਵਿਚ ਸ਼ਬਦ-ਕੀਰਤਨ ਰਾਹੀਂ ਮਨੁੱਖ ਦਾ ਸਾਥ ਦਿੰਦਾ ਹੈ । ਇਹੀ ਕਾਰਣ ਹੇ ਕਿ ਮਾਨਵ ਦੇ ਜੀਵਨ ਦੀਆਂ ਕਿੰਨ ਵੱਡੀਆਂ ਘਟਨਾਵਾਂ ਜਨਮ,

---

1. ਏ.ਐਸ.ਕੌਸ਼ਲ : ਸਿੱਖ ਧਰਮ ਅਤੇ ਸੰਗੀਤ ; ਪੰਨਾ 78.
2. ਭਾਈ ਸੰਤੋਖ ਸਿੰਘ: ਗੁਰਪ੍ਰਤਾਪ ਸੂਰਜ ਗ੍ਰੰਥ ; ਪੰਨਾ 577.

ਵਿਆਹ ਅਤੇ ਮੌਤ/ਅਕਾਲ ਚਲਾਣਾ ਦੇ ਸਮੇਂ ਸਿੱਖ ਸੰਸਥਾਵਾਂ ਵਿਚ ਮੌਕੇ ਅਨੁਸਾਰ ਭਿੰਨ ਭਿੰਨ ਸ਼ਬਦ ਗਾਇਨ ਕਰਨ ਦੀ ਰਵਾਇਤ ਹੈ । ਇਹੀ ਕਾਰਣ ਹੈ ਕਿ ਸਿੱਖ ਧਰਮ ਵਿਚ ਅਧਿਆਤਮ ਦਾ ਇਕੋ ਇਕ ਖੇਤਰ ਤੇ ਸਥਾਨ ਗੁਰੂਧਾਮ ਹੀ ਨਹੀਂ ਬਲਕਿ ਜੀਵਨ ਦੀ ਹਰ ਘੜੀ ਵਿਚ ਸਿੱਖ ਅਧਿਆਤਮਕਤਾ ਮੌਜੂਦ ਹੈ ਜੋ ਜੀਵਨ ਦੀ ਹਰ ਘੜੀ ਵਿਚ ਮਨੁੱਖ ਦੀ ਨਿਗਰਾਨੀ ਕਰਦੀ ਅਤੇ ਉਸਦੀ ਪ੍ਰੇਰਣਾ-ਸ਼ਕਤੀ ਵਜੋਂ ਕਾਰਜਸ਼ੀਲ ਰਹਿੰਦੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਾਜਿਕ ਜੀਵਨ ਦੇ ਪ੍ਰਸੰਗ ਵਿਚ ਵਾਚੀਏ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਗੁਰੂ ਸਾਹਿਬਾਨ ਸਾਨੂੰ ਸਾਡੇ ਸਭਿਆਚਾਰਕ ਜੀਵਨ ਦਾ ਅਧਿਆਤਮਕ ਬਦਲ ਦੇ ਰਹੇ ਹਨ ।[1] ਇਸ ਪ੍ਰਕਾਰ ਗੁਰਮਤਿ-ਸੰਗੀਤ ਵਿਚ ਮਨੁੱਖੀ ਜੀਵਨ ਦੇ ਵੱਖ ਵੱਖ ਮੌਕਿਆਂ ਉਤੇ ਭਾਵ ਅਨੁਸਾਰ ਸ਼ਬਦ-ਗਾਇਨ ਕਰਨ ਦੀਆਂ ਭਿੰਨ ਭਿੰਨ ਵਿਧੀਆਂ ਦਾ ਵਿਧਾਨ ਹੈ ਜਿਨ੍ਹਾਂ ਦਾ ਵੇਰਵਾ ਨਿਮਨ ਅੰਕਿਤ ਹੈ :-

ਸੰਤਾਨ ਉਤਪਤੀ ਮਨੁੱਖੀ ਸਮਾਜਕ ਜੀਵਨ ਦਾ ਆਦਿ-ਜੁਗਾਦੀ ਅੰਗ ਹੈ ਇਸ ਤੋਂ ਬਿਨਾਂ ਸਮਾਜਕ ਜੀਵਨ ਦੀ ਨਿਰੰਤਰਤਾ ਅਸੰਭਵ ਹੈ । ਸੰਤਾਨ ਪ੍ਰਾਪਤੀ, ਮਾਤਾ ਤੇ ਪਿਤਾ ਦੀ ਮਾਨਵੀ ਸਮੱਰਥਾ ਨੂੰ ਚਿੰਨ੍ਹਤ ਕਰਦੀ ਦੋਹਾਂ ਦੀ ਸਮਾਜਿਕ-ਸਭਿਆਚਾਰਕ ਭੂਮਿਕਾ ਨੂੰ ਪ੍ਰਭਾਵਿਤ ਕਰਦੀ ਹੈ । ਇਹ ਖੁਸ਼ੀ ਦਾ ਮੌਕਾ ਹੁੰਦਾ ਹੈ ਜਦੋਂ ਮਨੁੱਖ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਨਤਮਸਤਕ ਹੋ ਜਾਂਦਾ ਹੈ । ਇਸ ਮੌਕੇ ਤੇ ਜਿਨਾਂ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ

---

1. ਡਾ. ਗੁਰਨਾਮ ਸਿੰਘ : <u>ਗੁਰਮਤਿ ਸੰਗੀਤ ਦੀ ਕੀਰਤਨ ਚੌਕੀ-ਪਰੰਪਰਾ</u> ; ਅੰਮ੍ਰਿਤ ਕੀਰਤਨ ਅੰਕ 11-12 ਨਵੰਬਰ-ਦਸੰਬਰ, 1993, ਪੰਨਾ 14.

ਉਹ ਹਨ :

ਪੂਤਾ ਮਾਤਾ ਕੀ ਆਸੀਸ ।[1]

ਪੁਤੀ ਗੰਢੁ ਪਵੈ ਸੰਸਾਰ ।[2]

ਗੁਝੀ ਛੰਨੀ ਨਾਹੀ ਬਾਤ ।[3]

ਵਿਆਹ ਤੋਂ ਪੂਰਬ ਜਦੋਂ ਲੜਕੇ ਦੇ ਪਰਿਵਾਰ ਵਾਲੇ ਅਤੇ ਲੜਕੀ ਦੇ ਪਰਿਵਾਰ ਵਾਲੇ, ਜਿਨ੍ਹਾਂ ਨੂੰ ਧੇਤੇ ਤੇ ਪਧੇਤੇ ਵੀ ਕਹਿੰਦੇ ਹਾਂ, ਦੋਹਾਂ ਦੇ ਸੰਜੋਗ ਸੰਬੰਧਾਂ ਸਮਾਜਿਕ ਤੌਰ ਤੇ ਪ੍ਰਵਾਣਿਤ ਢੰਗ ਨਾਲ ਇਕੱਠੇ ਹੁੰਦੇ ਹਨ ਤਾਂ ਕੁੜਮਾਈ ਦੀ ਰਸਮ ਹੁੰਦੀ ਹੈ ਤਾਂ ਕੀਰਤਨੀਏ ਸ਼ਬਦ-ਗਾਇਨ ਕਰਦੇ ਹਨ :

ਸਤੁ ਸੰਤੋਖ ਕਰ ਭਾਓ

ਕੁੜਮ ਕੜਮਾਈ ਆਇਆ ਬਲਿਰਾਮ ਜੀਉ ।[4]

ਇਸੇ ਤਰ੍ਹਾਂ ਜਦੋਂ ਲੜਕੇ ਵਾਲੇ ਲੜਕੀ ਦੇ ਘਰ ਆਨੰਦ ਕਾਰਜਾਂ ਲਈ ਪਹੁੰਚਦੇ ਹਨ ਤਾਂ ਲੜਕੀ ਵਾਲਿਆਂ ਵਲੋਂ ਕੁੜਮਾਂ ਦੀ ਮਿਲਣੀ ਹੁੰਦੀ ਹੈ ਜਿਸ ਵਿਚ ਮਿਲਣੀ ਦੇ ਸ਼ਬਦ ਗਾਏ ਜਾਂਦੇ ਹਨ :

ਹਮ ਘਰਿ ਸਾਜਨ ਆਏ ਸਾਚੈ ਮੇਲਿ ਮਿਲਾਏ ।[5]

---

1. <u>ਆਦਿ ਗ੍ਰੰਥ</u> : ਮਹਲਾ 5 ; ਪੰਨਾ 496.
2. ਉਹੀ ਵਾਰ ਮਾਝ ਕੀ, ਸਲੋਕ ਮਹਲਾ ਪਹਿਲਾ ; ਪੰਨਾ 143.
3. ਉਹੀ, ਆਸਾ ਮਹਲਾ 4 ; ਪੰਨਾ 396.
4. ਉਹੀ, ਮਹਲਾ 5 ; ਪੰਨਾ 496.
5. ਉਹੀ, ਸੂਹੀ ਮਹਲਾ 1 ; ਪੰਨਾ 764.

ਸਿੱਖੀ ਜੀਵਨ-ਮਰਯਾਦਾ ਵਿਚ ਵਿਆਹ ਦੀ ਰਸਮ ਨੂੰ ਵਿਧੀਪੂਰਵਕ ਢੰਗ ਨਾਲ ਸੰਪੰਨ ਕਰਨ ਲਈ ਆਨੰਦ-ਕਾਰਜ ਦੀ ਰਸਮ ਦਾ ਵਿਧਾਨ ਹੈ । ਪੰਜਾਬ ਦੇ ਸਭਿਆਚਾਰਕ ਜੀਵਨ-ਢੰਗ ਅਨੁਸਾਰ ਲੜਕੀ ਇਕ ਘਰ ਦਾ ਤਿਆਗ ਕਰਦੀ ਹੈ ਅਤੇ ਦੂਜੇ ਨੂੰ ਜਨਮਾਂ-ਜਨਮਾਂਤਰਾਂ ਲਈ ਅਪਣਾਉਂਦੀ ਹੈ । ਸਹੁਰੇ ਘਰ ਨੂੰ ਹੀ ਉਸਦਾ ਵਾਸਤਵਿਕ ਘਰ ਮੰਨਿਆ ਜਾਂਦਾ ਹੈ ਅਤੇ ਉਸ ਸਮੇਂ ਪੇਕੇ ਘਰ ਦੇ ਸਭੇ ਸਾਕ ਕੂੜਾਵੇ ਕਹੇ ਜਾਂਦੇ ਹਨ, ਪਰੰਤੂ ਮਾਨਵੀ ਭਾਵਾਂ ਵਿਚ ਇਹ ਅਵਸਰ ਵਿਯੋਗ ਦੀ ਅਵਸਥਾ ਪੈਦਾ ਕਰਦਾ ਹੈ ਜੋ ਮੋਹ ਦੀ ਅਵਸਥਾ ਦਾ ਸੂਚਕ ਹੈ । ਅਜਿਹੇ ਮੌਕੇ ਆਨੰਦ-ਕਾਰਜਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਾਮ ਦਾਸ ਜੀ ਦੁਆਰਾ ਉਚਾਰੇ ਗਏ ਚਾਰ ਛੰਤਾਂ[1] ਦਾ ਪਾਠ ਹੁੰਦਾ ਹੈ ਅਤੇ ਫੇਰ ਰਾਗੀ ਸਿੰਘ ਇਨ੍ਹਾਂ ਸਾਰੇ ਛੰਤਾਂ ਦਾ ਗਾਇਨ ਇਕ ਇਕ ਕਰਕੇ ਕਰਦੇ ਹਨ ਅਤੇ ਵਿਆਹ ਵਾਲੀ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰਦੀ ਹੈ । ਇਨ੍ਹਾਂ ਚਾਰ ਛੰਤਾਂ ਵਿਚ ਪਤੀ ਪਤਨੀ ਦੇ ਰੂਪਕ ਤੋਂ ਜੀਵਾਤਮਾ ਅਤੇ ਪ੍ਰਮਾਤਮਾ ਦੇ ਮਿਲਣ ਤੋਂ ਸੰਬੰਧਿਤ ਭਾਵਾਂ ਦਾ ਚਿਤ੍ਰਣ ਕੀਤਾ ਗਿਆ ਹੈ ।

ਆਨੰਦ ਕਾਰਜ ਦੀ ਰਸਮ ਨੂੰ ਹਾਜ਼ਰ ਸੰਗਤ ਦੇ ਸਾਹਮਣੇ ਵਿਧੀ ਪੂਰਵਕ ਰੂਪ ਵਿਚ ਆਰੰਭ ਕਰਨ ਤੋਂ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ ਅਤੇ ਇਸ ਉਪਰੰਤ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪ੍ਰਮਾਤਮਾ ਅੱਗੇ ਅਰਜੋਈ ਕੀਤੀ ਜਾਂਦੀ ਹੈ ।

---

1. ਆਦਿ ਗ੍ਰੰਥ : ਰਾਗ ਸੂਹੀ ਮਹਲਾ 4 ; ਪੰਨਾ 773-74.

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ

ਕਾਰਜ ਦੇਇ ਸਵਾਰਿ ਸਤੁਗੁਰੁ ਸਚੁ ਸਾਖੀਐ ।[1]

ਪ੍ਰਮਾਤਮਾ ਅੱਗੇ ਅਰਜੋਈ ਕਰਨ ਉਪਰੰਤ ਜਦੋਂ ਲੜਕੀ ਦਾ ਪਿਤਾ ਲੜਕੇ ਦੇ ਹੱਥ ਵਿਚ ਲੜਕੇ ਦਾ ਪੱਲਾ ਫੜਾਉਂਦਾ ਹੋਇਆ ਉਸਨੂੰ ਜਨਮਾਂ ਜਨਮਾਂਤਰਾਂ ਲਈ ਲੜਕੇ ਨਾਲ ਸੰਬੰਧਿਤ ਕਰ ਦਿੰਦਾ ਹੈ ਤਾਂ ਇਸ ਸ਼ਬਦ ਦਾ ਗਾਇਨ ਹੁੰਦਾ ਹੈ :

ਉਸਤਤਿ ਨਿੰਦਾ ਨਾਨਕ ਜੀ

ਮੈਂ ਹਭ ਵਞਾਈ ਛੋੜਿਆ

ਹਭੁ ਕਿਝੁ ਤਿਆਗੀ

ਹਭੇ ਸਾਕ ਕੂੜਾਵੇ ਡਿਠੇ

ਤਉ ਪਲੈ ਤੈਂਡੈ ਲਾਗੀ ।[2]

ਇਸ ਸ਼ਬਦ ਦੇ ਗਾਇਨ ਉਪਰੰਤ ਲਾਵਾਂ ਦਾ ਪਾਠ ਹੁੰਦਾ ਹੈ ਅਤੇ ਰਾਗੀਆਂ ਦੁਆਰਾ ਲਾਵਾਂ ਦੇ ਇਕ ਇਕ ਕਰਕੇ ਗਾਇਨ ਕਰਨ ਸਮੇਂ ਵਿਹੰਦੜ ਜੋੜੀ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰਦੀ ਹੈ । ਫੇਰ ਆਨੰਦ ਸਾਹਿਬ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਆਨੰਦ-ਕਾਰਜ ਦੀ ਰਸਮ ਦੀ ਸਮਾਪਤੀ ਉਤੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਹਿਤ ਸ਼ਬਦ ਗਾਇਆ ਜਾਂਦਾ ਹੈ :-

---

1. <u>ਸਿਰੀ ਰਾਗ ਕੀ ਵਾਰ</u> : ਸਲੋਕ ਮਹਲਾ 2 ਪਉੜੀ ; ਪੰਨਾ 91.

2. <u>ਆਦਿ ਗ੍ਰੰਥ</u> : ਸਲੋਕ ਮਹਲਾ 5 ; ਪੰਨਾ 963.

ਵਿਆਹ ਹੋਆ ਮੇਰੇ ਬਾਬਲਾ
ਗੁਰਮੁਖੇ ਹਰਿ ਪਾਇਆ ।।
ਅਗਿਆਨ ਅੰਧੇਰਾ ਕਟਿਆ
ਗੁਰ ਗਿਆਨ ਪ੍ਰਚੰਡ ਬਲਾਇਆ ।।[1]
ਪੂਰੀ ਆਸਾ ਜੀ ਮਨਸਾ ਮੇਰੇ ਰਾਮ ।
ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਨਾਮ ।।[2]

ਇਸ ਪ੍ਰਕਾਰ ਵਿਆਹ ਸਮੇਂ ਨਿਭਾਈ ਜਾਂਦੀ ਆਨੰਦ-ਕਾਰਜ ਦੀ ਸਮੁੱਚੀ ਰਸਮ ਸਮੇਂ ਗਾਏ ਜਾਂਦੇ ਭਿੰਨ ਭਿੰਨ ਸ਼ਬਦ ਜੀਵ ਆਤਮਾ ਅਤੇ ਪਰਮਾਤਮਾ ਦੇ ਆਪਸੀ ਸੰਬੰਧਾਂ ਨੂੰ ਦਰਸਾਉਂਦੇ ਹੋਏ ਇਹ ਲੋਕ ਨੂੰ ਪੇਕਾ ਘਰ, ਵਿਹੰਦੜ ਨਾਰ ਨੂੰ ਜੀਵਾਤਮਾ ਅਤੇ ਸਹੁਰੇ ਘਰ ਨੂੰ ਜੀਵਾਤਮਾ ਦੇ ਸਥਾਈ ਨਿਵਾਸ ਪਰਲੋਕ ਦੇ ਰੂਪ ਵਿਚ ਪੇਸ਼ ਕਰਦੇ ਹਨ । ਇਸ ਪ੍ਰਕਾਰ ਅਜੇਹੇ ਮੌਕੇ ਸ਼ਬਦ ਗਾਇਨ ਹਾਜ਼ਰ ਸੰਗਤ ਨੂੰ ਇਹ ਲੌਕਿਕ ਅਨੁਭਵ ਤੋਂ ਪਰਾਲੌਕਿਕ ਅਨੁਭਵ ਦੇ ਦੀਦਾਰ ਕਰਾਉਂਦਾ ਹੋਇਆ ਸਹਿਜ ਆਨੰਦ ਦੀ ਅਵਸਥਾ ਵਿਚ ਟਿਕਣ ਲਈ ਪ੍ਰੇਰਦਾ ਹੈ ।

ਕਿਸੇ ਪ੍ਰਾਣੀ ਦੁਆਰਾ ਸੰਸਾਰਕ ਯਾਤਰਾ ਨੂੰ ਪੂਰੀ ਕਰ ਲਏ ਜਾਣ ਨੂੰ ਸਿੱਖ ਸਮਾਜ ਵਿਚ ਅਕਾਲ ਚਲਾਣਾ ਕਰ ਜਾਣਾ ਕਿਹਾ ਜਾਂਦਾ ਹੈ । ਇਹ ਉਹ ਮੌਕਾ ਹੁੰਦਾ ਹੈ ਜਦੋਂ ਪ੍ਰਾਣੀ ਦੇ ਸੰਗੀ-ਸਾਥੀ, ਸਾਕ-ਸੰਬੰਧੀ ਮੋਹ ਦੇ ਵੇਗ ਵਿਚ ਵਹਿੰਦੇ ਹੋਏ ਜੀਵਨ ਦੀ

---

1. ਆਦਿ ਗ੍ਰੰਥ : ਸਿਰੀ ਰਾਗ, ਮਹਲਾ 4 ਘਰ 2 ਛੰਤੁ; ਪੰਨੇ 78-79.
2. ਆਦਿ ਗ੍ਰੰਥ : ਰਾਗ ਵਡਹੰਸ ; ਮਹਲਾ 5, ਛੰਤੁ ਘਰ 4, ਪੰਨੇ 576-77.

ਨਾਸ਼ਮਾਨਤਾ ਦੇ ਅੱਟਲ ਭਾਣੇ ਨੂੰ ਮਿੱਠਾ ਕਰਕੇ ਜਾਣਨ ਲਈ ਪ੍ਰੇਰਦੀ ਅਤੇ ਵੈਰਾਗ ਭਾਵ ਬਖਸ਼ਦੀ ਹੈ । ਇਸ ਮੌਕੇ ਤੇ ਵਿਰਾਗਮਈ ਕੀਰਤਨ ਕਰਨ ਦੀ ਪਰੰਪਰਾ ਚਲੀ ਆ ਰਹੀ ਹੈ । ਮਨੁੱਖ ਦੇ ਅਕਾਲ ਚਲਾਣੇ ਤੋਂ ਬਾਅਦ ਮਾਰੂ ਰਾਗ ਵਿਚ ਸ਼ਬਦ ਅਤੇ ਮਾਰੂ ਕੀ ਵਾਰ ਦਾ ਗਾਇਨ ਕੀਤਾ ਜਾਂਦਾ ਹੈ । ਮਨੁੱਖੀ ਦੇਹ ਨੂੰ ਅਗਨ ਭੇਂਟ ਕਰਨ ਉਪਰੰਤ ਵਡਹੰਸ ਰਾਗ ਵਿਚ ਅਲਾਹੁਣੀਆਂ ਦਾ ਗਾਇਨ ਅਤੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਜਾਂਦਾ ਹੈ । ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਜਾਂਦਾ ਹੈ ਅਤੇ ਮੌਕੇ ਦੇ ਭਾਵ ਅਨੁਸਾਰ ਨਿਰਧਾਰਿਤ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਹੈ । ਸ਼ਬਦ ਕੀਰਤਨ ਕਰਦਿਆਂ ਸੰਸਾਰ ਦੀ ਨਾਸ਼ਮਾਨਤਾ, ਛਿਣਭੰਗਰਤਾ, ਮੌਤ ਦੀ ਅੱਟਲਤਾ, ਭਾਣੇ ਨੂੰ ਮਿੱਠਾ ਕਰ ਕੇ ਜਾਣਨ, ਹੁਕਮ ਵਿਚ ਰਹਿਣ ਅਤੇ ਅਮੁੱਲੇ ਮਨੁੱਖੀ ਜੀਵਨ ਵਿਚ ਚੰਗੇ ਕਰਮਾਂ ਦੀ ਕਮਾਈ ਕਰਨ ਲਈ ਮਨੁੱਖ ਨੂੰ ਪ੍ਰੇਰਿਆ ਜਾਂਦਾ ਹੈ ਤਾਂ ਜੋ ਮਰ ਚੁੱਕੇ ਇਨਸਾਨ ਦੇ ਸੰਗੀ ਸਾਥੀ ਮੌਤ ਦੇ ਡਰ ਨੂੰ ਤਿਆਗ ਕੇ ਇਸ ਨੂੰ ਸਹਿਜ ਭਾਵ ਵਿਚ ਸਵੀਕਾਰ ਕਰਨ । ਇਸ ਮੌਕੇ ਤੇ ਨਿਮਨ ਸੰਕੇਤਿਕ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ :

- ਰਾਮ ਸਿਮਰਿ ਰਾਮ ਸਿਮਰਿ ਇਹੈ ਤੇਰੈ ਕਾਜ ਹੈ ।
ਮਾਇਆ ਕੋ ਸੰਗੁ ਤਿਆਗੁ ਪ੍ਰਭੁ ਜੂ ਕੀ ਸਰਨਿ ਲਾਗ ।।
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ।।[1]

---

1. ਆਦਿ ਗ੍ਰੰਥ : ਜੈਜਾਵੰਤੀ ਮਹਲਾ 9 ; ਪੰਨਾ 1332.

\- ਨਾਂਗੇ ਆਵਨੁ ਨਾਂਗੇ ਜਾਨਾ ।।
ਕੋਈ ਨ ਰਹਿ ਹੈ ਰਾਜਾ ਰਾਨਾ ।।[1]

\- ਕਿਆ ਤੂ ਸੋਇਆ ਜਾਗ ਇਆਨਾ ।
ਤੈ ਜੀਵਨ ਜਾਗੇ ਸਚੁ ਕਰ ਜਾਨਾ ।।[2]

\- ਜਗਤ ਮਹਿ ਝੂਠੀ ਦੇਖੀ ਪ੍ਰੀਤਿ
ਆਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਪਰਾ ਕਿਆ ਮੀਤ ।।[3]

ਸਿੱਖ ਰਹਿਤ-ਮਰਯਾਦਾ ਹਰ ਦੁਖ ਭਰੀ ਤੇ ਸੁਖਮਈ ਘਟਨਾ ਨੂੰ ਸਹਿਜ ਰੂਪ ਵਿਚ ਸਵੀਕਾਰ ਕਰਨ ਲਈ ਪ੍ਰੇਰਦੀ ਹੈ । ਜਨਮ, ਵਿਆਹ ਅਤੇ ਅਕਾਲ ਚਲਾਣੇ ਦੀਆਂ ਸਮੁੱਚੀਆਂ ਰਸਮਾਂ ਦੀ ਪੂਰਤੀ ਉਪਰੰਤ ਆਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਅਤੇ ਗਾਇਨ ਦਰਸਾਉਂਦਾ ਹੈ ਕਿ ਗੁਰਸਿੱਖ ਦੀਆਂ ਚਿਤ ਬਿਰਤੀਆਂ ਸੰਸਾਰਕ ਘਟਨਾਵਾਂ, ਦੁਖਾਂ-ਸੁਖਾਂ ਵੇਲੇ ਵੀ ਸੰਤੁਲਿਤ ਰਹਿੰਦੀਆਂ ਹਨ । ਆਨੰਦ-ਅਵਸਥਾ, ਹੁਕਮ ਵਿਚ ਚੱਲਣ ਵਾਲੇ ਵਿਅਕਤੀ ਦੀ ਆਤਮਕ-ਅਵਸਥਾ ਹੈ । ਇਹ ਅਵਸਥਾ ਵਿਆਹ ਜਿਹੇ ਪ੍ਰਸੰਨਤਾ ਭਰਪੂਰ ਮੌਕੇ ਅਤੇ ਅਕਾਲ ਚਲਾਣੇ ਜਿਹੇ ਦੁਖਮਈ ਅਵਸਰ ਤੇ ਮਨੁੱਖੀ ਮਨ ਨੂੰ ਡੋਲ ਜਾਣ ਤੋਂ ਬਚਾਉਂਦੀ ਹੈ । ਸਮਾਜਿਕ ਜੀਵਨ ਦੀਆਂ ਸਮੁੱਚੀਆਂ ਭਾਂਤ-ਸੁਭਾਂਤੀ ਘਟਨਾਵਾਂ ਤੋਂ ਬਾਅਦ ਸ਼ਬਦ-ਕੀਰਤਨ ਤੇ ਗਾਇਨ ਸਮੁਖੀ ਜੀਵਨ ਤੇ ਅਧਿਆਤਮਕ ਅਨੁਭਵ ਨੂੰ ਇਕਸੁਰ ਕਰਨ ਦਾ ਸ਼ਕਤੀਸ਼ਾਲੀ ਮਾਧਿਅਮ ਹੈ ।

---

1. ਆਦਿ ਗ੍ਰੰਥ : ਭੈਰਉ ਕਬੀਰ ਜੀਉ ; ਪੰਨੇ 1157-58.
2. ਆਦਿ ਗ੍ਰੰਥ : ਰਾਗ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ ; ਪੰਨਾ 794.
3. ਆਦਿ ਗ੍ਰੰਥ : ਦੇਵਗੰਧਾਰੀ ਮਹਲਾ 9 ; ਪੰਨਾ 536.

ਗੁਰਬਾਣੀ ਕੀਰਤਨ ਦੀਆਂ ਚੌਕੀਆਂ ਦੇ ਭਿੰਨ ਭਿੰਨ ਵਰਗੀਕਰਣਾਂ ਦੇ ਆਧਾਰ ਤੇ ਅੱਡ ਅੱਡ ਕੀਰਤਨ ਚੌਕੀਆਂ ਦਾ ਸੰਖੇਪ ਵਿਵਰਣ ਪ੍ਰਸਤੁਤ ਕਰਕੇ ਅਸੀਂ ਦੇਖਦੇ ਹਾਂ ਕਿ ਗੁਰਬਾਣੀ ਸੰਗੀਤ ਦੇ ਸੰਦਰਭ ਵਿਚ ਇਨ੍ਹਾਂ ਕੀਰਤਨ ਚੌਕੀਆਂ ਦਾ ਅਮੁੱਲਾ ਸਥਾਨ ਹੈ। ਦਿਨ-ਰਾਤ ਦੇ ਅੱਠਾਂ ਪਹਿਰਾਂ ਦੇ ਵਿਲੱਖਣ ਭਾਵ-ਸੰਸਾਰਾਂ ਨੂੰ ਅੱਡਰੀਆਂ ਅੱਡਰੀਆਂ ਕੀਰਤਨ-ਚੌਕੀਆਂ ਵਿਚ ਵਿਲੱਖਣ ਰਾਗਾਂ ਨਾਲ ਗਾਉਣ ਦਾ ਵਿਧਾਨ ਹੈ। ਇਵੇਂ ਹੀ ਵੱਖ ਵੱਖ ਰੁਤਾਂ, ਜੀਵਨ-ਖੰਡਾਂ, ਸਮਾਜਿਕ-ਜੀਵਨ ਦੀਆਂ ਭਿੰਨ ਭਿੰਨ ਘਟਨਾਵਾਂ ਨਾਲ ਸੰਬੰਧਿਤ ਭਾਵ-ਪ੍ਰਬੰਧਾਂ ਦੇ ਮੁਤਾਬਿਕ ਵੱਖ ਕੀਰਤਨ ਚੌਕੀਆਂ ਵਿਦਮਾਨ ਹਨ। ਗੁਰਬਾਣੀ-ਸੰਗੀਤ ਦੇ ਇਤਿਹਾਸਕ ਵਿਕਾਸ ਵਿਚ ਇਨ੍ਹਾਂ ਵਿਭਿੰਨ ਕੀਰਤਨ ਚੌਕੀਆਂ ਦਾ ਮਹਤਵਸ਼ਾਲੀ ਸਥਾਨ ਹੈ ਜਿਨਾਂ ਨੇ ਮਨੁੱਖੀ ਜੀਵਨ ਤੇ ਪ੍ਰਕਿਰਤੀ ਦੇ ਹਰ ਪਲ ਨੂੰ ਸੰਗੀਤ ਦੀ ਭਾਸ਼ਾ ਵਿਚ ਸੰਗਠਿਤ ਕਰਨ ਦਾ ਉੱਦਮ ਕੀਤਾ ਹੈ। ਇਨ੍ਹਾਂ ਕੀਰਤਨ ਚੌਕੀਆਂ ਦੀ ਹੀ ਦੇਣ ਹੈ ਕਿ ਸਿੱਖ ਸਮਾਜ ਦੇ ਬਸ਼ਿੰਦੇ ਹਰ ਸਿੱਖ ਦਾ ਇਕ ਇਕ ਪਲ ਗੁਰਬਾਣੀ ਸੰਗੀਤ ਨਾਲ ਓਤਪ੍ਰੋਤ ਹੈ ਅਤੇ ਇਹ ਸੰਗੀਤ ਉਸਦੇ ਮਨ ਵਿਚ ਉਠਦੇ ਹਰ ਸੰਸੇ, ਹਰ ਪ੍ਰਸ਼ਨ, ਡਰ ਭੈਅ ਆਦਿ ਦਾ ਉੱਤਰ ਦਿੰਦਾ ਹੋਇਆ ਉਸਦੇ ਜੀਵਨ ਵਿਚ ਇਕਾਗਰਤਾ ਲਿਆਉਣ ਵਿਚ ਸਹਾਈ ਹੁੰਦਾ ਹੈ। ਇਸਦੇ ਨਾਲ ਹੀ ਇਹ ਕੀਰਤਨ ਚੌਕੀਆਂ ਸਿੱਖ ਅਧਿਆਤਮਵਾਦ ਨੂੰ ਜੀਵਨ ਤੋਂ ਨਿੱਖੜਿਆ ਹੋਇਆ ਨਹੀਂ ਰਹਿਣ ਦਿੰਦੀਆਂ ਸਗੋਂ ਮਨੁੱਖ ਦੇ ਸਮਾਜਿਕ ਅਨੁਭਵ ਖੇਤਰ ਨੂੰ ਵੀ ਅਧਿਆਤਮਕ ਭਾਵ-ਪ੍ਰਬੰਧ ਵਿਚ ਸੁਸੰਗਠਿਤ ਕਰ ਦਿੰਦੀਆਂ ਹਨ ਅਤੇ ਮਨੁੱਖੀ ਜੀਵਨ ਦਾ ਹਰ ਪਲ ਅਧਿਆਤਮ ਅਤੇ ਸੰਗੀਤ ਵਿਚ ਰੰਗਿਆ ਜਾਂਦਾ ਹੈ।

<u>ਗੁਰਮਤਿ-ਸੰਗੀਤ ਵਿਚ ਰਬਾਬੀ, ਰਾਗੀ ਅਤੇ ਢਾਡੀ ਪਰੰਪਰਾ ਦਾ ਵਿਕਾਸ :</u>

ਗੁਰਮਤਿ ਸੰਗੀਤ ਦੇ ਇਤਿਹਾਸ ਬਾਰੇ ਕਿਸੇ ਵੀ ਤਰ੍ਹਾਂ ਦੀ ਚਰਚਾ ਉਦੋਂ ਤੱਕ

ਅਧੂਰੀ ਰਹੇਗੀ ਜਦੋਂ ਤਕ ਉਸ ਵਿਚ ਰਬਾਬੀਆਂ, ਢਾਡੀਆਂ ਅਤੇ ਰਾਗੀਆਂ ਦੇ ਯੋਗਦਾਨ ਅਤੇ ਮਹੱਤਵ ਦਾ ਜ਼ਿਕਰ ਨਹੀਂ ਹੋਵੇਗਾ । ਰਬਾਬੀ, ਰਾਗੀ ਅਤੇ ਢਾਡੀ ਅਜੇਹੇ ਕਲਾਕਾਰ ਸਨ ਜਿਨ੍ਹਾਂ ਨੇ ਸਿੱਖ ਗੁਰੂ ਸਾਹਿਬਾਨਾਂ ਦੇ, ਗੁਰਮਤਿ ਆਸ਼ਿਆਂ ਤੇ ਫਲਸਫ਼ੇ ਦੇ ਸੰਗੀਤਬੱਧ ਪ੍ਰਸਾਰ-ਪ੍ਰਚਾਰ ਦੇ ਸੁਪਨੇ ਤੇ ਇੱਛਾ ਨੂੰ ਸਾਕਾਰ ਕਰ ਦਿਖਾਇਆ । ਦੂਜੇ ਲਫ਼ਜ਼ਾਂ ਵਿਚ ਗੁਰੂ ਸਾਹਿਬਾਨਾਂ ਨੇ ਬਾਣੀ ਦੀ ਰਚਨਾ ਕੀਤੀ ਅਤੇ ਰਬਾਬੀਆਂ, ਰਾਗੀਆਂ ਅਤੇ ਢਾਡੀਆਂ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਵਾਰਾਂ ਦਾ ਗਾਇਨ ਕਰਕੇ ਗੁਰਮਤਿ ਆਸ਼ਿਆਂ ਅਤੇ ਗੁਰਮਤਿ ਸੰਗੀਤ ਦੇ ਪ੍ਰਸਾਰ-ਪ੍ਰਚਾਰ ਵਿਚ ਅਤਿਅੰਤ ਮਹੱਤਵਪੂਰਣ ਯੋਗਦਾਨ ਪਾਇਆ । ਜੇ ਇਹ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸਿੱਖ-ਸੰਗਤ ਅਤੇ ਸਮੁੱਚੇ ਪੰਥ ਨੂੰ ਆਤਮਕ ਹੁਲਾਰਾ ਤੇ ਖੇੜਾ ਪ੍ਰਦਾਨ ਕਰਨ ਵਿਚ ਇਨ੍ਹਾਂ ਕੀਰਤਨਕਾਰਾਂ ਅਤੇ ਸੰਗੀਤਕਾਰਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ । ਇਸ ਲਈ ਗੁਰਮਤਿ-ਸੰਗੀਤ ਦੇ ਇਤਿਹਾਸਕ ਵਿਕਾਸ ਵਿਚ ਇਨਾਂ ਸੰਗੀਤਕਾਰਾਂ ਨੇ ਬੜੀ ਗਤੀਸ਼ੀਲ ਭੂਮਿਕਾ ਨਿਭਾਉਂਦੇ ਗੁਰਮਤਿ-ਸੰਗੀਤ ਦੇ ਸਰੂਪ ਨੂੰ ਵੀ ਪ੍ਰਭਾਵਿਤ ਕੀਤਾ ਹੈ । ਰਬਾਬੀ ਅਤੇ ਢਾਡੀ ਤਾਂ ਕਿੱਤੇ ਵਜੋਂ ਹੀ ਸੰਗੀਤ ਨਾਲ ਸੰਬੰਧ ਰੱਖਦੇ ਸਨ ਇਸ ਲਈ ਗੁਰਮਤਿ-ਸੰਗੀਤ ਦੇ ਮੁੱਢਲੇ ਦੌਰ ਵਿਚ ਗੁਰਬਾਣੀ ਕੀਰਤਨ ਦੀ ਸਾਰੀ ਜ਼ਿੰਮੇਵਾਰੀ ਇਸ ਵਿਵਸਾਇਕ ਸੰਗੀਤਕਾਰਾਂ (ਮਰਾਸੀਆਂ) ਦੀ ਹੋਣ ਕਰਕੇ ਰਬਾਬੀਆਂ ਨੂੰ ਕਾਫੀ ਮਾਣ ਹਾਸਲ ਸੀ । ਇਸ ਉਪਰੰਤ ਗੁਰਮਤਿ-ਸੰਗੀਤ ਅਤੇ ਸੰਗਤ ਦੇ ਅੱਟੁਟ ਸੰਬੰਧ ਦੀ ਪ੍ਰਤਿਨਿਧਤਾ ਕਰਨ ਵਾਲੇ ਰਾਗੀ ਹੋਂਦ ਵਿਚ ਆਏ ਜਿਨਾਂ ਨੇ ਗੁਰਮਤਿ-ਸੰਗੀਤ ਦੇ ਇਤਿਹਾਸ ਵਿਚ ਵਿਵਸਾਇਕ-ਸੰਗੀਤਕਾਰਾਂ (ਰਬਾਬੀਆਂ) ਦੀ ਲੋੜ ਨੂੰ ਮੁਕਾਬਲਤਨ ਘਟਾ ਦਿੱਤਾ ਅਤੇ ਸੰਗਤ ਨੂੰ ਸੰਗੀਤ ਵਲ ਪ੍ਰੇਰਿਆ । ਜਿਥੇ ਰਬਾਬੀ ਅਤੇ ਰਾਗੀ ਕੀਰਤਨਕਾਰ ਗੁਰਬਾਣੀ ਸੰਗੀਤ ਨਾਲ ਹੀ ਪ੍ਰਤਿਬਧ

ਸਨ ਉਥੇ ਢਾਡੀਆਂ ਨੇ ਗੁਰਬਾਣੀ-ਗਾਇਨ ਦੇ ਨਾਲ ਨਾਲ ਵੀਰ-ਰਸੀ ਵਾਰਾਂ ਦਾ ਗਾਇਨ ਵੀ ਸ਼ੁਰੂ ਕੀਤਾ ਜਿਨਾਂ ਵਿਚ ਸਿੱਖ ਇਤਿਹਾਸ ਵਿਚਲੀਆਂ ਮਹਤਵਪੂਰਣ ਘਟਨਾਵਾਂ, ਜੰਗਾਂ-ਯੁਧਾਂ ਅਤੇ ਵੀਰ ਨਾਇਕਾਂ ਦੀ ਮਹਿਮਾ ਹੁੰਦੀ ਸੀ । ਇਸ ਪ੍ਰਕਾਰ ਰਬਾਬੀਆਂ ਰਾਗੀਆਂ ਅਤੇ ਢਾਡੀਆਂ ਨੇ ਗੁਰਬਾਣੀ ਸੰਗੀਤ ਵਿਚ ਆਪਣੇ ਆਪਣੇ ਢੰਗ ਅਤੇ ਸ਼ੈਲੀ ਨਾਲ ਮੱਹਤਵਪੂਰਨ ਸਥਾਨ ਹਾਸਲ ਕੀਤਾ ਹੈ । ਇਨ੍ਹਾਂ ਵਿਚੋਂ ਪ੍ਰਮੁੱਖ ਰਬਾਬੀਆਂ, ਰਾਗੀਆਂ ਅਤੇ ਢਾਡੀਆਂ ਦਾ ਵਿਵਰਣ ਨਿਮਨ ਅਨੁਸਾਰ ਅੰਕਿਤ ਕੀਤਾ ਗਿਆ ਹੈ ।

<u>ਰਬਾਬੀ ਪਰੰਪਰਾ</u> :-

ਗੁਰਮਤਿ-ਸੰਗੀਤ ਦੇ ਇਤਿਹਾਸ ਵਿਚ ਕੀਰਤਨਕਾਰੀ ਦਾ ਆਰੰਭ ਰਬਾਬੀ ਪਰੰਪਰਾ ਨਾਲ ਹੁੰਦਾ ਹੈ । ਰਬਾਬੀ ਪਰੰਪਰਾ ਦਾ ਮੋਢੀ ਕੀਰਤਨਕਾਰ ਭਾਈ ਮਰਦਾਨਾ ਹੈ । ਇਹ ਇਕ ਸੰਜੋਗ ਹੈ ਕਿ ਜਾਤ ਵਜੋਂ ਮਰਾਸੀ ਮਰਦਾਨੇ ਨੇ ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਗੀਤ-ਸਾਜ ਰਬਾਬ ਦੇ ਨਾਲ ਗਾਉਣਾ ਸ਼ੁਰੂ ਕੀਤਾ । ਪਹਿਲੇ ਸਿੱਖ ਗੁਰੂ ਸਾਹਿਬਾਨ ਨਾਲ ਰਬਾਬ ਵਜਾ ਕੇ ਧੁਰ ਕੀ ਬਾਣੀ ਦਾ ਗਾਇਨ ਕਰਨ ਕਰਕੇ ਹੀ ਪਹਿਲਾਂ ਮਰਦਾਨੇ ਦੇ ਨਾਲ ਅਤੇ ਫਿਰ ਉਸ ਤੋਂ ਬਾਅਦ ਉਸਦੀਆਂ ਅਗਲੀਆਂ ਪੀੜੀਆਂ ਦੇ ਕੀਰਤਨੀਆਂ ਦੇ ਨਾਮ ਨਾਲ ਪੱਕੇ ਤੌਰ ਤੇ ਹੀ ਰਬਾਬੀ ਉਪਨਾਮ ਜੁੜ ਗਿਆ । ਮਰਦਾਨੇ ਤੋਂ ਬਾਅਦ ਰਬਾਬ ਅਤੇ ਰਬਾਬੀ ਪੱਕੇ ਤੌਰ ਤੇ ਹੀ ਗੁਰੂ-ਘਰ ਅਤੇ ਸਿੱਖ ਸੰਗਤ ਦਾ ਅੱਟੁਟ ਹਿੱਸਾ ਬਣ ਗਏ । ਗੁਰਬਾਣੀ-ਸੰਗੀਤ ਦੇ ਇਤਿਹਾਸ ਵਿਚ ਰਾਗੀ ਕੀਰਤਨੀਆਂ ਦੇ ਆਗਮਨ ਉਪਰੰਤ ਗੁਰੂ-ਘਰ ਵਿਚ ਰਬਾਬੀ ਕੀਰਤਨੀਆਂ ਦੀ ਉਹ ਪ੍ਰਤਿਸ਼ਠਾ ਨਹੀਂ ਰਹੀ ਪਰੰਤੂ ਗੁਰਬਾਣੀ-ਸੰਗੀਤ ਦੇ ਆਰੰਭ-ਕਾਲ ਵਿਚ ਉਨ੍ਹਾਂ ਦੀ ਭੂਮਿਕਾ ਅਤੇ ਮੱਹਤਵ ਨਿਰਵਿਵਾਦ ਹੈ ।

ਮਰਦਾਨਾ :

ਗੁਰਬਾਣੀ-ਗਾਇਨ ਦੇ ਮੁੱਢਲੇ ਦੌਰ ਵਿਚ ਮਰਦਾਨਾ ਪ੍ਰਥਮ ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਰਬਾਬ ਵਜਾਉਂਦਾ ਅਤੇ ਕੀਰਤਨ ਕਰਦਾ ਸੀ । ਗੁਰੂ-ਕਵੀਆਂ ਨੇ ਹਮੇਸ਼ਾਂ ਹੀ ਰਾਗ ਅਤੇ ਸੰਗੀਤਬੱਧ ਕੀਰਤਨ ਨੂੰ ਪ੍ਰਭੂ-ਭਗਤੀ ਦਾ ਅਨਿੱਖੜ ਅੰਗ ਮੰਨਿਆ ਸੀ । ਪ੍ਰਥਮ ਗੁਰੂ ਸਾਹਿਬਾਨ ਨੇ ਜਦੋਂ ਲੋਕ-ਬੋਲੀ, ਲੋਕ-ਮੁਹਾਵਰੇ ਅਤੇ ਲੋਕ-ਜੀਵਨ ਨਾਲ ਜੁੜੇ ਹੋਏ ਬਿੰਬਾਂ ਦੀ ਵਰਤੋਂ ਕਰਦਿਆਂ ਲੋਕ-ਕਾਵਿ-ਰੂਪਾਂ ਵਿਚ ਬਾਣੀ ਰਚੀ ਤਾਂ ਉਦੋਂ ਵੀ ਉਨ੍ਹਾਂ ਦਾ ਮੰਤਵ ਜੀਵ-ਜਗਤ ਅਤੇ ਬ੍ਰਹਮ ਬਾਰੇ ਸਿੱਖ ਫਲਸਫੇ ਨੂੰ ਆਮ ਲੋਕਾਂ ਦੇ ਸਮਝ ਵਿਚ ਆਉਣ ਯੋਗ ਬਣਾਉਣਾ ਸੀ ਅਤੇ ਜਦੋਂ ਉਨਾਂ ਨੇ ਮਰਦਾਨੇ ਰਬਾਬੀ ਨੂੰ ਆਪਣੇ ਨਾਲ ਸੰਗਤ ਕਰਨ ਲਈ ਚੁਣਿਆ ਤਾਂ ਉਦੋਂ ਵੀ ਉਨ੍ਹਾਂ ਦਾ ਮਨੋਰਥ ਗੁਰਮਤਿ ਫਲਸਫੇ ਨੂੰ ਕਲਾਪੂਰਣ ਤੇ ਆਨੰਦਮਈ ਰੂਪ ਵਿਚ ਆਮ ਲੋਕਾਂ ਤਕ ਪਹੁੰਚਾਉਣਾ ਸੀ । ਸੋ ਮਰਦਾਨਾ ਗੁਰੂ-ਸਾਹਿਬਾਨ ਦੀ ਚਾਰ ਉਦਾਸੀਆਂ ਦੇ ਰੂਪ ਵਿਚ ਸੰਸਾਰ ਯਾਤਰਾ ਅਤੇ ਧਰਮ-ਪ੍ਰਚਾਰ ਦਾ ਅਟੁੱਟ ਸੰਗੀ ਬਣ ਗਿਆ । ਇਹ ਉਸਦੀ ਸੰਗੀਤਕ ਨਿਪੁੰਨਤਾ ਦਾ ਹੀ ਸਿੱਟਾ ਸੀ ਕਿ ਰਬਾਬੀ ਪੱਕੇ ਤੌਰ ਤੇ ਗੁਰੂ-ਘਰ ਦੇ ਸਿੱਖ ਪੰਥ ਦਾ ਹਿੱਸਾ ਬਣ ਗਏ ।

ਮਰਦਾਨੇ ਦੇ ਜਨਮ-ਕਾਲ ਬਾਰੇ ਕੋਈ ਪੱਕਾ ਇਤਿਹਾਸਕ ਪ੍ਰਮਾਣ ਪ੍ਰਾਪਤ ਨਹੀਂ ਹੁੰਦਾ । ਪ੍ਰੋ. ਤਾਰਾ ਸਿੰਘ ਆਪਣੀ ਪੁਸਤਕ ਵਾਦਨ ਕਲਾ ਵਿਚ ਮਰਦਾਨੇ ਦਾ ਜਨਮ 1459 ਈ. ਵਿਚ ਹੋਇਆ ਨਿਸ਼ਚਿਤ ਕਰਦੇ ਹਨ । ਉਨ੍ਹਾਂ ਅਨੁਸਾਰ ਮਰਦਾਨਾ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਮਾਤਾ ਲੱਖੋ ਦੀ ਕੁਖੋਂ ਬਾਦਰਾ ਨਾਮਕ

ਮਰਾਸੀ ਦੇ ਘਰ ਜਨਮਿਆ ।[1] ਕਹਿੰਦੇ ਹਨ ਮਰਦਾਨਾ, ਗੁਰੂ ਨਾਨਕ ਦੇਵ ਜੀ ਦਾ ਬਚਪਨ ਤੋਂ ਹੀ ਸਾਥੀ ਸੀ । ਗੁਰੂ ਜੀ ਨੇ ਮਰਦਾਨੇ ਦੇ ਸੰਗੀਤਕ ਗੁਣਾਂ ਨੂੰ ਦੇਖ ਕੇ ਸੰਗੀਤ ਵਿਚ ਪ੍ਰਬੀਨਤਾ ਹਾਸਲ ਕਰਨ ਲਈ ਭਾਈ ਮਰਦਾਨੇ ਨੂੰ ਭਾਈ ਫਰਿੰਦੇ (ਜੋ ਭਾਈ ਫੇਰੂ ਦੇ ਨਾਮ ਤੋਂ ਵੀ ਪ੍ਰਸਿੱਧ ਸੀ) ਕੋਲ ਭੇਜਿਆ । ਭਾਈ ਫਰਿੰਦਾ ਰਿਆਸਤ ਕਪੂਰਥਲੇ ਦੇ ਇਕ ਪਿੰਡ ਭੈਰੋਆਣਾ ਦਾ ਵਸਨੀਕ ਸੀ । ਉਹ ਆਪਣੇ ਸਮੇਂ ਦਾ ਮਹਾਨ ਸੰਗੀਤਕਾਰ ਸੀ ਅਤੇ ਗੁਰੂ ਨਾਨਕ ਦੇਵ ਜੀ ਦਾ ਹਾਰਦਿਕ ਸ਼ਰਧਾਲੂ ਸੀ । ਉਸਨੇ ਗੁਰੂ ਜੀ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਰਬਾਬ ਭੇਂਟ ਕੀਤਾ ਜਿਸਨੂੰ ਭਾਈ ਮਰਦਾਨਾ ਜੀ ਵਜਾਇਆ ਕਰਦੇ ਸਨ ।[2]

ਮਰਦਾਨੇ ਦੇ ਦੇਹਾਂਤ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹੈ । ਕਈ ਵਿਦਵਾਨਾਂ ਅਨੁਸਾਰ ਮਰਦਾਨੇ ਦਾ ਦੇਹਾਂਤ ਗੁਰੂ ਜੀ ਦੀ ਅਫਗਾਨਿਸਤਾਨ ਤੇ ਅਰਬ ਦੀ ਉਦਾਸੀ ਦੌਰਾਨ ਹੋਇਆ ।[3] ਪਰੰਤੂ ਕੁਝ ਵਿਦਵਾਨ ਕਹਿੰਦੇ ਹਨ ਕਿ ਮਰਦਾਨੇ ਦਾ ਦੇਹਾਂਤ ਕਰਤਾਰਪੁਰ ਵਿਖੇ 1534 ਈ. ਵਿਚ ਹੋਇਆ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਹਥੀਂ ਉਨ੍ਹਾਂ ਦੀ ਦੇਹ ਦਾ ਅੰਤਿਮ ਸੰਸਕਾਰ ਕੀਤਾ । ਮਰਦਾਨੇ ਦੇ ਦੇਹਾਂਤ ਉਪਰੰਤ ਉਸ ਦਾ ਲੜਕਾ ਸ਼ਹਿਜਾਦਾ ਗੁਰੂ ਨਾਨਕ ਦੇਵ ਜੀ ਨਾਲ ਰਬਾਬ ਵਜਾਉਂਦਾ ਰਿਹਾ । ਉਹ ਵੀ ਆਪਣੇ ਪਿਤਾ ਵਾਂਗ ਰਬਾਬ-ਵਾਦਨ ਵਿਚ ਨਿਪੁੰਨ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਰਦਾਨਾ ਮਹਲਾ 1 ਸਿਰਲੇਖ ਅਧੀਨ ਦੋ ਰੂਪਕ ਅਲੰਕਾਰ ਦੇ ਸਲੋਕ ਰਾਗ ਬਿਹਾਗੜਾ ਦੀ ਵਾਰ ਵਿੱਚ ਮਿਲਦੇ ਹਨ ਪਰੰਤੂ ਕੁਝ

---

1. ਪ੍ਰੋ. ਤਾਰਾ ਸਿੰਘ : ਵਾਦਨ ਕਲਾ ; ਪੰਨਾ 272.

2. ਪ੍ਰੋ. ਸ਼ਮਸ਼ਾਦ ਅਲੀ ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ ਜੀ ਅੰਮ੍ਰਿਤ ਕੀਰਤਨ ਅੰਕ 11-12 ਨਵੰਬਰ-ਦਸੰਬਰ,1993 ; ਪੰਨਾ 29.

3. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਰਾਧਾ ਪਬਲੀਕੇਸ਼ਨ, ਨਈ ਦਿੱਲੀ,1988, ਪੰਨਾ 136.

ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਸਲੋਕ ਕੇਵਲ ਮਰਦਾਨੇ ਨੂੰ ਸੰਬੋਧਨ ਕੀਤੇ ਗਏ ਹਨ ।[1]

ਸੱਤਾ-ਬਲਵੰਡ :

ਮਰਦਾਨੇ ਉਪਰੰਤ ਸਿੱਖ ਸੰਸਥਾ ਅਤੇ ਗੁਰਬਾਣੀ ਕੀਰਤਨ ਵਿਚ ਰਬਾਬੀ ਪਰੰਪਰਾ ਦਾ ਅਗਲਾ ਪ੍ਰਮੁੱਖ ਨਾਮ ਸੱਤਾ-ਬਲਵੰਡ ਦਾ ਹੈ । ਸੱਤਾ-ਬਲਵੰਡ ਦੋ ਰਬਾਬੀਆਂ ਦੀ ਜੋੜੀ ਸੀ । ਦੋਹਾਂ ਦੇ ਆਪਸੀ ਰਿਸ਼ਤੇ ਬਾਰੇ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ । ਆਮ ਲੋਕਾਂ ਦੇ ਵਿਚਾਰ ਅਨੁਸਾਰ ਬਲਵੰਡ, ਸੱਤਾ ਦਾ ਪੁੱਤਰ ਸੀ । ਪਰੰਤੂ ਵਿਦਵਾਨਾਂ ਦੇ ਮਤ ਅਨੁਸਾਰ ਬਲਵੰਡ ਪਿਤਾ ਸੱਤਾ ਉਸਦਾ ਪੁੱਤਰ ਸੀ ।[2] ਕੁਝ ਵਿਦਵਾਨਾਂ ਅਨੁਸਾਰ ਇਹ ਦੋਵੇਂ ਭਾਈ ਭਾਈ ਸਨ ।[3] ਪ੍ਰੋ. ਤਾਰਾ ਸਿੰਘ ਤਾਂ ਇਨ੍ਹਾਂ ਦੋਹਾਂ ਨੂੰ ਹੀ ਮਰਦਾਨੇ ਦੇ ਪੋਤਰੇ ਦੱਸਦੇ ਹਨ ।[4]

ਮਰਦਾਨੇ ਦੇ ਸੁਰਗਵਾਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਬਲਵੰਡ ਨੂੰ ਹੀ ਪ੍ਰਮੁੱਖ ਕੀਰਤਨੀਏ ਦੀ ਪ੍ਰਤਿਸ਼ਠਾ ਪ੍ਰਦਾਨ ਕੀਤੀ । ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਗਈ ਤਾਂ ਬਲਵੰਡ ਨੂੰ ਹੀ ਗੁਰੂ ਜੀ ਨਾਲ ਪੱਕੇ ਤੌਰ ਤੇ ਸੰਬੰਧਿਤ ਕਰ ਦਿੱਤਾ ਗਿਆ । ਸੱਤਾ-ਬਲਵੰਡ ਤਕ ਸਿੱਖ-ਸੰਸਥਾ ਗੁਰਬਾਣੀ ਗਾਇਨ ਲਈ ਇਨ੍ਹਾਂ ਰਬਾਬੀਆਂ ਉਤੇ ਹੀ ਨਿਰਭਰ ਕਰਦੀ ਰਹੀ ਹੈ । ਕਿੱਤੇ ਵਜੋਂ ਸੰਗੀਤਕਾਰ ਹੋਣ ਕਰਕੇ ਰਬਾਬੀ ਆਪਣੀ ਸੰਗੀਤਕਲਾ ਨਾਲ ਤਾਂ ਪ੍ਰਤਿਬੱਧ ਸਨ ਹੀ ਸਗੋਂ ਇਨ੍ਹਾਂ ਨੇ ਸਿਰਫ਼ ਗੁਰਬਾਣੀ ਗਾਇਨ ਦਾ ਹੀ ਬੀੜਾ ਚੁੱਕ ਰੱਖਿਆ ਸੀ ।

---

1. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ ; ਪੰਨਾ 73.
2. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 137.
3. ਭਾਈ ਕਾਹਨ ਸਿੰਘ ਨਾਭਾ : ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ; ਪੰਨਾ 12.
4. ਪ੍ਰੋ. ਤਾਰਾ ਸਿੰਘ : ਵਾਦਨ ਕਲਾ ; ਪੰਨਾ 281.

ਜਿਸ ਕਰਕੇ ਇਹ ਆਪਣੀ ਜਾਤ ਤੇ ਮਜਹਬ ਦੇ ਹੋਰ ਲੋਕਾਂ ਤੋਂ ਨਿਖੜ ਸੀ ਗਏ । ਇਹ ਮੁੱਢਲੇ ਗੁਰਮਤਿ-ਸੰਗੀਤਕਾਰ ਆਪਣੀ ਕਲਾ ਵਿਚ ਪ੍ਰਬੀਨ ਸਨ ਇਸ ਕਰਕੇ ਇਨ੍ਹਾਂ ਨੂੰ ਸਿੱਖ ਸੰਸਥਾ ਵਿਚ ਸਨਮਾਨਯੋਗ ਸਥਾਨ ਹਾਸਲ ਸੀ । ਇਹੀ ਕਲਾ-ਪ੍ਰਬੀਨਤਾ ਜਿਸ ਕਰਕੇ ਰਬਾਬੀਆਂ ਨੂੰ ਸਿੱਖ ਸੰਸਥਾ ਵਿਚ ਉਚੇਰਾ ਸਥਾਨ ਪ੍ਰਾਪਤ ਹੋਇਆ, ਉਦੋਂ ਉਨ੍ਹਾਂ ਦੇ ਕਿਰਦਾਰ ਲਈ ਘਾਤਕ ਸਿੱਧ ਹੋਈ ਜਦੋਂ ਇਹ ਅੰਤ ਵਿਚ ਵਟ ਗਈ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਰਬਾਬੀਆਂ ਸੱਤਾ ਤੇ ਬਲਵੰਡ ਵਿਚ ਅੰਤ ਦੇ ਅੰਸ਼ ਨੂੰ ਮਹਿਸੂਸ ਕੀਤਾ ਤਾਂ ਉਨਾਂ ਨੇ ਸੰਗਤ ਨੂੰ ਕੀਰਤਨ ਵਲ ਪ੍ਰੇਰਿਤ ਕੀਤਾ ਜਿਥੋਂ ਅਗਿਓਂ ਰਾਗੀ ਪਰੰਪਰਾ ਆਰੰਭ ਹੋਈ । ਭਾਈ ਸੱਤੇ ਅਤੇ ਬਲਵੰਡ ਦੀ ਲਿਖੀ ਹੋਈ ਰਾਮਕਲੀ ਦੀ ਵਾਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ।

## ਬਾਬਕ :

ਭਾਈ ਬਾਬਕ ਗੁਰੂ ਹਰਗੋਬਿੰਦ ਜੀ ਦੇ ਦਰਬਾਰ ਵਿਚ ਰਬਾਬੀ ਕੀਰਤਨੀਏ ਸਨ ।[1] ਇਕ ਨਿਪੁੰਨ ਕੀਰਤਨੀਏ ਹੋਣ ਦੇ ਨਾਲ ਨਾਲ ਉਹ ਸੂਰਬੀਰ ਯੋਧਾ ਵੀ ਸਨ ਅਤੇ ਆਪ ਨੇ ਮੁਗਲਾਂ ਨਾਲ ਯੁਧ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ । ਬਾਬਕ ਪ੍ਰਸਿੱਧ ਰਾਗੀ ਸੱਤਾ ਦੇ ਸਪੁੱਤਰ ਸਨ ਅਤੇ ਆਪਣੇ ਜੱਥੇ ਦੇ ਨਾਲ 'ਆਸਾ ਦੀ ਵਾਰ' ਦਾ ਕੀਰਤਨ ਕਰਦੇ ਸਨ ।[2]

## ਭਾਈ ਸੱਦੂ ਅਤੇ ਭਾਈ ਮੱਦੂ :

ਭਾਈ ਸੱਦੂ ਅਤੇ ਭਾਈ ਮੱਦੂ ਦਸਮ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ

---

1. ਏ.ਐਸ.ਗੋਸਲ : ਸਿੱਖ ਧਰਮ ਅਤੇ ਸੰਗੀਤ ; ਪੰਨਾ 66.
2. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 139.

ਰਬਾਬੀ ਸਨ । ਇਹ ਦੋਵੇਂ ਭਰਾ ਭਰਾ ਸਨ । ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਸੱਦੂ ਮੱਦੂ ਆਸਾ ਵਾਰ
ਕੀਰਤਨ ਕਰਤੇ ਰਾਗ ਸੁਧਾਰ ।[1]
ਸੱਦੂ ਮੱਦੂ ਦੋ ਨਹੁ ਭਾਤਾ ।
ਗਾਵੇ ਰਾਗ ਸੁਹਨੇ ਕੇ ਗਿਯਾਤਾ ।
ਕਰੀ ਬਿਲਾਵਲ ਚੌਂਕੀ ਚਾਰ
ਭੋਗ ਪਾਇ ਅਰਦਾਸ ਉਚਾਰ[2]

ਭਾਈ ਸੱਦੂ ਅਤੇ ਭਾਈ ਮੱਦੂ ਦੋਵੇਂ ਆਸਾ ਦੀ ਵਾਰ ਦਾ ਕੀਰਤਨ ਕਰਨ ਵਿਚ ਕੁਸ਼ਲ ਸਨ ।

ਰਬਾਬੀ ਪਰੰਪਰਾ ਦੇ ਪ੍ਰਮੁੱਖ ਰਬਾਬੀਆਂ ਬਾਰੇ ਉਪਰੋਕਤ ਚਰਚਾ ਕਰਦਿਆਂ ਅਸੀਂ ਦੇਖਿਆ ਹੈ ਕਿ ਗੁਰਬਾਣੀ ਕੀਰਤਨ ਵਿਚ ਇਹ ਮੁੱਢਲੀ ਪਰ ਸਮ੍ਰਿਧ ਪਰੰਪਰਾ ਰਹੀ ਹੈ । ਰਬਾਬੀਆਂ ਨੇ ਗੁਰਬਾਣੀ ਗਾਇਨ ਨੂੰ ਆਪਣਾ ਕਿੱਤਾ ਤਾਂ ਬਣਾਇਆ ਹੀ ਸਗੋਂ ਉਨ੍ਹਾਂ ਇਸਨੂੰ ਆਪਣਾ ਅਕੀਦਾ ਵੀ ਬਣਾਇਆ । ਰਬਾਬੀਆਂ ਦੇ ਯੋਗਦਾਨ ਅਤੇ ਗੁਰੂ ਘਰ ਵਲੋਂ ਉਨਾਂ ਨੂੰ ਮਿਲੀ ਮਾਨ-ਮਰਯਾਦਾ ਦਾ ਸਬੂਤ ਇਸ ਤੱਥ ਤੋਂ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪੰਜਵੇਂ ਗੁਰੂ ਸਾਹਿਬਾਨ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਰਬਾਬ ਵਜਾਉਣ ਤੇ ਗਾਉਣ

---

1. ਭਾਈ ਸੰਤੋਖ ਸਿੰਘ : <u>ਗੁਰਪ੍ਰਤਾਪ ਸੂਰਜ ਗ੍ਰੰਥ</u> ; ਪੰਨਾ 577.

2. -ਉਹੀ- ਪੰਨਾ 577.

ਵਾਲੇ ਰਬਾਬੀਆਂ ਸੱਤੇ-ਬਲਵੰਡ ਦੀ ਰਚਨਾ ਨੂੰ ਗੁਰੂ-ਗ੍ਰੰਥ ਸਾਹਿਬ ਵਿਚ ਸਥਾਨ ਦਿੱਤਾ ਗਿਆ ਹੈ । ਇਸ ਪ੍ਰਕਾਰ ਇਹ ਪਰੰਪਰਾ ਗੁਰਮਤਿ-ਸੰਗੀਤ ਦੇ ਇਤਿਹਾਸ ਵਿਚ ਅਤਿਅੰਤ ਮਹੱਤਵਪੂਰਣ ਸਥਾਨ ਰੱਖਦੀ ਹੈ ।

<u>ਰਾਗੀ ਪਰੰਪਰਾ</u> :

ਗੁਰਬਾਣੀ ਦਾ ਪੂਰਾ ਰਸਦਾਇਕ ਕੀਰਤਨ ਕਰਨ ਵਾਲੇ ਅਰਥਾਤ ਪ੍ਰਭੂ ਦੀ ਸਿਫ਼ਤ ਸਲਾਹ ਗਾਉਣ ਵਾਲੇ, ਕਾਦਰ ਦੀ ਕੀਰਤੀ ਕਰਨ ਵਾਲੇ ਗਾਇਕ ਨੂੰ ਕੀਰਤਨਕਾਰ ਆਖਿਆ ਜਾਂਦਾ ਹੈ । ਜਦੋਂ ਉਹ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਦਾ ਹੈ ਤਾਂ ਰਾਗੀ ਕਹਿਲਾਉਂਦਾ ਹੈ । ਗੁਰੂ ਦੁਆਰੇ ਵਿਚ ਰਾਗ ਵਿਦਿਆ ਤੋਂ ਰਹਿਤ ਕੀਰਤਨੀਏ ਨੂੰ ਸਤਿਕਾਰ ਨਾਲ ਭਾਈ ਦੀ ਉਪਾਧੀ ਦਿੱਤੀ ਜਾਂਦੀ ਹੈ ਪਰੰਤੂ ਜਦੋਂ ਉਹ ਬਾਕਾਇਦਾ ਰੂਪ ਵਿਚ ਰਾਗ ਵਿਦਿਆ ਹਾਸਲ ਕਰਦਾ ਅਤੇ ਸੰਗੀਤ ਦੀਆਂ ਬਰੀਕੀਆਂ ਸਿੱਖ ਕੇ ਗੁਰਬਾਣੀ ਗਾਇਨ ਕਰਦਾ ਹੈ ਤਾਂ ਰਾਗੀ ਹੋ ਜਾਂਦਾ ਹੈ ।[1]

ਸਿੱਖ ਕੀਰਤਨਕਾਰਾਂ ਨੂੰ ਰਾਗੀ ਕਹਿਣ ਦੀ ਇਹ ਪਰੰਪਰਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਪ੍ਰਚਲਿਤ ਹੋਈ । ਕਿਸੇ ਕੀਰਤਨਕਾਰ ਦੇ ਨਾਮ ਨਾਲ ਰਾਗੀ ਵਿਸ਼ੇਸ਼ਣ ਦੇ ਪ੍ਰਯੋਗ ਤੋਂ ਸੰਕੇਤ ਮਿਲਦਾ ਹੈ ਕਿ ਉਹ ਕੀਰਤਨਕਾਰ ਬਾਕੀ ਕੀਰਤਨੀਆਂ ਨਾਲੋਂ ਵਿਸ਼ਿਸ਼ਟ ਹੈ । ਸਿੱਖ ਗੁਰੂ ਸਾਹਿਬਾਨ ਖੁਦ ਵੀ ਰਾਗ-ਵਿਦਿਆ ਵਿਚ ਨਿਪੁੰਨ ਹੁੰਦੇ ਸਨ ਇਸ ਲਈ ਉਹ ਰਾਗੀਆਂ

---

1. <u>ਅੰਮ੍ਰਿਤ ਕੀਰਤਨ</u> : ਮਈ, 1990 ; ਪੰਨਾ 14:15.

ਦੀ ਪ੍ਰੀਖਿਆ ਲੈ ਕੇ ਇਨ੍ਹਾਂ ਵਿਸ਼ੇਸ਼ ਕੀਰਤਨਕਾਰਾਂ ਦੀ ਨਿਯੁਕਤੀ ਕਰਦੇ ਸਨ । ਗੁਰੂ ਅਰਜਨ ਦੇਵ ਜੀ ਨੇ ਜਦੋਂ ਗੁਰਬਾਣੀ-ਕੀਰਤਨ ਨੂੰ ਰਬਾਬੀਆਂ-ਕਲਾਕਾਰਾਂ ਦੇ ਸੀਮਿਤ ਦਾਇਰੇ ਤੋਂ ਕੱਢ ਕੇ ਆਮ ਸਿੱਖ ਸੰਗਤ ਵਿਚ ਲੈ ਕੇ ਆਉਣ ਲਈ ਸੰਗਤ ਨੂੰ ਪ੍ਰੇਰਿਆ ਤਾਂ ਰਾਗੀ ਸਿੰਘਾਂ ਦੀ ਸੰਖਿਆ ਵਿਚ ਇਕਦਮ ਵਾਧਾ ਹੋਇਆ । ਕਿਉਂਕਿ ਹੁਣ ਗੁਰਬਾਣੀ ਕੀਰਤਨ ਜਨਮ-ਜਾਤ ਜਾਂ ਵਿਰਸੇ ਵਿਚ ਮਿਲਣ ਵਾਲੀ ਕਲਾ ਨਿਪੁੰਨਤਾ ਦੀ ਥਾਂ ਸਿਖ ਕੇ ਹਾਸਲ ਕੀਤੀ ਜਾ ਸਕਣ ਵਾਲੀ ਕਲਾ ਬਣ ਗਿਆ ਤਾਂ ਆਮ ਸਿੱਖ ਸੰਗਤ ਨੇ ਗੁਰਬਾਣੀ-ਕੀਰਤਨ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ । ਇਸ ਪ੍ਰਕਾਰ ਰਾਗੀਆਂ ਵਿਚ ਬਹੁਤ ਸਾਰੇ ਉਤਕ੍ਰਿਸ਼ਟ ਕਲਾਕਾਰ ਹੋਏ ਹਨ । ਇਨ੍ਹਾਂ ਵਿਚੋਂ ਬਹੁਤ ਸਾਰੇ ਰਾਗੀ ਰਬਾਬੀਆਂ ਅਤੇ ਮਰਾਸੀਆਂ ਦੇ ਸ਼ਿਸ਼ੂ ਹੁੰਦੇ ਸਨ । ਰਾਗੀ ਪਰੰਪਰਾ ਦੇ ਅੰਤਰਗਤ ਸ਼ਬਦ ਗਾਇਨ ਲਈ ਤਿੰਨ ਜਾਂ ਇਸ ਤੋਂ ਵਧੀਕ ਸਿੱਖਾਂ ਦਾ ਜਥਾ ਹੁੰਦਾ ਹੈ ਜਿਸਨੂੰ ਰਾਗੀ ਜੱਥਾ ਕਿਹਾ ਜਾਂਦਾ ਹੈ । ਜੱਥੇ ਵਿਚ ਦੋ ਸਿੱਖ ਸ਼ਬਦ-ਗਾਇਨ ਕਰਨ ਲਈ ਹੁੰਦੇ ਹਨ ਅਤੇ ਬਾਕੀ ਸਿੱਖਾਂ ਵਿਚ ਇਕ ਤਬਲਾ ਵਾਦਨ ਲਈ ਅਤੇ ਹੋਰ ਸਿੱਖ ਤੇਤੀ ਸਾਜਾਂ ਦਾ ਵਾਦਨ ਕਰਦੇ ਹਨ ਜਿਵੇਂ ਤਾਨਪੁਰਾ, ਸਵਰਮੰਡਲ, ਤਾਊਸ, ਸਿਰੰਦਾ, ਰਬਾਬ, ਦਿਲਰੁਬਾ ਆਦਿ । ਇਸ ਰਾਗੀ ਪਰੰਪਰਾ ਵਿੱਚ ਕੁਝ ਪੁਰਾਤਨ ਰਾਗੀਆਂ ਦਾ ਜ਼ਿਕਰ ਨਿਮਨ ਅਨੁਸਾਰ ਕੀਤਾ ਜਾ ਰਿਹਾ ਹੈ । ਰਾਗੀ ਕਿਰਤਨੀਆਂ ਬਾਰੇ ਚਰਚਾ ਆਰੰਭ ਕਰਨ ਲਗਿਆਂ ਭਾਈ ਗੁਰਦਾਸ ਦੀ ਰਾਗੀਆਂ ਬਾਰੇ ਇਸ ਤੁਕ ਵਲ ਧਿਆਨ ਦੇਣਾ ਬਣਦਾ ਹੈ :

ਰਾਮੂ ਦੀਪਾ ਉਗ੍ਰਸੈਨ ਨਾਗਉਰੀ ਗੁਰੂ ਸ਼ਬਦ ਵਿਚਾਰੀ
ਪਾਂਧਾ ਬੂਲਾ ਜਾਣੀਏ ਗੁਰਬਾਣੀ ਗਾਇਨ ਲੇਖਾਰੀ
ਢੱਲੇ ਵਾਸੀ ਸੰਗਤ ਭਾਰੀ ।

ਇਸ ਟੂਕ ਵਿਚ ਡੱਲਾ ਨਿਵਾਸੀ ਸਾਰੇ ਰਾਗੀ ਕੀਰਤਨੀਆਂ ਦਾ ਜ਼ਿਕਰ ਕੀਤਾ ਗਿਆ ਮਿਲਦਾ ਹੈ :

<u>ਭਾਈ ਦੀਪਾ :</u>

ਉੱਚ ਪੱਧਰ ਦਾ ਕੀਰਤਨਕਾਰ ਭਾਈ ਦੀਪਾ ਡੱਲਾ ਨਿਵਾਸੀ ਸੀ । ਉਹ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਗੁਰੂ ਦਰਬਾਰ ਵਿਚ ਰਾਗੀ ਨਿਯੁਕਤ ਰਹੇ ।

<u>ਭਾਈ ਬੂਲਾ :</u>

ਗੁਰੂ ਅੰਗਦ ਦੇਵ ਜੀ ਦੇ ਇਸ ਮਧੁਰ ਆਵਾਜ਼ ਦੇ ਧਨੀ ਅਤੇ ਉੱਚਕੋਟੀ ਦੇ ਗਾਇਕ ਤੇ ਰਚਨਾਕਾਰ ਭਾਈ ਬੂਲਾ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਵੀ ਕੀਰਤਨ ਕਰਦੇ ਰਹੇ ।

<u>ਨਰਾਇਣ ਦਾਸ :</u>

ਆਪ ਜੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨੀਏ ਸਨ ।

<u>ਭਾਈ ਪਾਧਾ :</u>

ਭਾਈ ਪਾਧਾ ਗੁਰੂ ਅਮਰਦਾਸ ਜੀ ਦੇ ਸ਼ਿਸ਼ ਅਤੇ ਪ੍ਰਸਿੱਧ ਕੀਰਤਨਕਾਰ ਸਨ ।

<u>ਭਾਈ ਉਗਰਸੈਨ :</u>

ਆਪ ਰਾਗ ਵਿੱਦਿਆ ਵਿਚ ਮਾਹਰ ਸਨ । ਤੀਸਰੇ ਗੁਰੂ ਸਾਹਿਬਾਨ ਇਨਾਂ

ਤੋਂ ਕੀਰਤਨ ਸੁਣ ਕੇ ਇਤਨੇ ਪ੍ਰਭਾਵਿਤ ਹੋਏ ਕਿ ਉਨਾਂ ਨੇ ਭਾਈ ਉਗਰਸੈਨ ਨੂੰ ਆਪਣੇ ਦਰਬਾਰ ਵਿਚ ਕੀਰਤਨੀਏ ਨਿਯੁਕਤ ਕਰ ਦਿੱਤਾ ।

ਭਾਈ ਨਗੌਰੀ ਮੱਲ :

ਢੱਲਾ ਗ੍ਰਾਮ ਦੇ ਨਿਵਾਸੀ ਭਾਈ ਨਗੌਰੀਮਲ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਕੀਰਤਨਕਾਰ ਨਿਯੁਕਤ ਹੋਣ ਸਮੇਂ ਗਾਇਨ ਦੇ ਨਾਲ ਨਾਲ ਬਹੁਤ ਸਾਰੇ ਵਾਦਾਂ ਨੂੰ ਵਜਾਉਣ ਵਿਚ ਨਿਪੁੰਨ ਸਨ ।

ਭਾਈ ਰਾਮੂ :

ਇਹ ਵੀ ਢੱਲਾ ਨਿਵਾਸੀ ਛੋਟੀ ਉਮਰ ਦੇ ਕੀਰਤਨੀਏ ਸਨ । ਭਾਈ ਰਾਮੂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਨਿਯੁਕਤ ਸਨ ।[1]

ਝਾਜੂ, ਮੁਕੰਦੂ, ਕੇਦਾਰਾ :

ਇਹ ਤਿੰਨੋ ਗੁਰੂ ਅਰਜੁਨ ਦੇਵ ਜੀ ਦੇ ਦਰਬਾਰ ਵਿਚ ਰਾਗੀ ਕੀਰਤਨੀਏ ਸਨ । ਇਨਾਂ ਬਾਰੇ ਭਾਈ ਗੁਰਦਾਸ ਜੀ ਨੇ ਇੰਝ ਲਿਖਿਆ ਹੈ :

ਝਾਜੂ ਅਤੇ ਮੁਕੰਦੂ ਹੈ
ਕੀਰਤਨ ਕਰੇ ਹਜ਼ੂਰ ਕਿਨਾਰਾ
ਸਾਧ ਸੰਗਤਿ ਪਰਗਟੁ ਪਾਹਾਰਾ ।[2]

---

1. A.S.Pental : The Nature and Place of Music ; p.372.

2. ਵਾਰਾਂ ਭਾਈ ਗੁਰਦਾਸ ਵਾਰ 11; ਪਉੜੀ 18 ; ਪੰਨਾ 197.

ਗੁਰੂ ਦਰਬਾਰ ਵਿਚ ਨਿਯੁਕਤ ਹੋਣ ਤੋਂ ਪਹਿਲਾਂ ਇਹ ਤਿੰਨੋ ਰਾਗੀ ਲੌਕਿਕ ਖੇਤਰ ਦੇ ਸੰਗੀਤਕਾਰ ਸਨ । ਜਦੋਂ ਇਨਾਂ ਦਾ ਮੇਲ ਇਕ ਵਾਰ ਗੁਰੂ ਅਰਜਨ ਦੇਵ ਨਾਲ ਹੋਇਆ ਤਾਂ ਇਨ੍ਹਾਂ ਗੁਰੂ ਸਾਹਿਬਾਨ ਤੋਂ ਮੁਕਤੀ ਦਾ ਰਾਹ ਪੁੱਛਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਜਵਾਬ ਦਿੱਤਾ ਕਿ ਮੇਰੇ ਵੀਰੋ ਤੁਹਾਨੂੰ ਸੰਗੀਤ ਗਿਆਨ ਦਾ ਵਰਦਾਨ ਹਾਸਲ ਹੈ । ਪ੍ਰਭੂ ਪ੍ਰਾਪਤੀ ਲਈ ਸੰਗੀਤ ਤੋਂ ਸੁਗਮ ਰਾਹ ਹੋਰ ਕੋਈ ਨਹੀਂ । ਇਸ ਲਈ ਤੁਸੀਂ ਪ੍ਰਤਿਸ਼ਠਿਤ ਭਗਤ-ਮੰਡਲੀ ਦੇ ਸਨਮੁਖ ਸ਼ਬਦ ਗਾਇਨ ਵਿਚ ਮਾਰਗ ਦਰਸ਼ਨ ਕਰੋ ।[1] ਇਸ ਉਪਰੰਤ ਝਾਜੂ, ਮੁਕੰਦੂ ਅਤੇ ਕੇਦਾਰਾ ਨੇ ਲੌਕਿਕ ਗਾਇਨ ਨੂੰ ਤਿਆਗ ਕੇ ਅਧਿਆਤਮਕ ਗਾਇਨ ਆਰੰਭ ਕਰ ਦਿੱਤਾ । ਆਪ ਤਿੰਨੋ ਹੀ ਸਿੱਖ-ਪੰਥ ਦੇ ਸਨਮਾਨਿਤ ਰਾਗੀਆਂ ਦੇ ਤੌਰ ਤੇ ਪ੍ਰਸਿੱਧ ਹੋਏ।[2]

ਇਸ ਪ੍ਰਕਾਰ ਗੁਰਬਾਣੀ ਕੀਰਤਨ ਦੀ ਰਾਗੀ ਪਰੰਪਰਾ ਲਗਾਤਾਰ ਵਿਕਸਿਤ ਅਤੇ ਸੁਦ੍ਰਿੜ ਹੁੰਦੀ ਰਹੀ ਹੈ । ਰਬਾਬੀ-ਕੀਰਤਨੀਆਂ ਦੇ ਉਲਟ ਰਾਗੀ ਪਰੰਪਰਾ ਅਲੋਪ ਨਹੀਂ ਹੋਈ ਸਗੋਂ ਅਜ ਵੀ ਮੌਜੂਦਮਾਨ ਹੈ ਅਤੇ ਨਿਰੰਤਰ ਵਿਕਾਸ ਕਰ ਰਹੀ ਹੈ । ਰਾਗੀ ਪਰੰਪਰਾ ਨੇ ਸੰਗਤ ਨੂੰ ਗੁਰਮਤਿ-ਕੀਰਤਨ ਨਾਲ ਜੋੜਿਆ ਅਤੇ ਇਸ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਨੂੰ ਸੰਭਵ ਬਣਾਇਆ ।

<u>ਢਾਡੀ ਪਰੰਪਰਾ</u> :

ਵੀਰ ਗਾਥਾ ਦਾ ਗਾਇਨ ਕਰਨ ਵਾਲੇ ਗਾਇਕ ਨੂੰ ਢਾਡੀ ਕਿਹਾ ਜਾਂਦਾ ਹੈ । ਚਾਰ ਸਿੱਖਾਂ ਜਾਂ ਗਾਇਕਾਂ ਦੇ ਸਮੂਹ ਨੂੰ ਢਾਡੀ ਜੱਥਾ ਕਹਿੰਦੇ ਹਨ । ਇਹ ਜੱਥਾ ਢੱਡ ਅਤੇ

---

1. <u>Sikh Sacred Music</u> ; p.51-52.
2. ਗੀਤਾ ਪੈਂਤਲ : <u>ਪੰਜਾਬ ਕੀ ਸੰਗੀਤ ਪਰੰਪਰਾ</u> ; ਪੰਨਾ 145-146.

ਸਾਰੰਗੀ ਦਾ ਵਾਦਨ ਕਰਦੇ ਹੋਏ ਵੀਰ-ਰਸ ਨਾਲ ਓਤਪ੍ਰੋਤ ਕਾਵਿ ਅਤੇ ਲੋਕ-ਧੁਨਾਂ ਦਾ ਗਾਇਨ ਕਰਦਾ ਹੈ । ਇਹ ਸੰਭਵ ਹੈ ਕਿ ਢੱਡ ਸਾਜ ਦੇ ਵਾਦਕ ਹੋਣ ਕਾਰਣ ਹੀ ਇਨ੍ਹਾਂ ਦਾ ਨਾਮ ਢਾਡੀ ਪੈ ਗਿਆ । ਇਨ੍ਹਾਂ ਢਾਡੀਆਂ ਦਾ ਨੇਮ ਹਮੇਸ਼ਾਂ ਵਾਰ ਗਾਇਨ ਹੀ ਰਿਹਾ ਹੈ ।[1]

ਗੁਰੂ ਸਾਹਿਬਾਨ ਨੇ ਢਾਡੀ ਦਾ ਚਿੱਤਰ ਕੁਝ ਇਸ ਤਰ੍ਹਾਂ ਖਿੱਚਿਆ ਹੈ ਕਿ ਉਸਨੇ ਪ੍ਰਮਾਤਮਾ ਦੇ ਉਪਦੇਸ਼/ਆਦੇਸ਼ ਨੂੰ ਪਰਮਾਤਮਾ ਦੇ ਦਰਬਾਰ ਵਿਚ ਹੀ ਗਾਉਣਾ ਹੈ । ਉਸਨੇ ਪ੍ਰਮਾਤਮਾ ਦੇ ਹੁਕਮ ਵਿਚ ਕਿਸੇ ਕਿਸਮ ਦਾ ਪਰਿਵਰਤਨ ਨਾ ਕਰਦੇ ਹੋਏ, ਕਲਾ ਨਾਲੋਂ ਕਾਵਿ-ਰੂਪ ਨੂੰ ਜ਼ਿਆਦਾ ਅਹਿਮੀਅਤ ਦੇਣੀ ਹੈ ਕਿਉਂਕਿ ਉਹ ਪੂਰਵ ਪ੍ਰਚਲਿਤ ਕਥਾ ਦਾ ਧਿਆਨ ਕਰਦਾ ਹੋਇਆ ਗਾਉਂਦਾ ਹੈ ਅਤੇ ਲੋਕਾਈ ਨੂੰ ਸੰਬੋਧਿਤ ਹੁੰਦਾ ਹੈ ।[2]

ਗੁਰੂ ਨਾਨਕ ਦੇਵ ਜੀ ਕਵੀ ਅਤੇ ਗਵੱਈਏ ਸਨ ਅਤੇ ਉਨਾਂ ਨੇ ਬਹੁਤ ਹੀ ਸ਼ੌਕ ਨਾਲ ਆਪਣੇ ਆਪ ਨੂੰ ਢਾਡੀ ਕਿਹਾ ਹੈ ।[3] ਕਿਉਂਕਿ ਮੱਧਕਾਲ ਵਿਚ ਢਾਡੀ ਗਾਇਕ ਜਾਂ ਵਾਦਕ ਨੂੰ ਕਿਹਾ ਜਾਂਦਾ ਸੀ । ਗੁਰੂ ਜੀ ਕਵੀ, ਧਰਮ-ਪ੍ਰਚਾਰਕ, ਕੁਸ਼ਲ ਗਾਇਕ ਅਤੇ ਕਲਾਕਾਰ ਵੀ ਸਨ । ਗੁਰੂ ਅਰਜਨ ਦੇਵ ਜੀ ਉਸ ਢਾਡੀ ਤੋਂ ਬਲਿਹਾਰੇ ਜਾਂਦੇ ਸਨ ਜੋ ਪ੍ਰਭੂ ਦੇ ਗੁਣ ਗਾਉਂਦੇ ਸਨ । ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਢਾਡੀ ਗੁਣਵਾਨ ਹਨ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦੇ ਲਈ ਪਿਆਰ ਹੈ ।[4]

---

1. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 140.
2. ਗੁਰਮਤਿ ਪ੍ਰਕਾਸ਼ : ਅਕਤੂਬਰ 1991; ਪੰਨਾ 71.
3. "ਹਉ ਢਾਡੀ ਵੇਕਾਰ ਕਾਰੇ ਲਾਇਆ" (ਆਦਿ ਗ੍ਰੰਥ ਪੰਨਾ 150)
4. ਸਾ ਢਾਡੀ ਗੁਣਵੰਤ ਜਿਸਨੋ ਪ੍ਰਭੂ ਪਿਆਰ (ਆਦਿ ਗ੍ਰੰਥ ਪੰਨਾ 962).

ਢਾਡੀ ਪਰੰਪਰਾ ਉਦੋਂ ਸ਼ੁਰੂ ਹੋਈ ਜਦੋਂ ਸੌ ਕੁ ਸਾਲ ਰਬਾਬੀ ਕੀਰਤਨ-ਸੰਗੀਤ ਨਾਲ ਬੀਤ ਗਏ ਪਰੰਤੂ ਜੰਗਾਂ ਜੁੱਧਾਂ ਦੇ ਸਮੇਂ ਵਿਰੋਧੀ ਲਹਿਰਾਂ ਸ਼ੁਰੂ ਹੋਈਆਂ ਜਿਸ ਕਰਕੇ ਸਿੱਖ ਲਹਿਰ ਨੂੰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨੀਆਂ ਪਈਆਂ । ਬੀਰ ਰਸੀ ਮਾਹੌਲ ਨੂੰ ਸਿਰਜਣ ਲਈ ਢੱਡ ਅਤੇ ਸਾਰੰਗੀ ਵਰਗੇ ਨਵੇਂ ਸਾਜ ਹੋਂਦ ਵਿਚ ਆਏ ਤਾਂ ਕਿ ਭਗਤੀ ਦੇ ਨਾਲ ਨਾਲ ਸ਼ਕਤੀ ਦਾ ਸੰਚਾਰ ਵੀ ਸੰਭਵ ਹੋ ਸਕੇ ।[1]

ਇਤਿਹਾਸ ਗਵਾਹ ਹੈ ਕਿ ਢਾਡੀ ਗਾਇਨ ਤੇ ਢਾਡੀ ਵਾਰਾਂ ਉਦੋਂ ਪ੍ਰਚਲਿਤ ਹੋਈਆਂ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਿਰਜਣਹਾਰ ਛੇਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ 22 ਵਾਰਾਂ ਵਿੱਚੋਂ 9 ਵਾਰਾਂ ਨੂੰ ਪੁਰਾਤਨ ਵੀਰ ਰਸ ਦੀਆਂ ਲੋਕ-ਧੁਨਾਂ ਤੇ ਗਾਉਣ ਦਾ ਆਦੇਸ਼ ਦਿੱਤਾ । ਇਸ ਤੋਂ ਇਲਾਵਾ ਸਿੱਖ ਸੂਰਬੀਰਾਂ, ਯੋਧਿਆਂ ਦੀਆਂ ਵਾਰਾਂ ਗਾਉਣ ਦਾ ਵੀ ਹੁਕਮ ਕੀਤਾ । ਵਾਰਾਂ ਦਾ ਗਾਇਨ ਕਰਨ ਵਾਲਿਆਂ ਦਾ ਨਾਮ ਢਾਡੀ ਜੱਥਾ ਰੱਖ ਦਿੱਤਾ । ਇਹ ਚਾਰ ਸਿੱਖਾਂ ਦਾ ਸਮੂਹ ਢਾਡੀ ਜੱਥਾ ਕਹਿਲਾਇਆ । ਇਸ ਜੱਥੇ ਵਿਚ ਇਕ ਸਿੰਘ ਵਿਖਿਆਨ (ਭਾਸ਼ਣ) ਕਰਨ ਲਈ ਇਕ ਸਿਰੰਦਾ (ਸਾਰੰਗੀ) ਵਜਾਉਣ ਲਈ ਅਤੇ ਦੋ ਢੱਡ ਵਾਦਕ ਹੁੰਦੇ ਸਨ ।

<u>ਪੁਰਾਤਨ ਢਾਡੀ :</u>

ਗੁਰੂ ਸਾਹਿਬਾਨ ਦੇ ਦਰਬਾਰੀ ਢਾਡੀ ਕੇਵਲ ਗਾਇਕ ਹੀ ਨਹੀਂ ਸਨ ਬਲਕਿ ਤਲਵਾਰ ਦੇ ਧਨੀ ਸਨ । ਉਹ ਯੋਧੇ ਅਤੇ ਸੰਗੀਤਕਾਰ ਹੋਣ ਦੇ ਨਾਤੇ ਵਿਸ਼ੇਸ਼ ਤੌਰ ਤੇ ਸਨਮਾਨਿਤ

---

1. ਅ.ਗੁ.ਸੰ. ਸੰਮੇਲਨ ; ਪੰਨਾ 23.

ਲੀਤੇ ਜਾਂਦੇ ਸਨ ।[1] ਅਸਲ ਵਿਚ ਢਾਡੀ ਯੁੱਧ-ਭੂਮੀ ਵਿਚ ਸੈਨਿਕਾਂ ਨੂੰ ਪ੍ਰੋਤਸਾਹਿਤ ਕਰਨ ਲਈ ਵੀਰ ਰਸ ਦੀਆਂ ਰਚਨਾਵਾਂ ਦੀ ਰਚਨਾ ਕਰਕੇ, ਉਨ੍ਹਾਂ ਦਾ ਗਾਇਨ ਕਰਦੇ ਯੁੱਧ-ਖੇਤਰ ਵਿਚ ਕੁੱਦ ਪੈਂਦੇ ਸਨ । ਇਹ ਢਾਡੀ ਕੇਵਲ ਬੀਰ ਰਸ ਦੀਆਂ ਰਚਨਾਵਾਂ ਹੀ ਨਹੀਂ ਬਲਕਿ ਭਗਤੀ ਰਸ ਦੀਆਂ ਰਚਨਾਵਾਂ ਨੂੰ ਵੀ ਧਿਆਨ ਨਾਲ ਗਾਉਂਦੇ ਸਨ ਜਿਵੇਂ ਭਾਈ ਨੱਥਾ ਅਤੇ ਭਾਈ ਅਬੱਦੁਲਾ ਆਦਿ ।

ਭਾਈ ਭੀਖਾ :

ਆਪ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਗਾਇਕ ਸਨ । ਰਚਨਾਕਾਰ ਹੋਣ ਕਾਰਨ ਇਨ੍ਹਾਂ ਦੁਆਰਾ ਰਚਿਤ ਸੱਵੈਯੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ ।

ਭਾਈ ਬਾਲ, ਭਾਈ ਜਲਾਪ, ਭਾਈ ਸਾਲ :

ਭਾਈ ਬਾਲ ਗੁਰੂ ਰਾਮਦਾਸ ਜੀ ਦੇ ਸ਼ਿਸ਼ ਸਨ ਅਤੇ ਭਾਈ ਸਾਲ ਅਤੇ ਭਾਈ ਜਲਾਪ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਵਾਰਾਂ ਦਾ ਗਾਇਨ ਕਰਦੇ ਸਨ ।[2]

ਭਾਈ ਨੱਥਾ ਅਤੇ ਭਾਈ ਅਬੱਦੁਲਾ :

ਇਹ ਪਹਿਲਾਂ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਵਾਰ ਗਾਇਨ ਦੇ ਲਈ ਫਿਰ ਗੁਰੂ ਤੇਗ ਬਹਾਦੁਰ ਜੀ ਦੇ ਕੋਲ ਅਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਅਖੀਰਲੇ

---

1. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 142.

2. -ਉਹੀ- ਪੰਨਾ 142.

ਸਮੇਂ ਤਕ ਰਹਿ ਕੇ ਯੁੱਧਾਂ ਦੀਆਂ ਵਾਰਾਂ ਸੁਣਾਉਂਦੇ ਰਹੇ । ਭਾਈ ਅਬਦੁੱਲਾ ਉਤਕ੍ਰਿਸ਼ਟ ਸ਼ਬਦ ਰਚਨਾਕਾਰ ਸਨ । ਉਨ੍ਹਾਂ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਵੀ ਵਰਣਨ ਆਉਂਦਾ ਹੈ ।[1]

ਮੀਰ ਛਬੀਲਾ ਅਤੇ ਮੁਸ਼ਕੀ :

ਮੀਰ ਛਬੀਲਾ ਅਤੇ ਮੁਸ਼ਕੀ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਨਿਯੁਕਤ ਢਾਡੀ ਸੰਗੀਤਕਾਰ ਸਨ । ਇਨ੍ਹਾਂ ਦੋਹਾਂ ਢਾਡੀਆਂ ਦੀ ਰੁਚੀ ਵੀਰ ਰਸੀ ਪਉੜੀਆਂ ਦੇ ਗਾਇਨ ਵਿਚ ਸੀ । ਮੀਰ ਛਬੀਨਾ ਦੀ ਰਚੀ ਹੋਈ ਭੰਗਾਣੀ ਦੀ ਵਾਰ" ਅਤੇ ਮੀਰ ਮੁਸ਼ਕੀ ਦੇ ਜੋਸ਼ੀਲੇ ਛੰਦ ਮਸ਼ਹੂਰ ਸਨ ।[2]

ਗੁਰੂ ਜੀ ਦੇ ਆਸਰੇ ਵਿਚ ਰਹਿਣ ਵਾਲੇ ਇਨ੍ਹਾਂ ਢਾਡੀਆਂ ਅਤੇ ਭੱਟਾਂ ਦੀ ਸੰਖਿਆ ਦੇ ਬਾਰੇ ਕਾਫੀ ਮਤਭੇਦ ਹੈ । ਇਕ ਪ੍ਰਸਿੱਧ ਇਤਿਹਾਸਕਾਰ ਦੇ ਅਨੁਸਾਰ ਇਨ੍ਹਾਂ ਦੀ ਸੰਖਿਆ 9 ਸੀ ਪਰ ਕਈ ਵਿਦਵਾਨਾਂ ਨੇ ਇਨ੍ਹਾਂ ਦੀ ਸੰਖਿਆ 21ਦੱਸੀ ਹੈ ।[3] ਸਿੱਖ ਰਾਜ ਦੇ ਆ ਜਾਣ ਬਾਅਦ ਢਾਡੀ ਪਰੰਪਰਾ ਬਹੁਤ ਵਿਕਸਿਤ ਹੋਈ । ਕਿਉਂਕਿ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ ਤੋਂ ਬਾਅਦ ਕੁਰਬਾਨੀਆਂ ਦਾ ਨਵਾਂ ਇਤਿਹਾਸ ਲਿਖਿਆ ਗਿਆ ਸੀ ਅਤੇ ਇਸ ਕੌਮ ਨੂੰ ਉਤਸ਼ਾਹਿਤ ਕਰਨ ਲਈ ਸੂਰਬੀਰਾਂ ਦਾ ਇਤਿਹਾਸ ਯਾਦ ਕਰਾਉਣ ਲਈ ਕੌਮ ਦੇ ਬੀਰ ਨਾਇਕਾਂ ਦੇ ਕਾਰਨਾਮਿਆਂ ਨੂੰ ਸੰਭਾਲ ਕੇ ਰੱਖਣਾ ਜ਼ਰੂਰੀ ਸੀ । ਇਹ ਕੰਮ ਉਸ ਸਮੇਂ ਢਾਡੀਆਂ ਨੇ ਨਿਭਾਇਆ । ਸਿੱਖ ਲਹਿਰ ਸਮੇਂ ਮਾਲਵੇ ਦਾ ਮੋਦਨ ਢਾਡੀ, ਬਾਬਾ ਗਾਹੂ ਬਹੁਤ ਪ੍ਰਸਿੱਧ ਸਨ।

---

1. ਨੌਏ ਢੱਡ ਬਜਾਇਆ, ਅਬਦੁੱਲਾ ਹੱਥ ਰਬਾਬਾ, ਅਬਦੁੱਲਾ ਢਾਡੀ ਜਸ ਸੁਨਾਏ ।
2. Paintal : The Nature and Place of Music ; page 512.
3. ਟ੍ਰਿਬਿਊਨ, ਅਪ੍ਰੈਲ 1987 ; ਪੰਨਾ 79.
4. ਗੀਤਾ ਪੈਂਤਲ : ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 13.

## ਗੁਰਮਤਿ ਸੰਗੀਤ ਵਿਚ ਸਾਜਾਂ ਦਾ ਵਿਕਾਸ :

ਗੁਰਮਤਿ ਸੰਗੀਤ ਵਿਚ ਸਵਰ, ਰਾਗ ਅਤੇ ਗਾਇਨ ਦੇ ਸ਼ੁੱਧ ਰੂਪ ਨੂੰ ਕਾਇਮ ਰੱਖਣ ਲਈ ਵੱਖ ਵੱਖ ਤੰਤੀ ਸਾਜ਼ਾਂ ਦਾ ਸੰਗਤ ਹਿਤ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਦੇ ਪ੍ਰਯੋਗ ਦੀ ਮੂਲ ਧਾਰਣਾ ਭਾਰਤੀ ਸੰਗੀਤ ਵਿਚੋਂ ਹੀ ਲਈ ਗਈ ਹੈ। ਗੁਰਮਤਿ ਸੰਗੀਤ ਵਿੱਚ ਵਰਤੇ ਜਾਣ ਵਾਲੇ ਲਗਭਗ ਸਾਰੇ ਸਾਜਾਂ ਦਾ ਮੂਲ ਸੰਬੰਧ ਪ੍ਰਾਚੀਨ ਭਾਰਤੀ ਸਾਜਾਂ ਨਾਲ ਜੁੜਦਾ ਹੈ ਪਰੰਤੂ ਸਮੇਂ ਦੇ ਪ੍ਰੀਵਰਤਨ ਅਤੇ ਵਿਕਾਸ ਨਾਲ ਉਹਨਾਂ ਸੰਬੰਧਾਂ ਨੂੰ ਮੁੱੜ ਤੋਂ ਖੋਜਣ ਦੀ ਲੋੜ ਹੈ। ਕਿਉਂਕਿ ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਦੀਆਂ ਲੋੜਾਂ ਅਨੁਸਾਰ, ਸਮੇਂ ਅਤੇ ਸਥਿਤੀ ਅਨੁਸਾਰ ਪ੍ਰਾਚੀਨ ਭਾਰਤੀ ਸਾਜਾਂ ਨੂੰ ਸੋਧ ਕੇ ਨਵੀਨ ਢੰਗ ਨਾਲ ਉਹਨਾਂ ਨੂੰ ਪ੍ਰਚਲਿਤ ਕੀਤਾ ਜਿਵੇਂ ਰਬਾਬ, ਸਿਰੰਦਾ, ਤਾਊਸ, ਸਿਰੰਦਾ, ਦਿਲਰੁਬਾ, ਤਾਨਪੁਰਾ ਆਦਿ। ਇਸ ਤੋਂ ਸਿੱਧ ਹੁੰਦਾ ਹੈ ਕਿ ਉਪਰੋਕਤ ਸਾਜਾਂ ਦੀ ਸੁਰਖਿਆ ਸੰਭਾਲ ਅਤੇ ਵਿਕਾਸਸ਼ੀਲਤਾ ਵਿਚ ਵੀ ਗੁਰਮਤਿ ਸੰਗੀਤ ਦਾ ਮਹੱਤਵਪੂਰਨ ਯੋਗਦਾਨ ਬਣਦਾ ਹੈ।

### ਰਬਾਬ

ਗੁਰਮਤਿ ਸੰਗੀਤ ਦੇ ਗ੍ਰੰਥਾਂ ਵਿੱਚ ਸਾਜਾਂ ਸੰਬੰਧੀ ਕਾਫੀ ਜਾਣਕਾਰੀ ਉਪਲਬਧ ਹੈ। ਰਬਾਬ ਦਾ ਜ਼ਿਕਰ ਨਾਨਕ ਬਾਣੀ ਵਿੱਚ ਵੀ ਆਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਪ੍ਰਸਤੁਤੀ ਲਈ ਸੰਗੀਤ ਦਾ ਸਾਥ ਕਰਨ ਲਈ ਭਾਈ ਮਰਦਾਨਾ ਜੀ ਨੂੰ ਸਾਥੀ ਵਜੋਂ ਚੁਣਿਆ। ਭਾਈ ਮਰਦਾਨਾ ਜੀ ਰਬਾਬ ਵਾਦਨ ਵਿੱਚ ਪਰਬੀਨ ਸਨ।

ਅਤੇ ਆਪ ਦੇ ਰਬਾਬ ਵਾਦਨ ਦੀਆਂ ਧੁਨਾਂ ਦੇਸ਼ ਦੇਸ਼ਾਂਤਰਾਂ ਵਿਚ ਪਈਆਂ ਹੋਈਆਂ ਸਨ । ਭਾਈ ਗੁਰਦਾਸ ਜੀ ਆਪ ਬਾਰੇ ਲਿਖਦੇ ਹਨ :

ਭਲਾ ਰਬਾਬ ਵਜਾਇਦਾ, ਮਜਲਸ ਮਰਾਸੀ ਮਰਦਾਨਾ[1]
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨ
ਦਿਤੀ ਬਾਂਗ ਨਿਮਾਜਿ ਕਰ ਸੁਨ ਸਮਾਨਿ ਹੋਆ ਜਹਾਨਾ[2]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਨਿਆਂ ਦਾ ਇਕ ਸਾਜ਼ ਬਣਾਇਆ ਜੋ ਰਬਾਬ ਵਾਂਗ ਵਜਦਾ ਸੀ ਤੇ ਮਰਦਾਨੇ ਨੇ ਗੁਰੂ ਜੀ ਨੂੰ ਇਸ ਨਾਲ ਕੀਰਤਨ ਸੁਣਾ ਕੇ ਪ੍ਰਸੰਨ ਕੀਤਾ ਸੀ । ਰਤਨ ਸਿੰਘ ਭੰਗੂ ਲਿਖਦੇ ਹਨ :

ਕੀਯੋ ਤੰਤਾਰੋ ਕਾਨਿਨਿਕ ਮਰਦਾਨੇ ਦੀਯੋ ਫੜਾਇ ।
ਬਜਾਇ ਸ਼ਬਦ ਬਹਿ ਗਾਵਈ ਸਭ ਬਾਲਨ ਸਾਥ ਰਲਾਈ[3]

ਗੁਰੂ ਸਾਹਿਬ ਨੇ ਅਨੁਭਵ ਕੀਤਾ ਕਿ ਮਰਦਾਨੇ ਨੂੰ ਰਬਾਬ ਦੀ ਜ਼ਰੂਰਤ ਹੈ ਤਾਂ ਆਪ ਜੀ ਨੇ ਭਾਈ ਮਰਦਾਨੇ ਨੂੰ ਭਾਈ ਫਿਰੰਦੇ ਜੀ ਪਾਸ ਉਹਨਾਂ ਦੇ ਪਿੰਡ ਭਰੋਆਣੇ ਭੇਜਿਆ । ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਭੈਣ ਨਾਨਕੀ ਕੋਲੋਂ ਕੁਝ ਰੁਪਏ ਲੈ ਕੇ ਉਹ ਫਿਰੰਦੇ ਨੂੰ

---

1. ਵਾਰਾਂ ਭਾਈ ਗੁਰਦਾਸ : ਵਾਰ 11ਵੀਂ ; ਪਉੜੀ 13.
2. -ਉਹੀ- ਵਾਰ ਪਹਿਲੀ ; ਪਉੜੀ 35.
3. ਰਤਨ ਸਿੰਘ ਭੰਗੂ : ਪੰਥ ਪ੍ਰਕਾਸ਼ ; ਅੰਮ੍ਰਿਤਸਰ, 1939, ਪੰਨਾ 9.

ਮਿਲੇ ਤੇ ਰਬਾਬ ਲੈ ਆਵੇ ਇਸ ਬਾਰੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

"ਕਿਹ ਦਿਸ਼ ਮੈਂ ਅਬ ਖੋਜਨ ਜਾਵੋ ? ਕਹਉ ਬਤਾਇ ਸੁਆਮੀ
ਤੁਮ ਕਉ ਤੀਨ ਲੋਕ ਕੀ ਸੁਧਿ ਹੈ, ਘਟਿ ਘਟਿ ਅੰਤਰਜਾਮੀ
ਪੁਰਿ ਮਹਿ ਨਹਿ ਜਾਵਹੁ ਮਰਦਾਨਾ, ਅਵਰ ਸਥਾਨ ਸਿਧਾਵਉ ।
ਜਿਹ ਦਿਸ ਜੰਗ ਗ੍ਰਾਮ, ਤੀਹ ਜਾਇ ਖੋਜ ਤੁਮ ਪਾਵਉ
ਜਗ ਸਰਿਤਾ ਮਧ ਤਾ ਕੋ ਜਾਨਹੁ, ਰਾਹਕ ਕੋ ਸੋ ਗਾਉ
ਨਾਮ ਫਿਰੰਦਾ ਤਹਾਂ ਰਬਾਬੀ, ਜਾਇ ਸੁਬ ਸੁ ਬੂਝ ਹੁ ਨਾਉ ।[1]

ਜਦੋਂ ਭਾਈ ਮਰਦਾਨਾ ਜੀ ਨੇ ਭਾਈ ਫਿਰੰਦਾ ਜੀ ਪਾਸੋਂ ਰਬਾਬ ਮੰਗੀ ਤਾਂ ਫਿਰੰਦਾ ਜੀ ਨੇ ਇਸ ਦੀ ਕੀਮਤ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਸਾਜ ਕਿਸੇ ਮਹਾਂਪੁਰਸ਼ ਨੂੰ ਸਿਰਫ ਭੇਟ ਕੀਤਾ ਜਾ ਸਕਦਾ ਹੈ ਤੇ ਮੈਨੂੰ ਤੂ ਆਪਣੇ ਗੁਰੂ ਪਾਸ ਲੈ ਚੱਲ । ਭਾਈ ਫਿਰੰਦਾ ਜੀ ਗੁਰੂ ਸਾਹਿਬ ਪਾਸ ਆਏ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬਾਘੋ ਬਾਘ ਹੋ ਗਏ ਅਤੇ ਰਬਾਬ ਗੁਰੂ ਸਾਹਿਬ ਨੂੰ ਭੇਟ ਕੀਤੀ[2] ਇਸ ਤਰ੍ਹਾਂ ਗੁਰੂ ਸਾਹਿਬ ਜੀ ਨੂੰ ਭਾਈ ਫਿਰੰਦੇ ਪਾਸ਼ੋਂ ਰਬਾਬ ਪ੍ਰਾਪਤ ਹੋਈ । ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਮਰਦਾਨਾ ਜੀ ਨੇ ਭਾਈ ਫਿਰੰਦਾ ਜੀ ਪਾਸ਼ੋਂ ਰਾਗ ਵਿੱਦਿਆ ਦੀ ਸਿਖਿਆ ਵੀ ਲਈ[3] । ਰਬਾਬ ਸਾਜ਼ ਅਫਗਾਨੀਸਤਾਨ ਅਤੇ ਕਸ਼ਮੀਰ ਵਿਚ ਗੁਰੂ ਜੀ ਤੋਂ ਪਹਿਲਾਂ ਵੀ ਪ੍ਰਚਲਿਤ ਸੀ । ਇਹ ਸਾਜ ਅਰਬ, ਈਰਾਨ,

---

1. ਭਾਈ ਸੰਤੋਖ ਸਿੰਘ : ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ; ਪੋਥੀ 3, ਪੰਨਾ 423.
2. ਕਿਰਪਾਲ ਸਿੰਘ (ਡਾ.) : ਜਨਮਸਾਖੀ ਪਰੰਪਰਾ : 1969 ; ਪੰਨਾ 25.
3. ਕਾਨ੍ਹ ਸਿੰਘ ਨਾਭਾ (ਭਾਈ) : ਗੁਰ ਸ਼ਬਦ ਰਤਨਾਕਰ - ਮਹਾਨਕੋਸ਼ ; ਪੰਨਾ 815.

ਈਰਾਕ ਅਤੇ ਅਫਗਾਨੀਸਤਾਨ ਵਿਚ ਪ੍ਰਚਲਿਤ ਹੈ ਅਤੇ ਉਥੇ ਇਹ ਰਬਾਬ ਨਾਲ ਵਜਾਇਆ ਜਾਂਦਾ ਹੈ ਪਰੰਤੂ ਅਰਬ ਦੇਸ਼ਾਂ ਵਿਚ ਇਹੀ ਰਬਾਬ ਸਾਜ਼ ਗਜ਼ ਨਾਲ ਵਜਾਇਆ ਜਾਂਦਾ ਹੈ। ਮਿਜਰਾਬ ਨਾਲ ਵਜਾਉਣ ਵਾਲੀ ਰਬਾਬ ਦਾ ਅਕਾਰ ਜਰਾ ਕੁ ਵੱਡਾ ਹੁੰਦਾ ਹੈ। ਸੰਗੀਤਕਾਰਾਂ ਦਾ ਕਹਿਣਾ ਹੈ ਕਿ ਅਜ ਦਾ ਸਰੋਦ ਜਾਂ ਸੁਰਸਾਗਰ ਇਸੇ ਰਬਾਬ ਦਾ ਸੋਧਿਆ ਹੋਇਆ ਸਰੂਪ ਹੈ। ਸੰਗੀਤ ਗ੍ਰੰਥ ਵਿਚ ਇਸ ਦੀਆਂ ਤਾਰਾਂ ਅਤੇ ਰੂਪ ਰੇਖ ਸੰਬੰਧੀ ਜ਼ਰੂਰੀ ਵਾਕਫੀ ਨਹੀਂ ਮਿਲਦੀ ਪਰ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਇਹ ਸਾਜ ਪੰਜਾਬ ਵਿੱਚ ਵੀ ਲੋਕਪ੍ਰਿਅ ਹੋਇਆ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਸੋਧ ਕੇ ਲੋਕ ਪ੍ਰਿਅ ਬਣਾਇਆ ਕਿਉਂਕਿ ਭਾਈ ਮਰਦਾਨਾ ਦੀ ਵੰਸ਼ ਪਰੰਪਰਾ ਵਿੱਚ ਇਹ ਸਾਜ਼ ਪ੍ਰਚਲਿਤ ਸੀ ਅਤੇ ਸਾਰੀ ਉਮਰ ਇਹਨਾਂ ਦੇ ਨਾਲ ਰਿਹਾ ਇਸ ਵਿਚਾਰ ਨਾਲ ਡਾ. ਦਲੀਪ ਚੰਦਰ ਬੇਦੀ ਅਤੇ ਡਾ. ਬੀ.ਸੀ.ਦੇਵਾ ਅਤੇ ਅਨੇਕਾਂ ਵਿਦਵਾਨ ਸਹਿਮਤ ਹਨ।[1]

ਰਬਾਬ ਸ਼ਬਦ ਦਾ ਮੁਢਲਾ ਵਿਕਾਸ ਰੁਬ ਸ਼ਬਦ ਤੋਂ ਹੋਇਆ ਹੈ। ਇਹ ਇਕ ਪ੍ਰਾਚੀਨ ਕਾਲ ਵਿੱਚ ਵਿਸ਼ੇਸ਼ ਕਿਸਮ ਦਾ ਨੁਕਸਾ ਸੀ ਜੋ ਅਨਾਰ ਤੇ ਅੰਗੂਰ ਦੇ ਰਸ ਨੂੰ ਕਾੜ ਕੇ ਬਣਾਇਆ ਜਾਂਦਾ ਸੀ। ਇਹ ਜੀਵਨ ਦਾਨ ਦੇਣ ਵਾਲੀ ਇਕ ਤਾਕਤਬਰ ਦਵਾਈ ਸੀ। ਇਧਰ ਰਬਾਬ ਦਾ ਸਰੀਰ ਨੂੰ ਮਾਨਸਿਕ ਤਾਕਤ ਦੇਣਾ ਅਤੇ ਆਨੰਦ ਪ੍ਰਦਾਨ ਕਰਨਾ ਮੰਨਿਆ ਜਾਂਦਾ ਹੈ। ਇਸ ਲਈ ਰੁਬ ਇਕ ਮੁਰਕਬ ਅਤੇ ਬਾਬ ਦਾ ਅਰਥ ਰੱਬ ਦੇ ਦਰਬਾਰ ਦਾ ਦਰਵਾਜ਼ਾ ਹੈ ਜੋ ਰਬਾਬ ਲਈ ਹਮੇਸ਼ਾ ਖੁੱਲਾ ਰਹਿੰਦਾ ਹੈ। ਰਬ ਅਤੇ ਬਾਬ ਨੂੰ ਜੋੜ ਕੇ ਰਬਾਬ

---

1. ਦਰਸ਼ਨ ਸਿੰਘ ਨਰੂਲਾ : <u>ਗੁਰਬਾਣੀ ਸੰਗੀਤ ਬਾਰੇ</u> ; ਪੰਨਾ 16.

ਸ਼ਬਦ ਬਣਿਆ ਹੈ । ਜਿਸ ਦਾ ਅਰਥ ਹੈ ਗੁਰੂ ਦੀ ਮੇਹਰ ਦਾ ਪਾਤਰ ਬਣਨਾ ।[1]

ਇਹ ਮੰਨਿਆ ਜਾਂਦਾ ਹੈ ਕਿ ਰਬਾਬ ਗੁਰੂ ਸਾਹਿਬ ਦੀ ਆਪਣੀ ਕਾਢ ਸੀ । ਜਿਸ ਉਪਰ ਰੇਸ਼ਮੀ ਤਾਗੇ ਵੱਟ ਚਾੜ ਕੇ ਪਾਏ ਜਾਂਦੇ ਸਨ । ਜੋ ਗਿਣਤੀ ਵਿੱਚ ਛੇ ਹੁੰਦੇ ਸਨ ਅਤੇ ਅੰਸ ਦਾ ਕੰਮ ਵੀ ਦੇਂਦੇ ਸਨ[2] । ਗੁਰਮਤਿ ਸੰਗੀਤ ਦੀ ਗਾਇਕੀ ਰਬਾਬੀਆਂ ਵਾਲੀ ਸੀ । ਗੁਰੂ ਗ੍ਰੰਥ ਸਾਹਿਬ ਵਿੱਚ ਰਬਾਬ ਅਤੇ ਰਬਾਬ ਦਾ ਵਰਨਣ ਮਜੋਦ ਹੈ ਅਤੇ ਇਸ ਪਰੰਪਰਾ ਦੇ ਕਲਾਕਾਰਾਂ ਨੂੰ ਰਬਾਬੀ ਕਿਹਾ ਜਾਂਦਾ ਹੈ :

ਫੀਲ ਰਬਾਬੀ ਬਲਦ ਪਖਾਵਜ ।।[3]

"ਬਿਨ ਬਾਜੇ ਕੈਸੀ ਨਿਰਤਕਾਰੀ ਬਿਨ ਕਰੇ ਕੈਸੇ ਗਾਵਨਹਾਰੀ, ਜੀਲ ਬਿਨਾਂ ਕੈਸੇ ਬਜੈ ਰਬਾਬਾ[4]

ਇਸ ਪ੍ਰਕਾਰ ਰਬਾਬ ਦੇ ਨਾਲ ਨਾਲ ਹੋਰ ਵੀ ਕਈ ਸਾਜਾਂ ਦੇ ਵਿਕਾਸ ਦੀ ਗੱਲ ਅੱਗੇ ਤੁਰਦੀ ਹੈ ।

ਸਾਰੰਦਾ

ਸਿਰੰਦੇ ਸਾਜ ਦਾ ਨਿਰਮਾਣ ਸ੍ਰੀ ਗੁਰੂ ਅਮਰਦਾਸ ਜੀ ਨੇ ਕੀਤਾ[5] ਜੋ ਕਿ

---

1. ਅੰਮ੍ਰਿਤ ਕੀਰਤਨ, ਅਗਸਤ 1991 ; ਪੰਨਾ 22.
2. ਗੁਰਮਤਿ ਪ੍ਰਕਾਸ਼ : ਅਕਤੂਬਰ 1991 ; ਪੰਨਾ 29.
3. ਆਦਿ ਗ੍ਰੰਥ ; ਪੰਨਾ 470.
4. ਆਦਿ ਗ੍ਰੰਥ : ਭੈਰਵ ਮਹਲਾ 5 ; ਪੰਨਾ 1140.
5. ਤਾਰਾ ਸਿੰਘ (ਪ੍ਰੋ.) : ਗੁਰੂ ਅਮਰਦਾਸ ਰਾਗ ਰਤਨਾਵਲੀ ਭੂਮਿਕਾ

ਉਹਨਾਂ ਦੇ ਦਰਬਾਰ ਵਿਚ ਵਜਾਇਆ ਜਾਂਦਾ ਸੀ । ਇਹ ਇਕ ਪ੍ਰਾਚੀਨ ਸਾਜ ਹੈ ਜਿਸ ਦੀ ਸਿਰਜਣਾ ਪੁਰਾਤਨ ਸਮੇਂ ਵਿਚ ਪ੍ਰਚਲਿਤ ਸਾਰੰਗੀ ਦੇ ਆਧਾਰ ਤੇ ਹੋਈ ਇਸ ਨੂੰ ਪੰਜਾਬ ਵਿਚ ਸਾਰਿੰਦਾ ਜਾਂ ਸਾਰੰਦਾ ਜਾਂ ਸਾਰਗੀ ਨਾਲ ਸੰਬੋਧਿਤ ਕੀਤਾ ਜਾਂਦਾ ਹੈ । ਸਾਰਿਤ ਵਿੱਚ ਕੀਰਤਨ ਦੀ ਸੰਗਤ ਲਈ ਸਾਰੰਗੀ ਦਾ ਹੀ ਪ੍ਰਯੋਗ ਹੁੰਦਾ ਸੀ ਪਰ ਇਸ ਸਾਜ ਦਾ ਵੇਸ਼ਵਾਵਾਂ ਨਾਲ ਸੰਬੰਧ ਹੋਣ ਕਾਰਨ ਸਮਾਜ ਵਿੱਚ ਇਸ ਦਾ ਦਰਜਾ ਘੱਟ ਚੁੱਕਾ ਹੈ । ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਵਿਰਤੀ ਨੂੰ ਧਿਆਨ ਵਿੱਚ ਰਖਦੇ ਹੋਏ ਇਸ ਵਿੱਚ ਸੋਧ ਕੀਤੀ ਅਤੇ ਇਸ ਨੂੰ ਨਵੀਨ ਰੂਪ ਦੇ ਕੇ ਇਸ ਦਾ ਨਾਂ ਸਿਰੰਦਾ ਰਖਿਆ ਇਕ ਮੱਤ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਆਪ ਹੱਥ ਵਿੱਚ ਸਿਰੰਦਾ ਫੜ ਕੇ 'ਆਸਾ ਦੀ ਵਾਰ' ਦਾ ਕੀਰਤਨ ਕੀਤਾ ਅਤੇ ਸੰਗਤ ਨੂੰ ਕੀਰਤਨ ਕਰਨ ਦਾ ਆਦੇਸ਼ ਦਿੱਤਾ । ਗੁਰੂ ਘਰ ਦੇ ਢਾਡੀਆਂ ਨੇ ਵੀ ਸਾਰੰਗੀ ਨੂੰ ਛੱਡ ਕੇ ਵਾਰ ਗਾਇਨ ਦੇ ਨਾਲ ਸਿਰੰਦਾ ਸਾਜ ਦਾ ਪ੍ਰਯੋਗ ਆਰੰਭ ਕਰ ਦਿੱਤਾ । ਪੰਜਾਬ ਦੇ ਢਾਡੀਆਂ ਵਿੱਚ ਅੱਜ ਵੀ ਇਹ ਸਿਰੰਦਾ ਪ੍ਰਸਿੱਧ ਹੈ । ਇਸ ਸਾਜ਼ ਦਾ ਆਕਾਰ ਸਾਰੰਗੀ ਦੇ ਅੱਧੇ ਭਾਗ ਵਰਗਾ ਪਰੰਤੂ ਚਾਰ ਨੁਕਰਾਂ ਹੁੰਦਾ ਹੈ ਤੇ ਹੇਠਲਾ ਹਿੱਸਾ ਗੋਲ ਹੁੰਦਾ ਹੈ । ਨੀਚੇ ਵਾਲਾ ਭਾਗ ਥੋੜਾ ਢਕਿਆ ਹੋਇਆ ਹੁੰਦਾ ਹੈ । ਸਾਇਜ਼ ਦੋ ਫੁਟ ਲੰਬਾ ਤਾਂਤ ਦੀਆਂ ਤਿੰਨ ਤਾਰਾਂ ਅਤੇ ਤਰਬ ਦੇ 10 ਤਾਰ ਹੁੰਦੇ ਹਨ ਸਾਰੰਗੀ ਵਾਰ ਚਾਰ ਨਹੀਂ ਇਸ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ ।[1] ਗੁਰੂ ਸਾਹਿਬਾਨ ਦੇ ਵੇਲੇ ਇਸ ਸਾਜ ਦੀ ਬੜੀ ਮਹੱਤਤਾ ਸੀ ।

---

1. ਗੀਤਾ ਪੈਂਤਲ : <u>ਪੰਜਾਬ ਕੀ ਸੰਗੀਤ ਪਰੰਪਰਾ</u> ; ਪੰਨਾ 290.

ਤਾਊਸ :

ਗੁਰਮਤਿ ਸੰਗੀਤ ਦੇ ਵਿਕਾਸ ਵਿਚ ਤਾਰਾਂ ਵਾਲੇ ਸਾਜਾਂ ਦਾ ਮਹੱਤਵਪੂਰਨ ਸਥਾਨ ਹੈ, ਇਹਨਾਂ ਨੂੰ ਆਮ ਭਾਸ਼ਾ ਵਿਚ ਤੰਤੀ ਸਾਜ ਵੀ ਕਿਹਾ ਜਾਂਦਾ ਹੈ ਇਨ੍ਹਾਂ ਵਿਚੋਂ ਤਾਊਸ, ਇਸਰਾਜ ਅਤੇ ਦਿਲਰੁਬਾ ਬੜੇ ਪ੍ਰਸਿੱਧ ਤੰਤੀ ਸਾਜ਼ ਹਨ ਗੁਰੂ ਕਾਲ ਵਿੱਚ ਇਹਨਾਂ ਦਾ ਪ੍ਰਯੋਗ ਕਾਫੀ ਜ਼ਿਆਦਾ ਹੁੰਦਾ ਸੀ । ਪਰੰਤੂ ਹੌਲੀ ਹੌਲੀ ਘੱਟ ਗਿਆ । ਕੁਝ ਵਿਦਵਾਨਾਂ ਨੇ ਗੁਰੂ ਹਰਿ ਗੋਬਿੰਦ ਸਿੰਘ ਜੀ ਨੂੰ ਤਾਊਸ ਸਾਜ਼ ਦਾ ਕਰਤਾ ਮੰਨਿਆ ਹੈ[1] ਪਰ ਭਾਈ ਵੀਰ ਸਿੰਘ ਅਨੁਸਾਰ ਤਾਊਸ ਸਾਜ ਨੂੰ ਭਾਈ ਕਾਹਨ ਸਿੰਘ ਜੀ ਰਾਗੀ ਪਟਿਆਲੇ ਵਾਲਿਆਂ ਨੇ ਬਣਾਇਆ ਤੇ ਪ੍ਰਚਲਿਤ ਕੀਤਾ[2] ਤਾਊਸ ਸਾਜ਼ ਦੀ ਸ਼ਕਲ ਵੀਣਾ ਜਾਂ ਸਿਤਾਰ ਵਰਗੀ ਹੁੰਦੀ ਹੈ ਸਿਰਫ ਇਸ ਦਾ ਅਗਲਾ ਅਤੇ ਪਿਛਲਾ ਹਿੱਸਾ ਮੋਰ ਦੀ ਸ਼ਕਲ ਵਰਗਾ ਹੁੰਦਾ ਹੈ । ਜਿਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਇਸ ਸਾਜ਼ ਦਾ ਵਿਕਾਸ ਪ੍ਰਾਚੀਨ ਕਾਲ ਦੀ ਵੀਣਾ ਤੋਂ ਹੋਇਆ । ਤਾਊਸ ਵਰਗਾ ਹੀ ਸਾਜ਼ ਦਿਲਰੁਬਾ ਹੈ । ਇਸ ~~ਸ~~ ਦਾ ਸਾਈਜ਼ ਸਾਰੰਗੀ ਵਰਗਾ ਡਾਟ ਸਿਤਾਰ ਵਰਗੀ ਜਿਸ ਉਪਰ ਪਰਦੇ ਹੁੰਦੇ ਹਨ । ਇਸ ਖੇਤਰ ਦੇ ਪ੍ਰਸਿੱਧ ਕਲਾਕਾਰ ਉਸ ਪ੍ਰਕਾਸ਼ ਮੋਹਨ, ਚਤਰ ਸਿੰਘ ਮੰਨੇ ਜਾਂਦੇ ਹਨ ।

ਦਿਲਰੁਬਾ ਫਾਰਸੀ ਸ਼ਬਦ ਹੈ ਜਿਸ ਦਾ ਅਰਥ ਹੈ ਪ੍ਰਿਅ ਜਾਂ ਮਾਸ਼ੂਕ । ਇਹ

---

1. ਸਿਮ੍ਰਤੀ ਗ੍ਰੰਥ : ਅਦੁਤੀ ਗੁਰਮਤਿ ਸੰਗੀਤ ਸੰਮੇਲਨ, 1991 ; ਪੰਨਾ 41.

2. ਭਾਈ ਵੀਰ ਸਿੰਘ, ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ; ਪੰਨਾ 31.

ਸਾਜ ਅਜ ਕਲ ਵੀ ਭਾਰਤ ਵਿਚ ਪ੍ਰਚਲਿਤ ਹੈ । ਇਸ ਨੂੰ ਸਾਰੰਗੀ ਵਾਂਗ ਗਜ ਨਾਲ ਵਜਾਉਂਦੇ ਹਨ । ਗੁਰਮਤਿ ਸੰਗੀਤ ਵਿੱਚ ਅੱਜ ਵੀ ਇਸ ਦੀ ਸੰਗਤ ਲੋਕਪ੍ਰਿਅ ਹੈ । ਭਾਈ ਬਤਨ ਸਿੰਘ ਨੇ ਦਿਲਰੂਬ ਇਕ ਵਿਸ਼ੇਸ਼ ਪ੍ਰਕਾਰ ਦੀ ਬਣਾਈ ਸੀ ਜਿਸ ਵਿਚ ਤਰਬਾ ਵੀ ਸਨ । ਇਸੇ ਤਰਬਾ ਵਾਲੀ ਦਿਲਰੁਬਾ ਤੋਂ ਤਾਰ ਸਾਰੰਗੀ ਦੀ ਰਚਨਾ ਵੀ ਹੋਈ ਪਰੰਤੂ ਦੋਨਾਂ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ।

ਦਿਲਰੁਬਾ ਅਤੇ ਇਸਰਾਜ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ । ਕੇਵਲ ਸਾਈਜ਼ ਅਤੇ ਆਕਾਰ ਦਾ ਹੀ ਸੂਖਮ ਜਿਹਾ ਅੰਤਰ ਹੈ । ਦੋਹਾਂ ਦੀ ਆਵਾਜ਼ ਮਿਲਦੀ ਜੁਲਦੀ ਹੈ, ਕਈ ਵਿਦਵਾਨ ਦੋਹਾਂ ਨੂੰ ਇਕੋ ਸਾਜ਼ ਦੇ ਰੂਪ ਵਿਚ ਸਵੀਕਾਰ ਕਰਦੇ ਹਨ । ਗੁਰਮਤਿ ਸੰਗੀਤ ਵਿਚ ਇਹਨਾਂ ਦੀ ਆਧੁਨਿਕ ਹੋਂਦ ਇਸ ਗਲ ਦੀ ਗਵਾਹੀ ਭਰਦੀ ਹੈ ਕਿ ਜਿਨ੍ਹਾਂ ਤੰਤੀ ਸਾਜਾਂ ਦੀ ਪਰੰਪਰਾ ਗੁਰੂ ਨਾਨਕ ਕਾਲ ਤੋਂ ਗੁਰੂ ਗੋਬਿੰਦ ਸਿੰਘ ਕਾਲ ਤਕ ਵਿਕਸਤ ਹੋਈ ਉਹ ਅਜੇ ਵੀ ਜਾਰੀ ਹੈ ।

<u>ਮ੍ਰਿਦੰਗ/ਪਖਾਵਜ</u> :

ਪਖਾਵਜ ਅਤੇ ਮਿਰਦੰਗ ਦੇ ਭਿੰਨ ਨਾਮ ਹੋਣ ਤੇ ਵੀ ਇਹ ਦੋਵੇਂ ਸਾਜ ਦੇ ਦੋ ਨਾਮ ਹਨ, ਕੁਝ ਵਿਦਵਾਨਾਂ ਦਾ ਮੱਤ ਹੈ ਕਿ ਮਿਰਦੰਗ ਸਾਜ਼ ਮਿੱਟੀ ਦਾ ਬਣਿਆ ਹੁੰਦਾ ਸੀ ਅਤੇ ਪਖਾਵਜ ਕਾਠ ਦਾ ।"[1] ਲੇਕਿਨ ਇਸ ਪ੍ਰਕਾਰ ਦਾ ਅੰਤਰ ਵਰਤਮਾਨ ਯੁੱਗ ਵਿੱਚ ਦੇਖਣ

---

1. ਡਾਕਟਰ ਲਾਲਮਣੀ ਮਿਸ਼ਰ; <u>ਭਾਰਤੀਯ ਸੰਗੀਤਵਾਦ ;</u> ਪੰਨਾ 95.

ਵਿੱਚ ਨਹੀਂ ਆਉਂਦਾ । ਵਿਦਵਾਨਾਂ ਦੇ ਅਨੁਸਾਰ ਇਕ ਹੀ ਸਾਜ਼ ਨੂੰ ਦੱਖਣ ਵਿਚ ਮ੍ਰਿਦੰਗ ਅਤੇ ਉੱਤਰ ਵਿੱਚ ਪਖਾਵਜ ਦਾ ਨਾਮ ਦਿੱਤਾ ਗਿਆ ਹੈ ।[1] ਭਾਰਤ ਵਿਚ ਪਖਾਵਜ ਨੂੰ ਮ੍ਰਿਦੰਗ ਕਹਿਣ ਦਾ ਵੀ ਰਿਵਾਜ ਹੈ । "ਉੱਤਰੀ ਭਾਰਤੀ ਸੰਗੀਤ ਵਿੱਚ ਵਰਤੀ ਜਾਣ ਵਾਲੀ ਮਿਰਦੰਗ, ਦੱਖਣ ਭਾਰਤ ਦੇ ਮਿਰਦੰਗ ਨਾਲੋਂ ਆਕਾਰ ਪ੍ਰਕਾਰ ਅਤੇ ਆਵਾਜ਼ ਵਿੱਚ ਪੂਰਨ ਤੌਰ ਤੇ ਭਿੰਨ ਹੈ ।[2] ਤਬਲੇ ਦੀ ਉਤਪਤੀ ਤੋਂ ਪਹਿਲਾਂ ਕੇਵਲ ਮਿਰਦੰਗ ਜਾਂ ਪਖਾਵਜ ਹੀ ਕੀਰਤਨ ਦੇ ਕਾਰਜਾਂ ਵਿੱਚ ਵਰਤਿਆ ਜਾਂਦਾ ਸੀ[3] ਮੱਧਕਾਲ ਵਿਚ ਪਖਾਵਜ ਇਕ ਪ੍ਰਸਿੱਧ ਸਾਜ਼ ਸੀ ਅਤੇ ਇਹ ਲੋਕ ਸੰਗੀਤ, ਬੀਨ, ਰਬਾਬ, ਵੀਣਾ ਅਤੇ ਸੁਰ ਸ਼ਿੰਗਾਰ ਦੀ ਸੰਗਤ ਲਈ ਵਰਤਿਆ ਜਾਂਦਾ ਸੀ । ਰਬਾਬੀ ਅਤੇ ਸਿੱਖ ਰਾਗੀ ਸ਼ਬਦ ਗੀਤਾਂ ਦੇ ਗਾਇਨ ਦੇ ਨਾਲ ਮ੍ਰਿਦੰਗ ਅਤੇ ਪਖਾਵਜ਼ ਦੀ ਸੰਗਤ ਪਸੰਦ ਕਰਦੇ ਸਨ । ਕਿਉਂਕਿ ਸ਼ਬਦ ਗੀਤ ਰਚਨਾਵਾਂ ਪ੍ਰਚਲਿਤ ਧਰੁਪਦ, ਧਮਾਰ ਅਤੇ ਸਾਦਰਾ ਗੀਤ ਪ੍ਰਕਾਰਾਂ ਜਿਹੀਆਂ ਮ੍ਰਿਦੰਗ ਦੇ ਨਾਲ ਭਗਤੀ-ਸੰਗੀਤ ਦੀ ਪ੍ਰਭਾਵਾ ਉਤਪਾਦਿਕਤਾ ਵਿੱਚ ਵਿਧੀ ਹੋ ਜਾਂਦੀ ਸੀ ।[4] ਗੁਰੂ ਗ੍ਰੰਥ ਸਾਹਿਬ ਵਿੱਚ ਪਖਾਵਜ ਸਾਜ ਬਾਰੇ ਪ੍ਰਮਾਣ ਮਿਲਦਾ ਹੈ ਜੋ ਗੁਰੂ ਨਾਨਕ ਬਾਣੀ ਵਿਚੋਂ ਹੈ :-

ਵਾਜਾ ਮਤੁ ਪਖਾਵਜ ਭਾਉ
ਹੋਇ ਅਨੰਦ ਸਦਾ ਮਨ ਚਾਉ[5]

---

1. ਤਾਰਾ ਸਿੰਘ (ਡਾ.) ਵਾਦਨ ਕਲਾ ; ਪੰਨਾ 286
2. ਡਾਕਟਰ ਲਾਲਮਣੀ ਮਿਸ਼ਰ, : ਭਾਰਤੀਯ ਸੰਗੀਤਵਾਦ ; ਪੰਨਾ 95.
3. ਗੀਤਾ ਪੈਂਤਲ: ਪੰਜਾਬ ਕੀ ਸੰਗੀਤ ਪਰੰਪਰਾ ; ਪੰਨਾ 290
4. -ਉਹੀ- ਪੰਨਾ 330.
5. ਆਦਿ ਗ੍ਰੰਥ : ਆਸਾ ਮਹਲਾ 1 ; ਪੰਨਾ 350.

ਇਸੇ ਤਰ੍ਹਾਂ ਹੀ ਬਾਣੀ ਵਿੱਚ ਮ੍ਰਿਦੰਗ ਬਾਰੇ ਵੀ ਜ਼ਿਕਰ ਆਉਂਦਾ ਹੈ ।

ਘਰਿ ਘਰਿ ਬਾਬਾ ਗਾਵੀਐ
ਵਜਨਿ ਤਾਲ ਮ੍ਰਿਦੰਗ ਰਬਾਬਾ[1]

ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਮ੍ਰਿੰਦੰਗ ਦੇ ਨਾਲ ਕੀਰਤਨ ਕੀਤਾ ਜਾਂਦਾ ਸੀ ਗੁਰੂ ਸਾਹਿਬ ਯਾਤਰਾ ਸਮੇਂ ਵੀ ਮ੍ਰਿਦੰਗ ਨੂੰ ਨਾਲ ਰਖਦੇ ਸਨ ਤਾਂ ਜੋ ਲੋੜ ਅਨੁਸਾਰ ਕੀਰਤਨ ਦੇ ਨਾਲ ਸੰਗਤ ਕੀਤੀ ਜਾ ਸਕੇ । ਇਕ ਵਾਰ ਗੁਰੂ ਸਾਹਿਬ ਜੌਨਪੁਰ ਗਏ ।ਉਥੇ ਉਹ ਰਾਗੀ ਗੁਰਬਖਸ਼ ਦੇ ਘਰ ਕੁਝ ਦੇਰ ਠਹਿਰੇ ਅਤੇ ਉਸ ਨੂੰ ਕੀਰਤਨ ਕਰਨ ਲਈ ਮ੍ਰਿਦੰਗ ਬਖਸ਼ਿਆ । ਇਹ ਮ੍ਰਿਦੰਗ ਗੁਰਦਵਾਰਾ 'ਸੰਗਤ ਮ੍ਰਿਦੰਗਵਾਲੀ" (ਜੌਨਪੁਰ ਵਿਚ) ਅੱਜ ਤਕ ਸਨਮਾਨ ਸਹਿਤ ਸੰਭਾਲੀ ਹੋਈ ਹੈ ।[2] ਅੱਜ ਵੀ ਕੀਰਤਨਕਾਰ ਮ੍ਰਿਦੰਗ ਦੇ ਨਾਲ ਕੀਰਤਨ ਵਿੱਚ ਸੰਗਤ ਕਰਦੇ ਹਨ ।

ਗਹਯੋ ਦੁਤਾਰਾ ਸਿੱਖ ਕਿਹ, ਕਿਨ ਰਾਹੀ ਰਬਾਬ
ਹੁਇਨਿਸਕ ਗਾਵਹਿ ਨਕੇ ਸਭ ਭਏ ਅਜਾਬ ।[3]

ਇਸ ਤਰ੍ਹਾਂ ਹੀ ਗੁਰੂ ਰਾਮਦਾਸ ਦੀ ਨਿੱਤ ਕਿਰਿਆ ਸ਼ਬਦ ਕੀਰਤਨ ਦੇ ਸੰਬੰਧ ਵਿਚ ਫੁਰਮਾਨ ਹੈ :

---

1. ਵਾਰਾਂ ਭਾਈ ਗੁਰਦਾਸ : ਵਾਰ 24 ; ਪਉੜੀ ਚੌਥੀ
2. ਤਾਰਾ ਸਿੰਘ (ਪ੍ਰੋ.) : ਵਾਦਨ ਕਲਾ ; ਪੰਨਾ 286.
3. ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ : ਪੋਥੀ ਨੰ. 3 ; ਪੰਨਾ 426.

ਕਿਰਤਨਿ ਗਾਇ ਰਬਾਬੀ ਆਗੈ
ਧੁਨਿ ਰਬਾਬ ਕੀ ਬਾਜਨਿ ਲਾਗੈ ।[1]

ਉਪਰੋਕਤ ਹਵਾਲੇ ਤੋਂ ਇਹ ਵੀ ਪਤਾ ਚਲਦਾ ਹੈ ਕਿ ਗੁਰੂ ਕਾਲ ਵਿਚ ਰਾਗੀ ਰਬਾਬੀ ਕੀਰਤਨ ਦੇ ਆਰੰਭ ਵਿੱਚ ਸੋਹਲੋ ਬਦਨ (ਸੁਤੰਤਰ ਵਾਦਨ) ਵੀ ਕਰਦੇ ਸਨ ।

ਗੁਰੂ ਕਾਲ ਵਿੱਚ ਸਾਜਾਂ ਦੀ ਵਾਦਨ ਵਿਧੀ ਅਤੇ ਵਿਕਾਸ ਨਿਰੰਤਰ ਜਾਰੀ ਰਿਹਾ ਇਸ ਦੇ ਪ੍ਰਮਾਣ ਗੁਰੂ ਗੋਬਿੰਦ ਸਿੰਘ ਕਾਲ ਵਿਚ ਵੀ ਮਿਲਦੇ ਹਨ ਜਿਵੇਂ 1607 ਈ. ਵਿੱਚ ਸ੍ਰੀ ਗੁਰੂ ਗੋਬਿੰਦ ਜੀ ਰਾਜਸਥਾਨ ਦੇ ਇਕ ਪਿੰਡ ਨਰਾਇਣੇ ਵਿਚ ਗਏ ਜਿਥੋਂ ਦੇ ਪ੍ਰਸਿੱਧ ਸੰਤ ਦਾਦੂ ਦਿਆਲ ਦਾ ਦਿਹਾਉਰਾ ਸੀ । ਰਤਨ ਸਿੰਘ ਭੰਗੂ ਲਿਖਦਾ ਹੈ ਕਿ ਇਸ ਨਗਰ ਵਿੱਚ ਗੁਰੂ ਦਰਬਾਰ ਵਿੱਚ ਕੀਰਤਨ ਅਤੇ ਹੋਰ ਧਾਰਮਿਕ ਸਮਾਗਮਾਂ ਸਮੇਂ ਕਈ ਪ੍ਰਕਾਰ ਦੇ ਸੰਗੀਤਕ ਸਾਜਾਂ ਦੀ ਵਰਤੋਂ ਕੀਤੀ ਜਾਂਦੀ ਸੀ ਕਵੀ ਲਿਖਦਾ ਹੈ ਕਿ :

ਕਿਤ ਝਾਝ ਮ੍ਰਿਦੰਗ ਉਪੰਗ ਬਜੈ, ਕਿਤ ਦੁਇ ਕਰ ਤਾਲ ਰਬਾਬ ਬਜੈ ।।
ਜਲ ਬੀਨ ਸੁਬੀਨ ਪ੍ਰਵੀਨ ਬਜੈ, ਕਿਤ ਤਾਰ ਸਿਤਾਰ ਤੰਬੂਰ ਬਜੈ ।
ਜਣ ਕਿਨਰ ਨਾਰਦ ਹਾਹਿ ਹੂ ਹੂ, ਧੁਨ ਤੋਮਰ ਉਲੂਕ ਸੁਨ ਸਾਜ ਸਜੈ ।
ਇਸ ਠਾਠ ਠਟਯੋ ਸੁ ਹਜ਼ੂਰ ਗੁਰੂ
ਲਖ ਹੋਤ ਇਦ੍ਰਾਸਨ ਲਾਜ ਲਜੈ ।।[2]

---

1. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ : ਪੋਥੀ ਨੰ. 3 ; ਪੰਨਾ 426.
2. ਸ੍ਰੀ ਗੁਰੂ ਪੰਥ ਪ੍ਰਕਾਸ਼ (ਪਰਾਚੀਨ) ਕ੍ਰਿਤ ਭਾਈ ਰਤਨ ਸਿੰਘ ਭੰਗੂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ 1984 ; ਪੰਨਾ 118.

ਗੁਰੂ ਹਰਿ ਗੋਬਿੰਦ ਸਾਹਿਬ ਦੀ ਕੁੜਮਾਈ ਵੇਲੇ ਦੀ ਇਕ ਉਦਾਹਰਣ ਮਿਲਦੀ ਹੈ ਕਿ ਜਿਸ ਵਿਚ ਗਾਇਨ ਦੇ ਨਾਲ ਵੱਖ ਵੱਖ ਸਾਜਾਂ ਦੀ ਸੰਗਤ ਬਾਰੇ ਹਵਾਲਾ ਮਿਲਦਾ ਹੈ ਜਿਵੇਂ :

ਨੌਬਤ ਬਾਜਤਿ ਅਨੰਦ ਉਪਾਵਤ
ਮਗਲ ਸਬਦ ਕਲਾਵਤ ਗਾਵਤਿ
ਬਾਜਹਿ ਨਾਫੀਰੀ ਨਾਂਗ ਉਠਾਵਹਿ
ਨਾਢੇ ਭਾਠ ਕਬਤਿ ਸੁਨਾਵਹਿ ।।[1]

ਇਸ ਤਰ੍ਹਾਂ ਹੀ ਇਕ ਉਦਾਹਰਣ ਸਾਜਾਂ ਦੇ ਸੰਬੰਧ ਵਿੱਚ ਹੋਰ ਮਿਲਦੀ ਹੈ :

ਲਘੂ ਦੁੰਦਭਿ ਗਨ ਸੰਗ ਨਫੀਰਨ ਬਾਜ ਲਗੇ ਦੁਰਗ ਸੁ ਦਬਰ
ਭਾਟ ਕਲਾਵਹਿ ਕਰਤਿ ਰਾਗ ਧੁਨਿ, ਬਜਹਿ ਮਿਰਦੰਗ ਰਬਾਬ, ਸਿਤਾਰ[2]

ਇਸ ਪ੍ਰਕਾਰ ਗੁਰੂ ਨਾਨਕ ਕਾਲ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਕਾਲ ਤੱਕ ਜਿਥੇ ਗੁਰੂ ਦਰਬਾਰਾਂ ਵਿਚ ਗੁਰਮਤਿ ਸੰਗੀਤ ਦਾ ਵਿਕਾਸ ਹੋਇਆ ਉਥੇ ਨਾਲ ਨਾਲ ਸਾਜਾਂ ਦੀ ਸੰਗਤ ਅਤੇ ਸੁਤੰਤਰ ਪੇਸ਼ਕਾਰੀ ਵੀ ਨਿਰੰਤਰ ਹੁੰਦੀ ਰਹੀ ਜਿਸ ਤੋਂ ਸਾਜਾਂ ਦੇ ਵਿਕਾਸ ਅਤੇ ਉਹਨਾਂ ਦੀ ਵਾਦਨ ਸ਼ੈਲੀ ਬਾਰੇ ਅਨੇਕਾਂ ਹਵਾਲੇ ਮਿਲਦੇ ਹਨ ਜਿਵੇਂ :

---

1. ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ : ਪੋਥੀ ਨੰ. 6 ; ਪੰਨਾ 2244.
2. -ਉਹੀ- ਪੋਥੀ ਨੰ. 5 ; ਪੰਨਾ 1448.

ਸਾਜ ਸਾਜ ਸੁਰ  ਸਾਜ ਪਹੁਚੇ ਵਿਰ ਮਹਾਰਾਜ ਆਏ
ਸਿਵ ਬ੍ਰਹਮ ਬਰੁਨ ਰਨਿਪ੍ਰਹਿ ਸੁਰਿੰਦ੍ਰਿਦਾ
ਰਿਖਿ ਮੁਨ ਸੁਰ ਪ੍ਰਿਤਰਾਜ ਪਟਦੇ ਲੈ ਲੈ ਸਮਾਜ ਨ੍ਰਿਪਤਿ
ਨਰ ਸਕਲ ਜੁਰੇ ਗਾਵਹਿ ਗੁਨਛੰਦਾ ।
ਕਿਨੌਰ ਗੰਧ੍ਰਬ ਬਰੰਗ ਜੱਛ ਮੇ ਘਨ ਉਮਗ ਗਾਵਹਿ ਸਭ
ਮਗਨ ਚਾਰ ਬੰਦਤ ਬ ਮੇਵ ਚੰਦਰਾ ।।
ਨ੍ਰਿਤਹਿ ਅਪਛਰ ਬਰੰਗ ਬਾਜਤ ਮਹਾਨ ਮ੍ਰਿਦੰਗ
ਭਾਵਖ ਕਵਿ ਮੰਗਲ ਚਾਰ ਆਰਤੀ ਗਬਿਦਾ ।।[1]

ਇਸ ਤਰ੍ਹਾਂ ਹੀ ਗ੍ਰੰਥਾਂ ਵਿਚ ਹੋਰ ਵੀ ਸਾਜਾਂ ਸੰਬੰਧੀ ਕੁਝ ਮਹੱਤਵਪੂਰਨ ਬਿਉਰੇ ਇਕ ਪ੍ਰਕਾਰ ਹਨ ।

- ਦੁੰਦਭਿ ਪਖਾਵਜ ਮੁਰਜ ਮੁਹਵਰ ਬੀਨ ਬੰਸੀ ਭੇਰਿ ਹੈ ।
ਸਹਨਾਇ ਤੂਰ ਤੰਬੂਰ ਬੇਨਨ ਸੰਖ ਘੰਟ ਘਨੇਰ ਹੈ ।।
- ਮਦਲ ਤਰੰਗਨ ਬਾਰਿਨੀ ਮੁਰਲੀ ਤੰਬੂਰਨ ਬੇਨੁ ਹੈ ।
ਡਉਰੂ ਮੁੰਚਰਨ ਜਲ ਤਰੰਗਨ ਨਾਇ ਧੌਸਾ ਵੇਨੁ ਹੈ ।।
- ਝਾਝਰ ਬਨੇਸਾ ਤਾਲ ਤੂਰਨ ਖਰਜ ਖੂਰਦਕ ਭੀਨ ਹੈ ।
ਨੋਬਤ ਦਮਾਮਨ ਦੀਹ ਦਾਰੁਨ ਡੰਕ ਮਾਰਨੁ ਚੀਕ ਹੈ ।।

---

1. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ : ਪੋਥੀ ਪਹਿਲੀ ; ਪੰਨਾ 192.

\- ਤੁਰਹੀ ਤਬਲ ਦੰਮਲ ਘੁਰਲੀ ਪੀਲ ਸੁਤਰੀ ਨਾਦੁ ਹੈ ।
ਬਟ ਭਾਤ ਬਾਜਨ ਜੁੱਖ ਜੁੱਖਨ ਬਜਤਿ ਉਠਤ ਬਿਖਾਦ ਹੈ ।[1]

ਇਸ ਪ੍ਰਕਾਰ ਸਾਜਾਂ ਦੀ ਪੇਸ਼ਕਾਰੀ ਅਤੇ ਸੰਗਤ ਸੰਬੰਧੀ ਹਰੇਕ ਗੁਰੂ ਕਾਲ ਵਿੱਚ ਆਏ ਹਵਾਲਿਆਂ ਤੋਂ ਇਹ ਸਾਬਤਹੁੰਦਾ ਹੈ ਕਿ ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਵਿਚ ਸਾਜਾਂ ਦੀ ਵਰਤੋਂ ਸਦਾ ਹੀ ਹੁੰਦੀ ਆਈ ਹੈ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਾਨਪੁਰਾ[2] ਦਾ ਕਿਰਿਆਤਮਕ ਰੂਪ ਵਿੱਚ ਪ੍ਰਚਲਨ ਇਸ ਗਲ ਦੀ ਸਾਖਸ਼ੀ ਹੈ ਕਿ ਗੁਰਮਤਿ ਸੰਗੀਤ ਵਿੱਚ ਤੰਤੀ ਸਾਜ਼ਾਂ ਨੂੰ ਪੂਰਨ ਰੂਪ ਵਿਚ ਅਪਣਾਇਆ ਗਿਆ ਅਤੇ ਗੁਰਮਤਿ ਸੰਗੀਤਦੀ ਸਹੀ ਗਾਇਨ ਵਿਧੀ ਇਨ੍ਹਾਂ ਸਾਜ਼ਾਂ ਦੀ ਸੰਗਤ ਕੀਤੇ ਜਾਣ ਤੋਂ ਹੀ ਪ੍ਰਾਪਤ ਹੋ ਸਕਦੀ ਹੈ । ਇਹ ਸਾਜ਼ ਕਿਉਂ ਜੋ ਮੂਲ ਰੂਪ ਵਿੱਚ ਭਾਰਤੀ ਸੰਗੀਤ ਵਿੱਚ ਪ੍ਰਚਾਰ ਵਿੱਚ ਰਹੇ ਹਨ ਅਤੇ ਇਨਾਂ ਸਾਜ਼ਾਂ ਨੂੰ ਗੁਰਮਤਿ ਸੰਗੀਤ ਦੀ ਮੌਲਿਕ ਗਾਇਨ ਵਿਧੀ ਅਨੁਸਾਰ ਨਵ ਸਰੂਪ ਦਿੱਤਾ ਗਿਆ ਹੈ ।

ਵਰਤਮਾਨ ਸਮੇਂ ਇਨ੍ਹਾਂ ਸਾਜਾਂ ਦਾ ਪ੍ਰਯੋਗ ਨਾ ਮਾਤਰ ਹੀ ਹੋ ਰਿਹਾ ਹੈ ਇਨ੍ਹਾਂ ਤੰਤੀ ਸਾਜ਼ਾਂ ਤੋਂ ਬਿਨਾਂ ਗੁਰਮਤਿ ਸੰਗੀਤ ਦਾ ਮਹੱਤਵਪੂਰਨ ਸਾਜ਼ ਜੋੜੀ ਜਾਂ ਤਬਲਾ ਹੈ । ਪੁਰਾਤਨ ਸਮੇਂ ਵਿੱਚ ਆਕਾਰੀ ਆਟੇ ਦੇ ਪਾਸੇ ਤਬਲਿਆਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਜੋ ਗੁਰਮਤਿ ਗਾਇਕੀ ਦੀ ਗੰਭੀਰਤਾ ਨੂੰ ਪੂਰਨ ਰੂਪ ਵਿੱਚ ਕਾਇਮ ਰੱਖਣ ਹਿਤ ਸਹਾਈ ਹੁੰਦੇ

---

1. <u>ਸ਼੍ਰੀ ਗੁਰ ੪ ਪ੍ਰਤਾਪ ਸੂਰਜ ਗ੍ਰੰਥ</u> : ਪੋਥੀ ਪਹਿਲੀ ; ਪੰਨਾ 192.
2. <u>ਸਿਮ੍ਰਤੀ ਗ੍ਰੰਥ</u> : ਅੱਠਵੀਂ ਗੁਰਮਤਿ ਸੰਗੀਤ ਸੰਮੇਲਨ ; 1991, ਪੰਨਾ 42.

ਸ਼ਨ । ਜੋੜੀ ਵਾਦਨ ਦੀ ਇਕ ਵਿਸ਼ੇਸ਼ ਪਰੰਪਰਾ ਜਿਸ ਦਾ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਜਤਿ' ਵਜੋਂ ਦਰਜ ਹੈ[1] ਇਸ ਗੱਲ ਦਾ ਪ੍ਰਮਾਣ ਹੈ ਕਿ ਜੋੜੀ ਵਾਦਨ ਦੀ ਪਰੰਪਰਾ ਦਾ ਵਿਸਤਰਿਤ ਰੂਪ ਵਿੱਚ ਪ੍ਰਚਾਰ ਰਿਹਾ ।

ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਵਿੱਚ ਸਾਜਾਂ ਦਾ ਵਿਧੀਵਤ ਪ੍ਰਯੋਗ ਵੀ ਹੋਇਆ ਤੇ ਗੁਰੂ ਸਾਹਿਬਾਨ ਨੇ ਇਸ ਨੂੰ ਵਿਕਸਤ ਵੀ ਕੀਤਾ ।

## ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਕੀਰਤਨ ਕੇਂਦਰਾ ਦਾ ਵਿਕਾਸ

ਗੁਰੂ ਸਾਹਿਬਾਨ ਨੇ ਆਪਣੀ ਬਾਣੀ ਨੂੰ ਲੋਕਾਈ ਤੱਕ ਸੰਚਾਰਿਤ ਕਰਨ ਲਈ ਅਤੇ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਵਹਾਰਿਕ ਰੂਪ ਵਿੱਚ ਸਥਾਪਿਤ ਕਰਨ ਲਈ ਕੀਰਤਨ ਕੇਂਦਰਾ ਦੀ ਸਥਾਪਨਾ ਕੀਤੀ । ਇਹਨਾਂ ਕੀਰਤਨ ਕੇਂਦਰਾਂ ਤੇ ਸਭ ਨੂੰ ਕੀਰਤਨ ਕਰਨ-ਸੁਣਨ ਦਾ ਆਦੇਸ਼ ਦਿਤਾ । ਕਰਤਾਰ ਤੋਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਤੱਕ ਇਨ੍ਹਾਂ ਕੀਰਤਨ ਕੇਂਦਰਾਂ ਦਾ ਵਿਕਾਸ ਗੁਰਮਤਿ ਸੰਗੀਤ ਦੇ ਵਿਕਾਸ ਨਾਲ ਸਿਧੇ ਤੌਰ ਤੇ ਜੁੜਿਆ ਹੋਇਆ ਹੈ । ਇਨ੍ਹਾਂ ਕੀਰਤਨ ਕੇਂਦਰਾਂ ਵਿੱਚ ਭਾਈ ਮਰਦਾਨੇ ਤੋਂ ਲੈ ਕੇ ਇਸੇ ਖ਼ਾਨਦਾਨ ਦੇ ਘਰਾਣੇਦਾਰ ਰਬਾਬੀ ਭਾਈ ਸੱਤਾ ਤੇ ਬਲਵੰਡ ਇਸ ਖੇਤਰ ਵਿੱਚ ਕਾਰਜਸ਼ੀਲ ਹਨ । ਇਹਨਾਂ ਕੀਰਤਨ ਕੇਂਦਰਾਂ ਵਿੱਚ ਹੀ ਰਬਾਬ, ਸਾਰੰਦਾ, ਤਾਊਸ ਵਰਗੇ ਗੁਰਮਤਿ ਸੰਗੀਤ ਵਿਚ ਪ੍ਰਵਾਹਿਤ ਤੰਤੀ ਸਾਜ ਦੀ ਧੁਨੀ

---

1. ਆਦਿ ਗ੍ਰੰਥ : ਬਿਲਾਵਲ ਮਹਲਾ 1 ਥਿਤੀ ਘਰੁ 10 ਜਤਿ ; ਪੰਨਾ 838.

ਗੂੰਜੀ ਅਤੇ ਇਹਨਾਂ ਸਾਜ਼ਾਂ ਨਾਲ ਗੁਰੂ ਸਾਹਿਬਾਨ ਨੇ ਆਪ ਵੀ ਕੀਰਤਨ ਕੀਤਾ ।

ਗੁਰੂ ਸਾਹਿਬਾਨ ਨੇ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਅੰਮ੍ਰਿਤਸਰ, ਆਨੰਦਪੁਰ ਸਾਹਿਬ ਪੰਜ ਕੀਰਤਨ ਕੇਂਦਰਾਂ ਦੀ ਸਥਾਪਨਾ ਕਰਕੇ ਗੁਰਮਤਿ ਸੰਗੀਤ ਦੇ ਇਤਿਹਾਸ ਵਿੱਚ ਵੱਡਮੁੱਲਾ ਯੋਗਦਾਨ ਹੀ ਨਹੀਂ ਪਾਇਆ ਸਗੋਂ ਇਸ ਨੂੰ ਵਿਕਸਤ ਰੂਪ ਵਿੱਚ ਅਗਾਂਹ ਵੀ ਤੋਰਿਆ । ਕੁਝ ਪ੍ਰਾਚੀਨ ਸਾਜ਼ਾਂ ਦੇ ਚਿਤ੍ਰ ਪੰਨਾ ੫੮੦ ਤੋਂ ੫੮੬ ਤਕ ਦਿਖਾਏ ਗਏ।

<u>ਕੀਰਤਨ ਕੇਂਦਰਾਂ ਦੀ ਸਥਾਪਨਾ</u> :

ਧਰਮਸ਼ਾਲਾ ਅਤੇ ਘਰਾਂ ਅੰਦਰ ਕੀਰਤਨ ਕਰਨ ਦੀ ਮਰਯਾਦਾ ਗੁਰੂ ਨਾਨਕ ਸਾਹਿਬ ਵੇਲੇ ਹੀ ਸਥਾਪਤ ਹੋ ਗਈ ਸੀ । ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਇਸ ਗੱਲ ਦਾ ਵਰਨਣ ਮਿਲਦਾ ਹੈ :

ਘਰਿ ਘਰਿ ਅੰਦਰ ਧਰਮਸ਼ਾਲ ਹੋਵੈ ਕੀਰਤਨ ਸਦਾ ਵਿਸੋਆ ।।[1]

ਘਰਾਂ ਅੰਦਰ ਕੀਰਤਨ ਗਾਇਨ ਕਰਨ ਦੀ ਵਡਿਆਈ ਦਾ ਸੰਕੇਤ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਵਿੱਚ ਵੀ ਮਿਲਦਾ ਹੈ :

ਬਾਬਾ ਜੈ ਘਰਿ ਕਰਤੇ ਕੀਰਤ ਹੋਇ ।।
ਸੋ ਘਰੁ ਰਾਖੁ ਵਡਾਈ ਤੋਇ ।।[2]

---

1. ਵਾਰ ਭਾਈ ਗੁਰਦਾਸ : ਵਾਰ 1 ; ਪਉੜੀ 27.

2. <u>ਆਦਿ ਗ੍ਰੰਥ</u> : ਗਉੜੀ ਮਹਲਾ 1 ; ਪੰਨਾ 12.

ਸ੍ਰੀ ਗੁਰੂ ਨਾਨਕ ਦੇਵ ਜੀ ਸਮੇਂ ਹੀ ਕਰਤਾਰਪੁਰ ਕੀਰਤਨ ਕੇਂਦਰ ਵਜੋਂ ਸਥਾਪਿਤ ਹੋਇਆ । ਕਰਤਾਰ ਵਿਖੇ ਸਵੇਰ ਸ਼ਾਮ ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ ਸੀ ਜਿਸ ਬਾਰੇ ਭਾਈ ਗੁਰਦਾਸ ਲਿਖਦੇ ਹਨ :

ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ।
ਗੁਰਮੁਖਿ ਭਾਰ ਅਥਰਬਣਹਾਰਾ ।।[1]

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਰੰਭੀ ਪ੍ਰੰਪਰਾ ਨੂੰ ਠੋਸ ਲੀਹਾਂ ਤੇ ਅੱਗੇ ਵਧਾਇਆ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅੰਮ੍ਰਿਤ ਵੇਲੇ ~~xxxx~~ ਆਸਾ ਦੀ ਵਾਰ ਗਾਉਣ ਦੀ ਰੀਤ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਕਰਤਾਰਪੁਰ ਸਥਾਪਨਾ ਕੀਤੀ[2] ਉਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਆ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿਕਰ ਹੈ :

ਫੇਰਿ ਵਸਾਇਆ ਫੇਰ ਆਇ ਸਤਿਗੁਰ ਖਾਡੂਰ[3]

ਇਸ ਦੀ ਸਾਖੀ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਭਰੀ ਹੈ ।

"ਗੁਰੂ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ ।
ਦਿਤਾ ਛੋਡਿ ਕਰਤਾਰਪੁਰ ਬੈਠਿ ਖਡੂਰੇ ਜੋਤਿ ਜਗਾਈ ।।[4]

---

1. ਵਾਰਾਂ ਭਾਈ ਗੁਰਦਾਸ : ਵਾਰ 38 ; ਪਉੜੀ ਪਹਿਲੀ
2. ਸਿੰਘ ਸਭਾ ਪਤ੍ਰਿਕਾ, : ਸ੍ਰੀ ਅੰਮ੍ਰਿਤਸਰ, ਫਰਵਰੀ,1978 ; ਪੰਨਾ 24.
3. ਆਦਿ ਗ੍ਰੰਥ : ਪੰਨਾ 967.
4. ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ ; ਪਉੜੀ 15.

ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਖਾਡੂਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਨਿਯੁਕਤ ਕੀਤਾ ਉਨ੍ਹਾਂ ਨੇ ਕਰਤਾਰਪੁਰ ਤੋਂ ਆ ਕੇ ਵੀ ਗੁਰੂ ਸਾਹਿਬ ਵਲੋਂ ਚਲਾਈ ਹੋਈ ਕੀਰਤਨ ਦੀ ਪਰੰਪਰਾ ਨੂੰ ਉਸੇ ਤਰ੍ਹਾਂ ਹੀ ਜਾਰੀ ਰਖਿਆ ।

ਗੁਰੂ ਅਮਰਦਾਸ ਜੀ ਵੇਲੇ ਗੋਇੰਦਵਾਲ ਸਾਹਿਬ ਸਿੱਖੀ ਦਾ ਪ੍ਰਚਾਰ ਕੇਂਦਰ ਬਣਿਆ । ਇਸ ਤਰ੍ਹਾਂ ਕੀਰਤਨ ਦਾ ਤੀਜਾ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਸਥਾਪਿਤ ਹੋ ਗਿਆ ।

ਫੇਰਿ ਵਸਾਇਆ ਗੋਇੰਦਵਾਲੁ
ਅਚਰਜੁ ਖੇਲੁ ਨਾ ਲਖਿਆ ਜਾਈ ।।[1]

ਗੁਰੂ ਸਾਹਿਬ ਨੇ ਸਤਿਗੁਰੂ ਜੀ ਦੇ ਪਿਆਰੇ ਗੁਰਸਿੱਖਾਂ ਨੂੰ ਬਾਣੀ ਗਾਉਣ ਦੀ ਪ੍ਰੇਰਨਾ ਦਿੱਤੀ :

ਆਵਹੁ ਸਿੱਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ ।
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ ।।[2]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਵੇਲੇ ਗੁਰਮਤਿ ਸੰਗੀਤ ਨੇ ਕਾਫੀ ਤਰੱਕੀ ਸਰਦਾਰ ਦਲਜੀਤ ਸਿੰਘ ਅਨੁਸਾਰ ਕੀਰਤਨ ਦੀਆਂ ਵਿਧੀਵਧ ਸਿਖਲਾਈ ਦੀਆਂ ਕਲਾਸਾਂ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ੁਰੂ ਕੀਤੀਆਂ[3] ਆਪ ਜੀ ਨੇ ਕੀਰਤਨ ਦੇ ਨਵੇਂ ਕੇਂਦਰਾਂ ਹਿਤ

---

1. ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ ; ਪਉੜੀ 28.

2. ਆਦਿ ਗ੍ਰੰਥ : ਪੰਨਾ 920.

ਤਰਨਤਾਰਨ ਸਾਹਿਬ ਵਿਖੇ ਤਲਾਬ ਬਣਵਾਇਆ ਤੇ ਕਰਤਾਰਪੁਰ (ਜਲੰਧਰ) ਵਸਾਇਆ ਗੁਰੂ ਅਰਜਨ ਦੇਵ ਜੀ ਵੇਲੇ ਕੀਰਤਨ ਦਾ ਮੁੱਖ ਕੇਂਦਰ ਅੰਮ੍ਰਿਤਸਰ ਸੀ ।

ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਵਾਂ ਗੁਰਮਤਿ ਸੰਗੀਤ ਦਾ ਕੇਂਦਰ ਪ੍ਰਚਾਰ ਆਨੰਦਪੁਰ ਸਾਹਿਬ ਬਣਵਾਇਆ ਉਥੇ ਸਵੇਰ ਸ਼ਾਮ ਗੁਰਬਾਣੀ ਦਾ ਮਨੋਹਰ ਕੀਰਤਨ ਦੀ ਰੀਤ ਜਾਰੀ ਸੀ । ਗੁਰੂ ਗੋਬਿੰਦ ਸਿੰਘ ਲੱਖਾਂ ਫੌਜੀ ਦੁਸ਼ਮਨਾਂ ਵਿੱਚ ਘਿਰੇ ਹੋਏ ਵੀ ਆਸਾ ਦੀ ਵਾਰ ਦਾ ਆਨੰਦ ਮਾਣਦੇ ਸਨ ।[1]

ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਦੇ ਸੰਦਰਭ ਵਿੱਚ ਉਪਰੋਕਤ ਵਿਚਾਰ ਤੋਂ ਇਹ ਗਲ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਗੁਰੂ ਸਾਹਿਬਾਨ ਨੇ ਬਾਣੀ ਰਚੀ ਤੇ ਇਸ ਕ੍ਰਿਆਤਮਕ ਪ੍ਰਬੰਧ ਵਿੱਚ ਯੋਗਦਾਨ ਪਾ ਕੇ ਇਸ ਨੂੰ ਪ੍ਰਫੁੱਲਤ ਕੀਤਾ । ਨਵੇਂ ਨਵੇਂ ਸਾਜ ਕੀਰਤਨ ਪ੍ਰਬੰਧ ਵਿੱਚ ਲਿਆ ਕੇ ਸੰਗੀਤਕ ਪੱਖੋਂ ਮਾਲਾ ਮਾਲ ਕੀਤਾ ।

ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਪ੍ਰਬੰਧ ਵਿੱਚ ਲੋਕ ਸ਼ੈਲੀਆਂ ਤੇ ਸ਼ਾਸਤਰੀ ਸ਼ੈਲੀਆਂ ਨੂੰ ਪ੍ਰਬੰਧ ਅਧੀਨ ਲਿਆ ਕੇ ਨਵੇਂ ਰਾਗ ਪ੍ਰਚਲਿਤ ਕੀਤੇ । ਉੱਤਰੀ ਸੰਗੀਤ ਸ਼ੈਲੀਆਂ ਤੇ ਦੱਖਣੀ ਸੰਗੀਤ ਸ਼ੈਲੀਆਂ ਦਾ ਪ੍ਰਯੋਗ ਕਰਕੇ ਨਵੇਂ ਰੂਪ ਸਿਰਜੇ ਗੁਰਮਤਿ ਸੰਗੀਤ ਦੇ ਵਿਕਾਸ ਵਿੱਚ ਗੁਰ ਸ਼ਬਦ-ਕੀਰਤਨ ਨੂੰ ਸਿੱਖੀ ਜੀਵਨ ਦੇ ਰੋਜ਼ਾਨਾਂ ਦੇ ਨਿਤਨੇਮ ਵਜੋਂ ਦਰਸਾ ਕੇ ਗੁਰੂ ਸਾਹਿਬ ਨੇ ਇਸ ਦੇ ਵਿਵਹਾਰਿਕ ਰੂਪ ਦਾ ਵਿਸ਼ੇਸ਼ ਉਜਾਗਰ ਕੀਤੀ । ਬਾਣੀ ਤੇ ਕੀਰਤਨ ਸਿੱਖ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ ।

---

1. ਏ.ਐਸ.ਗੋਸਲ : ਸਿੱਖ ਧਰਮ ਅਤੇ ਸੰਗੀਤ ; ਪੰਨਾ 76.

## ਛੰਤ

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰ ਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥ ॥

| | | | | | | | | | | | |
|---|---|---|---|---|---|---|---|---|---|---|---|
| x | | 0 | | 2 | | 0 | | 3 | | 4 | |
| | | | | | | | | | | | ਧ |
| | | | | | | | | | | | ਜਿਥੈ |
| ਪਧ | ਸਾਂਨੀ | ਧਪ | ਗ | -ਰੇ | -ਸਾ | ਰੇ | ਸਾ | — | — | — | ਸਾ |
| ਜਾ ऽ | ऽऽ | ਇਬ | ਹੈ | ऽ ਮੇ | ऽ ਰਾ | ਸਤਿ | ਗੁਰੂ | ऽ | ऽ | ऽ | ਸੋ |
| ਮ | ਮਮ | -ਗ | ਪ | ਪਪ | ਧ | ਪਧ | ਸਾਂਨੀ | ਧਪ | ਗ | -ਰੇ | -ਸਾ |
| ਥਾਨੁ | ਸੁਹਾ | ऽ ਵਾ | ਰਾਮ | ਰਾਜੇ | ਗੁਰ | ਸਿਖੀ | ऽऽ | ऽऽ | ਸੋ | ऽਥਾ | ऽਨੁ |
| ਰੇ | ਸਾ | — | — | — | ਸਾ | ਮ | ਮਮ | -ਗ | ਪ | ਪਪ | ਧ |
| ਭਾ | ਲਿਆ | ऽ | ऽ | ऽ | ਲੈ | ਧੂ | ਰਮੁ | ऽਖਿ | ਲਾ | ਵਾऽ | ਗੁਰ |
| ਪਧ | ਸਾਂਨੀ | ਧਪ | ਗ | -ਰੇ | -ਸਾ | ਰੇ | ਸਾ | — | — | — | ਸਾ |
| ਸਿਖਾ | ऽऽ | ऽऽ | ਕੀ | ऽਘਾ | ऽਲ | ਥਾਇ | ਪਈ | ऽ | ऽ | ऽ | ਜਿਨ ਹਰਿ |
| ਮ | -ਮ | -ਗ | ਪ | ਪਪ | ਧ | ਪਧ | ਸਾਂਨੀ | ਧਪ • | ਗ | ਰੇ | -ਸਾ |
| ਨਾ | ऽਮੁ | ऽਧਿ | ਆ | ਵਾऽ | ਜਿਨ | ਨਾऽ | ऽऽ | ਨਕੁ | ਸ | ਤਿਗੁ | ऽਰੁ |
| ਰੇ | ਸਾ | — | — | — | ਸਾਂ | ਸਾਂ | -ਰੇਂ | -ਸਾਂ | ਨੀ | ਧ | |
| ਪੂ | ਜਿਆ | ऽ | ऽ | ऽ | ਤਿਨ ਹਰਿ | ਪੂ | ऽਜ | ऽਕ | ਰਾ | ਵਾ | |

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥

ਆਸਾ ਮਹਲਾ ੧ ॥

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥

ਸਲੋਕ ਮ: ੧ ॥

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥
ਮਹਲਾ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ॥
ਮ: ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ ॥
ਪਉੜੀ ॥ ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥

## ਸਲੋਕ ਤੇ ਪਉੜੀ

ਸਾ - - - - - - - - - - - - - - -
ੴ ਸ ਤਿ ਨਾ ਮੁ ਕ ਰ ਤਾ ਪੁ ਰ ਖੁ ਨਿ ਰ ਭ ਉ
- - ਰੇਂ ਨੀ ਸਾ ਨੀ ਧ ਪ ਮ - - - - - -
ਨਿ ਰ ਵੈ ਰ ऽ ऽ ऽ ऽ ਅ ਕਾ ਲ ਮੂ ਰ ਤਿ ਅ
ਮ - - - - - - - ਧ - - - - -
ਜੂ ਨੀ ਸੈ ਭੰ ਗੁ ਰ ਪ੍ਰ ਸਾਦਿ ਆ ਸਾ ਮ ਹ ਲਾ ੧

– – – – – – – – – ਪ – – – – –

ਹਿ ਸਾ ਦਾ ਰ ਸ ਤੋ ਰਾ ਨਾ ਇਸ ਸ ਤੋ ਕ ਤੀ ਮ ਹ

– – – – – ਧ ਪ ਮ ਗ ਗ ਰੇ ਸਾ ਮ – –

ਤੇ ਪ ਹਿ ਤੇ ਕੇ ਇਸ ਖੇਂ ऽ ऽ ऽ ऽ ऽ ਦੈ ਤੇ ਅ

– – – – ਧ ਮ ਗ ਸਾ ਰੇ ਗ ਰੇ ਰੇ ਰੇ ਸਾ –

ਸ ਰਾ ਜੈ ਕੀ ਧੁ ऽ ਨੀ ਸ ਤੋ ਕੁ ਮ ਹ ਸਾ ਪ ਹਿ

– ਸਾਂ – – – – – – – – ਨੀ ਧ – – –

ਸਾ ਘ ਸ ਹਾ ਰੀ ਗੁ ਰ ਆ ਪ ਦੇ ऽ ऽ ਇ ਉ ਹਾ

– – – – – ਪ – – – – – – – – –

ਤੀ ਸ ਦ ਦਾ ਰ ऽ ऽ ऽ ਇਸ ਇਨ ਆ ਦ ਸ ਤੇ ਦੇ

– – – ਧ ਪ ਮ ਗ ਰੇ ਸਾ – ਰੇ ਮ ਗ ਰੇ ਸਾ

ਦ ਤੇ ਕੀ ਦੇ ऽ ऽ ऽ ऽ ਕ ਰ ਤ ਨ ਸਾ ऽ ਰੀ

ਸਾ ਰੇ ਗ ਰੇ ਸਾ ਮ – – – – – – – – –

ਦਾ ऽ ऽ ਰ ऽ ਮ ਹ ਸਾ ਦੂ ਜਾ ਨੇ ਸ ਉ ਚੈ ਦਾ

– – – ਮ – – – – – – – – – ਪ – – – – – – – – –

ਉ ਗ ਦ ਹਿ ਸੁ ਰ ਜ ਚ ਤ ਹਿ ਹ ਜਾ ਰ ਦੇ ਤੇ ਚਾ ਨ ਦ ਹੋ ਇ ਆ ਗੁ

— — — — — — — — — — — — — —

ਰ ਬਿ ਨੁ ਘੋ ਰ ਅੰ ਧਾ ਰ ਮ ਰ ਸਾ ਪ ਰਿ ਸਾ

ਧ — — — — — — — — — — — — — ਧ — — ਪ ਧ ਮੰ ਨੀ ਧ

ਨਾ ਨ ਕ ਗੁ ਰੂ ਨ ਚੇ ਤ ਨੀ ਮਨਿਆ ਪ ਣੈ ਸੁ ਚੇ ऽ ऽ ऽ ऽ

ਪ ਧ ਧ ਸਾਂ ਸਾਂ — — — — — — — ਸਾਂ — — — — — — — —

ਤ ऽ ऽ ऽ ਛੁ ਟੈ ਤਿ ਲ ਬੂ ਆ ੜ ਜਿ ਉ ਸੁੰ ਞੇ ਅੰ ਦ ਰ ਖੇ ਤ

ਨੀ — — — — — — ਸਾਂ — — — — — — — — — — — — ਰੇ — — —

ਖੇ ਤੈ ਅੰ ਦ ਰਿ ਛੁ ਟਿ ਆਂ ਕ ਹੁ ਨਾ ਨ ਕ ਸ ਉ ਨਾ ਹ ਫ ਲੀ ਅ ਹਿ

ਰੇ — — — ਸਾ — —

ਫੁ ਲੀ ਅ ਹਿ ਬ ਪੁ ੜੇ

ਤਾਰ ਪਉੜੀ

| 1 | 2 | 3 | 4 | 1 | 2 | 3 | 4 |
|---|---|---|---|---|---|---|---|
| | | | | ਸਾਂ | — | — | — |
| | | | | ਭੀ | ਤਨ | ਵਿਚਿ | ਸੁਆਹ |
| ਸਾਂ | ਸਾਂ | ਧਨੀ | ਪਧ | ਸਾਂ | ਸਾਂ | — | — |
| ਪਉੜੀ, | ਆਪੀ | ਨ੍ਹੈ | ਆਪੁ | ਸਾ | ਜਿਓ | ऽ | ऽ |

ਸਾਂ ਸਾਂ ਸਾਂ ਧ — — ਧਨੀ ਪਧ

ਆ ਪੀ ਹੈ ऽ ऽ ऽ ਰ ਵਿਚੁ

ਸਾਂ ਸਾਂ — —

ਨਾ ਉ ऽ ऽ ( ਬਾਕੀ ਸਤਰਾਂ ਇਸੇ ਤਰ੍ਹਾਂ ਹੀ ਗਾਈਆਂ ਜਾਂਦੀਆ ਹਨ )

(ਇਸ ਦਾ ਸੁਰਾਆ ਵਿਸਥਾਰ ਤਿਹਾਈ ਨਾਲ ਕੀਤਾ ਜਾਂਦਾ ਹੈ )

ਸਾਂ ਸਾਂ ਸਾਂ ਰੇਂਸਾਂ ਧ — ਸਾਂ ਨੀਧ

ਕਰਿ ਆ ਸ ਦੁ ऽ ऽ ਵਿ ਤੇ

ਸਾਂ ਸਾਂ — ਸਾਂ ਨੀਧ ਸਾਂ ਸਾਂ —

ਚਾ ਉ ऽ ਵਿ ਤੇ ਚਾ ਉ ऽ

ਸਾਂ ਨੀ ਧ ਸਾਂ ਸਾਂ

ਵਿ ਤੇ ऽ ਚਾ ਉ

## ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀਂ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥

(ਆਦਿ ਗ੍ਰੰਥ , ਪੰਨਾ 1108)

ਰਾਗ- ਤੁਖਾਰੀ ਤਿੰਨਤਾਲ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਨ਼ੀ | ਸਾ | - | ਮੰ | ਗ | ਗਮੰ | ਪ | ਮੰ |
| | | | | | | | | ਸਾ | ਵ | ਣਿ | ਸ | ਰ | ਸऽ | ऽ | ਮ |
| (ਪ) - | ਪ | - | ਮੰ | ਗ | ਰੇ | ਸਾ | ਧ | ਧ | ਧ | - | ਨੀ | ਧ | ਪ | - | |
| ਨਾ | ऽ | ਘ | ਣ | ਣ | ਰ | ਸ | ਹਿ | ਘ | ਣ | ਣ | ਰ | ਸ | ਹਿ | ਰੁ | ਤਿ |
| ਗ | - | ਪਧ | ਪਮੰ | ਗ | ਰੇ | ਸਾ | - | ਗ | - | ਮੰ | - | ਪ | ਪ | ਨੀ | - |
| ਆ | ऽ | ऽऽ | ऽऽ | ऽ | ऽ | ਏ | ऽ | ਮੈਂ | ऽ | ਮ | ਨਿ | ਤ | ਨਿ | ਸ | ਹੁ |

ਸਾਂ ਨੀ ਸਾਂ – ਧ ਧ ਪ – ਧ ਧ ਧ ਧ ਨੀ ਧ ਪ –

ਤਾ ऽ ਹੈ ऽ ऽ ऽ ऽ ऽ ਪਿਰ ਪ ਰ ਦੇ ऽ ਸਿ ਸਿ ऽ

ਗ – ਪਧ ਪਮੰ ਗ ਰੇ ਸਾ – ਪ – ਪ – ਗ ਮੰ ਪ –

ਧਾ ऽ ऽऽ ऽऽ ऽ ऽ ਏ ऽ ਪਿ ਰ ਘ ਰਿ ਨ ਹੀ ਆ ਹੈ

ਸਾਂ ਸਾਂ ਸਾਂ ਸਾਂ ਰੇਂ ਨੀ ਸਾਂ – – ਗਂ ਗਂ ਗਂ ਰੇਂ ਰੇਂ ਸਾਂ ਸਾਂ

ਮ ਰੀ ਐਂ ऽ ਹਾ ऽ ਹੈ ऽ ऽ ਦਾ ਮ ਨਿ ਚ ਮ ਕਿ ਡ

ਰੇਂ ਨੀ ਸਾਂ ਸਾਂ ਧ ਧ ਪ –

ਰਾ ऽ ऽ ऽ ਏ ऽ ऽ ऽ

ਬਸੰਤ ਕੀ ਵਾਰ ਮਹਲਾ ੫, ਪਉੜੀ

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥

ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥

ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥

ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥

ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥ (1)

(ਆਦਿ ਗ੍ਰੰਥ, ਪੰਨਾ 1193)

ਰਾਗ - ਬਸੰਤ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| x | | | | x | | | | x | | | | x | | | |
| ਸਾ | ਸਾ | ਸਾ | ਸਾ | ਸਾ | ਸਾ | ਸਾ | ਸਾ | ਨੀ | -ਨੀ | ਰੇ | ਨੀ | ਧ | ਧ | ਮ | ਧ |
| ਹਰਿ | ਕਾ | ਨਾ | ਮੁਧਿ | ਆ | ऽਇ | ਕੈ | ੳ | ਹਿਆ | ऽਹਿ | ਆ ਹੋਹੁ | ਹਰਿ | ਆ | ਭਾ | ਈ | |
| ਕਰ | ਮਲਿ | ਖੰ | ਤੈ | ਪਾ | ऽਈ | ਐ | ੳ | ਹਿਆ | ऽਹਿ | ਆ | ਇਹੁ | ਰੁ | ਤਿਸੁ | ਹਾ | ਈ |
| ਵਣੁ | ਤ੍ਰਿਣੁ | ਤ੍ਰਿਭ | ਵਣੁ | ਮਉ | ऽਲਿ | ਆ | ੳ | ਹਿਆ | ऽਹਿ | ਆ | ਅੰਮ | ਰਿਤ | ਫਲ | ਪਾ | ਈ |
| ਗ | ਗ | ਮ | ਧ | ਨੀ | -ਨੀ | ਧ | ਮ | ਗ | - | ਰੇ | ਸਾ | ਮ | ਮ | ਮ | ਮ |
| ਮਿਲ | ਸਾ | ਧੂ | ਸੁਖ | ਊ | ऽਪ | ਜੈ | ऽ | ਵਾ | ऽ | ऽ | ਲ | ਥੀ | ਸਭ | ਛਾ | ਈ |

1- ਗਿਆਨ ਸਿੰਘ ਐਬਟਾਬਾਦ: ਗੁਰਬਾਣੀ ਸੰਗੀਤ (ਭਾਗ ਪਹਿਲਾ) ਪੰਨਾ, 263.

ਮ ਗ – ਗ ਮ ਪ ਮ ਪ ਸਾਂ ਸਾਂ ਨੀਪ ਨੀ ਸਾਂ – – ਸਾਂ

ਦਾ ऽ ऽ ਤਾਣੀ ਦਾ ऽ ऽ ਜੀ ਨਾ ਨ ऽऽ ਰ ਹੋ ऽ ऽ ਜੀ

ਸਾਂ ਨੀ ਪਮ ਪ ਨੀ –ਨੀ ਪ ਮਮ ਗੰ – – ਸਾਂ ਸਾਂ ਨੀ ਪਮ ਪ

ਨ ਨਰ ਕਿਸ ਹੈ ਏ ऽਰ ਨਾ ऽਮ ਦਾ ऽ ऽ ਫਿਰ ਚਰ੍ਹ ਤੇਰ ਧਾऽ ਈ

ਨੀ ਪ ਮਗ ਮ ਗ ਰੇ ਸਾ – ਸਾ

ਜੀ ਏ ऽऽ ਹਉ ਦਾ ਫਿਓ ਦਾ ऽ ਦਾ

ਮੁੰਦਾਵਣੀ ਮਹਲਾ ੫

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥ ੧ ॥


| | | | | | | | | | |
|---|---|---|---|---|---|---|---|---|---|
| ਸਾਂਰੇਂ | ਰੇਂਗੰ | ਗੰ | ਰੇਂ | — | ਰੇਂ | ਗੰ | ਰੇਂ | ਸਾਂ | — |
| ਥਾS | Sਲ | ਵਿਚ | ਤਿਨ | S | ਵਸ | ਤੂS | ਪਈ | ਓ | S |
| ਸਾਂਰੇਂ | ਰੇਂਗੰ | ਗੰ | ਰੇਂ | ਰੇਂਸਾਂ | ਸਾਂ | ਰੇਂ | ਰੇਂ | — | — |
| ਸਤ | ਸੰS | ਤੋ | ਖ | Sਵੀ | ਚਾ | S | ਰੋ | S | S |
| ਸਾਂਰੇਂ | ਰੇਂਗੰ | ਗੰ | ਰੇਂ | ਰੇਂ | ਰੇਂ | ਗੰ | ਰੇਂ | ਸਾਂ | — |
| ਅੰS | ਮ੍ਰਿਤ | ਨਾ | ਮੁ | ਠਾ | ਕੁਰ | ਕਾ | ਪਇ | ਓ | S |

| | | | | | | | | | |
|---|---|---|---|---|---|---|---|---|---|
| ਸਾਂਰੇਂ | ਰੇਂਗਂ | ਗ | ਰੇਂ | ਰੇਂ | ਸਾਂ | ਰੇਂ | ਰੇਂ | — | — |
| ਮਿਜਸ | ਕਾਂऽ | ਸਭ | ਸੁ | ਅ | ਧਾ | ऽ | ਰੇ | ऽ | ऽ |
| ਸਾਂਰੇਂ | ਰੇਂਗਂ | ਗਂ | ਰੇਂ | — | ਰੇਂ | ਗਂ | ਰੇਂ | ਸਾਂ | — |
| ਜੇऽ | ਕੋऽ | ਘਾਂ | ਦੈ | ऽ | ਜੇ | ਕੇ | ਭੂੰ | ਭੈ | ऽ |
| ਸਾਂਰੇਂ | ਰੇਂਗਂ | ਗਂ | ਰੇਂ | ਰੇਂ | ਸਾਂ | ਰੇਂ | ਰੇਂ | — | — |
| ਮਿਤਸ | ਕਾਂऽ | ਹੋ | ਇ | ਉ | ਧਾ | ऽ | ਰੇ | ऽ | ऽ |
| ਸਾਂਰੇਂ | ਰੇਂਗਂ | ਗਂ | ਰੇਂ | ਰੇਂ | ਰੇਂ | ਗਂ | ਰੇਂ | ਸਾਂ | — |
| ਦੇऽ | ਹऽ | ਦੁਸ | ੩ | ੩ | ਜੀ | ਨਹ | ਜਾ | ਦੀ | ऽ |
| ਸਾਂਰੇਂ | ਰੇਂਗਂ | ਗਂ | ਰੇਂ | — | ਸਾਂ | ਰੇਂ | ਰੇਂ | — | — |
| ਮਿਨਤ | ਮਿਨਤ | ਹਖ | ਉਹ | ऽ | ਧਾ | ऽ | ਰੇ | ऽ | ऽ |
| ਸਾਂਰੇਂ | ਰੇਂਗਂ | ਗਂ | ਰੇਂ | ਰੇਂ | ਰੇਂ | ਗਂ | ਰੇਂ | ਸਾਂ | ਸਾਂ |
| ਤਮ | ਸੰऽ | ਸਾ | ਹ | ਚ | ਹਕ | ਖਹ | ਤਹੀ | ਆਂ | ਸਭ |
| ਸਾਂਰੇਂ | ਰੇਂਗਂ | ਗਂ | ਰੇਂ | -ਰੇਂ | ਸਾਂ | ਰੇਂ | ਰੇਂ | — | — |
| ਨਾऽ | ਨਕ | ਘੁਹ | ਮ | ऽਖ | ਸਾ | ऽ | ਰੇ | ऽ | ऽ |

## ਰਾਗ ਸੂਹੀ ਮਹਲਾ ੪ ਛੰਤ ਘਰੁ ੧

ਸਤੁ ਸੰਤੋਖੁ ਕਰਿ ਭਾਉ, ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ ॥
ਸੰਤ ਜਨਾ ਕਰਿ ਮੇਲ, ਗੁਰਬਾਣੀ ਗਾਵਾਈਆ ਬਲਿਰਾਮ ਜੀਉ ॥
ਬਾਣੀ ਗੁਰ ਕਾਈ ਪਰਮ ਗਤਿ ਪਾਈ, ਪੰਚ ਮਿਲੇ ਸੋਹਾਇਆ ॥
ਗਇਆ ਕਰੋਧੁ, ਮਮਤਾ ਤਨਿ ਨਾਠੀ, ਪਾਖੰਡ ਭਰਮੁ ਗਵਾਇਆ ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥
ਗੁਰ ਪਰਸਾਦੀ ਬ੍ਰਹਮੁ ਪਛਾਤਾ, ਨਾਨਕ ਗੁਣੀ ਗਹੀਰਾ ॥

( ਆਦਿ ਗ੍ਰੰਥ, ਪੰਨਾ 773)



| | | | | | | | | | | | | | |
|---|---|---|---|---|---|---|---|---|---|---|---|---|---|
| 0 | | | 1 | | 2 | | 0 | | | 1 | | 2 | |
| ਗ̱ | — | ਰੇ | ਸਾ | — | ਨ̱ੀ | ਧ | ਸਾ | — | — | ਰੇ | — | ਗ̱ | — |
| ਤਾ | ਤ | ਸਿ | ਨਾ | ਠੀ | ऽ | ऽ | ਪਾ | ਪੀ | ਤੁ̱ | ਤ | ਰ | ਸੁ̱ | ਗ |
| ਰੇ | — | — | ਗ̱ | ਰੇ | ਸਾ | ਨ̣ੀ | ਸਾ | — | — | — | — | — | — |
| ਦਾ | ऽ | ऽ | ਦਿਆ | ऽ | ऽ | ऽ | ऽ | ऽ | ऽ | ऽ | ऽ | ऽ | ऽ |
| ਸਾ | — | — | — | — | ਨ̣ੀ | ਸਾ | ਰੇ | ਗ̱ | ਰੇ | ਸਾ | — | ਨ̣ੀ | |
| ਹਉ̱ | ਮੈਂ | ऽ | ਪੀ | ਰ | ਗ | ਈ | ਸੁ̱ | ਖੁ̱ | ਪਾ | ਇ | ਆ | ਆ | ऽ |
| ਧ̣ | — | — | ਸਾ | — | — | — | ਰੇਗ | ਮ | — | ਗ | ਰੇ | — | — |
| ਰੋ | ਗ | ਤ | ਤ | ਏ | ऽ | ਸ | ਗੀऽ | ऽ | ऽ | ਰਾ | ऽ | ऽ | ऽ |
| ਰੇ | — | — | — | — | — | — | ਮ | — | ਗ | ਮ | — | ਗ̱ | ਰੇ |
| ऽ | ऽ | ऽ | ऽ | ऽ | ਗੁ̱ | ਰ | ਪ | ਰ | ऽ | ਸਾ | ऽ | ਦੀ | ऽ |
| ਗ̱ | — | ਰੇ | ਸਾ | — | ਨ̣ੀ | ਧ̣ | ਸਾ | — | — | ਰੇ | — | ਗ̱ | — |
| ਘੂ | ਰ | ਮੁ̱ | ਪ | ਭੋ | ਤਾ | ऽ | ਨਾ | ਨ | ਕ | ਗੁ̱ | ਈ | ਗ | ਰ |

ਧਨਾਸਰੀ ਧੰਨਾ ਜੀ

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨੀਆ ਛਾਦਨੁ ਨੀਕਾ ॥ ਅਨਾਜ ਮਾਗਉ ਸਤ ਸੀਕਾ ॥੧॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥ ॥ ॥

(ਆਦਿ ਗ੍ਰੰਥ , ਪੰਨਾ 695)

ਤਾਲ ਦਟੀਆ (ਅਸਥਾਈ)

0 1 2 0 1 2

ਸਾ ਨ਼ੀ – ਸਾ ਗ – ਰੇ ਸਾ
ਗੋ ਪਾ ऽ ਲ ਤੇ ऽ ਰਾ ऽ

ਸਾ – – – – – – ਨ਼ੀ – ਸਾ ਗ – ਰੇ ਸਾ
ਆ ऽ ਰ ਤਾ ऽ ऽ ਗੋ ਪਾ ऽ ਲ ਤੇ ऽ ਰਾ ऽ

ਸਾ – – – – – – ਪ – – ਗ – ਮ ਪ
ਆ ऽ ਰ ਤਾ ऽ ऽ (ਟਿਵ ਆ ऽ ਲ) ਤੇ ऽ ਰਾ ऽ

ਸਾ – – – – – – ਨ਼ੀ – ਸਾ ਗ – ਰੇ ਸਾ
ਆ ऽ ਰ ਤਾ ऽ ऽ ਗੋ ਪਾ ऽ ਲ ਤੇ ऽ ਰਾ ऽ

ਸਾ – – – – – – ਸਂ – ਸਾਂਨੀ ਨੀਧ ਧਪ – –
ਆ ऽ ਰ ਤਾ ऽ ऽ ऽ ਜੋ ਜ ਨऽ ਤੁऽ ਮऽ ਰੀ ऽ

ਨੀ – – ਧ – ਪ – ਪ – – (ਮ)ਗ – ਰੇ ਸਾ

ਤੁਗ ਤ ਕ ਹੋ ऽ ਤੇ ऽ ਤਿ ਨ ਕੇ ਕਾ ऽ ਜ ਸ

ਸਾ – – – – – – ਨੀ – ਸਾ ਗ – ਰੇ ਸਾ

ਦਾ ऽ ਰ ਤਾ ऽ ऽ ਰੋ ਪਾ ऽ ਖ ਤੇ ऽ ਰਾ ऽ

ਸਾ

ਆਰਤਾ

## ਅੰਤਰਾ

0 1 2 0 1 2

ਪ – – (ਮ)ਗ – ਮ – ਪ ਨੀ – ਸਾਂ – – –

ਦਾ ऽ ਕਿ ਸੀ ऽ ਧਾ ऽ ਮਾ ऽ ਗਊ ਘੀ ऽ ਤੁ ऽ

ਗੰ – – ਰੇਂ – ਸਾਂ – ਨੀ – – ਧ – ਪ –

ਹ ਮ ਰਾ ਖੁ ऽ ਸੀ ਕ ਹੈ ऽ ਕਿਤ ਸੀ ऽ ਉ ऽ

ਪ – – (ਮ)ਗ – ਮ – ਪ ਨੀ – ਸਾਂ – – –

ਪ ਨੀ ਆ ਛਾ ऽ ਟ ਨੁ ਨੀ ऽ ऽ ਕਾ ऽ ऽ ਅ

ਗ̱ਂ — — ਰੇਂ — ਸਾਂ — ਨੀ — — ਧ — ਪ —

ਨਾ ਜ ਮ ਗ ਤੁ ਸ ਤ ਜੀ ऽ ऽ ਕਾ ऽ ऽ ਅ

ਨੀ̱ — — ਧ ਪ ਪ — ᵐਗ̱ — — ਰੇ — ਸਾ —

ਨਾ ਜ ਮ ਗਤੁ ऽ ਸ ਤ ਜੀ ऽ ऽ ਕਾ ऽ ऽ ਗੋ

ਨ਼ੀ̱ - ਸਾ ਗ̱ - ਰੇ ਸਾ ਸਾ

ਪਾ ऽ ਰ ਤੇ ऽ ਰਾ ऽ ਆਰਤਾ

ਵਾਰ ਮਲ੍ਹਾਰ ਕੀ ਮਹਲਾ ੧ ਪਉੜੀ

ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥

ਆਪੀਨ੍ਹੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥
ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜ ਚੰਦੁ ਉਪਾਇ ਜੋਤਿ ਸਮਾਣਿਆ ।
ਕੀਏ ਰਾਤ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ ੧ ॥ (1)

(ਆਦਿ ਗ੍ਰੰਥ : ਪੰਨਾ 1279)

| | | | | | | | | | | | | | | | |
|---|---|---|---|---|---|---|---|---|---|---|---|---|---|---|---|
| + | | | | + | | | | + | | | | + | | | |
| ਮ | – | – | ਰੇ | ਮ | – | – | – | (ਮ)ਪ | – | – | – | – | – | – | – |
| ਆ | ऽ | ਪੀ | ऽ | ਨ੍ਹੈ | ऽ | ਆ | ਪੁ | ਸਾ | ऽ | ऽ | ਜਿ | (ਦਾ | ਰ | ਦਾ | ऽ) |
| ਧ | – | ਸਾਂ | – | ਧ | – | ਪ | – | ਮ | – | – | ਗ | ਰੇ | – | – | – |
| ਆ | ऽ | ਪੁ | ਪ | ਛਾ | ऽ | ਣਿ | ऽ | ਆ | ऽ | ऽ | ऽ | ऽ | ऽ | ऽ | ऽ |
| ਮ | – | – | ਰੇ | ਮ | – | – | – | (ਮ)ਪ | – | – | – | – | – | – | – |
| ਅੰ | ऽ | ਬ | ਰੁ | ਧ | ਰ | ਤਿ | ਵਿ | ਛੋ | ऽ | ऽ | ੜਿ | (ਦਾ | ਰ | ਦਾ) | ਚੰ |
| ਧ | – | ਸਾਂ | – | ਧ | – | ਪ | ਮ | – | – | – | ਗ | ਪ | – | – | – |
| ਦੋ | ऽ | ਆ | ऽ | ਤਾ | ऽ | ऽ | ਣਿ | ਆ | ऽ | ऽ | ऽ | ऽ | ऽ | ਵਿ | ਣੁ |
| ਮ | – | – | ਰੇ | ਮ | – | – | – | ਪ | – | – | – | – | – | – | – |
| ਥੰ | ऽ | ਮ੍ਹਾ | ऽ | ਗ | ਗ | ਨੁ | ਰ | ਹਾ | ऽ | ਇ | ऽ | (ਦਾ | ਰਾ | ਦਾ | ऽ) |

1- ਭਾਈ ਅਵਤਾਰ ਸਿੰਘ ਗੁਰਚਰਨ ਸਿੰਘ; ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ) ਪੰਨਾ ੧੮੦-੮੧

ਧ - ਸਾਂ - ਧ - ਪ ਮ - - - ਗ ਪ - - -

ਸ ਘ ਣੁ ਨੀ ਸਾਂ ऽ ऽ ਵਿਣ ਆਂ ऽ ऽ ऽ ऽ ऽ ऽ ऽ

ਮ - - ਗ ਮ ਰੇ - - ਸਾ - - - - - - -

ਸੁ ऽ ਰ ਜੁ ਚੌ ऽ ਣੁ ਉ ਪਾ ऽ ਵਿ ऽ (ਦਾ ਰ ਦਾ ऽ)

ਮ - - - - ਰੇ - - ਸਾ - - - - - - -

ਜੈ ऽ ਤਿ ਸ ਆ ऽ ਵਿ ऽ ਆਂ ऽ ऽ ऽ ऽ ऽ ऽ ऽ

ਮ - - ਗ ਮ - ਰੇ - ਸਾ - - - - - - -

ਕੀ ऽ ਰੇ ऽ ਰਾ ऽ ਤਿ ਦਿ ਨੈ ऽ ऽ ਤੁ (ਦਾ ਰ ਦਾ ऽ)

ਮ - - - - ਰੇ - - ਸਾ - - - - - - -

ਚੌ ऽ ਜ ਵਿ ਤ੍ਰਾ ऽ ऽ ਵਿ ਆਂ ऽ ऽ ऽ ऽ ऽ ऽ ऽ

ਮ - - ਰੇ ਮ - - - ਮ/ਪ - - - - - - -

ਤੀ ऽ ਰ ਥ ਧ ਰ ਮ ਦੀ ਰਾ ऽ ऽ ਰ (ਦਾ ਰ ਦਾ ऽ)

ਧ - ਸਾਂ - ਧ - ਪ ਮ - - - ਗ ਪ - - -

ਨਾ ऽ ਦ ਦ ਪੁ ਰ ਘਾ ਵਿ ਆਂ ऽ ऽ ऽ ऽ ऽ ऽ ऽ

ਮ - - ਰੇ ਮ - - - ਪ - - - - - - -

ਤੁ ਧੁ ਸ ਰਿ ਆ ਦ ਰ ਨ ਵੈ ऽ ਵਿ ऽ (ਦਾ ਰ ਦਾ) ਕਿ

ਧ — ਸਾਂ — ਧ — ਪ ਮ — — — ਗ ਪ — — —

ਆ ऽ ਵਿ ਣ ਜਾ ऽ ਣਿ ऽ ਆ ऽ ऽ ऽ ऽ ऽ ऽ ऽ

ਮੰ — — — — ਰੇਂ — — ਸਾਂ — — — — — — —

ਸ ऽ ਚੈ ऽ ਤ ਖ ਤਿ ਨਿ ਵਾ ऽ ऽ ਸੁ (ਵਾ ਹ ਵਾ ऽ)

ਮੰ — — — — ਰੇਂ — — ਸਾਂ — — — — — — —

ਸ ऽ ਚੈ ऽ ਤ ਖ ਤਿ ਨਿ ਵਾ ऽ ऽ ਸੁ ਹੋ ऽ ਰ ऽ

ਧ — ਸਾਂ — ਧ — ਪ ਮ — — — ਗ ਪ — — —

ਆ ऽ ਵ ਣ ਜਾ ऽ ਣਿ ऽ ਆ ऽ ऽ ऽ ऽ ऽ ऽ ऽ

ਧ — ਸਾਂ — ਧ — ਪ ਮ — — — — ਪ — — —

ਤੇ ऽ ਰਾ ऽ ਨਾ ऽ ਮ ऽ ਸ ऽ ਤਿ ऽ ਹੈ ऽ ऽ ऽ

ਮ — — — — — — — ਰੇ — — ਸਾ — — —

ਵਾ ऽ ਹਿ ਗੁ ਰੂ ऽ ऽ ऽ ਵਾ ऽ ਹਿ ਗੁ ਰੂ ऽ ऽ ऽ

ਸਾ

ऽ

ਬਾਰਹ ਮਾਹ ਮਾਝ ਮਹਲਾ ੫ ਘਰੁ

ਹਰਿ ਜੇਠਿ ਜੁੜੰਦਾ ਲੋੜੀਐ, ਜਿਸੁ ਆਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ, ਕਿਸੈ ਨ ਦੇਈ ਬੰਨਿ ॥
ਮਾਣਕੂ ਮੋਤੀ ਨਾਮੁ ਪ੍ਰਭ, ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ, ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ, ਸੋ ਕਰੇ, ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ, ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ, ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ, ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ, ਜਿਸ ਕੈ ਭਾਗੁ ਮਥੰਨਿ ॥

ਰਾਗ- ਮਾਝ ਤਾਲ- ਦਾਦਰਾ

| | | | | | |
|---|---|---|---|---|---|
| X | | | O | | |
| | | | | ਰੇ | ਮਮ |
| | | | | ਹਰਿ | ਜੇਠਿ |
| ਪ | — | — | — | ਪ | ਧ |
| ਜੁ | ੜੰ | ਦਾ | S | ਲੋ | ੜੀ |
| ਮਗਰਮ | ਗਰੇ | ਗ | ਸਾ | ਰੇ | ਮਮ |
| ਐSS | SS | S | S | ਜਿਸੁ | ਆS |
| ਪ | — | ਮਪ | ਮਪ | ਨੀਸਾਂ | ਸਾਂਰੇਂ |
| ਗੈ | S | ਸS | ਭਿS | SS | ਨਿS |

| | | | | | |
|---|---|---|---|---|---|
| ਨੀਪਨੀ | ਮਗਮ | ਮ | ਰੇ | ਰੇਰੇ | ਮਪ |
| ਦੈऽऽ | ਨਿऽऽ | ऽ | ऽ | ਹੋਰ | ਸਜਣ |
| ਨੀਸਾਂ | ਨੀ | — | — | ਸਾਂ | — |
| ਦਾऽ | ਦ | ਖਿ | ऽ | × | ਗਿ |
| ਰੇਂਨੀ | ਸਾਂ | ਸਾਂ | ਸਾਂ | ਸਾਂ | ਰੇਂ |
| ਆ | ऽ | ऽ | ऽ | ਕਿ | ਸੈ |
| ਮਗਮ | ਮ | ਰੇ | ਰੇ | ਪ | ਪ |
| ਨਾऽऽ | ऽ | ऽ | ਏ | ਈ | ऽ |
| ਗਰੇਗ | ਸਾਰੇ | ਨੀਸਾ | | | |
| ਧੀऽऽ | ਨਿऽ | ऽऽ | | | |

ਸੂਹੀ ਮਹਲਾ ੪

ਹਰਿ ਪਹਿਲੜੀ ਲਾਵ, ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ, ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥
ਧਰਮ ਦ੍ਰਿੜਹੁ ਹਰਿ ਨਾਮੁ ਧਿਆਵਹੁ, ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ, ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਆਨੰਦੁ ਹੋਆ ਵਡਭਾਗੀ, ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥ (1)

(ਆਦਿ ਗ੍ਰੰਥ : ਪੰਨਾ 773-74)

ਪਹਿਲੜੀ ਲਾਵ — ਤਾਲ - ਦੁਟੀਆ

| | | | | | | | | | | | | | |
|---|---|---|---|---|---|---|---|---|---|---|---|---|---|
| 0 | | | 1 | | 2 | | 0 | | | 1 | | 2 | |
| | | | | | | | | | | | | ਨ਼ੀ | ਸਾ |
| | | | | | | | | | | | | ਹ | ਰਿ |
| ਰੇ | ਗੁ | ਰੇ | ਸਾ | - | ਨ਼ੀ | ਸਾ | ਰੇ | ਗੁ | ਰੇ | ਸਾ | - | ਨ਼ੀ | - |
| ਪਹਿ | ਲ | ੜੀ | ਲਾ | ਵ | ਪ | ਰ | ਵਿ | ਰ | ਤੀ | ਕ | ਰ | ਮ | ਦ੍ਰਿ |
| ਧ਼ | - | - | ਸਾ | - | - | - | ਰੇਗੁ | ਮ | - | ਗ | ਰੇ | - | - |
| ੜਾ | ऽ | ऽ | ਇਆ | ऽ | ਬ | ਲਿ | ਰਾऽ | ਮ | ਜੀ | ਉ | ऽ | ऽ | ऽ |
| ਮ | - | ਗ | ਮ | - | ਗੁ | ਰੇ | ਗੁ | - | ਰੇ | ਸਾ | - | ਨ਼ੀ | ਧ਼ |
| ਬਾ | ऽ | ਣੀ | ਬ੍ਰ | ਹ | ਮਾ | ऽ | ਵੇ | ऽ | ਦੁ | ਧਰ | ਮੁ | ਦ੍ਰਿ | ੜਹੁ |
| ਸਾ | - | - | ਰੇ | - | ਗ | - | ਰੇ | - | - | ਗੁ | ਰੇ | ਸਾ | ਨ਼ੀ |
| ਪਾ | ਪ | ਤ | ਜਾ | ਇਆ | ਬ | ਲਿ | ਰਾ | ऽਮ | ਜੀ | ਉ | ऽ | ऽ | ऽ |

1- ਭਾਈ ਅਵਤਾਰ ਸਿੰਘ ਗੁਰਚਰਨ ਸਿੰਘ; ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ) 186-88.

| | | | | | | | | | | | | | |
|---|---|---|---|---|---|---|---|---|---|---|---|---|---|
| ਸਾ | – | – | – | – | – | – | ਸਾ | – | – | – | – | ਨ਼ੀ | ਸਾ |
| ऽ | ऽ | ऽ | ऽ | ऽ | ऽ | ऽ | ਧਰ | ਮੁ | ਦ੍ਰਿ | ੜ | ਹੁ | ਰ | ਹਿ |
| ਰੇ | ਗ | ਰੇ | ਸਾ | – | ਨ਼ੀ | – | ਧ਼ | – | – | ਸਾ | – | – | – |
| ਰ | ਮੁ | ਖਿ | ਆ | ऽ | ਏ | ਹੁ | ਸਿ | ਸ੍ਰਿ | ਤਿ | ਨਾ | ऽ | ਸੁ | ਣਿ |
| ਰੇਗ | ਮ | – | ਗ | ਰੇ | – | – | ਮ | – | ਗ | ਮ | – | ਗ̱ | ਰੇ |
| ੜਾऽ | ऽ | ऽ | ਇਆ | ऽ | ऽ | ऽ | ਸਤਿ | ਗੁ | ਰੁ | ਗੁ | ਰੁ | ਪੂ | ऽ |
| ਗ̱ | – | ਰੇ | ਸਾ | – | ਨ਼ੀ | ਧ਼ | ਸਾ | – | – | ਰੇ | – | ਗ̱ | – |
| ਰਾ | ऽ | ਆ | ਰਾ | ਧਰੁ | ਸ | ਤਿ | ਵਿਚ | ਵਿ | ਖ | ਪਾ | ऽ | ਪ | ਗ |
| ਰੇ | – | – | ਗ̱ | ਰੇ | ਸਾ | ਨ਼ੀ | ਸਾ | – | – | – | – | – | – |
| ਦਾ | ऽ | ऽ | ਇਆ | ऽ | ऽ | ऽ | ऽ | ऽ | ऽ | ऽ | ऽ | ऽ | ऽ |
| ਸਾ | – | – | – | – | ਨ਼ੀ | ਸਾ | ਰੇ | ਗ̱ | ਰੇ | ਸਾ | – | ਨ਼ੀ | – |
| ਸਰ | ਜੁ | ਅ | ਨੈ | ਦੁ | ਹੋ | ऽ | ਆ | ऽ | ਏਤੁ | ਤਾ | ਗੀ | ਮ | ਇ |
| ਧ਼ | – | – | ਸਾ | – | – | – | ਰੇਗ | ਮ | – | ਗ | ਰੇ | – | – |
| ਹਰਿ | ਹ | ਰਿ | ਮੀ | ऽ | ਠਾ | ऽ | ਲਾऽ | ऽ | ऽ | ਇਆ | ऽ | ऽ | ऽ |
| ਰੇ | – | – | – | – | – | – | ਮ | – | ਗ | ਮ | – | ਗ | ਰੇ |
| ऽ | ऽ | ऽ | ऽ | ऽ | ਜ | ਨੁ | ਕ | ਹੈ | ऽ | ਨਾ | ऽ | ਨ | ਕ |

ਗ — ਰੇ ਸਾ — ਨ਼ੀ ਧ਼ ਸਾ — — ਰੇ — ਗ — 

ਸਾ ऽ ਦ ਪ ਹਿ ਸੀ ਆ ਰੇ ऽ ਤੁ ਕਾ ऽ ਰੁ ਹ

ਰੇ — — ਗ ਰੇ ਸਾ ਨ਼ੀ ਸਾ — — — — — —

ਚਾ ऽ ऽ ਇਆ ऽ ऽ ऽ ऽ ऽ ऽ ऽ ऽ ਹ ਇਹ

ਨ਼ੀ — ਰੇ ਸਾ — — — —

ਪਹਿ ਸ ਜ਼ੀ ਸਾ ऽ ਦ ऽ ऽ

ਨੋਟ : 'ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ'
ਤੇ 'ਹਰਿ ਤੀਜੜੀ ਲਾਵ ਮਨਿ ਚਾਉ ਭਇਆ' -
ਇਹ ਦੋਨੋਂ ਲਾਵਾਂ ਪਹਿਲੀ ਲਾਵ ਤੇ ਲਾਉਣੀਆਂ
ਹਨ ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ, ਹਰਿ ਪਾਇਆ ਬਲਿਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ, ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ ॥
ਹਰਿ ਮੀਠਾ ਲਾਇਆ, ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ, ਹਰਿ ਨਾਮਿ ਵਜੀ ਵਧਾਈ ॥
ਹਰਿ ਪ੍ਰਭਿ ਠਾਕੁਰਿ, ਕਾਜੁ ਰਚਾਇਆ, ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੈ ਚਉਥੀ ਲਾਵੈ, ਹਰਿ ਪਾਇਆ ਪ੍ਰਭ ਅਵਿਨਾਸੀ ॥ ॥ ॥

## ਚਉਥੜੀ - ਲਾਵ

| 0 | | | 1 | | 2 | | 0 | | | 1 | | 2 | |
|---|---|---|---|---|---|---|---|---|---|---|---|---|---|
| | | | | | | | | | | | | ਸਾ | – |
| | | | | | | | | | | | | ਹ | ਰਿ |
| ਸਾ | – | – | ਮ | ਰੇ | ਮ | – | ਪ | – | – | – | – | – | – |
| ਚਉ | ਥ | ੜੀ | ਲਾ | ਵ | ਮ | ਨਿ | ਸਹ | ਜੁ | ਭ | ਇਆ | ऽ | ਹ | ਰਿ |
| ਰੇ | ਰੇ | – | ਮ | – | ਪ | – | ਮਪ | ਧ | ਪ | ਮ | ਗਾ | ਰੇ | – |
| ਪਾ | ऽ | ऽ | ਇਆ | ऽ | ਬ | ਲਿ | ਰਾऽ | ऽਮ | ਜੀ | ਉ | ऽ | ऽ | ऽ |
| ਰੇ | – | – | – | – | – | – | ਪ | – | – | ਮ | – | ਪ | ਮ |
| ऽ | ऽ | ऽ | ऽ | ऽ | ऽ | ऽ | ਗੁਰ | ਮੁ | ਖਿ | ਮਿ | ਲਿ | ਆ | ਸੁ |
| ਗਾ | – | ਰੇ | ਸਾ | – | ਰੇ | – | ਨ਼ੀ | – | – | ਸਾ | – | ਰੇ | – |
| ਭਾ | ਇ | ਹਰਿ | ਮਨਿ | ਤਨਿ | ਮੀ | ਠਾ | ਲਾ | ऽ | ऽ | ਇਆ | ऽ | ਬ | ਲਿ |

| | | | | | | | | | | | | | | |
|---|---|---|---|---|---|---|---|---|---|---|---|---|---|---|
| ਮ | — | — | ਸਾ (ਮ) | ਸਾ | — | — | — | — | — | — | — | — | — | — |
| ਰ | ਮ | ਣੀ | ਉ | ऽ | ऽ | ऽ | ऽ | ऽ | ऽ | ऽ | ऽ | ਹ | ਰਿ | |
| ਸਾ | — | — | ਮ | ਰੇ | ਮ | — | ਮ | ਪ | — | — | — | — | — | |
| ਸੀ | ऽ | ਠਾ | ਸਾ | ऽ | ਇਆ | ऽ | ਸੇ | ਰੇ | ਪੂਤ | ਤਾ | ऽ | ਇਆ | ऽ | |
| ਰੇ (ਮ) | ਰੇ | — | ਮ | — | ਪ | — | ਮਪ | ਧ | ਪ | ਮ | ਗ | ਰੇ | — | |
| ਸਾਜ਼ | ਇ | ਨ | ਹ | ਭਿ | ਇ | ਦ | ਸਾਤ | ऽ | ऽ | ਣੀ | ऽ | ऽ | ऽ | |
| ਰੇ | — | — | — | — | — | — | ਪ | — | — | ਮ | — | ਪ | ਮ | |
| ऽ | ऽ | ऽ | ऽ | ऽ | ऽ | ऽ | ਮ | ਨ | ਗ੍ਰੈ | ਇਆ | ऽ | ਫ | ਸ | |
| ਗ | — | ਰੇ | ਸਾ | — | ਰੇ | — | ਨ਼ੀ | — | — | ਸਾ | — | ਰੇ | — | |
| ਪਾ | ऽ | ਇਆ | ਸੁਆ | ਸੀ | ਹ | ਭਿ | ਨਾ | ऽ | ਸਿ | ਦ | ਜੀ | ऽ | ਦ | |
| ਮ | — | — | ਸਾ (ਮ) | ਸਾ | — | — | — | — | — | — | — | — | — | |
| ਧਾ | ऽ | ऽ | ਣੀ | ऽ | ऽ | ऽ | ऽ | ऽ | ऽ | ऽ | ऽ | ऽ | ऽ | |
| ਸਾ | — | — | ਮ | ਰੇ | ਮ | — | ਮ | ਪ | — | — | — | — | — | |
| ਹਰਿ | ਪ੍ਰ | ਭਿ | ਠਾ | ऽ | ਕੁ | ਰਿ | ਕਾ | ਜੁ | ਰ | ਤਾ | ऽ | ਇਆ | ऽ | |
| ਸਾ | — | — | ਗ | ਰੇ | ਮ | ਗ | ਮ | ਪ | — | — | — | — | — | |
| ਹਰਿ | ਪ੍ਰ | ਭਿ | ਠਾ | ऽ | ਕੁ | ਰਿ | ਕਾ | ਜੁ | ਰ | ਤਾ | ਇਆ | ਧ | ਨ | |

ਮ/ਰੇ ਰੇ – ਮ – ਪ – ਮਪ ਧ ਪ ਮ ਗ ਰੇ –

ਹਿ ਰ ਦੈ ਨਾ ऽ ਸਿਮ ਰਿ ਗਾਇ ऽ ऽ ਜੀ ऽ ऽ ऽ

ਰੇ – – – – – – ਪ – – ਮ – ਪ ਮ

ऽ ऽ ऽ ऽ ऽ ਜ ਨੁ ਨਾ ਨ ਕੁ ਬੋ ऽ ਲੈ ऽ

ਗ – ਰੇ ਸਾ – ਰੇ – ਨ਼ੀ – – ਸਾ – ਰੇ –

ਤਉ ऽ ਬੀ ਨਾ ਦੈ ਰ ਹਿ ਪਾ ऽ ਇਆ ਪੂ ਰੁ ਲਾ ਇ

ਮ – – ਮ/ਸਾ ਸਾ – – – – – – – – –

ਨਾ ऽ ऽ ਜੀ ऽ ऽ ऽ ऽ ऽ ऽ ऽ ऽ ऽ ऽ

ਪ – – ਮ – ਪ ਮ ਗ – ਰੇ ਸਾ – ਰੇ –

ਦਾਹਿ ਗੁ ਰੂ ਜੀ ऽ ਕਾ ऽ ਖਾ ऽ ਨ ਸਾ ऽ ਜਿ ਰੀ

ਨ਼ੀ – – ਸਾ – ਰੇ – ਮ – – ਮ/ਸਾ ਸਾ – –

ਦਾਹਿ ਗੁ ਰੂ ਜੀ ऽ ਕੀ ऽ ਟ ਤੇ ऽ ऽ ऽ ऽ ऽ

ਸਾ – – – – – – ਨ਼ੀ – ਰੇ ਸਾ – – –

ऽ ऽ ऽ ऽ ऽ ਰ ਹਿ ਬਉ ਧ ਤੀ ਨਾ ऽ ਦ ऽ


ਸਾ

ऽ

ਰਾਗੁ ਸੂਹੀ ਮਹਲਾ ੫ ਘਰ ੫ (ਪੜਤਾਲ)

ੴ ਸਤਿਗੁਰ ਪ੍ਰਸਾਦਿ ॥

ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥
ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ
ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥ ੧ ਰਹਾਉ ॥
ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ
ਭਿੰਨ ਭਿੰਨ ਭਿੰਨ ਭਿੰਨ ਕਰੀਆ ॥
ਵਿਚਿ ਮਨ ਕੋਟਵਰੀਆ ॥ ਨਿਜ ਮੰਦਿਰ ਪਿਰੀਆ ॥
ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥ ੧ ॥
ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥
ਬਿਖਨਾ ਘਿਰੀਆ ॥ ਅਬ ਸਾਧੂ ਸੰਗਿ ਪਰੀਆ ॥
ਹਰਿ ਦੁਆਰੇ ਖਰੀਆ । ਦਰਸਨ ਕਰੀਆ ॥
ਨਾਨਕ ਗੁਰੁ ਮਿਰੀਆ ॥ ਬਹੁਰਿ ਨ ਫਿਰੀਆ ॥ ॥ ੧ ॥



| | | | | | | | | | | | |
|---|---|---|---|---|---|---|---|---|---|---|---|
| ਰੇ | ਸਾ | ਨੀ | ਸਾ | ਨੀਸਾ | ਰੇਸਾ | ਪ | ਨੀ | ਪ | ਸਾ | — | ਸਾ |
| ਆ | ਦ | ਰੁ | ਨ | ਗੀS | SS | ਕੇ | S | S | ਲੇ | S | ਬੈ |
| ਮ ਗ | ਮ ਗ | ਮ | ਨੀ | ਪ | ਪ | ਨੀ | ਮ | ਪ | ਸਾਂ | — | ਸਾਂ |
| ਸੈ | S | ਤ | ਨਾ | S | ਗੁ | ਮ | ਨਿ | S | ਕਾ | S | ਰੂ |
| ਪ | ਨੀ | ਪਨੀ | ਸਾਂਰੇਂ | ਰੇਂ | ਸਾਂ | ਨੀਨੀ | ਪਮ | ਪਨੀ | ਸਾਂਨੀ | ਪਮ | ਗ |
| ਦ | ਖਿ | ਖਾS | SS | ਰੀ | S | ਕੁS | ਗੀS | ਆS | SS | SS | S |

ਅੰਤਰਾ — ਝਪਤਾਲ

| | | | | | | | | | |
|---|---|---|---|---|---|---|---|---|---|
| x | | 2 | | | 0 | | 3 | | |
| ਮ | ਪ | ਨੀਨੀਪਮ | ਪ | ਮਪ | ਸਾਂ | ਸਾਂ | ਸਾਂਰੇਂਨੀ | ਸਾਂ | ਸਾਂ |
| ਕਿ | ਹ | ਗੁSSS | S | ਨS | ਹ | ਰੀ | ਆSS | S | S |
| ਪਨੀਸਾਂਰੇਂ | ਰੇਂ | ਰੇਂ | ਰੇਂਰੇਂ | ਸਾਂ | ਨੀਸਾਂ | ਨੀਸਾਂਰੇਂਸਾਂ | ਨੀ | ਪ | ਪ |
| ਜSSS | S | ਗ | SS | ਨ | ਖS | ਗੀSSS | ਆ | S | S |
| ਮ | ਪ | ਨੀ | — | ਸਾਂ | ਗੰ | ਗੰਮੰ | ਰੇਂ | ਸਾਂ | ਸਾਂ |
| ਆ | ਕਿ | ਦ | S | ਕੇ | ਤ | ਗੀS | ਆ | S | S |
| ਰੇਂਸਾਂ | ਨੀਸਾਂ | ਨੀਪ | ਮਪ | ਸਾਂ | ਸਾਂ | ਪਨੀਸਾਂਰੇਂ | ਸਾਂਨੀਪਨੀ | ਪਮਪਮ | ਗੁਮਰੇ |
| ਕਿਤਨ | ਕਿਤਨ | ਕਿਤਨ | ਕਿਤਨ | ਦ | ਰੀ | ਆSSS | SSSS | SSSS | SSS |

## ਸੂਲਤਾਲ

| | | | | | | | | | |
|---|---|---|---|---|---|---|---|---|---|
| X | | 0 | | 2 | | 3 | | 0 | |
| ਸਾ | ਸਾ | ਮ | ਮ | ਮ | ਪ | ਗ | ਮ | ਨੀ | ਪ |
| ਫਿ | ਫਿਰ | ਮ | ਨ | ਕੋ | ਟ | ਦ | ਰੀ | ਆ | ऽ |
| ਨੀ | ਪ | ਨੀ | ਮ | ਪ | ਪ | ਸਾਂ | ਸਾਂ | ਸਾਂ | - |
| ਪਿ | ਜ | ਮੰ | ऽ | ਟ | ਫਿ | ਪਿ | ਰੀ | ਆ | ऽ |
| ਗੰ | ਗੰ | ਮੰ | ਰੇਂ | - | ਸਾਂ | ਸਾਂਰੇਂ | ਨੀ | ਸਾਂ | - |
| ਤ | ਗ | ਆ | ਨ | ऽ | ਟ | ਕऽ | ਰੀ | ਆ | ऽ |
| ਨੀ | ਮ | ਪ | ਮਪ | ਨੀਸਾਂ | ਨੀਪ | ਗ | ਮ | ਰੇ | ਸਾ |
| ਨਰ | ਮ | ਰੀ | ਆऽ | ऽऽ | ਨਰ | ਜ | ਰੀ | ਆ | ऽ |

## ਦੂਜਾ ਅੰਤਰਾ - ਰੂਪਕ

| | | | | | | | | | | | | | |
|---|---|---|---|---|---|---|---|---|---|---|---|---|---|
| X | | | 2 | | 3 | | X | | | 2 | | 3 | |
| ਮਮ | ਪ | ਪ | ਨੀਨੀ | ਪਮ | ਪ | - | ਸਾਂ | ਸਾਂ | ਸਾਂ | ਸਾਂਰੇਂ | ਨੀ | ਸਾਂ | - |
| ਫਿਰ | ਤ | ਫਿ | ਰਤ | ਰੀऽ | ਆ | ऽ | ਘਰੁ | ਘਿ | ਵਿ | ਫਿਰऽ | ਰੀ | ਆ | ऽ |
| ਪਨੀ | ਸਾਂਰੇਂ | ਰੇਂ | ਰੇਂ | ਰੇਂ | ਸਾਂ | - | ਨੀ | ਸਾਂ | ਰੇਂਸਾਂ | ਨੀ | ਪ | ਪ | - |
| ਪऽ | ਹऽ | ਕਉ | ਹਿ | ਰੀ | ਆ | ऽ | ਘਿ | ਘ | ਨਾऽ | ਘਿ | ਰੀ | ਆ | ऽ |

## ਦੀਪਚੰਦੀ

X 2 0 3

ਮ ਪ — ਨੀ — ਸਾਂ — ਗੰ ਗੰ ਮੰ ਰੇਂ ਰੇਂ ਸਾਂ

ਆ ਧ ऽ ਸਾ ऽ ਵੁ ऽ ਜੀ ऽ ਕਿ ਪਿ ਰੀ ਆ

ਰੇਂ ਸਾਂ ਰੇਂ ਨੀ ਸਾਂ ਨੀ ਪ ਨੀ ਮ ਨੀ ਪ — — —

ਹ ਰਿ ਦੁਆ ਰੇ ऽ ऽ ऽ ਪ ਰੀ ऽ ਆ ऽ ऽ ऽ

ਨੀ ਮ ਪ ਮਪ ਨੀਸਾਂ ਨੀ ਪ ਗ ਗ ਮ ਰੇ — ਸਾ

ਦ ਰ ऽ ਸਨ ऽऽ ਤੁ ऽ ਕ ਰੀ ऽ ਆ ऽ ऽ ऽ

## ਤ੍ਰਿਨਤਾਲ ਦੱਰੁਤ ਲੈਅ

X 2 0 3

ਮ ਮ ਪ ਪ ਨੀ ਪ ਮ ਪ ਸਾਂ ਸਾਂ ਸਾਂ ਸਾਂ ਸਾਂਰੇਂ ਨੀ ਸਾਂ

ਹ ਰਿ ਦੁਆ ਰੇ ਪ ਰੀ ਆ ऽ ਦ ਰ ਸ ਨੁ ਕऽ ਰੀ ਆ

ਗੰ ਗੰ ਗੰ ਰੇਂ ਰੇਂ ਰੇਂ ਸਾਂ — — ਰੇਂ ਨੀ ਸਾਂ ਨੀ ਪ ਪ

ਤਾ ਰਕ ਗੁ ਰ ਮਿ ਰੀ ਆ ऽ ऽ ਧਨੁ ਕਿ ਨ ਕਿ ਰੀ ਆ

— ਨੀ ਮ ਪ ਸਾਂ ਸਾਂ ਸਾਂ — — ਗ ਗ ਮ ਰੇ ਰੇ ਸਾ

ऽ ਧਨੁ ਕਿ ਨ ਕਿ ਰੀ ਆ ऽ ऽ ਧਨੁ ਕਿ ਨ ਕਿ ਰੀ ਆ (1)

1— ਤਾਰਾ ਸਿੰਘ (ਪ੍ਰੋ:) ਪੜਤਾਲ ਗਾਇਕੀ; ਪੰਨਾ 54

## ਆਸਾ ਮਹਲਾ ੫ (ਪੜਤਾਲ)

ਕੋਊ ਬਿਖਮ ਗਾਰ ਤੋਰੈ
ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥
ਸੰਤ ਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥
ਅਨਦਿਨੋ ਪ੍ਰਭ ਧਿਆਵਹੁ ॥
ਭ੍ਰਮ ਭੀਤਿ ਜੀਤਿ ਮਿਟਾਵਹੁ ॥
ਨਿਧਿ ਨਾਨਕ ਨਾਮੁ ਨਾਨਕ ਮੋਰੈ ॥੨॥੩॥

ਸਥਾਈ - ਇਕਤਾਲ

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | ਸਾ | ਸਾ | ਰੇ | ਮ | ਮ | ਪ | — | |
| | | | | ਕੋ | ਊ | ਬਿ | ਖ | ਮ | ਗਾ | ऽ | ਰ |
| ਸਾਂ | — | ਸਾਂ | — | ਨੀਸਾਂ | ਰੇਂ | ਸਾਂ | ਨੀ | ਧ | ਧ | ਪ | ਧ |
| ਤੋ | ऽ | ਰੈ | ऽ | ਆऽ | ऽ | ਸ | ਪਿਆ | ऽ | ਸ | ਧੋ | ऽ |
| ਮ | ਪ | — | ਪ | ਰੇਮ | ਪਧ | ਪਧ | ਮ | ਗ | ਰੇ | ਸਾ— | ਰੇ |
| ਹ | ਮੋ | ऽ | ਹ | ਭऽ | ਰऽ | ਮऽ | ਹੀ | ऽ | ਤੇ | ਹੋऽ | ऽ |
| ਮਗ | ਰੇਗ | ਸਾ | — | | | | | | | | |
| ਰੈऽ | ऽऽ | ऽ | ऽ | | | | | | | | |

## ਪਹਿਲਾ ਅੰਤਰਾ — ਚਾਰਤਾਲ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | | ਮ | — | ਮ | ਪ | — | ਪ |
| | | | | | | ਕੋ | S | ਮ | ਲੂ | S | ਧ |
| ਧ | — | ਰੇਂ | ਸਾਂ | — | ਸਾਂ | ਧ | ਧ | — | ਸਾਂ | — | ਰੇਂ |
| ਕ੍ਰ | S | ਤ | ਆ | S | ਨ | ਦਿ | ਹ | S | ਧਿਆ | S | ਧਿ |
| ਗੰਰੇਂ | ਸਾਂਰੇਂ | ਗੰਰੇਂ | ਸਾਂ | ਨੀ | ਧ | ਪ | ਧ | ਮ | ਪ | — | ਪ |
| ਹੈS | SS | SS | ਹੈ | S | S | ਦਿ | S | ਹ | ਧਿਆ | S | ਧਿ |
| ਮਗ | ਰੇਗ | ਸਾ | — | | | | | | | | |
| ਹੈS | SS | ਹੈ | S | | | | | | | | |

## ਅੰਤਰਾ ਦੂਜਾ — ਦੀਪਚੰਦੀ

| X | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| ਮ | — | ਮ | ਪ | — | ਧਨੀ | ਪਧ | ਸਾਂ | — | ਸਾਂ | ਸਾਂ | — | ਸਾਂ | |
| ਸੈ | S | ਤ | ਸੈ | S | ਗਿS | SS | ਨਾ | S | ਮ | ਹੈ | S | ਗਿ | S |
| ਪ | ਪ | ਧ | ਸਾਂ | — | ਰੇਂ | ਰੇਂ | ਸਾਂਰੇਂ | ਗੰ | ਸਾਂਰੇਂ | ਸਾਂਰੇਂ | ਸਾਂਨੀ | ਧ | |
| ਗੁ | ਨ | ਗੋ | ਵਿੰ | S | S | ਦ | ਗਾS | S | SS | ਦਉ | SS | S | S |
| ਸਾਂ | ਸਾਂ | ਰੇਂ | ਸਾਂ | ਨੀ | ਧ | ਧ | ਪ | ਧ | ਮ | ਪ | — | — | |
| ਅ | ਨ | ਦਿ | ਨੋ | S | ਪੂ | ਤ | ਧਿ | ਆ | S | ਦਉ | S | S | S |
| ਪ | ਧ | ਮ | ਪ | — | — | ਧ | ਮ | ਮ | ਮ | ਮਗ | ਰੇਗ | ਸਾ | |
| ਕੂ | S | ਮ | ਤੀ | S | S | ਤਿ | ਸੀ | ਤਿ | ਸਿ | ਟਾS | SS | ਦਉ | |


## ਤਿੰਨਤਾਲ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਮ | ਮ | ਮ | - | ਪ | ਪ | ਧਨੀ | ਪਧ | ਸਾਂ | - | ਸਾਂ | - | ਪ | ਪ | ਧ | - |
| ਕਿ | ਧਿ | ਨਾ | ऽ | ਸੁ | ਨਾ | ਨऽ | ਕऽ | ਮੋ | ऽ | ਹੈ | ऽ | ਕਿ | ਧਿ | ਨਾ | - |
| ਸਾਂ | ਸਾਂ | ਰੇਂ | ਰੇਂ | ਸਾਂਗਂ | ਰੇਂਗਂ | ਸਾਂ | - | ਸਾਂ | ਰੇਂ | ਸਾਂ | - | ਧ | ਪ | ਮ | - |
| ਸੁ | ਨਾ | ਨ | ਕ | ਮੋऽ | ऽऽ | ਹੈ | ऽ | ਕਿ | ਧਿ | ਨਾ | ऽ | ਸੁ | ਨਾ | ਨ | ऽ |

## ਇਕਤਾਲ

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਮਗ | ਰੇਗ | ਸਾ | - | ਸਾ | ਸਾ | ਰੇ | ਮ | ਪ | ਪ | - | ਸਾ |
| ਮੋऽ | ऽऽ | ਹੈ | ऽ | ਕੋ | ਉ | ਦਿ | ਖ | ਮ | ਗਾ | ऽ | ਰੇ (1) |


1— ਤਾਰਾ ਸਿੰਘ (ਪ੍ਰੋ.) ਪੜਤਾਲ ਗਾਇਕੀ; ਪੰਨਾ 89-90



ਰਬਾਬ

ਰਾਜਸਥਾਨ, ਜੰਮੂ-ਕਸ਼ਮੀਰ


ਸਿੰਰਦਾ



ਰਾਜਸਥਾਨ , ਜੰਮੂ-ਕਸ਼ਮੀਰ

ਸਾਰੰਗੀ







ਉੱਤਰੀ ਭਾਰਤ

ਸਾਰੰਗੀ






ਰਾਜਸਥਾਨ



ਢੱਡ


ਪੰਜਾਬ



ਮ੍ਰਿਦੰਗ

ਉਤਰੀ ਭਾਰਤ

ਤਬਲਾ (ਜੋੜੀ)




ਉਤਰੀ ਭਾਰਤ

## ਸਿੱਟੇ ਤੇ ਸਥਾਪਨਾਵਾਂ

ਗੁਰਮਤਿ ਸੰਗੀਤ ਦੀ ਸੁਤੰਤਰ ਰੂਪ ਵਿਚ ਪੂਰਨ ਸਥਾਪਤੀ ਤਾਂ ਸੰਭਵ ਹੈ ਜੇਕਰ ਇਸ ਦੀ ਸਿਧਾਂਤਕ ਉਚਤਾ ਨੂੰ ਵਿਗਿਆਨਕ ਪੱਧਰ 'ਤੇ ਵਿਸ਼ਲੇਸ਼ਤ ਕਰਨ ਉਪਰੰਤ ਅਸੀਂ ਇਸ ਦੇ ਇਤਿਹਾਸਕ ਵਿਕਾਸ ਨੂੰ ਸਹੀ ਦਿਸ਼ਾ ਵਿਚ ਅਧਿਐਨ ਦਾ ਵਿਸ਼ਾ ਬਣਾਈਏ । ਇਸ ਪਰੰਪਰਾ ਦੇ ਸਮਾਨਾਂਤਰ ਸਮਕਾਲੀਨ ਭਾਰਤੀ ਸੰਗੀਤ ਵਰਗੀ ਵਡੇਰੀ ਪਰੰਪਰਾ ਮੌਜੂਦ ਹੈ, ਜਿਸ ਨੇ ਗੁਰਮਤਿ ਸੰਗੀਤ ਨੂੰ ਦਿੱਖ ਅਤੇ ਅਦਿੱਖ ਰੂਪ ਵਿਚ ਨਿਰੰਤਰ ਪ੍ਰਭਾਵਿਤ ਕੀਤਾ ਹੈ । ਨਿਰੰਤਰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਸਮੇਂ-ਸਮੇਂ ਰਾਗ-ਗਾਇਨ ਵਿਧੀਆਂ ਦੁਆਰਾ ਆਪਣਾ ਯੋਗਦਾਨ ਵੀ ਪਾਇਆ ਹੈ । ਅਜਿਹੀ ਸਥਿਤੀ ਵਿਚ ਇਸ ਵਿਹਾਰਕ ਪਰੰਪਰਾ ਨੂੰ ਸਿਲਸਿਲੇਵਾਰ ਇਕ ਇਤਿਹਾਸਕ ਕ੍ਰਮ ਵਿਚ ਦੇਖਣਾ ਅਤੇ ਇਸ ਦੇ ਸਮੂੰਹ ਪਰੰਪਰਾ ਅਤੇ ਸੰਦਰਭ ਨੂੰ ਵਿਸ਼ਲੇਸ਼ਤ ਕਰਨਾ ਸਾਡੇ ਇਸ ਖੋਜ-ਕਾਰਜ ਦਾ ਟੀਚਾ ਰਿਹਾ ਹੈ । ਅਸੀਂ ਆਪਣੇ ਖੋਜ-ਕਾਰਜ ਨੂੰ 15ਵੀਂ ਤੋਂ 18ਵੀਂ ਸਦੀ ਤੱਕ ਸੀਮਤ ਕੀਤਾ ਸੀ ਕਿਉਂ ਜੋ ਇਤਿਹਾਸਿਕ ਤੌਰ 'ਤੇ ਇਹੀ ਕਾਲ ਗੁਰਮਤਿ ਸੰਗੀਤ ਦੀ ਸਥਾਪਤੀ ਦਾ ਪ੍ਰਮਾਣਿਕ ਕਾਲ ਹੈ । ਅਸੀਂ ਆਪਣੇ ਖੋਜ-ਕਾਰਜ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਹੈ ।

"ਗੁਰਮਤਿ ਸੰਗੀਤ ਪਰਿਚੈ" ਸਾਡਾ ਪਹਿਲਾ ਅਧਿਆਇ ਹੈ, ਜਿਸ ਵਿਚ ਗੁਰਮਤਿ ਸੰਗੀਤ ਦੀ ਪਿਠਵਰਤੀ ਸੰਗੀਤਕ ਪਰੰਪਰਾਵਾਂ ਦਾ ਜ਼ਿਕਰ ਕਰਦਿਆਂ ਇਸ ਦਾ ਪਰਿਚੈਆਤਮਕ ਅਧਿਐਨ ਪੇਸ਼ ਕੀਤਾ ਹੈ । ਇਸ ਤੋਂ ਇਲਾਵਾ 'ਗੁਰਮਤਿ ਸੰਗੀਤ ਦੇ ਵਿਧਾਨ' ਦੇ ਅੰਤਰਗਤ ਇਸ ਦੇ ਰਾਗ-ਪ੍ਰਬੰਧ, ਰਾਗ - ਪ੍ਰਕਾਰ, ਵੱਖ-ਵੱਖ ਪ੍ਰਚਲਿਤ ਤੇ ਪੁਰਾਤਨ ਰਾਗ-ਸਰੂਪ ਤੋਂ

ਇਲਾਵਾ ਵਿਭਿੰਨ ਗਾਇਨ-ਪ੍ਰਕਾਰਾਂ ਤੇ ਇਨ੍ਹਾਂ ਦੀ ਕਾਰਜ-ਵਿਧੀ ਪ੍ਰਗਟਾਈ ਹੈ।

ਦੂਸਰੇ ਅਧਿਆਇ "ਮੱਧਕਾਲੀਨ ਧਾਰਮਿਕ ਸੰਗੀਤ ਪਰੰਪਰਾਵਾਂ" ਵਿਚ ਅਸੀਂ ਵੱਖ-ਵੱਖ ਧਰਮ ਪਰੰਪਰਾਵਾਂ ਵਿਚ ਪ੍ਰਚਲਿਤ ਭਾਰਤੀ ਸੰਗੀਤ ਪਰੰਪਰਾ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਤੀਜਾ ਅਧਿਆਇ 'ਭਾਰਤੀ ਸੰਗੀਤ ਦੇ ਇਤਿਹਾਸਿਕ ਵਿਕਾਸ ਵਿਚ ਗੁਰਮਤਿ ਸੰਗੀਤ ਦਾ ਸਥਾਨ' ਇਸ ਅਧਿਆਇ ਵਿਚ ਅਸੀਂ ਭਾਰਤੀ ਸੰਗੀਤ ਦਾ ਜਨਮ ਅਤੇ ਵਿਕਾਸ, ਵੈਦਿਕ ਸੰਗੀਤ ਵਿਚਲੇ ਗ੍ਰੰਥਾਂ ਵਿਚ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਭਾਰਤੀ ਸੰਗੀਤ ਦੇ ਇਤਿਹਾਸ ਵਿਕਾਸ ਵਿਚ ਗੁਰਮਤਿ ਸੰਗੀਤ ਦਾ ਸਥਾਨ ਨਿਸ਼ਚਿਤ ਕਰਨ ਲਈ ਖਿਲਜੀ-ਕਾਲ ਤੋਂ ਲੈ ਕੇ ਔਰੰਗਜ਼ੇਬ-ਕਾਲ ਤੱਕ ਅਤੇ ਇਸ ਦੇ ਨਾਲ ਨਾਲ ਸਮਕਾਲੀਨ ਗੁਰੂ ਸਾਹਿਬਾਨ ਦੀ ਬਾਣੀ ਨੂੰ ਵਾਚਦੇ ਹੋਏ ਭਾਰਤੀ ਸੰਗੀਤ ਦੇ ਇਤਿਹਾਸ ਵਿਚ ਗੁਰਮਤਿ ਸੰਗੀਤ ਦਾ ਇਕ ਵਿਲੱਖਣ ਸਥਾਨ ਨਿਸ਼ਚਿਤ ਕੀਤਾ ਹੈ।

ਅਗਲੇ ਅਧਿਆਇ ਵਿਚ ਅਸੀਂ ਸਿੱਖ ਇਤਿਹਾਸ ਵਿਚ ਗੁਰਮਤਿ ਸੰਗੀਤ ਦਾ ਸਥਾਨ ਨੀਯਤ ਕੀਤਾ ਹੈ, ਜਿਸ ਦਾ ਸਮਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੱਕ ਅਤੇ ਉਨ੍ਹਾਂ ਦੇ ਸਮਕਾਲੀ ਬਾਦਸ਼ਾਹਾਂ ਦਾ ਸੰਗੀਤ ਪ੍ਰਤੀ ਯੋਗਦਾਨ ਨੂੰ ਦੇਖਦੇ ਹੋਏ ਸਿੱਖ ਇਤਿਹਾਸ ਵਿਚ ਗੁਰਮਤਿ ਸੰਗੀਤ ਦਾ ਸਨਮਾਨਯੋਗ ਸਥਾਨ ਬਣਾਇਆ ਅਤੇ ਇਕ ਵੱਖਰੀ ਪਰੰਪਰਾ ਦਸਦਿਆਂ ਇਸ ਦੀ ਵਿਲੱਖਣਤਾ ਨੂੰ ਉਜਾਗਰ ਕੀਤਾ ਹੈ।

ਪੰਜਵਾਂ ਅਧਿਆਇ ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ, ਰਾਗਾਂ ਦਾ ਵਿਕਾਸ, ਤਾਲਾਂ ਦਾ ਵਿਕਾਸ, ਕੀਰਤਨ-

ਚੌਂਕੀਆਂ ਦਾ ਵਿਕਾਸ, ਸਾਜ਼ਾਂ ਦਾ ਵਿਕਾਸ ਤੇ ਕੀਰਤਨ-ਕੇਂਦਰਾਂ ਦਾ ਵਿਕਾਸ ਦਸਦਿਆਂ ਹੋਇਆਂ ਇਸ ਦਾ ਇਤਿਹਾਸਕ ਵਿਕਾਸ ਉਜਾਗਰ ਕੀਤਾ ਹੈ ਅਤੇ ਇਸ ਦੇ ਸਹੀ ਪ੍ਰਮਾਣ ਲੱਭ ਕੇ ਗੁਰਮਤਿ ਸੰਗੀਤ ਦੀ ਵਿਲੱਖਣਤਾ ਨੂੰ ਦਰਸਾਇਆ ਹੈ ।

ਉਕਤ ਵਿਧੀ ਅਨੁਸਾਰ ਆਪਣੇ ਇਸ ਖੋਜ-ਕਾਰਜ ਦੇ ਦੌਰਾਨ ਅਸੀਂ ਕੁਝ ਮਹੱਤਵਪੂਰਨ ਵਿਧੀਆਂ ਦੀ ਉਪਲਬਧੀ ਕਰ ਸਕੇ ਹਾਂ । ਸਾਡੀ ਇਸ ਧਾਰਨਾ ਨੂੰ ਹੋਰ ਵੀ ਬਲ ਮਿਲਿਆ ਹੈ ਕਿ ਗੁਰਮਤਿ ਸੰਗੀਤ ਪਰੰਪਰਾ ਦੇ ਵਿਧਾਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰੂਨੀ-ਬਾਣੀ-ਵਿਧਾਨ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ । ਅਤੇ ਇਸ ਦੇ ਨਾਲ ਹੀ ਇਸ ਦੀ ਸਮੁੱਚੀ ਪਰੰਪਰਾ ਨੂੰ ਇਸ ਦੇ ਸਮੂਹ ਵਿਵਹਾਰਕ ਪ੍ਰਸੰਗਾਂ ਬਿਨਾਂ ਵਿਖਾਉਣਾ ਵੀ ਅਸੰਭਵ ਹੈ । ਇਸ ਪਰੰਪਰਾ ਦੀ ਸਿਧਾਂਤਕਤਾ ਭਾਵੇਂ; ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਰਤਮਾਨ ਸਰੂਪ ਤੋਂ ਵੀ ਪ੍ਰਗਟ ਹੋ ਜਾਂਦੀ ਹੈ ਪਰ ਸਿੱਖ ਇਤਿਹਾਸ ਦੇ ਕ੍ਰਮਵਾਰ ਅਧਿਐਨ ਤੋਂ ਇਸ ਦੇ ਵਿਵਹਾਰਕ ਸਰੂਪ ਨੂੰ ਭਲੀਭਾਂਤ ਸਮਝਿਆ ਜਾ ਸਕਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਾਣੀ ਦੇ ਸੰਦੇਸ਼ ਲਈ ਸੰਗੀਤ ਦਾ ਪ੍ਰਯੋਗ ਅਤੇ ਇਸੇ ਪ੍ਰਯੋਗ ਤੋਂ ਉਤਪੰਨ ਹੋਈ ਗੁਰਮਤਿ ਸੰਗੀਤ ਦੀ ਉਤਪਤੀ ਉਨ੍ਹਾਂ ਦੇ ਜੀਵਨ ਕਾਲ ਦੀ ਪ੍ਰਮੁੱਖ ਇਤਿਹਾਸਕ ਘਟਨਾ ਹੈ । ਇਕ ਸੰਗੀਤ-ਆਚਾਰੀਆ ਵਜੋਂ ਭਾਈ ਮਰਦਾਨੇ ਦਾ ਯੋਗਦਾਨ ਇਸ ਪ੍ਰਸੰਗ ਵਿਚ ਸੰਗੀਤਕ ਆਦਰਸ਼ ਵਜੋਂ ਪ੍ਰਗਟ ਹੁੰਦਾ ਹੈ । ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਗੁਰਮਤਿ ਸੰਗੀਤ ਨੂੰ ਸੰਸਥਾਗਤ ਰੂਪ ਵਿਚ ਸਿੱਖੀ ਜੀਵਨ ਦਾ ਅਨਿੱਖੜ ਅੰਗ ਬਣਾਉਣ ਸੰਬੰਧੀ ਸਾਨੂੰ ਇਤਿਹਾਸਕ ਅਧਿਐਨ ਤੋਂ ਪਤਾ ਲਗਦਾ ਹੈ । ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਬਾਣੀ ਵਿਚ ਰਾਗਾਂ, ਗਾਇਨ ਰੂਪ ਆਦਿ ਦੇ ਰੂਪ ਵਿਚ ਪਾਇਆ ਗਿਆ ਯੋਗਦਾਨ ਇਤਿਹਾਸਕ ਪਰਿਪੇਖ ਵਿਚ ਹੋਰ ਵੀ ਨਿਖਰ ਕੇ ਸਾਹਮਣੇ ਆਉਂਦਾ

ਹੈ । ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਵਜੋਂ ਮਾਨਤਾ ਦੇਣ ਨਾਲ ਗੁਰਮਤਿ ਸੰਗੀਤ ਪਰੰਪਰਾ ਹੀ ਪ੍ਰਬੰਧਗਤ ਪਰੰਪਰਾ ਪ੍ਰਾਪਤ ਹੋਈ ਹੈ ।

ਅਸੀਂ ਆਪਣੇ ਖੋਜ-ਕਾਰਜ ਦੌਰਾਨ ਬਾਣੀ ਪ੍ਰਬੰਧ, ਗੁਰਮਤਿ ਸੰਗੀਤ ਵਿਧਾਨ ਦੇ ਰਾਗ ਪ੍ਰਬੰਧ, ਗਾਇਨ ਪ੍ਰਬੰਧ, ਵਿਭਿੰਨ ਗਾਇਨ-ਰੂਪ, ਕੀਰਤਨ ਚੌਂਕੀਆਂ, ਕੀਰਤਨ ਸਾਜਾਂ, ਕੀਰਤਨ ਕੇਂਦਰ ਆਦਿ ਦੇ ਕ੍ਰਮਵਾਰ ਵਿਕਾਸ, ਸਿਲਸਲੇਵਾਰ ਪ੍ਰਸੰਗ ਵਿਚ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ ਜਿਸ ਨਾਲ ਗੁਰਮਤਿ ਸੰਗੀਤ ਦੇ ਸਿਧਾਂਤ ਸੰਬੰਧੀ ਸਾਡੀ ਸੋਚ ਨੂੰ ਹੋਰ ਵੀ ਸਪਸ਼ਟਤਾ ਪ੍ਰਾਪਤ ਹੁੰਦੀ ਹੈ । ਇਸ ਲਈ ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਤੋਂ ਗੁਰਮਤਿ ਸੰਗੀਤ ਪਰੰਪਰਾ ਦੇ ਸੁਤੰਤਰ ਸੰਗੀਤ ਪਰੰਪਰਾ ਹੋਣ ਦੇ ਵਿਚਾਰ ਨੂੰ ਨਿਸ਼ਚੇ ਹੀ ਇਕ ਵਡੇਰਾ ਆਧਾਰ ਸਪਸ਼ਟ ਪ੍ਰਮਾਣ ਪ੍ਰਾਪਤ ਹੁੰਦਾ ਹੈ ।

# ਪੁਸਤਕ ਸੂਚੀ

## ਪੰਜਾਬੀ :


*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਫਰੀਦਕੋਟ ਵਾਲਾ ਟੀਕਾ*, ਪਟਿਆਲਾ : ਭਾਸ਼ਾ ਵਿਭਾਗ, 1970.

ਅਨਤੋਨੋਵਾ(ਕ) ਅਤੇ ਬੋਨਗਾਰਦ(ਗ), *ਭਾਰਤ ਦਾ ਇਤਿਹਾਸ*, ਮਾਸਕੋ : ਪ੍ਰਗਤੀ ਪ੍ਰਕਾਸ਼ਨ.

ਅਵਤਾਰ ਸਿੰਘ (ਭਾਈ) ਅਤੇ ਗੁਰਚਰਨ ਸਿੰਘ (ਭਾਈ), *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ*, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1979.

ਸਨਾਤਕ (ਵਿਜੇਂਦਰ), *ਰਾਧਾ ਵੱਲਭ ਸੰਪ੍ਰਦਾਇ ਸਿਧਾਤ ਔਰ ਸਾਹਿਤਯ*, ਦਿੱਲੀ : ਨੈਸ਼ਨਲ ਪਬਲਿਸ਼ਿੰਗ ਹਾਊਸ, 1968.

ਸਰਵਣ ਸਿੰਘ (ਸੰਤ)(ਗੰਧਰਵ), *ਸੁਰ ਸਿਮਰਣ ਸੰਗੀਤ*, ਫਗਵਾੜਾ.

ਸਾਹਿਬ ਸਿੰਘ, *ਆਦਿ ਬੀੜ ਬਾਰੇ*, ਅੰਮ੍ਰਿਤਸਰ : ਸਿੰਘ ਬ੍ਰਦਰਜ਼, 1970.

ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਜਲੰਧਰ : ਰਾਜ ਪਬਲਿਸ਼ਰਜ਼, 1972.

ਸਹਿਗਲ (ਮਨਮੋਹਨ ਸਿੰਘ), *ਗੁਰੂ ਗ੍ਰੰਥ ਸਾਹਿਬ ਇੱਕ ਸੰਸਕ੍ਰਿਤਕ ਸਰਵੇਖਣ*, ਪੰਜਾਬ : ਭਾਸ਼ਾ ਵਿਭਾਗ, 1987.

ਸਤਿਬੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ, ਜਲੰਧਰ : ਨਿਊ ਬੁੱਕ ਕੰਪਨੀ, 1985.

ਸੂਰੀ (ਕਰਤਾਰ ਸਿੰਘ), ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਚੰਡੀਗੜ੍ਹ : ਪੰਜਾਬੀ ਲੇਖਕ ਸਦਨ, 1969.

ਸੰਤੋਖ ਸਿੰਘ, (ਭਾਈ), ਗੁਰਪਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ : ਖਾਲਸਾ ਸਮਾਚਾਰ.

ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ ਕਲਾ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1985.

ਹਰਬੰਸ ਸਿੰਘ, ਨਿਰਬਾਣ ਕੀਰਤਨ, ਅੰਮ੍ਰਿਤਸਰ : ਖਾਲਸਾ ਬ੍ਰਦਰਜ਼.

ਕਾਹਨ ਸਿੰਘ (ਭਾਈ), ਗੁਰ ਛੰਦ ਦਿਵਾਕਰ ; ਪਟਿਆਲਾ : ਭਾਸ਼ਾ ਵਿਭਾਗ, 1981.

ਕਾਹਨ ਸਿੰਘ (ਭਾਈ), ਮਹਾਨ ਕੋਸ਼ (ਗੁਰਸ਼ਬਦ ਰਤਨਾਕਰ), ਪੰਜਾਬ : ਭਾਸ਼ਾ ਵਿਭਾਗ, 1981.

ਕਪਿਲਾ (ਸੁਰਿੰਦਰ), ਸੰਗੀਤ ਰਤਨਾਵਲੀ, (ਸੰਪਾ. ਡਾ. ਗੁਰਨਾਮ ਸਿੰਘ), ਪਟਿਆਲਾ : ਪੰਜਾਬੀ ਯੂਨੀਵਰਸਿਟੀ, 1985.

ਕੋਹਲੀ, ਸੁਰਿੰਦਰ ਸਿੰਘ(ਸੰਪਾ.), ਚੋਣਵੀਆਂ ਕਾਫੀਆਂ, ਪੰਜਾਬ : ਭਾਸ਼ਾ ਵਿਭਾਗ, 1973.

ਕੁਲਸ੍ਰੇਸ਼ਠ, ਜਗਦੀਸ਼ ਨਾਰਾਇਣ, ਸੰਗੀਤ ਸ਼ਾਸਤਰ, (ਸੰਪਾ. ਲਕਸ਼ਮੀ ਨਾਰਾਇਣ ਗਰਗ), ਸੰਗੀਤ ਕਾਰਯਾਲਯ, ਹਾਥਰਸ : ਉੱਤਰ ਪ੍ਰਦੇਸ਼, 1970.

ਖੋਸਲਾ, ਚੰਦਰਕਾਂਤ, ਸੰਗੀਤ ਗ੍ਰੰਥ ਅਤੇ ਭਾਰਤੀਯ ਸੰਗੀਤ ਦਾ ਇਤਿਹਾਸ, ਚੰਡੀਗੜ੍ਹ : ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1982.

ਖੰਨਾ, ਜਤਿੰਦਰ ਸਿੰਘ, ਮੱਧਕਾਲੀਨ ਧਰਮਾਂ ਵਿਚ ਸ਼ਾਸਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ, ਚੰਡੀਗੜ੍ਹ : ਅਭਿਸ਼ੇਕ ਪਬਲੀਕੇਸ਼ਨ, 1992.

ਸੰਤੋਖ ਸਿੰਘ (ਭਾਈ), ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਪਟਿਆਲਾ : ਭਾਸ਼ਾ ਵਿਭਾਗ, 1990.

ਗਰਗ, ਲਕਸ਼ਮੀ ਨਾਰਾਇਣ, ਸੰਗੀਤ ਵਿਸ਼ਾਰਦ, ਹਾਥਰਸ : ਉੱਤਰ ਪ੍ਰਦੇਸ਼, ਸੰਗੀਤ ਕਾਰਯਾਲਯ ।

ਗਿਆਨ ਸਿੰਘ, ਐਬਟਾਬਾਦ, ਗੁਰਬਾਣੀ ਸੰਗੀਤ, ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ.

ਗੁਰਨਾਮ ਸਿੰਘ, ਆਦਿ ਗ੍ਰੰਥ ਰਾਗ ਕੋਸ਼, ਪਟਿਆਲਾ : ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ, 1983.

-ਉਹੀ- ਸੰਗੀਤ ਨਿਬੰਧਾਵਲੀ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1983.

-ਉਹੀ- ਪੰਜਾਬੀ ਲੋਕ ਸੰਗੀਤ ਸਿੱਧਾਂਤ ਤੇ ਸਰੂਪ, ਪਟਿਆਲਾ : ਸੰਗੀਤ ਪ੍ਰਕਾਸ਼ਨ, 1984.

ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ, ਅੰਮ੍ਰਿਤਸਰ : ਚੀਫ਼ ਖਾਲਸਾ ਦੀਵਾਨ, 1985.

ਗਿੱਲ, ਇੰਦਰ ਸਿੰਘ (ਗਿਆਨੀ)(ਸੰਪਾ.) ਸੋਹਣ ਕਾਵਿ : ਸ੍ਰੀ ਗੁਰਬਿਲਾਸ ਪਾਤਸ਼ਾਹੀ ਛੇਵੀਂ, ਅੰਮ੍ਰਿਤਸਰ : ਜੀਵਨ ਮੰਦਰ ਪੁਸਤਕਾਲਿਆ, 1968.

ਗਿੱਲ, ਮਹਿੰਦਰ ਕੌਰ, ਗੁਰੂ ਅਰਜਨ ਦੇਵ ਜੀਵਨ ਅਤੇ ਰਚਨਾ, ਦਿੱਲੀ : ਨੈਸ਼ਨਲ ਬੁੱਕ ਸ਼ਾਪ.

ਗੋਸਲ, ਏ.ਐਸ., ਸਿੱਖ ਧਰਮ ਅਤੇ ਸੰਗੀਤ, ਚੰਡੀਗੜ੍ਹ : ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1982.

ਚਰਨ ਸਿੰਘ, ਬਾਣੀ ਬਿਉਰਾ, ਅੰਮ੍ਰਿਤਸਰ : ਖਾਲਸਾ ਟ੍ਰੈਕਟ ਸੁਸਾਇਟੀ, 1860.

ਜਾਗੀਰ ਸਿੰਘ, ਸਿੱਖ ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ (ਥੀਸਿਜ)

ਜੋਧ ਸਿੰਘ (ਭਾਈ), ਸ੍ਰੀ ਕਰਤਾਰਪੁਰ ਬੀੜ ਦੇ ਦਰਸ਼ਨ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1968.

ਤਾਰਾ ਸਿੰਘ 'ਨਰੋਤਮ', ਗੁਰੂ ਗਿਰਾਰਥ ਕੋਸ਼, ਪਟਿਆਲਾ : ਰਾਜਿੰਦਰਾ ਪ੍ਰੈਸ, 1955.

ਤਾਰਾ ਸਿੰਘ ਅਤੇ ਸੁਰਿੰਦਰ ਕੌਰ, ਵਾਦਨ ਕਲਾ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1975.

ਤਾਰਾ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1977.

-ਉਹੀ- ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ, ਪੰਜਾਬ : ਲੋਕ ਸੰਪਰਕ ਵਿਭਾਗ.

ਤਾਰਨ ਸਿੰਘ, ਅਨੰਦ ਜੋਤਿ ਤੇ ਜੁਗਤਿ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1984.

-ਉਹੀ- ਗੁਰੂ ਨਾਨਕ ਚਿੰਤਨ ਅਤੇ ਕਲਾ, ਅੰਮ੍ਰਿਤਸਰ : ਕਸਤੂਰੀ ਲਾਲ ਐਂਡ ਸੰਨਜ਼, 1962.

ਤ੍ਰਿਲੋਕ ਸਿੰਘ (ਗਿਆਨੀ), ਜੀਵਨ ਕਥਾ ਸ੍ਰੀ ਗੁਰੂ ਅਰਜਨ ਦੇਵ ਜੀ,
ਦਿੱਲੀ : ਸੁਖਦੇਵ ਬੁੱਕ ਡਿਪੂ, 1967.

ਨਿਗਮ, ਵੀ. ਐਸ., ਸੰਗੀਤ ਕੌਮਦੀ (ਅਨੁ. ਸਮਸ਼ੇਰ ਸਿੰਘ ਕਰੀਰ),
ਪਟਿਆਲਾ : ਪੰਜਾਬੀ ਯੂਨੀਵਰਸਿਟੀ, 1971.

ਨ੍ਰਰੈਣ ਸਿੰਘ (ਗਿਆਨੀ), ਟੀਕਾਕਾਰ, ਵਾਰਾਂ ਭਾਈ ਗੁਰਦਾਸ,
ਅੰਮ੍ਰਿਤਸਰ : ਜਵਾਹਰ ਸਿੰਘ ਕ੍ਰਿਪਾਲ ਸਿੰਘ.

ਨਰੂਲਾ, ਦਰਸ਼ਨ ਸਿੰਘ, ਗੁਰਬਾਣੀ ਸੰਗੀਤ ਬਾਰੇ,
ਮਲੋਟ : ਗੁਰਮਤਿ ਸੱਭਰੀ ਸਰਕਲ, 1985.

-ਉਹੀ- ਸੰਗੀਤ ਸਮੀਖਿਆ,
ਅੰਮ੍ਰਿਤਸਰ : ਲਿਟਰੇਚਰ ਹਾਊਸ, 14.

ਪਦਮ, ਪਿਆਰਾ ਸਿੰਘ, ਰਬਾਬ, 1969.

-ਉਹੀ- ਗੁਰੂ ਗ੍ਰੰਥ ਸੰਕੇਤ ਕੋਸ਼,
ਪਟਿਆਲਾ : ਪੰਜਾਬੀ ਯੂਨੀਵਰਸਿਟੀ.

-ਉਹੀ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ,
ਪਟਿਆਲਾ, 1976.

-ਉਹੀ- ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,
ਪਟਿਆਲਾ : ਕਲਮ ਮੰਦਿਰ, 1977.

-ਉਹੀ- ਆਦਿ ਗ੍ਰੰਥ ਦਰਸ਼ਨ,
ਪਟਿਆਲਾ : ਕਲਮ ਮੰਦਿਰ, 1973.

ਪਿਆਰਾ ਸਿੰਘ (ਸੰਪਾ.), *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਅੰਮ੍ਰਿਤਸਰ : ਗੁਰੂ ਨਾਨਕ ਦੇਵ ਯੂਨੀਵਰਸਿਟੀ, 1974.

ਪੰਜਾਬੀ ਸਾਹਿਤ ਕੋਸ਼, ਪਟਿਆਲਾ : ਪੰਜਾਬੀ ਯੂਨੀਵਰਸਿਟੀ,1987.

ਪੰਜਾਬੀ ਸੂਫੀ ਸਾਹਿਤ ਸੰਦਰਭ ਕੋਸ਼, (ਸੰਪਾ. ਗੁਰਦੇਵ ਸਿੰਘ), ਪਟਿਆਲਾ : ਪੰਜਾਬੀ ਯੂਨੀਵਰਸਿਟੀ,1989.

ਬਾਲੀ,ਐਚ.ਐਸ., *ਸੰਗੀਤ ਪ੍ਰਕਾਸ਼,* ਚੰਡੀਗੜ੍ਹ : ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ,1986.

ਭਰਤਮੁਨੀ, *ਨਾਟਯ ਸ਼ਾਸਤਰ* (ਅਨੁ.ਡੀ.ਜੀ.ਐਨ.ਰਾਜਗੁਰੂ), ਪਟਿਆਲਾ : ਪੰਜਾਬੀ ਯੂਨੀਵਰਸਿਟੀ,

ਭਗਤ ਸਿੰਘ, *ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ,* ਪਟਿਆਲਾ : ਪੰਜਾਬੀ ਯੂਨੀਵਰਸਿਟੀ.

ਭੋਗਲ, ਪਿਆਰਾ ਸਿੰਘ, *ਸਾਹਿਤਕ ਨਿਬੰਧ,* ਜਲੰਧਰ : ਹਿਰਦੈਜੀਤ ਪ੍ਰਕਾਸ਼ਨ.

ਭੱਲਾ,ਸਰੂਪ ਦਾਸ, *ਮਹਿਮਾ ਪ੍ਰਕਾਸ਼,* ਪਟਿਆਲਾ : ਭਾਸ਼ਾ ਵਿਭਾਗ.

ਭੰਗੂ,ਰਤਨ ਸਿੰਘ (ਭਾਈ), *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼* (ਪ੍ਰਾਚੀਨ), ਅੰਮ੍ਰਿਤਸਰ : ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ.

ਮਹਿਤਾ,ਗੁਰਬਚਨ ਸਿੰਘ, *ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬਲੀਦਾਨ ਅਤੇ ਸੰਦੇਸ਼,* ਗੁਰਮਤਿ ਪ੍ਰਕਾਸ਼,1975.

ਮਹਿਤਾ, ਗੁਰਚਰਨ ਸਿੰਘ, — ਗੁਰਮਤਿ ਸਾਹਿਤ ਧਾਰਾ, 1971.

ਮਨਮੋਹਨ ਸਿੰਘ, — ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਜਾਬ : ਭਾਸ਼ਾ ਵਿਭਾਗ.

ਮਨੀ ਸਿੰਘ (ਭਾਈ), — ਸਿੱਖਾਂ ਦੀ ਭਗਤਮਾਲਾ (ਸੰਪਾ. ਭਾਈ ਵੀਰ ਸਿੰਘ), ਅੰਮ੍ਰਿਤਸਰ : ਖਾਲਸਾ ਸਮਾਚਾਰ.

ਲਾਲ ਸਿੰਘ (ਗਿਆਨੀ), — ਤਵਾਰੀਖ ਗੁਰੂ ਖਾਲਸਾ, ਲੁਧਿਆਣਾ : ਲਾਹੌਰ ਬੁੱਕ ਸ਼ਾਪ, 1940.

ਵਿਦਿਆਰਥੀ, ਦੇਵਿੰਦਰ ਸਿੰਘ, — ਗੁਰਬਾਣੀ ਦੇ ਰਾਗ ਸੰਬੋਧ ਅਤੇ ਸਾਰਥਕਤਾ, ਅੰਮ੍ਰਿਤਸਰ : ਖਾਲਸਾ ਕਾਲਜ, ਸਿੱਖ ਇਤਿਹਾਸ ਖੋਜ ਵਿਭਾਗ, 1986.

-ਉਹੀ- — ਕੀਰਤਨ ਸੰਦਰਭ ਅਤੇ ਸਰੂਪ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1992.

ਵੀਰ ਸਿੰਘ (ਭਾਈ), — ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਅੰਮ੍ਰਿਤਸਰ : ਖਾਲਸਾ ਸਮਾਚਾਰ.

-ਉਹੀ- — ਸ੍ਰੀ ਅਸ਼ਟਗੁਰ ਚਮਤਕਾਰ ; ਅੰਮ੍ਰਿਤਸਰ : ਖਾਲਸਾ ਸਮਾਚਾਰ.

ਸ਼ਰਮਾ, ਯੋਗੇਂਦਰ ਪਾਲ ਅਤੇ ਬਚਿੱਤਰ ਸਿੰਘ, — ਭਾਰਤੀ ਸੰਗੀਤ ਦਾ ਇਤਿਹਾਸ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1988.

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, — ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ.

ਸ਼ਾਂਤੀ ਗੋਵਰਧਨ, — ਸੰਗੀਤ ਸ਼ਾਸਤਰ ਦਰਪਣ (ਅਨੁ. ਮਿਸਿਜ਼ ਸੁਰਿੰਦਰ ਗਿੱਲ), ਪਟਿਆਲਾ; ਪੰਜਾਬੀ ਯੂਨੀਵਰਸਿਟੀ, 1974.

<u>ਹਿੰਦੀ</u> :


ਉਮੇਸ਼ ਜੋਸ਼ੀ, <u>ਭਾਰਤੀਯ ਸੰਗੀਤ ਕਾ ਇਤਿਹਾਸ</u>, ਫਿਰੋਜ਼ਾਬਾਦ : ਮਾਨਸਰੋਵਰ ਪ੍ਰਕਾਸ਼ਨ, 1956.

ਅਹੋਬਲ, <u>ਸੰਗੀਤ ਪਾਰਿਜਾਤ</u> (ਭਾਸ਼ਯਕਾਰ ਪੰ. ਕਲਿੰਦ ਜੀ), ਸੰਗੀਤ ਕਾਰਯਾਲਯ : ਹਾਥਰਸ (ਉੱਤਰ-ਪ੍ਰਦੇਸ਼) ਨਵੰਬਰ, 1956.

ਆਚਾਰੀਯ ਬ੍ਰਹਸਪਤਿ, <u>ਸੰਗੀਤ ਚਿੰਤਾਮਣੀ</u>, ਹਾਥਰਸ : ਉਤਰ ਪ੍ਰਦੇਸ਼, ਸੰਗੀਤ ਕਾਰਯਾਲਯ, 1956.

-ਉਹੀ- <u>ਮੁਸਲਮਾਨ ਔਰ ਭਾਰਤੀਯ ਸੰਗੀਤ ਕਾ ਇਤਿਹਾਸ</u>, ਦਿੱਲੀ : ਰਾਜਕਮਲ, 1974.

ਉਹੀ- ਭਰਤ ਕਾ ਸੰਗੀਤ ਸਿਧਾਂਤ: ਉੱਤਰ ਪ੍ਰਦੇਸ਼, ਸੰਗੀਤ ਕਾਰਯਾਲਯ ਸਪਤਮ 1977

-ਉਹੀ- <u>ਨਾਟਯ ਸ਼ਾਸਤਰ</u>, ਨਈ ਦਿੱਲੀ : ਬ੍ਰਹਸਪਤਿ ਪਬਲੀਕੇਸ਼ਨ, 1986.

ਸਕਸੈਨਾ (ਮਧੂ ਬਾਲਾ), <u>ਖਿਆਲ ਸ਼ੈਲੀ ਕਾ ਵਿਕਾਸ</u>, ਕੁਰੂਕਸ਼ੇਤਰ : ਵਿਸ਼ਾਲ ਪਬਲੀਕੇਸ਼ਨ, 1985.

ਸੀਤਲ, ਪ੍ਰਭੂ ਦਿਆਲ, <u>ਬ੍ਰਜ ਕੇ ਧਰਮ ਸੰਪ੍ਰਦਾਵਾਂ ਕਾ ਇਤਿਹਾਸ</u>, ਦਿੱਲੀ-6 : ਨੈਸ਼ਨਲ ਪਬਲੀਸ਼ਿੰਗ ਹਾਊਸ.

ਸੇਨ, ਅਰੁਣ ਕੁਮਾਰ, <u>ਭਾਰਤੀਯ ਤਾਲੋਂ ਕਾ ਸ਼ਾਸਤਰੀਯ ਵਿਵੇਚਨ</u>, ਭੋਪਾਲ : ਹਿੰਦੀ ਗ੍ਰੰਥ ਅਕਾਦਮੀ, 1973.

ਗੁਪਤਾ, ਊਸ਼ਾ, <u>ਹਿੰਦੀ ਕੇ ਕ੍ਰਿਸ਼ਨ ਭਕਤੀ ਕਾਲੀਨ ਸਾਹਿਤਯ ਮੇਂ ਸੰਗੀਤ</u>, ਲਖਨਊ : ਵਿਸ਼ਵਵਿਦਿਆਲਿਆ, ਹਿੰਦੀ ਵਿਭਾਗ.

ਗੁਪਤਾ, ਦਨੇਸ਼ ਚੰਦਰ, ਭਗਤੀ ਕਾਲੀਨ ਕਾਵਯ ਮੇ ਰਾਗ ਔਰ ਰਸ, ਲਖਨਊ : ਭਾਰਤੀਯ ਪ੍ਰਕਾਸ਼ਨ, 1970.

ਸਤਿਬੀਰ ਸਿੰਘ, ਪਰਤਖਿ ਹਰਿ ਜੀਵਨ ਗੁਰੂ ਅਰਜਨ ਦੇਵ ਜੀ, ਜਲੰਧਰ : ਨਿਊ ਬੁੱਕ ਕੰਪਨੀ, 1982.

ਸ਼੍ਰੀਵਾਸਤਵ ਧਰਮਾਵਤੀ, ਪ੍ਰਾਚੀਨ ਭਾਰਤ ਮੇਂ ਸੰਗੀਤ, ਬਨਾਰਸ : ਭਾਰਤੀਯ ਵਿਦਿਆ ਪ੍ਰਕਾਸ਼ਨ, 1963.

ਸ਼ਾਰੰਗਦੇਵ (ਪੰਡਿਤ), ਸੰਗੀਤ ਰਤਨਾਕਰ (ਅਨੁ. ਲਕਸ਼ਮੀ ਨਾਰਾਇਣ ਗਰਗ), ਉਤਰ ਪ੍ਰਦੇਸ਼ : ਸੰਗੀਤ ਕਾਰਯਾਲਯ ਹਾਥਰਸ, 1975.

ਵਸੰਤ, ਰਾਗ ਕੋਸ਼ (ਸੰਪਾ. ਲਕਸ਼ਮੀ ਨਾਰਾਇਣ ਗਰਗ), ਹਾਥਰਸ : ਉਤਰ ਪ੍ਰਦੇਸ਼ ਸੰਗੀਤ ਕਾਰਯਾਲਯ.

ਵਾਸੂਦੇਵ (ਸ਼ਾਸਤਰੀ ਕੇ), ਸੰਗੀਤ ਸ਼ਾਸਤਰ, ਲਖਨਊ : ਹਿੰਦੀ ਸਮਿਤੀ, 1968.

ਵਰਮਾ, ਧੀਰੇਂਦਰ, ਹਿੰਦੀ ਸਾਹਿਤ ਕੋਸ਼, ਬਨਾਰਸ : ਗਿਆਨ ਮੰਡਲ, 1958.

ਰਾਮਾਮਾਤਯ, ਸਵਰ ਮੇਲ ਕਲਾਨਿਧੀ (ਅਨੁ. ਪੰਡਿਤ ਵਿਸ਼ੰਭਰ ਨਾਥ ਭੱਟ), ਹਾਥਰਸ : ਉਤਰ ਪ੍ਰਦੇਸ਼, ਸੰਗੀਤ ਕਾਰਯਾਲਯ, 1963.

ਰਾਮ ਅਵਤਾਰ, ਭਾਰਤੀਯ ਸੰਗੀਤ, ਨਵੀਂ ਦਿੱਲੀ : ਵੀਰ ਪ੍ਰਕਾਸ਼ਨ.

ਭੱਟ, ਭਗਵਤੀ ਪ੍ਰਸ਼ਾਦ ਪ੍ਰੇਮ ਸ਼ੰਕਰ, ਪੁਸ਼ਟੀ ਸੰਗੀਤ ਪ੍ਰਕਾਸ਼, ਦਿੱਲੀ : ਸੰਗੀਤ ਨਾਟਕ ਅਕਾਦਮੀ, 1978.

ਭਾਤਖੰਡੇ, ਵੀ.ਐਨ., ਕ੍ਰਮਿਕ ਪੁਸਤਕ ਮਲਿਕਾ, ਹਾਥਰਸ : ਉਤਰ ਪ੍ਰਦੇਸ਼ ਸੰਗੀਤ ਕਾਰਯਾਲਯ.

ਨਵਾਬ ਅੱਲੀ 'ਰਾਜਾ', ਮਾਰਿਫੁਨਰਾਮਾਤ,
ਹਾਥਰਸ : ਉਤਰ ਪ੍ਰਦੇਸ਼ ਸੰਗੀਤ ਕਾਰਯਾਲਯ,
1974.

ਬੜਥਵਾਲ ਪੀਤਾਂਬਰਦੱਤ, ਗੋਰਖਬਾਨੀ,
ਪ੍ਰਯਾਗ : ਹਿੰਦੀ ਸਾਹਿਤ੍ਯ ਸੰਮੇਲਨ,1960.

ਬੰਧੋਪਾਧਿਆਇ,ਸ੍ਰੀਪਦ, ਸੰਗੀਤ ਭਾਸ਼੍ਯ,
ਦਿੱਲੀ : ਬੀ.ਆਰ.ਪਬਲੀਸ਼ਿੰਗ ਕਾਰਪੋਰੇਸ਼ਨ,
1985.

ਪਾਠਕ,ਸੁਨੰਦਾ, ਹਿੰਦੋਸਤਾਨੀ ਸੰਗੀਤ ਮੇਂ ਰਾਗ ਕੀ ਉਤਪਤੀ
ਇਵਮ ਵਿਕਾਸ,
ਨਵੀਂ ਦਿੱਲੀ : ਰਾਧਾ ਪਬਲੀਕੇਸ਼ਨਜ਼.

ਦਾਸ,ਸ਼ਿਆਮ ਸੁੰਦਰ, ਹਿੰਦੀ ਸ਼ਬਦਸਾਗਰ,
ਕਾਸ਼ੀ : ਕਾਸ਼ੀਨਗਰੀ ਪ੍ਰਚਾਰਣੀ ਸਭਾ,1965.

ਦਾਸ,ਸ਼ਾਮ ਸੁੰਦਰ, ਹਿੰਦੀ ਭਾਸ਼ਾ ਔਰ ਸਾਹਿਤ੍ਯ,
ਇਲਾਹਾਬਾਦ : ਇੰਡੀਅਨ ਪ੍ਰੈਸ.

ਜੋਹਰੀ ਪੁਸ਼ਪਾ, ਸੰਤ ਨਾਮਦੇਵ ਕਾ ਕਾਵ੍ਯ ਔਰ ਸੰਗੀਤ ਤੱਤਵ
ਅਭਿਵਿਅੰਜਨਾ, ਨਵੀਂ ਦਿੱਲੀ, 1985.

ਚੌਧਰੀ,ਵਿਮਲਕਾਂਤ ਰਾਏ, ਭਾਰਤੀਯ ਸੰਗੀਤ ਕੋਸ਼,
ਨਵੀਂ ਦਿੱਲੀ : ਭਾਰਤੀਯ ਗਿਆਨਪੀਠ ਪ੍ਰਕਾਸ਼ਨ,
1975.

ਚੌਧਰੀ,ਸੁਭੱਦਰਾ, ਭਾਰਤੀਯ ਸੰਗੀਤ ਮੇ ਤਾਲ ਔਰ ਰੂਪ ਵਿਧਾਨ,
ਅਜਮੇਰ : ਕ੍ਰਿਸ਼ਣਾ ਬ੍ਰਦਰਜ,1975.

ਨਰੂਲਾ,ਦਰਸ਼ਨ ਸਿੰਘ, ਸਿੱਖ ਗੁਰੂਆਂ ਕੀ ਭਾਰਤੀ ਸੰਗੀਤ ਨੂੰ ਦੇਣ,
ਪਟਿਆਲਾ : ਭਾਸ਼ਾ ਵਿਭਾਗ.

-ਉਹੀ- ਗੁਰੂ ਨਾਨਕ ਸੰਗੀਤਗ੍ਯ,
ਜਲੰਧਰ : ਨਿਊ ਬੁੱਕ ਕੰਪਨੀ,1977.

ਪਟਵਰਧਨ,ਵਿਨਾਇਕ ਰਾਵ, ਰਾਗ ਵਿਗਿਆਨ,
ਪੂਨਾ : ਸੰਗੀਤ ਗੌਰਵ ਗ੍ਰੰਥਮਾਲਾ.

ਪਰਾਂਜਪੇ,ਸਰਚੰਦ ਸ਼੍ਰੀਧਰ, ਸੰਗੀਤ ਬੋਧ,
ਮਧਯ ਪ੍ਰਦੇਸ਼ : ਹਿੰਦੀ ਗ੍ਰੰਥ ਅਕਾਦਮੀ,1980.

ੱਖ

English :


Cafman, Walter, *The Ragas of North India*, Calcutta : Oxford I.B.H.Publishing.

Chatterji, Suniti Kumar, *Jayadeva*, New Delhi : Sahitya Akademy, 1981.

Day, C.R., *The Music and Musical Instruments of Southern Indian and the Decan*, Delhi : B.R.Publishing Corpn.

Deva, B.C., *Musical Instruments*, Delhi : National Book Trust, 1979.

Gautam, M.R., *Evolution of Raga and Tala in Music*, Delhi : Munshi Ram Manohar Lal, Pub., 1989.

Gurnam Singh, *Musicological Study of Guru Nanak Bani* (unpublished)Doctoral dissertation), Chandigarh : Punjab University, 1988.

Harbans Singh, *The Encyclopedia of Sikhism*, Patiala : Punjabi University, 1992-1993.

Leopold, Simon Robert, *Spiritual Aspects of Indian Music*, Delhi : Sandeep Parkash, 1984.

Majumdar, R.C., *The History and Culture of the Indian People*,

Mansukhani, G.S., *Indian Classical Music and Sikh Kirtan*, New Delhi : Oxford IBH Publishing, 1982.

Prajanandan Swami, *Historical Development of Indian Music* Delhi : Munshi Ram Manohar Lal, 1981.

Ibid. *Historical Study of Indian Music*, (Ed.2), Delhi : Munshi Ram Manohar Lal, 1971.

Ranade, G.H., — Hindustani Music : Its Physics and Aesthetics (Ed.3), Bombay : Popular Prakashan, 1971.

Shivananda, Swami, — Bhakti and Sankirtan, U.P. : The Divine Life Society, 1984.

Sinha, Purnima, — An Approach to Study of Indian Music, Calcutta : Indian Publication, 1970.

Sukamurti, P., — History of Indian Music, Madras: 1960.

Tagore, S.M., — Universal History of Music, New Delhi : Mittal Publications.

Willard, Capt, — A Treatise on the Music of Hindustan, Calcutta : N.A., 1834.

ਪਤ੍ਰਿਕਾਵਾਂ :

ਅੰਮ੍ਰਿਤ ਕੀਰਤਨ, ਸੰਪਾਦਕ ਜਾਗੀਰ ਸਿੰਘ (ਡਾ.), 1992.

ਸੰਗੀਤ, ਹਾਥਰਸ : ਸੰਗੀਤ ਕਾਰਯਾਲਯ, 1952. ਹਰਿਦਾਸ ਅੰਕ.

ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਤੂਬਰ ਅੰਕ, 1991.

ਸੰਤ ਸਿਪਾਹੀ, ਰਣਜੀਤ ਪੁਰਾ, ਅੰਮ੍ਰਿਤਸਰ : ਨਵੰਬਰ, 1990.

ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਫਰਵਰੀ, 1978.

ਸਿਮ੍ਰਤੀ ਗ੍ਰੰਥ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, ਸਤਿਬੀਰ ਸਿੰਘ ਅਤੇ ਗੁਰਨਾਮ ਸਿੰਘ (ਸੰਪਾ.), 1991.

ਨਾਟਕ ਪ੍ਰਕਾਸ਼ ਪਤ੍ਰਿਕਾ, ਅੰਕ ਪਹਿਲਾ, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1970.